


ਬਦੀ ਦੀ ਜੜ੍ਹ

ਡਾ. ਦਲਜੀਤ ਸਿੰਘ

ਲੇਖਕ ਦੀਆਂ ਹੋਰ ਪੁਸਤਕਾਂ :

- *ਨਰੋਈ ਅੱਖ*
- *ਨੇਤਰ ਰੋਗ*
- *ਧਰਤੀ ਤ੍ਰਿਹਾਈ* (ਕਾਵਿ-ਸੰਗ੍ਰਹਿ)
- *ਸਿਧਰੇ ਬੋਲ* (ਕਾਵਿ-ਸੰਗ੍ਰਹਿ)
- *ਬਾਵਰੇ ਬੋਲ* (ਕਾਵਿ-ਸੰਗ੍ਰਹਿ)
- *ਦੂਜਾ ਪਾਸਾ* (ਹਿੰਦੀ ਅਨੁਵਾਦ ਵੀ ਉਪਲਬਧ)
- *ਸੱਚ ਦੀ ਭਾਲ ਵਿੱਚ* (ਹਿੰਦੀ ਅਨੁਵਾਦ ਵੀ ਉਪਲਬਧ)

ਤਤਕਰਾ

ਸਮਰਪਣ

ਸੱਚੀ ਸੋਚ ਦੇ
ਹਰ ਸ਼ੈਦਾਈ ਨੂੰ

ਬਦੀ ਦੀ ਜੜ੍ਹ

ਡਾ. ਦਲਜੀਤ ਸਿੰਘ

ਸਿੰਘ ਬ੍ਰਦਰਜ਼
ਅੰਮ੍ਰਿਤਸਰ

BADI DI JARH

[*Fulcrum of Evil : Hidden Realities of The Present-day World*]

by

DR. DALJIT SINGH
D.Sc., M.S.
57, JOSHI COLONY, AMRITSAR.
MOBILE : 098150-00207

ISBN 81-7205-492-0

ਪਹਿਲੀ ਵਾਰ ਜਨਵਰੀ 2013
ਦੂਸਰੀ ਵਾਰ ਜਨਵਰੀ 2014

ਮੁੱਲ : 100-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006


•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com
Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ



ਬਦੀ ਦੀ ਜੜ੍ਹ
ਡਾ. ਦਲਜੀਤ ਸਿੰਘ

ਮੇਰਾ ਸਫ਼ਰ

ਮੇਰੀ ਜ਼ਿੰਦਗੀ, ਜਦੋਂ ਮੈਂ ਪਿੱਛੇ ਝਾਤ ਮਾਰਦਾਂ ਤਾਂ ਇਕ ਪਰੀ ਕਹਾਣੀ ਲੱਗਦੀ ਹੈ। ਜਿਵੇਂ ਕਿਸੇ ਨੇ ਸਿਰ 'ਤੇ ਹੱਥ ਰੱਖ ਕੇ ਦੁਨੀਆਂ ਵਿਚ ਠੇਲ੍ਹ ਦਿੱਤਾ ਹੋਵੇ।

1934 ਵਿਚ ਜਦੋਂ ਭਾਰਤ ਵਿਚ ਪੜ੍ਹਿਆਂ ਦੀ ਦਰ ਕੇਵਲ ਛੇ ਪ੍ਰਤੀਸ਼ਤ ਸੀ, ਮੇਰੇ ਫ਼ਰਿਸ਼ਤੇ ਨੇ ਮੈਨੂੰ ਪੜ੍ਹਾਈ ਦੇ ਗੜ੍ਹ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਭੇਜ ਦਿੱਤਾ, ਉਹ ਵੀ ਪ੍ਰੋਫ਼ੈਸਰ ਸਾਹਿਬ ਸਿੰਘ ਦੇ ਘਰ ਵਿਚ। ਉਹ ਗੁਰਬਾਣੀ ਦੇ ਖੋਜੀ ਸਨ।

ਖ਼ਾਲਸਾ ਕਾਲਜ ਅੱਜ ਵੀ ਇਕ ਮਹਾਂ ਖ਼ੂਬਸੂਰਤ ਥਾਂ ਹੈ। ਉਸ ਵੇਲੇ ਇਹ ਥਾਂ ਨਾ ਕੇਵਲ ਚੰਗੀ ਪੜ੍ਹਾਈ ਅਤੇ ਖੇਡਾਂ ਲਈ ਵਧੀਆ ਸੀ, ਏਥੇ ਸਿਆਸਤ ਦੀ ਖੇਡ ਵੀ ਖ਼ੂਬ ਚੱਲਦੀ ਸੀ।

ਮੇਰੇ ਘਰ ਦੀ ਜਿਹੜੀ ਵੀ ਅਲਮਾਰੀ ਜਾਂ ਟਰੰਕ ਨੂੰ ਖੋਲ੍ਹ ਲਵੋ, ਕਿਤਾਬਾਂ ਹੀ ਕਿਤਾਬਾਂ ਸਨ – ਕਿੱਸੇ, ਕਹਾਣੀਆਂ, ਧਰਮ ਗ੍ਰੰਥ, ਇਤਿਹਾਸ, ਨਾਵਲ, ਡਰਾਮੇ, ਕਵਿਤਾ, ਬਹੁਤਾ ਪੰਜਾਬੀ, ਕੁਝ ਉਰਦੂ ਅਤੇ ਟਾਵੀਂ ਟਾਵੀਂ ਕਿਤਾਬ ਅੰਗਰੇਜ਼ੀ ਵਿਚ। ਯੂਰਪੀ ਜ਼ਬਾਨਾਂ ਦੇ ਦਰਜਨਾਂ ਉਲਥੇ ਸਨ।

ਪੰਜਵੀਂ ਜਮਾਤ ਤੋਂ ਦਸਵੀਂ ਤਕ, ਜੋ ਵੀ ਮੇਰੇ ਹੱਥ ਆਇਆ, ਪੜ੍ਹਦਾ ਗਿਆ। ਮੇਰੇ ਮਨਪਸੰਦ ਲੇਖਕ ਸਨ – ਨਾਨਕ ਸਿੰਘ, ਗੁਰਬਖ਼ਸ਼ ਸਿੰਘ, ਟਾਲਸਟਾਇ ਅਤੇ ਸ਼ੈਕਸਪੀਅਰ।

ਕਾਲਜ ਦੇ ਪ੍ਰੀ-ਮੈਡੀਕਲ ਦੇ ਦੋ ਸਾਲਾਂ ਵਿਚ ਮੈਂ ਲਿਟਰੇਚਰ ਨੂੰ ਛੁੱਟੀ ਦੇ ਦਿੱਤੀ। ਪਰ ਅਖ਼ਬਾਰਾਂ ਅਤੇ ਰਸਾਲਿਆਂ ਨਾਲ ਨਾਤਾ ਲਾ ਲਿਆ। ਨਾਤਾ ਤਾਂ ਪੰਜਵੀਂ ਜਮਾਤ ਤੋਂ ਸੀ, ਜਦੋਂ ਦੂਜੀ ਵਿਸ਼ਵ ਜੰਗ ਚੱਲ ਰਹੀ ਸੀ। ਐਟਮ ਬੰਬਾਂ ਨਾਲ ਜਾਪਾਨੀ ਸ਼ਹਿਰਾਂ ਨੂੰ ਉਡਾਏ ਜਾਣ ਦਾ ਮੇਰੇ ਮਨ ਨੂੰ ਬਹੁਤ ਧੱਕਾ ਲੱਗਾ।

ਅੱਜ-ਕੱਲ੍ਹ ਤਾਂ ਰੋਜ਼ ਹੀ ਕਚੀਚੀਆਂ ਆਉਂਦੀਆਂ ਨੇ, ਜਦੋਂ ਪਤਾ ਲੱਗਾ ਹੈ ਕਿ ਅਫ਼ਗਾਨਿਸਤਾਨ ਅਤੇ ਇਰਾਕ ਵਿਚ ਬੇਅੰਤ ਯੂਰੇਨੀਅਮ ਦੇ ਸਪੈਸ਼ਲ ਐਟਮੀ ਹਥਿਆਰ ਵਰਤੇ ਗਏ ਅਤੇ ਵਰਤੇ ਜਾ ਰਹੇ ਹਨ। ਉਨ੍ਹਾਂ ਦੀ ਰੇਡੀਏਸ਼ਨ ਸਾਡੇ ਦੇਸ਼ ਤਕ ਪਹੁੰਚ ਚੁੱਕੀ ਹੈ। ਰੇਡੀਏਸ਼ਨ ਲੱਖਾਂ ਕਰੋੜਾਂ ਸਾਲਾਂ ਲਈ ਕਾਇਮ ਰਹਿਣੀ ਹੈ ਅਤੇ ਬੇਅੰਤ ਬਿਮਾਰੀਆਂ ਦਾ ਕਾਰਨ ਬਣਨੀ ਹੈ।

ਐਟਮੀ ਬਿਜਲੀ ਘਰਾਂ ਦੇ ਹਾਦਸੇ ਏਸੇ ਕਰਕੇ ਖ਼ਤਰਨਾਕ ਨੇ। 1986 ਵਿਚ ਚਰਨੋਬਲ (ਯੂਕਰੇਨ ਵਿਚ) ਅਤੇ ਪਿੱਛੇ ਜਹੇ ਫੂਕੂਸ਼ੀਮਾ (ਜਾਪਾਨ ਵਿਚ) ਹਾਦਸਿਆਂ ਨੇ ਕੁਲ ਦੁਨੀਆਂ ਨੂੰ ਪਰੇਸ਼ਾਨ ਕੀਤਾ ਹੋਇਆ ਹੈ।

ਮੈਡੀਕਲ ਕਾਲਜ, ਅੰਮ੍ਰਿਤਸਰ ਵਿਚ ਪੜ੍ਹਾਈ ਆਰੰਭ ਹੋਈ 1951 ਵਿਚ। ਮੈਂ ਆਪਣੀ ਇਕ ਭਰਜਾਈ ਦੀ ਸਲਾਹ ਉੱਤੇ ਅੱਖਾਂ ਦਾ ਡਾਕਟਰ ਬਣਨਾ ਸੋਚ ਕੇ ਰੱਖਿਆ ਹੋਇਆ ਸੀ।

ਮੈਡੀਕਲ ਪੜ੍ਹਾਈ ਸਮੇਂ ਕੁੱਲ ਯੂਰਪੀ ਅਤੇ ਅਮਰੀਕੀ ਲਿਟਰੇਚਰ ਪੜ੍ਹ ਦਿੱਤਾ। ਹਰ ਹਫ਼ਤੇ ਇਕ ਕਿਤਾਬ ਦਾ ਭੋਗ ਪੈਂਦਾ ਸੀ।

ਪਾਕਿਟ ਬੁੱਕਾਂ ਬਹੁਤ ਸਸਤੀਆਂ ਹੁੰਦੀਆਂ ਸਨ। ਪੜ੍ਹਦਿਆਂ-ਪੜ੍ਹਦਿਆਂ ਵਰਕੇ ਉਖੜਦੇ ਜਾਂਦੇ ਸਨ, ਆਖ਼ਰੀ ਸਫ਼ੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਕਿਤਾਬ ਖੇਰੂੰ ਖੇਰੂੰ ਹੋ ਜਾਂਦੀ ਸੀ।

ਮੇਰੇ ਮਨਪਸੰਦ ਵਿਸ਼ੇ ਸਨ – ਇਤਿਹਾਸਕ ਨਾਵਲ, ਪੁਰਾਤਤਵ (ਆਰਕੀਆਲੋਜੀ) ਅਤੇ ਸਾਇੰਸ ਫ਼ਿਕਸ਼ਨ।

ਅਮਰੀਕਨ ਹਾਵਰਡ ਫ਼ਾਸਟ ਦਾ ਨਾਵਲ ਸੀ *ਸਪਾਰਟੇਕਸ*। ਅਖ਼ੀਰ ਉਸ ਇਕ ਨਾਵਲ ਲਿਖਿਆ *ਦ ਗੌਡ ਦੈਟ ਫ਼ੇਲ੍ਹਡ* ਜੋ ਸੋਵੀਅਤ ਰੂਸ ਦੀਆਂ ਕਮਜ਼ੋਰੀਆਂ ਬਾਰੇ ਸੀ।

ਰੂਸੀ ਨਾਵਲਕਾਰਾਂ ਵਿੱਚੋਂ ਮੈਨੂੰ ਸਭ ਤੋਂ ਵਧੀਆ ਲੱਗਿਆ ਸੋਲਜ਼ਨਿਤਸਨ, ਜਿਸ ਦੀ ਹਰ ਇਕ ਕਿਤਾਬ ਮੈਂ ਕਈ ਵਾਰ ਪੜ੍ਹੀ। ਸਭ ਤੋਂ ਭਿਆਨਕ ਅੱਖਾਂ ਖੋਲ੍ਹਣ ਵਾਲੀ ਕਿਤਾਬ ਸੀ – *ਗੁਲਾਗ ਆਰਚੀਪਿਲਾਗੋ* ਭਾਵ ਜੇਲ੍ਹਾਂ ਦੇ ਜ਼ਜ਼ੀਰੇ।

ਸੋਵੀਅਤ ਸੰਘ ਟੁੱਟ ਗਿਆ – ਜੇਲ੍ਹੀ ਜ਼ਜ਼ੀਰੇ ਟੁੱਟ ਗਏ। ਪਰ ਓਸੇ ਹੀ ਤਰਜ਼ ਉੱਤੇ ਅੱਜ ਅਮਰੀਕਾ ਅੰਦਰ ਕਾਇਮ ਕੀਤੇ ਜਾ ਰਹੇ ਹਨ – ਉਨ੍ਹਾਂ ਦਾ ਨਾਂ ਹੈ 'ਹੋਮਲੈਂਡ ਸਿਕਿਓਰਟੀ ਡੀਟੇਨਸ਼ਨ ਸੈਂਟਰ'। ਮਾਨੋ ਸੋਵੀਅਤ ਫਲਸਫੇ ਨੇ ਅਮਰੀਕਾ ਉੱਤੇ ਕਬਜ਼ਾ ਸ਼ੁਰੂ ਕਰ ਦਿੱਤਾ ਹੈ।

ਬੇਅੰਤ ਕਿਤਾਬਾਂ ਨੂੰ ਪੜ੍ਹਨ ਪਿੱਛੋਂ ਵੀ ਕੋਈ ਸੇਧ ਨਹੀਂ ਵਿਖਾਈ ਦਿੱਤੀ। ਕਈ ਪਾਸਿਆਂ ਦੇ ਪਰਸਪਰ ਵਿਰੋਧੀ ਵਿਚਾਰ ਆਪੋ-ਆਪਣੀ ਥਾਂ ਉੱਤੇ ਠੀਕ ਲੱਗਦੇ ਸਨ।

ਪਰ ਉਨ੍ਹਾਂ ਵਿਚਾਰਾਂ ਅਨੁਸਾਰ ਰੋਜ਼ ਰੋਜ਼ ਲੜਾਈਆਂ ਕਿਉਂ ਕੀਤੀਆਂ ਜਾ ਰਹੀਆਂ ਨੇ ? ਦੇਸਾਂ ਦੇ ਦੇਸ ਕਿਉਂ ਲਿਤਾੜੇ ਤੇ ਉਜਾੜੇ ਜਾ ਰਹੇ ਨੇ, ਜਦ ਕਿ ਧਰਤੀ ਹਰ ਕਿਸੇ ਲਈ ਸਵਰਗ ਬਣਾਈ ਜਾ ਸਕਦੀ ਹੈ ? ਇੰਜ ਕਿਉਂ ਨਹੀਂ ਹੁੰਦਾ ?

ਇਸ ਦਾ ਜਵਾਬ 1995 ਤੋਂ ਇੰਟਰਨੈੱਟ ਵਿੱਚੋਂ ਮਿਲਣਾ ਸ਼ੁਰੂ ਹੋਇਆ। ਦੇਸਾਂ ਦੀਆਂ ਸਰਕਾਰਾਂ ਤੋਂ ਉੱਤੇ ਇਕ ਮਹਾਨ ਸ਼ਕਤੀ ਹੈ – ਉਹ ਹੈ ਕੁਝ ਕੁ ਅੰਤਰਰਾਸ਼ਟਰੀ ਬੈਂਕਰਾਂ ਦੀ ਸ਼ਕਤੀ।

ਪ੍ਰਾਈਵੇਟ ਬੈਂਕਰਾਂ ਦੀ ਡੂੰਘੀ ਅਤੇ ਲੰਮੀ ਕਹਾਣੀ ਹੈ। ਕਰੀਬ ਢਾਈ ਸੌ ਸਾਲਾਂ ਤੋਂ ਇਹਨਾਂ ਨੇ ਦੁਨੀਆਂ ਉੱਤੇ ਅਤਿ ਲਿਆਂਦੀ ਹੋਈ ਹੈ। ਦੁਨੀਆਂ ਦੇ ਕੁਲ ਇਨਕਲਾਬਾਂ ਅਤੇ ਜੰਗਾਂ ਦੇ ਪਿੱਛੇ ਇਨ੍ਹਾਂ ਬੈਂਕਰਾਂ ਦਾ ਪੈਸਾ ਲੱਗਿਆ ਹੋਇਆ ਸੀ ਅਤੇ ਅੱਜ ਵੀ ਹੈ।

ਕਦੇ ਸੋਚ ਸਕਦੇ ਹੋ ਕਿ ਅਮਰੀਕਾ ਦੀ ਸਰਕਾਰ ਕਰੰਸੀ ਨੋਟ ਆਪ ਨਹੀਂ ਛਾਪਦੀ, ਬਲਕਿ ਪ੍ਰਾਈਵੇਟ ਬੈਂਕਰਾਂ ਦੀ 'ਫ਼ੈਡਰਲ ਰਿਜ਼ਰਵ' ਕੋਲੋਂ ਸੂਦ ਦੇ ਉੱਤੇ ਕਰਜ਼ੇ ਦੇ ਰੂਪ ਵਿਚ ਲੈਂਦੀ ਹੈ। ਕੁੱਲ ਅਮਰੀਕੀ ਸੈਨੇਟਰ, ਰੀਪਬਲੀਕਨ ਭਾਵੇਂ ਡੈਮੋਕ੍ਰੇਟ ਬੈਂਕਰਾਂ ਦੇ ਟੁਕੜਿਆਂ ਉੱਤੇ ਪਲਦੇ ਨੇ, ਉਨ੍ਹਾਂ ਦੇ ਇਸ਼ਾਰਿਆਂ ਉੱਤੇ ਚੱਲਦੇ ਨੇ। ਅਮਰੀਕਨ ਲੋਕਾਂ ਦੀ ਆਪਣੀ ਆਵਾਜ਼ ਹੀ ਕੋਈ ਨਹੀਂ। ਦੁਨੀਆਂ ਦੇ ਕੁਲ ਪ੍ਰਾਪੇਗੰਡਾ ਦੇ ਸਾਧਨ – ਵੱਡੇ ਅਖ਼ਬਾਰ, ਟੀ.ਵੀ. ਚੈਨਲ, ਕਿਤਾਬਾਂ ਦੀ ਛਪਾਈ, ਹਾਲੀਵੁੱਡ ਸਮੇਤ ਫ਼ਿਲਮੀ ਦੁਨੀਆਂ – ਬੈਂਕਰਾਂ ਦੀ ਮੁੱਠੀ ਵਿਚ ਨੇ।

ਏਸ ਸ਼ਕਤੀ ਨਾਲ ਇਹ ਬੈਂਕਰ ਦਿਨ ਨੂੰ ਰਾਤ ਅਤੇ ਝੂਠ ਨੂੰ ਸੱਚ ਬਣਾ ਕੇ ਵਿਖਾ ਹੀ ਨਹੀਂ, ਮਨਾ ਵੀ ਲੈਂਦੇ ਨੇ।

ਅਖੇ ਪ੍ਰਧਾਨ ਕੈਨੇਡੀ ਦਾ ਕਤਲ ਲੀ ਹਾਵਰਡ ਓਸਵਾਲਡ ਨੇ ਕੀਤਾ। ਸਰਾਸਰ ਗ਼ਲਤ। ਖੋਜ ਕਮਿਸ਼ਨ ਦੀ ਰਿਪੋਰਟ ਸੀਲਬੰਦ ਕੀਤੀ ਹੋਈ ਹੈ 2070 ਤਕ – ਕਤਲ 1963 ਵਿਚ ਹੋਇਆ ਸੀ। ਵੇਖੀ ਬੈਂਕਰਾਂ ਦੀ ਸ਼ਕਤੀ। ਕਤਲ ਦਾ ਕਾਰਨ ਕੀ ਸੀ ? ਉਸ ਦੀ ਬੈਂਕਰਾਂ ਤੋਂ ਬਗ਼ਾਵਤ। ਉਸ ਨੇ ਬੈਂਕਰਾਂ ਤੋਂ ਕਰਜ਼ੇ ਦੇ ਡਾਲਰ ਲੈਣ ਦੀ ਥਾਂ ਸਰਕਾਰੀ ਡਾਲਰ ਨੋਟ ਛਾਪਣੇ ਸ਼ੁਰੂ ਕਰ ਦਿੱਤੇ।

ਇਹ ਗੱਲਾਂ ਕਿਥੋਂ ਨਿਕਲੀਆਂ ? ਇੰਟਰਨੈੱਟ ਤੋਂ। ਇਸ ਵਿਚ ਹਰ ਜਾਣਕਾਰ ਆਪਣੀ ਵਾਕਫ਼ੀ ਜਮ੍ਹਾਂ ਕਰ ਸਕਦੈ। ਬੈਂਕਰਾਂ ਦੀਆਂ ਸਕੀਮਾਂ ਵਿਚਲੇ ਹੱਥਠੋਕੇ ਬਗ਼ਾਵਤ ਕਰ ਜਾਂਦੇ ਨੇ।

ਇੰਟਰਨੈੱਟ ਦੇ ਕਮਾਲ ਨੇ ਹੀ ਪੋਲ ਖੋਲ੍ਹਿਆ ਕਿ ਇਨਸਾਨ ਦਾ 1969 ਤੋਂ ਚੰਦਰਮਾ ਉੱਤੇ ਕਈ ਵਾਰ ਪਹੁੰਚ ਜਾਣਾ ਅਤੇ ਸਹੀ ਸਲਾਮਤ ਵਾਪਸ ਵੀ ਆ ਜਾਣਾ ਇਕ ਪੂਰਨ ਰੂਪ ਵਿਚ ਝੂਠੀ ਕਹਾਣੀ ਹੈ। ਮੀਡੀਆ ਨੂੰ ਵਰਤ ਲਿਆ ਗਿਆ। ਲੋਕਾਂ ਤਾਂ ਮੰਨਣਾ ਹੀ ਸੀ।

ਏਸੇ ਤਰ੍ਹਾਂ ਹੀ ਕਹਾਣੀ ਹੈ ਜੌੜੇ ਟਾਵਰਾਂ ਦੀ ਸੰਨ 2001 ਵਿਚ। ਜਹਾਜ਼ ਜੋ ਟਕਰਾਏ ਸਨ, ਦਰਅਸਲ ਡ੍ਰੋਨ ਸਨ – ਓਦੋਂ ਲੋਕਾਂ ਨੇ ਡ੍ਰੋਨ ਸੁਣੇ ਨਹੀਂ ਸਨ। ਟਾਵਰਾਂ ਨੇ ਡ੍ਰੋਨ ਦੇ ਨਾਲ ਥੋੜ੍ਹਾ ਢੱਠ ਜਾਣਾ ਸੀ, ਉਹ ਤਾਂ ਸ਼ਕਤੀਸ਼ਾਲੀ ਹਥਿਆਰਾਂ ਨਾਲ ਉਡਾਏ ਗਏ ਸਨ।

ਅਲਕਾਇਦਾ ਉਨ੍ਹਾਂ ਦੀ ਆਪਣੀ ਪੈਦਾ ਕੀਤੀ ਤਨਜ਼ੀਮ ਸੀ, ਜਿਵੇਂ ਚਾਹਿਆ ਵਰਤ ਲਿਆ। ਓਸਾਮਾ ਬਿਨ ਲਾਦੇਨ 'ਸੀ.ਆਈ.ਏ.' ਦਾ ਰੰਗਰੂਟ ਸੀ ਅਤੇ ਉਸ ਦੇ ਇਸ਼ਾਰੇ ਉੱਤੇ ਚੱਲਦਾ ਸੀ। ਉਸ ਨੂੰ ਮਰਿਆਂ ਦਸ ਸਾਲ ਹੋ ਗਏ ਹਨ, ਪਰ ਮੀਡੀਆ ਵਿਚ ਹੁਣ ਤਕ ਜਿਉਂਦਾ ਰੱਖਿਆ ਗਿਆ ਸੀ।

ਇੰਟਰਨੈੱਟ ਨੇ ਮੇਰੇ ਮਨ ਵਿਚ ਹਲਚਲ ਮਚਾ ਦਿੱਤੀ। ਇਹ ਵਾਕਫ਼ੀ ਤਾਂ ਹਰ ਇਕ ਕੋਲ ਹੋਣੀ ਚਾਹੀਦੀ ਹੈ। ਆਪ-ਮੁਹਾਰੇ ਕਲਮ ਚੱਲਣੀ ਸ਼ੁਰੂ ਹੋ ਗਈ। ਪਹਿਲਾਂ ਕਵਿਤਾ ਦੀ ਸ਼ਕਲ ਵਿਚ 2001 ਤਕ। ਫਿਰ ਨੌਂ ਸਾਲ ਚੁੱਪ ਰਿਹਾ। ਵੇਖਿਆ ਕਿ ਕਵਿਤਾ ਦੇ ਰਸਤੇ ਬਹੁਤੇ ਲੋਕਾਂ ਤਕ ਨਹੀਂ ਪਹੁੰਚਿਆ ਜਾ ਸਕਦਾ, ਏਸ ਲਈ ਪਿਛਲੇ ਦੋ ਸਾਲਾਂ ਤੋਂ ਵਾਰਤਕ ਵਿਚ ਤੁਰਿਆ ਹਾਂ।

ਲੋਕ ਕਹਿੰਦੇ ਨੇ ਤੂੰ ਵਧੀਆ ਲਿਖਦਾ ਏਂ। ਹੋਵੇਗਾ, ਮੈਨੂੰ ਨਹੀਂ ਪਤਾ। ਮੈਂ ਤਾਂ ਕੇਵਲ ਸੁਨੇਹਾ ਹੀ ਦੇਣਾ ਹੈ। ਆਪ ਜਾਗੋ, ਹੋਰਨਾਂ ਨੂੰ ਜਗਾਓ।

ਜੁਲਾਈ 2012

ਦਲਜੀਤ ਸਿੰਘ

ਅਮਰੀਕੀ ਇਨਕਲਾਬ ਸਿਰ ਪਰਨੇ

ਬ੍ਰਿਟੇਨ ਤੋਂ ਬਗ਼ਾਵਤ/ਆਜ਼ਾਦੀ ਦਾ ਐਲਾਨ ਕੀਤਾ, ਅਮਰੀਕਾ ਦੇ ਤੇਰ੍ਹਾਂ ਸੂਬਿਆਂ ਤੋਂ ਇਕੱਠੇ ਹੋਏ 56 ਨੁਮਾਇੰਦਿਆਂ ਨੇ ਸੰਨ 1776, ਤਰੀਕ 4 ਜੁਲਾਈ ਨੂੰ।

ਕਦੇ ਕਿਸੇ ਸੋਚਿਐ ਕਿ ਉਨ੍ਹਾਂ 56 ਦਾ ਕੀ ਬਣਿਆ, ਜਿਨ੍ਹਾਂ ਨੇ ਆਜ਼ਾਦੀ ਦਾ ਐਲਾਨ ਕੀਤਾ ? ਰੌਸ਼ਨੀਆਂ, ਆਤਿਸ਼ਬਾਜ਼ੀਆਂ, ਪਿਕਨਿਕਾਂ ਅਤੇ ਮਾਸ ਭੁੰਨ ਕੇ ਖਾਣ ਦੀਆਂ ਪਾਰਟੀਆਂ ਦੇ ਰੌਲੇ ਵਿਚ ਉਨ੍ਹਾਂ 56 ਨੂੰ ਕੋਈ ਯਾਦ ਕਰਦੈ ?

ਉਨ੍ਹਾਂ ਨੇ ਦਸਖ਼ਤਾਂ ਦੇ ਨਾਲ ਆਪਣੀ ਇੱਜ਼ਤ, ਤਨ ਅਤੇ ਧਨ ਸਭ ਅਰਪਨ ਕਰਨ ਦੀ ਸਹੁੰ ਖਾਧੀ ਅਤੇ ਨਿਭਾਈ ਵੀ। ਸਹੀ ਪਾਉਣ ਵਾਲੇ ਭਾਵ ਦਸਖ਼ਤ ਕਰਨ ਵਾਲੇ ਪੰਜ ਤਾਂ ਬ੍ਰਿਟਿਸ਼ ਨੇ ਝੱਟ ਫੜ ਲਏ। ਉਨ੍ਹਾਂ ਨੂੰ ਬਾਗ਼ੀ ਕਰਾਰ ਕੀਤਾ ਅਤੇ ਤਸੀਹੇ ਦੇ ਕੇ ਮਾਰਿਆ। ਬਾਰ੍ਹਾਂ ਦੇ ਘਰਾਂ ਉੱਤੇ ਧਾਵਾ ਬੋਲਿਆ ਗਿਆ, ਮਗਰੋਂ ਸਾੜ ਦਿੱਤੇ ਗਏ। ਦੋ ਬੱਚੇ ਇਕ ਦੇ ਅਤੇ ਦੋ ਬੱਚੇ ਇਕ ਹੋਰ ਦੇ ਇਨਕਲਾਬੀ ਜੰਗ ਵਿਚ ਮਾਰੇ ਗਏ। ਨੌਂ ਇਨਕਲਾਬੀ ਜੰਗ ਵਿਚ ਜ਼ਖ਼ਮੀ ਹੋ ਕੇ, ਜ਼ਖ਼ਮਾਂ ਅਤੇ ਹੋਰ ਮੁਸੀਬਤਾਂ ਕਾਰਨ ਮਰੇ।

ਉਹ ਬੰਦੇ ਕਿਸ ਕਮਾਸ਼ ਦੇ ਸਨ, ਕੀ ਕਰਦੇ ਆਏ ਸਨ ? ਉਨ੍ਹਾਂ ਵਿਚ 24 ਵਕੀਲ ਜਾਂ ਜੱਜ ਸਨ, ਪੰਦਰਾਂ ਵਪਾਰੀ ਸਨ, ਨੌਂ ਵੱਡੀਆਂ ਜ਼ਮੀਨਾਂ ਦੇ ਮਾਲਕ ਸਨ। ਸਭਨਾਂ ਦਾ ਪਿਛੋਕੜ ਰੱਜੇ ਪੁੱਜੇ ਦਾ ਸੀ, ਹੈਸੀਅਤ ਵਾਲੇ ਸਨ, ਖ਼ੂਬ ਪੜ੍ਹੇ-ਲਿਖੇ ਸਨ। ਜਦੋਂ ਉਨ੍ਹਾਂ ਦਸਖ਼ਤ ਕੀਤੇ ਤਾਂ ਉਨ੍ਹਾਂ ਨੂੰ ਭਲੀਭਾਂਤ ਸਮਝ ਸੀ ਕਿ ਉਹ ਮੌਤ ਨਾਲ ਖੇਡ ਰਹੇ ਹਨ ਅਤੇ ਕਾਬੂ ਆਉਣ ਉੱਤੇ ਉਨ੍ਹਾਂ ਨੂੰ ਮਾਰ ਦਿੱਤਾ ਜਾਵੇਗਾ।

ਵਰਜੀਨੀਆ ਦਾ 'ਕਾਰਟਰ ਬ੍ਰੇਕਸਟਨ' ਇਕ ਵਪਾਰੀ ਅਤੇ ਵੱਡੀ ਖੇਤੀ ਦਾ ਮਾਲਕ ਸੀ। ਬ੍ਰਿਟਿਸ਼ ਨੇਵੀ ਨੇ ਉਸ ਦੇ ਜਹਾਜ਼ ਡੋਬ ਦਿੱਤੇ। ਉਸ ਨੇ ਆਪਣੇ ਕਰਜ਼ੇ ਉਤਾਰਨ ਲਈ ਸਾਰੀ ਜਾਇਦਾਦ ਵੇਚ ਦਿੱਤੀ ਅਤੇ ਆਪ ਚੀਥੜਿਆਂ ਵਿਚ ਮਰਿਆ।

ਥਾਮਸ ਮੇਕੀਮ ਆਪਣੇ ਟੱਬਰ ਸਮੇਤ ਸਦਾ ਬ੍ਰਿਟਿਸ਼ ਦਾ ਭਗੌੜਾ ਰਿਹਾ। ਉਸ ਦੀ ਪੂਰਨ ਕੁਰਕੀ ਕੀਤੀ ਗਈ ਅਤੇ ਉਹ ਗ਼ਰੀਬੀ ਭੋਗਦਾ ਰਿਹਾ। ਅੱਠ ਹੋਰਨਾਂ ਦੀਆਂ ਵੀ ਕੁਰਕੀਆਂ ਕੀਤੀਆਂ ਗਈਆਂ।

ਯਾਰਕ ਟਾਊਨ ਦੀ ਜੰਗ ਵੇਲੇ 'ਨੈਲਸਨ' ਨੇ ਜਨਰਲ ਜਾਰਜ ਵਾਸ਼ਿੰਗਟਨ ਨੂੰ ਖ਼ਬਰ ਦਿੱਤੀ ਕਿ ਮੇਰੀ ਰਿਹਾਇਸ਼ਗਾਹ ਉੱਤੇ ਬ੍ਰਿਟਿਸ਼ ਜਨਰਲ ਕਾਰਨਵਾਲਿਸ ਨੇ ਮੁੱਖ ਅੱਡਾ ਬਣਾਇਆ ਹੈ। ਜੰਗ ਦੌਰਾਨ ਉਸ ਘਰ ਨੂੰ ਉਡਾ ਦਿੱਤਾ ਗਿਆ। ਨੈਲਸਨ ਦੀਵਾਲੀਆ ਹੋ ਕੇ ਮਰਿਆ। 'ਫ਼ਰਾਂਸਿਸ ਲੂਇਸ' ਦਾ ਘਰ ਤਬਾਹ ਕੀਤਾ ਗਿਆ, ਉਸ ਦੀ ਪਤਨੀ ਕੈਦ ਕੀਤੀ ਗਈ, ਜੋ ਕੁਝ ਮਹੀਨਿਆਂ ਪਿੱਛੋਂ ਹੀ ਮਰ ਗਈ।

ਆਟਾ-ਚੱਕੀ ਦਾ ਮਾਲਕ 'ਜੌਹਨ ਹਾਰਟ' ਆਪਣੀ ਮੌਤ ਕੰਢੇ ਪਤਨੀ ਦੇ ਕੋਲ ਬੈਠਾ ਸੀ, ਜਦੋਂ ਬ੍ਰਿਟਿਸ਼ ਛਾਪਾ ਪਿਆ। ਉਹ ਭੱਜ ਗਿਆ ਅਤੇ ਉਸ ਦੇ 13 ਬੱਚੇ ਵੀ ਨਿਕਲ ਗਏ। ਉਸ ਦੇ ਖੇਤ ਅਤੇ ਆਟਾ-ਮਿੱਲ ਤਬਾਹ ਕੀਤੇ ਗਏ। ਉਹ ਆਪ ਇਕ ਸਾਲ ਦੇ ਕਰੀਬ ਜੰਗਲਾਂ ਅਤੇ ਗੁਫ਼ਾਵਾਂ ਵਿਚ ਛੁਪਦਾ ਰਿਹਾ। ਜਦੋਂ ਵਾਪਸ ਪਰਤਿਆ ਤਾਂ ਜਾਣਿਆ ਕਿ ਸਭ ਖਿੰਡ-ਪੁੰਡ ਗਏ ਸਨ, ਪਤਨੀ ਮਰ ਗਈ ਸੀ। ਅਤਿ ਦੀ ਥਕਾਵਟ ਅਤੇ ਏਸ ਭਾਰੀ ਸਦਮੇ ਨੂੰ ਸਹਿ ਨਹੀਂ ਸਕਿਆ। ਕੁਝ ਸਾਤਿਆਂ ਵਿਚ ਮਰ ਗਿਆ। ਹੋਰ ਵੀ ਕਈਆਂ ਦੀ ਕਿਸਮਤ ਵਿਚ ਅਜਿਹੀ ਹੀ ਮੌਤ ਸੀ।

ਅਜਿਹੀਆਂ ਸਨ ਗਾਥਾਵਾਂ ਜਿਨ੍ਹਾਂ ਨੇ ਅਮਰੀਕਨ ਇਨਕਲਾਬ ਲਈ ਕੁਰਬਾਨੀਆਂ ਕੀਤੀਆਂ। ਉਹ ਕੋਈ ਸ਼ੈਤਾਨ ਗੁੰਡੇ ਨਹੀਂ ਸਨ। ਉਹ ਹੈਸੀਅਤਾਂ ਵਾਲੇ ਪੜ੍ਹੇ-ਲਿਖੇ ਲੋਕ ਸਨ। ਉਹ ਚਾਹੁੰਦੇ ਤਾਂ ਐਸ਼ ਦੀ ਜ਼ਿੰਦਗੀ ਬਤੀਤ ਕਰ ਲੈਂਦੇ। ਪਰ ਉਨ੍ਹਾਂ ਨੇ ਆਜ਼ਾਦੀ ਨੂੰ ਚੁਣ ਲਿਆ ਸੀ।

ਆਜ਼ਾਦੀ ਦਾ ਬਿਗਲ ਕਿਉਂ ਵੱਜਿਆ

ਇਹ ਤੇਰ੍ਹਾਂ ਅਮਰੀਕਨ ਰਿਆਸਤਾਂ, ਸਭ ਬ੍ਰਿਟੇਨ (ਓਦੋਂ ਗ੍ਰੇਟ ਬ੍ਰਿਟੇਨ ਕਿਹਾ ਜਾਂਦਾ ਸੀ) ਦੇ ਬਾਦਸ਼ਾਹ ਦੀਆਂ ਮਲਕੀਅਤਾਂ ਸਨ, ਭਾਵ ਬਸਤੀਆਂ ਸਨ। ਬਸਤੀਆਂ ਅੰਦਰ ਰਾਜ ਤਾਂ ਡੰਡੇ ਦਾ ਹੀ ਹੁੰਦਾ ਹੈ। ਲੋਕ ਜਿਥੋਂ ਤਕ ਹੋ ਸਕੇ, ਦੜ ਵੱਟ ਕੇ ਵਕਤ ਟਪਾਈ ਕਰ ਲੈਂਦੇ ਹਨ ਅਤੇ ਰਾਜ ਬਦਲਣ ਦੀ ਕਾਮਨਾ ਨਹੀਂ ਕਰਦੇ। ਪਰ ਜਦੋਂ ਅਤਿ ਹੋ ਜਾਂਦੀ ਹੈ ਤਾਂ ਜਾਣੋ ਰੱਬ ਉਨ੍ਹਾਂ ਵਿਚ ਸਮਾ ਕੇ ਚਿੜੀਆਂ ਤੋਂ ਬਾਜ਼ ਬਣਾ ਦੇਂਦਾ ਹੈ। ਇਕੱਤਰ ਹੋਏ ਨੁਮਾਇੰਦਿਆਂ ਨੇ ਬ੍ਰਿਟਿਸ਼ ਬਾਦਸ਼ਾਹ ਦਾ ਪੋਲ ਇੰਜ ਖੋਲ੍ਹਿਆ :

"ਬਾਦਸ਼ਾਹ ਜ਼ਰੂਰੀ ਲੋਕ ਭਲਾਈ ਕਾਨੂੰਨਾਂ ਤੋਂ ਇਨਕਾਰੀ ਹੈ।

ਗਵਰਨਰ ਰਿਆਸਤ ਦੇ ਕੰਮਾਂ ਵੱਲ ਧਿਆਨ ਨਹੀਂ ਦੇਂਦਾ।

ਜਨ-ਸਮੂਹ ਦੀ ਭਲਾਈ ਦੇ ਕਾਨੂੰਨ ਪਾਸ ਕਰਨ ਤੋਂ ਇਨਕਾਰੀ ਹੈ, ਜਦੋਂ ਵੀ ਲੋਕ ਅਸੈਂਬਲੀਆਂ ਦੇ ਰਸਤੇ ਆਪਣੀ ਆਵਾਜ਼ ਉੱਚੀ ਕਰਦੇ ਹਨ।

ਉਸ ਨੇ ਅਸੈਂਬਲੀ ਦੇ ਇਜਲਾਸ ਅਜਿਹੇ ਦੂਰ-ਦੁਰਾਡੇ ਥਾਵਾਂ ਉੱਤੇ ਬੁਲਾਏ ਹਨ, ਜਿਥੇ ਪਹੁੰਚਣਾ ਵੀ ਔਖਾ ਹੈ।

ਉਸ ਨੇ ਅਸੈਂਬਲੀਆਂ ਨੂੰ ਬਾਰ-ਬਾਰ ਭੰਗ ਕੀਤਾ ਹੈ।

ਉਸ ਨੇ ਨਿਆਂ ਲਈ ਅਦਾਲਤਾਂ ਖੜੀਆਂ ਕਰਨ ਦੇ ਰਸਤਿਆਂ ਵਿਚ ਬੇਅੰਤ ਰੁਕਾਵਟਾਂ ਪਾਈਆਂ ਹਨ। ਉਹ ਜੱਜਾਂ ਨੂੰ ਆਪਣੀ ਮਰਜ਼ੀ ਦੇ ਨਾਲ ਲਾਉਂਦਾ/ਹਟਾਉਂਦਾ ਹੈ ਅਤੇ ਤਨਖ਼ਾਹਾਂ ਵੀ ਆਪਣੀ ਮਰਜ਼ੀ ਨਾਲ ਦੇਂਦਾ ਹੈ।

ਉਸ ਨੇ ਬੇਅੰਤ ਅਜਿਹੇ ਦਫ਼ਤਰ ਅਤੇ ਮਹਿਕਮੇ ਖੜੇ ਕੀਤੇ ਹਨ, ਜਿਨ੍ਹਾਂ ਦਾ ਕੰਮ ਹੀ ਹੈ ਲੋਕਾਂ ਦੀ ਖਿਚਾਈ ਕਰਨਾ ਅਤੇ ਉਨ੍ਹਾਂ ਨੂੰ ਲੁੱਟਣਾ।

ਉਸ ਨੇ ਲੋਕਾਂ ਅਤੇ ਅਸੈਂਬਲੀਆਂ ਦੀ ਮਰਜ਼ੀ ਤੋਂ ਬਿਨਾਂ, ਅਮਨ ਦੇ ਸਮਿਆਂ ਵਿਚ ਵੀ ਫ਼ੌਜਾਂ ਕਾਇਮ ਕੀਤੀਆਂ ਹੋਈਆਂ ਹਨ।

ਫ਼ੌਜਾਂ ਕੋਈ ਵੀ ਜ਼ੁਲਮ ਜਾਂ ਕਤਲ ਕਰਨ, ਐਵੇਂ ਨਾਟਕੀ ਕਚਹਿਰੀ ਰਾਹੀਂ ਮਾਫ਼ ਹੋ ਜਾਂਦੀਆਂ ਹਨ।

ਦੁਨੀਆਂ ਦੇ ਨਾਲੋਂ ਸਾਡਾ ਵਪਾਰ ਕੱਟਿਆ ਹੋਇਆ ਹੈ।

ਸਾਡੀ ਮਰਜ਼ੀ ਤੋਂ ਬਿਨਾਂ ਸਾਡੇ ਉੱਤੇ ਟੈਕਸ ਠੋਕੇ ਜਾਂਦੇ ਹਨ।

ਬੜੇ ਮੁਕੱਦਮਿਆਂ ਵਿਚ, ਜਿਊਰੀ ਤੋਂ ਬਿਨਾਂ ਹੀ ਫ਼ੈਸਲੇ ਲਏ ਜਾਂਦੇ ਹਨ। ਸਾਨੂੰ ਦੂਜੇ ਦੇਸਾਂ ਵਿਚ ਲਿਜਾ ਕੇ ਮੁਕੱਦਮੇ ਚਲਾਏ ਜਾਂਦੇ ਹਨ।

ਬਾਦਸ਼ਾਹ/ਗਵਰਨਰ ਸਾਡੇ ਹੀ ਲੋਕਾਂ ਉੱਤੇ ਫ਼ੌਜੀ ਕਾਰਵਾਈ ਕਰਦਾ ਹੈ।

ਸਾਡੇ ਸਮੁੰਦਰਾਂ ਨੂੰ ਲੁੱਟ ਲਿਐ, ਸ਼ਹਿਰਾਂ ਨੂੰ ਸਾੜ ਦਿੱਤੇ ਅਤੇ ਸਾਡੀਆਂ ਜ਼ਿੰਦਗੀਆਂ ਉਜਾੜ ਦਿੱਤੀਆਂ ਨੇ।

ਉਸ ਨੇ ਭਾੜੇ ਉੱਤੇ ਬਾਹਰਲੀਆਂ ਵੱਡੀਆਂ ਫ਼ੌਜਾਂ ਲੈ ਆਂਦੀਆਂ ਹਨ ਅਤੇ ਜ਼ੁਲਮ, ਮੌਤ ਅਤੇ ਤਬਾਹੀ ਲੈ ਆਂਦੀ ਹੈ।

ਉਸ ਨੇ ਸਾਡੇ ਘਰੇਲੂ ਫ਼ੌਜੀ ਭਰਤੀ ਕਰ ਕੇ, ਸਾਨੂੰ ਭਾਵ ਉਸ ਦੇ ਭਰਾਵਾਂ ਰਿਸ਼ਤੇਦਾਰਾਂ ਉੱਤੇ ਫ਼ੌਜੀ ਕਾਰਵਾਈ ਕਰਨ ਦੇ ਆਹਰੇ ਲਾ ਦਿੱਤਾ ਹੈ।

ਹਰ ਜ਼ੁਲਮ ਦੇ ਹਰ ਪੜਾਅ ਉੱਤੇ ਦਾਦ ਫ਼ਰਿਆਦ ਕੀਤੀ ਹੈ, ਪਰ ਸਾਡੀ ਇਕ ਵੀ ਨਹੀਂ ਸੁਣੀ ਗਈ। ਇਸ ਤਰ੍ਹਾਂ ਦੇ ਜ਼ਾਲਮ ਰਾਜੇ ਨੂੰ ਆਜ਼ਾਦ ਲੋਕਾਂ ਉੱਤੇ ਰਾਜ ਕਰਨ ਦਾ ਕੋਈ ਹੱਕ ਨਹੀਂ। ਅਸਾਂ ਬਾਰ-ਬਾਰ ਚੇਤਾਵਨੀ ਦਿੱਤੀ ਹੈ ਕਿ ਇਨਸਾਫ਼ ਅਤੇ ਭਰੱਪਣ ਵੱਲ ਧਿਆਨ ਅਤੇ ਅਮਲ ਕੀਤਾ ਜਾਵੇ, ਪਰ ਕਿਸੇ ਨੇ ਇਕ ਨਹੀਂ ਸੁਣੀ।"

56 ਦਸਤਖ਼ਤ ਕਰਨ ਵਾਲਿਆਂ ਨਾਲ ਪਿੱਛੋਂ ਜੋ ਵਾਪਰੀ, ਤੁਸੀਂ ਪਹਿਲਾਂ ਹੀ ਪੜ੍ਹ ਚੁੱਕੇ ਹੋ।

"ਆਖ਼ਿਰਕਾਰ ਅਮਰੀਕਾ ਦੀਆਂ ਰਿਆਸਤਾਂ ਦੇ ਨੁਮਾਇੰਦਿਆਂ ਨੇ ਇਹ ਸਾਂਝਾ ਫ਼ੈਸਲਾ ਲਿਆ ਹੈ ਕਿ ਬਸਤੀਆਂ ਦੇ ਵਸਨੀਕਾਂ ਦੀ ਇੱਛਾ ਅਨੁਸਾਰ, ਆਜ਼ਾਦੀ ਦਾ ਹੱਕ ਵਰਤਦੇ ਹੋਏ, ਬ੍ਰਿਟਿਸ਼ ਕ੍ਰਾਊਨ ਨਾਲੋਂ ਪੂਰੀ ਤਰ੍ਹਾਂ ਰਿਸ਼ਤਾ ਤੋੜਿਆ ਜਾਂਦਾ ਹੈ। ਇਹ ਰਿਸ਼ਤਾ ਤੋੜਨ ਪਿੱਛੋਂ ਅਸੀਂ ਆਜ਼ਾਦ ਦੇਸ ਵਾਂਗ, ਜੰਗੀ ਟੈਕਸ ਲਗਾ ਸਕਦੇ ਹਾਂ, ਅਮਨ ਮੁਆਹਦੇ, ਸਾਂਝਾਂ ਜੋੜ ਸਕਦੇ ਹਾਂ, ਵਪਾਰ ਕਰ ਸਕਦੇ ਹਾਂ। ਹਰ ਉਹ ਹੱਕ ਜੋ ਆਜ਼ਾਦ ਦੇਸਾਂ ਦੇ ਹੁੰਦੇ ਹਨ, ਸਾਡੇ ਵੀ ਹੋਣਗੇ। ਅਸੀਂ ਰੱਬ ਦੇ ਥਾਪੜੇ ਹੇਠ ਆਪਣੇ ਤਨ, ਧਨ ਅਤੇ ਇੱਜ਼ਤ ਦੀ ਸਹੁੰ ਖਾਂਦੇ ਹਾਂ।"

4 ਜੁਲਾਈ ਅਮਰੀਕਾ ਲਈ ਮੁਬਾਰਕਾਂ ਦਾ ਦਿਨ ਹੈ, ਆਜ਼ਾਦੀ ਦਾ। ਏਸ ਦਿਨ ਬ੍ਰਿਟਿਸ਼ ਜ਼ਾਲਮ ਰਾਜ ਤੋਂ ਮੁਕਤੀ ਮਿਲੀ ਸੀ।

ਖ਼ਾਸਕਰ ਕਿਹੜੇ ਜ਼ੁਲਮ ਤੋਂ ਮੁਕਤੀ ? ਅੰਗਰੇਜ਼ੀ ਰਾਜ ਵਿਚ ਪੁਲੀਸ ਬਿਨਾਂ ਵਰੰਟ ਤੋਂ ਕਿਸੇ ਵੀ ਘਰ ਵਿਚ ਅਕਾਰਨ ਛਾਪਾ ਮਾਰ ਕੇ ਫੋਲਾ-ਫਾਲੀ ਕਰ ਸਕਦੀ ਸੀ। ਏਸ ਸਰਕਾਰੀ ਸਹਿਮਵਾਦ ਖ਼ਿਲਾਫ਼ ਨਵੇਂ ਅਮਰੀਕਾ ਦੇ ਵਿਧਾਨ ਅੰਦਰ ਇਕ ਗਰੰਟੀ ਦਿੱਤੀ ਗਈ, ਜਿਸ ਨੂੰ ਕਹਿੰਦੇ ਹਨ 'ਚੌਥੀ ਸੋਧ/ਅਮੈਂਡਮੈਂਟ'। ਇਸ ਅਨੁਸਾਰ ਕਿਸੇ ਸਰਕਾਰੀ ਏਜੰਸੀ ਨੂੰ ਬਿਨਾਂ ਕਚਹਿਰੀ ਕਮਾਂਡੋਂ/ਹੁਕਮੋਂ ਕਿਸੇ ਵੀ ਨਿੱਜੀ ਰਿਹਾਇਸ਼ ਅੰਦਰ ਵੜਨ ਤੋਂ ਮਨਾਹੀ ਸੀ।

ਅਫ਼ਸੋਸ ਹੈ ਕਿ ਪਿਛਲੇ ਇਕ ਦਹਾਕੇ ਵਿਚ ਅੰਗਰੇਜ਼ਾਂ ਨੂੰ ਜਿੱਤ ਕੇ ਕੀਤੀ ਪ੍ਰਾਪਤੀ ਮਿੱਟੀ ਵਿਚ ਮਿਲ ਗਈ ਹੈ। ਹਵਾਈ ਅੱਡਿਆਂ ਉੱਤੇ ਅੱਜ ਟੀ.ਐੱਸ.ਏ. (Transport Security Agency) ਸਵਾਰੀਆਂ ਦੇ ਨਿੱਜ ਓਹਲੇ/ਪ੍ਰਾਈਵੇਸੀ ਨਾਲ ਛੇੜਛਾੜ ਕਰਦੀ ਹੈ, ਜਿਸ ਦੇ ਖ਼ਿਲਾਫ਼ ਅਮਰੀਕਾ ਅੰਦਰ ਬੇਅੰਤ ਰੋਸ ਹੈ, ਬੇਬਸੀ ਵੀ। ਅੰਗਰੇਜ਼ੀ ਰਾਜ ਵਾਪਸ ਹੈ। ਇੰਡੀਆਨਾ ਸੂਬੇ ਵਿਚ ਪੁਲੀਸ ਕਿਸੇ ਵੀ ਸਮੇਂ ਨਿੱਜੀ ਰਿਹਾਇਸ਼ ਅੰਦਰ ਅਕਾਰਨ ਘੁਸ ਸਕਦੀ ਹੈ। ਕਚਹਿਰੀਆਂ ਦੇ ਹੁਕਮ ਅਨੁਸਾਰ ਪੁਲੀਸ ਦੇ ਏਸ ਕਾਨੂੰਨ ਵਿਰੋਧੀ ਲਾਂਘੇ ਨੂੰ, ਕੋਈ ਵਿਅਕਤੀ ਰੋਕ ਨਹੀਂ ਸਕਦਾ।

ਪੁਲੀਸ ਤਸ਼ੱਦਦ ਤਾਂ ਕੁੱਲ ਅਮਰੀਕਾ ਅੰਦਰ ਸਾਧਾਰਨ ਹੋ ਗਿਆ ਹੈ। 'ਟੇਜ਼ਰ' ਦੇ ਨਾਲ ਬਿਜਲੀ ਸ਼ਾਟ ਮਾਰਨਾ, ਕੁੱਟਣਾ ਅਤੇ ਬੰਦੀ ਬਣਾਉਣਾ ਮਾਮੂਲੀ ਹੋ ਗਿਆ ਹੈ। ਸਾਰੇ ਪੁਲਸੀਏ ਬੁਰੇ ਨਹੀਂ ਹਨ, ਪਰ ਬੁਰਿਆਂ ਦੀ ਗਿਣਤੀ ਵੱਧ ਰਹੀ ਹੈ। ਪੁਲੀਸ ਬਿੱਲਾ/ਬੈਜ ਲਾ ਕੇ ਫਿਰਦਿਆਂ ਇਹ ਭੁੱਲਦੀ ਜਾ ਰਹੀ ਹੈ ਕਿ ਉਨ੍ਹਾਂ ਨੂੰ ਤਨਖ਼ਾਹ ਧਮਕਾਉਣ ਅਤੇ ਤਸ਼ੱਦਦ 'ਸੇਵਾ' ਲਈ ਨਹੀਂ ਮਿਲਦੀ। 'ਚੌਥੀ ਸੋਧ' ਤਾਂ ਹਵਾ ਵਿਚ ਉੱਡੀ ਜਾ ਰਹੀ ਹੈ।

ਇਕ ਹੋਰ ਕਾਨੂੰਨ ਪਾਸ ਹੋਇਆ ਸੀ, ਜਿਸ ਨੂੰ ਕਹਿੰਦੇ ਹਨ 'ਦਸਵੀਂ ਸੋਧ'। ਏਸ ਸੋਧ ਵਿਚ ਪ੍ਰਾਂਤਿਕ ਸਰਕਾਰਾਂ ਦੇ ਹੱਕ ਮਿੱਥੇ ਗਏ, ਜਿਨ੍ਹਾਂ ਅਨੁਸਾਰ ਕੇਂਦਰੀ/ ਫ਼ੈਡਰਲ ਸਰਕਾਰ ਨੂੰ ਸਥਾਨਕ ਪ੍ਰਸ਼ਾਸਨ ਅਤੇ ਮਸਲਿਆਂ ਵਿਚ ਉਲਝਣ ਤੋਂ ਰੋਕਿਆ ਗਿਆ। ਅੱਜ ਇਹ ਕਾਨੂੰਨ ਵੀ ਪੁਰਜ਼ਾ ਪੁਰਜ਼ਾ ਹੋ ਗਿਆ ਹੈ। ਸਭ ਤੋਂ ਵੱਡਾ ਹਮਲਾ ਹੈ 'ਟੀ.ਐੱਸ.ਏ.' ਦਾ ਮੁਸਾਫ਼ਰਾਂ ਦੀ 'ਨਿੱਜਤਾ' ਦੇ ਉੱਤੇ, ਜੋ ਹਵਾਈ ਅੱਡਿਆਂ ਉੱਤੇ ਖੁੱਚਾਂ ਵਿਚ ਹੱਥ ਦੱਬਣ 'ਤੇ ਵੀ ਪਰਹੇਜ਼ ਨਹੀਂ ਕਰਦੀ – ਮਰਦਾਂ ਨੂੰ ਛੱਡੋ, ਔਰਤਾਂ ਵੀ ਏਸ ਜ਼ਿਆਦਤੀ ਦਾ ਸ਼ਿਕਾਰ ਹਨ। ਮੁਸਾਫ਼ਰਾਂ ਲਈ ਦੋ ਰਾਹ ਹਨ – ਭਾਵੇਂ ਐਕਸਰੇ ਮਸ਼ੀਨਾਂ ਦੇ ਅੰਦਰੋਂ ਲੰਘੋ (ਸਿਹਤ ਲਈ ਅਤਿ ਹਾਨੀਕਾਰਕ ਹਨ) ਜਾਂ ਫਿਰ 'ਟੀ.ਐੱਸ.ਏ.' ਦੇ ਹੱਥ ਹਮਲੇ ਲਈ ਦੂਜੀ ਕਤਾਰ ਵਿਚ ਖੜੇ ਹੋ ਜਾਵੋ। ਜੇ ਕੋਈ ਹਸੀਨਾ ਨੰਗੀ ਕਰਦੀ ਐਕਸਰੇ ਮਸ਼ੀਨ ਅੰਦਰੋਂ ਲੰਘਦੀ ਹੈ ਤਾਂ ਵੀ 'ਟੀ.ਐੱਸ.ਏ.' ਦੇ ਸੇਵਾਦਾਰ ਹੱਥਾਂ ਨਾਲ ਟੋਹ ਕੇ ਛੱਡਦੇ ਹਨ। ਤੁਸੀਂ ਸੋਚੋਗੇ ਕਿ ਅਜਿਹੇ ਸਭਨਾਂ ਦੇ ਸਾਹਮਣੇ ਹੁੰਦੇ ਦੁਰਵਿਹਾਰ ਦੇ ਖ਼ਿਲਾਫ਼ ਬਾਕੀ ਦੇ ਮੁਸਾਫ਼ਰ ਰੌਲਾ ਪਾਉਣਗੇ। ਅੱਜ ਅਮਰੀਕਨ ਨਾਗਰਿਕ ਏਨਾ ਨਿੱਘਰ ਗਿਆ ਹੈ ਕਿ ਉਹ ਮੂੰਹ ਨਹੀਂ ਖੋਲ੍ਹ ਸਕਦਾ। ਉਸ ਨੇ ਰੌਲਾ ਪਾਇਆ ਨਹੀਂ ਕਿ ਹੱਥਕੜੀ ਲੱਗੀ ਨਹੀਂ। ਕੁੱਲ ਦੇਸਾਂ ਅੰਦਰ ਅਮਰੀਕਾ ਦੀ ਪੁਲੀਸ ਨਫ਼ਰੀ/ਗਿਣਤੀ ਸਭ ਤੋਂ ਵੱਧ ਹੈ। ਜਿਧਰ ਵੀ ਨਜ਼ਰ ਜਾਂਦੀ ਹੈ, ਤੁਹਾਡੀ ਰੱਖਿਆ/ 'ਸੇਵਾ' ਲਈ ਪੁਲੀਸ ਖੜੀ ਹੈ। ਅਮਰੀਕੀ ਪੁਲੀਸ ਦੀ ਬਿਰਤੀ/ਸੋਚਣੀ ਸਾਡੀ ਆਪਣੀ ਦੇਸੀ ਪੁਲੀਸ ਨਾਲੋਂ ਵੱਖਰੀ ਨਹੀਂ – ਬੇਅੰਤ ਭ੍ਰਿਸ਼ਟ ਅਤੇ ਜ਼ਾਲਮ ਹੈ। ਇਹ ਗਿਆਨ ਹਰ ਉਸ ਨੂੰ ਆ ਜਾਂਦਾ ਹੈ, ਜਿਹੜਾ ਵੀ ਉਹਦੇ ਅੜਿੱਕੇ ਆ ਜਾਵੇ। ਸਭ ਅਖ਼ਬਾਰਾਂ ਅਤੇ ਟੀ.ਵੀ. ਅਮਰੀਕਾ ਨੂੰ ਆਜ਼ਾਦੀ ਦਾ ਝੰਡਾ-ਬਰਦਾਰ ਕਹਿੰਦੀਆਂ ਹਨ। ਏਸ ਦੇ ਉਲਟ ਸੋਚਣਾ ਸਾਡੇ ਸਾਧਾਰਨ ਲੋਕਾਂ ਲਈ ਔਖਾ ਹੈ।

ਅਮਰੀਕਨ ਆਜ਼ਾਦੀ ਦੀ ਜੰਗ ਤਾਂ ਬਰਤਾਨਵੀ ਹਕੂਮਤ ਦੇ ਵਿਰੁੱਧ ਬਗ਼ਾਵਤ

ਸੀ। ਸ਼ਹਿਰੀਆਂ ਦੇ ਵਿਚ ਦੋਫਾੜ ਪੈ ਗਈ – ਬ੍ਰਿਟਿਸ਼ ਵਫ਼ਾਦਾਰ ਅਤੇ ਬਾਗ਼ੀ/ਇਨਕਲਾਬੀ। ਬ੍ਰਿਟੇਨ ਵਾਲੇ ਪਾਸੇ ਨਫ਼ਰੀ ਕਰੀਬ ਤਿੰਨ ਲੱਖ ਵੀਹ ਹਜ਼ਾਰ ਸੀ, ਜਿਨ੍ਹਾਂ ਵਿੱਚੋਂ ਅੱਧੇ ਨੇਵੀ/ਸਮੁੰਦਰੀ ਫ਼ੌਜ ਵੱਲੋਂ ਸਨ। ਇਨ੍ਹਾਂ ਵਿਚ 30000 ਜਰਮਨ ਭਾੜੇ ਵਾਲੇ ਫ਼ੌਜੀ ਵੀ ਸ਼ਾਮਲ ਸਨ। ਬਾਗ਼ੀਆਂ/ਇਨਕਲਾਬੀਆਂ ਦੀ ਗਿਣਤੀ ਰਲਾ ਮਿਲਾ ਕੇ ਦੋ ਲੱਖ ਦੇ ਕਰੀਬ ਸੀ। ਝੜਪਾਂ/ਲੜਾਈਆਂ 'ਚ ਅਮਰੀਕਨਾਂ ਵੱਲੋਂ ਕਰੀਬ 50000 ਮਰੇ ਜਾਂ ਜ਼ਖ਼ਮੀ ਹੋਏ। ਬ੍ਰਿਟੇਨ ਵੱਲ ਵੀ ਲਗਭਗ ਏਨਾ ਹੀ ਨੁਕਸਾਨ ਹੋਇਆ, ਮਰਿਆਂ ਵਿਚ 7500 ਜਰਮਨ ਭਾੜੇ ਦੇ ਲੜਾਕੂ ਵੀ ਸਨ। ਬ੍ਰਿਟਿਸ਼ ਨੇਵੀ ਵਿੱਚੋਂ ਚਾਲ੍ਹੀ ਹਜ਼ਾਰ ਤੋਂ ਵੱਧ ਭਗੌੜੇ ਹੋ ਗਏ।

ਅਮਰੀਕਨ ਬ੍ਰਿਟਿਸ਼ ਜੰਗ ਅੱਠ ਸਾਲ ਚੱਲਦੀ ਰਹੀ (1775–1783 ਤਕ)। ਅੰਗਰੇਜ਼ਾਂ ਦੀ ਸਮੁੰਦਰੀ ਰਸਤੇ ਮਦਦ ਆਉਂਦਿਆਂ ਕਰੀਬ ਇਕ ਮਹੀਨਾ ਲੱਗ ਜਾਂਦਾ ਸੀ। ਜੰਗ ਦੇ ਦੌਰਾਨ ਹੀ ਚੇਚਕ ਦੀ ਵਬਾ ਫੁੱਟ ਪਈ, ਜਿਸ ਨੇ ਸਵਾ ਲੱਖ ਅਮਰੀਕਨਾਂ ਦੀ ਬਲੀ ਲੈ ਲਈ।

ਜੰਗ ਦੇ ਸ਼ੁਰੂ ਵਿਚ ਅਮਰੀਕਨਾਂ ਵੱਲ ਨਾ ਕੋਈ ਫ਼ੌਜ, ਨਾ ਨੇਵੀ ਅਤੇ ਨਾ ਹੀ ਕੋਈ ਵਿੱਤੀ ਪ੍ਰਬੰਧ ਸੀ। ਨਾ ਹੀ ਉਨ੍ਹਾਂ ਦੇ ਕੋਈ ਅੰਤਰਰਾਸ਼ਟਰੀ ਸਹਾਇਤਾ ਦੇਣ ਵਾਲੇ ਮਿੱਤਰ ਸਨ। ਹੌਲੀ-ਹੌਲੀ ਫ਼ਰਾਂਸ ਅਤੇ ਹਾਲੈਂਡ ਉਨ੍ਹਾਂ ਵੱਲ ਹੋ ਗਏ ਅਤੇ ਵਿੱਤੀ ਸਹਾਇਤਾ ਵੀ ਆ ਗਈ। ਉਨ੍ਹਾਂ ਦੇ ਟਾਕਰੇ ਉੱਤੇ ਬ੍ਰਿਟੇਨ ਦੀ ਹਰ ਪਾਸੇ ਚੜ੍ਹਤ ਸੀ। ਤਾਰ ਜਾਂ ਟੈਲੀਫ਼ੋਨ ਦਾ ਸਿਲਸਿਲਾ ਕੋਈ ਨਹੀਂ ਸੀ। ਸੁਨੇਹੇ/ਹੁਕਮ ਆਉਂਦੇ ਦੋ ਮਹੀਨੇ ਲੱਗ ਜਾਂਦੇ ਸਨ। ਹੁਕਮ/ਹਦਾਇਤਾਂ ਪਹੁੰਚਣ ਤੋਂ ਪਹਿਲਾਂ ਹੀ ਜੰਗ ਦੇ ਮੁਹਾਜ਼ ਉੱਤੇ ਹਾਲਾਤ ਬਦਲੇ ਹੁੰਦੇ ਸਨ। ਜਿਉਂ-ਜਿਉਂ ਜੰਗ ਲੰਮੀ ਹੁੰਦੀ ਗਈ, ਸਥਾਨਕ ਅਮਰੀਕਨ ਵਧੀਕ ਤਗੜੇ ਹੁੰਦੇ ਗਏ ਅਤੇ ਬ੍ਰਿਟਿਸ਼ ਸ਼ਕਤੀ ਖੁਰਦੀ ਗਈ। ਸਥਾਨਕ ਲੋਕ ਹਮੇਸ਼ਾ ਹਾਵੀ ਹੋ ਜਾਂਦੇ ਹਨ, ਕਿਉਂਕਿ ਉਹ ਤਾਂ ਆਪਣਾ ਟਿਕਾਣਾ/ਘਰ/ਦੇਸ ਛੱਡ ਨਹੀਂ ਸਕਦੇ, ਜਦ ਕਿ ਬਾਹਰਲਿਆਂ ਨੇ ਤਾਂ ਡਿਊਟੀ ਦਾ ਸਮਾਂ ਬਿਤਾਉਣਾ ਹੁੰਦਾ ਹੈ। ਉਨ੍ਹਾਂ ਨੂੰ ਆਪਣੇ ਘਰ ਬਾਰ ਅਤੇ ਬਾਲ ਬੱਚਿਆਂ ਦੀ ਖਿੱਚ ਹੁੰਦੀ ਹੈ। ਇਰਾਕ, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਅੰਦਰ ਅੱਜ-ਕੱਲ੍ਹ ਅਮਰੀਕਨ ਅਤੇ ਨਾਟੋ ਫ਼ੌਜੀ ਕੀ ਕਰ ਰਹੇ ਹਨ – ਵੱਧ ਤੋਂ ਵੱਧ ਸ਼ਕਤੀ ਦੀ ਵਰਤੋਂ ਦੇ ਨਾਲ ਦੇਸਾਂ ਦੀ ਤਬਾਹੀ ਅਤੇ ਸ਼ਹਿਰੀਆਂ ਦੀ ਮੌਤ। ਫੇਰ ਵੀ ਕਿੰਨੇ ਕੁ ਮੁਕਾ ਲੈਣਗੇ ? ਉਨ੍ਹਾਂ ਦੇ ਹੁੰਦਿਆਂ ਹੀ ਜੋ ਬੱਚਿਆਂ ਦੀ ਪਨੀਰੀ ਜੰਮੀ ਹੈ, ਉਹ ਪਹਿਲੇ ਦਿਨ ਤੋਂ ਹਮਲਾਵਰਾਂ ਵਿਰੁੱਧ ਨਫ਼ਰਤ ਨਾਲ ਭਰੀ ਹੋਈ ਹੈ। ਜਿਹੜੇ ਰਤਾ ਜਵਾਨ ਹੋਏ ਨੇ, ਉਨ੍ਹਾਂ ਨੇ ਬੰਦੂਕਾਂ ਵੀ ਚੁੱਕ ਲਈਆਂ ਹਨ। ਧਾੜਵੀ ਦੇਸਾਂ ਦੀਆਂ ਫ਼ੌਜਾਂ ਨੇ ਆਖ਼ਿਰ ਹਫ਼ ਜਾਣਾ ਹੈ। ਉਨ੍ਹਾਂ ਨੂੰ ਇਨ੍ਹਾਂ ਇਲਾਕਿਆਂ ਵਿੱਚੋਂ ਨਿਕਲਣਾ ਹੀ ਪਵੇਗਾ। ਇਹੀ ਹਾਲਾਤ ਅਮਰੀਕਨ ਇਨਕਲਾਬੀ ਜੰਗ ਸਮੇਂ ਸੀ। ਬ੍ਰਿਟੇਨ ਦੀ ਹਾਰ ਨਿਸ਼ਚਿਤ ਸੀ। ਆਖ਼ਿਰ 3 ਸਤੰਬਰ 1783 ਨੂੰ ਪੈਰਿਸ (ਫ਼ਰਾਂਸ) ਵਿਚ ਸੰਧੀ ਹੋਈ ਅਤੇ ਜੰਗ ਦਾ ਖ਼ਾਤਮਾ ਹੋਇਆ। ਪਰ ਅਮਰੀਕਾ ਦੇ ਅੰਦਰ ਕਈ ਸਥਾਨਕ ਵਿਰੋਧੀ ਸ਼ਕਤੀਆਂ ਸਨ, ਜਿਨ੍ਹਾਂ ਨੂੰ ਅੰਦਰ-ਖਾਤੇ ਬ੍ਰਿਟੇਨ ਵੱਲੋਂ 1812 ਤਕ ਫ਼ੌਜੀ ਅਤੇ ਹੋਰ ਸਹਾਇਤਾ ਮਿਲਦੀ ਰਹੀ।

ਆਜ਼ਾਦੀ ਜੰਗ ਦੇ ਸਮੇਂ ਅਮਰੀਕਨਾਂ ਦੀ ਕੁੱਲ ਆਬਾਦੀ ਕਰੀਬ 23 ਲੱਖ ਸੀ, ਜਿਨ੍ਹਾਂ ਵਿੱਚੋਂ 50000 ਮਰੇ ਜਾਂ ਜ਼ਖਮੀ ਹੋਏ। ਬ੍ਰਿਟੇਨ ਦੀ ਉਸ ਸਮੇਂ ਆਬਾਦੀ ਸੀ ਨੱਬੇ ਲੱਖ ਦੇ ਲਗਭਗ। ਬ੍ਰਿਟੇਨ ਕੋਲ ਗੋਲਾ ਬਾਰੂਦ ਤਾਂ ਚੋਖਾ ਸੀ, ਪਰ ਲੜਾਈ ਤਾਂ ਲਗਭਗ ਹੱਥੋ-ਹੱਥ ਸੀ। ਬ੍ਰਿਟੇਨ ਦੀ ਹਾਰ ਤਾਂ ਕੁਦਰਤ ਵੱਲੋਂ ਤੈਅ ਸੀ, ਸੋ ਹੋ ਗਈ।

ਇਨਕਲਾਬੀ ਅਮਰੀਕਨ ਸੱਚਾਈ-ਪਸੰਦ ਸਨ। ਦੁਨੀਆਂ ਦਾ ਆਦਰ ਅਤੇ ਇਨਸਾਨੀ ਹੱਕਾਂ ਦੀ ਕਦਰ ਕਰਦੇ ਸਨ, ਬਰਾਬਰੀ ਵਿਚ ਯਕੀਨ ਰੱਖਦੇ ਸਨ ਅਤੇ ਕੁਦਰਤ ਦੀ ਰਾਖੀ ਕਰਦੇ ਸਨ। ਉਹ ਜੰਗ ਲਈ ਨਹੀਂ, ਸਗੋਂ ਅਮਨ ਵੱਲੋਂ ਲੜਦੇ ਸਨ। ਉਹ ਹੋਰਨਾਂ ਤੋਂ ਡਰਦੇ ਨਹੀਂ, ਸਗੋਂ ਆਦਰ ਦੇ ਚਾਹਵਾਨ ਸਨ। ਉਹ ਲੋਕਾਂ ਨੂੰ ਆਪਣੀ ਉਦਾਹਰਣ ਦੇ ਨਾਲ ਰਲਾਉਂਦੇ ਸਨ, ਸੰਗੀਨ ਦੀ ਨੋਕ ਉੱਤੇ ਨਹੀਂ। ਪਰ ਇਹ ਸਭ ਕੁਝ ਢੇਰ ਪੁਰਾਣੇ ਸਮਿਆਂ ਦੀ ਗੱਲ ਹੈ।

ਪਿਛਲੀ ਡੇਢ ਸਦੀ ਦੇ ਅੰਦਰ ਅਮਰੀਕਾ ਦਾ ਹੁਲੀਆ ਹੀ ਵਿਗੜ ਗਿਆ ਹੈ। ਅਮਰੀਕਨ ਸਰਕਾਰਾਂ ਕਾਰਪੋਰੇਸ਼ਨਾਂ ਅਤੇ ਬੈਂਕਰਾਂ ਦੀਆਂ ਰਖੇਲਾਂ ਬਣ ਕੇ ਰਹਿ ਗਈਆਂ ਸਨ। ਉਨ੍ਹਾਂ ਦੇ ਹੁਕਮਾਂ ਥੱਲੇ ਅਮਰੀਕਾ ਨੇ ਸੈਂਕੜੇ ਦੇਸਾਂ ਉੱਤੇ ਸਿੱਧੇ ਹਮਲੇ ਕਰ ਕੇ ਉਜਾੜੇ ਹਨ। ਅੱਜ ਵੀ ਮਾਰੂ ਹਥਿਆਰਾਂ ਦੇ ਨਾਲ ਲੈਸ ਹੋ ਕੇ ਇਕ ਪਾਗਲ ਹਾਥੀ ਵਾਂਗ ਨਾਜ਼ੁਕ ਦੁਨੀਆਂ ਦੇ ਉੱਤੇ ਤਬਾਹੀ ਮਚਾ ਰੱਖੀ ਹੈ। ਕੋਈ ਵੀ ਦੇਸ ਏਸ 'ਕਿਸੇ ਸਮੇਂ ਇਨਕਲਾਬੀ' ਅਮਰੀਕਾ ਦੇਸ ਦੀ ਮਾਰ ਤੋਂ ਦੂਰ ਨਹੀਂ।

ਅਮਰੀਕਨ ਇਨਕਲਾਬੀ ਆਰੰਭ ਤੋਂ, ਅੱਜ ਦੀ ਇਕ ਖ਼ੂੰਖ਼ਾਰ ਜੰਗੀ ਮਸ਼ੀਨ ਵਿਚ ਤਬਦੀਲੀ ਦਾ ਇਤਿਹਾਸ ਫਰੋਲਣ ਅਤੇ ਸਮਝਣਯੋਗ ਹੈ। ਅੱਜ ਦੀ ਸਿਖਰ ਹੈ ਕੁੱਲ ਦੁਨੀਆਂ ਨੂੰ ਭੈਭੀਤ ਅਤੇ ਬੰਦੀ ਕਰਨ ਦੇ ਇਰਾਦੇ। ਨਾਲ ਹੀ ਕੁੱਲ ਅਮਰੀਕਨ ਸ਼ਹਿਰੀਆਂ ਦੀ ਸੋਚ ਸ਼ਕਤੀ ਉੱਤੇ ਫ਼ੌਜੀ/ਪੁਲਸੀ ਪਹਿਰਾ। ਆਉਂਦੀਆਂ ਸਿਖਰਾਂ ਨਿਰਣਾਇਕ ਹੋਣਗੀਆਂ। ਭੂਗੋਲਿਕ ਨਿੱਜੀ ਬੈਂਕਰਾਂ ਦਾ ਹੱਥਠੋਕਾ, ਅਮਰੀਕੀ ਸਾਮਰਾਜੀ ਤੰਦੂਆ, ਭੂਗੋਲ ਦੇ ਹਰ ਦੇਸ ਉੱਤੇ ਆਪਣੀ ਖ਼ੂਨੀ ਉਂਗਲ ਰੱਖਣ ਦੇ ਯਤਨ ਵਿਚ ਹੈ। ਅੱਜ ਦਾ ਭੂਗੋਲਿਕ ਇਨਸਾਨ ਕਾਫ਼ੀ ਹੱਦ ਤਕ ਜਾਗ ਪਿਆ ਹੈ। ਸਾਮਰਾਜ ਵਿਰੋਧੀ ਚੇਤਨਾ,. ਇਕ ਇਕ ਵਿਅਕਤੀ ਦੀ ਹਿੰਮਤ ਨਾਲ ਖਿੱਲਰ ਰਹੀ ਅਤੇ ਰਫਤਾਰ ਫੜ ਰਹੀ ਹੈ। ਜਦੋਂ ਖ਼ਲਕਤ ਅੰਦਰਲਾ ਰੱਬ ਖੜਾ ਹੋ ਜਾਏ ਤਾਂ ਸਾਮਰਾਜ ਕੀ ਚੀਜ਼ ਹੈ! 1776 ਦਾ ਅਮਰੀਕੀ ਇਨਕਲਾਬ ਅੱਜ ਸਿਰ ਪਰਨੇ ਖੜਾ ਹੈ। ਰੱਬ ਖ਼ੈਰ ਕਰੇ!

ਬਦੀ ਦੀ ਜੜ੍ਹ

ਪੰਡਤ ਜਵਾਹਰ ਲਾਲ ਨਹਿਰੂ ਦੇ ਲਿਖਣ-ਮੇਜ਼ ਉੱਤੇ ਰਾਬਰਟ ਫ਼ਰਾਸਟ ਦੀ ਕਵਿਤਾ ਦੀਆਂ ਹੇਠ ਲਿਖੀਆਂ ਪੰਕਤੀਆਂ ਸ਼ੋਭਾ ਦੇਂਦੀਆਂ ਸਨ :

ਜੰਗਲ ਗਾੜ੍ਹੇ ਨੇ, ਕਾਲੇ ਨੇ ਗਹਿਰੇ ਨੇ
ਮੇਰੇ ਵਾਅਦੇ ਵੀ ਪੂਰੇ ਕਰਨ ਵਾਲੇ ਨੇ
ਅਜੇ ਮੀਲਾਂ ਹੋਰ ਪੈਂਡਾ ਏ, ਸੌਣ ਤੋਂ ਪਹਿਲਾਂ
ਅਜੇ ਹੋਰ ਬੜੇ ਮੀਲ ਨੇ

ਰਾਬਰਟ ਫ਼ਰਾਸਟ (1874-1963) ਅਮਰੀਕੀ ਕਵੀ ਸੀ। ਜਵਾਹਰ ਲਾਲ ਨਹਿਰੂ ਰਾਬਰਟ ਫ਼ਰਾਸਟ ਤੋਂ ਇਕ ਸਾਲ ਪਿੱਛੋਂ ਗੁਜ਼ਰ ਗਿਆ।

ਐਜ਼ਰਾ ਪਾਊਂਡ (1885-1972) ਵੀ ਇਕ ਅਮਰੀਕੀ ਕਵੀ ਸੀ ਅਤੇ ਰਾਬਰਟ ਫ਼ਰਾਸਟ ਦਾ ਸਮਕਾਲੀ ਸੀ। ਐਜ਼ਰਾ ਪਾਊਂਡ ਨੇ ਨਾ ਕੇਵਲ ਰਾਬਰਟ ਫ਼ਰਾਸਟ ਨੂੰ ਮੋਹਰੀਆਂ ਵਿਚ ਆਉਣ ਲਈ ਮਦਦ ਕੀਤੀ, ਸਗੋਂ ਉਸ ਵੱਲੋਂ ਕਈ ਵੱਡੇ ਵੱਡੇ ਲੇਖਕਾਂ - ਵਿਲੀਅਮ ਕਾਰਲੋਜ਼, ਮੇਰੀਅਨ ਮੂਰ, ਜੇਮਜ਼ ਜੌਇਸ, ਵਾਈ ਬੀ ਜੀਟਸ, ਅਰਨਸਟ ਹੈਮਿੰਗਵੇ ਅਤੇ ਟੀ.ਐੱਸ. ਈਲੀਅਟ ਅਤੇ ਹੋਰ ਬੇਅੰਤ ਨੂੰ ਥਾਪੜਾ ਮਿਲਿਆ।

ਪੰਝੀ ਵਰ੍ਹਿਆਂ ਦੇ ਯੂਸਟੇਸ ਮੁਲਿਨਜ਼ ਨੂੰ ਉਸ ਦੇ ਦੋਸਤ ਨਵੰਬਰ 1949 ਵਿਚ ਐਜ਼ਰਾ ਪਾਊਂਡ ਨੂੰ ਮਿਲਾਉਣ ਲਈ, ਵਾਸ਼ਿੰਗਟਨ ਸਥਿਤ ਦਿਮਾਗੀ ਰੋਗਾਂ ਦੇ ਹਸਪਤਾਲ ਜੋ ਸੇਂਟ ਐਲਿਜ਼ਾਬੇਥ ਦੇ ਨਾਂ ਉੱਤੇ ਸੀ, ਵਿਚ ਲੈ ਗਏ। ਐਜ਼ਰਾ ਪਾਊਂਡ ਨੂੰ ਏਥੇ ਇਕ "ਸਿਆਸੀ ਕੈਦੀ" ਬਣਾ ਕੇ ਕੈਦ ਕੀਤਾ ਹੋਇਆ ਸੀ। ਉਸ ਉੱਤੇ ਦੇਸ-ਧ੍ਰੋਹੀ ਦਾ ਜੁਰਮ ਲੱਗਾ ਹੋਇਆ ਸੀ, ਕਿਉਂਕਿ ਦੂਜੀ ਵਿਸ਼ਵ ਜੰਗ ਦੌਰਾਨ ਉਸ ਨੇ ਰੇਡੀਓ ਰੋਮ ਤੋਂ ਅਮਰੀਕਨਾਂ ਦੀ ਜੰਗ ਦੀ ਨੀਅਤ ਬਾਰੇ ਸਵਾਲ ਉਠਾਏ ਸਨ। ਉਂਜ ਤਾਂ ਜਿੰਨੀਆਂ ਵੀ ਜੰਗਾਂ ਅਸੀਂ ਵੇਖਦੇ ਆ ਰਹੇ ਹਾਂ, ਅੱਜ ਤਕ ਅਮਰੀਕਨ ਨੀਅਤ ਕਦੇ ਸਪੱਸ਼ਟ ਵਿਖਾਈ ਦਿੱਤੀ ਹੈ? ਏਹੀ ਸਵਾਲ ਐਜ਼ਰਾ ਪਾਊਂਡ ਨੇ ਉਠਾਇਆ ਹੋਵੇਗਾ। ਉਹ 1924 ਤੋਂ ਇਟਲੀ ਵਿਚ ਰਿਹਾ ਸੀ ਅਤੇ ਜੰਗ ਮੁੱਕਣ ਪਿੱਛੋਂ 1945 ਵਿਚ ਅਮਰੀਕਾ ਵਾਪਸ ਆ ਗਿਆ। ਓਥੇ ਉਸ ਉੱਤੇ ਦੇਸ-ਧ੍ਰੋਹੀ ਹੋਣ ਦਾ ਮੁਕੱਦਮਾ ਚੱਲਿਆ, ਜਿਸ ਵਿੱਚੋਂ ਉਹ ਬਰੀ ਹੋ ਗਿਆ। ਫਿਰ ਅਗਲਾ ਹਥਿਆਰ ਵਰਤ ਲਿਆ ਗਿਆ, 'ਆਜ਼ਾਦ' ਅਮਰੀਕਾ ਦੇਸ ਅੰਦਰ - ਐਜ਼ਰਾ ਪਾਊਂਡ ਪਾਗਲ

ਹੈ। ਇਸ ਨੂੰ ਮੈਂਟਲ ਹਸਪਤਾਲ ਅੰਦਰ ਕਰੋ। ਏਥੇ ਮਿਲਣ ਵਾਲਿਆਂ ਉੱਤੇ ਬਹੁਤੀ ਪਾਬੰਦੀ ਨਹੀਂ ਸੀ।

ਐਜ਼ਰਾ ਪਾਊਂਡ ਨੇ ਮਿਲਣ ਆਏ ਜਵਾਨ ਯੂਸਟੇਸ ਮੂਲਿਨਜ਼ ਨੂੰ, ਜੋ ਯੂਨੀਵਰਸਿਟੀ ਅੰਦਰ ਖੋਜੀ ਸੀ, ਸਲਾਹ ਦਿੱਤੀ ਕਿ ਉਹ ਅਮਰੀਕੀ ਬੈਂਕਕਾਰੀ ਦੇ ਸੰਪੂਰਨ ਢਾਂਚੇ ਬਾਰੇ ਖੋਜ ਕਰੇ। ਮੂਲਿਨਜ਼ ਨੇ ਅਗਲੇ ਦੋ ਸਾਲ ਅਮਰੀਕੀ ਕਾਂਗਰਸ ਦੀ ਲਾਇਬ੍ਰੇਰੀ ਅੰਦਰ ਖੋਜ ਕਰਦਿਆਂ ਲਾਏ। ਉਹ ਹਰ ਸ਼ਾਮ ਪਾਊਂਡ ਕੋਲ ਸਲਾਹ ਮਸ਼ਵਰੇ ਲਈ ਆਉਂਦਾ। ਦੋ ਸਾਲਾਂ ਪਿੱਛੋਂ ਖਰੜਾ ਤਿਆਰ ਹੋਇਆ "ਦ ਸੀਕਰਟਸ ਆਫ਼ ਦ ਫ਼ੈਡਰਲ ਰਿਜ਼ਰਵ"। ਇਹ ਖਰੜਾ ਤਾਂ ਏਨਾ ਤੱਤਾ ਸੀ ਕਿ ਕੋਈ ਵੀ ਛਾਪਕ ਇਸ ਨੂੰ ਲੈਣ/ਛਾਪਣ ਲਈ ਤਿਆਰ ਨਹੀਂ ਸੀ। ਇਕ ਨੇ ਕਿਹਾ, "ਤੂੰ ਇਹ ਨਿਊਯਾਰਕ ਅੰਦਰ ਕਦੇ ਨਹੀਂ ਛਪਵਾ ਸਕੇਂਗਾ।" ਅਖ਼ੀਰ ਜਦੋਂ ਇਹ ਕਿਤਾਬ 1955 ਵਿਚ ਜਰਮਨੀ ਅੰਦਰ ਛਪੀ ਤਾਂ ਓਥੋਂ ਦੀ ਕਾਬਜ਼ ਅਮਰੀਕੀ ਫ਼ੌਜ ਵੱਲੋਂ ਸਾਰੀਆਂ 10000 ਕਾਪੀਆਂ ਜ਼ਬਤ ਕਰ ਕੇ ਅੱਗ ਦੇ ਹਵਾਲੇ ਕਰ ਦਿੱਤੀਆਂ ਗਈਆਂ। ਕਿਤਾਬ ਦਾ ਨਾਂ ਹੈ *The Secrets of the Federal Reserve* ਕਰਤਾ Eustace Mullins। ਅੱਜ ਇਹ ਪੂਰੀ ਕਿਤਾਬ ਇੰਟਰਨੈਟ ਉੱਤੇ ਸੰਪੂਰਨ ਰੂਪ ਵਿਚ ਮੁਫ਼ਤ ਹਾਜ਼ਰ ਹੈ।

ਐਡੀ ਵੀ ਅੱਗ ਲੱਗੀ ਕੀ ਲਿਖਤ ਸੀ ਇਸ ਕਿਤਾਬ ਵਿਚ ? ਮੂਲਿਨਜ਼ ਨੇ ਏਸ ਕਿਤਾਬ ਅੰਦਰ ਅਮਰੀਕਾ ਦੀ ਇਕ ਨਵੀਂ ਤੇ ਵੱਖਰੀ ਤਸਵੀਰ ਪੇਸ਼ ਕੀਤੀ, ਜੋ ਉਸ ਦੀ ਖੋਜ ਵਿੱਚੋਂ ਉਭਰੀ ਸੀ।

"ਇੰਗਲੈਂਡ ਦੇ ਖ਼ਿਲਾਫ਼ ਆਜ਼ਾਦੀ ਦੀ ਜੰਗ ਲੜਨ ਦੇ ਬਾਵਜੂਦ ਅਮਰੀਕਾ, ਇੰਗਲੈਂਡ ਦੀ ਇਕ ਵਿੱਤੀ ਬਸਤੀ ਰਿਹਾ ਹੈ।" ਉਸ ਲਿਖਿਆ ਕਿ, "1865 ਅਤੇ 1913 ਵਿਚਕਾਰ ਲੰਡਨ ਵਿਚ ਬੈਠੇ ਰੌਥਚਾਈਲਡ ਬੈਂਕਰਾਂ ਨੇ, ਅਮਰੀਕਾ ਅੰਦਰਲੇ ਜੇ ਪੀ ਮਾਰਗਨ ਅਤੇ ਜੇ ਡੀ ਰਾਕਫੈਲਰ ਰਾਹੀਂ ਅਮਰੀਕਾ ਦੀ ਕੁੱਲ ਸਨਅਤਕਾਰੀ ਦੇ ਉਪਰ ਕਬਜ਼ਾ ਕਰ ਕੇ ਵੱਡੇ ਵੱਡੇ ਸ਼ਕਤੀਵਰ ਗੁੱਟ ਬਣਾ ਲਏ ਸਨ।"

ਯੂਰਪੀ ਬੈਂਕਰਾਂ ਕੋਲ ਏਨਾ ਪੈਸਾ ਕਿੱਥੋਂ ਆ ਗਿਆ ? ਉਹ ਤਾਂ ਪਿਛਲੇ ਦੋ ਸੌ ਸਾਲਾਂ ਦੇ ਅੰਦਰ, ਨੋਟ ਛਾਪ ਛਾਪ ਕੇ ਅਤਿਅੰਤ ਤਗੜੇ ਹੋ ਕੇ ਪਾਟਣ 'ਤੇ ਆਏ ਹੋਏ ਸਨ। ਉਨ੍ਹਾਂ ਲਈ ਅਮਰੀਕਨ ਸਨਅਤ ਖ਼ਰੀਦ ਲੈਣੀ ਤਾਂ ਮਾਮੂਲੀ ਗੱਲ ਸੀ।

ਸਤਾਰ੍ਹਵੀਂ ਸਦੀ ਦੇ ਵਿਚ ਬੈਂਕਰਾਂ ਅਤੇ ਯੂਰਪੀ ਰਜਵਾੜਿਆਂ ਨੇ ਆਪੋ ਵਿਚ ਸੰਧੀ ਕਰ ਲਈ ਸੀ, ਜਿਸ ਦਾ ਮੂਲ ਮੁੱਦਾ ਇਹ ਸੀ : ਜੇ ਸਰਕਾਰਾਂ, ਬੈਂਕਰਾਂ ਵੱਲੋਂ ਛਾਪੀ ਕਾਗ਼ਜ਼ੀ ਕਰੰਸੀ ਕਾਰਨ ਪੈਦਾ ਹੋਈ ਕਿਸੇ ਵੀ ਸਮੱਸਿਆ ਜਾਂ ਮੁਸੀਬਤ ਲਈ ਜ਼ਿੰਮੇਵਾਰੀ ਲੈਣਗੀਆਂ ਤਾਂ ਸ਼ਾਹੂਕਾਰ ਬੈਂਕਰ ਓਨੇ ਹੀ ਨੋਟ ਛਾਪਣਗੇ, ਜਿੰਨੇ ਕਿ ਰਾਜੇ ਦੀ ਮਨਸ਼ਾ ਹੋਵੇ। ਏਸ ਤਰ੍ਹਾਂ ਇੰਗਲੈਂਡ, ਫ਼ਰਾਂਸ ਅਤੇ ਜਰਮਨੀ ਵਿਚ ਸਰਕਾਰੀ ਸੁਣੀਂਦੇ, ਦਰਅਸਲ ਪ੍ਰਾਈਵੇਟ ਬੈਂਕ ਹੋਂਦ ਵਿਚ ਆ ਗਏ।

ਇੰਜ ਸ਼ਾਹੂਕਾਰਾਂ/ਬੈਂਕਰਾਂ ਨੇ ਕਾਗ਼ਜ਼ੀ ਨਕਦੀ ਦੇ ਖ਼ਜ਼ਾਨੇ ਬਣਾ ਲਏ - ਛਪੇ ਹੋਏ ਕਾਗ਼ਜ਼, ਜਿਨ੍ਹਾਂ ਦਾ ਬਾਜ਼ਾਰ ਵਿਚ 'ਮੁੱਲ' ਸੀ ਅਤੇ ਛਪਾਈ ਦਾ ਮੁੱਲ ਕੀ ਹੁੰਦਾ ਹੈ ? ਏਸ ਤੋਂ ਵੀ ਅੱਗੇ ਜਾਵੋ, ਇਨ੍ਹਾਂ ਨਕਦੀ ਦੇ ਕਾਗ਼ਜ਼ਾਂ ਦੇ ਉਪਰ ਸੂਦ ਵੀ ਲੱਗਦਾ

ਸੀ, ਦੋਹਰਾ ਡਾਕਾ। ਰਜਵਾੜਿਆਂ ਨੇ ਬੈਂਕਰਾਂ ਦੇ ਨਾਲ ਹਿੱਸੇਦਾਰੀ ਕਰ ਲਈ। ਵਧਦੇ ਸਰਕਾਰੀ ਖ਼ਰਚਿਆਂ ਅਤੇ ਛੇੜੀਆਂ ਮਹਿੰਗੀਆਂ ਜੰਗਾਂ ਲਈ ਵੀ ਨਕਦੀ ਚਾਹੀਦੀ ਸੀ। ਇਹ ਨਕਦੀ ਵੀ ਸੂਦ ਉੱਤੇ ਆਉਂਦੀ ਸੀ (ਅੱਜ ਵੀ ਇੰਜ ਹੀ ਹੈ)। ਸਮਝਣ ਵਾਲੀ ਗੱਲ ਇਹ ਹੈ ਕਿ ਏਸ ਕਰਜ਼ੇ ਉੱਤੇ ਨਕਦੀ ਦਾ ਸੂਦ ਸਮੇਤ ਭੁਗਤਾਨ ਕਿਸ ਨੇ ਕਰਨਾ ਹੈ ? ਉਹ ਕਰਜ਼ਾ ਰਜਵਾੜੇ/ਬਾਦਸ਼ਾਹ/ਸਰਕਾਰ ਨੇ ਤਾਂ ਨਹੀਂ ਲਾਹੁਣਾ। ਉਹ ਲੱਥਣਾ ਹੈ ਲੋਕਾਂ ਦੇ ਉੱਤੇ ਟੈਕਸ ਲਗਾ ਕੇ ਜਾਂ ਦੂਜੇ ਦੇਸ਼ਾਂ ਦੀ ਲੁੱਟ ਵਿੱਚੋਂ ਪ੍ਰਾਪਤ ਇਕ ਹਿੱਸੇ ਰਾਹੀਂ।

ਬੈਂਕਰਾਂ ਨੂੰ ਸਰਕਾਰ (ਅਤੇ ਲੋਕਾਂ) ਨਾਲ ਅਜਿਹੀ ਭਾਈਵਾਲੀ ਵਿਚ ਲਾਭ ਹੈ, ਜਿਸ ਵਿਚ ਵੱਧ ਤੋਂ ਵੱਧ ਕਰਜ਼ਾ ਚਾੜ੍ਹਿਆ ਜਾਵੇ। ਕਰਜ਼ੇ ਦੋ ਢੰਗਾਂ ਦੇ ਨਾਲ ਤੇਜ਼ ਚੜ੍ਹਦੇ ਹਨ। ਇਕ, ਸਰਕਾਰ ਵੱਲੋਂ ਸਮਾਜ ਉੱਤੇ ਵੱਡੇ ਖ਼ਰਚਾਂ ਲਈ ਪ੍ਰੋਗਰਾਮ ਅਤੇ ਲਹਿਰਾਂ। ਦੂਜਾ, ਜੰਗਾਂ ਦੇ ਵੱਡੇ ਕਰਜ਼ਿਆਂ ਨਾਲੋਂ ਹੋਰ ਕਿਹੜਾ ਕੰਮ ਵਧੇਰੇ ਲਾਭਕਾਰੀ ਹੋ ਸਕਦਾ ਹੈ ? ਪਿਛਲੇ ਦਸਾਂ ਸਾਲਾਂ ਦੀ ਅਫ਼ਗਾਨਿਸਤਾਨ ਅਤੇ ਇਰਾਕ ਅੰਦਰ ਜੰਗ ਦੇ ਖ਼ਰਚੇ ਦੇ ਨੋਟ ਕਿੱਥੋਂ ਛਪ ਰਹੇ ਹਨ ? "ਫ਼ੈਡਰਲ ਰਿਜ਼ਰਵ" ਨਾਂ ਦੇ ਪ੍ਰਾਈਵੇਟ ਬੈਂਕਰਾਂ ਤੋਂ। ਇਸ ਦਾ ਸੂਦ ਸਮੇਤ ਕਰਜ਼ਾ ਕਿਸ ਨੇ ਲਾਹੁਣਾ ਹੈ ? ਅਮਰੀਕਾ ਦੇ ਸਾਧਾਰਨ ਲੋਕਾਂ ਨੇ, ਟੈਕਸਾਂ ਦੇ ਰੂਪ ਵਿਚ। ਨਾਲ ਹੀ ਨਾਲ ਹਮਲੇ ਹੇਠ ਦੇਸ ਦੇ ਕੁਦਰਤੀ ਵਸੀਲਿਆਂ ਨੂੰ ਕਿਸ ਨੇ ਲੁੱਟਣਾ ਹੈ ? ਬੈਂਕਰਾਂ ਦੀਆਂ ਆਪਣੀ ਮਾਲਕੀ ਹੇਠ ਕਾਰਪੋਰੇਸ਼ਨਾਂ ਨੇ। ਬੈਂਕਰਾਂ/ਚਾਨਣ ਬਰਦਾਰਾਂ ਦੀ ਸ਼ਕਤੀ ਹਰ ਸ਼ੁਅਬੇ ਦੀ ਰਗ-ਰਗ ਅੰਦਰ ਸਮਾਈ ਹੋਈ ਹੈ, ਇਹ ਜਾਣਨਾ ਜ਼ਰੂਰੀ ਹੈ।

ਮਦਾਰੀ ਦੇ ਵਾਂਗ ਹਵਾ ਵਿੱਚੋਂ ਬੈਂਕ ਦੇ ਨੋਟ ਪੈਦਾ ਕਰ ਕੇ ਵੱਸੋਂ ਨੂੰ ਕਰਜ਼ਿਆਂ ਅਤੇ ਸੂਦ ਨਾਲ ਕਾਬੂ ਹੇਠ ਕਰਨਾ ਅਤੇ ਉਨ੍ਹਾਂ ਦੀ ਜਾਇਦਾਦ ਕੁਰਕ ਕਰ ਲੈਣਾ ਕਿੰਨਾ ਆਸਾਨ ਕੰਮ ਹੈ। ਐਵੇਂ ਤਾਂ ਨਹੀਂ ਤੀਜੀ ਦੁਨੀਆਂ ਨੂੰ ਬੈਂਕਰਾਂ ਕੋਲੋਂ ਕਰਜ਼ੇ ਲੈ ਕੇ ਤਰੱਕੀ ਦੀ ਰਾਹ ਉੱਤੇ ਚੱਲਣ ਦੀ ਹੱਲਾਸ਼ੇਰੀ ਦਿੱਤੀ ਜਾਂਦੀ! ਦੇਸਾਂ ਨੂੰ ਕਰਜ਼ੇ ਦੀ ਸੜਕ ਸਰਲ ਅਤੇ ਸਿੱਧੀ, ਮੁਕੰਮਲ ਗ਼ੁਲਾਮੀ ਵੱਲ ਲਿਜਾਂਦੀ ਹੈ। ਇਸ ਗ਼ੁਲਾਮੀ ਵਿਚ ਦੇਸਾਂ ਦੇ ਹਾਕਮ, ਜ਼ਰ-ਖ਼ਰੀਦ ਦਲਾਲਾਂ ਦਾ ਕੰਮ ਕਰਦੇ ਹਨ। ਹਰ ਤੀਜੀ ਦੁਨੀਆਂ ਦੇ ਹਰ ਕਹਿੰਦੇ ਕਹਾਉਂਦੇ ਆਜ਼ਾਦ, ਪਰ ਅਸਲ ਵਿਚ ਪੂਰਨ ਤੌਰ ਉੱਤੇ ਗ਼ੁਲਾਮ ਦੇਸ ਦੀ ਕਹਾਣੀ ਏਹੀ ਹੈ – ਲੁੱਟ ਨਾਲ ਆਫਰੇ ਹਾਕਮ ਅਤੇ ਪਾਟਣ 'ਤੇ ਆਈ ਲੋਕਾਂ ਦੀ ਸਬਰ ਸ਼ਕਤੀ।

ਮੂਲਿਨਜ਼ ਦੀ ਪੁਸਤਕ ਦੇ ਬਹੁਤੇ ਹਿੱਸੇ ਵਿਚ ਇਹੀ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਬੈਂਕਰਾਂ ਨੇ ਅਮਰੀਕਾ ਨੂੰ ਆਪਣਾ ਮਾਰੂ ਜਿੰਨ ਜੱਫਾ ਕਿਵੇਂ ਪਾਇਆ। 1913 ਵਿਚ 'ਓਵਨ ਗਲਾਸ' ਬਿੱਲ ਪਾਸ ਕੀਤਾ ਗਿਆ, ਜਿਸ ਵਿਚ ਬਾਹਰਲੇ ਦੇਸਾਂ ਦੇ ਬੈਂਕਰਾਂ ਨੂੰ ਆਗਿਆ ਦਿੱਤੀ ਗਈ ਕਿ ਉਹ ਅਮਰੀਕਾ ਦੇ ਅੰਦਰ "ਫ਼ੈਡਰਲ ਰਿਜ਼ਰਵ" ਖੋਲ੍ਹ ਕੇ ਕਰੰਸੀ ਪੈਦਾ ਕਰਨ, ਜੋ ਕਰੰਸੀ ਅਮਰੀਕੀ ਸਰਕਾਰ ਕਰਜ਼ੇ ਉੱਤੇ ਲਵੇਗੀ ਅਤੇ ਜਿਸ ਉੱਤੇ ਉਹ ਸੂਦ ਦਾ ਭੁਗਤਾਨ ਵੀ ਕਰੇਗੀ। ਇਕ ਮਾਮੂਲੀ ਬੁੱਧੀ ਵਾਲਾ ਇਨਸਾਨ ਜਾਣ ਸਕਦਾ ਹੈ ਕਿ ਇਹ ਬਿੱਲ ਅਮਰੀਕਾ ਦੇ ਉੱਤੇ ਦਿਨ-ਦਿਹਾੜੇ ਡਾਕਾ ਸੀ। ਫਿਰ ਇੰਜ ਸੰਭਵ ਕਿਵੇਂ ਹੋਇਆ ?

1913 ਵਿਚ ਅਮਰੀਕਾ ਦਾ ਪ੍ਰਧਾਨ ਸੀ 'ਡਬ ਟੈਫ਼ਟ', ਜੋ ਰੀਪਬਲੀਕਨ ਸੀ। ਉਹ ਹਰਮਨ ਪਿਆਰਾ ਸੀ ਅਤੇ ਉਸ ਦੀ ਦੁਬਾਰਾ ਚੋਣ ਤੈਅ ਸੀ। ਉਸ ਨੂੰ ਹਰਾਉਣ ਲਈ, ਬੈਂਕਰਾਂ ਨੇ ਆਪਣੇ ਚਮਚੇ ਥੀਓਡੋ ਰੂਜ਼ਵੈਲਟ ਨੂੰ ਖੜਾ ਕਰ ਕੇ ਰੀਪਬਲੀਕਨ ਵੋਟਾਂ ਵਿਚ ਫੁੱਟ ਪਾ ਦਿੱਤੀ। ਇੰਜ ਉਹਨਾਂ ਦਾ ਆਪਣਾ ਮਨਚਾਹਿਆ ਯਹੂਦੀ ਡੈਮੋਕ੍ਰੇਟਿਕ 'ਵਿਲਸਨ', ਪ੍ਰਧਾਨ ਚੁਣਿਆ ਗਿਆ। ਇਸ ਪਿੱਛੋਂ 22 ਦਸੰਬਰ 1913 ਨੂੰ ਉਨ੍ਹਾਂ ਦੇ ਹੱਥ-ਠੋਕੇ ਕਾਂਗਰਸ ਮੈਂਬਰਾਂ ਨੇ ਫ਼ੈਡਰਲ ਰਿਜ਼ਰਵ ਬਿੱਲ ਪਾਸ ਕਰ ਦਿੱਤਾ। ਅਮਰੀਕਾ ਦੇ ਮੰਦੇ ਭਾਗਾਂ ਨੂੰ ਉਸ ਦਿਨ ਵਿਰੋਧੀ ਧੜੇ ਦੇ ਬਹੁਤੇ ਮੈਂਬਰ ਕ੍ਰਿਸਮਿਸ ਦੀਆਂ ਛੁੱਟੀਆਂ ਲਈ ਨਿਕਲ ਗਏ ਸਨ ਅਤੇ ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਅਜਿਹਾ ਬਿੱਲ ਪੇਸ਼ ਹੋਣ ਵਾਲਾ ਹੈ। ਸੌ ਸਾਲ ਲੰਮਾ ਏਡਾ ਵੱਡਾ ਧੋਖਾ ਅੱਜ ਵੀ ਚੱਲ ਰਿਹਾ ਹੈ। ਕਿਉਂ ? ਅੱਜ ਦਾ ਅਮਰੀਕਨ ਸਮਾਜ ਪੂਰਨ ਤੌਰ ਉੱਤੇ ਬੇਬੱਸ ਹੋ ਗਿਆ ਹੈ, ਇਕ ਸਦੀ ਦੀ ਲਗਾਤਾਰ ਖ਼ੂਨ-ਚੂਸਾਈ ਦੇ ਨਾਲ।

ਬਿੱਲ ਦੇ ਪਾਸ ਹੋਣ ਉੱਤੇ ਕਾਂਗਰਸਮੈਨ ਚਾਰਲਸ ਲਿੰਡਬਰਗ (ਮਸ਼ਹੂਰ ਹਵਾਬਾਜ਼ ਜਿਸ ਨੇ ਪਹਿਲੀ ਵਾਰ ਇਕੱਲੇ ਅਮਰੀਕਾ ਯੂਰਪ ਵਿਚਕਾਰ ਹਵਾਈ ਉਡਾਣ ਭਰੀ ਸੀ) ਨੇ ਕਿਹਾ, "ਜਦੋਂ ਪ੍ਰਧਾਨ ਏਸ ਬਿੱਲ ਉੱਤੇ ਦਸਖ਼ਤ ਕਰੇਗਾ ਤਾਂ ਇਕ ਲੁਕੀ ਛੁਪੀ ਵਿੱਤੀ ਸ਼ਕਤੀ ਨੂੰ ਕਾਨੂੰਨੀ ਮਾਨਤਾ ਮਿਲ ਜਾਵੇਗੀ। ਲੋਕਾਂ ਨੂੰ ਇਕਦਮ ਤਾਂ ਸਮਝ ਨਹੀਂ ਆਵੇਗੀ। ਪਰ ਕੁਝ ਸਾਲਾਂ ਪਿੱਛੋਂ ਉਨ੍ਹਾਂ ਦੀ ਸੁਰਤ ਟਿਕਾਣੇ ਆਵੇਗੀ।"

ਮੂਲਿਨਜ਼ ਨੇ ਸਮਝਾਇਆ ਹੈ ਕਿ ਕਿਵੇਂ ਫ਼ੈਡਰਲ ਰਿਜ਼ਰਵ ਐਕਟ ਪਾਸ ਹੋ ਜਾਣ ਨਾਲ, ਪਹਿਲੀ ਵਿਸ਼ਵ ਜੰਗ ਚਾਲੂ ਕਰਨੀ ਸੰਭਵ ਹੋਈ। ਯੂਰਪੀ ਦੇਸ ਜੰਗ ਦਾ ਖ਼ਰਚਾ ਬਰਦਾਸ਼ਤ ਨਹੀਂ ਸਨ ਕਰ ਸਕਦੇ, ਕਿਉਂਕਿ ਉਨ੍ਹਾਂ ਉੱਤੇ ਪਹਿਲਾਂ ਹੀ ਚੋਖੇ ਕਰਜ਼ੇ ਸਨ। ਪਰ ਅਮਰੀਕਾ ਤਾਂ ਹੁਣੇ ਹੁਣੇ ਬੈਂਕਰਾਂ ਦੇ ਹੱਥ ਆਇਆ ਸੀ ਅਤੇ ਕਰਜ਼ੇ ਤੋਂ ਰਹਿਤ ਸੀ।

ਮੂਲਿਨਜ਼ ਨੇ ਆਪਣੀ ਪੁਸਤਕ ਵਿਚ ਪੂਰੀ ਤਸੱਲੀ ਕਰਵਾਈ ਹੈ ਕਿ ਕਿਵੇਂ ਪ੍ਰਧਾਨ ਥੀਓਡੋ ਰੂਜ਼ਵੈਲਟ ਤੋਂ ਪਿੱਛੋਂ ਹਰੇਕ ਪ੍ਰਧਾਨ, ਬੈਂਕਰਾਂ ਦਾ ਚਮਚਾ ਰਿਹਾ ਹੈ। ਸਾਲ 2006 ਤੱਕ ਅਮਰੀਕੀ ਲੋਕ ਦੇਸ ਦੇ ਕਰਜ਼ਿਆਂ ਪਿੱਛੇ 400 ਬਿਲੀਅਨ ਡਾਲਰ ਦੇ ਬੈਠੇ ਸਨ, ਜਿਨ੍ਹਾਂ ਵਿੱਚੋਂ ਬਹੁਤਾ ਹਿੱਸਾ ਬੈਂਕਰਾਂ ਦਾ ਸੀ। ਆਪਣੀ ਧੱਕੜਬਾਜ਼ੀ ਦੇ ਧੋਖੇ ਨੂੰ ਜਾਰੀ ਰੱਖਣ ਲਈ ਉਹ ਦੇਸ ਦੇ ਸਿਆਸੀ ਅਤੇ ਸਭਿਅਕ ਅਦਾਰਿਆਂ ਉੱਤੇ ਜਕੜਬੰਦ ਕਾਇਮ ਰੱਖਦੇ ਹਨ। ਮੂਲਿਨਜ਼ ਮੁਤਾਬਿਕ *ਦ ਨਿਊਯਾਰਕ ਟਾਈਮਜ਼* ਕੋਹਨ ਲੋਇਬ ਬੈਂਕਰ ਅਤੇ *ਦ ਵਾਸ਼ਿੰਗਟਨ ਪੋਸਟ* ਲਜ਼ਾਰਡ ਫ਼ਰੇਰ ਬੈਂਕਰ ਦੀ ਹੈ। ਯੂਰਪ ਵਿਚ ਰੌਥਚਾਈਲਡ ਦੇ ਹੱਥ ਵਿਚ 'ਰਾਈਟਰ' ਅਤੇ ਪੂਰੀਆਂ ਫ਼ਰਾਂਸੀਸੀ ਅਤੇ ਜਰਮਨ ਖ਼ਬਰ-ਏਜੰਸੀਆਂ ਹਨ।

ਅਮਰੀਕਾ ਦੇ ਪੁਸਤਕ ਛਾਪਕ, ਟੀ.ਵੀ. ਦੇ ਨੈਟਵਰਕ ਅਤੇ ਫ਼ਿਲਮਾਂ ਬਣਾਉਣ ਵਾਲੇ ਸਭ ਬੈਂਕਰਾਂ ਦੇ ਹੱਥ ਵਿਚ ਹਨ। ਦੇਸ ਦੀਆਂ ਲਾਇਬ੍ਰੇਰੀਆਂ ਅਤੇ ਯੂਨੀਵਰਸਿਟੀਆਂ ਨੂੰ ਰਾਕਫ਼ੈਲਰ, ਕਾਰਨੀਗ ਅਤੇ ਫ਼ੋਰਡ ਫ਼ਾਊਂਡੇਸ਼ਨ ਵੱਲੋਂ ਦਾਨ

ਮਿਲਦੇ ਹਨ। ਪ੍ਰੋਫੈਸਰਾਂ ਅਤੇ ਜਰਨਲਿਸਟਾਂ ਵੱਲੋਂ ਡੈਮੋਕ੍ਰੇਸੀ ਅਤੇ ਆਜ਼ਾਦੀ ਦੇ ਸੋਹਲੇ ਪੂਰੀ ਫ਼ਰਮਾਬਰਦਾਰੀ ਨਾਲ ਗਾਏ ਜਾਂਦੇ ਹਨ। ਸੀ.ਆਈ.ਏ. ਅਤੇ ਟੈਵਿਸਟਾਕ ਦੀਆਂ ਪ੍ਰਯੋਗਸ਼ਾਲਾਵਾਂ ਵਿਚ ਲੋਕਾਂ ਦੇ ਮਨਾਂ ਨੂੰ ਕੰਟਰੋਲ ਕਰਨ ਦੇ ਨਵੇਂ ਤੋਂ ਨਵੇਂ ਢੰਗ ਲੱਭੇ ਜਾਂਦੇ ਹਨ। "ਫ਼ੈਮੀਨਿਜ਼ਮ" ਦੀ ਲਹਿਰ ਇਥੋਂ ਹੀ ਨਿਕਲੀ ਹੈ ਜਿਸ ਦੇ ਨਾਲ ਔਰਤ ਦੇ ਅੰਦਰੋਂ "ਔਰਤਪਨ" ਨੂੰ ਤਿਲਾਂਜਲੀ ਦਿਵਾਈ ਗਈ ਹੈ।

ਮੁੱਕਦੀ ਗੱਲ ਇਹ ਹੈ ਬਦੀ ਜਿਸਦੀ ਜੜ੍ਹ ਬੈਂਕਰਾਂ ਵਿਚ ਹੈ, ਨਿੱਤਰ ਕੇ ਸੂਰਜੀ ਰੋਸ਼ਨੀ ਦੇ ਅੰਦਰ ਆ ਗਈ ਹੈ। ਏਸ ਬਦੀ ਨੂੰ ਸੰਨ 2020 ਤੋਂ ਪਹਿਲਾਂ ਪਹਿਲਾਂ ਕੁੱਲ ਦੁਨੀਆਂ ਨੂੰ 'ਨਵੇਂ ਵਿਸ਼ਵ ਸਮਾਜ' ਦੀ ਸ਼ਕਲ ਵਿਚ ਆਪਣੇ ਹੱਥਾਂ ਵਿਚ ਕਰ ਲੈਣ ਦੀ ਉਮੀਦ ਜਾਪਦੀ ਹੈ। ਕੀ ਚੇਤੰਨ ਸਮਾਜ ਅਤੇ ਦੁਨੀਆਂ ਦੇ ਕੁੱਲ ਜਾਗੇ ਹੋਏ ਲੋਕ, ਬੈਂਕਰਾਂ ਦੀਆਂ ਬੇੜੀਆਂ ਵਿਚ ਵੱਟੇ ਪਾਉਣ ਵਿਚ ਕਾਮਯਾਬ ਹੋ ਸਕਣਗੇ ?

ਅਸੀਂ ਭਾਗਾਂ ਵਾਲੇ ਹਾਂ ਕਿ ਬਦੀ ਦੇ ਖ਼ਿਲਾਫ਼ ਜੰਗ ਦਾ ਫ਼ੈਸਲਾ ਸਾਡੀਆਂ ਅੱਖਾਂ ਦੇ ਸਾਹਮਣੇ ਹੋ ਜਾਣਾ ਹੈ। ਜਾਂ ਵਿਸ਼ਵ ਨੇ ਬੈਂਕਰਾਂ ਦੇ ਟੇਟੇ ਚੜ੍ਹ ਜਾਣਾ ਹੈ ਅਤੇ ਜਾਂ ਵਿਸ਼ਵ ਨੇ ਉਨ੍ਹਾਂ ਦੀ ਸੱਪ-ਸਿਰੀ ਹਮੇਸ਼ਾ ਲਈ ਨੱਪ/ਰਗੜ ਦੇਣੀ ਹੈ।

"ਗਲੋਬਲ ਵਾਰਮਿੰਗ" ਅਰਥਾਤ ਭੂਗੋਲਿਕ ਤਾਪ

12 ਮਾਰਚ 1979 ਨੂੰ ਮੈਂ ਕਰਾਚੀ (ਪਾਕਿਸਤਾਨ) ਵਿਚ ਸਾਂ, ਇਕ ਅੰਤਰਰਾਸ਼ਟਰੀ ਮੀਟਿੰਗ ਲਈ। ਉਸ ਦਿਨ ਅੰਮ੍ਰਿਤਸਰ ਦੇ ਵਿਚ ਸੱਚਮੁੱਚ ਦੀ ਬਰਫ਼ਬਾਰੀ ਹੋਈ ਸੀ, ਰੂੰ ਦੇ ਗੋੜ੍ਹਿਆਂ ਦੀ ਸ਼ਕਲ ਵਿਚ, ਜਿਸ ਦੇ ਨਾਲ ਧਰਤੀ ਚਿੱਟੀ ਹੋ ਗਈ ਸੀ। 1963 ਵਿਚ ਮੈਂ ਪ੍ਰਾਇਮਰੀ ਹੈਲਥ ਸੈਂਟਰ, ਸਿਧਵਾਂ ਬੇਟ (ਲੁਧਿਆਣਾ) ਵਿਖੇ ਸਰਕਾਰੀ ਕਵਾਟਰ ਵਿਚ ਰਹਿੰਦਾ ਸਾਂ। ਉਸ ਸਾਲ ਏਨੀ ਠੰਢ ਪਈ ਕਿ ਬਨੇਰੇ ਦੇ ਉੱਤੇ ਰੱਖੀ ਹੋਈ ਪਾਣੀ ਦੀ ਬਾਲਟੀ ਰਾਤੋ ਰਾਤ ਜੰਮ ਜਾਂਦੀ ਸੀ ਅਤੇ ਪੂਰੀ ਧੁੱਪ ਦੇ ਨਾਲ ਵੀ ਦੁਪਹਿਰ ਇਕ ਦੋ ਵਜੇ ਤਕ ਮਸਾਂ ਹੀ ਪੰਘਰਦੀ ਸੀ। ਮੇਰੀ ਮਾਂ ਨੇ, ਜੋ ਮੇਰੇ ਨਾਲ ਰਹਿੰਦੀ ਸੀ, ਦੱਸਿਆ ਕਿ ਮੇਰੇ ਬਚਪਨ ਵੇਲੇ ਦੋ ਵਰ੍ਹੇ ਅਜਿਹੀਆਂ ਸਰਦੀਆਂ ਆਈਆਂ ਸਨ।

1975 ਦੇ 28 ਅਪ੍ਰੈਲ ਦੇ *ਨਿਊਜ਼ਵੀਕ* ਨੇ ਇਕ ਲੇਖ ਛਾਪਿਆ 'ਠੰਢੀ ਹੋ ਰਹੀ ਦੁਨੀਆਂ', ਜਿਸ ਦੇ ਵਿਚ ਬਹੁਤ ਫ਼ਿਕਰ ਜਤਾਇਆ ਗਿਆ ਕਿ ਅਜਿਹੇ ਸੰਕੇਤ ਮਿਲ ਰਹੇ ਹਨ ਕਿ ਧਰਤੀ ਦਿਨੋ-ਦਿਨ ਠੰਢੀ ਹੁੰਦੀ ਜਾ ਰਹੀ ਹੈ, ਜਿਸ ਦੇ ਕਾਰਨ ਖ਼ੁਰਾਕ ਦੀ ਪੈਦਾਵਾਰ ਤੇਜ਼ੀ ਨਾਲ ਘਟਣ ਦੀ ਸੰਭਾਵਨਾ ਹੈ। ਦੁਨੀਆਂ ਅੰਦਰ ਕਈ ਸਾਲਾਂ ਦੀਆਂ ਮੌਸਮੀ ਘਟਨਾਵਾਂ ਤੋਂ ਸਾਇੰਸਦਾਨਾਂ ਦਾ ਅਨੁਮਾਨ ਹੈ ਕਿ ਵਧੀ ਜਾਂਦੀ ਠੰਢ ਦੇ ਨਾਲ ਕੁਲ ਦੁਨੀਆਂ ਦੇ ਅੰਦਰ ਸਮਾਜਿਕ ਅਤੇ ਆਰਥਿਕ ਤਬਦੀਲੀਆਂ ਦੀ ਸੰਭਾਵਨਾ ਹੈ। ਧਰਤੀ ਉੱਤੇ ਵਧਦੀ ਜਾਂਦੀ ਆਬਾਦੀ ਅਤੇ ਦੇਸ਼ਾਂ ਦੀਆਂ ਪੱਕੀਆਂ ਸਰਹੱਦਾਂ, ਭੁੱਖੇ ਲੋਕਾਂ ਨੂੰ ਇਕ ਤੋਂ ਦੂਜੇ ਦੇਸ਼ ਵਿਚ ਜਾਣ ਤੋਂ ਰੋਕਣਗੀਆਂ। ਮੌਸਮ ਮਾਹਿਰ ਫ਼ਿਕਰਮੰਦ ਹਨ ਕਿ ਸਿਆਸੀ ਨੇਤਾ ਭੂਗੋਲਿਕ ਠੰਢੀਰ ਤੋਂ ਬਚਾਉਣ ਜਾਂ ਭੁਗਤਣ ਸੰਬੰਧੀ ਕੋਈ ਠੋਸ ਕਦਮ ਚੁੱਕਣ ਤੋਂ ਅਸਮਰੱਥ ਹਨ। ਉਨ੍ਹੀਂ ਦਿਨੀਂ ਅਜਿਹੀਆਂ ਹਾਸੋ-ਹੀਣੀਆਂ ਸਲਾਹਾਂ ਦਿੱਤੀਆਂ ਜਾ ਰਹੀਆਂ ਸਨ ਕਿ ਵਿਸ਼ਾਲ ਆਰਕਟਿਕ ਜੰਮੇ ਬਰਫ਼ ਭੰਡਾਰ ਦੇ ਉੱਤੇ ਕਾਲਖ ਖਿਲਾਰ ਦਿੱਤੀ ਜਾਵੇ ਤਾਂ ਜੋ ਸੂਰਜ ਦੀ ਗਰਮੀ ਬਰਫ਼ ਨੂੰ ਪੰਘਾਰ ਸਕੇ।

ਕਹਿੰਦੇ ਹਨ ਕਿ ਖ਼ਬਰ ਉਹ ਹੁੰਦੀ ਹੈ ਜੋ ਛੁਪਾਈ ਜਾਂਦੀ ਹੈ, ਦੱਸਿਆ ਜਾਂਦਾ ਕੇਵਲ ਪ੍ਰਾਪੇਗੰਡਾ/ਝੂਠ ਪ੍ਰਚਾਰ ਹੁੰਦਾ ਹੈ। ਖ਼ਬਰਾਂ ਦੇਣ ਵਾਲੀਆਂ ਏਜੰਸੀਆਂ/ਮੀਡੀਆ, ਲੋਕਾਂ ਨੂੰ ਉਹ ਨਹੀਂ ਪੇਸ਼ ਕਰਦੀਆਂ ਜੋ ਲੋਕਾਂ ਦੀ ਮੰਗ ਹੁੰਦੀ ਹੈ, ਬਲਕਿ ਜਿਨ੍ਹਾਂ ਦਾ ਫ਼ੈਸਲਾ ਏਜੰਸੀਆਂ ਆਪ ਕਰਦੀਆਂ ਹਨ। ਯਾਦ ਰਹੇ ਕਿ ਦੁਨੀਆਂ ਦੀਆਂ ਲਗਭਗ ਕੁੱਲ ਖ਼ਬਰ ਏਜੰਸੀਆਂ ਇਕ ਮੁੱਠੀ ਭਰ ਲੋਕਾਂ ਦੀ ਮਲਕੀਅਤ ਹਨ।

ਕਿਥੇ 1975 ਵਿਚ ਧਰਤੀ ਦੇ ਯਖ਼ ਠੰਢੀ ਹੋ ਜਾਣ ਦੇ ਫ਼ਿਕਰ ਸਨ ਅਤੇ ਕਿਥੇ ਸੰਨ 2000 ਵਿਚ ਉਸ ਦੇ ਗਰਮ ਹੋ ਜਾਣ ਦੀਆਂ ਗੱਲਾਂ ਸ਼ੁਰੂ ਹੋ ਗਈਆਂ। ਧਰਤੀ ਦੇ ਵਧਦੇ ਤਾਪ ਬਾਰੇ ਨਿੱਕੀਆਂ ਮੋਟੀਆਂ ਖ਼ਬਰਾਂ ਨੂੰ ਸ਼ੁਰੂ ਵਿਚ ਮੈਂ ਗੌਲਿਆ ਨਹੀਂ। 2006 ਵਿਚ ਅਮਰੀਕਾ ਦੇ ਪੂਰਵ ਮੀਤ ਪ੍ਰਧਾਨ "ਐਲਗੋਰ" ਦੀ ਇਕ ਫ਼ਿਲਮ "Inconvenient Truth" ਦੀ ਬਹੁਤ ਚਰਚਾ ਹੋਈ। ਮੈਂ ਵੀ ਝੱਟ ਉਹ ਫ਼ਿਲਮ ਮੰਗਾਈ ਅਤੇ ਵੇਖੀ। ਫ਼ਿਲਮ ਦਾ ਸਾਰੰਸ਼ ਇਹ ਹੈ ਕਿ ਹਜ਼ਾਰਾਂ ਸਾਲਾਂ ਦੀ ਸਿੱਧ ਪੱਧਰੀਆਂ ਛੋਟੀਆਂ ਹੱਦਾਂ ਦੇ ਅੰਦਰ ਰਹਿਣ ਵਾਲੀ ਧਰਤੀ ਦੀ ਗਰਮੀ ਹੁਣ ਹੱਦੋਂ ਬਾਹਰ ਹੋ ਕੇ ਤੇਜ਼ੀ ਦੇ ਨਾਲ ਉੱਚੀ ਚੜ੍ਹ ਰਹੀ ਹੈ। 'ਐਲਗੋਰ' ਆਪ ਫ਼ਿਲਮ ਦਾ ਨਾਇਕ ਹੈ। ਉਸ ਨੇ ਕੇਂਦਰੀ ਖ਼ਿਆਲ ਇਹ ਦਿੱਤਾ ਕਿ ਵੱਧ ਰਹੇ ਭੂਗੋਲਿਕ ਤਾਪਮਾਨ ਲਈ ਇਨਸਾਨ ਆਪ ਜ਼ਿੰਮੇਵਾਰ ਹੈ। ਇਨਸਾਨ ਹਵਾ ਦੇ ਵਿਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਵਧਾ ਰਿਹਾ ਹੈ ਅਤੇ ਦੁਨੀਆਂ ਨੂੰ ਤਬਾਹੀ ਦੇ ਰਸਤੇ ਵੱਲ ਲਿਜਾ ਰਿਹਾ ਹੈ। ਗੱਲ ਏਨੀ ਵੱਧ ਚੁੱਕੀ ਹੈ ਕਿ ਜੇ ਅੱਜ ਹੀ ਹੰਗਾਮੀ ਕਦਮ ਨਾ ਚੁੱਕੇ ਗਏ ਤਾਂ ਇਨਸਾਨ ਦੀ ਤਬਾਹੀ ਅਵੱਸ਼ ਹੋਵੇਗੀ। ਮੇਰੇ ਉੱਤੇ ਏਸ ਫ਼ਿਲਮ ਦਾ ਬੇਅੰਤ ਪ੍ਰਭਾਵ ਪਿਆ। ਮੈਂ ਚੋਖੇ ਮਿੱਤਰਾਂ ਨੂੰ ਇਹ ਫ਼ਿਲਮ ਦਿਖਾਈ। ਭੂਗੋਲਿਕ ਤਪਾਈ ਬਾਰੇ ਕੁੱਲ ਖ਼ਬਰਾਂ ਅਤੇ ਲੇਖਾਂ ਨੂੰ ਗਹੁ ਨਾਲ ਪੜ੍ਹਨਾ ਅਤੇ ਵਿਚਾਰਨਾ ਸ਼ੁਰੂ ਕੀਤਾ। ਜਾਪਿਆ ਜਿਵੇਂ ਐਲਗੋਰ ਇਕ ਫ਼ਰਿਸ਼ਤਾ ਬਣ ਕੇ ਧਰਤੀ ਨੂੰ ਬਚਾਉਣ ਆ ਗਿਆ ਹੈ।

ਕਾਰਬਨ ਡਾਈਆਕਸਾਈਡ ਕਾਰਨ ਤਪਸ਼ ਵੱਧ ਰਹੀ ਹੈ ਅਤੇ ਇਸ ਨੂੰ ਵਧਾਉਣ ਲਈ ਮੁੱਖ ਪਾਪੀ ਹੈ, ਆਪ ਇਨਸਾਨ। ਇਹ ਧਾਰਨਾ ਹਰ ਪਾਸੇ ਪ੍ਰਚਾਰੀ ਜਾਣ ਲੱਗ ਪਈ। ਦੱਸਿਆ ਗਿਆ ਕਿ ਇਨਸਾਨਾਂ ਦੇ ਹੱਥੋਂ 49 ਬਿਲੀਅਨ ਟਨ ਗ੍ਰੀਨ ਹਾਊਸ ਗੈਸ, ਕਾਰਬਨ ਡਾਈਆਕਸਾਈਡ ਦੀ ਸ਼ਕਲ ਵਿਚ ਹਰ ਸਾਲ ਪੈਦਾ ਕੀਤੀ ਜਾ ਰਹੀ ਹੈ। ਇਹ ਬਣਿਆ ਔਸਤਨ ਪ੍ਰਤੀ ਜੀਅ ਚਾਰ ਟਨ, ਇਕ ਸਾਲ ਵਿਚ। ਤਾਂ ਤੇ ਏਸ ਪਾਪੀ ਇਨਸਾਨ ਦੇ ਵਿਰੁੱਧ ਕਈ ਮਹਾਂਪੁਰਸ਼ਾਂ ਦੇ ਬਿਆਨ ਆਉਣ ਲੱਗ ਪਏ।

ਮਾਈਕਲ ਓਪਨਹੀਮਰ (ਪਰਿਆਵਰਨ ਬਚਾਅ ਫ਼ੰਡ ਨਾਲ ਸੰਬੰਧਿਤ) ਨੇ ਕਿਹਾ, "ਅਸੀਂ ਅਮਰੀਕਾ ਦੇ ਟਾਕਰੇ ਉੱਤੇ ਹੋਰ ਦੇਸਾਂ ਨੂੰ ਸਨਅਤ ਲਿਆਉਣ ਅਤੇ ਖ਼ੁਸ਼ਹਾਲ ਹੋਣ ਦੀ ਆਗਿਆ ਨਹੀਂ ਦੇ ਸਕਦੇ। ਤੀਜੀ ਦੁਨੀਆਂ ਦੇ ਦੇਸਾਂ ਨੂੰ, ਜਿਥੇ ਉਹ ਇਸ ਸਮੇਂ ਹਨ, ਉਥੇ ਹੀ ਠੱਪ ਦੇਣਾ ਚਾਹੀਦਾ ਹੈ।"

ਬੀ.ਬੀ.ਸੀ. ਨੂੰ ਇੰਟਰਵਿਊ ਦੇਂਦੇ ਹੋਏ 'ਸਰ ਜੇਮਜ਼ ਲਵਲਾਕ' ਨੇ ਇੰਜ ਕਿਹਾ, "ਧਰਤੀ ਨੂੰ ਮੁੱਖ ਖ਼ਤਰਾ ਲੋਕਾਂ ਤੋਂ ਹੈ। ਉਹ ਬਹੁਤ ਜ਼ਿਆਦਾ ਨੇ, ਜ਼ਿਆਦਾ ਖ਼ੁਸ਼ਹਾਲ ਹਨ ਅਤੇ ਤੇਲ ਬੜਾ ਫੂਕਦੇ ਹਨ।"

'ਟੈਡ ਟਰਨਰ' 'ਸੀ.ਐਨ.ਐਨ.' ਦਾ ਬਾਨੀ ਅਤੇ ਯੂ.ਐਨ. ਨੂੰ ਵੱਡੇ ਦਾਨ ਦੇਣ ਵਾਲਾ ਕਹਿੰਦਾ ਹੈ, "ਧਰਤੀ ਦੀ ਹੁਣ ਦੀ ਵੱਸੋਂ 95 ਫ਼ੀਸਦੀ ਘਟਾ ਕੇ 25 ਤੋਂ 30 ਕਰੋੜ ਤਕ ਲੈ ਆਉਣੀ ਚਾਹੀਦੀ ਹੈ।"

ਅੱਜ ਦੀ ਮਲਕਾ 'ਐਲਿਜ਼ਾਬੈਥ ਦੋ' ਦੇ ਪਤੀ ਪ੍ਰਿੰਸ ਫ਼ਿਲਿਪਸ, ਡਿਊਕ ਆਫ਼ ਐਡਨਬਰਾ ਨੇ ਤਾਂ ਧਰਤੀ ਦੇ ਨਾਲ ਆਪਣੇ ਪ੍ਰੇਮ ਦੀ ਸਿਖਰ ਆਪਣੇ ਮਹਾਨ ਵਿਚਾਰ

ਦੇ ਨਾਲ ਇੰਜ ਦਾਗ਼ੀ ਹੈ, "ਜੇ ਮੇਰਾ ਪੁਨਰ ਜਨਮ ਹੁੰਦਾ ਹੋਵੇ ਤਾਂ ਮੈਂ ਇਕ ਮਹਾਂ ਕਾਤਲ ਵਾਇਰਸ ਦੇ ਜਾਮੇ ਵਿਚ ਆਵਾਂ ਜੋ ਇਨਸਾਨੀ ਵੱਸੋਂ ਨੂੰ ਇਕ ਹੇਠਲੀ ਪੱਧਰ ਉੱਤੇ ਲਿਆ ਸਕੇ।" ਪ੍ਰਿੰਸ ਫ਼ਿਲਿਪਸ 'ਵਰਲਡ ਵਾਈਲਡ ਲਾਈਫ਼ ਫ਼ੰਡ' ਦੇ ਸਰਪ੍ਰਸਤ ਹਨ।

ਗੱਲ ਕੀ, ਪਾਪੀ ਇਨਸਾਨ ਦੇ 'ਸੀ.ਓ.ਟੂ.'/ਕਾਰਬਨ ਡਾਈਆਕਸਾਈਡ ਪੈਦਾ ਕਰਨ ਦੇ ਮੰਦ ਕਾਰਿਆਂ ਦੀ ਪੜਚੋਲ ਸ਼ੁਰੂ ਹੋ ਗਈ। ਹਰ ਖਾਣ-ਪੀਣ ਅਤੇ ਵਰਤਣ ਵਾਲੀ ਸ਼ੈ ਦੀ ਕਾਰਬਨ-ਬਰਾਬਰੀ ਥਾਪੀ ਜਾਣ ਲੱਗ ਪਈ। ਕੁਲ ਦੁਨੀਆਂ ਵਿਚ ਹਰ ਜੀਅ ਪ੍ਰਤੀ ਸਾਲਾਨਾ 'ਸੀ.ਓ.ਟੂ.' ਵੱਧ ਤੋਂ ਵੱਧ ਤੀਹ ਟਨ ਅਤੇ ਘੱਟ ਤੋਂ ਘੱਟ ਤਿੰਨ ਟਨ ਮੰਨੀ ਜਾਵੇ ਤਾਂ ਔਸਤਨ ਹਰ ਇਨਸਾਨ ਰੋਜ਼ 12 ਕਿਲੋਗ੍ਰਾਮ 'ਗ੍ਰੀਨ ਹਾਊਸ ਗੈਸ' ਪੈਦਾ ਕਰਨ ਦਾ ਜੁਰਮ ਕਰਦਾ ਹੈ। ਏਸ ਸੋਚਣੀ ਅਨੁਸਾਰ ਕੁਲ ਜੀਵਤ ਇਨਸਾਨ ਭੂਗੋਲਿਕ ਤਪਾਈ ਦੇ ਮੁਜਰਮ ਹਨ। ਸਾਨੂੰ ਪੜ੍ਹਾਇਆ ਅਤੇ ਮਨਾਇਆ ਜਾਂਦੈ ਕਿ ਏਸ ਤਪਾਈ ਦੇ ਨਾਲ ਸਮੁੰਦਰ ਉੱਚੇ ਹੋ ਜਾਣਗੇ ਅਤੇ 'ਮਾਲਦੀਵ' ਦੇਸ ਅਤੇ ਸਮੁੰਦਰ ਦੇ ਨਾਲ ਲੱਗਦੇ ਬੇਅੰਤ ਇਲਾਕੇ ਪਾਣੀ ਹੇਠਾਂ ਡੁੱਬ ਜਾਣਗੇ। ਕੁੱਲ ਦੁਨੀਆਂ ਦੇ ਗਲੇਸ਼ੀਅਰ ਪੰਘਰ ਜਾਣਗੇ, ਜਿਸ ਨਾਲ ਦਰਿਆਵਾਂ ਅੰਦਰ, ਗਰਮੀਆਂ ਦੇ ਪਾਣੀ ਘਟਦੇ ਜਾਣਗੇ, ਖੇਤੀਆਂ ਛੱਡ ਕੇ ਪੀਣ ਦੇ ਪਾਣੀ ਦੀ ਭਾਰੀ ਸਮੱਸਿਆ ਖੜੀ ਹੋ ਜਾਵੇਗੀ। ਬੰਜਰ ਜ਼ਮੀਨਾਂ, ਨਾਕਸ ਖੇਤੀ ਲੋਕਾਂ ਅਤੇ ਦੇਸਾਂ ਵਿਚਕਾਰ ਤਣਾਉ ਅਤੇ ਜੰਗਾਂ ਕਰਵਾਉਣਗੀਆਂ। ਹਨੇਰੀਆਂ ਅਤੇ ਤੂਫ਼ਾਨਾਂ ਦੀ ਗਿਣਤੀ ਅਤੇ ਸਪੀਡ/ਗਤੀ ਵਿਚ ਵਾਧਾ ਹੋਵੇਗਾ। ਗ਼ਰਜ਼ ਕੀ ਤਬਾਹੀ ਅਤੇ ਮੌਤ ਸਾਡੀਆਂ ਅੱਖਾਂ ਵਿਚ ਝਾਕ ਰਹੇ ਹਨ।

ਇਕ ਰਸਾਲਾ ਹੈ *ਅਰਥ ਫ਼ਸਟ ਜਰਨਲ* ਭਾਵ 'ਧਰਤੀ ਇਕ ਨੰਬਰ 'ਤੇ'। ਇਸ ਦੇ ਐਡੀਟਰ ਜੌਨ ਡੇਵਿਸ ਨੇ ਲਿਖਿਆ ਹੈ : "ਮੈਨੂੰ ਜਾਪਦੈ ਕਿ ਅਸਾਂ 'ਸਮਾਲ ਪੌਕਸ' (ਚੇਚਕ) ਨੂੰ ਮਿਟਾ ਦੇਣ ਦੀ ਵੱਡੀ ਭੁੱਲ ਕੀਤੀ ਹੈ। ਇਹ ਰੋਗ ਜੀਵਿਤ ਲੋਕਾਂ ਦੀ ਗਿਣਤੀ ਘਟਾ ਕੇ ਪੌਣ ਪਾਣੀ ਅੰਦਰ ਇਕ ਸੰਤੁਲਨ ਰੱਖਦਾ ਸੀ।"

ਯੂ.ਐਨ. ਕੋਈ ਨਿਰਪੱਖ ਅਦਾਰਾ ਨਹੀਂ ਹੈ ਅਤੇ ਸਦਾ ਹੀ ਝੂਠੇ ਪ੍ਰਾਪੇਗੰਡੇ ਲਈ ਵਰਤਿਆ ਜਾਂਦਾ ਹੈ। ਯੂ.ਐਨ. ਦੀ ਰਿਪੋਰਟ ਮੁਤਾਬਿਕ, ਏਸ ਸਦੀ ਦੇ ਅੰਤ ਦੇ ਉੱਤੇ (90 ਸਾਲਾਂ ਪਿੱਛੋਂ) ਹੌਲੀ ਹੌਲੀ ਕਰਦੇ, ਤਾਪਮਾਨ ਚੜ੍ਹਦਾ ਹੀ ਜਾਵੇਗਾ। ਛੇ ਤੋਂ ਸੱਤ ਡਿਗਰੀ ਸੈਲਸੀਅਸ (ਸੀ) ਵਧੇਗਾ ਆਰਕਟਿਕ ਇਲਾਕੇ ਵਿਚ, ਤਿੰਨ ਡਿਗਰੀ ਯੂਰਪ ਵਿਚ ਅਤੇ ਬਾਕੀ ਕੁਲ ਦੁਨੀਆਂ (ਭਾਰਤ ਸਮੇਤ) ਵਿਚ ਤਿੰਨ ਤੋਂ ਚਾਰ ਡਿਗਰੀ 'ਸੀ' ਵਧੇਗਾ। ਇਲਾਕਿਆਂ ਦੇ ਨੇੜ-ਤੇੜ ਵਿਚ ਸਥਾਨਕ ਫ਼ਰਕ ਹੋ ਸਕਦੇ ਹਨ। ਰਿਪੋਰਟ ਦੇ ਮੁਤਾਬਿਕ ਪਿਛਲੇ ਪੈਂਤੀਆਂ ਸਾਲਾਂ ਦੇ ਵਿਚ ਵੀ ਤਾਪ ਵਿਚ ਰਤਾ ਜਿਹਾ ਵਾਧਾ ਹੋਇਆ ਹੈ। ਉਸ ਦਾ ਕਹਿਣਾ ਹੈ ਕਿ ਮਹਾਂਦੀਪਾਂ ਵਿਚਕਾਰ ਤਾਪ ਵਾਧੇ ਵਿਚ ਫ਼ਰਕ ਹੋ ਸਕਦਾ ਹੈ ਪਰ ਇਕ ਗੱਲ ਸਾਂਝੀ ਹੈ, ਉਹ ਇਹ ਕਿ ਧਰਤੀ ਦੇ ਇਸ ਵਧਦੇ ਤਾਪ ਲਈ ਇਨਸਾਨ ਹੀ ਜ਼ਿੰਮੇਵਾਰ ਹੈ। ਅਖੇ 'ਗ੍ਰੀਨ ਹਾਊਸ ਗੈਸਾਂ' ਭਾਵ ਉਹ ਗੈਸਾਂ ਜੋ ਧਰਤੀ ਨੂੰ ਨਿੱਘਿਆਂ ਕਰਦੀਆਂ ਹਨ, 1970 ਤੋਂ ਵਧਣੀਆਂ ਸ਼ੁਰੂ ਹੋਈਆਂ ਹਨ। ਕਾਰਬਨ ਡਾਈਆਕਸਾਈਡ ਅਤੇ ਪਾਣੀ-ਹਵਾੜ, ਸਭ ਤੋਂ ਵੱਧ ਅਸਰ ਵਾਲੀਆਂ ਜੀ.ਐੱਚ.ਜੀ. ਗੈਸਾਂ ਹਨ। ਕਿਹਾ ਗਿਆ ਹੈ ਕਿ ਕਾਰਬਨ ਡਾਈਆਕਸਾਈਡ

(ਸੀ.ਓ.ਟੂ.) ਦੀ ਉਪਜਦੀ ਮਾਤਰਾ ਜੋ 1970 ਵਿਚ 15 ਗੀਗਾਟਨ ਸੀ, 2004 ਵਿਚ ਵੱਧ ਕੇ 30 ਗੀਗਾਟਨ ਦੇ ਬਰਾਬਰ ਹੋ ਗਈ। ਇਕ ਗੀਗਾਟਨ, ਇਕ ਬਿਲੀਅਨ ਟਨ ਦੇ ਬਰਾਬਰ ਹੈ। ਇਸ ਤੋਂ ਛੁੱਟ ਮੀਥੇਨ ਅਤੇ ਨਾਈਟ੍ਰਸ ਆਕਸਾਈਡ ਗੈਸਾਂ ਦੀ ਮਾਤਰਾ ਵੀ ਵੱਧ ਗਈ ਹੈ। ਰਿਪੋਰਟ ਮੁਤਾਬਿਕ 'ਸੀ.ਓ.ਟੂ.' ਦਾ ਵੱਡਾ ਵਾਧਾ ਧਰਤੀ 'ਚੋਂ ਨਿਕਲਦੇ ਤੇਲ ਨੂੰ ਵਾਹਣਾਂ/ਕਾਰਾਂ, ਬੱਸਾਂ, ਜਹਾਜ਼ਾਂ ਆਦਿ ਵਿਚ ਬਾਲਣ ਦੇ ਕਾਰਨ ਹੋਇਆ ਹੈ। ਸਿੱਧਾ ਇਨਸਾਨ ਦਾ ਕਸੂਰ। ਅਖੇ ਧਰਤੀ ਦਾ ਤਾਪ ਵਧਾਉਣ ਦੇ ਕਸੂਰਵਾਰ ਹਨ ਨਵੇਂ ਅਮੀਰ ਲੋਕ ਜੋ ਜ਼ਿਆਦਾ ਬਾਲਣ ਫੂਕਦੇ ਹਨ, ਗਰੀਬ ਲੋਕਾਂ ਦਾ ਕੋਈ ਹਿੱਸਾ ਨਹੀਂ ਹੈ। ਜਾਪਾਨ ਦੇ ਸ਼ਹਿਰ ਕਿਓਟੋ ਵਿਚ ਸੰਨ 1997 ਵਿਚ ਸਨਅਤੀ ਦੇਸਾਂ ਦੀ ਮੀਟਿੰਗ ਹੋਈ। ਉਥੇ ਇਹ ਸੁਝਾਉ ਦਿੱਤਾ ਗਿਆ ਕਿ ਇਕ ਟਨ ਪੈਦਾ ਹੁੰਦੀ 'ਸੀ.ਓ.ਟੂ.' ਦਾ ਕਿਸੇ ਕੀਮਤ ਵਿਚ ਬਦਲਾਅ/ਮਾਪ ਕੀਤਾ ਜਾਵੇ। ਸ਼ਹਿਰੀ ਇਮਾਰਤਾਂ 'ਚੋਂ ਜੇ ਇਕ ਟਨ 'ਜੀ.ਐੱਚ.ਜੀ.' ਪੈਦਾ ਹੋਵੇ ਤਾਂ ਉਸਨੂੰ ਘਟਾਉਣ ਲਈ 20 ਡਾਲਰ ਖ਼ਰਚਣੇ ਪੈਣਗੇ, ਜਦੋਂ ਕਿ ਖੇਤੀ ਵਿੱਚੋਂ ਇਕ ਟਨ 'ਜੀ.ਐੱਚ.ਜੀ.' ਘਟਾਉਣ ਲਈ 100 ਡਾਲਰ ਖ਼ਰਚ ਕਰਨੇ ਪੈਣਗੇ।

ਸਾਰੰਸ਼ ਇਹ ਕਿ ਇਨਸਾਨ ਦੇ ਹਰ ਕੰਮ ਨੂੰ, ਏਥੋਂ ਤਕ ਕਿ ਸਾਹ ਲੈਣ ਨੂੰ ਵੀ, ਕਾਰਬਨ ਵਿਚ ਬਦਲ ਕੇ, ਇਕ ਮੁੱਲ ਥਾਪਿਆ ਗਿਆ ਹੈ।

ਪਿਛਲੇ ਕੁਝ ਸਾਲਾਂ ਤੋਂ ਕਈ ਇਲਾਕਿਆਂ ਵਿਚ ਅੰਤਾਂ ਦੀ ਬਰਫ਼ ਪਈ ਹੈ, ਜੋ ਭੂਗੋਲਿਕ-ਤਾਪ ਲਹਿਰ ਨੂੰ ਭੰਬਲ ਭੂਸਿਆਂ ਵਿਚ ਪਾ ਰਹੀ ਹੈ। ਤਾਪਮਾਨ ਵੱਧ ਰਿਹਾ ਹੈ ਜਾਂ ਘੱਟ ਰਿਹਾ ਹੈ ? ਇਸ ਦਾ ਜਵਾਬ ਇਹ ਦਿੱਤਾ ਜਾ ਰਿਹਾ ਹੈ ਕਿ ਜੋ ਅਸੀਂ ਵੇਖ ਰਹੇ ਹਾਂ, ਉਹ ਤਾਂ ਕੇਵਲ 'ਮੌਸਮ' ਹੀ ਹੈ, ਜਿਸ ਦੀ ਗੱਲ ਕੀਤੀ ਜਾ ਰਹੀ ਹੈ, ਉਹ ਹੈ ਲੰਮੇ ਸਮੇਂ ਦੇ ਪੌਣ ਪਾਣੀ ਦੀ।

ਐਲਨ ਵਾਈਜ਼ਮੈਨ ਨੇ ਆਪਣੀ ਕਿਤਾਬ *ਵਰਲਡ ਵਿਦਾਊਟ ਮੈਨ* ਭਾਵ 'ਇਨਸਾਨ ਰਹਿਤ ਦੁਨੀਆਂ' ਵਿਚ ਲਿਖਿਆ ਹੈ ਕਿ ਜੇ ਅੱਜ ਇਨਸਾਨ ਨੂੰ ਮਿਟਾ ਹੀ ਦਿੱਤਾ ਜਾਵੇ ਤਾਂ ਜਿੰਨੀ ਖ਼ਰਾਬੀ ਹੁਣ ਤਕ ਇਨਸਾਨ ਦੇ ਹੱਥੋਂ 'ਸੀ.ਓ.ਟੂ.' ਰਾਹੀਂ ਹੋ ਚੁੱਕੀ ਹੈ, ਉਸ ਨੂੰ ਠੀਕ ਠਾਕ ਹੋ ਕੇ ਧਰਤੀ ਨੂੰ ਆਪਣੀ ਸਾਧਾਰਨ ਹਾਲਤ ਵਿਚ ਪੁੱਜਦਿਆਂ, ਇਕ ਲੱਖ ਸਾਲ ਦਾ ਸਮਾਂ ਲੱਗ ਜਾਵੇਗਾ। ਇਹ ਸਰਾਸਰ ਝੂਠ ਜੇ, ਜਿਵੇਂ ਅੱਗੇ ਵੇਖਾਂਗੇ।

ਕਿਓਟੋ (ਜਾਪਾਨ) ਮੀਟਿੰਗ ਵਿਚ 11 ਦਸੰਬਰ 1997 ਨੂੰ ਜੋ ਮਤਾ ਪਾਸ ਕੀਤਾ, ਉਹ 16 ਜਨਵਰੀ 2005 ਨੂੰ ਲਾਗੂ ਹੋਇਆ। ਨਵੰਬਰ 2009 ਤਕ ਵੇਖੋ-ਵੇਖੀ 187 ਦੇਸਾਂ ਦੀਆਂ ਹਕੂਮਤਾਂ ਨੇ ਮਤੇ ਨੂੰ ਆਪਣੇ ਦੇਸਾਂ ਉੱਤੇ ਲਾਗੂ ਕਰ ਦਿੱਤਾ।

ਇਸ ਮਤੇ ਅਨੁਸਾਰ 39 ਵੱਡੇ ਸਨਅਤੀ ਦੇਸ ਅਤੇ ਯੂਰਪੀਅਨ ਸੰਘ ਦੇ ਦੇਸਾਂ ਨੇ ਵਚਨ ਦਿੱਤਾ ਕਿ ਉਹ 'ਜੀ.ਐਚ.ਜੀ.' ਗੈਸਾਂ (ਸੀ.ਓ.ਟੂ., ਮੀਥੇਨ, ਨਾਈਟ੍ਰਸ ਆਕਸਾਈਡ ਅਤੇ ਸਲਫਰ ਹੈਕਸਾਫਲੋਰਾਈਡ) ਦੀ ਪੈਦਾਵਾਰ ਘਟਾਉਣਗੇ।

ਦੁਨੀਆਂ ਅੰਦਰ ਕੇਵਲ ਇਕ ਸਰਕਾਰ ਨੇ ਕਿਓਟੋ ਮਤੇ ਨੂੰ ਰੱਦ/ਨਾ-ਮਨਜ਼ੂਰ ਕੀਤਾ, ਪੂਰੇ ਤੌਰ ਉੱਤੇ। ਉਹ ਦੇਸ ਹੈ ਅਮਰੀਕਾ।

ਇਕ ਨਵਾਂ ਵਪਾਰ

ਕਾਰਬਨ ਉਪਜ ਦਾ ਇਕ ਨਵੀਂ ਕਿਸਮ ਦਾ ਵਪਾਰ ਸ਼ੁਰੂ ਹੋ ਗਿਆ। ਜਿਹੜੇ ਕਾਰਖ਼ਾਨੇ/ਖੇਤੀ ਆਪਣੀ 'ਸੀ.ਓ.ਟੂ.' ਦੀ ਮਾਤਰਾ ਘਟਾ ਨਹੀਂ ਸਕਦੇ, ਉਹ ਪੈਦਾ ਕੀਤੀ 'ਸੀ.ਓ.ਟੂ.' ਦਾ, ਤੈਅ ਕੀਤੇ ਰੇਟ ਅਨੁਸਾਰ (10 ਡਾਲਰ ਸਨਅਤੀ ਅਤੇ ਸੌ ਡਾਲਰ ਖੇਤੀ ਵੱਲੋਂ ਉਪਜੇ ਇਕ ਟਨ ਕਾਰਬਨ ਡਾਈਆਕਸਾਈਡ ਪਿੱਛੇ) ਟੈਕਸ ਅਦਾ ਕਰਨਗੇ।

ਇਹ ਕਾਰਬਨ ਟੈਕਸ ਕਿਥੇ ਜਾਵੇਗਾ ? ਇਹ ਇਕ ਨਿਹਾਇਤ ਗੁੰਝਲਦਾਰ ਕਹਾਣੀ ਬਣ ਗਿਆ ਹੈ। ਜਿਨ੍ਹਾਂ ਨੇ 'ਸੀ.ਓ.ਟੂ.' ਘਟਾਈ, ਉਨ੍ਹਾਂ ਨੂੰ ਕਮਾਈ ਦੇ 'ਪਰਮਿਟ' ਮਿਲਣਗੇ। ਕੋਈ ਵੀ ਨਵਾਂ ਉਦਯੋਗ ਜੇ ਸਾਬਤ ਕਰ ਸਕੇ ਕਿ 'ਸੀ.ਓ.ਟੂ.' ਦੀ ਪੈਦਾਵਾਰ ਘਟਾਈ ਗਈ ਹੈ ਤਾਂ ਉਹ ਏਸ ਰਸਤੇ ਕਮਾਈ ਕਰ ਸਕੇਗਾ।

ਇਕ ਨਵਾਂ ਵਪਾਰ, ਓਸ ਚੀਜ਼ ਦਾ ਜੋ ਦਿਖਾਈ ਵੀ ਨਹੀਂ ਦੇਂਦੀ ਅਤੇ ਜਿਸ ਦਾ ਕੇਵਲ ਨਾਂ ਹੀ ਵਰਤਿਆ ਜਾਂਦਾ ਹੈ। ਵਿਸ਼ਵ ਬੈਂਕ ਅਨੁਸਾਰ ਉਸ ਦੇ ਕਾਰਬਨ ਫ਼ਾਈਨੈਂਸ ਯੂਨਿਟ ਨੇ 37 ਕਰੋੜ ਟਨ ਦੇ ਪਰਮਿਟ, ਹੁਣ ਤਕ ਸਟਾਕ ਐਕਸਚੇਂਜ ਵਿਚ ਬੋਲੀ ਉੱਤੇ ਆ ਗਏ ਹਨ। ਇਕ ਨਵੇਂ ਜ਼ਾਤੀ ਕਾਰਬਨ ਟੈਕਸ ਆਉਣ ਦੀ ਸੰਭਾਵਨਾ ਹੈ। ਜ਼ਰਾ ਸੋਚੋ, ਇਹ ਵਿਸ਼ਵ/ਵਰਲਡ ਬੈਂਕ ਭੂਗੋਲਿਕ ਤਾਪ ਅੰਦਰ ਕਿਵੇਂ ਆ ਵੜਿਆ ?

'ਜ਼ਾਤੀ ਕਾਰਬਨ ਵਪਾਰ' ਅਨੁਸਾਰ ਹਰ ਇਕ ਵਿਅਕਤੀ ਨੂੰ ਗਿਣਿਆ ਮਿਥਿਆ 'ਕਾਰਬਨ ਕਰਜ਼ਾ' ਦਿੱਤਾ ਜਾਵੇਗਾ, ਜਿਸ ਨੂੰ ਉਹ ਬਿਜਲੀ ਅਤੇ ਤੇਲ ਖ਼ਰੀਦਣ ਉੱਤੇ ਵਰਤੇਗਾ। ਜਦੋਂ ਉਸ ਦਾ ਲਿਆ ਕਰਜ਼ਾ ਮੁੱਕਣ ਉੱਤੇ ਆਉਂਦਾ ਹੈ ਤਾਂ ਉਹ ਕਿਸੇ ਗ਼ਰੀਬ ਤੋਂ ਖ਼ਰੀਦ ਸਕਦਾ ਹੈ, ਜਿਸ ਦਾ 'ਕਾਰਬਨ ਸਰਮਾਇਆ' ਵਰਤਿਆ ਨਹੀਂ ਗਿਆ ਅਤੇ ਵਾਧੂ ਪਿਆ ਹੈ। ਅਜੇਹੀਆਂ ਸਕੀਮਾਂ ਅਜੇ ਤਕ ਹਵਾਈ ਜਾਪਦੀਆਂ ਹਨ, ਪਰ ਵਿਸ਼ਵ ਭਰ ਵਿਚ ਭੂਗੋਲਿਕ ਤਪਸ਼ ਦਾ ਹਊਆ ਖੜਾ ਕੀਤਾ ਗਿਆ ਹੈ। ਕੁਲ ਇਨਸਾਨੀਅਤ ਨੂੰ ਖ਼ਤਰਾ ਹੈ ਕਿਉਂਕਿ ਇਸ ਦੇ ਜ਼ਰੀਏ/ਰਸਤੇ ਅਸਾਂ ਸਭ ਨੇ ਆਪਣੀ ਆਜ਼ਾਦੀ ਗੁਆ ਲੈਣੀ ਹੈ। ਪਿਛਲੇ 25-30 ਸਾਲਾਂ ਤੋਂ ਇਹ ਛੜਯੰਤਰ ਰਚਿਆ ਜਾ ਰਿਹਾ ਹੈ। ਇਸ ਲਹਿਰ ਦੇ ਮੋਢੀਆਂ ਅਤੇ ਨੇਤਾਵਾਂ ਨੇ ਅਰਬਾਂ ਡਾਲਰਾਂ ਦੀ ਕਮਾਈ ਉੱਤੇ ਅੱਖ ਰੱਖੀ ਹੈ। ਭੂਗੋਲਿਕ ਤਪਸ਼ ਦੀ ਲਾਲੀ ਵਿਚ ਜੇ ਕੋਈ ਹਰਿਆਵਲ ਹੈ ਤਾਂ ਉਹ ਹੈ ਠੰਢੇ ਹਰੇ ਰੰਗ ਦੇ ਡਾਲਰ ਨੋਟਾਂ ਦੀ।

ਭੂਗੋਲਿਕ ਤਾਪ ਦਾ ਦੂਜਾ ਪਾਸਾ

ਜੈਸੀ ਵੈਨਤੂਰਾ ਦਾ ਨਾਂ ਸ਼ਾਇਦ ਕਦੇ ਸੁਣਿਆ ਹੋਵੇ – ਇਕ ਮਸ਼ਹੂਰ ਪ੍ਰੋਫ਼ੈਸ਼ਨਲ ਭਲਵਾਨ ਹੁੰਦਾ ਸੀ। ਉਹ ਅਮਰੀਕਨ ਫ਼ੌਜੀ ਉੱਘੇ "ਨੇਵੀ ਸੀਲ" ਗਰੁੱਪ ਵਿਚ ਸੀ। ਉਹ 1999 ਤੋਂ 2003 ਤਕ ਅਮਰੀਕਾ ਦੀ ਰਿਆਸਤ ਮਿਨੀਸੋਟਾ ਦਾ ਗਵਰਨਰ ਵੀ ਰਿਹਾ ਹੈ। ਉਹ ਐਕਟਰ ਅਤੇ ਲੇਖਕ ਵੀ ਹੈ। ਸਿਆਸਤ ਵਿਚ ਤਾਂ ਖੁਭਿਆ

ਹੋਇਆ ਹੈ ਹੀ, ਭੂਗੋਲਿਕ ਤਪਸ਼ ਦੇ ਵਿਸ਼ੇ ਨੂੰ ਉਸ ਨੇ ਅੰਦਰ ਵੜ ਕੇ ਖੋਜਿਆ ਹੈ ਅਤੇ ਬੁਰੇ ਦੇ ਘਰ ਤਕ ਪਹੁੰਚਿਆ ਹੈ।

ਭੂਗੋਲਿਕ ਤਾਪ ਦੇ ਕਈ ਸਾਲਾਂ ਦੇ ਭਾਰੀ ਪ੍ਰਚਾਰ ਰਾਹੀਂ ਚੜ੍ਹਤ ਵਿਚ, ਪਿਛਲੇ ਦੋ ਤਿੰਨ ਸਾਲਾਂ ਤੋਂ ਕੁਝ ਰੁਕਾਵਟ ਪਈ ਹੈ, ਕਿਉਂਕਿ ਇਸ ਦੇ ਕੱਚੇ ਚਿੱਠੇ, ਪਬਲਿਕ ਵਿਚ ਖੁੱਲ੍ਹਣੇ ਸ਼ੁਰੂ ਹੋ ਗਏ ਹਨ। ਇਸ ਲਹਿਰ ਨੇ ਯੂ.ਐਨ. ਅਤੇ ਹੋਰ ਅੰਤਰਰਾਸ਼ਟਰੀ ਝੰਡਿਆਂ ਦੇ ਥੱਲੇ ਲੁਕ ਕੇ ਆਪਣੇ ਆਪ ਭੂਗੋਲਿਕ ਸਰਦਾਰੀ ਹੱਥ ਵਿਚ ਲੈ ਲਈ ਹੈ। ਪੌਣ ਪਾਣੀ/ਕਲਾਈਮੇਟ ਦੇ ਚੋਟੀ ਦੇ ਮਾਹਿਰਾਂ ਦੀ ਵਿਰੋਧੀ ਸੋਚ ਨੂੰ ਕੂੜੇ ਵਿਚ ਸੁੱਟਿਆ ਜਾਂ ਦਬਾ ਦਿੱਤਾ ਗਿਆ ਹੈ। ਜਿਹੜੇ ਜ਼ਿਆਦਾ ਔਖੇ ਜਾਂ ਅੜਦੇ ਸਨ, ਉਨ੍ਹਾਂ ਦਾ ਕੰਡਾ ਜਾਨ ਲੈ ਕੇ ਕੱਢ ਦਿੱਤਾ ਗਿਆ।

ਭੂਗੋਲਿਕ ਤਾਪ ਸੱਚ ਹੋਵੇ ਜਾਂ ਨਾ, ਜੈਸੀ ਵੈਨਤੂਰਾ ਨੇ ਵੇਖਿਆ ਕਿ ਏਸ ਵਿਸ਼ੇ ਨੂੰ ਵਰਤ ਕੇ ਕਈ ਲੋਕ ਬਿਲੀਅਨ ਡਾਲਰ ਕਮਾ ਰਹੇ ਸਨ। ਜੈਸੀ ਨੇ ਡੂੰਘੀ ਖੋਜ ਕੀਤੀ, ਜੋ ਭੂਗੋਲਿਕ ਤਪਣ ਦੀ ਸਾਜ਼ਸ਼ ਦੇ ਪਿੱਛੇ ਕਿਸੇ ਵਿਅਕਤੀ ਦਾ ਹੱਥ ਹੋ ਸਕਦਾ ਹੈ।

"ਤੁਸੀਂ ਸਮਝਦੇ ਹੋ ਕਿ ਤੁਹਾਨੂੰ ਸਭ ਕੁਝ ਪਤਾ ਹੈ ਤਾਂ ਇਕ ਵਾਰ ਫੇਰ ਸੋਚ ਲਵੋ। ਮੈਂ ਰਿਹਾ ਹਾਂ ਗਵਰਨਰ, ਨੇਵੀ ਸੀਲ, ਇਕ ਫ਼ਾਈਟਰ (ਲੜਾਕਾ), ਹੁਣ ਸਮਾਂ ਆ ਗਿਆ ਹੈ ਕਿ ਪੂਰੀ ਕਹਾਣੀ ਸੁਣਾ ਦਿੱਤੀ ਜਾਵੇ।"

ਜੈਸੀ ਵੈਨਤੂਰਾ ਸਾਡੇ ਤੁਹਾਡੇ ਵਾਂਗ ਹੀ ਕੁਲ ਮੀਡੀਆ ਪ੍ਰਚਾਰ ਦੇ ਹੇਠਾਂ ਮੰਨਦਾ ਸੀ ਕਿ ਧਰਤੀ ਦਾ ਤਾਪਮਾਨ ਵੱਧ ਰਿਹਾ ਹੈ। ਉਸ ਨੂੰ ਇਕ ਵਿਅਕਤੀ 'ਸ਼ੈਫ਼ਰਡ' ਦਾ ਟੈਲੀਫ਼ੋਨ ਆਉਂਦਾ ਹੈ ਕਿ ਜੇ ਤੂੰ ਮੈਨੂੰ ਮਿਲੇਂ ਤਾਂ ਧਰਤੀ ਦੀ ਕਥਿਤ ਵੱਧ ਰਹੀ ਗਰਮੀ/ਤਾਪ (ਵਾਰਮਿੰਗ) ਦੀ ਅਸਲੀਅਤ ਦੱਸਾਂਗਾ। ਮਿਲਣ ਦੇ ਉਤੇ ਸ਼ੈਫ਼ਰਡ ਨੇ ਦੱਸਿਆ ਕਿ "ਵਾਰਮਿੰਗ ਇਕ ਮਹਾਂ ਛੜਯੰਤਰ ਦਾ ਪ੍ਰਚਾਰ ਹੈ ਕਿ ਤੁਸੀਂ ਫ਼ੈਕਟਰੀਆਂ ਅਤੇ ਕਾਰਾਂ ਵਿੱਚੋਂ ਗਰਮੀ ਅਤੇ ਕਾਰਬਨ ਡਾਈਆਕਸਾਈਡ ਪੈਦਾ ਕਰ ਰਹੇ ਹੋ ਅਤੇ ਤਬਾਹੀ ਦੇ ਰਸਤੇ ਜਾ ਰਹੇ ਹੋ। ਏਸ ਪ੍ਰਚਾਰ ਦੇ ਨਾਲ ਸਾਡੀ ਤਾਂ ਨੀਂਦ ਹਰਾਮ ਹੋ ਰਹੀ ਹੈ, ਪਰ ਇਸ ਦੀ ਆੜ ਵਿਚ 'ਹਰੇ/ਗ੍ਰੀਨ' ਉਦਯੋਗ ਬਿਲੀਅਨਾਂ ਡਾਲਰ ਕਮਾ ਰਹੇ ਹਨ। ਅਸੀਂ ਧਰਤੀ ਦੀ ਰੱਖਿਆ ਕਰਨ ਲਈ ਉਨ੍ਹਾਂ ਦਾ ਮਹਿੰਗਾ ਸਾਮਾਨ ਲੈਣ ਨੂੰ ਤਿਆਰ ਹੋ ਜਾਂਦੇ ਹਾਂ। ਇਸ ਦਾ ਗਾੜ੍ਹਾ ਸੰਬੰਧ ਮਿਥਿਆ ਗਿਆ ਹੈ ਸਨਅਤ ਅਤੇ ਕਾਰਾਂ ਵਿੱਚੋਂ ਨਿਕਲਦੀ 'ਸੀ.ਓ.ਟੂ.' ਨਾਲ। ਏਸ ਨੂੰ 'ਰੋਕਣ' ਲਈ ਹਰ ਪਾਸੇ ਕੀਮਤਾਂ ਵਧਣਗੀਆਂ ਅਤੇ ਟੈਕਸਾਂ ਵਿਚ ਵਾਧਾ ਕੀਤਾ ਜਾਵੇਗਾ। ਏਸ ਦੇ ਉਲਟ ਕਾਰਪੋਰੇਸ਼ਨਾਂ ਲਈ ਅਜੇਹੀ ਕੋਈ ਪਾਬੰਦੀ ਨਹੀਂ ਹੋਵੇਗੀ। ਉਨ੍ਹਾਂ ਲਈ ਇਕ ਅਜੀਬੋ-ਗਰੀਬ ਵਪਾਰ ਢੰਗ ਚੱਲਿਆ ਹੈ, ਜਿਸ ਦਾ ਨਾਂ ਹੈ 'ਕਾਰਬਨ ਕ੍ਰੈਡਿਟ' ਜੋ ਕੰਪਨੀਆਂ ਵਿਚਕਾਰ ਪੈਸਾ ਲੈਣ ਦੇਣ ਵਿਚ ਵਰਤੇ ਜਾਣਗੇ। ਪਰਿਆਵਰਨ ਪਲੀਤਗੀ ਰਹੇਗੀ ਪਹਿਲਾਂ ਦੇ ਵਾਂਗ। ਇਸ ਪੂਰਨ ਲਹਿਰ ਦਾ ਮੁੱਖ ਮੰਤਵ ਹੈ ਕੁਲ ਇਨਸਾਨੀਅਤ ਦੇ ਉਪਰ ਵਧਾਈ ਜਾ ਰਹੀ ਜਕੜ।"

ਸ਼ੈਫ਼ਰਡ ਨੇ ਜੈਸੀ ਨੂੰ ਦੱਸਿਆ ਕਿ ਹਜ਼ਾਰਾਂ ਵਿਸ਼ੇਸ਼ਗਾਂ/ਸਾਇੰਸਦਾਨਾਂ ਦਾ

ਕਹਿਣਾ ਹੈ ਕਿ ਭੂਗੋਲਿਕ ਤਾਪ ਦੀ ਧਾਰਨਾ ਸਰਾਸਰ ਝੂਠ ਹੈ ਕਿਉਂਕਿ ਸਾਡੇ ਕੋਲ ਕੋਈ ਪੁਖ਼ਤਾ/ਪੱਕਾ ਸਬੂਤ ਨਹੀਂ ਹੈ। ਜੈਸੀ ਦੀ ਸ਼ੈਫਰਡ ਨਾਲ ਇਹ ਮਿਲਣੀ, ਇਕ ਲੁਕਵੀਂ ਥਾਂ ਉੱਤੇ ਹੋਈ ਤਾਂ ਜੁ ਕਿਸੇ ਨੂੰ ਭਿਣਕ ਪੈ ਕੇ, ਉਸ ਦੀ ਜਾਨ ਨੂੰ ਖ਼ਤਰਾ ਨਾ ਹੋ ਜਾਵੇ। ਸ਼ੈਫਰਡ 'ਭੂਗੋਲਿਕ ਤਾਪ' ਵਾਲਿਆਂ ਦੇ ਧੁਰ ਅੰਦਰ ਦਾ ਭੇਤੀ ਸੀ। ਉਸ ਨੇ ਜੈਸੀ ਦੇ ਹੱਥ ਵਿਚ ਇਕ ਨਿੱਕਾ ਕਾਗ਼ਜ਼ ਦਾ ਟੁਕੜਾ ਦਿੱਤਾ, ਜਿਸ ਵਿਚ ਤਿੰਨ ਲੋਕਾਂ ਦੇ ਨਾਂ ਸਨ। "ਇਨ੍ਹਾਂ ਰਸਤੇ ਸੱਚਾਈ 'ਤੇ ਪਹੁੰਚਿਆ ਜਾ ਸਕਦਾ ਹੈ", ਉਸ ਕਿਹਾ।

ਸ਼ੈਫਰਡ ਦੇ ਕਹਿਣ ਅਨੁਸਾਰ ਭੂਗੋਲਿਕ ਤਪਾਈ ਪਿੱਛੇ ਇਕ ਵੱਡੀ ਗੋਂਦ ਹੈ – ਸ਼ਕਤੀ, ਸਰਮਾਇਆ ਅਤੇ ਲੋਕਾਈ ਨੂੰ ਇਕ ਮੁੱਠੀ ਵਿਚ ਲਿਆਉਣ ਦੀ। ਏਸ ਤਪਾਈ ਦੀ ਆੜ ਵਿਚ ਕੁਲ ਸਿਸਟਮ ਵਿਚ ਜੋ ਜੋ ਪਾਬੰਦੀਆਂ/ਡੰਨ/ਹੁਕਮ/ਹਦਾਇਤਾਂ ਇਕ ਵਾਰ ਚੜ੍ਹ ਗਈਆਂ ਤਾਂ ਉਨ੍ਹਾਂ ਫਿਰ ਇਨਸਾਨ ਦੀ ਗਰਦਨ ਤੋਂ ਉਤਰਨਾ ਨਹੀਂ।

ਜੈਸੀ ਵੈਨਤੂਰਾ ਦੇ ਵਾਂਗ ਬੇਅੰਤ ਹੋਰ ਲੋਕ ਅਤੇ ਸੰਸਥਾਵਾਂ ਭੂਗੋਲਿਕ ਤਪਾਈ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ ਅਤੇ ਆਪੋ-ਆਪਣੇ ਢੰਗ ਦੇ ਨਾਲ ਖੋਜ ਅਤੇ ਵਿਰੋਧ ਵਿਚ ਜੁਟੇ ਹੋਏ ਹਨ। ਪਰ ਕਿਉਂਕਿ 'ਤਪਾਈ' ਦੀ ਲਹਿਰ ਨੇ 'ਯੂ.ਐਨ.' ਦੇ ਝੰਡੇ ਨੂੰ ਆਪਣੇ ਕਬਜ਼ੇ ਵਿਚ ਰੱਖਿਆ ਹੋਇਆ ਹੈ ਅਤੇ ਕੁੱਲ ਮੀਡੀਆ ਕਬਜ਼ੇ ਵਿਚ ਹੈ, ਏਸ ਲਈ ਲਹਿਰ ਦੇ ਵਿਰੋਧੀਆਂ ਦੀ ਦਾਲ ਗਲਦੀ ਨਹੀਂ ਦਿਸਦੀ। ਵਿਰੋਧੀ, ਕੁਲ ਮਾਨਵਤਾ ਤਾਈਂ ਆਪਣੇ ਵਿਚਾਰ ਪੁਚਾਉਣ ਵਿਚ ਕਾਫ਼ੀ ਹੱਦ ਤਕ ਅਸਫਲ ਰਹੇ ਹਨ। ਜੇ ਉਨ੍ਹਾਂ ਦੀ ਕਿਸੇ ਪਾਸੇ ਤੋਂ ਮਦਦ ਹੋਈ ਹੈ ਤਾਂ ਉਹ ਹੈ ਕੁਦਰਤ ਦੀ ਅਪਾਰ ਕਿਰਪਾ। ਪਿਛਲੇ ਤਿੰਨ-ਚਾਰ ਸਾਲਾਂ ਤੋਂ ਏਨੀ ਸਰਦੀ ਪੈਣੀ ਸ਼ੁਰੂ ਹੋਈ ਹੈ ਕਿ ਤਪਾਈ ਪ੍ਰਚਾਰਕ ਏਜੰਸੀਆਂ ਅਤੇ ਵਿਅਕਤੀਆਂ ਲਈ ਪਬਲਿਕ/ਲੋਕਾਈ ਨੂੰ ਮੂੰਹ ਵਿਖਾਉਣਾ ਔਖਾ ਹੋ ਗਿਆ ਹੈ। ਗੱਲ ਨਿਰੀ ਤਪਾਈ/ਨਾ ਤਪਾਈ ਦੀ ਹੁੰਦੀ ਤਾਂ ਇਹ ਵਿਵਾਦ ਕਦੋਂ ਦਾ ਮੁੱਕ ਗਿਆ ਹੋਣਾ ਸੀ। ਪਰੰਤੂ ਇਹ ਲਹਿਰ ਇਕ ਡੂੰਘੀ ਸਾਜ਼ਸ਼ ਹੈ। ਇਸ ਨੂੰ ਕੁਝ ਵੇਰਵੇ ਨਾਲ ਜਾਣਨਾ ਜ਼ਰੂਰੀ ਹੈ।

ਜੈਸੀ ਨੂੰ ਸ਼ੈਫਰਡ ਤੋਂ ਜੋ ਤਿੰਨ ਨਾਂ ਮਿਲੇ ਸਨ, ਉਨ੍ਹਾਂ ਨੂੰ ਆਪਣੇ ਤਿੰਨ ਸਹਿਯੋਗੀਆਂ ਨਾਲ ਸਾਂਝੇ ਕਰਦੇ ਹੋਏ ਕਹਿੰਦਾ ਹੈ, "ਮੈਂ ਤਾਂ ਭੂਗੋਲਿਕ ਤਪਾਈ ਨੂੰ ਬੜੀ ਗੰਭੀਰਤਾ ਨਾਲ ਅਜੇ ਵੀ ਮੰਨਦਾ ਹਾਂ। ਪਰ ਸ਼ੈਫਰਡ ਨੇ ਜੋ ਮੈਨੂੰ ਦੱਸਿਆ, ਉਸ ਨਾਲ ਮਨ ਨੂੰ ਬਹੁਤ ਧੱਕਾ ਲੱਗਾ ਹੈ। ਏਸ ਲਹਿਰ ਦੇ ਨਾਲ ਜੁੜ ਕੇ ਕੁਝ ਲੋਕ ਬਹੁਤ ਬਹੁਤ ਅਮੀਰ ਹੋ ਰਹੇ ਹਨ। ਸਾਨੂੰ ਪੜਚੋਲ ਕਰਨੀ ਪਵੇਗੀ ਕਿ ਦਰਅਸਲ ਕਹਾਣੀ ਕੀ ਹੈ।" ਹਰ ਸਹਿਯੋਗੀ ਨੇ ਇੰਟਰਵਿਊ ਲਈ ਇਕ ਇਕ ਵਿਅਕਤੀ ਚੁਣ ਲਿਆ।

ਪਹਿਲਾ ਖੋਜੀ/ਸਹਿਯੋਗੀ ਜਾ ਮਿਲਦਾ ਹੈ ਅਮਰੀਕਾ ਦੀ ਅਤਿ ਮਸ਼ਹੂਰ ਖੋਜ ਸੰਸਥਾ 'ਐਮ.ਆਈ.ਟੀ.' (ਮੈਸੀਚੂਸੈਟ ਇੰਸਟੀਚਿਊਟ ਆਫ਼ ਟੈਕਨਾਲੋਜੀ) ਅੰਦਰਲੇ ਸਾਇੰਸਦਾਨ ਡਾ. ਰਿਚਰਡ ਲਿੰਡਜ਼ਨ ਨੂੰ। ਸਾਰੀ ਦੁਨੀਆਂ ਵਿਚ ਇਕ ਵੀ ਮੌਸਮ ਸਾਇੰਸਦਾਨ ਉਸ ਦੇ ਮੇਚ/ਕੱਦ ਦਾ ਨਹੀਂ ਹੈ। ਉਸ ਨੇ ਇੰਜ ਕਿਹਾ, "ਮੇਰਾ ਜ਼ਾਤੀ ਵਿਚਾਰ ਇਹ ਹੈ ਭੂਗੋਲਿਕ ਤਪਾਈ ਦੀ ਲਹਿਰ, ਸਾਇੰਸੀ ਤਬਕਿਆਂ ਲਈ ਇਕ

ਬੇਇਜ਼ਤੀ ਦਾ ਕਾਰਨ ਬਣੇਗੀ। ਕੋਈ ਵੀ ਸਾਇੰਸਦਾਨ ਭੂਗੋਲਿਕ ਤਪਸ਼ ਲਹਿਰ ਦੇ ਉਲਟ ਬੋਲ ਕੇ ਮੁਸੀਬਤ ਵਿਚ ਫਸ ਸਕਦਾ ਹੈ। ਏਸ ਪਰਿਆਵਰਨ ਝੰਡੇ ਦੇ ਹੇਠਾਂ 'ਕਾਰਬਨ ਟਰੇਡਿੰਗ' ਕਈ ਟ੍ਰਿਲੀਅਨਾਂ ਦਾ ਇਕ ਮਹਾਂ-ਵੱਡਾ ਵਪਾਰ ਹੈ। ਏਸੇ ਵਿੱਚੋਂ ਹੀ ਬੇਅੰਤ ਬਿਲੀਅਨ ਡਾਲਰਾਂ ਦਾ ਚੋਗਾ ਉਨ੍ਹਾਂ ਸਾਇੰਸਦਾਨਾਂ ਨੂੰ ਮਿਲਦਾ ਹੈ, ਜੋ ਭੂਗੋਲਿਕ ਤਪਾਈ ਲਹਿਰ ਨੂੰ ਚੁੱਕੀ ਰੱਖ ਰਹੇ ਹਨ।" 'ਐਲਗੋਰ' ਆਪਣੀ ਫ਼ਿਲਮ ਵਿਚ ਗਿਲਾ ਕਰਦੇ ਕਿ ਭੂਗੋਲਿਕ ਤਪਾਈ ਦੇ ਹੱਕ ਵਿਚ ਐਨੇ ਤੱਥ ਹੋਣ ਦੇ ਬਾਵਜੂਦ ਕਈ ਸਾਇੰਸਦਾਨ ਏਸ ਨੂੰ ਮੰਨਣ ਤੋਂ ਇਨਕਾਰੀ ਹਨ। ਏਸ ਬਾਰੇ ਲਿੰਡਜ਼ਨ ਕਹਿੰਦੇ, "ਭੂਗੋਲਿਕ ਤਪਾਈ ਲਹਿਰ ਅੱਜ-ਕੱਲ੍ਹ ਆਪਣੇ ਬਚਾਅ ਉੱਤੇ ਰੁੱਝੀ ਹੋਈ ਹੈ। ਕੁਦਰਤ ਦੀ ਅਸਲੀਅਤ ਆਪੇ ਹੀ ਝੂਠ ਦੇ ਪਰਦੇ ਪਾੜ ਰਹੀ ਹੈ। ਤਾਪਮਾਨ ਦੀਆਂ ਕੁਦਰਤੀ ਤਬਦੀਲੀਆਂ ਅੰਦਰ ਹੁਣ ਉਹ ਤਾਪ ਚੜ੍ਹਨੋਂ ਰੁਕਿਆ ਹੋਇਆ ਹੈ। ਏਸ ਤੱਥ/ਸੱਚਾਈ ਨੇ ਝੂਠੀ ਤਪਾਈ ਦੀਆਂ ਜੜ੍ਹਾਂ ਕੱਟਣੀਆਂ ਸ਼ੁਰੂ ਕੀਤੀਆਂ ਹਨ। ਦਰਅਸਲ ਏਸ ਛੜਯੰਤਰ ਦੇ ਅਸਲ ਮੰਤਵ ਹਨ ਦੌਲਤ ਬਣਾਉਣੀ, ਟੈਕਸ ਵਧਾਉਣੇ ਅਤੇ ਜਨ-ਸਾਧਾਰਨ ਦੀ ਜ਼ਿੰਦਗੀ ਮੁੱਠੀ ਵਿਚ ਕਰਨੀ। ਸਵਾਲ ਉੱਠਦਾ ਹੈ ਕਿ ਜਨ-ਸਾਧਾਰਨ ਨੂੰ ਇਹ ਕਹਿ ਕੇ ਕਿਵੇਂ ਪਲੋਸ ਸਕਦੇ ਨੇ ਕਿ ਉਨ੍ਹਾਂ ਉੱਤੇ ਲਗਾਏ/ਵਧਾਏ ਗਏ ਟੈਕਸਾਂ ਦੇ ਨਾਲ ਉਹ ਧਰਤੀ ਨੂੰ ਬਚਾ/ਪਾਲ ਰਹੇ ਹੋਣਗੇ ?"

ਜੈਸੀ ਦਾ ਦੂਜਾ ਸਹਿਯੋਗੀ ਇਕ ਲੜਕੀ ਹੈ, ਜੋ ਇਕ ਅਜਿਹੇ ਸਾਇੰਸਦਾਨ ਨੂੰ ਮਿਲਣ ਇਕ ਟਾਪੂ ਵਿਚ ਜਾਂਦੀ ਹੈ, ਜਿਥੇ ਉਹ ਆਪਣੀ ਜਾਨ ਬਚਾਉਣ ਲਈ ਲੁਕਿਆ ਹੋਇਆ ਹੈ। ਡਰ ਦੇ ਮਾਰੇ ਉਹ ਨਾ ਆਪਣਾ ਨਾਂ ਦੱਸਦਾ ਹੈ ਅਤੇ ਨਾ ਹੀ ਰੌਸ਼ਨੀ ਦੇ ਵਿਚ ਆਪਣਾ ਮੂੰਹ ਵਿਖਾਉਂਦਾ ਹੈ। ਬਸ ਲਗਾਤਾਰ ਸਿਗਰਟ ਪੀਵੀ ਜਾਂਦੇ। ਸਤਵੇਂ ਦਹਾਕੇ ਵਿਚ ਇਹ ਮੌਸਮ ਵਿਗਿਆਨੀ ਪ੍ਰਸਿੱਧੀ ਦੀ ਚੋਟੀ ਉੱਤੇ ਸੀ, ਜਦੋਂ ਉਹ ਧਰਤੀ ਦੇ ਠਰਣ-ਠੰਡਾਈ ਦੀ ਗੱਲ ਕਰਦਾ ਸੀ। ਜਦੋਂ ਉਹ ਭੂਗੋਲਿਕ ਤਪਾਈ ਦੇ ਵਿਰੋਧ ਉੱਤੇ ਅੜਿਆ, ਤਦੋਂ ਤੋਂ ਉਸ ਨੂੰ ਅਤੇ ਪਰਿਵਾਰ ਨੂੰ ਮੌਤ ਦੀਆਂ ਧਮਕੀਆਂ ਮਿਲਣ ਲੱਗ ਪਈਆਂ। ਉਹ ਉੱਕਾ ਹੀ ਹਿੱਲ/ਸਹਿਮ ਗਿਆ ਅਤੇ ਆਪਣੇ ਬਚਾਓ ਲਈ ਇਕ ਛੁਪੇ ਹੋਏ ਟਾਪੂ ਅੰਦਰ ਸ਼ਰਨ ਲੈ ਲਈ। ਉਸ ਨੇ ਕਿਹਾ, "ਧਰਤੀ ਦਾ ਮੌਸਮ ਤਾਂ ਸਦਾ ਹੀ ਬਦਲਦਾ ਰਹਿੰਦਾ ਹੈ। ਇਸ ਦਾ ਇੱਕੋ ਇਕ ਕਾਰਨ ਹੈ ਅਤੇ ਉਹ ਹੈ ਸੂਰਜ ਦੀ ਵਧਦੀ-ਘਟਦੀ ਗਰਮੀ। ਇਨਸਾਨੀ ਕੰਮਾਂ ਦਾ ਤਾਂ ਤਿਲ ਮਾਤਰ ਵੀ ਅਸਰ ਨਹੀਂ ਹੈ। ਯੂ.ਐਨ. ਦੀ ਏਜੰਸੀ IPCC (Inter–Governmental Panel in Climate Change) ਨੇ ਜਾਣ ਬੁੱਝ ਕੇ ਏਸ ਪੱਖ ਨੂੰ ਪੂਰੀ ਤਰ੍ਹਾਂ ਵਿਸਾਰ ਕੇ ਕਾਰਬਨ ਡਾਈਆਕਸਾਈਡ ਦੀ "ਖ਼ਤਰਨਾਕ ਇਨਸਾਨੀ ਪੈਦਾਵਾਰ" ਉੱਤੇ ਜ਼ੋਰ ਲਗਾ ਰੱਖਿਆ ਹੈ। ਉਹ ਏਸ ਦਲੀਲ ਨੂੰ ਵਰਤ ਕੇ ਲੋਕਾਂ ਦੀਆਂ ਜ਼ਿੰਦਗੀਆਂ ਦੇ ਉੱਤੇ ਸਿਆਸੀ ਗ਼ਲਬਾ ਪਾ ਰਹੇ ਨੇ – ਬੱਚੇ ਕਿੰਨੇ ਨੇ, ਧਰਤੀ ਉੱਤੇ ਲੋਕ ਕਿੰਨੇ ਨੇ, ਕਾਰ ਚਲਾਉਂਦੇ ਨੇ ਜਾਂ ਨਹੀਂ, ਗੱਲ ਕੀ ਪੂਰੇ ਕੰਮ-ਕਾਜ ਨੂੰ ਇਕ ਜੁਰਮ ਬਣਾ ਰਹੇ ਨੇ। ਉਨ੍ਹਾਂ ਨੇ ਇਹ ਮੱਤ ਬਣਾਇਆ ਹੈ ਕਿ ਜੇ ਉਹ ਕਾਰਬਨ ਨੂੰ ਹਥਿਆਰ ਵਾਂਗ ਵਰਤਣ ਵਿਚ ਕਾਮਯਾਬ ਹੋ ਜਾਣ ਤਾਂ ਉਹ ਕੁੱਲ ਦੁਨੀਆਂ ਨੂੰ ਆਪਣੀ ਮੁੱਠੀ ਵਿਚ

ਕਰ ਲੈਣਗੇ। ਭੂਗੋਲਿਕ ਤਪਾਈ ਨੂੰ ਪੌਣ-ਪਾਣੀ ਦੇ ਧਰਮ ਦਾ ਇਕ ਅੰਗ ਬਣਾ ਕੇ ਲੋਕਾਂ ਉੱਤੇ ਠੋਸੀ ਜਾ ਰਹੇ ਹਨ। ਉਸ ਨੇ 'ਐਲਗੋਰ' ਦੀਆਂ 'ਮਿਊਚਲ ਫ਼ੰਡ' ਕੰਪਨੀਆਂ ਦਾ ਜ਼ਿਕਰ ਕੀਤਾ ਜੋ ਸਰਕਾਰਾਂ ਉੱਤੇ ਦਬਾਅ ਪਾ ਰਹੀਆਂ ਹਨ ਕਿ ਉਹ ਭੂਗੋਲਿਕ ਤਪਸ਼ ਕਿਹੜੇ ਢੰਗਾਂ ਨਾਲ ਘੱਟ ਕਰਨ। ਇਸ ਨੇਕ ਕੰਮ ਲਈ ਕੰਪਨੀਆਂ ਦੇ ਮਾਹਿਰਾਂ ਦੀ ਸੇਵਾ ਲੈਣ। ਸੇਵਾ ਦਾ ਮੇਵਾ ਤਾਂ ਕੰਪਨੀਆਂ ਨੇ ਲੈਣਾ ਹੀ ਹੁੰਦਾ ਹੈ। 'ਐਲਗੋਰ' ਸਾਡੇ ਤੁਹਾਡੇ ਨਾਲੋਂ ਵੱਧ ਸਾਇੰਸ ਨਹੀਂ ਜਾਣਦਾ। ਪਰ ਉਸ ਨੂੰ ਰਸਤਾ ਲੱਭ ਗਿਆ ਹੈ ਕਿ ਡਾਲਰ ਕਿਵੇਂ ਬਣਾਏ ਜਾਂਦੇ ਹਨ।"

ਹੁਣ ਤਕ ਦੀ ਪੁੱਛ ਪਰਤੀਤ ਤੋਂ ਇੰਜ ਜਾਪਦੈ, ਕਿ ਕੋਈ ਮਹਾਂ ਸ਼ਕਤੀ ਨਾ ਕੇਵਲ ਭੂਗੋਲਿਕ ਤਾਪ ਦਾ ਪ੍ਰਚਾਰ ਕਰ ਰਹੀ ਹੈ, ਬਲਕਿ ਉਹ ਇਸ ਵਿਚਾਰਧਾਰਾ ਦੇ ਵਿਰੋਧੀਆਂ ਦਾ ਡਰਾ, ਧਮਕਾ ਅਤੇ ਮੁਕਾ ਕੇ ਮੂੰਹ ਬੰਦ ਵੀ ਕਰ ਸਕਦੀ ਹੈ।

ਭੂਗੋਲਿਕ ਤਾਪ ਉੱਤੇ ਬੀ.ਬੀ.ਸੀ. ਵਾਸਤੇ ਇਕ ਫ਼ਿਲਮ ਬਣਾਈ 'ਮਾਰਟਿਨ' ਨੇ। ਉਸ ਨੇ ਕਿਹਾ ਕਿ 'ਐਲਗੋਰ' ਦੀ ਫ਼ਿਲਮ ਜਿਸ ਨੂੰ ਪਿੱਛੋਂ ਇਨਾਮ ਵੀ ਮਿਲਿਆ, ਉਸ ਅੰਦਰ ਕਈ ਤਰੁੱਟੀਆਂ/ਖ਼ਾਮੀਆਂ ਹਨ :

1. ਕੀ ਕਾਰਬਨ ਡਾਈਆਕਸਾਈਡ ਸੱਚਮੁੱਚ ਵੱਧ ਰਹੀ ਹੈ ?

2. ਕੀ ਧਰਤੀ ਸੱਚਮੁੱਚ ਗਰਮ ਹੋ ਰਹੀ ਹੈ ?

3. ਕੀ ਧਰਤੀ ਦੀ ਤਬਾਹੀ ਜਲਦੀ ਹੀ ਨਿਸਚਿਤ ਹੈ, ਜਿਵੇਂ ਐਲਗੋਰ ਕਹਿੰਦੈ ?

ਮਾਰਟਿਨ ਦੇ ਅਨੁਸਾਰ 'ਐਲਗੋਰ' ਸੱਚਾ ਨਹੀਂ ਹੈ। ਭੂਗੋਲਿਕ ਤਾਪ ਇਕ ਸਿਆਸੀ ਫ਼ਲਸਫ਼ਾ ਹੈ।

ਜੈਸੀ ਵੈਨਤੂਰਾ ਨੇ ਆਪਣੇ ਸਹਿਯੋਗੀਆਂ ਨੂੰ ਬਾਰ-ਬਾਰ ਤਾੜਨਾ ਕੀਤੀ, "ਹਰ ਬਦੀ ਦੇ ਪਿੱਛੇ ਨਕਦ ਨਰਾਇਣ ਹੁੰਦਾ ਹੈ, ਇਸ ਲਈ ਪੈਸੇ ਦੀ ਪੂਛਲ ਨੂੰ ਲੱਭੋ।"

ਜੈਸੀ ਦੀ ਅਗਲੀ ਖੋਜ ਲਿਜਾਂਦੀ ਹੈ, 'ਸਿਲੀਕਾਨ ਵੈਲੀ' ਕੈਲੀਫ਼ੋਰਨੀਆ ਦੀ ਇਕ ਕੰਪਨੀ ਵੱਲ, ਜਿਸ ਦਾ ਨਾਂ ਹੈ 'ਹਾਰਾ ਕਾਰਪੋਰੇਸ਼ਨ'। ਇਹ ਕਾਰਪੋਰੇਸ਼ਨ 'ਸੀ.ਓ.ਟੂ.' ਦੇ ਖੇਤਰ ਵਿਚ ਓਨੀ ਹੀ ਮਹਾਨ ਹੈ, ਜਿੰਨੀ ਕੰਪਿਊਟਰ ਸਾਫ਼ਟਵੇਅਰ ਵਿਚ ਮਾਈਕ੍ਰੋਸਾਫ਼ਟ। ਹਾਰਾ ਕੰਪਨੀ ਅੰਦਰ, ਐਲਗੋਰ ਨੇ ਚੋਖਾ ਪੈਸਾ ਦਾਅ ਉੱਤੇ ਲਾਇਆ ਹੋਇਆ ਹੈ। ਅੰਦਰੋਂ ਇਹ ਤੱਥ ਜਾਣਦੇ ਹੋਏ, ਜੈਸੀ ਅਤੇ ਉਸ ਦੀ ਸਹਿਯੋਗਣ ਕੰਪਨੀ ਦੇ ਸੀ.ਈ.ਓ./ਉੱਚ ਅਧਿਕਾਰੀ, ਭਾਰਤੀ ਮੂਲ ਦੇ ਅਮਿਤ ਚੈਟਰਜੀ ਨੂੰ ਮਿਲਦੇ ਹਨ। ਅਮਿਤ ਦੱਸਦਾ ਹੈ ਕਿ ਹਾਰਾ ਕਾਰਪੋਰੇਸ਼ਨ ਉਸਾਰੂ/ਬਿਲਡਰ ਕੰਪਨੀਆਂ ਨੂੰ ਸੁਝਾਉਂਦੀ ਹੈ, ਜੋ ਕਿਵੇਂ ਸ਼ਕਤੀ/ਊਰਜਾ, ਪਾਣੀ ਅਤੇ ਕਚਰੇ ਨੂੰ ਸੁਚੱਜੇ ਢੰਗ ਨਾਲ ਨਿਪਟਾ ਕੇ 'ਸੀ.ਓ.ਟੂ.' ਦੀ ਮਾਤਰਾ ਘਟਾਈ ਜਾ ਸਕਦੀ ਹੈ। ਸਲਾਹ ਲੈਂਦੀਆਂ ਕੰਪਨੀਆਂ ਨੂੰ ਚੋਖਾ ਵਿੱਤੀ ਫ਼ਾਇਦਾ ਹੁੰਦਾ ਹੈ। ਅਮਿਤ ਕਹਿੰਦਾ ਹੈ, "ਅਮਰੀਕਾ ਦੇ ਅੰਦਰ 2015 ਤਕ ਕਾਰਬਨ ਦੀ ਮੰਡੀ ਕਈ ਟ੍ਰਿਲੀਅਨ ਡਾਲਰ ਤਕ ਜਾਣ ਵਾਲੀ ਹੈ। ਉਸ ਵਪਾਰ ਅੰਦਰ ਮੇਰੀ ਕੰਪਨੀ ਕਈ ਬਿਲੀਅਨ ਡਾਲਰਾਂ ਦੀ ਉਮੀਦ ਰੱਖਦੀ ਹੈ।" ਉਸ ਨੂੰ ਇਕ ਸਿੱਧਾ ਸਵਾਲ ਪੁੱਛਿਆ ਗਿਆ ਕਿ, "ਕੀ ਐਲਗੋਰ ਦਾ ਇਸ ਕੰਪਨੀ ਨਾਲ ਕੋਈ ਰਿਸ਼ਤਾ

ਹੈ?" ਉਸ ਨੇ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ। ਬਸ ਏਨਾ ਹੀ ਕਿਹਾ, "ਸਾਡਾ 'ਐਲਗੋਰ' ਨਾਲ ਕੋਈ ਸਿੱਧਾ ਸੰਬੰਧ ਨਹੀਂ ਹੈ।"

'ਐਲਗੋਰ' ਚੋਖੀ ਨਕਦੀ ਬਣਾ ਰਿਹਾ ਹੈ ਅਤੇ ਉਹ ਲੁਕਾ ਵੀ ਨਹੀਂ ਰਿਹਾ। ਉਹ ਤਗੜੀਆਂ ਫ਼ੀਸਾਂ ਲੈ ਕੇ ਲੈਕਚਰ ਦੇ ਰਿਹੈ, ਉਸ ਦੀ ਫ਼ਿਲਮ ਨੂੰ ਨੋਬੇਲ ਇਨਾਮ ਵੀ ਮਿਲ ਚੁੱਕਿਐ। ਜੈਸੀ ਨੂੰ ਖੁੜਕਦਾ ਹੈ ਕਿ ਕਿਵੇਂ ਐਲਗੋਰ ਜੇਹਾ ਇਕ ਸਾਧਾਰਨ ਵਿਅਕਤੀ ਭੂਗੋਲਿਕ ਤਾਪ ਦੀ ਏਡੀ ਵੱਡੀ ਮੁਹਿੰਮ ਦਾ ਬਾਨੀ ਹੋ ਸਕਦੈ। ਭੂਗੋਲਿਕ ਖੇਡ ਉਸ ਦੇ ਵੱਸ ਦਾ ਰੋਗ ਨਹੀਂ। ਇਹ ਤਾਂ ਕੋਈ ਬਹੁਤ ਵੱਡਾ ਛੁਪਾ-ਰੁਸਤਮ ਹੋਣਾ ਚਾਹੀਦਾ ਹੈ, ਜੋ ਪਿੱਛੋਂ ਹੀ ਤਣਾਵਾਂ ਖਿੱਚ ਰਿਹਾ ਹੈ। ਖੋਜ ਅਜਿਹੇ ਰਹੱਸਮਈ ਵਿਅਕਤੀ ਵੱਲ ਹੋਣੀ ਚਾਹੀਦੀ ਹੈ। ਪਰ ਲੱਭੀਏ ਕਿਥੇ?

ਲਾਰਡ ਕ੍ਰਿਸਟੋਫ਼ਰ ਮੌਨਕਟਨ ਵਾਸ਼ਿੰਗਟਨ ਵਿਚ ਰਹਿੰਦਾ ਹੈ ਅਤੇ ਭੂਗੋਲਿਕ ਤਾਪ ਲਹਿਰ ਦਾ ਵਿਰੋਧੀ ਹੈ। ਉਹ ਵਪਾਰੀ ਹੈ, ਸਿਆਸਤਦਾਨ ਹੈ ਅਤੇ ਇਕ ਸਮੇਂ ਬ੍ਰਿਟਿਸ਼ ਪ੍ਰਧਾਨ ਮਾਰਗ੍ਰੇਟ ਥੈਚਰ ਦਾ ਸਲਾਹਕਾਰ ਰਹਿ ਚੁੱਕਿਆ ਹੈ। ਉਹ ਸਵਾਲ ਕਰਦਾ ਹੈ, "ਜਦ ਕਿ ਪਿਛਲੇ ਅੱਠ ਸਾਲਾਂ ਤੋਂ ਤਾਪਮਾਨ ਹੇਠਾਂ ਵੱਲ ਜਾ ਰਿਹਾ ਹੈ, ਤੁਸਾਂ ਕਦੇ ਏਸ ਬਾਰੇ ਟੀ.ਵੀ. ਜਾਂ ਅਖ਼ਬਾਰਾਂ ਅੰਦਰ ਅਜਿਹੀ ਕੋਈ ਖ਼ਬਰ ਵੇਖੀ ਹੈ? ਜ਼ਾਹਰ ਹੈ ਕਿ ਸਰਕਾਰੀ ਢਾਂਚੇ/ਅਫ਼ਸਰਾਂ, ਸਾਇੰਸਦਾਨਾਂ ਅਤੇ ਵਪਾਰੀਆਂ ਵਿਚਕਾਰ ਮਿਲੀਭੁਗਤ ਹੈ। ਭੂਗੋਲਿਕ ਤਾਪ ਕਮਾਈ ਕਰਨ ਦਾ ਸਾਧਨ ਹੈ।" ਉਹ ਭੂਗੋਲਿਕ ਤਾਪ ਨੂੰ ਗਿਣੀ ਮਿਥੀ ਸਾਜ਼ਸ਼ ਮੰਨ ਕੇ ਕਹਿੰਦਾ ਹੈ, "ਇਕ ਅਜਿਹਾ ਸਮਾਂ ਆ ਸਕਦਾ ਹੈ, ਜਦੋਂ 20 ਸਾਲਾਂ ਤੋਂ ਸਾਜ਼ਸ਼ਾਂ ਕਰਦੀਆਂ ਆ ਰਹੀਆਂ ਸ਼ਕਤੀਆਂ, ਆਪਣੀ ਤੈਅ/ਮਿੱਥੀ ਮੰਜ਼ਲ ਉੱਤੇ ਪਹੁੰਚ ਜਾਣ। ਉਹ ਮੰਜ਼ਲ ਕੀ ਹੈ? ਉਹ ਹੈ ਇਕ ਅਜਿਹੀ ਕੇਂਦਰੀ ਸ਼ਕਤੀ ਜਿਸ ਨੂੰ ਪਾਲ ਕੇ, ਉਭਾਰ ਕੇ, 'ਦੁਨੀਆਂ ਦੀ ਇਕ ਸਰਕਾਰ' ਦੇ ਰੂਪ ਵਿਚ ਗੱਦੀ-ਨਸ਼ੀਨ ਕੀਤਾ ਜਾ ਸਕੇ।"

ਲਾਰਡ ਮੌਨਕਟਨ ਕਹਿੰਦਾ ਹੈ ਕਿ ਭੂਗੋਲਿਕ ਤਾਪ ਦੀ ਕੁੱਲ ਲਹਿਰ ਇਕ ਵਿਅਕਤੀ ਹੱਥੋਂ ਸ਼ੁਰੂ ਕਰਵਾਈ ਗਈ, ਜਿਸ ਦਾ ਨਾਂ ਹੈ, ਮੋਰਿਸ ਸਟ੍ਰਾਂਗ, ਜੋ ਯੂ.ਐਨ. ਅੰਦਰ ਇਕ ਉੱਚ ਅਧਿਕਾਰੀ ਸੀ। ਉਸ ਦੀ ਸ਼ੁਰੂ ਤੋਂ ਦਿਲੀ ਖ਼ਾਹਿਸ਼ ਸੀ ਕਿ ਕੁੱਲ ਦੁਨੀਆਂ ਦੀ ਇੱਕੋ ਇਕ ਸਰਕਾਰ ਹੋਣੀ ਚਾਹੀਦੀ ਹੈ। ਸਾਜ਼ਸ਼ ਦੀ ਹੁਣ ਥੋੜ੍ਹੀ ਬਹੁਤ ਸਮਝ ਆਉਣ ਲੱਗੀ ਹੈ। 'ਐਲਗੋਰ' ਤਾਂ ਕੇਵਲ ਵਿਖਾਵੇ ਲਈ ਖੁੱਲ੍ਹਮ-ਖੁੱਲ੍ਹਾ ਖਿਡਾਰੀ ਹੈ ਜਾਂ ਵਿਖਾਵੇ ਲਈ ਹੈ ਅਤੇ ਅਸਲੀ ਜਾਦੂਗਰ ਪਰਦੇ ਦੇ ਪਿੱਛੇ ਹੈ–ਮੋਰਿਸ ਸਟ੍ਰਾਂਗ। ਤਾਂ ਤੇ ਹੁਣ ਏਸ ਮਹਾਂਪੁਰਸ਼ ਬਾਰੇ ਜਾਣਕਾਰੀ ਲਈਏ।

ਮੋਰਿਸ ਸਟ੍ਰਾਂਗ ਕਨੇਡਾ ਦਾ ਜੰਮਪਲ ਹੈ ਅਤੇ ਉਹ ਯੂ.ਐਨ. ਅੰਦਰ ਕਈ ਦਹਾਕਿਆਂ ਤੋਂ ਪੌਣ-ਪਾਣੀ ਬਾਰੇ ਕੱਟੜ ਸਖ਼ਤ ਵਿਚਾਰਾਂ ਕਾਰਨ ਜਾਣਿਆ ਜਾਂਦਾ ਰਿਹਾ ਹੈ। "ਦੇਸਾਂ ਨੂੰ ਆਪਣੇ ਕਾਰਿਆਂ ਦੇ ਹੋਰਨਾਂ ਉੱਤੇ ਪੈਂਦੇ ਬੁਰੇ ਅਸਰ ਦੀ ਜ਼ਿੰਮੇਵਾਰੀ ਲੈਣੀ ਪਵੇਗੀ।" ਉਹ 1972 ਦੀ ਪਰਿਆਵਰਨ ਬਾਰੇ ਮੀਟਿੰਗ ਦਾ ਜਨਰਲ ਸਕੱਤਰ ਸੀ, ਉਸ ਨੇ ਗਰੀਨ/ਹਰੀ/ਹਰਿਆਲੀ ਲਹਿਰ ਚਲਾਈ। ਯੂ.ਐਨ. ਪਰਿਆਵਰਨ ਪ੍ਰੋਗਰਾਮ ਦਾ ਡਾਇਰੈਕਟਰ ਬਣਿਆ। 1992 ਦੀ ਰੀਓ ਸ਼ਹਿਰ ਅੰਦਰ ਯੂ.ਐਨ. 'ਅਰਥ

ਸਮਿੱਟ' ਭਾਵ 'ਧਰਤੀ ਚੋਟੀ ਕਾਨਫ਼ਰੰਸ' ਨੂੰ ਸੰਗਠਿਤ ਕੀਤਾ, ਜਿਸ ਮੀਟਿੰਗ ਤੋਂ 1995 ਦੀ ਕਿਓਟੋ (ਜੀ.ਐਚ.ਜੀ./ਸੀ.ਓ.ਟੂ. ਕਾਬੂ ਵਿਚ ਲਿਆਉਣ ਦੀ) ਮੀਟਿੰਗ ਦੀ ਬੁਨਿਆਦ ਬੱਝੀ। ਉਸ ਫ਼ਰਮਾਇਆ, "ਅਸੀਂ ਸਭ ਇਕ ਹੀ ਟੱਬਰ ਹਾਂ। ਧਰਤੀ ਸਾਡੇ ਸਾਰਿਆਂ ਦਾ ਸਾਂਝਾ ਘਰ ਹੈ। ਅਸਾਂ ਰਲ-ਮਿਲ ਕੇ ਇਸ ਦੀ ਰੱਖਿਆ ਕਰਨੀ ਹੈ।" ਕਿੰਨੇ ਸ਼ੁਭ ਅਤੇ ਧਾਰਮਿਕ ਵਿਚਾਰ ਸਨ। ਉਸ ਦੇ ਵਿਰੋਧੀ ਤਾਂ ਕਹਿੰਦੇ ਹਨ ਕਿ ਮੌਰਿਸ ਸਟ੍ਰਾਂਗ ਭੇਡ ਦੀ ਖੱਲ ਅੰਦਰ ਬਘਿਆੜ ਹੈ। ਉਹ ਗਰੀਨ/ਹਰੇ ਦਾ ਖੋਖਣ ਕਰਦਾ ਹੈ, ਜਦ ਕਿ ਉਸ ਦਾ ਧਿਆਨ ਅਰਬਾਂ ਹੀ ਹਰੇ ਡਾਲਰ ਨੋਟਾਂ ਦੀ ਕਮਾਈ ਵੱਲ ਹੈ। ਕਹਿੰਦਾ ਹੈ, "ਅਸੂਲ ਇਹ ਹੈ ਕਿ ਪਲੀਤ ਕਰਨ ਵਾਲਾ ਦੰਡ ਭਰੇ। ਨੁਕਸਾਨ ਕਰਨ ਵਾਲੇ ਜੁਰਮਾਨਾ ਭਰਨ।" ਮੌਰਿਸ ਸਟ੍ਰਾਂਗ ਅਰਬਾਂਪਤੀ ਹੈ ਅਤੇ ਤੇਲ ਦੇ ਵਪਾਰ ਅੰਦਰ ਹੈ। ਉਹ 'ਸ਼ਿਕਾਗੋ ਕਲਾਈਮੇਟ ਐਕਸਚੇਂਜ' ਦਾ ਡਾਇਰੈਕਟਰ ਹੈ, ਇਹ ਸੰਸਥਾ ਉਨ੍ਹਾਂ ਨੂੰ ਕਾਰਬਨ ਕ੍ਰੈਡਿਟ/ਕਰਜ਼ੇ ਵੇਚਦੀ ਹੈ, ਜੋ ਪਰਿਆਵਰਨ ਦੀ ਪਲੀਤਗੀ ਜਾਰੀ ਰੱਖਦੇ ਹਨ। ਉਹ 2005 ਵਿਚ ਯੂ.ਐਨ. ਦੇ "ਤੇਲ ਬਦਲੇ ਖ਼ੁਰਾਕ" ਇਰਾਕੀ ਪ੍ਰੋਗਰਾਮ ਅੰਦਰ, ਇਕ ਵੱਡੀ ਹੇਰਾ-ਫੇਰੀ ਵਿਚ ਬੇਨਕਾਬ ਹੋ ਗਿਆ। ਉਹ ਯ.ਐਨ. ਨੂੰ ਛੱਡ ਕੇ ਬੀਜਿੰਗ, ਚੀਨ ਵਿਚ ਜਾ ਵੱਸਿਆ। ਓਥੇ ਉਸ ਤਾਈਂ ਕੋਈ ਪਹੁੰਚ ਨਹੀਂ ਸਕਦਾ। ਉਸ ਦੇ ਘਰ ਦੇ ਬਾਹਰ ਤਗੜੀ ਗਾਰਦ ਹੈ। ਲਾਰਡ ਮੌਨਕਟਨ ਮੁਤਾਬਿਕ ਮੌਰਿਸ ਸਟ੍ਰਾਂਗ ਆਈ.ਪੀ.ਸੀ.ਸੀ. ਨੂੰ ਸਥਾਪਤ ਕਰਨ ਦੇ ਪਿੱਛੇ ਸੀ। ਅੱਜ-ਕੱਲ੍ਹ ਉਸ ਆਈ.ਪੀ.ਸੀ.ਸੀ. ਦਾ ਪ੍ਰਧਾਨ ਭਾਰਤੀ ਰਾਜਿੰਦਰ ਪਚੌਰੀ ਹੈ। ਏਸ ਨੂੰ ਵੀ ਆਈ.ਪੀ.ਸੀ.ਸੀ. ਸੰਬੰਧਿਤ ਨੋਬੇਲ ਇਨਾਮ ਮਿਲਿਆ ਸੀ। ਆਈ.ਪੀ.ਸੀ.ਸੀ. ਨੇ ਰੁੱਤਾਂ/ਕਲਾਈਮੇਟ ਬਾਰੇ ਚਾਰ ਵੱਡੀਆਂ ਰਿਪੋਰਟਾਂ ਪੇਸ਼ ਕੀਤੀਆਂ, ਹਰ ਰਿਪੋਰਟ ਪਹਿਲੀ ਰਿਪੋਰਟ ਨਾਲੋਂ ਵੱਧ ਕੇ ਬੇਹੂਦਾ ਸੀ। ਹੁਣ ਤਾਂ "ਮੌਸਮੀ ਬੁਖ਼ਾਰ" ਏਨਾ ਉੱਚਾ ਚੜ੍ਹਾਅ ਦਿੱਤਾ ਗਿਆ ਹੈ ਕਿ ਜਿਵੇਂ ਉਨ੍ਹਾਂ ਨੂੰ ਇਕ ਭੂਗੋਲਿਕ ਸਰਕਾਰ ਦਾ ਨਿਸ਼ਾਨਾ ਨੇੜੇ ਜਾਪਦਾ ਹੋਵੇ।

ਆਈ.ਪੀ.ਸੀ.ਸੀ. ਦੀਆਂ ਰਿਪੋਰਟਾਂ ਵਿਗਾੜਨ ਅਤੇ ਭੂਗੋਲਿਕ ਤਾਪ ਦਾ ਹਊਆ ਖੜਾ ਕਰਨ ਲਈ ਮੌਰਿਸ ਸਟ੍ਰਾਂਗ ਨੇ ਰਿਪੋਰਟ ਦੇ ਮੁੱਖ ਸਾਇੰਸਦਾਨ ਬੈਂਜਮਨ ਸਾਂਟੇ ਨੂੰ ਵਰਤਿਆ। ਸਾਂਟੇ ਦੇ ਹੇਠਾਂ ਕੰਮ ਕਰ ਰਹੇ ਸਾਇੰਸਦਾਨਾਂ ਦੀ ਕਮੇਟੀ ਨੇ ਜਦੋਂ ਰਿਪੋਰਟ ਦਿੱਤੀ ਤਾਂ ਉਸ ਰਿਪੋਰਟ ਅਨੁਸਾਰ ਇਨਸਾਨੀ ਕਾਰਜਾਂ ਦਾ ਤਾਪਮਾਨ ਦੇ ਵਧਣ ਘਟਣ ਨਾਲ ਕੋਈ ਸੰਬੰਧ ਨਹੀਂ ਸੀ। ਸਾਂਟੇ ਨੇ ਇਹ ਨਤੀਜੇ ਕੱਟ ਕੇ ਨਵੇਂ ਨਤੀਜੇ ਦਰਜ ਕਰ ਦਿੱਤੇ। ਇਹ ਆਈ.ਪੀ.ਸੀ.ਸੀ. ਦੀ ਮੋਹਰ ਹੇਠ ਰਿਪੋਰਟ ਸੀ।

ਬੈਨਜਮਨ ਸਾਂਟੇ, ਉੱਤਰੀ ਕੈਲੀਫ਼ੋਰਨੀਆ ਵਿਚ 'ਲਿਵਰਮੋਰ ਨੈਸ਼ਨਲ ਲੈਬਾਰਟਰੀ' ਦਾ ਮੁਖੀ ਹੈ ਅਤੇ ਉਹ ਭੂਗੋਲ ਪ੍ਰੇਮੀ ਮੌਰਿਸ ਸਟ੍ਰਾਂਗ ਦੇ ਬਹੁਤ ਨੇੜੇ ਹੈ। ਜੈਮੀ ਦੀ ਸਹਿਯੋਗਣ ਉਸ ਦੀ ਇੰਟਰਵਿਊ ਲੈਂਦੀ ਹੈ :

ਸ : ਆਈ.ਪੀ.ਸੀ.ਸੀ. ਰਿਪੋਰਟ 'ਤੇ ਐਨੇ ਸਾਰੇ ਲੋਕ ਸ਼ੱਕ ਕਿਉਂ ਕਰਦੇ ਨੇ ?

ਜ : ਕੋਈ ਜ਼ਿਆਦਾ ਲੋਕ ਨਹੀਂ।

ਸ : ਕ੍ਰਿਸਟੋਫ਼ਰ ਮੌਨਕਟਨ ਕਹਿੰਦਾ ਹੈ ਕਿ ਤੁਸਾਂ ਦਸਤਾਵੇਜ਼ਾਂ ਅੰਦਰ ਫੇਰ-ਬਦਲ ਕੀਤੀ ਹੈ। ਠੀਕ ਹੈ ?

ਜ : ਲਾਰਡ ਮੌਨਕਟਨ ਨੇ ਰਿਪੋਰਟ ਦੀ ਕਾਰਵਾਈ ਵਿਚ ਤਾਂ ਕੋਈ ਹਿੱਸਾ ਨਹੀਂ ਲਿਆ। ਮੈਂ ਤਾਂ ਵਿਚ ਸਾਂ। ਪੂਰਾ ਚੈਪਟਰ ਪੜ੍ਹਨ ਤੋਂ ਪਿੱਛੋਂ ਮੈਂ ਏਸ ਨਤੀਜੇ ਉੱਤੇ ਪਹੁੰਚਿਆ, ਜੋ ਮੇਰੀ ਸੋਚ ਅੰਦਰ ਲਫ਼ਜ਼-ਬ-ਲਫ਼ਜ਼ ਉਕਰਿਆ ਹੋਇਆ ਹੈ, ਉਹ ਹੈ, "ਕੁੱਲ ਸਬੂਤਾਂ ਨੂੰ ਸੰਤੁਲਿਤ ਕੀਤਿਆਂ, ਇਹ ਰਾਇ ਪ੍ਰਤੱਖ ਹੁੰਦੀ ਹੈ ਕਿ ਭੂਗੋਲਿਕ ਕਲਾਈਮੇਟ ਪੌਣ-ਪਾਣੀ ਉੱਤੇ ਚੋਖਾ ਇਨਸਾਨੀ ਪ੍ਰਭਾਵ ਹੈ।"

ਸ : ਪਰ ਕੀ ਤੁਸਾਂ ਰਿਪੋਰਟ ਦੇ ਕੁਝ ਹਿੱਸਿਆਂ ਦੀ ਛਾਂਟੀ ਕੀਤੀ?

ਜ : ਬਾਕੀ ਦੇ ਚੈਪਟਰਾਂ/ਕਾਂਡਾਂ ਦੇ ਨਾਲ ਮੇਲ ਰੱਖਣ ਲਈ, ਕੁਝ ਹਿੱਸੇ ਕੱਢਣੇ ਜ਼ਰੂਰੀ ਸਨ। ਅੰਤਲਾ ਸੰਖੇਪ ਵੀ ਕੱਢਿਆ।

ਸ : ਐਨੇ ਲੋਕ ਰਿਪੋਰਟ ਉੱਤੇ ਸ਼ੱਕ ਕਿਉਂ ਕਰਦੇ ਹਨ?

ਜ : ਲੋਕਾਂ ਨੂੰ ਤਾਂ ਸਾਜ਼ਸ਼ੀ ਕਹਾਣੀਆਂ ਤੋਂ ਲੁਤਫ਼ ਆਉਂਦਾ ਹੈ।

ਜ਼ਾਹਰ ਹੈ ਕਿ ਬੈਨਜਮਨ ਸਾਂਟੇ ਨੇ ਅਸਲੀ ਰਿਪੋਰਟ ਦੀ ਕੱਟ-ਵੱਢ ਕਰ ਕੇ ਉਸ ਦਾ ਪੂਰਾ ਰੁਖ਼ ਹੀ ਬਦਲ ਦਿੱਤਾ। ਪਰ ਉਸ ਨੂੰ ਇੰਜ ਕਰਨ ਦੀ ਕੀ ਲੋੜ ਸੀ?

ਰਿਪੋਰਟ ਦੀ ਕਾਂਟੀ-ਛਾਂਟੀ ਮੌਰਿਸ ਸਟ੍ਰਾਂਗ ਦੇ ਦਬਾਅ ਹੇਠ ਕੀਤੀ ਗਈ। ਇਸ ਮਹਾਂਪੁਰਸ਼ ਬਾਰੇ ਹੋਰ ਵਾਕਫ਼ੀ ਇਕੱਠੀ ਕਰਨ ਦੀ ਲੋੜ ਹੈ। ਹੋਰ ਵਾਕਫ਼ੀ ਕਿੱਥੋਂ ਲੱਭੇ? ਇਕ ਖੋਜੀ ਫ਼ਿਲਮ ਨਿਰਮਾਤਾ ਐਲੇਕਸ ਜੋਨਜ਼ ਨੇ ਜੈਸੀ ਦੀ ਦੁਬਿਧਾ ਮਿਟਾਈ, "ਮੌਰਿਸ ਸਟ੍ਰਾਂਗ ਤਕ ਪਹੁੰਚਣਾ ਮੁਸ਼ਕਲ ਹੈ। ਉਹ ਕੁੱਲ ਦੁਨੀਆਂ ਅੰਦਰ ਘੁੰਮਦੇ, ਯੂ.ਐਨ. ਦੇ ਅਫ਼ਸਰ ਵਾਂਗ। ਉਸ ਦੇ ਰਾਕਫ਼ੈਲਰ ਫ਼ਾਊਂਡੇਸ਼ਨ ਦੇ ਨਾਲ ਘਣੇ ਸੰਬੰਧ ਨੇ ਅਤੇ ਭੂਗੋਲਿਕ ਟੈਕਸਾਂ ਦੀ ਵਕਾਲਤ ਓਸੇ ਤੋਂ ਸ਼ੁਰੂ ਹੋਈ ਹੈ। ਮੌਰਿਸ ਸਟ੍ਰਾਂਗ ਦੇ ਧੁਰ ਸ਼ੁਰੂ ਦੇ ਕੰਮਾਂ ਵਿਚ 25 ਸਾਲ ਪਹਿਲਾਂ ਉਸ ਦੇ ਹਰ ਕੰਮ ਵਿਚ ਸ਼ਰੀਕ ਸੀ, ਇਕ ਆਦਮੀ ਜੋ ਹੈ 'ਜੌਰਜ ਹੰਟ'। ਉਹ ਤੁਹਾਡੇ ਸਵਾਲਾਂ ਦੇ ਕਈ ਜੰਦਰੇ ਖੋਲ੍ਹੇਗਾ। ਉਹ ਸਮਝਾਵੇਗਾ ਕਿਵੇਂ ਦੁਨੀਆਂ ਦੇ ਕੁੱਲ ਖ਼ਜ਼ਾਨਿਆਂ ਅਤੇ ਲੋਕਾਂ ਨੂੰ ਜਕੜ ਵਿਚ ਲਿਆਉਣ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਕੁਲ ਯੂਰਪੀ ਲੋਕਾਂ ਨੂੰ ਯੂਰਪੀਅਨ ਯੂਨੀਅਨ ਅਤੇ ਯੂਰੋ ਸਿੱਕੇ ਵਿਚ ਫਸਾਉਣ ਵਾਲੀਆਂ ਸ਼ਕਤੀਆਂ ਵੀ ਏਹੀ ਨੇ।"

ਬੁਰੇ ਦੇ ਘਰ ਪਹੁੰਚਣ ਲਈ ਨੀਝ ਮਾਰੋ ਕਿ ਪੈਸਾ ਕਿਧਰ ਨੂੰ ਜਾ ਰਿਹਾ ਹੈ। ਜੌਰਜ ਹੰਟ ਤਾਂ ਵਾਕਫ਼ੀ, ਧੁਰ ਅੰਦਰਲੀ ਖ਼ਤਰਨਾਕ, ਸਾਜ਼ਸ਼ੀ ਵਾਕਫ਼ੀ ਦਾ ਖ਼ਜ਼ਾਨਾ ਨਿਕਲਿਆ। ਉਸ ਕਿਹਾ :

> "ਅਸੀਂ ਇਕ ਜਾਂ ਦੂਜੇ ਦੇਸ ਦੀ ਨਹੀਂ, ਬਲਕਿ ਸਮੁੱਚੇ ਭੂਗੋਲ ਦੀ ਗੱਲ ਕਰ ਰਹੇ ਹਾਂ। ਮਹਾਂ ਸ਼ਕਤੀਵਰ ਅਮੀਰ ਵਰਗ, ਪਰਿਆਵਰਨ ਦਾ ਭਿਆਨਕ ਖ਼ਤਰੇ ਦਾ ਭੂਤ ਖੜਾ ਕਰ ਕੇ ਲੋਕਾਈ ਨੂੰ ਭੈ-ਭੀਤ ਕਰ ਕੇ ਕੁੱਲ ਦੁਨੀਆਂ ਆਪਣੀ ਮੁੱਠੀ ਵਿਚ ਕਰਨ ਦੇ ਯਤਨਾਂ ਵਿਚ ਹੈ।"

ਜਾਰਜ ਹੰਟ 'ਵਰਲਡ ਵਿਲਡਰਨੈਸ ਕਾਨਫ਼ਰੰਸ 1987' ਵਿਚ ਇਕ ਅਧਿਕਾਰੀ ਸੀ, ਜਿਥੇ ਉਹ ਮੌਰਿਸ ਸਟ੍ਰਾਂਗ ਨੂੰ ਮਿਲਿਆ। ਇਹ ਕਾਨਫ਼ਰੰਸ ਪਰਿਆਵਰਨ ਬਾਰੇ ਹੁੰਦੀ ਰਹਿੰਦੀ ਹੈ। ਮੌਰਿਸ ਸਟ੍ਰਾਂਗ ਨੇ ਆਪਣੇ ਨਾਲ ਆਏ ਸਾਥੀ ਦੀ ਜਾਣ-ਪਛਾਣ ਕਰਵਾਈ। ਉਹ ਕੌਣ ਸੀ? ਉਹ ਸੀ ਇਕ ਮਹਾਨ ਪੂੰਜੀਪਤੀ/

ਫ਼ਾਈਨੈਂਸਰ ਐਡਮੌਂਡ ਰੌਥਚਾਈਲਡ (ਸਾਨੂੰ ਪਤਾ ਹੈ ਰੌਥਚਾਈਲਡ ਪਰਿਵਾਰ ਕੁਲ ਦੁਨੀਆਂ ਅੰਦਰ ਸਭ ਤੋਂ ਵੱਧ ਪੂੰਜੀ ਮੁੱਠੀ ਵਿਚ ਰੱਖਦਾ ਹੈ) ਜੋ 'ਵਰਲਡ ਕਨਜ਼ਰਵੇਸ਼ਨ ਬੈਂਕ/ਭੂਗੋਲ ਰੱਖਿਆ ਬੈਂਕ' ਖੜਾ ਕਰਨ ਦੀ ਇੱਛਾ ਰੱਖਦੇ ਹਨ।

ਮੌਰਿਸ ਸਟ੍ਰਾਂਗ ਨੇ ਜੋ ਸਪੀਚ ਦਿੱਤੀ, ਉਸ ਦੀ ਫ਼ਿਲਮ ਜਿਊਂਦੀ ਜਾਗਦੀ ਇੰਟਰਨੈਟ ਉੱਤੇ ਵੇਖੀ ਜਾ ਸਕਦੀ ਹੈ, ਜਿਸ ਵਿਚ ਉਹ ਕਹਿੰਦਾ ਹੈ: "ਕਨਜ਼ਰਵੇਟਿਵ/ਰੱਖਿਅਕ ਬੈਂਕਿੰਗ ਪ੍ਰੋਗਰਾਮ' ਇਕ ਬਹੁਤ ਅਹਿਮ ਸ਼ੁਰੂਆਤ ਹੈ। ਸਾਡੇ ਕੋਲ ਸੱਚਮੁੱਚ ਇਕ ਅਜਿਹਾ ਵਿਅਕਤੀ ਹੈ, ਜਿਸ ਦੇ ਇਕ ਹੱਥ ਵਿਚ ਪੌਣ-ਪਾਣੀ ਦੀ ਰੱਖਿਆ ਅਤੇ ਦੂਜੇ ਹੱਥ ਵਿਚ ਆਰਥਿਕਤਾ ਹੋਵੇ। ਅਜਿਹੇ ਵਿਅਕਤੀ ਨਾਲ ਤੁਹਾਡੀ ਪਛਾਣ ਕਰਵਾਉਣ ਵਿਚ ਮੈਨੂੰ ਬਹੁਤ ਫ਼ਖ਼ਰ ਹੈ ਅਤੇ ਇਹ ਹੈ ਐਡਮੌਂਡ ਰੌਥਚਾਈਲਡ।" ਮੌਰਿਸ ਸਟ੍ਰਾਂਗ 'ਬਚਾਉ/ਕਨਜ਼ਰਵੇਸ਼ਨ' ਲਹਿਰ ਦਾ ਚਾਲਕ ਸੀ ਅਤੇ ਨਾਲ ਹੀ ਐਡਮੌਂਡ ਰੌਥਚਾਈਲਡ ਦੀ ਸੱਜੀ ਬਾਂਹ ਸੀ।

ਜਾਰਜ ਹੰਟ ਕਹਿੰਦਾ ਹੈ ਕਿ ਏਸ ਮੀਟਿੰਗ ਦੌਰਾਨ ਮੈਨੂੰ ਸਮਝ ਆਈ ਕਿ ਮੌਰਿਸ ਸਟ੍ਰਾਂਗ ਦਰਅਸਲ ਐਡਮੌਂਡ ਰੌਥਚਾਈਲਡ ਦਾ ਕੀਲ੍ਹਾ ਹੈ ਅਤੇ ਅਸਲੀ ਫ਼ੈਸਲੇ ਤਾਂ ਉਸ ਦਾ ਮਾਲਕ ਹੀ ਕਰ ਰਿਹਾ ਸੀ।

ਉਨ੍ਹਾਂ ਦਾ ਨਿਸ਼ਾਨਾ ਕੀ ਹੈ ? "ਉਨ੍ਹਾਂ ਦਾ ਨਿਸ਼ਾਨਾ ਹੈ ਕੁਲ ਲੋਕਾਈ ਨੂੰ ਤੱਤੇ ਹੁੰਦੇ ਮੌਸਮਾਂ ਬਾਰੇ ਭੈ-ਭੀਤ ਕਰਨਾ, ਏਥੋਂ ਤਕ ਸਹਿਮ ਪੈਦਾ ਕਰਨਾ ਕਿ ਉਹ ਮੌਸਮ ਨੂੰ ਬਚਾਉਣ ਦੀ ਜ਼ਿੰਮੇਵਾਰੀ ਬੈਂਕ ਦੇ ਉੱਤੇ ਖ਼ੁਸ਼ੀ ਨਾਲ ਲੱਦ ਦੇਣ ਅਤੇ ਆਪਣੇ ਆਪ ਨੂੰ ਸੁਰਖ਼ਰੂ ਸਮਝਣ। ਏਸ ਬੈਂਕ ਦਾ ਵਤੀਰਾ ਕੁਝ ਸਖ਼ਤ ਹੋਵੇਗਾ, ਉਪਰੋਂ ਉਪਰੋਂ ਇਹ 'ਬਚਾਉ ਬੈਂਕ' ਸਨਅਤਕਾਰੀ ਦਾ ਵਿਰੋਧੀ ਹੋਵੇਗਾ। ਏਸੇ ਰਸਤੇ ਵਿਚ ਕੁਝ ਚੋਣਵੇਂ ਅਮੀਰ, ਕੁਲ ਦੁਨੀਆਂ ਅੰਦਰੋਂ ਸਰਮਾਇਆ ਜੋੜਨਗੇ। ਪਹਿਲਾਂ ਅੱਡ ਅੱਡ ਕੰਪਨੀਆਂ ਰਾਹੀਂ ਅਤੇ ਆਖ਼ਰੀ ਨਿਸ਼ਾਨਾ ਹੈ, ਕੁੱਲ ਦੁਨੀਆਂ ਦੀ ਇਕ ਕਰੰਸੀ ਅਤੇ ਇੱਕੋ ਇਕ ਸਰਕਾਰ। ਸਭ ਰੌਥਚਾਈਲਡ ਦੇ ਹੇਠਾਂ।"

ਕੀ ਬੈਂਕਰ ਕਾਮਯਾਬ ਹੋ ਸਕਦੇ ਨੇ ਆਪਣੇ ਮੰਤਵ ਵਿਚ ? ਹੰਟ ਦਾ ਜਵਾਬ ਇਹ ਹੈ, ਯਾਦ ਰਹੇ ਉਹ ਸਾਡੇ ਨਾਲੋਂ ਕਿਤੇ ਵੱਧ ਚਤੁਰ ਹਨ। ਹੁਣ ਅਸੀਂ ਏਥੋਂ ਤਕ ਪਹੁੰਚੇ ਹਾਂ: ਐਡਮੌਂਡ ਰੌਥਚਾਈਲਡ ਦੀ ਅਗਵਾਈ ਹੇਠ ਮੌਰਿਸ ਸਟ੍ਰਾਂਗ ਨੇ ਇਕ 'ਭੂਗੋਲਿਕ ਬਚਾਓ ਬੈਂਕ' ਦੀ ਵਕਾਲਤ ਕੀਤੀ। ਕੁਝ ਸਾਲਾਂ ਅੰਦਰ ਕਈ ਦਬਾਵਾਂ ਹੇਠਾਂ ਯੂਰਪੀ ਕਰੰਸੀਆਂ ਨੂੰ ਇਕ ਥਾਂ 'ਯੂਰੋ' ਵਿਚ ਬਦਲ ਦਿੱਤਾ ਗਿਆ। ਏਸ ਤਰ੍ਹਾਂ ਦੇਸ਼ਾਂ ਦੇ ਸ਼ਹਿਰੀਆਂ ਦੀ ਸ਼ਕਤੀ ਖੁਰੀ ਅਤੇ ਬਾਹਰੋਂ ਦਬਾਅ ਵਧਣੇ ਸ਼ੁਰੂ ਹੋਏ। ਅੱਜ-ਕੱਲ੍ਹ ਅਮਰੀਕੀ ਡਾਲਰ ਦੇ ਬਦਲ ਦੀਆਂ ਗੱਲਾਂ ਹੋ ਰਹੀਆਂ ਹਨ ਅਤੇ ਇਹ ਸਭ ਸੁਝਾਅ ਯੂ.ਐਨ. (ਅੰਦਰੋਂ ਪ੍ਰਾਈਵੇਟ ਬੈਂਕਰਾਂ) ਵੱਲੋਂ ਆ ਰਹੇ ਹਨ।

ਏਥੇ ਇਹ ਜਾਨਣਾ ਜ਼ਰੂਰੀ ਹੋਵੇਗਾ ਕਿ ਪਹਿਲੀ ਵਿਸ਼ਵ ਜੰਗ ਦੇ ਪਿੱਛੋਂ 'ਲੀਗ ਆਫ਼ ਨੇਸ਼ਨਜ਼' ਨਾਂ ਹੇਠ ਕੁੱਲ ਦੇਸ਼ਾਂ ਨੂੰ ਪ੍ਰਭਾਵ ਹੇਠ ਲਿਆਉਣ ਵਾਲੀ ਸੰਸਥਾ ਦੇ ਪਿੱਛੇ ਸੀ ਬੈਂਕਰਾਂ ਦਾ ਗੁੱਟ – ਰੌਥਚਾਈਲਡ, ਰਾਕਫ਼ੈਲਰ, ਮਾਰਗਨ ਆਦਿ। ਦੂਜੀ ਵਿਸ਼ਵ ਜੰਗ ਪਿੱਛੋਂ ਯੂ.ਐਨ.ਓ. ਬਣਾਉਣ ਵਾਲੇ ਵੀ ਏਹੀ ਬੈਂਕ ਹਨ। 1945 ਤੋਂ

ਅੱਜ ਤਕ ਧਰਤੀ ਉੱਤੇ ਜੋ ਵੀ ਜੰਗਾਂ ਅਤੇ ਬਿਖੇੜੇ ਪਏ ਨੇ, ਕਦੇ ਯੂ.ਐਨ. ਨੇ ਸੁਲਝਾਏ ਨੇ ? ਕੋਰੀਆ, ਵੀਅਤਨਾਮ ਅਤੇ ਅਫ਼ਗਾਨਿਸਤਾਨ ਦੀਆਂ ਜੰਗਾਂ ਯੂ.ਐਨ. ਦੇ ਪਾਸ ਮਤਿਆਂ ਰਾਹੀਂ ਅਮਰੀਕਾ ਤੋਂ ਸ਼ੁਰੂ ਕਰਵਾਈਆਂ ਗਈਆਂ। ਇਰਾਕ ਦੇ ਹਮਲੇ ਲਈ, ਯੂ.ਐਨ. ਵਰਤੀ ਨਹੀਂ ਜਾ ਸਕੀ ਕਿਉਂਕਿ ਬੇਅੰਤ ਦੇਸਾਂ ਵੱਲੋਂ ਇਨਕਾਰੀ ਸੀ ਤਾਂ "ਰਜ਼ਾਮੰਦਾਂ ਦੇ ਗਠਜੋੜ" ਦੇ ਨਾਂ ਉੱਤੇ ਜੰਗ ਛੇੜੀ ਗਈ। ਏਨ੍ਹਾਂ ਬੈਂਕਰਾਂ ਦੀ ਸ਼ਕਤੀ ਦਾ ਸਰਕਾਰਾਂ ਖ਼ਾਸ ਤੌਰ ਉੱਤੇ ਅਮਰੀਕਾ, ਉੱਤੇ ਮੁਕੰਮਲ ਗ਼ਲਬਾ ਜੰਗਾਂ ਸ਼ੁਰੂ ਕਰਵਾਉਂਦਾ ਹੈ ਅਤੇ ਬਲਦੀ ਉੱਤੇ ਤੇਲ ਪਾਉਂਦਾ ਹੈ। ਯੂ.ਐਨ. ਦੇ ਅੰਦਰ ਵੱਖ-ਵੱਖ ਦੇਸਾਂ ਦੇ ਪ੍ਰਧਾਨਾਂ, ਪ੍ਰਧਾਨ ਮੰਤਰੀਆਂ ਆਦਿ ਦੀਆਂ ਸਪੀਚਾਂ ਆਦਿ ਦਾ ਬੈਂਕਰਾਂ ਦੇ ਉਲੀਕੇ ਮਨਸੂਬਿਆਂ/ਪ੍ਰੋਗਰਾਮਾਂ ਦੇ ਉੱਤੇ ਕੋਈ ਅਸਰ ਨਹੀਂ ਹੁੰਦਾ। ਯੂ.ਐਨ. ਮੈਂਬਰ ਸਵੀਕ੍ਰਿਤੀ ਦੇਣ ਜਾਂ ਨਾ ਦੇਣ, ਜੇ ਜੰਗ ਸ਼ੁਰੂ ਕਰਨੀ ਹੈ ਤਾਂ ਕਰ ਹੀ ਦਿੱਤੀ ਜਾਣੀ ਹੈ। ਨਿਸ਼ਾਨਾ ਇਕ ਹੈ, ਕੁੱਲ ਦੁਨੀਆਂ ਦੀ ਉਨ੍ਹਾਂ ਦੇ ਕਾਬੂ ਹੇਠ ਇਕ ਸਰਕਾਰ। ਢੰਗ ਸਿੱਧਾ ਹੈ, ਦੇਸਾਂ ਕੌਮਾਂ ਨੂੰ ਬਾਂਦਰਾਂ ਵਾਂਗ ਝਗੜਾਓ ਅਤੇ ਲੜਾਓ ਅਤੇ ਆਪ ਲੂੰਬੜੀ ਦੀ ਤਰ੍ਹਾਂ ਫ਼ੈਸਲਾ ਕਰੀ ਜਾਵੋ, ਏਧਰੋਂ ਵੀ ਖਾਓ, ਓਧਰੋਂ ਵੀ ਖਾਓ ਅਤੇ ਦੋਹਾਂ ਨੂੰ ਆਪਣੀ ਮੁੱਠੀ ਵਿਚ ਰੱਖੋ। ਦੁਨੀਆਂ ਦੇ ਹਰ ਕੋਨੇ ਵਿਚ ਲੜਾਈਆਂ ਝਗੜਿਆਂ ਦੇ ਦੋਵੇਂ ਪਾਸੇ ਬਾਂਦਰ ਹਨ ਅਤੇ ਇਕ ਪਾਸੇ ਯੂ.ਐਨ. ਲੂੰਬੜੀ ਦਾ ਪਾਲਿਆ ਹੋਇਆ ਲੰਗੂਰ ਹੈ, ਜੋ ਇੱਕੋ ਸਮੇਂ ਕਈ ਬਾਂਦਰਾਂ ਲਈ ਇਕੱਲਾ ਹੀ ਕਾਫ਼ੀ ਹੈ।

ਇਸ ਲੰਗੂਰ ਨੇ ਕਈ ਪਿਛਲੱਗ ਦੇਸਾਂ ਨਾਲ ਰਲ ਕੇ ਇਕ ਮਾਰੂ ਜੰਗੀ ਮਸ਼ੀਨ ਬਣਾਈ ਹੋਈ ਹੈ। ਜਿਧਰ ਵੀ ਹਮਲਾ ਕਰਨੈ, ਰਲ ਕੇ ਕਰਦੇ ਹਨ। ਝੰਡਾ ਯੂ.ਐਨ. ਦਾ ਵਰਤਦੇ ਹਨ, ਅਜੰਡਾ ਬੈਂਕਰਾਂ ਦਾ ਵਧਾਉਂਦੇ ਹਨ। ਲੰਗੂਰ ਸੈਨਾ ਦਾ ਆਪਣਾ ਵੀ ਚੋਖਾ ਨੁਕਸਾਨ ਹੁੰਦੈ। ਫੇਰ ਕੀ ਹੈ, ਤੋਪ ਦੇ ਮੂੰਹ ਵਿਚ ਜਾਣ ਲਈ ਬੇਅੰਤ ਭੁੱਖੇ ਲੋਕ ਭਾੜੇ ਉੱਤੇ ਮਿਲ ਜਾਂਦੇ ਹਨ।

ਭੂਗੋਲਿਕ ਤਾਪ ਪ੍ਰਚਾਰ ਦਾ ਬੁਨਿਆਦੀ ਨੁਕਤਾ ਕੀ ਹੈ? ਹੰਟ : ਪੈਸਾ ਅਤੇ ਬਲ।

ਅੱਜ ਤੋਂ ਇਕ ਸਾਲ ਪਹਿਲਾਂ ਭੂਗੋਲਿਕ ਤਾਪ ਪ੍ਰਚਾਰਨ ਵਾਲੇ ਅੰਤਰਰਾਸ਼ਟਰੀ ਸਾਇੰਸਦਾਨਾਂ ਦਾ ਭਾਂਡਾ ਚੁਰਾਹੇ ਵਿਚ ਫੁੱਟ ਗਿਆ, ਜਦੋਂ ਉਨ੍ਹਾਂ ਦੇ ਸਹਿਯੋਗੀ ਕਾਮਿਆਂ ਨੇ ਉਨ੍ਹਾਂ ਦੇ ਮੰਦ ਕਾਰਜਾਂ ਦੀਆਂ ਆਪੋ ਵਿਚਲੀਆਂ ਈ-ਮੇਲਾਂ ਨੂੰ ਪੂਰੇ ਵਿਸਥਾਰ ਨਾਲ ਇੰਟਰਨੈਟ ਵਿਚ ਖੋਲ੍ਹ ਦਿੱਤਾ। ਹਜ਼ਾਰਾਂ ਚਿੱਠੀਆਂ ਸਾਹਮਣੇ ਆ ਗਈਆਂ, ਜਿਸ ਵਿੱਚੋਂ ਸਾਫ਼ ਪਤਾ ਲੱਗਦਾ ਹੈ ਕਿ ਭੂਗੋਲਿਕ ਤਾਪ ਦੇ ਜਿੰਨ ਨੂੰ ਸਾਬਤ ਕਰਨ ਲਈ ਉਨ੍ਹਾਂ ਨੇ ਧਰਤੀ ਦੇ ਹਰ ਪਾਸਿਓਂ ਆਉਂਦੇ ਤਾਪ ਅੰਕੜਿਆਂ ਅੰਦਰ ਮਨਚਾਹੇ ਫੇਰ-ਬਦਲ ਕੀਤੇ। ਸਾਇੰਸਦਾਨਾਂ, ਐਨੇ ਵੱਡੇ ਸਾਇੰਸਦਾਨਾਂ, ਐਨੇ ਮੰਨੇ ਪ੍ਰਮੰਨੇ ਮਾਣਯੋਗ ਹਸਤੀਆਂ ਦੀ ਮੱਤ ਕਿਵੇਂ ਮਾਰੀ ਗਈ, ਜੋ ਉਹ ਇਨਸਾਨ ਵਿਰੋਧੀ ਅਤੇ ਸਾਇੰਸ ਵਿਰੋਧੀ ਕਾਰਨਾਮੇ ਕਰਨ ਨੂੰ ਤਿਆਰ ਹੋ ਗਏ? ਜਵਾਬ ਹੈ, ਉਹ ਪੈਸਾ ਜੋ ਬਿਲੀਅਨਾਂ ਵਿਚ ਉਨ੍ਹਾਂ ਦੀਆਂ ਪ੍ਰਯੋਗਸ਼ਾਲਾਵਾਂ ਨੂੰ 'ਦਾਨ' ਦੇ ਰੂਪ ਵਿਚ ਬੈਂਕਰਾਂ ਵੱਲੋਂ ਆਇਆ। ਇਹ ਅੱਯਾਸ਼ੀ ਤਾਂ ਗਿਣੇ ਚੁਣੇ ਵਰਤੇ ਜਾਣ ਵਾਲੇ

ਸਾਇੰਸਦਾਨਾਂ ਦੇ ਹਿੱਸੇ ਹੀ ਆਈ। ਦੁਨੀਆਂ ਅੰਦਰ ਬੇਅੰਤ ਏਸ ਪ੍ਰਣਾਲੀ ਦੇ ਵਿਸ਼ੇਸ਼ਗ ਹਨ, ਉਨ੍ਹਾਂ ਨੇ ਆਵਾਜ਼ ਨਹੀਂ ਉਠਾਈ ਏਸ ਹੋ ਰਹੀ ਠੱਗੀ ਦੇ ਉਲਟ ? ਉਠਾਈ, ਬਹੁਤ ਉਠਾਈ, ਪਰ ਜਿਹੜੇ ਮੀਡੀਆ, ਟੀ.ਵੀ. ਆਦਿ ਦੇ ਰਸਤੇ ਸਾਡੇ ਤਕ ਪਹੁੰਚਾਣੀ ਸੀ, ਉਸ ਦਾ ਗਲਾ ਤਾਂ ਬੈਂਕਰਾਂ ਦੇ ਹੱਥ ਵਿਚ ਸੀ। ਭਲਾ ਹੋਵੇ ਇੰਟਰਨੈੱਟ ਦਾ, ਜਿਸ ਰਾਹੀਂ ਉਨ੍ਹਾਂ ਦੇ ਛੱਲ ਦਾ ਪੋਲ ਖੁੱਲ੍ਹਿਆ। ਐਵੇਂ ਨਹੀਂ ਅੱਜ-ਕੱਲ੍ਹ ਇੰਟਰਨੈੱਟ ਉੱਤੇ ਮੁਕੰਮਲ ਕੰਟਰੋਲ ਕੀਤੇ ਜਾਣ ਦੀਆਂ ਗੱਲਾਂ ਹੋ ਰਹੀਆਂ। ਉਨ੍ਹਾਂ ਦਾ ਮੰਤਵ ਹੈ ਇੰਟਰਨੈੱਟ ਬੇਸ਼ਕ ਰਹੇ, ਪਰ ਹਰ ਸੁਨੇਹਾ ਜਾਂ ਵਾਕਫ਼ੀ ਉਨ੍ਹਾਂ ਦੀ ਕੰਟਰੋਲ ਛਾਨਣੀ ਦੇ ਵਿੱਚੋਂ ਪੁਣ ਕੇ ਜਾਣੀ ਚਾਹੀਦੀ ਹੈ।

ਮੌਰਿਸ ਸਟ੍ਰਾਂਗ ਬੈਂਕਰਾਂ ਦਾ ਯੂ.ਐਨ. ਅੰਦਰਲਾ ਮੋਹਰਾ ਸੰਨ 2005 ਵਿਚ ਵਿੱਤੀ ਸਕੈਂਡਲ ਅੰਦਰ ਫਸਣ ਪਿੱਛੋਂ ਬੀਜਿੰਗ ਚੀਨ ਅੰਦਰ ਜਾ ਲੁਕਿਆ। ਜਿਥੇ ਉਸ ਨੂੰ ਹੱਥ ਪਾਉਣਾ ਅਸੰਭਵ ਹੈ, ਓਥੇ ਰਹਿੰਦਿਆਂ ਉਸ ਦੇ ਡਬਲ ਏਜੰਟ, ਪੌਣ-ਪਾਣੀ ਦੇ ਨਾਂ ਉੱਤੇ 'ਕਾਰਬਨ ਵਪਾਰ' ਵਿਚ ਸੈਂਕੜੇ ਬਿਲੀਅਨ ਡਾਲਰ ਕਮਾਉਣ ਲਈ ਚੀਨੀ ਸਰਕਾਰ ਦੀ ਸਹਾਇਤਾ ਕਰਦੇ ਹਨ। ਇਹੀ ਮੌਰਿਸ ਸਟ੍ਰਾਂਗ, ਪੌਣ-ਪਾਣੀ ਲਈ ਚਿੰਤਾ ਕਰਨ ਵਾਲਾ, ਚੀਨ ਦੀ ਕਾਰ ਕੰਪਨੀ 'ਚੈਰੀ' ਦੇ ਨਾਲ ਸੰਬੰਧਿਤ ਹੈ। ਅੱਜ ਲੱਖਾਂ ਹੀ ਸਸਤੀਆਂ 'ਚੈਰੀਆਂ' ਅਮਰੀਕਾ ਅਤੇ ਯੂਰਪ ਵਿਚ ਵਿੱਕ ਰਹੀਆਂ ਹਨ।

ਮੁੱਕਦੀ ਗੱਲ : ਭੂਗੋਲਿਕ ਤਾਪ ਲਹਿਰ, ਧਰਤੀ ਦੇ ਪੌਣ-ਪਾਣੀ ਨੂੰ ਬਚਾਉਣ/ਸੰਭਾਲਣ ਲਈ ਨਹੀਂ, ਬਲਕਿ ਲੁੱਟਣ ਲਈ ਚਲਾਈ ਗਈ ਹੈ। ਲੋਕਾਈ ਨੂੰ ਵੱਸ ਕਰਨ ਅਤੇ ਬੈਂਕਰਾਂ ਦੀ ਚੌਧਰ ਹੇਠਾਂ ਇਕ ਦੁਨੀਆਂ ਦੀ ਇਕ ਸਰਕਾਰ ਬਣਾਉਣ ਦਾ ਯਤਨ ਹੈ। ਕੁਦਰਤ ਨੇ ਉਨ੍ਹਾਂ ਦੀ ਏਸ ਰਸਤੇ ਕਾਮਯਾਬੀ ਵਿਚ ਰੋੜਾ ਅਟਕਾਇਆ ਹੈ। ਪੌਣ-ਪਾਣੀ ਆਪਣੇ ਕੁਦਰਤੀ ਗੇੜ ਵਿਚ ਸੀਤ/ਠੰਢੀਰ ਵੱਲ ਚੱਲਣਾ ਸ਼ੁਰੂ ਹੋ ਗਿਆ ਹੈ। ਅੰਤ ਵਿਚ ਇਕ ਗੱਲ ਹੋਰ – ਭੂਗੋਲਿਕ ਤਾਪ ਲਹਿਰ ਵਿਚ ਕਦੇ ਐਡਮੌਂਡ ਰੌਥਚਾਈਲਡ ਦਾ ਨਾਂ ਉੱਭਰ ਕੇ ਆਇਐ ? ਉਸ ਮਹਾਂਪੁਰਸ਼, ਮਹਾਂ ਚਿੰਤਕ, ਮਹਾਂ ਬੈਂਕਰ ਬਾਰੇ ਕੁਝ ਸ਼ਬਦ ਜ਼ਰੂਰੀ ਹਨ। ਉਸ ਦਾ ਜਨਮ 1926 ਵਿਚ ਫ਼ਰਾਂਸ ਵਿਚ ਹੋਇਆ। ਉਹ ਰੌਥਚਾਈਲਡਾਂ ਦੇ ਅੰਦਰ ਸਭ ਤੋਂ ਵੱਧ ਅਮੀਰ ਸੀ। ਉਸ ਨੇ ਪੌਣ-ਪਾਣੀ ਲਹਿਰ ਦੀ ਅਗਵਾਈ, ਓਹਲੇ ਵਿਚ ਰਹਿ ਕੇ ਕੀਤੀ। 1978 ਵਿਚ ਉਹ ਚਿਰਾਂ ਦੇ ਫੇਫੜੇ ਰੋਗ 'ਆਮਫ਼ਾਈਜ਼ੀਮਾ' ਦੇ ਨਾਲ ਪਰਮਾਤਮਾ ਦੀ ਸੁਖਾਵੀਂ ਨਿੱਘੀ ਗੋਦ ਵਿਚ ਜਾ ਸਮਾਇਆ। ਉਸ ਦਾ 'ਇਕ ਦੁਨੀਆਂ ਦੀ ਇਕ ਸਰਕਾਰ' ਦਾ ਟੀਚਾ ਉਸ ਦੇ ਪਰਿਵਾਰ ਦੀ ਪਿਛਲੇ ਸਵਾ ਦੋ ਸੌ ਸਾਲਾਂ ਦੀ ਘਾਲਣਾ ਦਾ ਟੀਚਾ ਪੂਰਨ ਕਰਨ ਲਈ ਉਸ ਦਾ ਅੰਤਰਰਾਸ਼ਟਰੀ ਪਰਿਵਾਰ ਜਿਉਂਦਾ ਅਤੇ ਸਿਹਤਮੰਦ ਹੈ। ਓਧਰੋਂ ਵਿਸ਼ਵ ਭਰ ਅੰਦਰ ਥਾਂ ਥਾਂ ਉੱਤੇ ਲੋਕਾਂ ਨੇ ਆਪਣੀ ਅਤੇ ਕੁਦਰਤ ਦੀ ਸਿਹਤ ਬਾਰੇ ਅੱਖਾਂ ਖੋਲ੍ਹ ਕੇ ਸੋਚਣਾ ਸ਼ੁਰੂ ਕੀਤਾ ਹੋਇਐ। ਦਸੰਬਰ 2011 ਵਿਚ ਇਕੱਲੇ ਕਨੇਡਾ ਦੇਸ ਨੇ ਸਰਕਾਰੀ ਤੌਰ ਉੱਤੇ 'ਭੂਗੋਲਿਕ ਤਾਪ' ਦੀ ਲਹਿਰ ਤੋਂ ਕਿਨਾਰਾ ਕਰ ਲਿਆ। ਵੇਖਦੇ ਹਾਂ, ਹੋਰਨਾਂ ਦੇਸਾਂ ਦੀਆਂ ਅੱਖਾਂ ਖੁੱਲ੍ਹਦੀਆਂ ਨੇ ਕਿ ਨਹੀਂ!

ਚਰਚਿਲ ਦੇ ਕੁਝ ਕਾਰਨਾਮੇ

ਵਿਨਸਟਨ ਚਰਚਿਲ ਦਾ ਨਾਂ ਕਿਸ ਨੇ ਨਹੀਂ ਸੁਣਿਆ ? ਉਹ ਦੂਜੀ ਵਿਸ਼ਵ ਜੰਗ ਸਮੇਂ ਬ੍ਰਿਟੇਨ ਦਾ ਪ੍ਰਧਾਨ ਮੰਤਰੀ ਸੀ। ਹਾਂ, ਜੋ ਬਹੁਤਿਆਂ ਨੇ ਨਹੀਂ ਸੁਣਿਆ, ਉਹ ਹੈ ਗੁਲਾਮ ਭਾਰਤ ਦੇ ਬੰਗਾਲ ਦੀ 1942-1944 ਵਿਚ 30 ਲੱਖ ਮੌਤਾਂ ਦੀ ਭੁੱਖਮਰੀ, ਜਿਸ ਦੇ ਪਿੱਛੇ ਚਰਚਿਲ ਦੀ ਸੋਚੀ ਸਮਝੀ ਸਾਜ਼ਸ਼ ਸੀ।

ਇਤਿਹਾਸ ਮੁੜ-ਮੁੜ ਕੇ ਦੁਹਰਾਇਆ ਜਾਂਦਾ ਰਿਹਾ ਹੈ। ਕਿੰਨੀ ਅਜੀਬ ਗੱਲ ਹੈ ਕਿ ਜਾਣੇ ਜਾਂਦੇ ਇਤਿਹਾਸ ਦੇ ਅੰਦਰ ਅਮਨ ਦਾ ਜ਼ਿਕਰ ਐਵੇਂ ਕਦੇ ਕਦਾਈਂ ਹੁੰਦਾ ਹੈ। ਜਿਸ ਸਮੇਂ ਬਾਰੇ ਵੀ ਪੜ੍ਹੋ, ਜਾਣੋ, ਫੋਲੋ - ਜਾਂ ਜੰਗ ਹੋ ਰਹੀ ਹੁੰਦੀ ਹੈ ਅਤੇ ਜਾਂ ਉਸ ਦੀ ਤਿਆਰੀ। ਅੱਜ ਵੀ ਹਰ ਪਾਸੇ, ਵਰ੍ਹਦੀ ਜੰਗ ਜਾਂ ਕਨਸੋਈ ਜੰਗ ਹੀ ਸੁਣਾਈ ਦੇਂਦੀ ਹੈ। ਸਾਡਾ ਆਪਣਾ ਦੇਸ ਇਕ ਛੜਯੰਤਰੀ ਜੰਗ ਦੇ ਅੰਦਰ ਘੜੀਸਿਆ ਜਾ ਚੁੱਕਾ ਹੈ, ਅਜਿਹੀ ਜੰਗ ਜਿਸਦਾ ਕੋਈ ਹੱਲ ਵਿਖਾਈ ਨਹੀਂ ਦਿੰਦਾ। ਜਿਹੜੇ ਦੇਸ ਦੀ ਭੁੱਖਣੀ ਦੇ ਨਾਲ ਇਹ ਜੰਗ ਜਗਾਈ, ਭਖਾਈ ਅਤੇ ਵਧਾਈ ਗਈ ਹੈ, ਉਹੀ ਦੇਸ ਸਾਨੂੰ ਆਪਣੇ ਕਲਾਵੇ ਅੰਦਰ ਲੈਣ ਨੂੰ ਫਿਰਦਾ ਹੈ। ਪੰਜਾਹ ਸਾਲਾਂ ਅੰਦਰ ਸਾਨੂੰ ਅਤੇ ਥਾਪੇ ਹੋਏ ਸਰਹੱਦੋਂ ਪਾਰ ਦੇਸ – ਦੋਹਾਂ ਨੂੰ ਵਿੱਤੀ ਤੌਰ ਉੱਤੇ ਪੋਲੇ ਕਰ ਦਿੱਤਾ ਗਿਆ ਹੈ। ਹਾਲਾਤ ਲਗਾਤਾਰ ਵਿਗੜਦੇ ਜਾ ਰਹੇ ਹਨ। ਸਰਕਾਰੀ ਵਸੀਲੇ ਜੋ "ਸੱਚ" ਦੱਸਦੇ ਹਨ, ਉਨ੍ਹਾਂ ਉੱਤੇ ਕਿੰਤੂ-ਪਰੰਤੂ ਕਰਨ ਦੀ ਥਾਂ 'ਹਾਂ ਜੀ' ਕਰਨ ਤੋਂ ਛੁੱਟ ਅਸੀਂ ਕਰ ਵੀ ਕੀ ਸਕਦੇ ਹਾਂ, ਜਦੋਂ ਸਾਡੇ ਕੋਲ ਖ਼ਬਰਾਂ ਦੇ ਹੋਰ ਕੋਈ ਵਸੀਲੇ ਹੀ ਨਹੀਂ ?

ਜੇ ਅੱਜ ਦੇ ਵਿਗਿਆਨਕ ਇੰਟਰਨੈਟ ਅਤੇ ਮੋਬਾਇਲ ਦੇ ਯੁੱਗ ਵਿਚ ਅਸੀਂ ਮੋਟੇ ਤੌਰ ਉੱਤੇ ਅਗਿਆਨੀ ਹਾਂ ਤਾਂ ਉਸ ਸਮੇਂ ਦੀ ਗੱਲ ਕਰੋ, ਜਦੋਂ ਇਕ ਸਦੀ ਤੋਂ ਵੀ ਪਹਿਲਾਂ, ਖ਼ਬਰਾਂ/ਅਫ਼ਵਾਹਾਂ ਦੇ ਭੂਗੋਲਿਕ ਸੋਮੇ ਕੇਵਲ ਸਰਕਾਰੀ ਜਾਂ ਸਰਕਾਰਾਂ ਨੂੰ ਮੁੱਠ ਵਿਚ ਰੱਖਦੀ, ਕੁਝ ਬੈਂਕਰਾਂ ਦੀ ਹੀ ਜੁੰਡਲੀ ਸੀ (ਜੋ ਅਜੇ ਵੀ ਹੈ)।

ਪਾਠਕਾਂ ਦੇ ਨਾਲ ਬੇਅੰਤ ਜ਼ਰੂਰੀ ਵਾਕਫ਼ੀ ਸਾਂਝੀ ਕਰਨ ਵਿਚ ਸਭ ਤੋਂ ਵੱਡੀ ਸਮੱਸਿਆ ਇਹ ਹੁੰਦੀ ਹੈ ਕਿ ਗੱਲ ਕਾਹਦੀ ਅਤੇ ਕਿਸ ਦੀ ਕੀਤੀ ਜਾਵੇ, ਜੋ ਸਭ ਦੀ ਸੁਰਤੀ ਨੂੰ ਆਪਣੇ ਵੱਲ ਖਿੱਚੇ ਅਤੇ ਇਸ ਤਰ੍ਹਾਂ ਕਿਸੇ ਜ਼ਰੂਰੀ ਘਟਨਾ/ਘਟਨਾਵਾਂ ਨਾਲ ਜੋੜਿਆ ਜਾ ਸਕੇ, ਜਿਸ ਨੇ ਸਾਡੀ ਜਾਂ ਸਾਡੇ ਵਡੇਰਿਆਂ ਦੀ ਜ਼ਿੰਦਗੀ ਉੱਤੇ ਡਾਢਾ ਪ੍ਰਭਾਵ ਪਾਇਆ ਹੋਵੇ।

ਭਾਰਤ ਉਦੋਂ ਤਕ ਖ਼ੁਸ਼ਹਾਲ ਸੀ, ਜਦੋਂ ਤਕ ਯੂਰਪੀ ਦੇਸਾਂ ਨੇ ਇਸ ਅੰਦਰ ਵਾਸਾ ਨਹੀਂ ਸੀ ਕੀਤਾ। ਭਾਰਤ ਉੱਤੇ ਹਮਲਾਵਰ 'ਈਸਟ ਇੰਡੀਆ ਕੰਪਨੀ' ਰੋਥਚਾਈਲਡ ਬੈਂਕਰਾਂ ਦੇ ਪੈਸੇ ਨਾਲ ਚੱਲਦੀ ਸੀ। ਬਰਤਾਨਵੀ ਤਾਜ/ਕਰਾਊਨ ਕੋਈ ਸੋਨੇ ਦੇ ਸਿਰ ਉੱਤੇ ਰੱਖਣ ਵਾਲੇ ਤਾਜ ਦਾ ਨਾਂ ਨਹੀਂ ਸੀ, ਬਲਕਿ ਦਸ ਬੈਂਕਰਾਂ ਦੀ ਕਮੇਟੀ ਦਾ ਨਾਂ ਸੀ (ਅਜੇ ਵੀ ਹੈ)। ਭਾਰਤੀ ਬੰਗਾਲ ਮੱਛੀ ਨਾਲ ਭਰਪੂਰ ਅਤੇ ਰੱਜਵੀਂ ਬਾਰਿਸ਼ ਸਦਕਾ ਧਾਨ/ਚਾਵਲ ਨਾਲ ਸਦਾ ਮਾਲਾਮਾਲ ਸੀ ਅਤੇ ਉਸ ਦੇ ਇਤਿਹਾਸ ਵਿਚ ਕਦੇ ਵੀ ਕਾਲ ਨਹੀਂ ਸੀ ਪਿਆ। 'ਕਰਾਊਨ' ਦੇ ਰਾਜ ਵੇਲੇ 48 ਵਾਰ ਕਾਲ ਪਿਆ ਅਤੇ ਡੇਢ ਸੌ ਸਾਲ ਵਿਚ ਕਰੋੜਾਂ ਲੋਕ ਭੁੱਖ ਨਾਲ ਮਰੇ। ਵਜ੍ਹਾ ? ਬਿਲਕੁਲ ਸਿੱਧੀ। ਕੰਪਨੀ ਨੇ ਚਾਵਲ ਦੀ ਥਾਂ ਅਫ਼ੀਮ ਉਗਾਉਣੀ ਸ਼ੁਰੂ ਕੀਤੀ। ਉਹ ਅਫ਼ੀਮ ਉਨ੍ਹਾਂ ਚੀਨ ਵਿਚ ਲਿਜਾ ਕੇ ਓਥੇ ਦਾ ਉਜਾੜਾ ਕੀਤਾ। ਬੰਗਾਲ ਤੋਂ ਏਨਾ ਚਾਵਲ ਚੁੱਕਿਆ ਜਾਂਦਾ ਰਿਹਾ ਕਿ ਓਥੇ ਲੋੜ ਨਾਲੋਂ ਘੱਟ ਰਹਿ ਜਾਵੇ। ਬੈਂਕਰਾਂ ਦਾ ਸ਼ਾਹੂਕਾਰਾ, ਕਰਜ਼ੇ ਹੇਠ ਦਬਾ ਕੇ ਲੋਕਾਂ ਅਤੇ ਸਮਾਜ ਦਾ ਲਹੂ ਪੀ ਗਿਆ। ਕਈ ਕਰੋੜ ਲੋਕ 150 ਸਾਲਾਂ ਦੇ ਅੰਗਰੇਜ਼ੀ ਰਾਜ ਵਿਚ ਕਾਲ ਨਾਲ ਮਰੇ। ਪਰ ਕਿਤੇ ਖ਼ਬਰ ਥੋੜ੍ਹੀ ਨਿਕਲਣੀ ਸੀ। ਸਭ ਤੋਂ ਨੇੜੇ ਦਾ ਕਾਲ ਸੀ 1942-44 ਵਿਚਕਾਰ; ਜਦੋਂ ਤੀਹ ਲੱਖ ਤੋਂ ਵੱਧ ਲੋਕ ਮਰੇ। ਇਹ ਘਟਨਾ ਤਾਂ ਬੇਅੰਤ ਭਾਰਤੀਆਂ ਦੀ ਹੋਸ਼ ਸਮੇਂ ਹੋਈ ਸੀ। ਪਤਾ ਅਤੇ ਯਾਦ ਕਿੰਨਿਆਂ ਕੁ ਨੂੰ ਹੈ ? ਲੋਕਾਂ ਖ਼ਾਸ ਤੌਰ ਉੱਤੇ ਔਰਤਾਂ ਅਤੇ ਬੱਚਿਆਂ ਦਾ ਜਿਵੇਂ ਬਦਹਾਲ ਹੁੰਦਾ ਹੈ, ਉਹ ਤਾਂ ਆਪ ਜਾਣਦੇ ਹੀ ਹੋ। ਇਹ ਨਰਸੰਘਾਰ ਅਸਲ ਹੋਲੋਕਾਸਟ ਹੈ, ਜਿਸ ਦੀ ਭਾਰਤੀ ਮਨਾਂ ਦੇ ਉੱਤੇ ਜਾਂ ਦੁਨੀਆਂ ਦੀ ਆਤਮਾ ਦੇ ਉੱਤੇ ਕੋਈ ਝਰੀਟ ਨਹੀਂ ਪਈ। ਨਾ ਹੀ ਇਸ ਨੂੰ ਕਦੇ ਯਾਦ ਕੀਤਾ ਜਾਂਦਾ ਹੈ ਅਤੇ ਨਾ ਹੀ ਇਸ ਦੇ ਜਾਣ-ਬੁਝ ਕੇ ਕਰਨਹਾਰੇ ਬਰਤਾਨੀਆ ਤੋਂ ਹਰਜਾਨਾ ਮੰਗਿਆ ਗਿਆ ਹੈ। ਇਹ ਕਾਲ ਨਿਰੋਲ ਈਸਟ ਇੰਡੀਆ ਕੰਪਨੀ ਅਤੇ ਬਰਤਾਨੀਆ ਸਰਕਾਰ ਦੀ ਉਪਜ ਸੀ ਜਿਸ ਦਾ ਪ੍ਰਧਾਨ ਮੰਤਰੀ ਚਰਚਿਲ ਸੀ। ਬਰਤਾਨੀਆ ਦੇ ਸਥਾਨਕ ਏਜੰਟ ਮੰਡੀ ਵਿੱਚੋਂ, ਪਿੰਡਾਂ ਵਿੱਚੋਂ ਕਿਸੇ ਵੀ ਭਾਅ ਚਾਵਲ ਖ਼ਰੀਦ ਕੇ ਯੂਰਪ ਭੇਜੀ ਗਏ, ਸਰਕਾਰੀ ਹੁਕਮਾਂ ਅਧੀਨ, ਕਾਲ ਦੇ ਦਿਨਾਂ ਵਿਚ ਵੀ। ਇਨ੍ਹਾਂ ਹੀ ਸਮਿਆਂ ਵਿਚ ਹਿਟਲਰ ਦੇ ਜਰਮਨੀ ਉੱਤੇ ਦੋਸ਼ ਲੱਗਦਾ ਹੈ ਕਿ ਉਸ ਨੇ ਯਹੂਦੀਆਂ ਦਾ ਨਰਸੰਘਾਰ/ਹੋਲੋਕਾਸਟ ਕੀਤਾ, ਜਿਸ ਵਿਚ ਕਥਿਤ 60 ਲੱਖ ਯਹੂਦੀ ਗੈਸ ਚੈਂਬਰਾਂ ਵਿਚ ਮਾਰ ਕੇ ਭੱਠੀਆਂ ਵਿਚ ਸਾੜ ਦਿੱਤੇ ਗਏ। ਅਕਲ ਦੀ ਖ਼ੁਰਦਬੀਨ ਵਿਚ ਇਹ ਕਹਾਣੀ ਪੂਰਨ ਤੌਰ ਉੱਤੇ ਮਨਘੜਤ ਸਾਬਤ ਹੋ ਚੁੱਕੀ ਹੈ। ਫੇਰ ਵੀ ਤਾਕਤਵਰ ਬੈਂਕਰਾਂ ਦੀ ਸ਼ਹਿ ਉੱਤੇ ਯਹੂਦੀ ਹੋਲੋਕਾਸਟ ਦੁਨੀਆਂ ਦੇ ਕੁੱਲ ਬੱਚਿਆਂ ਦੀਆਂ ਪਾਠ ਪੁਸਤਕਾਂ ਦੇ ਵਿਚ ਅੰਕਿਤ ਹੈ। ਏਸ ਹੋਲੋਕਾਸਟ ਅੰਦਰ ਝਾਤੀ ਮਾਰ ਕੇ ਖੋਜ ਲੱਭਣ ਵਾਲਿਆਂ ਨਾਲ ਬੁਰੀ ਬਾਬ ਕੀਤੀ ਜਾਂਦੀ ਹੈ। ਫਿਰ ਵੀ ਸੱਚ ਦੇ ਖੋਜੀਆਂ ਨੇ ਤਾਂ ਰੁਕਣਾ ਨਹੀਂ। ਉਹ ਖੋਜੀ, ਯਹੂਦੀਆਂ ਦੇ ਦੋਖੀ ਨਹੀਂ ਹੁੰਦੇ, ਕੇਵਲ ਸੱਚ ਜਾਣਨਾ ਚਾਹੁੰਦੇ ਹਨ।

ਦੁੱਖ ਵਾਲੀ ਗੱਲ ਇਹ ਹੈ ਕਿ ਭਾਰਤੀ ਨਰਸੰਘਾਰ/ਹੋਲੋਕਾਸਟ ਜਿਸ ਬਾਰੇ ਰਤਾ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਅਤੇ ਜੋ ਭਾਰਤ ਦੇ ਬੰਗਾਲ ਵਿਚ ਇਕ ਸੋਚੀ

ਸਮਝੀ ਨੀਤੀ ਅਨੁਸਾਰ ਕੀਤਾ ਗਿਆ, ਸਾਡੇ ਆਪਣੇ ਬੱਚਿਆਂ ਨੂੰ ਨਹੀਂ ਪੜ੍ਹਾਇਆ ਜਾਂਦਾ। ਚਰਚਿਲ ਬਰਤਾਨੀਆ ਦਾ ਪ੍ਰਧਾਨ ਮੰਤਰੀ ਸੀ, ਜੋ ਵੀ ਹੋਇਆ ਉਸ ਦੀ ਮਰਜ਼ੀ ਅਤੇ ਹੁਕਮਾਂ ਹੇਠ ਹੋਇਆ।

ਅੱਜ ਜਾਨਣ ਦੀ ਕੋਸ਼ਿਸ਼ ਕਰੀਏ ਕਿ ਜਾਣੇ ਜਾਂਦੇ ਮਹਾਨ ਚਰਚਿਲ ਦੀ ਅਸਲੀਅਤ ਕੀ ਸੀ ਅਤੇ ਉਸ ਦੀ ਆਪਣੇ ਦੇਸ ਅਤੇ ਦੁਨੀਆਂ ਨੂੰ ਦੇਣ ਕੀ ਸੀ।

7 ਸਤੰਬਰ, 1940 ਨੂੰ ਨਾਜ਼ੀ ਜਰਮਨੀ ਦਾ ਲੰਡਨ ਉੱਤੇ ਪਹਿਲਾ ਹਵਾਈ ਹਮਲਾ ਹੋਇਆ, ਜਿਸ ਵਿਚ 306 ਲੋਕ ਮਾਰੇ ਗਏ। ਚਰਚਿਲ ਨੇ ਕਿਹਾ, "ਲੋਕ ਇੰਜ ਸ਼ਾਬਾਸ਼ ਦੇਂਦੇ ਹਨ ਜਿਵੇਂ ਮੈਂ ਉਨ੍ਹਾਂ ਨੂੰ ਕੋਈ ਜਿੱਤ ਦਿੱਤੀ ਹੋਵੇ, ਬਜਾਏ ਸੋਚ ਸਮਝ ਕੇ ਉਨ੍ਹਾਂ ਦੇ ਘਰਾਂ ਨੂੰ ਟੋਟਿਆਂ ਵਿਚ ਉਡਾਣ ਦੇ।" ਚਰਚਿਲ ਸੱਚ ਕਹਿ ਰਿਹਾ ਸੀ, ਜਿਸ ਸੱਚ ਤੋਂ ਲੰਡਨ ਵਾਸੀ ਬੇਖ਼ਬਰ ਸਨ। ਹਿਟਲਰ ਨੇ ਬਾਰ-ਬਾਰ ਜ਼ੋਰ ਲਗਾਇਆ ਸੀ ਕਿ ਇਕ ਸਮਝੌਤਾ ਕੀਤਾ ਜਾਵੇ, ਜਿਸ ਅਨੁਸਾਰ ਸ਼ਹਿਰੀਆਂ ਉਤੇ ਬੰਬਾਰੀ ਨਾ ਕੀਤੀ ਜਾਵੇ, ਜੋ ਬ੍ਰਿਟੇਨ ਵੱਲੋਂ ਠੁਕਰਾ ਦਿੱਤਾ ਗਿਆ। ਬਲਕਿ ਉਹ ਹਿਟਲਰ ਨੂੰ ਤੁੱਖਣੀਆਂ ਦੇਂਦਾ ਰਿਹਾ ਤਾਂ ਜੁ ਉਹ ਸ਼ਹਿਰੀ ਬੰਬਾਰੀ ਲਈ ਪਹਿਲ ਕਰੇ। ਆਖ਼ਿਰ ਹਿਟਲਰ ਧੋਖਾ ਖਾ ਕੇ ਪਹਿਲ ਕਰ ਗਿਆ। ਜੰਗ ਦੇ ਅੰਤ ਤਕ ਸ਼ਹਿਰੀ ਬੰਬਾਰੀ ਨਾਲ ਬ੍ਰਿਟੇਨ ਦੇ 60,000 ਸ਼ਹਿਰੀ ਅਤੇ ਜਰਮਨੀ ਦੇ 6,50,000 ਸ਼ਹਿਰੀ ਮਾਰੇ ਗਏ। ਚਰਚਿਲ ਨੂੰ ਪਤਾ ਸੀ ਕਿ ਸ਼ਹਿਰੀ ਬੰਬਾਰੀ ਵਿਚ ਉਸ ਦੇ ਧੜੇ ਦਾ ਹੱਥ ਉੱਚਾ ਰਹਿਣਾ ਹੈ।

ਭਾਰਤ-ਪਾਕਿ ਖਿੱਚੋਤਾਣ ਅਤੇ ਜੰਗਾਂ ਅੰਦਰ ਸ਼ਹਿਰੀ ਬੰਬਾਰੀ ਤੋਂ ਪਰਹੇਜ਼ ਕੀਤਾ ਗਿਆ ਹੈ। ਪਰੰਤੂ ਅੱਜ ਅਮਰੀਕਾ ਆਪਣੇ ਹੀ ਸਾਥੀ ਦੇਸ ਪਾਕਿਸਤਾਨ ਦੇ ਸ਼ਹਿਰੀਆਂ ਉੱਤੇ ਅਕਾਰਨ ਹਮਲੇ ਕਰ ਕੇ ਹਜ਼ਾਰਾਂ ਨੂੰ ਮਾਰ ਚੁੱਕਾ ਹੈ ਅਤੇ ਅੱਗੋਂ ਵੀ ਬਾਜ਼ ਨਹੀਂ ਆ ਰਿਹਾ। ਇੰਜ ਉਹ ਆਪਣੀ ਕੋਮਲ ਈਸਾਈ 'ਤਹਿਜ਼ੀਬ' ਦਾ ਨੰਗਾ ਨਾਚ ਵਿਖਾ ਰਿਹਾ ਹੈ। ਈਸਾਈ ਮੱਤ ਦਾ ਇਸ ਨਾਲ ਕੋਈ ਸੰਬੰਧ ਨਹੀਂ।

ਦੂਜੀ ਵਿਸ਼ਵ ਲੜਾਈ ਦੇ ਪਹਿਲੇ ਸਾਲ ਵਿਚ ਕੇਵਲ ਰੌਲਾ ਰੱਪਾ ਹੀ ਰਿਹਾ, ਅਸਲ ਜੰਗ ਕੋਈ ਨਹੀਂ ਹੋਈ। ਏਸ ਲਈ ਇਸ ਨੂੰ ਫੋਕੀ/ਫ਼ੋਨੀ ਲੜਾਈ ਕਿਹਾ ਜਾਣ ਲੱਗ ਪਿਆ। ਹਿਟਲਰ ਨੇ ਕਈ ਵਾਰ ਅਮਨ ਦੀ ਪੇਸ਼ਕਸ਼ ਕੀਤੀ ਜਿਸ ਨੂੰ ਠੁਕਰਾ ਦਿੱਤਾ ਗਿਆ। ਬਹੁਤ ਬਰਤਾਨਵੀ ਲੋਕ ਅਮਨ ਦੇ ਚਾਹਵਾਨ ਸਨ। ਸੁਲਹ ਹੋ ਜਾਂਦੀ ਤਾਂ 'ਹੋਲੋਕਾਸਟ' ਦਾ ਰੌਲਾ ਨਾ ਪੈਂਦਾ।

ਚਰਚਿਲ ਆਪ ਲਿਖਦਾ ਹੈ ਕਿ "ਦੂਜੀ ਵਿਸ਼ਵ ਜੰਗ ਇਤਿਹਾਸ ਅੰਦਰ ਨਿਰੋਂ-ਪੁਰੋਂ ਬੇਲੋੜੀ ਸੀ।" ਚਰਚਿਲ ਬੈਂਕਰਾਂ ਦਾ ਸਾਥੀ ਸੀ ਅਤੇ ਉਨ੍ਹਾਂ ਦੇ ਆਖੇ ਵਿਚ ਸੀ। ਦੁਨੀਆਂ ਦੀਆਂ ਕੁਲ ਜੰਗਾਂ ਦੇ ਪਿੱਛੇ ਸਦਾ ਬੈਂਕਰਾਂ ਦਾ ਪੈਸਾ ਲੱਗ ਰਿਹਾ ਹੈ।

ਚਰਚਿਲ ਯਹੂਦੀ ਸੀ ਕਿਉਂਕਿ ਉਸ ਦੀ ਮਾਂ ਯਹੂਦੀ ਸੀ (ਯਹੂਦੀਆਂ ਵਿਚ ਮਾਂ ਨੂੰ ਪਹਿਲ ਮਿਲਦੀ ਹੈ)। ਉਹ ਸੀ ਜੈਨੀ ਜੀਰੋਮ, ਇਕ ਅਮਰੀਕਨ, ਜਿਸ ਦੀ ਸ਼ਾਦੀ ਇੰਗਲੈਂਡ ਦੇ ਸ਼ਾਹੀ ਖ਼ਾਨਦਾਨ ਵਿਚ ਹੋਈ, ਡਿਊਕ ਆਫ਼ ਮਾਰਲਬਰੋ ਦੇ ਪੁੱਤਰ ਰੈਂਡਲਫ਼ ਚਰਚਿਲ ਨਾਲ। 50,000 ਸੋਨੇ ਦੇ ਪੌਂਡ ਉਸ ਦੀ ਮਾਂ ਦੇ ਦਾਜ ਵਿਚ ਆਏ ਸਨ। ਸ਼ਾਹੀ ਘਰਾਣੇ ਵਿਚ ਆਉਣ ਦੀ ਕੀਮਤ ਵੀ ਤਾਂ ਹੁੰਦੀ ਹੈ।

ਚਰਚਿਲ ਨੂੰ ਮਾਂ-ਬਾਪ ਦਾ ਪਿਆਰ ਲੈਣ ਲਈ ਕੁਝ 'ਕਰ ਕੇ ਵਿਖਾਉਣ' ਦਾ ਹੁਕਮ ਸੀ। ਉਹ ਚੌਵੀ ਸਾਲ ਦੀ ਉਮਰੇ ਇਕ ਲੇਖਕ ਬਣਿਆ ਅਤੇ ਤੇਤੀਵੇਂ ਸਾਲ ਬ੍ਰਿਟੇਨ ਵਿਚ ਕੈਬਨਿਟ ਮੰਤਰੀ ਬਣਿਆ। ਐਨੀ ਤੇਜ਼ ਚੜ੍ਹਤ ਉਸ ਦੀ ਮਾਂ ਦੇ ਰੌਥਚਾਈਲਡ ਸਿੰਡੀਕੇਟ ਨਾਲ ਗਾੜ੍ਹੇ ਸੰਬੰਧ ਕਰਕੇ ਹੋਈ। ਉਸ ਦਾ ਪਿਤਾ ਆਤਸ਼ਕ (ਸਿਫਲਿਸ) ਰੋਗ ਨਾਲ ਜਲਦੀ ਚਲਾਣਾ ਕਰ ਗਿਆ।

1930 ਵਿਚ ਬੈਂਕਰਾਂ ਨੇ ਉਸ ਨੂੰ 'ਫੋਕਸ ਗਰੁੱਪ' ਵਿਚ ਚੁੱਕਿਆ ਜਿਸ ਦਾ ਮੁੱਖ ਮੰਤਵ ਸੀ ਕਿ ਸਰਕਾਰ ਹਿਟਲਰ ਦੇ ਨਾਲ ਸੁਲਹ-ਸਫ਼ਾਈ ਜਾਂ ਅਮਨ ਦੀ ਸਥਿਤੀ ਬਿਲਕੁਲ ਨਾ ਰੱਖੇ। 1936 ਵਿਚ ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਚਰਚਿਲ ਦੇ ਵਿਰੋਧੀ ਜੁੱਟ ਨੂੰ ਇਹ ਕਿਹਾ, "ਯੂਰਪ ਵਿਚ ਜੇ ਜੰਗ ਹੋਵੇ ਤਾਂ ਉਹ ਕੇਵਲ ਨਾਜ਼ੀਆਂ ਅਤੇ ਕਮਿਊਨਿਸਟਾਂ ਵਿਚਕਾਰ ਹੋਣੀ ਚਾਹੀਦੀ ਹੈ।" ਪਰ ਜੰਗਾਂ ਉਕਸਾਉਣ ਵਾਲੇ ਡਾਇਰੈਕਟਰ ਤਾਂ "ਚਾਨਣ ਬਰਦਾਰ" ਬੈਂਕਰ ਸਨ।

ਇਕ ਪੁਸਤਕ *ਰੈੱਡ ਸਿੰਫਨੀ* ਅਨੁਸਾਰ ਬੈਂਕਰਾਂ ਨੇ ਸ਼ੁਰੂ ਵਿਚ ਹਿਟਲਰ ਨੂੰ ਤਿਆਰ ਇਸ ਲਈ ਕੀਤਾ ਸੀ ਤਾਂ ਜੁ ਉਹ ਰੂਸੀ ਸਟਾਲਿਨ ਨੂੰ ਜੰਗ ਨਾਲ ਕਾਬੂ ਕਰੇ। ਪਰ ਹਿਟਲਰ ਨੇ ਬੈਂਕਰਾਂ ਦੀਆਂ ਨਜ਼ਰਾਂ ਵਿਚ ਇਕ ਮਹਾਂ ਭੁੱਲ ਕਰ ਲਈ। ਉਸ ਨੇ ਬੈਂਕਰਾਂ ਕੋਲੋਂ ਕਰਜ਼ੇ ਲੈਣ ਦੀ ਥਾਂ ਜਰਮਨੀ ਦੀ ਕਰੰਸੀ ਆਪ ਛਾਪਣੀ ਸ਼ੁਰੂ ਕਰ ਦਿੱਤੀ। ਏਸ ਤਰ੍ਹਾਂ ਤਾਂ ਬੈਂਕਰਾਂ ਦੇ ਕੁੱਲ ਦੁਨੀਆਂ ਉੱਤੇ ਛਾ ਜਾਣ ਦੇ "ਇਨਕਲਾਬ" ਦੇ ਸੁਪਨੇ ਦਾ ਭੋਗ ਪੈ ਜਾਣਾ ਸੀ। (ਯਾਦ ਰਹੇ ਕਿ ਇਰਾਕ ਦੇ ਸੱਦਾਮ ਹੁਸੈਨ ਨੇ ਵੀ ਅਜਿਹੀ ਹੀ ਭੁੱਲ ਕੀਤੀ ਸੀ ਅਤੇ ਬਿਲਕੁਲ ਏਹੀ ਬੱਜਰ ਪਾਪ ਅੱਜ ਈਰਾਨ ਕਰੀ ਬੈਠਾ ਹੈ।)

ਵਿਨਸਟਨ ਚਰਚਿਲ 1874 ਵਿਚ ਪੈਦਾ ਹੋਇਆ ਅਤੇ 91 ਸਾਲ ਦੀ ਉਮਰ ਦਾ ਹੋ ਕੇ 1965 ਵਿਚ ਮਰਿਆ। ਉਸ ਨੂੰ ਲਿਟਰੇਚਰ ਦਾ ਨੋਬੇਲ ਪੁਰਸਕਾਰ ਵੀ ਮਿਲਿਆ ਸੀ। ਉਸ ਦੀਆਂ ਲਿਖਤਾਂ ਸ਼ਕਤੀਸ਼ਾਲੀ ਸਨ।

ਚਰਚਿਲ ਨੇ ਇਕ ਚਿੱਠੀ ਲਾਰਡ ਰਾਬਰਟ ਬੂਥਬੀ ਨੂੰ ਲਿਖੀ, ਜਿਸ ਵਿਚ ਉਸ ਨੇ ਕਿਹਾ, "ਦੂਜੀ ਵਿਸ਼ਵ ਜੰਗ ਤੋਂ ਪਹਿਲਾਂ ਜਰਮਨੀ ਨੇ ਇਕ ਨਾਕਾਬਲ ਮੁਆਫ਼ੀ ਜੁਰਮ ਕੀਤਾ ਸੀ। ਉਹ ਸੀ ਦੁਨੀਆਂ ਦੇ ਤਜਾਰਤੀ ਬੈਂਕਿੰਗ ਅਦਾਰਿਆਂ ਕੋਲੋਂ ਪੰਜਾ ਛੁਡਾਉਣ ਅਤੇ ਜਰਮਨ ਸਿੱਕੇ ਦੀ ਅੱਡ ਹਸਤੀ ਕਾਇਮ ਕਰਨ ਦੀ ਕੋਸ਼ਿਸ਼। ਇੰਜ ਤਾਂ ਵਿਸ਼ਵ ਦੀ ਬੈਂਕਕਾਰੀ ਮੁਨਾਫ਼ਿਆਂ ਦੇ ਰਸਤੇ ਵਿਚ ਰੁਕਾਵਟ ਪੈਂਦੀ ਸੀ।"

ਚਰਚਿਲ ਦੇ ਸਮੇਂ ਬਾਰੇ ਕਈ ਸਵਾਲ ਉੱਠ ਖੜੇ ਹੋਏ ਹਨ, ਜਿਨ੍ਹਾਂ ਦੇ ਜਵਾਬ ਨਹੀਂ ਲੱਭੇ ਗਏ। ਹਿਟਲਰ ਦੀ ਮਨਸ਼ਾ ਨਹੀਂ ਸੀ ਕਿ ਉਹ ਬ੍ਰਿਟੇਨ ਦੇ ਨਾਲ ਲੜੇ। ਉਹ ਬ੍ਰਿਟਿਸ਼ ਨੂੰ ਇੱਕੋ ਹੀ ਨਸਲ ਦੇ ਭਰਾ ਮੰਨਦਾ ਸੀ। ਉਹ ਦੋ ਮੋਰਚਿਆਂ ਦੇ ਉੱਤੇ ਜੰਗ ਕਰਨ ਤੋਂ ਡਰਦਾ ਸੀ। ਉਸ ਨੇ ਕਈ ਵਾਰ ਸੁਨੇਹੇ ਭੇਜੇ ਕਿ ਉਹ ਬ੍ਰਿਟੇਨ 'ਤੇ ਕੋਈ ਹੱਥ ਨਹੀਂ ਚੁੱਕੇਗਾ, ਜੇ ਉਸ ਨੂੰ ਯੂਰਪ ਵਿਚ ਖੁੱਲ੍ਹਾ ਹੱਥ ਦਿੱਤਾ ਜਾਵੇ। ਯੂਰਪ ਵਿਚ ਵੀ ਉਹ ਚੋਖੀ ਖੁੱਲ੍ਹ ਦੇਵੇਗਾ (ਜਿਵੇਂ ਉਸ ਨੇ ਫ਼ਰਾਂਸ ਅੰਦਰ ਕੀਤਾ)। ਹਿਟਲਰ ਨੇ ਆਪਣੇ ਡਿਪਟੀ ਰੁਡਲਫ਼ ਹੈਸ ਨੂੰ ਅਮਨ ਵਾਰਤਾ ਲਈ ਮਈ 1941 ਨੂੰ ਬ੍ਰਿਟੇਨ ਭੇਜਿਆ। ਚਰਚਿਲ ਨੇ ਉਸ ਨੂੰ ਕੈਦ ਕਰਾ ਦਿੱਤਾ।

ਜੂਨ 1941 ਨੂੰ ਜਰਮਨੀ ਵੱਲੋਂ ਰੂਸ ਉੱਤੇ ਹਮਲਾ ਕੀਤਾ ਗਿਆ। ਹਿਟਲਰ ਰੂਸ ਨੂੰ ਯਹੂਦੀਆਂ ਦਾ ਕਮਿਊਨਿਸਟ ਗੜ੍ਹ ਮੰਨਦਾ ਸੀ। ਉਸ ਨੇ ਜਰਮਨੀ ਅਧੀਨ ਇਲਾਕਿਆਂ ਵਿਚ ਯਹੂਦੀਆਂ ਨੂੰ ਕੈਂਪਾਂ ਵਿਚ ਡੱਕਣਾ ਸ਼ੁਰੂ ਕੀਤਾ। ਓਸੇ ਹੀ ਸਮੇਂ ਅਮਰੀਕਾ ਦੇ ਅੰਦਰ ਜਾਪਾਨੀ ਮੂਲ ਦੇ 1,10,000 ਲੋਕਾਂ ਨੂੰ ਫ਼ੌਜੀ ਕੰਟਰੋਲ ਹੇਠ ਕੈਂਪਾਂ ਅੰਦਰ ਕਈ ਸਾਲਾਂ ਲਈ ਡੱਕ ਦਿੱਤਾ ਗਿਆ ਸੀ।

ਜੇ ਬ੍ਰਿਟੇਨ ਜਰਮਨੀ ਦੀ ਅਮਨ ਪੇਸ਼ਕਸ਼ ਮੰਨ ਲੈਂਦਾ, ਆਪਣੀਆਂ ਸ਼ਰਤਾਂ ਦੇ ਉੱਤੇ, ਤਾਂ ਕਹਾਣੀ ਹੋਰ ਹੀ ਹੋਣੀ ਸੀ। ਅਮਰੀਕੀ ਪ੍ਰਧਾਨ ਰੂਜ਼ਵੈਲਟ ਦਾ ਕਹਿਣਾ ਹੈ ਕਿ "ਸਿਆਸਤ ਵਿਚ ਕੁਝ ਵੀ ਹਾਦਸਨ/ਸੁਤੇ-ਸਿੱਧ/ਆਪਣੇ ਆਪ ਨਹੀਂ ਹੁੰਦਾ – ਇਕ ਯੋਜਨਾ ਅਧੀਨ ਹੁੰਦਾ ਹੈ।" ਯੋਜਨਾ ਸੀ ਲੜਾਈ ਦੀ। ਰੂਸ ਨੂੰ ਮਦਦ ਦੇਣੀ ਵੀ ਉਸ ਵਿਚ ਤੈਅ ਸੀ। ਚਾਨਣ ਬਰਦਾਰਾਂ ਦੇ ਦੂਜੀ ਵਿਸ਼ਵ ਜੰਗ ਦੇ ਟੀਚੇ ਸਪੱਸ਼ਟ ਸਨ : ਵਿੱਤੀ ਤੌਰ ਉੱਤੇ ਬੈਂਕਰਾਂ ਨੂੰ ਅਮੀਰ ਕਰਨਾ, ਸਿਆਸੀ ਤੌਰ ਉੱਤੇ ਯੂਰਪੀ ਦੇਸਾਂ ਦਾ ਉਜਾੜਾ ਕਰਨਾ ਅਤੇ ਆਪਣੀ ਮੁੱਠੀ ਹੇਠ ਲਿਆਉਣਾ (ਯੂਰਪੀ ਯੂਨੀਅਨ ਏਹੀ ਤਾਂ ਹੈ) ਅਤੇ ਆਪਣੇ "ਸ਼ੈਤਾਨ" ਦੇਵਤਾ ਲਈ ਲੱਖਾਂ ਲੋਕਾਂ ਦੀ ਬਲੀ। "ਸ਼ੈਤਾਨ" ਲਈ ਲੱਖਾਂ/ਕਰੋੜਾਂ ਦੀ ਬਲੀ ਲਗਾਤਾਰ ਜਾਰੀ ਰਹੀ ਹੈ। ਦੂਜੀ ਵਿਸ਼ਵ ਜੰਗ ਮੁੱਕਣ ਤੋਂ ਪਿੱਛੋਂ ਵੀ। ਲੋਕਾਂ ਦਾ ਘਾਣ ਕਰਨਾ ਚਾਨਣ ਬਰਦਾਰਾਂ/ਇਲਿਊਮੀਨਾਟੀ ਦੀ ਤਹਿਜ਼ੀਬ ਦਾ ਹਿੱਸਾ ਹੈ। ਮੀਡੀਆ ਅੰਦਰ ਇਨ੍ਹਾਂ ਦੀਆਂ ਚੋਪੜੀਆਂ-ਚੋਪੜੀਆਂ ਉੱਤੇ ਜਾਣਾ ਛੱਡ ਦੇਵੋ ਜੀ। ਸਾਡੇ ਅਤੇ ਇਨ੍ਹਾਂ ਦੇ ਜਹਾਨ ਵਿਚ ਬਹੁਤ ਵੱਡਾ ਪਾੜ ਹੈ। ਇਸ ਪਾੜ ਨੂੰ ਇੰਜ ਹੀ ਰੱਖੋ। ਜਦੋਂ ਇਹ ਮਿਟ ਗਿਆ ਤਾਂ ਸਾਡੀ ਸ਼ਾਮਤ ਸ਼ੁਰੂ ਹੋ ਜਾਵੇਗੀ। ਪਰ ਇਨ੍ਹਾਂ ਬਾਰੇ ਜਾਣਨਾ ਅਤੇ ਸਮਝਣਾ ਅੱਜ ਤੋਂ ਜ਼ਰੂਰੀ ਹੈ।

ਯੂਰਪੀ "ਹੋਲੋਕਾਸਟ" ਇਨ੍ਹਾਂ ਦੀ ਯੋਜਨਾ ਦਾ ਹਿੱਸਾ ਸੀ। ਜੰਗ ਦੇ ਸ਼ੁਰੂ ਹੋਣ ਤੋਂ ਛੇ ਸਾਲ ਪਹਿਲਾਂ 1933 ਵਿਚ ਯਹੂਦੀਆਂ ਦੇ ਨਾਂ ਹੇਠ ਜਰਮਨੀ ਦੇ ਖ਼ਿਲਾਫ਼ ਜੰਗ ਦਾ ਐਲਾਨ ਕਰਵਾ ਦਿੱਤਾ ਗਿਆ। ਜਰਮਨੀ ਦੇ ਭਾਅ ਦੀ ਬਣ ਗਈ। ਉਹ ਆਪਣੇ ਅੰਦਰ ਐਨੇ ਸਾਰੇ ਯਹੂਦੀਆਂ ਦਾ ਕੀ ਕਰੇ ? 1939 ਵਿਚ ਜੰਗ ਸ਼ੁਰੂ ਹੋਣ ਉਪਰੰਤ ਪਹਿਲੇ ਦੋ ਸਾਲ ਉਸ ਨੇ ਟਿੱਲ ਦਾ ਜ਼ੋਰ ਲਾਇਆ ਕਿ ਜਰਮਨ ਕਬਜ਼ੇ ਹੇਠ ਇਲਾਕਿਆਂ ਵਿੱਚੋਂ ਯਹੂਦੀ ਲੋਕ ਨਿਕਲ ਜਾਣ। ਪਰ ਉਨ੍ਹਾਂ ਦੇ ਬਾਹਰ ਨਿਕਲ ਜਾਣ ਵਿਚ ਭਾਰੀ ਰੁਕਾਵਟ ਪਾ ਦਿੱਤੀ ਗਈ। ਪਤਾ ਜੇ ਕਿਸ ਦੇ ਵੱਲੋਂ ? ਚਰਚਿਲ ਦੀ ਬਰਤਾਨੀਆ ਸਰਕਾਰ ਨੇ ਕੁੱਲ ਯੂਰਪ ਵਿੱਚੋਂ ਯਹੂਦੀਆਂ ਦੇ ਨਿਕਲਣ ਰਸਤੇ ਬੰਦ ਕਰ ਦਿੱਤੇ। ਏਸੇ ਲਈ ਲੱਖਾਂ ਹੀ ਯਹੂਦੀ ਲੋਕ ਸੋਵੀਅਤ ਸੰਘ ਵੱਲ ਨਿਕਲ ਗਏ। ਸੋਵੀਅਤ ਸੰਘ ਦੇ ਕੁੱਲ ਸਰਕਾਰੀ ਅਦਾਰਿਆਂ ਵਿਚ ਯਹੂਦੀਆਂ ਦਾ ਸਦਾ ਹੀ ਬੋਲਬਾਲਾ ਸੀ।

ਲੰਡਨ ਵਿਚ ਸਥਿਤ ਰੋਥਚਾਈਲਡ ਅਤੇ ਸਾਥੀ ਬੈਂਕਰਾਂ ਵੱਲੋਂ ਦੂਜੀ ਵਿਸ਼ਵ ਜੰਗ ਦਾ ਭਿਆਨਕ ਡਰਾਮਾ ਰਚਿਆ ਗਿਆ। ਇਸ ਲਈ ਇਹ ਤਾਂ ਅਸੰਭਵ ਸੀ ਕਿ ਬ੍ਰਿਟੇਨ ਜੰਗ ਵਿਚ ਜੇਤੂ ਨਾ ਹੁੰਦਾ। ਜਰਮਨੀ ਦੇ ਫ਼ਾਸਿਜ਼ਮ ਦੀ ਟੱਕਰ ਰੂਸ ਨਾਲ

ਕਰਵਾਈ ਗਈ, ਜਿਸ ਦੇ ਵਿਚ ਕਮਿਊਨਿਜ਼ਮ ਅਤੇ ਜ਼ੀਓਨਿਜ਼ਮ ਨੂੰ ਮਿੱਥ ਕੇ ਵਰਤਿਆ ਗਿਆ।

ਇਤਿਹਾਸ ਦਾ ਸਭ ਤੋਂ ਵੱਡਾ ਸਬਕ ਇਹ ਹੈ ਕਿ ਅਸਲ ਵਿਚ ਕੁਝ ਵੀ ਇੰਜ ਨਹੀਂ ਹੁੰਦਾ ਜਿਵੇਂ ਵਿਖਾਈ ਦੇਂਦਾ ਹੈ। ਚਰਚਿਲ, ਰੋਥਚਾਈਲਡਾਂ ਦਾ ਇਕ ਪਾਲਤੂ ਛਲੇਡਾ ਸੀ, ਜਿਸ ਨੂੰ ਉਨ੍ਹਾਂ ਨੇ ਪੂਰੀ ਸਫਲਤਾ ਦੇ ਨਾਲ ਵਰਤਿਆ। ਭਾਰਤੀ ਬੰਗਾਲ ਅੰਦਰ ਤੀਹ ਲੱਖ ਲੋਕਾਂ ਦਾ ਭੁੱਖਮਰੀ ਨਾਲ ਕਤਲ/ਨਰਸੰਘਾਰ/ਹੋਲੋਕਾਸਟ ਹਰ ਬੱਚੇ ਦੀ ਪਾਠ-ਪੁਸਤਕ ਵਿਚ ਹੋਣਾ ਚਾਹੀਦਾ ਹੈ। ਝੂਠਾ ਹੋਲੋਕਾਸਟ ਨਹੀਂ।

ਇਸਰਾਈਲ ਦੀ ਕਹਾਣੀ ਛੇ ਵਿਅਕਤੀਆਂ ਦੀ ਜ਼ਬਾਨੀ

ਇਤਿਹਾਸ ਬਾਰੇ ਜਾਨਣਾ ਜਾਂ ਲਿਖਣਾ ਨਿਰੇ ਇਤਿਹਾਸਕਾਰਾਂ ਦੀ ਮਲਕੀਅਤ ਨਹੀਂ ਹੈ। ਉਨ੍ਹਾਂ ਦੀਆਂ ਪਾਈਆਂ ਹੋਈਆਂ ਲੀਹਾਂ ਜਾਂ ਪੂਰਨੇ ਜ਼ਰੂਰੀ ਨਹੀਂ ਕਿ ਸ਼ੁੱਧ ਹੋਣ। ਕਾਰਨ ਇਹ ਕਿ ਬਹੁਤੀਆਂ ਲਿਖਤਾਂ ਅੰਦਰ, ਲਿਖਾਈ ਸ਼ੁਰੂ ਕਰਨ ਤੋਂ ਪਹਿਲਾਂ ਹੀ ਨਤੀਜਿਆਂ ਦਾ ਫ਼ੈਸਲਾ ਕੀਤਾ ਗਿਆ ਹੁੰਦੈ। ਇਨ੍ਹਾਂ ਫ਼ੈਸਲਿਆਂ ਦੇ ਰਾਹ ਵਿਚ ਆਉਂਦੇ ਅਣਸੁਖਾਵੇਂ ਤੱਤ ਅਣਗੌਲੇ ਜਾਂ ਦਬਾਏ ਜਾਂਦੇ ਹਨ।

ਬੇਅੰਤ ਲੋਕ ਕਿਤਾਬਾਂ ਅੰਦਰੋਂ ਨਵੀਂ ਵਾਕਫ਼ੀ ਲੈਣ ਵਿਚ ਦਿਲਚਸਪੀ ਰੱਖਦੇ ਹਨ। ਕਿਤਾਬਾਂ ਦਾ ਸਮਾਜ ਦੇ ਉੱਤੇ ਚੋਖਾ ਪ੍ਰਭਾਵ ਪੈ ਸਕਦਾ ਹੈ। ਕਿਤਾਬਾਂ, ਵੱਖਰੀਆਂ ਕਿਤਾਬਾਂ, ਦੁਨੀਆਂ ਬਦਲਣ ਦੀ ਸ਼ਕਤੀ ਨਹੀਂ ਰੱਖਦੀਆਂ। ਪਰ ਜਦੋਂ ਦੁਨੀਆਂ ਬਦਲਣ ਲੱਗਦੀ ਹੈ ਤਾਂ ਲੋਕ ਉਨ੍ਹਾਂ ਹੀ ਵੱਖਰੀ ਕਿਸਮ ਦੀਆਂ ਕਿਤਾਬਾਂ ਨੂੰ ਭਾਲਦੇ ਹਨ।

ਕਈ ਵਾਰ ਕਿਸੇ ਦੇਸ ਦੇ ਇਕ ਖ਼ਾਸ ਸਮੇਂ ਦੇ ਇਤਿਹਾਸ ਦੀ ਟੋਹ, ਉਸ ਸਮੇਂ ਦੇ ਕੁਝ ਕੁ ਵਿਅਕਤੀਆਂ ਦੀਆਂ ਨਿੱਜ ਨਾਲ ਵਾਪਰਦੀਆਂ ਕਹਾਣੀਆਂ ਤੋਂ ਲਈ ਜਾ ਸਕਦੀ ਹੈ। ਸ਼ਰਤ ਇਹ ਹੈ ਕਿ ਉਨ੍ਹਾਂ ਦੀ ਵਿਥਿਆ ਵਿਚ ਝੂਠ ਦੀ ਰਲਾਵਟ ਨਾ ਹੋਵੇ।

ਇਸਰਾਈਲ ਦੇਸ, ਜ਼ੀਓਨਿਸਟ ਅਤੇ ਯਹੂਦੀ ਬੈਂਕਰਾਂ ਦੇ ਦਬਾਅ ਹੇਠ ਹੋਂਦ ਵਿਚ ਲਿਆਂਦਾ ਗਿਆ। ਏਸ ਦੇਸ ਦੇ ਇਤਿਹਾਸ ਨਾਲ ਲੱਖਾਂ ਕਰੋੜਾਂ ਦੀਆਂ ਜੀਵਨ ਕਹਾਣੀਆਂ ਜੁੜੀਆਂ ਹੋਈਆਂ ਹਨ। ਐਸੇ ਸਮੇਂ ਮੱਧ ਏਸ਼ੀਆ ਕੀ, ਦੁਨੀਆਂ ਦੇ ਹਰ ਕੋਨੇ ਵਿਚ ਏਸ ਦੇਸ ਦੀ ਧੌਂਸ ਮੰਨੀ ਜਾਂਦੀ ਹੈ। ਅਮਰੀਕਾ ਦਾ ਇਹ ਚਹੇਤਾ ਅਤੇ ਵਿਗੜੇ ਸੁਭਾ ਵਾਲਾ ਦੇਸ ਹੈ। ਏਸ ਦੇਸ ਬਾਰੇ ਧਾਰਨਾ ਇਹ ਬਣਾਈ ਜਾਂਦੀ ਹੈ ਕਿ ਇਹਦੇ ਵਸਨੀਕਾਂ ਅਤੇ ਇਸ ਦੇ ਸੰਬੰਧਿਤ ਯਹੂਦੀ ਲੋਕਾਂ ਨਾਲ ਸਦਾ ਹੀ ਗ਼ਰੀਬ ਮਾਰ ਹੁੰਦੀ ਰਹੀ ਹੈ ਅਤੇ ਇਹ ਵਿਚਾਰੇ ਮਸਾਂ ਹੀ ਇਸਰਾਈਲ ਅੰਦਰ ਸਿਰ ਲੁਕਾ ਕੇ, ਆਲੇ-ਦੁਆਲੇ ਦੇ ਖ਼ੂੰਖ਼ਾਰ ਅਰਬ ਦੇਸਾਂ ਦੀ ਮਾਰ ਤੋਂ ਆਪਣੀ ਜਾਨ ਬਚਾਉਣ ਦੇ ਫ਼ਿਕਰ ਵਿਚ ਰਹਿੰਦੇ ਹਨ। ਏਸ ਦੇਸ ਦੀ ਹਵਾਈ ਅਤੇ ਜ਼ਮੀਨੀ ਬਲਕਿ ਸਮੁੰਦਰੀ ਸ਼ਕਤੀ ਦਾ ਲੋਹਾ ਵੀ ਕੁੱਲ ਦੁਨੀਆਂ ਮੰਨਦੀ ਹੈ। ਏਸ ਦੇ ਕੁੱਲ ਆਧੁਨਿਕ ਹਥਿਆਰ, ਅਮਰੀਕਾ ਵੱਲੋਂ ਸੌਗਾਤ ਵਜੋਂ ਮਿਲਦੇ ਹਨ ਅਤੇ ਨਾਲ ਹੀ ਨਾਲ ਦੇਸ ਦੀ ਆਰਥਿਕਤਾ ਨੂੰ ਪੈਰਾਂ ਉੱਤੇ ਖੜੀ ਰੱਖਣ ਲਈ, ਕਈ ਬਿਲੀਅਨ ਡਾਲਰ ਵੀ।

ਇਸਰਾਈਲ ਇਕ ਪ੍ਰਮਾਣੂ ਸ਼ਕਤੀ ਹੈ ਅਤੇ ਇਸ ਦੇ ਕੋਲ ਕਰੀਬ 400 ਪ੍ਰਮਾਣੂ ਅਸਤਰ ਅਤੇ ਉਨ੍ਹਾਂ ਨੂੰ ਦਾਗਣ ਲਈ ਲੋੜੀਂਦੇ ਦੂਰ ਮਾਰ ਰਾਕੇਟ ਅਤੇ ਬੰਬਾਰ ਜਹਾਜ਼ ਹਨ। ਇਸਰਾਈਲ ਦਾ ਕਹਿੰਦੇ ਕਹਾਂਦੇ ਕੁਲ ਸ਼ਕਤੀਵਾਨ ਦੇਸਾਂ (ਸਮੇਤ ਰੂਸ ਦੇ) ਉੱਤੇ ਸਿਆਸੀ ਦਬਦਬਾ ਹੈ। ਉਸ ਦੀ ਏਸ ਸ਼ਕਤੀ ਦੇ ਪਿੱਛੇ ਹੈ, ਯੂਨਾਈਟਿਡ ਸਟੇਟਸ ਆਫ਼ ਅਮਰੀਕਾ। ਅਮਰੀਕਾ ਆਪ ਹੈ 'ਫ਼ੈਡਰਲ ਰਿਜ਼ਰਵ' ਦੇ ਨਿੱਜੀ ਬੈਂਕਰਾਂ ਦੀ ਮੁੱਠੀ ਅੰਦਰ, ਜੋ ਹਨ ਲੰਡਨ ਵਿਚਲੇ 'ਇਕ ਵਰਗ ਮੀਲ' ਸਥਿਤ ਅਤੇ ਜਿਨ੍ਹਾਂ ਦੀ ਇਕ ਸੌ ਸਾਲਾਂ ਦੀ ਘਾਲਣਾ ਦੇ ਨਾਲ ਪੈਦਾ ਕੀਤਾ ਗਿਆ ਹੈ ਇਸਰਾਈਲ ਦੇਸ। ਅਮਰੀਕਾ ਜਦੋਂ ਜੰਗੀ ਸਾਮਾਨ ਅਤੇ ਸਰਮਾਇਆ ਇਸਰਾਈਲ ਨੂੰ ਦੇਂਦਾ ਹੈ ਤਾਂ ਉਹ ਕਿਸੇ ਤਰਸ ਦੀ ਭਾਵਨਾ ਨਾਲ ਨਹੀਂ ਦੇਂਦਾ, ਸਗੋਂ ਇਹ 'ਦਾਨ' ਧੌਂਸ ਦੇ ਨਾਲ ਲਿਆ ਜਾਂਦਾ ਹੈ। ਬੈਂਕਰਾਂ ਨੇ ਅਮਰੀਕਾ ਨੂੰ ਅਜਿਹੀ ਕੁੜਿਕੀ ਵਿਚ ਫਸਾ ਕੇ ਰੱਖਿਆ ਹੋਇਆ ਹੈ ਕਿ ਉਸ ਦੀ ਹਰ ਨਵੀਂ ਸਰਕਾਰ, ਸੱਚਮੁੱਚ ਪਿਛਲੀ ਸਰਕਾਰ ਵਾਂਗ, ਬੈਂਕਰਾਂ ਦੀ ਜ਼ਰ ਖ਼ਰੀਦ ਅਤੇ ਪੂਰੇ ਪ੍ਰਭਾਵ ਹੇਠ ਹੁੰਦੀ ਹੈ। ਕੁੱਲ ਪੱਛਮ ਅਤੇ ਅਮਰੀਕਾ ਇਸਰਾਈਲ ਨੂੰ ਡੈਮੋਕ੍ਰੇਸੀ/ਲੋਕਤੰਤਰ ਕਹਿ ਕੇ ਪਛਾਣਦੇ ਹਨ। ਇਹ 'ਡੈਮੋਕ੍ਰੇਸੀ' ਸਦਾ ਤੋਂ ਦਾਅਵਾ ਕਰਦੀ ਆ ਰਹੀ ਹੈ ਕਿ ਉਸ ਦਾ ਅਤੇ ਉਸ ਦੇ ਯਹੂਦੀਆਂ ਦੇ ਨਾਲ ਧੁਰੋਂ ਵਿਤਕਰਾ ਹੁੰਦਾ ਆ ਰਿਹਾ ਹੈ। ਇਸਰਾਈਲ ਦੀ ਮਹਾਨਤਾ ਏਸ ਸਮੇਂ ਸਿਖਰ ਉੱਤੇ ਹੈ। ਹਰ ਅਮਰੀਕਨ ਪ੍ਰਧਾਨ ਅਤੇ ਉਸ ਦੇ ਕਾਰਿੰਦੇ ਏਥੇ 'ਜ਼ਿਆਰਤ' ਕਰਨ ਆਏ ਰਹਿੰਦੇ ਹਨ। ਹਰ ਅਮਰੀਕਨ ਸਰਕਾਰ ਅਤੇ ਪ੍ਰਧਾਨ, ਇਸਰਾਈਲ ਨੂੰ 'ਸਲਾਹ', 'ਗਿਲਾ', 'ਤਾੜਨਾ', 'ਬੇਨਤੀ' ਅਤੇ 'ਮਿਲਵਰਤਨ' ਆਦਿ ਦੇ ਸੁਨੇਹੇ ਦੇਂਦੇ ਰਹਿੰਦੇ ਹਨ। ਪਰ ਉਥੋਂ ਦਾ ਪ੍ਰਧਾਨ ਮੰਤਰੀ ਇਨ੍ਹਾਂ 'ਪ੍ਰੇਮ-ਪੱਤਰਾਂ' ਨੂੰ ਟਿੱਚ ਸਮਝਦਾ ਹੈ। ਏਸ ਦੇ ਉਲਟ ਇਸਰਾਈਲ ਵੱਲੋਂ ਇਕ ਵੀ ਇਸ਼ਾਰਾ ਯੂਰਪ, ਅਮਰੀਕਾ ਅਤੇ ਕੁੱਲ ਦੁਨੀਆਂ ਦੇ ਕੰਨ ਖੜੇ ਕਰ ਦੇਂਦਾ ਹੈ। ਦੁਨੀਆਂ ਵਿਚ ਜੰਗ/ਅਮਨ ਦੀ ਬਲੈਕਮੇਲ ਦੀ ਕੁੰਜੀ ਇਸਰਾਈਲ ਦੇ ਹੱਥ ਵਿਚ ਹੈ। ਅੰਤਰਰਾਸ਼ਟਰੀ ਜਾਣੀਦਾ ਅਦਾਰਾ ਯੂ.ਐਨ.ਓ., ਇਸਰਾਈਲ ਵੱਲੋਂ ਗੁਆਂਢੀ ਦੇਸਾਂ ਉੱਤੇ ਧਮਕੀਆਂ, ਬੰਬਾਰੀਆਂ ਅਤੇ ਹਮਲਿਆਂ ਸਮੇਂ, ਅਧਰੰਗ ਦਾ ਸ਼ਿਕਾਰ ਹੋ ਜਾਂਦਾ ਹੈ।

ਇਸਰਾਈਲ ਦੀ ਏਸ ਪਿੱਦੀ ਜਿਹੀ ਮਹਾਂ-ਸ਼ਕਤੀ ਦੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਇਸ ਦਾ ਸਮਾਜ ਕੈਸਾ ਹੈ ਅਤੇ ਵਸਨੀਕਾਂ ਦੀ ਸੋਚ ਕੀ ਹੈ। ਇਸ ਲੇਖ ਵਿਚ ਕੁਝ ਕੁ ਸਾਧਾਰਨ ਇਸਰਾਈਲੀਆਂ ਦੀ ਨਿੱਜੀ ਜ਼ਿੰਦਗੀ ਉੱਤੇ ਝਾਤੀ ਮਾਰਾਂਗੇ। ਇਹ ਲੋਕ ਮਨੋ-ਕਲਪਿਤ ਨਹੀਂ, ਅਸਲੀ ਹਨ/ਸਨ।

ਯਹੂਦੀ 'ਸ਼ੌਲ' ਬਾਹਰੋਂ ਆਇਆ ਬਾਬਾ ਹੈ, ਜਿਵੇਂ ਹੋਰ ਬੇਅੰਤ ਲੋਕ ਬਾਹਰੋਂ ਆ ਕੇ ਇਸਰਾਈਲ ਵਿਚ ਆ ਵੱਸੇ ਹਨ। ਪੈਦਾ ਹੋਇਆ ਪੋਲੈਂਡ 'ਚ 1910 ਵਿਚ। ਪਿਓ ਪਹਿਲੀ ਵਿਸ਼ਵ ਜੰਗ ਵਿਚ ਮਰ ਗਿਆ। ਮਾਂ ਕਾਰਖ਼ਾਨੇ ਵਿਚ ਕੰਮ ਕਰਦੀ ਹੈ। ਉਸ ਦੇ ਦੋ ਭਰਾਵਾਂ ਨੂੰ ਯਹੂਦੀ ਟੱਬਰ, ਗੋਦ ਲੈ ਚੁੱਕੇ ਹਨ। 'ਸ਼ੌਲ' ਆਪ ਜਲਦੀ ਗਲੀਆਂ ਵਿਚ ਆ ਜਾਂਦਾ ਹੈ ਅਤੇ ਕੱਪੜਾ ਉਦਯੋਗ ਵਿਚ ਨਿੱਕਾ ਮੋਟਾ ਕੰਮ ਕਰਦਾ ਹੈ। ਯਹੂਦੀ ਮੰਦਰ/ਸਿਨੇਗੋਗ ਵਿਚ, ਯਹੂਦੀ ਸਮਾਜ ਵਿਚ ਮਾਂ ਦੀ ਗ਼ਰੀਬੀ, ਉਸ

ਨੂੰ ਦੂਰ ਪਿੱਛੇ ਕਰ ਦੇਂਦੀ ਹੈ। ਪੁੱਤਰ 'ਸ਼ੌਲ', ਬੇਘਰ ਅਤੇ ਬੇਧਰਮ ਹੋ ਕੇ ਕਮਿਊਨਿਸਟ ਲਹਿਰ ਵਿਚ ਜੁੱਟ ਜਾਂਦਾ ਹੈ। ਸਿਆਸੀ ਵਿਚਾਰਾਂ ਕਾਰਨ ਛੇ ਸਾਲ ਦੀ ਜੇਲ੍ਹ ਵੀ ਕੱਟ ਆਉਂਦਾ ਹੈ। ਯਹੂਦੀ 'ਸ਼ੌਲ' ਜਿਸ ਨੇ ਸਕੂਲ ਦੀ ਪੜ੍ਹਾਈ ਵੀ ਪੂਰੀ ਨਹੀਂ ਕੀਤੀ, ਮਾਰਕਸ ਏਂਜਲਜ਼ ਅਤੇ ਲੈਨਿਨ ਦੀਆਂ ਪੁਸਤਕਾਂ ਦੇ ਨਾਲ ਪ੍ਰੀਚਿਤ ਹੋ ਜਾਂਦਾ ਹੈ – 'ਮਾਰਕਸੀ' ਬਣ ਜਾਂਦਾ ਹੈ। 1939 ਵਿਚ ਪੋਲੈਂਡ ਦੇ ਇਕ ਹਿੱਸੇ ਉੱਤੇ ਜਰਮਨੀ ਅਤੇ ਦੂਜੇ ਹਿੱਸੇ ਉੱਤੇ ਸੋਵੀਅਤ ਰੂਸ ਕਾਬਜ਼ ਹੋ ਜਾਂਦੇ ਹਨ। ਸ਼ੌਲ ਜਰਮਨ ਇਲਾਕੇ ਵਿੱਚੋਂ ਨਿਕਲ ਕੇ ਸੋਵੀਅਤ ਇਲਾਕੇ ਵਿਚ ਚਲਾ ਜਾਂਦੈ, ਮਾਂ ਨੂੰ ਪਿੱਛੇ ਹੀ ਛੱਡ ਆਉਂਦਾ ਹੈ। ਉਸ ਨੂੰ ਪਤਾ ਸੀ ਕਿ ਸਟਾਲਿਨ ਨੇ ਪੋਲੈਂਡ ਦੇ ਕਮਿਊਨਿਸਟ ਨੇਤਾ ਮਰਵਾਏ ਸਨ, ਏਸ ਲਈ ਆਪਣੇ ਪਛਾਣ-ਪੱਤਰ ਵਿਚ ਆਪਣੇ ਆਪ ਨੂੰ ਕਮਿਊਨਿਸਟ ਨਹੀਂ, ਕੇਵਲ ਇਕ ਯਹੂਦੀ ਹੀ ਦੱਸਿਆ। ਉਸ ਸਮੇਂ ਕੁੱਲ ਯੂਰਪ ਵਿਚ ਸੋਵੀਅਤ ਰੂਸ ਹੀ ਸੀ, ਜੋ ਯਹੂਦੀਆਂ ਨੂੰ ਜੀ ਆਇਆਂ ਕਹਿੰਦਾ ਸੀ। ਸ਼ੌਲ ਅਤੇ ਉਸ ਦੀ ਪਤਨੀ ਯੂਰਪੋਂ ਦੂਰ-ਦੁਰਾਡੇ ਉਜ਼ਬੇਕਿਸਤਾਨ ਵਿਚ ਭੇਜ ਦਿੱਤੇ ਗਏ।

1945 ਵਿਚ ਜੰਗ ਮੁੱਕਣ ਉਪਰੰਤ ਮੀਆਂ ਬੀਵੀ ਵਾਪਸ ਪੋਲੈਂਡ ਆ ਗਏ। ਜਰਮਨ ਤਾਂ ਤੁਰ ਗਏ ਸਨ, ਪਰ ਦੇਸ ਅੰਦਰ ਯਹੂਦੀ-ਵਿਰੋਧੀ ਭਾਵਨਾਵਾਂ ਸਨ। ਉਹ ਆਪਣੇ ਦੋ ਬੱਚਿਆਂ ਅਤੇ ਬੀਵੀ ਸਮੇਤ, ਉੱਖੜੇ ਹੋਏ ਲੋਕਾਂ ਦੇ ਸ਼ਰਨਾਰਥੀ ਕੈਂਪ ਵਿਚ ਸ਼ਰਨ ਲੈਣ ਪਹੁੰਚਿਆ। ਓਥੇ ਕੈਂਪ ਅੰਦਰ ਉਸ ਨੂੰ ਆਪਣਾ ਭਰਾ ਮਿਲਿਆ, ਜੋ ਸ਼ੌਲ ਵਿਪ੍ਰੀਤ ਜ਼ੀਓਨਿਸਟ-ਕਮਿਊਨਿਸਟ ਵਿਰੋਧੀ ਭਾਵਨਾਵਾਂ ਵਾਲਾ ਸੀ। ਇਸ ਨੇ ਕੈਨੇਡਾ ਵਿਚ ਸ਼ਰਨ ਲੈ ਲਈ ਸੀ। ਸ਼ੌਲ ਪਰਿਵਾਰ ਇਕ ਯਹੂਦੀ ਏਜੰਸੀ ਰਾਹੀਂ 1948 ਵਿਚ ਇਸਰਾਈਲ ਦੀ ਬੰਦਰਗਾਹ/ਪੋਰਟ 'ਹੈਫਾ' ਪਹੁੰਚ ਗਿਆ।

ਸ਼ੌਲ ਐਨੇ ਸਾਲ ਇਸਰਾਈਲ ਰਿਹਾ, ਪਰ ਸਹੀ ਅਰਥਾਂ ਵਿਚ ਇਸਰਾਈਲੀ ਨਹੀਂ ਬਣ ਸਕਿਆ। ਉਸ ਦਾ ਪਛਾਣ-ਪੱਤਰ ਵੀ ਉਸ ਨੂੰ "ਇਸਰਾਈਲੀ" ਬਣਾਉਣ ਤੋਂ ਇਨਕਾਰੀ ਸੀ, ਉਸ ਦਾ ਦੇਸ ਅਤੇ ਧਰਮ ਕੇਵਲ 'ਯਹੂਦੀ' ਸਨ। 1960 ਤੋਂ ਏਥੇ ਹਰ ਇਕ ਦਾ ਧਰਮ ਦਰਜ ਕੀਤਾ ਜਾਂਦਾ ਸੀ, ਭਾਵੇਂ ਉਹ ਪੂਰੀ ਤਰ੍ਹਾਂ ਨਾਸਤਕ ਕਿਉਂ ਨਾ ਹੋਵੇ। ਸ਼ੌਲ ਨੂੰ 'ਯਹੂਦੀ' ਲਿਖਿਆ ਗਿਆ। ਪਰ ਉਹ ਆਪਣੇ ਆਪ ਨੂੰ ਯਹੂਦੀ ਨਾਲੋਂ ਵਧੀਕ ਕਮਿਊਨਿਸਟ ਮੰਨਦਾ ਸੀ। ਉਸ ਨੂੰ ਪੂਰਬੀ ਯੂਰਪ ਦੀ 'ਯਹੂਦੀ ਧਰਤੀ' ਦੀ ਯਾਦ ਸਤਾਉਂਦੀ ਸੀ, ਜਿਥੇ ਉਹ ਖੁੱਲ੍ਹ ਕੇ ਇਨਕਲਾਬੀ ਵਾਤਾਵਰਨ ਵਿਚ ਹਿੱਸਾ ਲੈ ਸਕਦਾ ਸੀ। ਇਸਰਾਈਲ ਅੰਦਰ ਉਸ ਦਾ ਸਾਹ ਘੁਟੀਂਦਾ ਸੀ। ਫ਼ਲਸਤੀਨੀ ਲੋਕਾਂ ਦੀ ਧਰਤੀ ਉੱਤੇ ਬਦੋਬਦੀ ਕਬਜ਼ੇ ਦੇ ਡਾਕਿਆਂ ਨਾਲ ਉਸ ਨੂੰ ਸਖ਼ਤ ਨਫ਼ਰਤ ਸੀ। ਉਸ ਦੇ ਲਈ ਇਨਸਾਨੀ ਭਾਈਚਾਰਾ ਇਕ ਸੀ। ਪੋਲੈਂਡ ਦੀਆਂ ਬਰਫ਼ਾਂ ਦੇ ਸੁਫ਼ਨੇ ਵੀ ਸਤਾਉਂਦੇ ਸਨ। ਏਸੇ ਤਰ੍ਹਾਂ ਉਹ ਇਕ ਦਿਨ ਅੱਖਾਂ ਮੀਟ ਗਿਆ। ਉਸ ਦੇ ਪੁਰਾਣੇ ਸਾਥੀਆਂ ਨੇ ਉਸ ਦੀ ਕਬਰ ਉੱਤੇ 'ਇੰਟਰਨੈਸ਼ਨਲ' ਗੀਤ ਗਾਇਆ। ਇੰਜ ਖ਼ਤਮ ਹੋਈ ਸ਼ੌਲ ਦੀ ਕਹਾਣੀ, ਉਤਾਰਾਂ-ਚੜ੍ਹਾਵਾਂ ਭਰੀ, ਪਾਣੀ ਉੱਤੇ ਇਕ ਲਹਿਰ।

ਹੁਣ ਗੱਲ ਕਰੀਏ 'ਬਰਨਾਰਡੋ' ਦੀ, ਜਿਸ ਦਾ ਜਨਮ ਬਾਰਸੀਲੋਨਾ,

ਕੈਟਾਲੋਨੀਆ 'ਚ ਹੋਇਆ ਸੰਨ 1924 ਵਿਚ। ਮਾਂ ਯਹੂਦੀ ਸੀ, ਪਰ ਸਿਨਾਗੋਗ ਦੀ ਥਾਂ ਈਸਾਈ ਗਿਰਜੇ ਵਿਚ ਜਾਂਦੀ ਸੀ। ਸਪੇਨ ਵਿਚ ਜਨਰਲ ਫ਼ਰਾਂਕੋ ਦਾ ਰਾਜ ਆ ਗਿਆ, ਬਰਨਾਰਡੋ ਦੀ ਫ਼ੌਜ ਵਿਚ ਜਬਰੀ ਭਰਤੀ ਹੋ ਗਈ। ਦੂਜੀ ਵਿਸ਼ਵ ਜੰਗ ਦੇ ਅੰਤ ਉੱਤੇ ਉਹ ਫਰਾਂਸ ਅੰਦਰ ਖਿਸਕ ਗਿਆ, ਜਿਥੋਂ ਇਕ ਸਮੁੰਦਰੀ ਜਹਾਜ਼ ਵਿਚ ਛੁਪ ਕੇ ਮੈਕਸੀਕੋ ਜਾਣ ਦੀ ਕੋਸ਼ਿਸ਼ ਕੀਤੀ, ਪਰ ਫੜਿਆ ਗਿਆ ਅਤੇ 'ਬੇੜੀਆਂ' ਵਿਚ ਵਾਪਸ ਫ਼ਰਾਂਸ ਪਹੁੰਚਿਆ। 1949 ਵਿਚ ਮਾਰਸੇਲਜ਼ ਦੇ ਗੋਦੀ ਮਜ਼ਦੂਰ ਵਜੋਂ ਕੰਮ ਕਰਦਿਆਂ, ਸਾਥੀਆਂ ਨਾਲ ਰਲ ਕੇ ਸੋਚਿਆ ਕਿ ਨਵੇਂ ਇਸਰਾਈਲ ਅੰਦਰ ਚਲਿਆ ਜਾਵੇ। ਬਰਨਾਰਡੋ ਦਾ ਜ਼ੀਓਨਿਜ਼ਮ ਜਾਂ ਜੁਡਾਇਜ਼ਮ ਨਾਲ ਦੂਰੋਂ ਪਾਰੋਂ ਵੀ ਵਾਸਤਾ ਨਹੀਂ ਸੀ, ਉਹ ਕੇਵਲ ਯਹੂਦੀ ਜੰਮਿਆ ਹੀ ਸੀ। ਜਿਉਂ ਹੀ ਉਸ ਦਾ ਜਹਾਜ਼ 'ਹੈਫ਼ਾ' ਪਹੁੰਚਿਆ, ਉਸ ਨੂੰ 'ਲੈਟਰਨ' ਘਾਟੀ ਅੰਦਰ ਚੱਲ ਰਹੀ ਜੰਗ ਦੇ ਮੁਹਾਜ਼ ਉੱਤੇ ਭੇਜ ਦਿੱਤਾ ਗਿਆ। ਉਸ ਦੇ ਬਹੁਤੇ ਨਾਲ ਆਏ ਸਾਥੀ ਏਸ ਮੁਹਾਜ਼ ਉੱਤੇ ਮਾਰੇ ਗਏ। ਉਹ ਹੁਣ ਇਕ 'ਕਿਬੂਟਜ਼'/ ਸਾਂਝੀ ਬਸਤੀ ਵਿਚ ਰਹਿਣ ਲੱਗ ਪਿਆ, ਜਿਥੇ ਉਸ ਨੇ ਸ਼ਾਦੀ ਕਰ ਲਈ।

ਛੇਤੀ ਹੀ ਇਕ ਟੰਟਾ ਖੜਾ ਹੋ ਗਿਆ, ਜਦੋਂ ਇਸਰਾਈਲ ਦੀ ਅੰਦਰੂਨ ਸਰਕਾਰ ਨੇ ਲੱਭਿਆ ਕਿ ਬਰਨਾਰਡੋ, ਜਿਸ ਦਾ ਹੁਣ ਨਾਂ ਸੀ 'ਡੋਵ', ਇਕ ਯਹੂਦੀ ਨਹੀਂ ਸੀ। ਉਸ ਦੀ ਸਹੀ ਪਛਾਣ ਲਈ ਉਸ ਨੂੰ ਦਫ਼ਤਰ ਤਲਬ ਕੀਤਾ ਗਿਆ। ਅਫ਼ਸਰ ਨਾਲ ਸੁਆਲ-ਜੁਆਬ ਹੋਏ। 'ਤੂੰ ਯਹੂਦੀ ਨਹੀਂ ?' 'ਮੈਂ ਕਦੇ ਵੀ ਨਹੀਂ ਸਾਂ।' 'ਤੇਰੀ ਅੰਦਰਾਜ ਬਦਲਣੀ ਪਵੇਗੀ। ਤੇਰਾ ਦੇਸ ਕਿਹੜੈ ?' 'ਇਸਰਾਈਲ ਜਨਾਬ।'

ਅਫ਼ਸਰ : ਅਜਿਹੀ ਇਸਰਾਈਲੀ ਪਛਾਣ ਵਰਗੀ ਕੋਈ ਚੀਜ਼ ਨਹੀਂ। ਤੂੰ ਜੰਮਿਆ ਕਿਥੇ ਸੀ ? ਬਾਰਸੀਲੋਨਾ। ਤਾਂ ਤੇਰਾ ਦੇਸ ਹੋਇਆ ਸਪੇਨ। ਪਰ ਮੈਂ ਤਾਂ ਸਪੇਨੀਆਂ ਦੇ ਖ਼ਿਲਾਫ਼ ਲੜਿਆ ਸਾਂ 'ਕੈਟਾਲਾਨ' ਵੱਲੋਂ। ਤਾਂ ਤੇਰਾ ਦੇਸ ਲਿਖਿਆ ਗਿਆ ਹੈ 'ਕੈਟਾਲਾਨ'। ਤੇਰਾ ਧਰਮ ਕੀ ਹੈ ? ਜੀ ਮੈਂ ਨਾਸਤਕ ਹਾਂ। ਅਖ਼ੀਰ ਬਰਨਾਰਡੋ/ ਡੋਵ ਦੇ ਕਾਗਜ਼ ਵਿਚ ਲਿਖਿਆ ਗਿਆ : ਦੇਸ ਕੈਟਾਲਾਨ, ਧਰਮ ਕੈਟਾਲਾਨ। ਨਾਸਤਕ ਲਿਖਣਾ ਅਸੰਭਵ ਸੀ।

ਆਉਂਦੇ ਸਾਲਾਂ ਵਿਚ ਉਸ ਨੇ ਆਪਣੇ ਗ਼ੈਰ ਯਹੂਦੀ ਹੋਣ ਦਾ ਪਰਛਾਵਾਂ ਆਪਣੀਆਂ ਬੱਚੀਆਂ ਉੱਤੇ ਨਹੀਂ ਪੈਣ ਦਿੱਤਾ। 'ਕਿਬੂਟਜ਼' ਵਿਚ ਰਹਿੰਦਿਆਂ ਉਸ ਨੇ ਪ੍ਰਾਣ ਤਿਆਗੇ। ਉਸ ਨੂੰ ਸਾਂਝੇ ਕਬਰਸਤਾਨ ਅੰਦਰ ਦਫ਼ਨਾਇਆ ਗਿਆ। ਪਰ, ਹੁਣ ਧਿਆਨ ਨਾਲ ਪੜ੍ਹਨਾ, ਉਸ ਦਾ ਪਛਾਣ-ਪੱਤਰ ਗੁੰਮ ਕਰ ਦਿੱਤਾ ਗਿਆ। ਕੋਈ ਇਹ ਨਹੀਂ ਕਹਿ ਸਕਦਾ ਕਿ ਬਰਨਾਰਡੋ/ਡੋਵ ਕਿਥੇ ਦੱਬਿਆ ਗਿਆ। ਕੀ ਪਤਾ ਉਹ ਆਪਣਾ ਪਛਾਣ-ਪੱਤਰ ਆਪਣੇ ਨਾਲ ਹੀ ਲੈ ਗਿਆ ਹੋਵੇ।

ਇਹ ਦੋ ਕਹਾਣੀਆਂ ਤਾਂ ਹੋਈਆਂ ਉਨ੍ਹਾਂ 'ਇਸਰਾਈਲੀਆਂ' ਦੀਆਂ, ਜੋ ਬਾਹਰੋਂ ਆ ਕੇ ਵੱਸੇ ਸਨ। ਹੁਣ ਜਾਣੀਏ ਦੋ ਸਥਾਨਕ/ਦੇਸੀ ਮਿੱਤਰਾਂ ਬਾਰੇ।

ਮਹਿਮੂਦ 1945 ਵਿਚ 'ਜਾਫ਼ਾ' (ਫ਼ਲਸਤੀਨ/ਹੁਣ ਇਸਰਾਈਲ ਦਾ ਸ਼ਹਿਰ) ਵਿਚ ਜੰਮਿਆ। ਬਾਹਰੋਂ ਯਹੂਦੀਆਂ ਦੇ ਭਾਰੀ ਗਿਣਤੀ ਵਿਚ ਆ ਪਹੁੰਚਣ ਨਾਲ, ਜ਼ਿਆਦਾਤਰ ਅਰਬ ਲੋਕ ਏਥੋਂ ਤੁਰ ਗਏ। ਪਰ ਮਹਿਮੂਦ ਆਪਣੇ ਗ਼ਰੀਬ ਮੁਹੱਲੇ/

ਨੌਕਰੀ ਵਿਚ ਕਈ ਹੋਰਨਾਂ ਵਾਂਗ ਏਥੇ ਹੀ ਟਿਕਿਆ ਰਿਹਾ। ਮਾੜੀ ਮੋਟੀ ਅਰਬੀ ਪੜ੍ਹੀ ਹੋਈ ਸੀ। ਉਹ ਨੌਜਵਾਨ ਇਸਰਾਈਲੀ ਕਮਿਊਨਿਸਟ ਸ਼ਾਖਾ ਦਾ ਮੈਂਬਰ ਬਣ ਗਿਆ ਅਤੇ 'ਹੀਬਰੀਊ' ਸਿੱਖ ਲਈ। ਏਂਜਲਜ਼ ਅਤੇ ਲੈਨਿਨ ਨੂੰ ਪੜ੍ਹਿਆ ਅਤੇ ਸਾਥੀਆਂ ਨੂੰ ਪੜ੍ਹਾਉਣ ਲੱਗਾ। ਪਾਰਟੀ ਦੇ ਬਾਕੀ ਮੈਂਬਰ ਤਾਂ ਯਹੂਦੀ ਸਨ। ਉਨ੍ਹਾਂ ਵਿੱਚੋਂ ਇਕ ਜਵਾਨ ਮਹਿਮੂਦ ਦਾ ਨਜ਼ਦੀਕੀ ਦੋਸਤ ਬਣ ਗਿਆ। ਮਹਿਮੂਦ ਆਪਣੇ ਆਪ ਨੂੰ 'ਮੋਸ਼ੇ' ਕਹਿਣ ਲੱਗ ਪਿਆ। ਦੋਹਾਂ ਦੋਸਤਾਂ ਨੇ ਸਲਾਹਾਂ ਕੀਤੀਆਂ ਕਿ ਕਿਵੇਂ ਉਹ ਅਮਨ ਹੋਣ ਪਿੱਛੋਂ ਰਲ ਕੇ ਦੁਨੀਆਂ ਦੀ ਸੈਰ ਉੱਤੇ ਜਾਣਗੇ।

1964 ਵਿਚ ਯਹੂਦੀ ਦੋਸਤ ਨੂੰ ਫ਼ੌਜ ਵਿਚ ਆਉਣ ਦਾ ਹੁਕਮ ਆ ਗਿਆ। 'ਮੋਸ਼ੇ' ਨੂੰ ਇਹ ਹੁਕਮ ਨਹੀਂ ਸੀ ਆ ਸਕਦਾ ਕਿਉਂਕਿ ਉਹ ਗ਼ੈਰ-ਯਹੂਦੀ ਸੀ। ਦੋਸਤਾਂ ਨੇ ਵਿਛੜਨ ਤੋਂ ਪਹਿਲਾਂ (ਫ਼ਿਲਮੀ ਕਹਾਣੀ ਵਾਂਗ) ਆਪਣੇ ਹੱਥਾਂ ਨੂੰ ਜ਼ਖ਼ਮੀ ਕਰ ਕੇ, ਲਹੂ ਭਰੀ ਹੱਥ ਘੁਟਣੀ ਕੀਤੀ ਅਤੇ ਸਦਾ ਲਈ ਨਿੱਘੇ ਦੋਸਤ ਰਹਿਣ ਦਾ ਇਕਰਾਰ ਕੀਤਾ।

ਢਾਈ ਸਾਲਾਂ ਪਿੱਛੋਂ ਯਹੂਦੀ ਕਾਮਰੇਡ ਦੋਸਤ, ਫ਼ੌਜੀ ਨੌਕਰੀ ਪੂਰੀ ਕਰ ਕੇ ਵਾਪਸ ਆਇਆ। ਉਹ ਤਾਂ ਕੁਝ ਹੋਰ ਹੀ ਹੋਰ ਸੀ। ਉਲਝੀਆਂ ਭਾਵਨਾਵਾਂ, ਉਖੜਿਆ ਘਬਰਾਇਆ ਹੋਇਆ। ਦੋਸਤੀ ਦਾ ਇਕਰਾਰ ਯਾਦ ਸੀ, ਪਰ ਹਿਚਕਚਾਹਟ ਸੀ। ਉਸ ਨੂੰ 'ਤੇਲ ਅਵੀਵ' ਸ਼ਹਿਰ ਦੀ ਚਮਕ ਦਮਕ ਖਿੱਚ ਲੈ ਗਈ। ਮਹਿਮੂਦ ਨੇ ਕੁਝ ਹੋਰ ਚਿਰ ਸਬਰ ਕੀਤਾ, ਪਰ ਅਖ਼ੀਰ ਉਸ ਵੇਖਿਆ ਕਿ 'ਇਸਰਾਈਲਪੁਣੇ' ਦੇ ਝੱਲ ਨੇ ਉਸ ਦਾ ਦੋਸਤ ਖੋਹ ਲਿਆ ਸੀ। ਅਖ਼ੀਰ ਮਹਿਮੂਦ ਨੇ ਪੈਸੇ ਇਕੱਠੇ ਕਰ ਕੇ, ਸਵਿਟਜ਼ਰਲੈਂਡ ਵਿਚ ਜਾ ਸ਼ਰਨ ਲਈ ਅਤੇ ਓਥੇ ਹੀ ਸ਼ਾਦੀ ਕਰ ਕੇ ਟੱਬਰ ਪਾਲਣ ਲੱਗਾ। ਮਹਿਮੂਦ ਆਪਣੇ ਨਾਂ 'ਮੋਸ਼ੇ' ਨੂੰ ਭੁੱਲ ਗਿਆ।

ਇਕ ਹੋਰ ਮਹਿਮੂਦ ਸੀ ਜੋ 1941 ਵਿਚ ਜੰਮਿਆ। 1948 ਵਿਚ ਇਕ ਹਮਲੇ ਵਿਚ ਉਸ ਦਾ ਪਿੰਡ ਉਡਾ ਦਿੱਤਾ ਗਿਆ ਅਤੇ ਮਗਰੋਂ ਓਥੇ ਇਕ ਇਸਰਾਈਲੀ ਬਸਤੀ ਬਣ ਗਈ। ਮਹਿਮੂਦ ਆਪਣੇ ਪਰਿਵਾਰ ਨਾਲ ਲੈਬਨਾਨ ਦੇਸ ਵਿਚ ਸ਼ਰਨਾਰਥੀ ਹੋ ਗਿਆ। ਪਰਿਵਾਰ ਦੇ ਸਾਰੇ ਮੈਂਬਰ, ਇਕ ਸਾਲ ਪਿੱਛੋਂ ਲੁਕ-ਛਿਪ ਕੇ ਵਾਪਸ ਆ ਗਏ ਅਤੇ ਨੇੜੇ ਦੇ ਪਿੰਡਾਂ ਵਿਚ ਰਿਸ਼ਤੇਦਾਰਾਂ ਕੋਲ ਰਹਿਣ ਲੱਗ ਪਏ। ਇਸਰਾਈਲੀ ਰਿਕਾਰਡ ਵਿਚ ਦਰਜ ਹੋਏ 'ਮੁੜ ਪਰਤੇ ਗ਼ੈਰਹਾਜ਼ਰ' ਵਾਂਗ। ਹੋਣਹਾਰ ਮਹਿਮੂਦ ਨੇ ਆਪਣੇ ਉਸਤਾਦਾਂ, ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਆਪਣੀ ਕਾਬਲੀਅਤ ਦੇ ਨਾਲ ਕੀਲ ਲਿਆ। ਪਹਿਲੇ ਮਹਿਮੂਦ ਵਾਂਗ ਇਹ ਵੀ ਕਮਿਊਨਿਸਟ ਪਾਰਟੀ ਵਿਚ ਗਿਆ ਅਤੇ 'ਹੈਫ਼ਾ' ਸ਼ਹਿਰ ਵਿਚ ਰਹਿਣ ਲੱਗਾ, ਜਿਥੇ ਚੋਖੇ ਅਰਬ ਅਤੇ ਯਹੂਦੀ ਰਲ ਕੇ ਰਹਿੰਦੇ ਸਨ। ਜਲਦੀ ਹੀ ਮਹਿਮੂਦ ਇਕ ਪੱਤਰਕਾਰ ਅਤੇ ਕਵੀ ਦੇ ਰੂਪ ਵਿਚ ਉਭਰਿਆ। ਉਸ ਦੀ ਨਿਧੜਕ ਕਵਿਤਾ 'ਪਛਾਣ-ਪੱਤਰ' ਦੀ ਸਰਹੱਦੋਂ ਪਾਰ ਵੀ ਚੋਖੀ ਪ੍ਰਸੰਸਾ ਹੋਈ। ਇਸਰਾਈਲੀ ਅੰਦਰੂਨ ਵਜ਼ਾਰਤ ਨੂੰ ਚੁਣੌਤੀ ਦੇਂਦੇ ਹੋਏ ਆਪਣੀ ਕਵਿਤਾ ਵਿਚ ਕਹਿੰਦਾ ਹੈ:

ਦਰਜ ਕਰ ਲਵੋ
ਮੈਂ ਇਕ ਅਪਰਾਧ ਹਾਂ

ਮੇਰੇ ਪਛਾਣ ਪੱਤਰ ਦਾ ਨੰਬਰ ਹੈ ਪੰਜਾਹ ਹਜ਼ਾਰ
ਮੇਰੇ ਅੱਠ ਬੱਚੇ ਨੇ
ਗਰਮੀਆਂ ਤੋਂ ਪਿੱਛੋਂ ਇਕ ਹੋਰ ਆ ਰਿਹੈ
ਤੁਸੀਂ ਮੇਰੇ ਨਾਲ ਔਖੇ ਹੋਵੋਗੇ ?

ਇਸਰਾਈਲ ਦੀ ਮਾਣਯੋਗ 'ਡੈਮੋਕ੍ਰੇਸੀ' ਅੰਦਰ ਸਦੀਆਂ ਤੋਂ ਰਹਿਣ ਵਾਲੇ ਵਾਸੀਆਂ ਦੇ ਪਛਾਣ-ਪੱਤਰਾਂ ਉੱਤੇ, ਉਨ੍ਹਾਂ ਦੀ ਦੇਸ ਪਛਾਣ ਨਾ 'ਫ਼ਲਸਤੀਨੀ' ਅਤੇ ਨਾ ਹੀ 'ਇਸਰਾਈਲੀ' ਦੇ ਤੌਰ 'ਤੇ ਦਰਜ ਕੀਤੀ ਹੈ, ਬਲਕਿ ਸਿਰਫ਼ ਲਿਖਿਆ ਹੈ 'ਅਰਬ'। ਪਹਿਲਾਂ ਤੁਸਾਂ ਪੜ੍ਹ ਲਿਆ ਹੈ ਕਿ ਇਕ ਨੂੰ 'ਕੈਟਾਲਾਨ' ਦੇਸ ਵਾਸੀ ਬਣਾਇਆ ਸੀ। ਹੁਣ ਸਥਾਨਕ ਫ਼ਲਸਤੀਨੀਆਂ ਦਾ ਦੇਸ ਲਿਖਿਆ ਹੈ 'ਅਰਬ'। ਦੋਵੇਂ ਹੀ ਦੇਸਾਂ ਦੇ ਨਾਂ ਨਹੀਂ ਹਨ।

ਇਹ ਮਹਿਮੂਦ ਇਸਰਾਈਲੀ ਸਰਕਾਰ ਨੂੰ ਰੜਕਦਾ ਸੀ। ਇਹ ਕੌਣ ਹੋਵੇ ਆਪਣਾ ਪਛਾਣ-ਪੱਤਰ ਆਪੇ ਤਿਆਰ ਕਰਨ ਵਾਲਾ। ਹਰ ਸਮੇਂ ਉਸ ਦੇ ਪਿੱਛੇ ਸਰਕਾਰ ਦਾ ਦਬਾਅ ਰਹਿਣ ਲੱਗਾ, ਤਦੇ ਉਹ ਯੂਰਪ ਵੱਲ ਨਿਕਲ ਗਿਆ, ਪਰ ਓਥੇ ਉਸ ਦਾ ਦਿਲ ਨਹੀਂ ਲੱਗਾ। ਇਕ ਅੰਤਰਰਾਸ਼ਟਰੀ ਆਗਿਆ ਦੇ ਨਾਲ ਵਾਪਸ ਆ ਕੇ 'ਵੈਸਟ ਬੈਂਕ' ਇਲਾਕੇ ਵਿਚ ਰਹਿਣ ਲੱਗਾ।

'ਮੋਸ਼ੇ' ਮਹਿਮੂਦ ਅਤੇ ਕਵੀ ਮਹਿਮੂਦ ਦੋਹਾਂ ਲਈ ਇਸਰਾਈਲ ਇਕ ਬਹੁਤ ਸੌੜੀ ਥਾਂ ਸੀ।

ਹੁਣ ਜਾਣੀਏ ਦੋ ਗ਼ੈਰ-ਯਹੂਦੀ ਕੁੜੀਆਂ ਨੂੰ, ਜੋ ਯੂਰਪ ਤੋਂ ਆਈਆਂ, ਇਸਰਾਈਲ ਵਿਚ ਵੱਸਣ ਲਈ।

ਪਹਿਲੀ ਕੁੜੀ ਹੈ 'ਗਿਜ਼ੇਲ', ਪੈਰਿਸ (ਫ਼ਰਾਂਸ) ਦੀ ਜੰਮਪਲ। ਸ਼ੁਰੂ ਤੋਂ ਆਪ-ਹੁਦਰੀ ਅਤੇ ਹਮੇਸ਼ਾ 'ਨਾਂਹ' ਕਰਦੀ, ਪਰ ਪੜ੍ਹਾਈ ਵਿਚ ਹੁਸ਼ਿਆਰ। ਮਾਪੇ ਉਸ ਨੂੰ ਸਾਇੰਸਦਾਨ ਬਣਾਉਣ ਦੀ ਸੋਚਦੇ ਸਨ, ਪਰ ਉਸ ਨੇ 'ਪਵਿੱਤਰ ਬੋਲੀ' ਪੜ੍ਹਨੀ ਸ਼ੁਰੂ ਕੀਤੀ ਅਤੇ ਇਸਰਾਈਲ ਵਿਚ ਜਾਣ ਦੀ ਠਾਣ ਲਈ। ਕਾਲਜ ਵਿਚ ਫਿਲਾਸਫੀ ਪੜ੍ਹਨ ਦੇ ਨਾਲ-ਨਾਲ, ਇੱਕੋ ਵਕਤ 'ਯਿੱਦੀ' (ਆਪਣੀ ਦਾਦੀ ਦੀ ਬੋਲੀ) ਅਤੇ ਹੀਬਰੂ ਜ਼ਬਾਨਾਂ ਸਿੱਖ ਲਈਆਂ।

ਸਤਾਰਾਂ ਸਾਲ ਦੀ ਉਮਰੇ ਉਸ ਨੇ ਆਪਣੇ ਆਪ ਨੂੰ 'ਜ਼ੀਓਨਿਸਟ' (ਇਸਰਾਈਲ ਦੇ ਜ਼ੋਰਦਾਰ ਹਾਮੀ) ਕਹਿਣਾ ਸ਼ੁਰੂ ਕੀਤਾ। 1976 ਵਿਚ ਇਕ ਯਹੂਦੀ ਏਜੰਸੀ ਦੇ ਕੋਲ ਹੀਬਰੂ ਕੋਰਸ ਕੀਤਾ। ਉਹ ਆਪਣੇ ਉਸਤਾਦ ਨੂੰ ਸੁਆਲਾਂ ਦੀ ਬੁਛਾੜ ਨਾਲ ਖਿਡਾਉਂਦੀ ਰਹਿੰਦੀ ਸੀ, ਪਰ ਉੱਤਮ ਵਿਦਿਆਰਥੀ ਹੋਣ ਕਾਰਨ ਉਸਤਾਦ ਉਸ ਦੀ ਇੱਜ਼ਤ ਕਰਦਾ ਸੀ। ਕੋਰਸ ਮੁੱਕਣ ਤੋਂ ਪਹਿਲਾਂ ਹੀ ਉਸ ਨੇ ਐਲਾਨ ਕਰ ਦਿੱਤਾ ਕਿ ਉਹ ਇਸਰਾਈਲ ਜਾ ਰਹੀ ਹੈ ਅਤੇ ਬਾਕੀ ਪੜ੍ਹਾਈ ਜੇਰੂਸ਼ਲਮ ਦੀ ਹੀਬਰੂ ਯੂਨੀਵਰਸਿਟੀ ਵਿਚ ਪੂਰੀ ਕਰੇਗੀ।

ਗਿਜ਼ੇਲ ਬੜੇ ਮਾਣ ਨਾਲ ਆਪਣੇ ਆਪ ਨੂੰ ਯਹੂਦੀ ਕਹਿੰਦੀ ਸੀ ਅਤੇ ਉਸ ਦਾ ਨਾਂ ਵੀ ਯਹੂਦੀ ਸੀ। ਅੰਦਰੋਂ ਉਸ ਨੂੰ ਖੁੜਕਦੀ ਸੀ ਕਿ ਉਸ ਦਾ ਪਿਤਾ ਤਾਂ

ਯਹੂਦੀ ਸੀ, ਪਰ ਉਸ ਦੀ ਮਾਂ ਜੋ ਯਹੂਦੀਆਂ ਵਿਚ ਪੂਰੀ ਤਰ੍ਹਾਂ ਰਚੀ ਹੋਈ ਸੀ, ਇਕ ਗ਼ੈਰ-ਯਹੂਦੀ ਸੀ। ਯਹੂਦੀ ਅਖਵਾਉਣ ਲਈ ਜ਼ਰੂਰੀ ਹੁੰਦਾ ਹੈ ਕਿ ਮਾਂ ਯਹੂਦੀ ਹੋਵੇ, ਉਨ੍ਹਾਂ ਦੇ ਅੰਦਰ ਇਹ ਪ੍ਰਥਾ ਚੱਲੀ ਆ ਰਹੀ ਹੈ। ਇਸਰਾਈਲ ਵਿਚ ਰਹਿ ਕੇ ਸਹੂਲਤਾਂ ਪ੍ਰਾਪਤ ਕਰਨ ਲਈ ਜ਼ਰੂਰੀ ਸੀ ਯਹੂਦੀ ਹੋਣਾ ਜਾਂ ਬਣ ਜਾਣਾ। ਗਿਜ਼ੇਲ ਨੂੰ ਯਕੀਨ ਸੀ ਕਿ ਉਸ ਦੇ ਪਿਤਾ ਦੀ ਜਰਮਨ ਜੇਲ੍ਹ ਯਾਤਰਾ ਅਤੇ ਪਹਿਲਾਂ ਮਾਂ ਦੀ ਜੇਲ੍ਹਾਂ ਅੰਦਰ ਮੌਤ ਦੀ ਕਹਾਣੀ ਸਭ ਕੰਮ ਸੰਵਾਰ ਦੇਵੇਗੀ।

ਯਹੂਦੀ ਏਜੰਸੀ ਵਿਚ ਇੰਟਰਵਿਊ ਵਿਚ ਉਸ ਨੇ ਅਫ਼ਸਰ ਨਾਲ ਗੁਸਤਾਖ਼ੀ ਕਰਦਿਆਂ ਪੁੱਛਿਆ ਕਿ ਕੀ ਉਹ ਆਸਤਕ ਹੈ? ਉਸ ਨੇ ਜਵਾਬ ਦਿੱਤਾ, "ਨਹੀਂ।"

"ਤਾਂ ਫਿਰ ਇਕ ਨਾਸਤਕ ਜੋ ਆਪਣੇ ਆਪ ਨੂੰ ਯਹੂਦੀ ਕਹਿੰਦਾ ਹੈ, ਇਕ ਹੋਰ ਨਾਸਤਕ ਵਿਅਕਤੀ ਨੂੰ, ਯਹੂਦੀਆਂ ਵਿਚ ਰਲਣ ਲਈ, ਧਰਮ ਬਦਲੀ ਉੱਤੇ ਕਿਉਂ ਜ਼ੋਰ ਦੇਵੇ?"

ਸਰਕਾਰੀ ਕਾਰਿੰਦੇ ਨੇ ਦੱਸਿਆ ਕਿ "ਏਹੀ ਕਨੂੰਨ ਹੈ। ਜੇ ਉਸ ਦਾ ਪਿਉ ਇਸਰਾਈਲ ਵਿਚ ਹੁੰਦਾ ਤਾਂ ਕਾਨੂੰਨ ਨੇ ਉਸ ਨੂੰ ਕਿਸੇ ਗ਼ੈਰ-ਯਹੂਦੀ ਨਾਲ ਵਿਆਹ ਰਚਾਉਣ ਦੀ ਆਗਿਆ ਨਹੀਂ ਸੀ ਦੇਣੀ।"

ਗਿਜ਼ੇਲ ਦੇ ਕਪਾਟ ਖੁੱਲ੍ਹ ਗਏ। ਇਸ ਦੇਸ ਅੰਦਰ ਉਹ ਇਕ ਹਰਾਮੀ ਔਲਾਦ ਸੀ ਅਤੇ ਉਸ ਦੇ ਲਈ ਧਰਮ-ਬਦਲੀ ਜ਼ਰੂਰੀ ਸੀ। ਗਿਜ਼ੇਲ ਲਈ ਇੰਜ ਯਹੂਦੀ ਬਣਨਾ ਘੋਰ ਅਪਮਾਨ ਸੀ। ਨਫ਼ਰਤ ਦੇ ਨਾਲ ਉਹ ਅੰਦਰੋਂ ਸੜ ਬਲ ਗਈ। ਉਹ ਫ਼ਰਾਂਸ ਵਾਪਸ ਪਰਤ ਗਈ ਅਤੇ ਆਪਣੇ ਉਸਤਾਦ ਤੋਂ ਵੀ ਹੀਬਰੂ ਪੜ੍ਹਾਈ ਬੰਦ ਕਰ ਕੇ ਅਲਵਿਦਾ ਲੈ ਗਈ।

ਕਈ ਸਾਲਾਂ ਪਿੱਛੋਂ ਉਸਤਾਦ ਨੇ ਇਕ ਪੈਰਿਸ ਦੇ ਪਰਚੇ ਵਿਚ ਉਸ ਦਾ ਲਿਖਿਆ ਲੇਖ ਪੜ੍ਹਿਆ, ਜਿਸ ਦੇ ਵਿਚ ਇਸਰਾਈਲੀ ਕਬਜ਼ਾ ਕੀਤੇ ਫ਼ਲਸਤੀਨੀ ਇਲਾਕਿਆਂ ਅੰਦਰ ਜ਼ੁਲਮਾਂ ਦੀ ਕਹਾਣੀ ਕਲਮਬੰਦ ਕੀਤੀ ਹੋਈ ਸੀ। ਗਿਜ਼ੇਲ ਇਕ ਮਨੋਵਿਗਿਆਨਕ ਬਣ ਗਈ ਹੋਈ ਸੀ।

ਫ਼ਰਾਂਸ ਅੰਦਰਲੇ ਯਹੂਦੀਆਂ ਨੇ ਉਸ ਦੇ ਉੱਤੇ "ਆਪਾ-ਨਫ਼ਰਤੀ" ਯਹੂਦੀ ਦਾ ਠੱਪਾ ਲਾਇਆ ਹੋਇਆ ਸੀ। ਉਹ ਗ਼ੈਰ-ਯਹੂਦੀ "ਕਿੱਤਾ ਹੀ ਇਹ ਹੈ" ਕਹਿ ਕੇ ਉਸ ਨੂੰ ਨਜ਼ਰ-ਅੰਦਾਜ਼ ਕਰ ਦੇਂਦੇ ਸਨ। ਨਤੀਜਾ – ਨਾ ਘਰ ਕੇ ਨਾ ਘਾਟ ਕੇ। ਇਕ ਆਜ਼ਾਦ ਹਸਤੀ।

ਹੁਣ ਇਕ ਵਿਦਿਆਰਥਣ 'ਲਰੀਸਾ' ਦੀ ਗੱਲ ਕਰੀਏ ਜੋ 1984 ਵਿਚ ਸਾਇਬੇਰੀਆ (ਸੋਵੀਅਤ ਸੰਘ) ਦੇ ਇਕ ਦੁਰਾਡਲੇ ਪਿੰਡ ਵਿਚ ਜੰਮੀ ਸੀ, ਸੋਵੀਅਤ ਸੰਘ ਦੇ ਢਹਿ-ਢੇਰੀ ਹੋਣ ਤੋਂ ਕੁਝ ਚਿਰ ਪਹਿਲਾਂ। ਸ਼ੁਰੂ ਨੱਬਿਆਂ ਵਿਚ ਉਹ ਆਪਣੇ ਮਾਪਿਆਂ ਨਾਲ ਇਸਰਾਈਲ ਆ ਗਈ। ਬਾਹਰੋਂ ਆਏ ਅਤੇ ਸਥਾਨਕ ਬੱਚਿਆਂ ਨਾਲ ਉਹ ਜਲਦੀ ਰਲ ਮਿਲ ਗਈ। ਹੀਬਰੂ ਜ਼ਬਾਨ ਵੀ ਸਿੱਖ ਗਈ। ਉਸ ਦੇ ਵਾਲ ਸੁਨਹਿਰੀ ਸਨ। ਸਥਾਨਕ ਬੱਚੇ ਜਦੋਂ ਉਸ ਨੂੰ ਰੂਸੀ ਕਹਿ ਕੇ ਬੁਲਾਉਂਦੇ ਸਨ ਤਾਂ ਉਹ ਚਿੜ੍ਹ ਜਾਂਦੀ ਸੀ।

ਲਰੀਸਾ ਸੰਨ 2000 ਵਿਚ ਸੋਲ੍ਹਾਂ ਸਾਲ ਦੀ ਹੋਈ ਤਾਂ ਅੰਦਰੂਨੀ ਵਜ਼ਾਰਤ ਨੇ ਉਸ ਨੂੰ ਪਹਿਲਾ ਪਛਾਣ-ਪੱਤਰ ਬਣਵਾਉਣ ਲਈ ਬੁਲਾਇਆ। ਇਕ ਫ਼ਾਰਮ ਭਰਨ

ਲਈ ਦਿੱਤਾ ਗਿਆ। ਜਿਥੇ ਕੌਮੀਅਤ ਭਰਨ ਦਾ ਖ਼ਾਨਾ ਆਇਆ ਤਾਂ ਉਸ ਨੇ ਮੈਡਮ ਅਫ਼ਸਰ ਨੂੰ ਪੁੱਛਿਆ, ਕੀ ਉਹ 'ਯਹੂਦੀ' ਲਿਖ ਸਕਦੀ ਹੈ? ਗੁਸੈਲਾ ਜਵਾਬ ਮਿਲਿਆ, "ਰੂਸੀ" ਭਰ ਜਿਵੇਂ ਤੇਰੇ ਮਾਪਿਆਂ ਨੇ ਭਰਿਆ ਹੈ। ਅਤਿਅੰਤ ਪੀੜ ਹੋਈ ਉਸ ਨੂੰ। ਇਹ ਪਛਾਣ-ਪੱਤਰ ਉਸ ਦਾ ਕਿਤੇ ਵੀ ਖਹਿੜਾ ਨਹੀਂ ਸੀ ਛੱਡਦਾ। ਸਕੂਲ ਦੀ ਕਲਾਸ ਨੇ ਪੋਲੈਂਡ ਵਿਚ ਆਸ਼ਵਿਟਜ਼ ਵੇਖਣ ਲਈ ਜਾਣਾ ਸੀ। ਕੇਵਲ ਯਹੂਦੀ ਕੁੜੀਆਂ ਹੀ ਜਾ ਸਕਦੀਆਂ ਸਨ। ਪਾਸਪੋਰਟ ਵਿਖਾਉਣ ਲੱਗਿਆਂ ਤਾਂ ਉਸ ਦਾ 'ਰੂਸੀ' ਹੋਣਾ ਉੱਘੜ ਆਉਣਾ ਸੀ। ਏਸ ਲਈ ਉਹ ਟ੍ਰਿਪ ਉੱਤੇ ਨਹੀਂ ਗਈ।

ਜਦੋਂ ਵਾਰੀ ਆਈ ਫ਼ੌਜ ਅੰਦਰ ਜਬਰੀ ਭਰਤੀ ਲਈ, ਉਸ ਸਮੇਂ ਉਸ ਦੀ ਕਿਸੇ ਨੇ ਨਹੀਂ ਸੁਣੀ ਕਿ ਉਹ ਯਹੂਦੀ ਨਹੀਂ, ਰੂਸੀ ਹੈ। ਇਕ ਵਾਰ ਉਸ ਨੇ ਵਰਦੀ ਪਾ ਲਈ ਤਾਂ ਉਸ ਦੀ ਤਬੀਅਤ ਬਦਲ ਗਈ। ਹੁਣ ਉਸ ਨੂੰ ਯਕੀਨ ਹੋ ਗਿਆ ਕਿ ਫ਼ੌਜੀ ਲਰੀਸਾ ਹੁਣ ਤਾਂ ਇਸਰਾਈਲੀ ਕਰ ਕੇ ਹੀ ਜਾਣੀ ਜਾਵੇਗੀ। ਪਰ ਉਸ ਦੇ ਸੁਨਹਿਰੀ ਵਾਲ ਇਕ ਰੁਕਾਵਟ ਸਨ।

ਫ਼ੌਜੀ ਸੇਵਾ ਮੁੱਕਣ ਉੱਤੇ ਲਰੀਸਾ 'ਤੇਲ ਅਵੀਵ' ਸ਼ਹਿਰ ਵਿਚ ਆ ਗਈ। ਲੋਕਾਂ ਨਾਲ ਭਰਿਆ ਸ਼ਹਿਰ, ਇਕ ਆਜ਼ਾਦੀ ਦਾ ਮਾਹੌਲ ਪੈਦਾ ਕਰਦਾ ਸੀ। ਉਸ ਨੂੰ ਲੱਗਦਾ ਸੀ, ਉਸ ਦੀ ਕੌਮੀਅਤ ਦਾ ਮਸਲਾ ਹੱਲ ਹੋ ਗਿਆ ਹੈ। ਉਸ ਨੂੰ ਸ਼ਾਦੀ ਵਿਚ ਇੱਕੋ ਇਕ ਰੁਕਾਵਟ ਦਿਸਦੀ ਸੀ – ਉਸ ਦੀ ਕੋਈ ਵੀ ਯਹੂਦੀ ਸੱਸ ਉਸ ਦੇ ਗ਼ੈਰ-ਯਹੂਦੀ (ਕਾਨੂੰਨ ਅਨੁਸਾਰ) ਬੱਚਿਆਂ ਦੀ ਪ੍ਰਵਾਨਗੀ ਨਹੀਂ ਦੇਵੇਗੀ।

ਉਹ ਯੂਨੀਵਰਸਿਟੀ ਵਿਚ ਇਤਿਹਾਸ ਪੜ੍ਹਨ ਲੱਗੀ। ਤੀਜੇ ਸਾਲ ਇਕ ਕੋਰਸ 'ਆਧੁਨਿਕ ਜ਼ਮਾਨੇ ਵਿਚ ਕੌਮਾਂ ਅਤੇ ਰਾਸ਼ਟਰਵਾਦ' ਲਈ ਕਾਗ਼ਜ਼ ਭਰੇ। ਉਸ ਨੇ ਸੁਣ ਰੱਖਿਆ ਕਿ ਉਸਤਾਦ ਬੜੀ ਹਮਦਰਦ ਤਬੀਅਤ ਵਾਲਾ ਹੈ।

ਪਹਿਲੀ ਹੀ ਕਲਾਸ ਵਿਚ ਉਸਤਾਦ ਨੇ ਪੁੱਛਿਆ, "ਤੁਹਾਡੇ ਵਿਚ ਕੋਈ ਅਜਿਹਾ ਤਾਂ ਨਹੀਂ, ਜਿਸ ਦੀ ਪਛਾਣ, ਪਛਾਣ-ਪੱਤਰ ਅੰਦਰ, ਯਹੂਦੀ ਤੋਂ ਛੁੱਟ ਕੋਈ ਹੋਰ ਹੋਵੇ?" ਕਿਸੇ ਨੇ ਹੱਥ ਨਹੀਂ ਚੁੱਕਿਆ, ਉਸ ਨੇ ਵੀ ਨਹੀਂ। ਕੋਰਸ ਚੱਲਣ ਲੱਗ ਪਿਆ। ਪ੍ਰੋਫ਼ੈਸਰ ਜਦੋਂ ਕਈ ਵਿਸ਼ਿਆਂ ਨੂੰ ਬਾਰ ਬਾਰ ਦੁਹਰਾਉਂਦਾ ਤਾਂ ਉਹ ਅੱਕ ਜਾਂਦੀ। ਪਰ ਉਸ ਨੂੰ ਇਸਰਾਈਲ ਦੀ ਪਛਾਣ ਸਮਝ ਆਉਣ ਲੱਗ ਪਈ। ਉਸ ਨੂੰ ਸਮਝ ਆਉਣ ਲੱਗ ਪਈ ਕਿ ਇਸਰਾਈਲੀ ਦੇਸ ਅੰਦਰ ਉਹ ਆਖ਼ਰੀ ਯਹੂਦੀ ਸੀ।

ਸੀਮੈਸਟਰ ਖ਼ਤਮ ਹੋਣ ਉੱਤੇ ਆਇਆ ਤਾਂ ਪ੍ਰੋਫ਼ੈਸਰ ਨੇ ਉਸ ਨੂੰ ਪਹਿਲਾ ਲੈਕਚਰ ਯਾਦ ਕਰਵਾਇਆ। ਲਰੀਸਾ ਨੇ ਕਿਹਾ ਕਿ ਮੇਰੇ ਵਿਚ ਹਿੰਮਤ ਨਹੀਂ ਹੋਈ ਕਿ ਮੈਂ ਯਹੂਦੀ ਨਾ ਹੋਣ ਪਿੱਛੇ ਹੱਥ ਖੜਾ ਕਰਾਂ। "ਤਾਂ ਇੰਜ ਕਰੋ" ਪ੍ਰੋਫ਼ੈਸਰ ਨੇ ਕਿਹਾ, "ਤੂੰ ਇਕ ਪਰਚਾ ਲਿਖ ਬਈ ਕਿਨ੍ਹਾਂ ਕਾਰਨਾਂ ਨੇ ਤੈਨੂੰ ਇਹ 'ਸ਼ਾਕਾ' ਦੇਣ ਲਈ ਉਕਸਾਇਆ। ਸ਼ਾਇਦ ਇਹ ਮੇਰੀ ਕਿਸੇ ਲਿਖਤ ਵਿਚ ਸਹਾਈ ਹੋਵੇ।" ਲੈਰੀਸਾ ਦੇ ਪਰਚੇ ਨੂੰ ਬੜੇ ਉੱਚੇ ਨੰਬਰ ਮਿਲੇ। ਉਸ ਦੇ ਉਪਰੋਂ ਫ਼ਿਕਰ ਅਤੇ ਚਿੰਤਾ ਦੇ ਬੱਦਲ ਉੱਡ ਗਏ।

ਇਨ੍ਹਾਂ ਛੇ ਕਹਾਣੀਆਂ ਤੋਂ ਅੰਦਾਜ਼ਾ ਲਗਾ ਲਉ ਕਿ "ਡੈਮੋਕ੍ਰੇਟਿਕ" ਇਸਰਾਈਲ ਵਿਚ ਵੱਸਦੇ ਹਰ ਇਨਸਾਨ ਦੇ ਉਪਰ ਸਰਕਾਰ ਦਾ ਪਰਛਾਵਾਂ ਕਿੰਨਾ ਕੁ ਹੈ?

ਫ਼ਾਸ਼ਿਜ਼ਮ

ਕੁਝ ਸਿਆਸੀ ਫਲਸਫੇ "ਇਜ਼ਮ" ਕਰਕੇ ਜਾਣੇ ਜਾਂਦੇ ਹਨ, ਜਿਵੇਂ ਜ਼ੀਓਨਿਜ਼ਮ, ਕਮਿਊਨਿਜ਼ਮ ਅਤੇ ਫ਼ਾਸ਼ਿਜ਼ਮ। ਪਿੱਛੇ ਜਹੇ ਜਾਰਜ ਬੁਸ਼ ਅਮਰੀਕਾ ਦਾ ਪ੍ਰਧਾਨ ਰੀਟਾਇਰ ਹੋਣ ਤੋਂ ਪਹਿਲਾਂ ਕਈ ਚਿਰ 'ਇਸਲਾਮੋ-ਫ਼ਾਸ਼ਿਜ਼ਮ' ਦੀ ਰੱਟ ਲਗਾਉਂਦਾ ਰਿਹਾ ਸੀ।

ਭਾਰਤ ਅੰਦਰ ਸਿਆਸੀ ਨੇਤਾ ਜਦੋਂ ਕਿਸੇ ਪਾਰਟੀ ਨੂੰ ਨਿੰਦਦੇ ਨੇ ਤਾਂ ਉਸ ਨਾਲ 'ਫ਼ਾਸ਼ੀ' ਜੋੜ ਦੇਂਦੇ ਹਨ। 'ਫ਼ਾਸ਼ਿਜ਼ਮ' ਇਕ ਗਹਿਰੀ ਚੀਜ਼ ਹੈ, ਜਿਸ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ। ਇਹ ਕੋਈ ਸਪੱਸ਼ਟ ਦਿਸਣ ਵਾਲੀ ਚੀਜ਼ ਨਹੀਂ, ਜਿਸ ਨੂੰ ਕਿਹਾ ਜਾਵੇ 'ਔਹ ਜੇ ਫ਼ਾਸ਼ਿਜ਼ਮ'। ਏਸ ਇਜ਼ਮ ਦੇ ਬੇਅੰਤ ਲੱਛਣ ਹਨ, ਜਿਨ੍ਹਾਂ ਦੀ ਹੋਂਦ ਕਿਸੇ ਵੀ ਦੇਸ ਅੰਦਰ ਪੈਦਾ ਹੋ ਜਾਣ ਉੱਤੇ, ਇਕ ਦੇਸ 'ਫ਼ਾਸ਼ਿਸਟ' ਹੋ ਜਾਂਦਾ ਹੈ। ਕਿਹਾ ਜਾ ਸਕਦਾ ਹੈ ਕਿ ਏਥੇ ਫ਼ਾਸ਼ਿਜ਼ਮ ਦਾ ਰਾਜ ਹੈ। ਉਹ ਲੱਛਣ ਕੀ ਹਨ ?

1. ਜ਼ੋਰਦਾਰ ਰਾਸ਼ਟਰਵਾਦੀ ਭਾਵਨਾਵਾਂ ਲਗਾਤਾਰ ਉਭਾਰੀਆਂ ਜਾਂਦੀਆਂ ਹਨ। ਹਰ ਪਾਸੇ ਦੇਸ ਪ੍ਰੇਮ ਦੇ ਬੈਨਰ, ਨਾਅਰੇ, ਚਿੰਨ੍ਹ, ਗੀਤ ਅਤੇ ਹੋਰ ਜੁੜਵੇਂ ਢੰਗ ਦਿੱਸਣਗੇ। ਹਰ ਪਾਸੇ ਝੰਡੇ ਲਹਿਰਾਉਂਦੇ ਦਿੱਸਦੇ ਹਨ।

ਸਾਡੇ ਦੇਸ ਅੰਦਰ, ਦੇਸ ਭਗਤੀ ਦਾ ਅਜਿਹਾ ਤਾਪ ਨਹੀਂ ਹੈ। ਪੱਛਮੀ ਦੇਸਾਂ ਅੰਦਰ ਅਜਿਹੀ ਹਾਲਤ ਕੇਵਲ ਅਮਰੀਕਾ ਦੇਸ ਅੰਦਰ ਹੈ।

2. ਇਨਸਾਨੀ ਹੱਕਾਂ ਦੀ ਬੇਕਦਰੀ ਆਮ ਹੈ। ਬਹਾਨਾ ਇਹ ਹੁੰਦਾ ਹੈ ਕਿ ਬਾਹਰੋਂ ਹਮਲੇ ਦਾ ਖ਼ਤਰਾ ਹੈ। ਏਸ ਲਈ ਫ਼ਾਸ਼ਿਸਟ ਦੇਸ ਅੰਦਰ ਬੇਅੰਤ 'ਲੋੜਾਂ' ਕਾਰਨ, ਲੋਕਾਂ ਨੂੰ ਇਨਸਾਨੀ ਹੱਕਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਲੋਕਾਂ ਵੱਲੋਂ ਆਪਣੇ ਆਪ ਹੀ ਸਵੀਕ੍ਰਿਤੀ ਮੰਨੀ ਮਿੱਥੀ ਜਾਂਦੀ ਹੈ।

3. ਜੇ ਕੈਦੀਆਂ ਨੂੰ ਲੰਮੀਆਂ ਸਜ਼ਾਵਾਂ ਦਿੱਤੀਆਂ ਜਾਣ, ਤਸੀਹੇ ਦਿੱਤੇ ਜਾਣ ਜਾਂ ਖੜੇ ਹੀ ਕਤਲ ਕੀਤੇ ਜਾਣ ਅਤੇ ਜਾਂ ਛੁਪ ਕੇ ਕਤਲ ਕਰਵਾ ਦਿੱਤੇ ਜਾਣ। ਇਨ੍ਹਾਂ ਖੇਤਰਾਂ 'ਚ ਦੁਨੀਆਂ ਦੇ ਕੁਲ ਦੇਸਾਂ ਅੰਦਰ, ਅਮਰੀਕਾ ਨੂੰ ਅੱਵਲ ਰਹਿਣ ਦਾ ਮਾਣ ਹੈ। ਅਮਰੀਕੀ ਜੇਲ੍ਹਾਂ ਅੰਦਰ 25 ਲੱਖ ਲੋਕ ਕੈਦ ਹਨ, ਲੰਮੀਆਂ ਸਜ਼ਾਵਾਂ ਦੇ ਨਾਲ। ਕਿਸੇ ਦੇਸ ਦੀ ਜੁਰਅਤ ਨਹੀਂ ਏਧਰ ਉਂਗਲ ਕਰਨ ਦੀ। ਪੱਛਮੀ ਦੇਸਾਂ ਅੰਦਰ ਏਹੀ ਇਕ ਦੇਸ ਹੈ, ਜਿਥੇ ਫਾਂਸੀ ਦੀ ਸਜ਼ਾ ਨਿਰੀ ਕਾਇਮ ਹੀ ਨਹੀਂ, ਸਗੋਂ ਖੁੱਲ੍ਹ ਕੇ ਵਰਤੀ ਜਾਂਦੀ ਹੈ।

4. ਏਕਤਾ ਲਈ ਦੁਸ਼ਮਣਾਂ ਜਾਂ ਵਿਅਕਤੀਆਂ ਦਾ ਡਰਾਵਾ – ਲੋਕਾਂ ਨੂੰ ਜੋੜਨ

ਲਈ ਕਿਸੇ ਨਾ ਕਿਸੇ ਦੁਸ਼ਮਣ ਦਾ ਹਊਆ ਖੜਾ ਕਰ ਕੇ ਦੇਸ਼ ਭਗਤੀ ਦੀ ਗਰਮੀ ਤੇਜ਼ ਕੀਤੀ ਜਾਂਦੀ ਹੈ। ਇਹ ਦੁਸ਼ਮਣ ਹੋ ਸਕਦੇ ਨੇ ਧਾਰਮਿਕ ਫ਼ਿਰਕੇ, ਆਜ਼ਾਦ ਖ਼ਿਆਲ ਲੋਕ, ਕਮਿਊਨਿਸਟ, ਸੋਸ਼ਲਿਸਟ ਅਤੇ ਟੈਰਰਿਸਟ/ਅੱਤਵਾਦੀ। ਕੁੱਲ ਅਖ਼ਬਾਰਾਂ ਅਤੇ ਟੈਲੀਵੀਜ਼ਨ ਸਮੇਂ ਸਮੇਂ ਡਰ ਦਾ ਟੀਕਾ ਲਾਉਂਦੇ ਰਹਿੰਦੇ ਹਨ। ਹਾਲਾਤ ਸਾਧਾਰਨ ਉੱਤੇ ਨਹੀਂ ਆਉਣ ਦਿੱਤੇ ਜਾਂਦੇ। ਇੰਜ ਹੋ ਜਾਵੇ ਤਾਂ ਲੋਕ ਸਵਾਲਾਂ ਦੀ ਬੁਛਾੜ ਸ਼ੁਰੂ ਕਰ ਦੇਣਗੇ। ਸਰਕਾਰੀ ਨੀਤੀ ਵਿਰੁੱਧ ਸਵਾਲ ਉਠਾਉਣ ਵਾਲਿਆਂ ਦੀ ਬੁਰੀ ਬਾਬ ਕੀਤੀ ਜਾਂਦੀ ਹੈ। ਕਾਨੂੰਨ ਦੇ ਹੱਥ ਲੰਮੇ ਕਰਕੇ ਵਰਤੇ ਜਾਂਦੇ ਹਨ।

5. ਫ਼ੌਜ ਦੀ ਉੱਤਮਤਾ/ਚੜ੍ਹਤ – ਬੇਅੰਤ ਘਰੇਲੂ ਮਸਲਿਆਂ ਨੂੰ ਨਜ਼ਰ-ਅੰਦਾਜ਼ ਕਰ ਕੇ ਫ਼ੌਜੀ ਖ਼ਰਚੇ ਲਈ ਵੱਡਾ ਬਜਟ ਰੱਖਿਆ ਜਾਂਦਾ ਹੈ। ਫ਼ੌਜੀਆਂ ਅਤੇ ਫ਼ੌਜੀ ਨੌਕਰੀ ਨੂੰ ਫ਼ਿਲਮੀ ਲਿਸ਼ਕ ਵਾਲਾ ਚਿਹਰਾ ਮਿਲਦਾ ਹੈ। ਦੁਨੀਆਂ ਦੀ ਇੱਕੋ ਇਕ ਮਹਾਂ-ਸ਼ਕਤੀ ਜੋ 'ਡੈਮੋਕ੍ਰੇਸੀ' ਅਖਵਾਉਂਦੀ ਹੈ, ਏਸ ਰੋਗ ਤੋਂ ਪੀੜਤ ਹੈ।

6. ਨਰ ਪ੍ਰਧਾਨਗੀ – ਫ਼ਾਸ਼ੀ ਸਰਕਾਰਾਂ ਅੰਦਰ ਲਗਭਗ ਹਰ ਪਾਸੇ ਮਰਦਾਂ ਦਾ ਰਾਜ ਹੁੰਦਾ ਹੈ। ਮਰਦ/ਔਰਤ ਦੇ ਰਿਵਾਜੀ ਫ਼ਰਜ਼ਾਂ ਨੂੰ ਵਧੇਰੇ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਹੈ। ਮੱਧ ਏਸ਼ੀਆ ਦੇ ਕੁਲ ਰਜਵਾੜਾ ਦੇਸਾਂ ਅੰਦਰ ਔਰਤਾਂ ਦੀ ਹੈਸੀਅਤ ਗ਼ੁਲਾਮਾਂ ਤੋਂ ਵੱਧ ਨਹੀਂ।

7. ਪ੍ਰਚਾਰ ਮੀਡੀਏ 'ਤੇ ਕੰਟਰੋਲ - ਸਰਕਾਰ ਸਿੱਧੇ ਜਾਂ ਅਸਿੱਧੇ ਹੁਕਮਾਂ ਹੇਠ ਮੀਡੀਆ ਆਪਣੀ ਮੁੱਠੀ ਵਿਚ ਰੱਖਦੀ ਹੈ। ਇਸ ਕੰਮ ਲਈ ਸਰਕਾਰੀ ਅਤੇ ਗ਼ੈਰ-ਸਰਕਾਰੀ ਹਮਦਰਦ ਬੁਲਾਰਿਆਂ ਨੂੰ ਰੱਜ ਕੇ ਵਰਤਿਆ ਜਾਂਦਾ ਹੈ। ਸੈਂਸਰਸ਼ਿਪ ਦੀ ਕੜੀ ਵਰਤੋਂ ਕੀਤੀ ਜਾਂਦੀ ਹੈ। ਜਿਸ ਦਿਨ ਤੋਂ ਮਾਰਚ 2003 ਵਿਚ ਅਮਰੀਕਾ ਨੇ ਇਰਾਕ ਉੱਤੇ ਹੱਲਾ ਬੋਲਿਆ ਸੀ, ਮੀਡੀਆ ਅਖ਼ਬਾਰਾਂ ਉੱਤੇ ਸੈਂਸਰ ਲੱਗਿਆ ਹੋਇਆ ਹੈ। ਜੀ-ਹਜ਼ੂਰੀ ਮੁਕੰਮਲ ਹੈ। ਇੰਟਰਨੈੱਟ ਹੀ ਕੁਝ ਬੋਲੇ/ਹਵਾੜ ਕੱਢੇ ਤਾਂ ਕੱਢੇ, ਸਰਕਾਰੀ ਤੌਰ ਉੱਤੇ ਮੁਕੰਮਲ ਹਨੇਰਾ ਅਤੇ ਫ਼ਰੇਬ ਹੈ।

8. ਰਾਸ਼ਟਰੀ ਸੁਰੱਖਿਆ – ਭਿਆਨਕ ਡਰ ਦੀ ਭਾਵਨਾ, ਲਗਾਤਾਰ ਉਜਾਗਰ ਕੀਤੀ ਜਾਂਦੀ ਹੈ। ਇਕ ਤੋਂ ਇਕ ਵੱਧ ਕੇ ਲੋਕਾਂ ਦੀ ਸੰਵਿਧਾਨਕ ਆਜ਼ਾਦੀ ਖੋਹਣ ਵਾਲੇ ਕਾਨੂੰਨ ਬਣਾਏ ਜਾਂਦੇ ਹਨ। ਅੱਜ-ਕੱਲ੍ਹ ਅਮਰੀਕਾ ਅੰਦਰ 'ਘਰੇਲੂ ਰੱਖਿਆ'/ 'ਹੋਮਲੈਂਡ ਸਿਕਿਓਰਿਟੀ' ਹਰ ਹੀਲੇ ਬਹਾਨੇ, ਘਰ ਘਰ ਪਹੁੰਚ ਕੇ ਲੋਕਾਂ ਅੰਦਰ ਸਹਿਮ ਪੈਦਾ ਕਰ ਰਹੀ ਹੈ। 'ਟ੍ਰਾਂਸਪੋਰਟ ਸਿਕਿਓਰਿਟੀ' ਸੇਵਾ, ਨਿੱਤ ਨਵੇਂ ਹਾਸੋ-ਹੀਣੇ ਕਦਮਾਂ ਦੇ ਨਾਲ, ਮੁਸਾਫ਼ਰਾਂ ਨੂੰ ਪਰੇਸ਼ਾਨ ਕਰਦੀ ਹੈ। ਅੱਜ-ਕੱਲ੍ਹ 'ਨੇਕਡ ਬਾਡੀ ਸਕੈਨ' ਦੀ ਵਰਤੋਂ ਸ਼ੁਰੂ ਹੈ, ਜਿਸ ਰਾਹੀਂ ਵਿਸ਼ੇਸ਼ ਐਕਸ-ਰੇ ਨਾਲ, ਮਸ਼ੀਨ ਦੇ ਵਿੱਚੋਂ ਲੰਘਣ ਵਾਲਾ ਵਿਅਕਤੀ ਅਲਫ਼ ਨੰਗਾ ਹੋ ਕੇ ਵਿਖਾਈ ਦੇਂਦਾ ਹੈ। ਐਕਸਰੇ ਸਰੀਰ ਲਈ ਹਾਨੀਕਾਰਕ ਵੀ ਹੈ। ਜੋ ਮੁਸਾਫ਼ਰ ਐਕਸਰੇ ਨਾਲ ਨੰਗੇ ਸਰੀਰ ਦੀ ਸਕੈਨਿੰਗ ਲਈ ਰਾਜ਼ੀ ਨਹੀਂ ਹੁੰਦਾ, ਉਸ ਦੇ ਕੁਲ ਸਰੀਰ ਨੂੰ (ਸਮੇਤ ਛਾਤੀਆਂ ਅਤੇ ਖੁੱਚਾਂ ਕੱਛਾਂ ਦੇ) ਟੋਹ ਕੇ ਸਭ ਦੇ ਸਾਹਮਣੇ ਜ਼ਲੀਲ ਕੀਤਾ ਜਾਂਦਾ ਹੈ। ਦਹਾਕਿਆਂ ਦੇ 'ਦੁਸ਼ਮਣ ਆਇਆ' ਪ੍ਰਚਾਰ ਦੇ ਨਾਲ, ਲੋਕਾਂ ਅੰਦਰੋਂ ਸਵੈਮਾਣ ਜਹੀ ਭਾਵਨਾ ਲਗਭਗ ਖ਼ਤਮ ਹੈ। ਜਿਸ ਆਸਾਨੀ ਨਾਲ ਉਹ

ਐਕਸਰੇ ਮਸ਼ੀਨਾਂ ਦੇ ਅੰਦਰੋਂ ਲੰਘੀ ਜਾਂਦੇ ਹਨ, ਇਨਸਾਨੀ ਭੇਡਾਂ ਜਾਪਦੇ ਹਨ। ਨੰਗੇ ਹੋ ਕੇ ਜ਼ਲੀਲ ਵੀ ਹੋ ਰਹੇ ਹਨ ਅਤੇ ਐਕਸਰੇ ਦੀ ਕੈਂਸਰ ਖ਼ੁਰਾਕ ਵੀ ਲੈ ਰਹੇ ਹਨ। ਨਿਰੇ ਵੱਡੇ ਨਹੀਂ, ਹਰ ਉਮਰ ਦੇ ਬੱਚੇ ਵੀ। ਪੇਟ ਅੰਦਰਲੇ ਬੱਚੇ ਵੀ।

9. ਸਰਕਾਰ ਅਤੇ ਧਰਮ ਦੀ ਗਾੜ੍ਹੀ ਖ਼ਿਆਲੀ – ਫਾਸ਼ੀ ਦੇਸ ਜਾਂ ਪ੍ਰਾਂਤੀ ਸਰਕਾਰਾਂ, ਲੋਕ ਰਾਇ ਨੂੰ ਵੱਸ ਵਿਚ ਕਰਨ ਲਈ ਧਾਰਮਿਕ ਹਥਿਆਰ ਵਰਤਦੀਆਂ ਹਨ। ਧਾਰਮਿਕ ਚਿੰਨ੍ਹਾਂ ਅਤੇ ਸ਼ਬਦਾਂ ਨੂੰ ਸਰਕਾਰੀ ਬੁਲਾਰੇ ਖੁੱਲ੍ਹ ਕੇ ਵਰਤਦੇ ਹਨ, ਹਾਲਾਂਕਿ ਉਹ ਦੇਸਾਂ ਦੇ ਸੰਵਿਧਾਨ ਅਤੇ ਪਾਰਟੀਆਂ ਦੀਆਂ ਨੀਤੀਆਂ ਦੇ ਐਨ ਉਲਟ ਹੁੰਦੇ ਹਨ। ਆਜ਼ਾਦ ਭਾਰਤ ਦੇ ਇਤਿਹਾਸ ਅੰਦਰ ਸਮੇਂ ਸਮੇਂ ਕੇਂਦਰ ਅਤੇ ਪ੍ਰਾਂਤਾਂ ਅੰਦਰ ਅਜਿਹੇ ਫ਼ਾਸ਼ੀ ਰੁਝਾਨ ਵੇਖਣ ਵਿਚ ਆਏ ਹਨ, ਜਿਨ੍ਹਾਂ ਨੇ ਦੇਸ ਦੀ ਏਕਤਾ, ਅਖੰਡਤਾ ਅਤੇ ਆਰਥਿਕਤਾ ਉੱਤੇ ਬਾਰ ਬਾਰ ਸੱਟ ਮਾਰੀ ਹੈ।

10. ਵੱਡੀ ਸਰਮਾਏਦਾਰੀ/ਕਾਰਪੋਰੇਟ ਸ਼ਕਤੀ ਦੀ ਰੱਖਿਆ – ਕਾਰਪੋਰੇਟ ਸ਼ਕਤੀਆਂ ਆਪਣੇ ਚੋਣਵੇਂ ਨੁਮਾਇੰਦਿਆਂ, ਸਿਆਸਤਦਾਨਾਂ ਅਤੇ ਕੰਮ ਆਉਂਦੀਆਂ ਪਾਰਟੀਆਂ ਉੱਤੇ, ਇਲੈਕਸ਼ਨ ਸਮੇਂ ਪਾਣੀ ਵਾਂਗ ਪੈਸਾ ਵਹਾਉਂਦੀਆਂ ਹਨ। ਐਨਾ ਖ਼ਰਚਾ ਕੋਈ ਵਿਅਕਤੀਗਤ ਰੂਪ ਵਿਚ ਖ਼ਰਚ ਨਹੀਂ ਕਰ ਸਕਦਾ। ਜ਼ਾਹਰ ਹੈ ਚੋਣ ਜਿੱਤੇ ਨੇਤਾ ਜਾਂ ਪਾਰਟੀਆਂ ਨੇ ਕਾਰਪੋਰੇਟ ਸ਼ਕਤੀਆਂ ਨੂੰ (ਜਿਨ੍ਹਾਂ ਫਿਰ ਵੀ ਕੰਮ ਆਉਣਾ ਹੁੰਦਾ ਹੈ) ਹਰ ਹੀਲੇ ਬਹਾਨੇ, ਮਾਇਕ ਲਾਭ ਪੁਚਾਉਣੇ ਹੁੰਦੇ ਹਨ। ਇਹ ਫ਼ਾਸ਼ੀ ਰੁਝਾਨ ਸਾਡੇ ਦੇਸ ਨੂੰ ਘੁਣ ਵਾਂਗ ਖਾ ਰਿਹਾ ਹੈ। ਅਮਰੀਕਨ 'ਡੈਮੋਕ੍ਰੇਸੀ' ਅੰਦਰ ਤਾਂ ਇਸ ਦਾ ਹੱਦ ਬੰਨਾ ਹੀ ਨਹੀਂ। ਬੇਅੰਤ ਦੇਸਾਂ ਅੰਦਰ ਏਹੀ ਹਾਲ ਹੈ। ਚੋਖੇ ਦੇਸਾਂ ਅੰਦਰ ਚੋਣਾਂ ਬਾਹਰੀ ਸ਼ਕਤੀਆਂ ਦੇ ਫ਼ਾਸ਼ੀ ਪਰਛਾਵੇਂ ਹੇਠ ਹੁੰਦੀਆਂ ਹਨ।

11. ਲੇਬਰ ਨੂੰ ਦਬਾ ਕੇ ਰੱਖਣਾ – ਜਥੇਬੰਦ ਲੇਬਰ ਹੀ ਇਕ ਅਜਿਹੀ ਸ਼ਕਤੀ ਹੈ, ਜਿਸ ਤੋਂ ਇਕ ਫ਼ਾਸ਼ੀ ਸਰਕਾਰ ਡਰਦੀ ਹੈ। ਏਸ ਲਈ ਲੇਬਰ/ਮਜ਼ਦੂਰ/ਜਥੇਬੰਦੀਆਂ ਨੂੰ ਜਾਂ ਮੁਕਾ ਦਿੱਤਾ ਜਾਂਦੈ ਜਾਂ ਪੂਰਨ ਰੂਪ ਵਿਚ ਅੰਗੂਠੇ ਹੇਠ ਰੱਖੀਆਂ ਜਾਂਦੀਆਂ ਹਨ। ਸਾਡੇ ਦੇਸ ਅੰਦਰ ਮਜ਼ਦੂਰ ਜਥੇਬੰਦੀਆਂ ਦਾ ਚੋਖਾ ਬੋਲਬਾਲਾ ਹੈ। ਅਮਰੀਕਾ ਦੀ ਗੱਲ ਹੋਰ ਹੈ। ਓਥੇ ਮਜ਼ਦੂਰ ਜਥੇਬੰਦੀਆਂ ਵੱਲੋਂ ਕੋਈ ਆਵਾਜ਼ ਨਹੀਂ ਆਉਂਦੀ। ਕੀ ਇੰਜ ਹੋ ਸਕਦਾ ਹੈ ਕਿ ਉਥੇ ਮਜ਼ਦੂਰਾਂ ਦੀਆਂ ਲੋੜਾਂ/ਮੰਗਾਂ ਹੀ ਕੋਈ ਨਾ ਹੋਣ ?

ਅਸਲ ਗੱਲ ਇਹ ਹੈ ਕਿ ਅਮਰੀਕੀ ਕਾਮਿਆਂ ਨੂੰ ਸਭ ਤੋਂ ਵੱਡਾ ਡਰ ਲੱਗਾ ਰਹਿੰਦਾ ਹੈ, ਨੌਕਰੀ ਤੋਂ ਜਵਾਬ ਮਿਲਣ ਦਾ। ਓਥੇ ਕਿਸੇ ਵੀ ਵੱਡੇ ਜਾਂ ਛੋਟੇ ਕਾਮੇ ਜਾਂ ਅਫ਼ਸਰ ਨੂੰ ਇਹ ਗਰੰਟੀ ਨਹੀਂ ਕਿ ਉਸ ਦੀ ਨੌਕਰੀ ਜਾਰੀ ਰਹੇਗੀ। ਕਿਸੇ ਵੀ ਸਮੇਂ ਉਸ ਨੂੰ ਆਖ਼ਰੀ ਤਨਖ਼ਾਹ ਅਤੇ ਕੰਮ ਤੋਂ ਹਟਾਉਣ ਦੀ ਆਦਰ ਪੂਰਵਕ ਚਿੱਠੀ, ਇੱਕੋ ਹੀ ਲਿਫ਼ਾਫ਼ੇ ਵਿਚ ਮਿਲ ਜਾਂਦੀਆਂ ਹਨ। ਉਸ ਦੀ ਮਦਦ ਲਈ ਨਾ ਕੋਈ ਯੂਨੀਅਨ ਹੈ ਅਤੇ ਨਾ ਹੀ ਕਿਸੇ ਕਿਸਮ ਦੀ ਸੁਣਵਾਈ। ਓਥੇ ਕੇਵਲ ਵੱਡੀਆਂ ਕਾਰਪੋਰੇਸ਼ਨਾਂ ਦਾ ਰਾਜ ਹੈ, ਨੌਕਰੀ ਤੋਂ ਕੱਢਣ ਲਈ ਚਿੱਠੀ ਉੱਤੇ ਸਹੀ ਪਾਉਣ ਵਾਲੇ ਨੂੰ ਪੁੱਛਣ ਦਾ ਫ਼ਾਇਦਾ ਨਹੀਂ, ਕਿਉਂ ਜੁ ਉਸ ਨੂੰ ਆਪ ਉਪਰਲੇ ਪਾਸਿਓਂ ਅਜਿਹੀ ਚਿੱਠੀ ਮਿਲਣ ਦਾ ਡਰ ਰਹਿੰਦਾ ਹੈ।

12. ਬੁੱਧੀਜੀਵੀਆਂ ਨਾਲ ਰੰਜਿਸ਼ – ਫ਼ਾਸ਼ਿਸਟ ਸਮਾਜ ਅੰਦਰ ਸਮਾਜ ਨੂੰ ਘੋਖਣ ਅਤੇ ਪਾਜ ਉਘਾੜਨ ਜੇਹੀਆਂ ਹਰਕਤਾਂ ਨੂੰ ਕਿਵੇਂ ਬਰਦਾਸ਼ਤ ਕੀਤਾ ਜਾ ਸਕਦਾ ਹੈ? 'ਕੁਰਾਹੇ' ਜਾਂਦੇ ਪ੍ਰੋਫ਼ੈਸਰਾਂ ਅਤੇ ਖੋਜੀਆਂ ਦੇ ਕੰਮਾਂ/ਪਰਚਿਆਂ ਨੂੰ ਦਬਾਇਆ ਜਾਂਦਾ ਹੈ। ਜ਼ਿਆਦਾ ਵਿਗੜਿਆਂ ਨੂੰ ਕੰਨ ਪੁੱਟ ਕੇ ਨੌਕਰੀ ਤੋਂ ਬਾਹਰ ਕੀਤਾ ਜਾਂਦੈ।

ਅਮਰੀਕਾ ਅੰਦਰ ਊਟਾ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਜੋਨਜ਼ ਨੇ ਫ਼ਿਜ਼ਿਕਸ ਦੇ ਅਸੂਲਾਂ ਅਨੁਸਾਰ 'ਵਰਲਡ ਟ੍ਰੇਡ ਸੈਂਟਰ' (ਜੋ 11 ਸਤੰਬਰ 2001 ਨੂੰ ਨਿਊਯਾਰਕ ਵਿਚ ਡੇਗੇ ਗਏ ਸਨ) ਉੱਤੇ ਖੋਜ ਕੀਤੀ। ਉਹ ਪੱਕੇ ਨਤੀਜੇ ਉੱਤੇ ਪੁੱਜਿਆ ਕਿ ਜੌੜੇ ਟਾਵਰ, ਵਿਖਾਏ ਗਏ ਜਹਾਜ਼ਾਂ ਦੇ ਟਕਰਾਉਣ ਨਾਲ ਨਹੀਂ ਸਨ ਡਿੱਗ ਸਕਦੇ। ਇਸ ਵਿਸ਼ੇ ਉੱਤੇ ਉਸ ਦਾ ਖੋਜ ਪਰਚਾ ਇਕ ਫ਼ਿਜ਼ਿਕਸ ਰਸਾਲੇ ਲਈ ਮਨਜ਼ੂਰ ਵੀ ਹੋ ਗਿਆ। ਸ਼ੁਰੂ ਵਿਚ ਉਸ ਦੀ ਖੋਜ ਨੂੰ ਆਪਣੀ ਯੂਨੀਵਰਸਿਟੀ ਅੰਦਰ ਸਲਾਹਿਆ ਗਿਆ। ਜਦੋਂ ਬੁਸ਼ ਸਰਕਾਰ ਵੱਲੋਂ ਯੂਨੀਵਰਸਿਟੀ ਦੇ ਫ਼ੰਡ ਰੋਕ ਦੇਣ ਦੀ ਘੁਰਕੀ ਮਿਲੀ ਤਾਂ ਯੂਨੀਵਰਸਿਟੀ ਨੇ ਝੱਟ ਪੈਂਤੜਾ ਬਦਲ ਲਿਆ। ਮਤਾ ਪਾਸ ਕੀਤਾ ਗਿਆ ਕਿ ਜੋਨਜ਼ ਦੀ ਖੋਜ ਝੂਠੀ ਹੈ। ਉਸ ਦੇ ਪਰਚੇ ਦੀ ਛਪਾਈ ਰੋਕ ਦਿੱਤੀ ਗਈ। ਅਖ਼ੀਰ ਉਸ ਨੂੰ ਨੌਕਰੀ ਤੋਂ ਧੱਕਾ ਮਿਲ ਗਿਆ। ਪ੍ਰੋ. ਜੋਨਜ਼ 9/11 ਦੀ ਫ਼ਿਜ਼ਿਕਸ ਦੀ ਥਾਂ-ਥਾਂ ਵਿਆਖਿਆ ਕਰਦਾ ਆ ਰਿਹਾ ਹੈ। ਉਸ ਦੇ ਪਿੱਛੋਂ ਬੇਅੰਤ ਜਥੇਬੰਦੀਆਂ ਉੱਠ ਖੜੀਆਂ ਹੋਈਆਂ ਹਨ, ਜਿਨ੍ਹਾਂ ਨੇ ਜੌੜੇ ਟਾਵਰਾਂ ਦੇ ਡਿੱਗਣ ਦੀ ਸਰਕਾਰੀ ਕਹਾਣੀ ਨੂੰ ਲੀਰ-ਲੀਰ ਕਰ ਦਿੱਤਾ ਹੈ। ਅੱਜ ਅਮਰੀਕਾ ਦੀ ਇਕ ਭਾਰੀ ਬਹੁਗਿਣਤੀ ਕਹਿ ਰਹੀ ਹੈ ਕਿ 9/11 ਹਾਦਸਿਆਂ ਦੀ ਨਵੇਂ ਸਿਰੇ ਤੋਂ ਜਾਂਚ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਸਰਕਾਰੀ ਕਹਾਣੀ ਮੰਨਣਯੋਗ ਨਹੀਂ ਹੈ। ਏਸ ਮਸਲੇ ਉੱਤੇ ਸਰਕਾਰੀ ਫ਼ਾਸ਼ੀ ਨੀਤੀ ਅਤੇ ਬੁੱਧੀਜੀਵੀਆਂ ਵਿਚਕਾਰ ਟੱਕਰ ਜਾਰੀ ਹੈ। ਏਸ ਟੱਕਰ ਦੀ ਮਹਾਨਤਾ ਦੇਸ ਦੇ ਅੰਦਰ ਅਤੇ ਵਿਦੇਸ਼ਾਂ ਅੰਦਰ ਛੁਟਿਆਈ ਜਾਂਦੀ ਹੈ ਕਿਉਂਕਿ ਵੱਡਾ ਮੀਡੀਆ ਅਤੇ ਟੀ.ਵੀ., ਜੋ ਕਾਰਪੋਰੇਟ ਕਬਜ਼ੇ ਹੇਠ ਹਨ, ਏਸ ਦਾ ਧੂੰ ਨਹੀਂ ਕੱਢਦੇ। ਜਦੋਂ ਕੁੱਲ ਦੁਨੀਆਂ ਸੱਚ ਨੂੰ ਜਾਣ ਜਾਵੇਗੀ ਤਾਂ ਵੀ ਸਰਕਾਰੀ ਬਿਆਨ ਏਹੀ ਰਹੇਗਾ: "ਮੱਧ ਏਸ਼ੀਆਈ ਹਾਈਜੈਕਰਾਂ ਨੇ ਜਹਾਜ਼ਾਂ ਨੂੰ ਇਮਾਰਤਾਂ ਨਾਲ ਟਕਰਾਇਆ, ਜਿਸ ਕਾਰਨ ਉਹ ਢਹਿ ਢੇਰੀ ਹੋ ਗਈਆਂ।" ਕੁਲ ਦੁਨੀਆਂ ਅੰਦਰ ਸਰਕਾਰਾਂ ਬਦਲਦੀਆਂ ਹੀ ਰਹਿੰਦੀਆਂ ਹਨ ਪਰ ਕਦੇ ਸੁਣਨ ਵਿਚ ਨਹੀਂ ਆਇਆ ਕਿ ਨਵੀਂ ਸਰਕਾਰ ਨੇ ਪਿਛਲੀ ਸਰਕਾਰ ਦੇ ਮੰਦੇ ਕਾਰਜਾਂ ਅਤੇ ਝੂਠੇ ਬਿਆਨਾਂ ਦੇ ਖ਼ਿਲਾਫ਼ ਬੋਲਿਆ ਹੋਵੇ। ਕਾਰਨ? ਨਵੀਆਂ ਸਰਕਾਰਾਂ ਵੀ ਤਾਂ ਕਾਰਪੋਰੇਸ਼ਨਾਂ ਦੇ ਹੱਥ ਵਿਚ ਹਨ। ਰਾਜ ਕਾਰਪੋਰੇਸ਼ਨਾਂ ਦਾ ਜਾਰੀ ਰਹਿੰਦਾ ਹੈ, ਸਰਕਾਰਾਂ ਆਉਣ-ਜਾਣ ਲਈ ਹੁੰਦੀਆਂ ਹਨ।

ਬੁੱਧੀਜੀਵੀਆਂ ਵੱਲੋਂ ਸਰਕਾਰਾਂ ਦੇ ਫ਼ਾਸ਼ੀ ਰੁਝਾਨਾਂ ਅਤੇ ਕਾਰਜਾਂ ਵਿਰੁੱਧ ਆਵਾਜ਼ ਉੱਠਦੀ ਰਹਿੰਦੀ ਹੈ। ਵੱਡੇ ਮੀਡੀਆ ਅਤੇ ਟੀ.ਵੀ. ਦੇ ਦਬਾਅ ਅਤੇ ਵਿਰੋਧ ਦੇ ਬਾਵਜੂਦ, ਸੱਚਾਈ ਦੀ ਸਮਝ ਖਿਲਰਦੀ ਰਹਿੰਦੀ ਹੈ। ਦੁੱਖ ਇਹ ਹੈ ਕਿ ਫ਼ਾਸ਼ੀ ਗੜ੍ਹ ਟੁੱਟਦਾ ਨਹੀਂ ਵਿਖਾਈ ਦੇਂਦਾ। ਇਕ ਤਾਂ ਸਾਲਾਂ ਪੁਰਾਣਾ ਮਸਲਾ ਧੁੰਦਲਾ ਹੋਣ

ਲੱਗ ਜਾਂਦਾ ਹੈ, ਦੂਜਾ ਨਿੱਤ ਨਵੇਂ ਪਹਿਲਾਂ ਤੋਂ ਵੀ ਵਧੀਕ ਧਿਆਨ ਖਿੱਚਦੇ ਮਸਲੇ ਖੜੇ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚ ਲੋਕਾਂ ਦੀ ਬਿਰਤੀ ਉਲਝ ਜਾਂਦੀ ਹੈ।

13. ਜੁਰਮ ਅਤੇ ਸਜ਼ਾ ਵੱਲ ਪੂਰਨ ਰੁਝੇਵਾਂ – ਫ਼ਾਸ਼ੀ ਦੇਸਾਂ ਅੰਦਰ, ਪੁਲੀਸ ਦੀ ਸ਼ਕਤੀ ਦੀ ਕੋਈ ਸੀਮਾ ਨਹੀਂ। ਲੋਕ ਪੁਲੀਸ ਦੇ ਅੱਤਿਆਚਾਰ ਚੁੱਪ ਕੀਤੇ ਹੀ ਸਹਿ ਲੈਂਦੇ ਹਨ। ਦੇਸ਼ ਭਗਤੀ ਦੀ ਆੜ ਹੇਠ ਉਨ੍ਹਾਂ ਕੋਲੋਂ ਸ਼ਹਿਰੀ ਹੱਕ ਅਤੇ ਆਜ਼ਾਦੀ ਖੋਹੇ ਜਾਂਦੇ ਹਨ ਅਤੇ ਉਹ ਚੂੰ ਨਹੀਂ ਕਰਦੇ। ਅਮਰੀਕਾ ਅੰਦਰਲੀ ਪੁਲੀਸ ਤਾਂ ਪਹਿਲਾਂ ਹੀ ਵਾਧੂ ਸ਼ਕਤੀ ਵਾਲੀ ਸੀ। ਹੁਣ ਨਵੀਆਂ ਤਾਕਤਵਰ ਏਜੰਸੀਆਂ ਚਾਲੂ ਕੀਤੀਆਂ ਗਈਆਂ ਹਨ – ਹੋਮਲੈਂਡ ਸਿਕਿਓਰਿਟੀ ਅਤੇ ਟ੍ਰਾਂਸਪੋਰਟ ਸਿਕਿਓਰਿਟੀ। ਇਨ੍ਹਾਂ ਦਾ ਜ਼ਾਲਮ ਪਰਛਾਵਾਂ ਹਰ ਵਿਅਕਤੀ ਉੱਤੇ ਪੈਣਾ ਸ਼ੁਰੂ ਹੋਇਆ ਹੈ। ਦੇਸ ਦੇ ਅੰਦਰ ਜਨ-ਭੇਡਾਂ ਦੀ ਕੋਈ ਕਮੀ ਨਹੀਂ, ਜਿਨ੍ਹਾਂ ਦੀਆਂ ਅੱਖਾਂ ਡਾਲਰ-ਭਗਵਾਨ ਨੇ ਬੰਦ ਕੀਤੀਆਂ ਹੋਈਆਂ ਹਨ। ਇਨ੍ਹਾਂ ਨੂੰ ਵਧੀਕੀਆਂ ਦੀ ਰਤਾ ਵੀ ਤਕਲੀਫ਼ ਨਹੀਂ ਹੁੰਦੀ। ਇਨ੍ਹਾਂ ਨੇ ਤਾਂ ਆਪਣੀ ਡੋਰੀ ਸਰਕਾਰ ਸਾਈਂ ਦੇ ਹਵਾਲੇ ਕੀਤੀ ਹੁੰਦੀ ਹੈ ਅਤੇ ਰਜ਼ਾ ਵਿਚ ਰਹਿ ਕੇ ਖ਼ੁਸ਼ ਹਨ। ਦੁੱਖ ਹੁੰਦਾ ਹੈ ਤਾਂ ਚੇਤੰਨ ਦੇਸ਼ ਭਗਤ ਨੂੰ, ਜੋ ਦੇਸ ਨੂੰ ਫ਼ਾਸ਼ੀ ਵਹਾਅ ਵਿਚ ਰੁੜ੍ਹਦੇ ਵੇਖਦਿਆਂ ਸਹਿ ਨਹੀਂ ਸਕਦਾ। ਏਸੇ ਲਈ ਉਸ ਨੂੰ ਸੋਧਣ ਲਈ ਪੁਲੀਸ, ਹੋਮਲੈਂਡ ਅਤੇ ਟ੍ਰਾਂਸਪੋਰਟ ਸਿਕਿਓਰਿਟੀਆਂ ਬਣੀਆਂ ਹਨ।

14. ਭ੍ਰਿਸ਼ਟਾਚਾਰ ਅਤੇ ਭਾਈ ਭਤੀਜਾਵਾਦ – ਜ਼ਾਹਰ ਹੈ ਕਿ ਫ਼ਾਸ਼ੀ ਸਮਾਜ ਅੰਦਰ ਉਨ੍ਹਾਂ ਵਿਅਕਤੀਆਂ ਨੂੰ ਹੀ ਸ਼ਕਤੀ ਦੇ ਟਿਕਾਣੇ ਮਿਲਣੇ ਹਨ, ਜੋ ਪੂਰਨ ਰੂਪ ਵਿਚ ਇਤਬਾਰੀ ਹਨ। ਦੋਸਤਾਂ ਯਾਰਾਂ ਅਤੇ ਨਿਕਟ ਰਿਸ਼ਤੇਦਾਰਾਂ ਤੋਂ ਉਪਰ ਹੋਰ ਕੌਣ ਹੋ ਸਕਦਾ ਹੈ ? ਏਸ ਲੁੱਟ ਦੇ ਤਾਣੇ ਬਾਣੇ ਅੰਦਰ ਬਾਹਰਲਿਆਂ ਦਾ ਕੋਈ ਕੰਮ ਨਹੀਂ। ਸਾਡੇ ਦੇਸ ਅੰਦਰ ਇਹ ਫ਼ਾਸ਼ੀ ਕਿਰਦਾਰ ਹਰ ਸਿਆਸੀ ਪਾਰਟੀ, ਪ੍ਰਾਂਤਕ ਅਤੇ ਕੇਂਦਰੀ ਸਰਕਾਰ ਅੰਦਰ ਕਦੇ ਥੋੜ੍ਹਾ ਅਤੇ ਕਦੇ ਬਹੁਤਾ ਵੇਖਣ ਵਿਚ ਆਉਂਦਾ ਹੈ। ਅਮਰੀਕਾ ਦੇ ਅੰਦਰ ਫ਼ਾਸ਼ੀਪਨ ਸਿਖਰਾਂ ਉੱਤੇ ਹੈ, ਜਿਸ ਦੀ ਕੁੱਲ ਹਰਕਤ, ਫ਼ੈਡਰਲ ਰਿਜ਼ਰਵ ਨਾਲ ਜੁੜੇ ਬੈਂਕਰਾਂ ਦੇ ਖ਼ਾਨਦਾਨੀ ਪਾਲਤੂ ਸਿਆਸਤਦਾਨਾਂ ਦੇ ਹੱਥ ਹੈ।

ਸਟੋਰ ਵਿੱਚੋਂ ਇਕ ਟੁੱਥ-ਪੇਸਟ ਚੋਰੀ ਕਰਨ ਵਾਲੇ ਨੂੰ ਲੰਮੀ ਜੇਲ੍ਹ ਸਜ਼ਾ ਮਿਲਦੀ ਹੈ, ਪਰ ਬਿਲੀਅਨ ਟ੍ਰਿਲੀਅਨ ਡਾਲਰ ਚੋਰੀ ਕਰਨ ਵਾਲੇ ਗੋਹ ਖੁੱਲ੍ਹੇਆਮ ਕਲਗੀ ਚੁੱਕੇ ਕੁੱਕੜ ਵਾਂਗ ਫਿਰਦੇ ਅਤੇ ਬਾਂਗਾਂ ਦੇਂਦੇ ਹਨ।

15. ਇਲੈਕਸ਼ਨ ਠੱਗੀਆਂ – ਘੱਟ-ਗਿਣਤੀ ਦੇ ਫ਼ਿਰਕਿਆਂ ਅਤੇ ਧਰਮਾਂ ਦੇ ਖ਼ਿਲਾਫ਼ ਬਿਆਨਬਾਜ਼ੀ, ਵਿਰੋਧੀ ਧਿਰ ਦੇ ਨੇਤਾਵਾਂ ਦੇ ਕਤਲ, ਵੋਟ ਹਲਕਿਆਂ ਵਿਚ ਫੇਰ-ਬਦਲ, ਸਰਕਾਰੀ ਸ਼ਕਤੀਆਂ ਦੀ ਦੁਰਵਰਤੋਂ ਆਦਿ ਫ਼ਾਸ਼ੀ ਢੰਗ ਸਮਝੇ ਜਾਣੇ ਚਾਹੀਦੇ ਹਨ। ਭਾਰਤ ਅੰਦਰ ਇਲੈਕਸ਼ਨ ਕਮਿਸ਼ਨ ਵੋਟਾਂ ਪਾਉਣ ਅਤੇ ਗਿਣਨ ਵਿਚ ਅਤੇ ਇਲੈਕਸ਼ਨਾਂ ਤੋਂ ਪਹਿਲਾਂ ਦੀਆਂ ਚੋਣ ਮੁਹਿੰਮਾਂ ਨੂੰ ਸ਼ਰੀਫਾਨਾਂ ਬਣਾਉਣ ਲਈ ਚੰਗਾ ਕੰਮ ਕਰ ਰਿਹਾ ਹੈ। ਅਮਰੀਕਾ ਅੰਦਰ ਏਸ ਦੇ ਉਲਟ ਹੈ। ਕਾਰਪੋਰੇਸ਼ਨਾਂ ਆਪਣੇ ਨਾਲ ਜੁੜੇ ਸਿਆਸਤਦਾਨਾਂ ਨੂੰ ਦਿਲ ਖੋਲ੍ਹ ਕੇ ਕਈ ਮਿਲੀਅਨ, ਬਿਲੀਅਨ ਡਾਲਰ ਦਾਨ ਕਰਦੀਆਂ ਹਨ, ਆਹਮੋ-ਸਾਹਮਣੇ ਉਮੀਦਵਾਰ ਮੀਡੀਆ ਅੰਦਰ ਵੱਧ ਚੜ੍ਹ

ਕੇ ਚਿੱਕੜ ਸੁੱਟਦੇ ਹਨ। ਵੋਟਾਂ ਪਾਉਣ ਵਾਲੀਆਂ ਇਲੈਕਟ੍ਰਾਨਿਕ ਮਸ਼ੀਨਾਂ ਨਾਲ ਛੇੜਛਾੜ ਕੀਤੀ ਜਾਂਦੀ ਹੈ, ਵਿਰੋਧੀ ਧਿਰ ਦੇ ਜਾਣੇ-ਪਛਾਣੇ ਸਮਰਥਕਾਂ ਨੂੰ ਵੋਟ ਪਾਉਣ ਤੋਂ ਰੋਕਿਆ ਜਾਂਦਾ ਹੈ, ਲਿਸਟਾਂ ਵਿੱਚੋਂ ਨਾਂ ਉਡਾ ਦਿੱਤੇ ਜਾਂਦੇ ਹਨ ਅਤੇ ਬੇਅੰਤ ਹੋਰ ਕੁਰੀਤੀਆਂ ਹੁੰਦੀਆਂ ਹਨ। ਜਾਰਜ ਡਬਲਯੂ ਬੁਸ਼ ਦੀ ਪ੍ਰਧਾਨਗੀ ਮੱਲਣ ਲਈ ਦੋਵੇਂ ਇਲੈਕਸ਼ਨਾਂ ਚੋਰੀ ਕੀਤੀਆਂ ਗਈਆਂ ਸਨ। ਉਸ ਲਈ ਦੋ ਢੰਗ ਵਰਤੇ ਗਏ – ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਦੇ ਸਾਫ਼ਟਵੇਅਰ ਵਿਚ ਹੇਰ-ਫੇਰ ਕੀਤਾ ਅਤੇ ਸੁਆਲ ਉੱਠਣ ਉੱਤੇ ਪਾਲਤੂ ਜੱਜਾਂ ਨੂੰ ਵਰਤ ਲਿਆ ਗਿਆ। ਖ਼ੈਰ ਅਮਰੀਕਾ ਵਿਚ ਤਾਂ ਕੋਈ ਫ਼ਰਕ ਨਹੀਂ ਪੈਂਦਾ। ਉਥੇ ਤਾਂ ਦੋਵੇਂ ਪਾਸੇ ਦੇ ਉਮੀਦਵਾਰ ਬੈਂਕਰਾਂ ਦੇ ਹੁੰਦੇ ਹਨ ਅਤੇ ਪ੍ਰਧਾਨ ਕਿਸ ਨੇ ਬਣਨਾ ਹੈ, ਪਹਿਲਾਂ ਹੀ ਤੈਅ ਕੀਤਾ ਹੁੰਦਾ ਹੈ। ਇਲੈਕਸ਼ਨ ਦਾ ਜ਼ੋਰਦਾਰ ਰੌਲਾ ਰੱਪਾ ਤਾਂ ਪਬਲਿਕ ਦੇ ਮਨ-ਪਰਚਾਵੇ ਅਤੇ ਰੁਝੇਵੇਂ ਲਈ ਹੁੰਦਾ ਹੈ। ਪ੍ਰਧਾਨ ਬਣਨ ਪਿੱਛੋਂ ਤਾਂ ਨੀਤੀਆਂ ਅਤੇ ਜੰਗੀ ਕਾਰਵਾਈਆਂ ਤਾਂ ਪਾਲਣਹਾਰਾਂ ਦੇ ਇਸ਼ਾਰਿਆਂ ਹੇਠ ਹੁੰਦੀਆਂ ਹਨ।

ਪਾਰਟੀਆਂ, ਪ੍ਰਾਂਤਕ ਅਤੇ ਕੇਂਦਰੀ ਸਰਕਾਰਾਂ ਦੇ ਫ਼ਾਸ਼ੀ ਰੁਝਾਨਾਂ ਉੱਤੇ ਜਨਤਾ ਦੀ ਕੜੀ ਨਜ਼ਰ ਹੋਣੀ ਚਾਹੀਦੀ ਹੈ। ਕੁੱਲ ਦੁਨੀਆਂ ਦੇ ਅੰਦਰ ਫ਼ਾਸ਼ੀ ਰੁਝਾਨਾਂ ਦੀ ਤੋਰ ਕੇਵਲ ਇਕ ਧਿਰ ਨੂੰ ਲਾਭ ਦੇਂਦੀ ਹੈ – ਉਹ ਹੈ ਕੁਲ ਦੇਸ ਦੀਆਂ ਕਰੰਸੀਆਂ ਨੂੰ ਕੰਟਰੋਲ ਕਰਦੀਆਂ ਬੈਂਕਰਾਂ ਦੀ ਟੋਲੀ, ਜੋ ਸਮਾਜੀ ਅਤੇ ਵਿੱਤੀ ਉੱਥਲ-ਪੁੱਥਲ ਨੂੰ ਉਤਸ਼ਾਹ ਦੇ ਕੇ ਸਾਰੇ ਦੇਸਾਂ ਨੂੰ ਆਪਣੇ ਵੱਸ ਹੇਠ ਲਿਆਉਣਾ ਚਾਹੁੰਦੀ ਅਤੇ ਲਿਆ ਵੀ ਰਹੀ ਹੈ। ਉਸ ਦਾ ਪਹਿਲਾ ਅਤੇ ਆਖ਼ਰੀ ਨਿਸ਼ਾਨਾ ਹੈ, ਉਨ੍ਹਾਂ ਦੀ ਸਦੀਵੀ ਸਰਦਾਰੀ ਹੇਠ 'ਇਕ ਭੂਗੋਲਿਕ ਰਾਜ' ਜਾਂ 'ਨਿਊ ਵਰਲਡ ਆਰਡਰ'। ਜਦੋਂ ਵੀ ਕਦੇ ਕੋਈ ਨੇਤਾ ਇਹ ਸ਼ਬਦ ਬੋਲਦਾ ਹੈ ਤਾਂ ਸਾਡੇ ਕੰਨ ਖੜੇ ਹੋ ਜਾਣੇ ਚਾਹੀਦੇ ਹਨ – ਕੁਲ ਲੋਕਾਈ ਦੀ ਗ਼ੁਲਾਮੀ ਦੀ ਤਿਆਰੀ ਹੋ ਰਹੀ ਹੈ!

ਕਚਰਾ ਗਿਆਨ ਦਾ ਮਹਾਂ ਹਥਿਆਰ ਹੈ ਟੀ.ਵੀ.

ਕੁੱਲ ਦੁਨੀਆਂ ਅੰਦਰ ਸਮਾਂ ਮਿਲਦਿਆਂ ਹੀ ਲੋਕ ਟੀ.ਵੀ. 'ਆਨ' ਕਰ ਕੇ ਬੈਠ ਜਾਂਦੇ ਹਨ। ਪੜ੍ਹੇ ਹੋਣ, ਅੱਧ ਪੜ੍ਹੇ ਹੋਣ ਜਾਂ ਅਨਪੜ੍ਹ, ਗੱਲ ਇੱਕੋ ਹੀ ਹੈ। ਟੀ.ਵੀ. ਨਾਲ ਅੱਖਾਂ ਮਿਲਦਿਆਂ ਹੀ ਦਿਮਾਗ਼ ਦੇ ਕੁੱਲ ਕਾਰਜ ਬੰਦ ਹੋ ਜਾਂਦੇ ਹਨ; ਕੇਵਲ ਟੀ.ਵੀ. ਪ੍ਰੋਗਰਾਮ ਵਿਚ ਲੀਨ ਹੋ ਜਾਂਦਾ ਹੈ। ਚੱਲਦੀਆਂ ਤਸਵੀਰਾਂ ਅਤੇ ਬੋਲੇ ਸ਼ਬਦ ਮਨ ਦੀ ਕਿਤਾਬ ਉੱਤੇ ਛਪਣੇ ਸ਼ੁਰੂ ਹੋ ਜਾਂਦੇ ਹਨ, ਇਸ਼ਤਿਹਾਰਾਂ ਦੇ ਠੱਪੇ ਲੱਗਣੇ ਸ਼ੁਰੂ ਹੋ ਜਾਂਦੇ ਹਨ। ਉਮਰ ਜਿੰਨੀ ਵੀ ਛੋਟੀ ਹੋਵੇ, ਓਨੇ ਹੀ ਛਾਪੇ ਪੱਕੇ ਲੱਗਦੇ ਹਨ। ਟੀ.ਵੀ. ਪ੍ਰੋਗਰਾਮਾਂ ਵਿਚ ਅਤੇ ਇਸ਼ਤਿਹਾਰਾਂ ਵਿਚ ਚੋਖੀ ਦੁਹਰਾਈ ਹੁੰਦੀ ਹੈ, ਇਸ ਲਈ ਅਸਰ ਡੂੰਘਾ ਅਤੇ ਚਿਰ-ਸਥਾਈ ਹੁੰਦਾ ਹੈ।

ਹਰ ਉਮਰ ਦੇ 'ਬੱਚੇ' ਘੰਟਿਆਂ ਬੱਧੀ ਅਮਲੀਆਂ ਵਾਂਗ ਟੀ.ਵੀ. ਸਾਹਮਣੇ ਬੈਠੇ ਰਹਿੰਦੇ ਹਨ। ਉਥੇ ਹੀ ਬੈਠੇ, ਉਹ ਲਗਾਤਾਰ ਕੁਝ ਨਾ ਕੁਝ ਮੂੰਹ ਮਾਰੀ ਜਾਂਦੇ ਹਨ। ਰੋਟੀ ਵੀ ਉਥੇ ਹੀ ਖਾਂਦੇ ਹਨ। ਅੱਜ-ਕੱਲ੍ਹ ਤਾਂ ਮਾਪੇ ਆਪ ਵੀ ਟੀ.ਵੀ. ਸਮਿਆਂ ਦੀ ਪੈਦਾਵਾਰ ਹਨ। ਉਨ੍ਹਾਂ ਨੂੰ ਟੀ.ਵੀ., ਗਿਆਨ ਦਾ ਸਾਗਰ ਜਾਪਦੀ ਹੈ। ਹਰ ਰੋਜ਼ ਇਕ ਅੱਧੀ ਨਵੀਂ/ਪੁਰਾਣੀ 2-3 ਘੰਟੇ ਦੀ ਫ਼ਿਲਮ ਵੇਖੀ ਜਾਣੀ ਮਾਮੂਲੀ ਗੱਲ ਹੈ। ਜੇ ਕੋਈ ਦੋਸਤ ਰਿਸ਼ਤੇਦਾਰ, ਮਿਲਣ ਲਈ ਆ ਜਾਂਦਾ ਹੈ ਤਾਂ ਉਹ ਵੀ ਮਾਮੂਲੀ ਸਾਹਬ ਸਲਾਮ, ਪੁੱਛਗਿੱਛ ਪਿੱਛੋਂ ਟੀ.ਵੀ. ਵੱਲ ਅੱਖਾਂ ਗੱਡ ਕੇ ਬੈਠ ਜਾਂਦਾ ਹੈ। ਟੈਲੀਫ਼ੋਨ ਆਮ ਹੋ ਜਾਣ ਨਾਲ, ਹੁਣ ਜ਼ਾਤੀ ਮੇਲ-ਮਿਲਾਪ ਬੇਅੰਤ ਘੱਟ ਗਿਆ ਹੈ। ਲੋਕਾਂ ਦੇ ਰੂਹਾਨੀ, ਸਮਾਜੀ ਅਤੇ ਸਿਆਸੀ ਵਿਚਾਰਾਂ ਉੱਤੇ ਟੀ.ਵੀ. ਦੀ ਬੰਬਾਰੀ ਹਾਵੀ ਹੋ ਗਈ ਹੈ। ਜਦੋਂ ਟੀ.ਵੀ. ਨਹੀਂ, ਕੇਵਲ ਰੇਡੀਓ ਹੀ ਸਨ ਤਾਂ ਉਨ੍ਹਾਂ ਦੀ ਐਨੀ ਖਿੱਚ ਨਹੀਂ ਸੀ। ਬਹੁਤੀ ਖਿੱਚ ਨਵੇਂ ਪੁਰਾਣੇ ਗਾਣਿਆਂ ਜਾਂ ਦਸ ਮਿੰਟ ਦੀਆਂ ਝੂਠੀਆਂ/ਸੱਚੀਆਂ ਖ਼ਬਰਾਂ ਲਈ ਹੁੰਦੀ ਸੀ। ਬੰਦਾ ਚੱਲਦਾ ਫਿਰਦਾ ਕੰਮ ਕਰਦਾ ਵੀ ਮਨਮਰਜ਼ੀ ਦਾ ਮਸਾਲਾ ਸੁਣ ਲੈਂਦਾ ਸੀ। ਹੁਣ ਜਦੋਂ ਉਹ ਟੀ.ਵੀ. ਦੇ ਨਾਲ ਕੀਲਿਆ ਜਾਂਦਾ ਹੈ ਤਾਂ ਉਸ ਦੀ ਹਿਲਜੁਲ ਹੀ ਬੰਦ ਹੋ ਜਾਂਦੀ ਹੈ।

ਅੱਜ-ਕੱਲ੍ਹ ਤਾਂ ਮਦਾਰੀ ਵੇਖਣ ਵਿਚ ਨਹੀਂ ਆਉਂਦੇ। ਪੰਜਾਹ ਸਾਲ ਪਹਿਲਾਂ ਉਹ ਕੁੱਲ ਖੇਡਾਂ ਇਕ ਝੋਲੇ ਵਿਚ ਪਾ ਕੇ ਮੋਢੇ ਉੱਤੇ ਲਟਕਾਈ ਫਿਰਦੇ ਸਨ। ਨਾਲ ਹੀ ਮੋਢੇ ਉੱਤੇ ਇਕ ਬਾਂਦਰੀ ਅਤੇ ਹੱਥ ਵਿਚ ਇਕ ਸੱਪ ਦੀ ਪਟਾਰੀ ਹੁੰਦੀ ਸੀ। ਅੱਧੇ ਪੌਣੇ ਘੰਟੇ ਦੀ ਖੇਡ ਵਿਚ ਉਹ ਇਕ ਚੱਕਰ ਵਿਚ ਬਿਠਾਏ ਬੱਚਿਆਂ ਅਤੇ

ਵੱਡਿਆਂ ਨੂੰ ਹੈਰਾਨੀ ਦੇ ਚੱਕਰਾਂ ਵਿਚ ਪਾ ਦੇਂਦੇ ਸਨ। ਅਖ਼ੀਰ ਉੱਤੇ ਉਨ੍ਹਾਂ ਨੇ ਪੇਟ ਦਾ ਵਾਸਤਾ ਪਾ ਕੇ ਇਕ ਇਕ ਧੇਲਾ ਪੈਸਾ ਮੰਗਣਾ ਹੁੰਦਾ ਸੀ।

ਹੁਣ ਤਾਂ ਮਦਾਰੀ ਦਾ ਤਮਾਸ਼ਾ ਘਰ ਘਰ ਅੰਦਰ ਆ ਚੁੱਕਾ ਹੈ। ਇਹ 'ਤਮਾਸ਼ਾ' ਵੇਖਣ ਲਈ ਸਾਲ ਭਰ ਦਾ ਕਿਰਾਇਆ ਪਹਿਲਾਂ ਭਰਿਆ ਜਾਂਦਾ ਹੈ। ਆਵਾਜ਼ ਅਤੇ ਚੱਲਦੀ ਤਸਵੀਰ ਦਾ ਸੁਮੇਲ ਵੀ ਹੈ ਬਿਲਕੁਲ ਮਦਾਰੀ ਦਾ ਖੇਲ। ਜੋ ਵੀ ਵੇਖੀ ਸੁਣੀਦਾ ਹੈ ਬਾਰ ਬਾਰ, ਉਹ ਸੱਚ ਹੋ ਕੇ ਜਾਣੀਦਾ ਹੈ। ਇੰਜ ਮਹਿਸੂਸ ਹੁੰਦਾ ਹੈ ਕਿ ਹੋਣ ਵਾਲੀ ਥਾਂ ਉੱਤੇ ਅਸੀਂ ਆਪ ਖੜੇ ਸਾਂ। ਕੋਈ ਵੀ ਵਿਖਾਈ ਗਈ ਘਟਨਾ, ਐਨ ਸੱਚ ਹੋ ਕੇ ਦਿਮਾਗ਼ ਅੰਦਰ ਛਪ ਜਾਂਦੀ ਹੈ। ਜਿੰਨੀ ਛੋਟੀ ਉਮਰ, ਓਨਾ ਹੀ ਡੂੰਘਾ ਅਤੇ ਪੱਕਾ ਛਾਪਾ।

ਕਦੇ ਖ਼ਿਆਲ ਆਇਆ ਹੈ ਕਿ ਹਰ ਟੀ.ਵੀ. ਚੈਨਲ ਦੇ ਪਿੱਛੇ ਸਟੂਡੀਓ ਹਨ, ਪ੍ਰੋਡਿਊਸਰ ਅਤੇ ਉਨ੍ਹਾਂ ਦੀਆਂ ਟੀਮਾਂ ਹਨ। ਹਰ ਫ਼ਿਲਮ ਅਜਿਹੇ ਢੰਗ ਨਾਲ ਪੇਸ਼ ਕੀਤੀ ਜਾਂਦੀ ਹੈ ਕਿ ਵੇਖਣ ਵਾਲੇ ਨੂੰ ਇੰਜ ਲੱਗੇ ਕਿ ਉਹ ਆਪ ਉਥੇ ਖੜਾ ਸਭ ਕੁਝ ਵੇਖ ਰਿਹਾ ਹੈ। ਇੰਜ ਨਾ ਜਾਪੇ ਕਿ ਉਸ ਨੂੰ 'ਵਿਖਾਇਆ' ਜਾ ਰਿਹਾ ਹੈ। ਵਿਖਾਉਣ ਵਾਲਿਆਂ ਦੇ ਪਿੱਛੇ ਚੈਨਲਾਂ ਦੇ ਮਾਲਕ ਹਨ, ਮਾਲਕਾਂ ਦੇ ਪਿੱਛੇ ਉਨ੍ਹਾਂ ਨੂੰ ਕਾਬੂ ਕਰਦੀਆਂ ਸਿਆਸੀ ਪਾਰਟੀਆਂ, ਸਰਕਾਰੀ ਏਜੰਸੀਆਂ ਅਤੇ ਫ਼ਾਈਨੈਂਸਰ ਹਨ। ਇਨ੍ਹਾਂ ਤੋਂ ਉਪਰ ਬਾਹਰਲਿਆਂ ਦੇਸਾਂ ਦੇ ਸਿਆਸੀ ਅਤੇ ਆਰਥਿਕ ਪਰਛਾਵੇਂ ਅਤੇ ਧੁਰ ਉਪਰ ਅੰਤਰਰਾਸ਼ਟਰੀ ਬੈਂਕਰਾਂ ਦੀ ਸ਼ਕਤੀ ਜਿਨ੍ਹਾਂ ਦੇ ਅੰਗੂਠੇ ਹੇਠਾਂ ਬੜੇ ਕਹਿੰਦੇ ਕਹਾਉਂਦੇ ਮਹਾਂ ਸ਼ਕਤੀਵਰ ਦੇਸ ਅਤੇ ਦੇਸਾਂ ਦੇ ਨੇਤਾ ਹਨ।

ਟੀ.ਵੀ. ਮਨ-ਪਰਚਾਵਾ, ਨਿਰਾ ਮਨ-ਪਰਚਾਵਾ ਨਹੀਂ ਹੈ। ਇਸ ਦੇ ਰਾਹੀਂ ਇਨਸਾਨ ਦੇ ਦਿਮਾਗ਼ ਦੀ ਸੋਚ ਅਤੇ ਕਾਰਜਾਂ ਦੇ ਉੱਤੇ ਕਾਬੂ ਪਾਇਆ ਜਾ ਸਕਦਾ ਹੈ। ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾਇਆ ਜਾ ਸਕਦਾ ਹੈ। ਲੋਕਾਂ ਨੂੰ, ਦੇਸਾਂ ਨੂੰ ਡਰਾਇਆ ਦਬਕਾਇਆ ਜਾ ਸਕਦਾ ਹੈ। ਫ਼ਿਰਕਿਆਂ ਅਤੇ ਧਰਮਾਂ ਨੂੰ ਲੜਾਇਆ ਜਾ ਸਕਦਾ ਹੈ ਅਤੇ ਦੇਸਾਂ ਨੂੰ ਖ਼ੂਨੀ ਜੰਗਾਂ ਅਤੇ ਤਬਾਹੀਆਂ ਵਿਚ ਉਲਝਾਇਆ ਜਾ ਸਕਦਾ ਹੈ। ਜਦੋਂ ਹਰ ਚੈਨਲ ਪਿੱਛੇ ਮਤਲਬੀ ਏਜੰਸੀਆਂ, ਅਦਾਰੇ ਅਤੇ ਸ਼ਕਤੀਵਰ 'ਨੇਤਾ' ਹੋਣ ਤਾਂ ਸੱਚ, ਹੱਕ ਅਤੇ ਅਮਨ ਦਾ ਚੈਨਲ ਕਿਸ ਨੇ ਚਲਾਉਣਾ ਹੈ? ਉਸ ਚੈਨਲ ਨੂੰ ਕਿਸੇ ਨੇ ਸਾਹ ਵੀ ਨਹੀਂ ਲੈਣ ਦੇਣਾ। ਉਸ ਨੂੰ ਚਲਾਉਣ ਲਈ ਖ਼ਰਚਾ ਕਿੱਥੋਂ ਆਉਂਦਾ ਹੈ? ਉਹ ਚੈਨਲ ਕੁੱਲ ਲੋਕਾਈ ਨੂੰ ਗੁਮਰਾਹ ਕਰਦੇ ਇਸ਼ਤਿਹਾਰ ਕਿਵੇਂ ਵਿਖਾ ਸਕੇਗੀ? ਜ਼ਾਹਰ ਹੈ ਕਿ ਸੱਚਾਈ ਦਾ ਰਾਹ ਲੱਭਣ ਵਾਲਿਆਂ ਲਈ ਸਭ ਦਰਵਾਜ਼ੇ ਬੰਦ ਹਨ। ਚੈਨਲ ਸਾਧਾਰਨ ਤੌਰ ਉੱਤੇ ਕੇਵਲ ਪ੍ਰਾਪੇਗੰਡਾ/ਪ੍ਰਚਾਰ/ਕੂੜ ਪ੍ਰਚਾਰ ਲਈ ਹਨ। ਇਹ ਟਿੱਪਣੀ ਸਮੁੱਚੇ ਟੀ.ਵੀ. ਪ੍ਰਸਾਰ ਬਾਰੇ ਹੈ ਨਾ ਕਿ ਨਿੱਕੇ ਮੋਟੇ ਮੰਦੇ/ਚੰਗੇ ਪ੍ਰੋਗਰਾਮਾਂ ਬਾਰੇ।

ਲੇਖਕ "ਰੇ ਬਰੈਡਬਰੀ" (ਜਨਮ 1920) ਅੱਜ ਬਾਨਵੇਂ ਵਰ੍ਹਿਆਂ ਦਾ ਹੈ। ਉਸ ਨੇ 1950 ਵਿਚ ਇਕ ਨਾਵਲ ਲਿਖਿਆ: *ਫ਼ਾਰਨਹਾਈਟ 451*। ਇਹ ਕਿਤਾਬ ਟੀ.ਵੀ. ਅਤੇ ਰੇਡੀਓ ਬਾਰੇ ਸੀ, ਜਿਸ ਵਿਚ ਉਸ ਨੇ ਚਿੰਤਾ ਜਿਤਾਈ ਸੀ ਕਿ ਇਨ੍ਹਾਂ ਪ੍ਰਾਪੇਗੰਡਾ ਸੋਮਿਆਂ ਦੇ ਰਸਤੇ ਇਨਸਾਨੀ ਮਨਾਂ/ਦਿਮਾਗ਼ਾਂ ਦਾ ਕਚਰਾ ਹੋ ਜਾਵੇਗਾ।

ਕਿੰਨੇ ਸਾਲਾਂ ਤੋਂ ਉਸ ਦੀ ਚੇਤਾਵਨੀ ਨੂੰ ਅਣਗੌਲਿਆ ਗਿਆ ਹੈ। ਨਤੀਜੇ ਅੱਜ ਦੇ ਅਮਰੀਕਨ ਅੰਕੜੇ ਦੱਸਦੇ ਹਨ :

ਇਕ ਤਿਹਾਈ ਹਾਈ ਸਕੂਲ ਪਾਸ ਬੱਚੇ ਜ਼ਿੰਦਗੀ ਭਰ ਇਕ ਵੀ ਕਿਤਾਬ ਨਹੀਂ ਪੜ੍ਹਦੇ। 42 ਪ੍ਰਤੀਸ਼ਤ ਕਾਲਜ ਗ੍ਰੈਜੂਏਟ ਡਿਗਰੀ ਲੈਣ ਪਿੱਛੋਂ ਇਕ ਵੀ ਕਿਤਾਬ ਨਹੀਂ ਪੜ੍ਹਦੇ। 80 ਪ੍ਰਤੀਸ਼ਤ ਟੱਬਰਾਂ ਨੇ ਪੂਰੇ ਸਾਲ ਵਿਚ ਇਕ ਵੀ ਕਿਤਾਬ ਨਹੀਂ ਖ਼ਰੀਦੀ।

ਅਮਰੀਕਾ ਅੰਦਰ 17000 ਰੇਡੀਓ ਸਟੇਸ਼ਨ ਅਤੇ 2000 ਟੀ.ਵੀ. ਸਟੇਸ਼ਨ ਹਨ। ਔਸਤਨ, ਹਰ ਅਮਰੀਕਨ ਰੋਜ਼ਾਨਾ ਪੰਜ ਘੰਟੇ ਟੀ.ਵੀ. ਵੇਖਦਾ ਹੈ, ਤਿੰਨ ਘੰਟੇ ਰੇਡੀਓ ਸੁਣਦਾ ਹੈ ਅਤੇ 14 ਮਿੰਟ ਰਸਾਲੇ ਪੜ੍ਹਦਾ ਹੈ। ਹਰ ਸਾਲ ਇਕ ਅਮਰੀਕਨ ਔਸਤਨ 1750 ਘੰਟੇ ਟੀ.ਵੀ. ਅੱਗੇ ਬੈਠਦਾ ਹੈ। ਜੇ ਉਸ ਦੀ ਉਮਰ 65 ਸਾਲ ਹੋਵੇ ਤਾਂ ਉਸ ਨੇ ਜ਼ਿੰਦਗੀ ਦੇ ਨੌਂ ਸਾਲ ਟੀ.ਵੀ. ਨਾਲ ਅੱਖ ਮਿਲਾ ਕੇ ਬਿਤਾਏ ਹੁੰਦੇ ਹਨ।

ਭਾਰਤ ਅੰਦਰ ਅਜਿਹੇ ਅੰਕੜਿਆਂ ਦੀ ਖੋਜ ਨਹੀਂ ਕੀਤੀ ਗਈ, ਪਰ ਕੀਤੀ ਜਾਣੀ ਚਾਹੀਦੀ ਹੈ। ਯੂਨੀਵਰਸਿਟੀ ਦੇ ਸੋਸ਼ਲੋਜੀ ਵਿਭਾਗਾਂ ਲਈ ਤਾਂ ਇਹ ਮਾਮੂਲੀ ਕੰਮ ਹੋਵੇਗਾ। ਗੱਲ ਨਿਰੀ ਪੁਰੀ ਟੀ.ਵੀ. ਅੱਗੇ ਬੈਠ ਕੇ ਵਕਤ ਜ਼ਾਇਆ ਕਰਨ ਦੀ ਨਹੀਂ, ਬਲਕਿ ਇਹ ਜਾਣਨ ਦੀ ਲੋੜ ਹੈ ਕਿ ਟੀ.ਵੀ. ਕਾਰਨ, ਲੋਕਾਂ ਦੇ ਸੋਚਣ ਢੰਗ ਉੱਤੇ ਕੀ ਅਸਰ ਪੈਂਦਾ ਹੈ। ਰੋਜ਼ ਦੇ ਟੀ.ਵੀ. ਉੱਤੇ ਆਉਂਦੇ ਕਮਰਸ਼ਲ, ਉਨ੍ਹਾਂ ਦੇ ਬੇਲੋੜੇ ਖ਼ਰਚੇ ਕਿਵੇਂ ਵਧਾਉਂਦੇ ਹਨ ? ਬੇਅੰਤ ਹੋਰ ਸਵਾਲ ਹਨ, ਜਿਨ੍ਹਾਂ ਦਾ ਸੰਬੰਧ ਰੋਜ਼ਾਨਾ ਜ਼ਿੰਦਗੀ ਅਤੇ ਰਹਿਣ-ਬਹਿਣ ਨਾਲ ਹੈ।

1945 ਵਿਚ ਜਦੋਂ ਬਰੈਡਬਰੀ ਨੇ ਇਕ ਕਿਰਾਏ ਦੇ ਟਾਈਪ ਰਾਈਟਰ ਉੱਤੇ ਕਿਤਾਬ *ਫ਼ਾਰਨਹਾਈਟ 451* ਲਿਖੀ ਸੀ ਤਾਂ ਓਦੋਂ ਕੁੱਲ ਅਮਰੀਕਾ ਵਿਚ 10000 ਟੀ.ਵੀ. ਸੈੱਟ ਸਨ। 1950 ਵਿਚ 60 ਲੱਖ ਟੀ.ਵੀ. ਸੈੱਟ ਹੋ ਗਏ। ਹੁਣ ਤਾਂ ਹਰ ਘਰ ਵਿਚ ਔਸਤਨ ਤਿੰਨ ਟੀ.ਵੀ. ਸੈੱਟ ਹਨ। 1950 ਵਿਚ ਹਰ ਪੰਜੀ ਲੋਕਾਂ ਵਿੱਚੋਂ ਇਕ ਕੋਲ ਟੀ.ਵੀ. ਸੀ। ਲੋਕ ਕਿਤਾਬਾਂ ਪੜ੍ਹਦੇ ਸਨ, ਅਖ਼ਬਾਰਾਂ ਪੜ੍ਹਦੇ ਸਨ ਅਤੇ ਦੁਨੀਆਂ ਬਾਰੇ ਚੋਖੀ ਆਮ ਵਾਕਫ਼ੀ ਸੀ। ਹੁਣ ਤਾਂ ਮੀਡੀਆ/ਟੀ.ਵੀ. ਦਾ ਏਨਾ ਭਾਰੀ ਪ੍ਰਭਾਵ ਹੈ ਕਿ ਲੋਕ ਆਪਣੇ ਦਿਮਾਗ਼ ਨੂੰ ਵਰਤਣਾ ਹੀ ਭੁੱਲ ਗਏ ਹਨ। ਮੀਡੀਆ ਆਪ ਫ਼ੈਸਲਾ ਕਰਦਾ ਹੈ ਕਿ ਲੋਕਾਂ ਦੇ ਦਿਮਾਗ਼ ਦੇ ਅੰਦਰ ਭਰਨਾ ਕੀ ਹੈ ?

ਬਰੈਡਬਰੀ ਨੇ ਆਪਣੇ ਨਾਵਲ ਵਿਚ, ਟੀ.ਵੀ. ਦੇ ਪੈਣ ਵਾਲੇ ਜ਼ਿਹਨੀ ਪ੍ਰਭਾਵ ਬਾਰੇ ਜੋ ਸੋਚਿਆ ਸੀ, ਐਨ ਓਹੀ ਕੁਝ ਹੋ ਰਿਹਾ ਹੈ। ਲੋਕਾਂ ਦੀ ਸੋਚਣ, ਸਵਾਲ ਕਰਨ ਅਤੇ ਹੈਰਾਨ ਹੋ ਸਕਣ ਦੀ ਸ਼ਕਤੀ ਖ਼ਤਮ ਹੁੰਦੀ ਜਾ ਰਹੀ ਹੈ। ਉਨ੍ਹਾਂ ਨੂੰ ਜੋ ਵੀ ਤਿਆਰ-ਬਰ-ਤਿਆਰ ਮਸਾਲਾ ਟੀ.ਵੀ. ਰਾਹੀਂ ਪੇਸ਼ ਹੁੰਦਾ ਹੈ, ਉਹ ਬਿਨਾਂ ਕਿਸੇ ਕਿੰਤੂ ਪਰੰਤੂ ਦੇ, ਦਿਮਾਗ਼ ਦੇ ਇਕ ਖ਼ਾਨੇ ਵਿਚ ਬਿਠਾ ਕੇ, ਆਪਣੀ ਸੋਚ-ਦ੍ਰਿਸ਼ਟੀ ਦਾ ਇਕ ਹਿੱਸਾ ਬਣਾ ਲੈਂਦੇ ਹਨ।

ਬਰੈਡਬਰੀ ਦੇ ਨਾਵਲ *ਫ਼ਾਰਨਹਾਈਟ 451* ਦੇ ਵਿਚ 'ਗਾਈ' ਇਕ ਫ਼ਾਇਰਮੈਨ (ਅੱਗ ਬੁਝਾਉਣ ਵਾਲਾ) ਅੱਗ ਬੁਝਾਉਣ ਦੀ ਥਾਂ ਸਗੋਂ ਭਵਿੱਖ ਦੇ ਅਮਰੀਕੀ ਸ਼ਹਿਰ ਵਿਚ ਅੱਗਾਂ ਲਾਉਂਦਾ ਹੈ। ਏਹੀ ਉਸ ਦੀ ਡਿਊਟੀ ਹੈ। ਏਸ ਲਈ ਕਿਉਂਕਿ ਲੋਕ

ਕਿਤਾਬਾਂ ਪੜ੍ਹਦੇ ਨਹੀਂ, ਨਾ ਹੀ ਆਪੋ ਵਿਚ ਕੋਈ ਮਤਲਬ ਦੀ ਗੁਫ਼ਤਗੂ ਕਰਦੇ ਹਨ, ਖ਼ਾਲੀ, ਵੱਡੀ ਸਕਰੀਨ ਅੱਗੇ ਬੈਠੇ ਰਹਿੰਦੇ ਹਨ ਜਾਂ ਕੰਨਾਂ ਅੰਦਰ "ਤਾਰਾਂ ਵਾਲੀਆਂ ਕੌਡੀਆਂ" (ਅੱਜ ਦੇ ਈਅਰ ਫ਼ੋਨ) ਲਗਾਈ ਰੱਖਦੇ ਹਨ। ਕਾਰਾਂ ਬੜੀ ਤੇਜ਼ ਰਫ਼ਤਾਰ ਨਾਲ ਚਲਾਉਂਦੇ ਹਨ। ਇਕ ਕੁੜੀ ਨੂੰ ਮਿਲਣ ਪਿੱਛੋਂ 'ਗਾਈ' ਸਵਾਲ ਪੁੱਛਣੇ ਸ਼ੁਰੂ ਕਰ ਦਿੰਦਾ ਹੈ : ਕਿਤਾਬਾਂ ਕਿਉਂ ਸੜਵਾਈਆਂ ਜਾ ਰਹੀਆਂ ਹਨ, ਲੋਕ ਕਿਤਾਬਾਂ ਤੋਂ ਕਿਉਂ ਭੈਅ ਖਾਂਦੇ ਹਨ ? ਇਨ੍ਹਾਂ ਸੋਚਾਂ ਵਿਚ ਡੁੱਬਿਆ ਉਹ ਕਿਤਾਬਾਂ ਸਾੜਨ ਵਾਲੇ ਰੋਜ਼ਾਨਾ ਕੰਮ ਉੱਤੇ ਜਾਣਾ ਬੰਦ ਕਰ ਦੇਂਦਾ ਹੈ। ਉਸ ਦਾ ਬੌਸ/ਅਫ਼ਸਰ, ਉਸ ਦੇ ਘਰ ਜਾ ਕੇ ਸਮਝਾਉਂਦਾ ਹੈ ਕਿ ਭਾਈ ਇਨ੍ਹਾਂ ਕਿਤਾਬਾਂ ਦਾ ਕੋਈ ਲਾਭ ਨਹੀਂ, ਇਨ੍ਹਾਂ ਦੇ ਅੰਦਰ ਕੋਈ ਸੋਚਣ ਸਮਝਣ ਵਾਲੀ ਜਾਂ ਦਿਮਾਗ਼ ਨੂੰ ਕੁਰੇਦਣ ਵਾਲੀ ਕੋਈ ਗੱਲ ਹੀ ਨਹੀਂ, ਏਸੇ ਲਈ ਸਾੜਨਾ ਹੀ ਬਿਹਤਰ ਹੈ। 'ਗਾਈ' ਨੇ ਪੁੱਛਿਆ ਕਿ ਪਹਿਲਾਂ ਤਾਂ ਕਿਤਾਬਾਂ ਇੰਜ ਦੀਆਂ ਨਹੀਂ ਸਨ ਹੁੰਦੀਆਂ, ਫਿਰ ਇੱਕੋ ਜਿਹੀਆਂ ਕਿਵੇਂ ਹੋ ਗਈਆਂ ? ਤਾਂ ਬੌਸ ਨੇ ਅਸਲ ਸੱਚ ਬਾਰੇ ਇਹ ਦੱਸਿਆ : ਕਿਤਾਬਾਂ ਦੇ ਵਿਚ ਕੁਝ ਕੁ ਮਹਾਂ ਸ਼ਕਤੀਆਂ/ਗੁੱਟਾਂ ਦੇ ਵਿਰੁੱਧ ਅਪਮਾਨਜਨਕ ਸ਼ਬਦ ਹੁੰਦੇ ਸਨ, ਜਿਨ੍ਹਾਂ ਕਰਕੇ ਉਨ੍ਹਾਂ ਗੁੱਟਾਂ ਵੱਲੋਂ ਇਤਰਾਜ਼ ਕੀਤਾ ਗਿਆ। ਏਸ ਪਿੱਛੋਂ ਤਾਂ ਸਭ ਕਿਤਾਬਾਂ ਇੱਕੋ ਜਿਹੀਆਂ ਲੱਗਣ ਲੱਗ ਪਈਆਂ, ਜੋ ਕਿਸੇ ਨੂੰ ਜਗਾਉਂਦੀਆਂ ਜਾਂ ਦੰਦੀ ਨਹੀਂ ਸਨ ਵੱਢਦੀਆਂ। ਅਖ਼ੀਰ ਉੱਤੇ ਸਮਾਜ ਨੇ ਇਹ ਫ਼ੈਸਲਾ ਕੀਤਾ ਹੈ ਕਿ ਵਿਰੋਧੀ ਖ਼ਿਆਲਾਂ ਵਾਲੀਆਂ ਕਿਤਾਬਾਂ ਹੋਣ ਦੀ ਥਾਂ, ਕੁੱਲ ਸਮਾਜ ਦੇ ਅੰਦਰੋਂ ਕਿਤਾਬਾਂ ਸਾੜ ਕੇ ਖ਼ਿਆਲਾਂ ਦਾ ਟੰਟਾ ਹੀ ਮੁਕਾ ਦਿੱਤਾ ਜਾਵੇ।

ਨਾਵਲ ਦੇ ਅੰਤ ਵਿਚ ਅੱਗ ਬੁਝਾਊ 'ਗਾਈ' ਇਕ ਅੰਗਰੇਜ਼ ਪ੍ਰੋਫ਼ੈਸਰ ਦੇ ਸੰਪਰਕ ਵਿਚ ਆਉਂਦਾ ਹੈ, ਜੋ ਉਸ ਨੂੰ ਪੁਸਤਕਾਂ ਦੇ ਮਹੱਤਵ ਬਾਰੇ ਦੱਸਦਾ ਹੈ। ਪੁਸਤਕਾਂ ਜ਼ਿੰਦਗੀ ਬਾਰੇ ਚੇਤੰਨਤਾ ਲਿਆਉਂਦੀਆਂ ਹਨ। ਨਿਰੀਆਂ ਕਿਤਾਬਾਂ ਹੀ ਨਹੀਂ, ਉਨ੍ਹਾਂ ਨੂੰ ਪੜ੍ਹਨ ਲਈ ਵਿਹਲਾ ਸਮਾਂ ਵੀ ਚਾਹੀਦਾ ਹੈ, ਉਨ੍ਹਾਂ ਦੇ ਖ਼ਿਆਲਾਂ ਉੱਤੇ ਅਮਲ ਕਰਨ ਦੀ ਆਜ਼ਾਦੀ ਵੀ ਹੋਣੀ ਚਾਹੀਦੀ ਹੈ। 'ਗਾਈ' ਦੀ ਬੀਵੀ, ਇਕ "ਦੇਸ ਪ੍ਰੇਮਿਕਾ" ਹੋਣ ਕਰਕੇ ਆਪਣੇ ਪਤੀ ਦੇ ਬਦਲਦੇ ਖ਼ਿਆਲਾਂ ਦੀ ਸੂਹ ਅਧਿਕਾਰੀਆਂ ਨੂੰ ਦੇ ਦੇਂਦੀ ਹੈ। ਦੰਡ ਵਜੋਂ ਉਸ ਨੂੰ ਆਪਣੇ ਹੀ ਘਰ ਨੂੰ ਅੱਗ ਲਾਉਣ ਦਾ ਹੁਕਮ ਮਿਲਦਾ ਹੈ। ਅੰਤ ਵਿਚ ਵਿਖਾਇਆ ਹੈ ਕਿਵੇਂ ਉਹ ਅੱਗ ਭਬਾਕੇ ਦਾ ਮੂੰਹ ਆਪਣੀ ਪਤਨੀ ਵੱਲ ਕਰ ਦੇਂਦਾ ਹੈ।

ਟੈਲੀਵੀਜ਼ਨ ਇਕ ਵਰਦਾਨ, ਮਹਾਂ ਵਰਦਾਨ ਹੋਣਾ ਸੀ ਜੇ ਉਸ ਨੂੰ ਮਨੁੱਖਵਾਦੀ ਰੱਖਿਆ ਜਾ ਸਕਦਾ। ਹੋਇਆ ਇਹ ਕਿ ਅਤਿ ਸ਼ਕਤੀਮਾਨ ਏਜੰਸੀਆਂ ਨੇ ਇਸ ਨੂੰ ਕੁੱਲ ਮਨੁੱਖਤਾ ਦੀ ਦਿਮਾਗ਼ ਧੁਲਾਈ ਅਤੇ ਉਸ ਦੇ ਬਹੁਪੱਖੀ ਕੰਟਰੋਲ ਦਾ ਹਥਿਆਰ ਬਣਾ ਲਿਆ। ਇਨਸਾਨ ਦੇ ਸੈਂਕੜੇ ਹਜ਼ਾਰਾਂ ਸਾਲਾਂ ਦੇ ਰੀਤੀ ਰਿਵਾਜਾਂ ਅਤੇ ਭਾਈਚਾਰੇ ਦੇ ਪੁਰਜ਼ੇ ਉਡਾ ਕੇ ਇਕ ਨਵੀਂ ਅਸਲੋਂ ਘਟੀਆ ਸਭਿਅਤਾ ਦਾ ਪਰਛਾਵਾਂ ਪਾਉਣਾ ਸ਼ੁਰੂ ਕਰ ਦਿੱਤਾ। ਸ਼ੁਰੂ ਵਿਚ ਤਾਂ ਸਿਆਣਿਆਂ ਅਤੇ ਬਜ਼ੁਰਗਾਂ ਵੱਲੋਂ ਇਤਰਾਜ਼ ਉਠਾਏ ਗਏ ਪਰ ਹੁਣ ਉਨ੍ਹਾਂ ਦੀ ਆਵਾਜ਼ ਬੰਦ ਹੋ ਗਈ ਹੈ। ਹਰ ਚੈਨਲ

ਦੇ ਉੱਤੇ ਬੇਪਰਦਗੀ, ਬੇਹੂਦੀਅਤ, ਖ਼ੂਨ, ਮੌਤ, ਜੰਗਾਂ ਅਤੇ ਤਬਾਹੀਆਂ ਦਾ ਪ੍ਰਚਾਰ ਹੋ ਰਿਹਾ ਹੈ, ਝੂਠ ਦਾ ਸੱਚ ਅਤੇ ਸੱਚ ਦਾ ਝੂਠ ਕਰ ਕੇ ਵਿਖਾਇਆ ਜਾ ਰਿਹੈ।

ਜਾਰਜ ਆਰਵੈਲ ਦੀ ਲਿਖੀ ਕਿਤਾਬ *1984* ਨੇ, ਰਾਜ ਕਰਨ ਵਾਲਿਆਂ ਵੱਲੋਂ ਇਹ ਨਾਅਰੇ ਪ੍ਰਚਾਰੇ ਸਨ :

1. ਜੰਗ ਹੀ ਅਮਨ ਹੈ।
2. ਆਜ਼ਾਦੀ, ਗ਼ੁਲਾਮੀ ਵਿਚ ਹੈ।
3. ਅਗਿਆਨਤਾ, ਤਾਕਤ ਦੀ ਕੁੰਜੀ ਹੈ।

ਜ਼ਰਾ ਵਿਚਾਰੋ ਕਿ ਸਾਡਾ ਸਮਾਜ ਏਸ ਸੜਕ ਦੇ ਉੱਤੇ ਕਿੰਨਾ ਕੁ ਆ ਚੁੱਕਿਆ ਹੈ। ਇਸ ਵਿਚ ਹੈਰਾਨ ਕਰਨ ਵਾਲੀ ਮਨੁੱਖੀ ਕਾਢ 'ਟੈਲੀਵੀਜ਼ਨ' ਦਾ ਕਿੰਨਾ ਕੁ ਹੱਥ ਹੈ ? ਕੂੜ ਪ੍ਰਚਾਰ ਦਾ ਮੁੱਖ ਨਿਸ਼ਾਨਾ ਹੈ : ਟੱਬਰ, ਭਾਈਚਾਰਾ, ਧਰਮ, ਸਮਾਜ, ਰੀਤੀ ਰਿਵਾਜ ਅਤੇ ਦੇਸਾਂ ਨੂੰ ਖਿੰਡਾ ਪੁੰਡਾ ਕੇ ਬੇਬੱਸ ਕਰ ਦੇਣਾ। ਇਕ ਦੇਸ ਵਿਚ ਨਹੀਂ, ਕੁੱਲ ਦੇਸਾਂ ਦੇ ਅੰਦਰ। ਅੰਤਮ ਨਿਸ਼ਾਨਾ ਹੈ ਕੁੱਲ ਦੁਨੀਆਂ ਦੀ ਇਕ ਸਰਕਾਰ ਅਤੇ ਇੱਕੋ ਕਾਬੂ ਕਰਦੀ ਸ਼ਕਤੀ, ਇਕ ਬੈਂਕਰਾਂ ਦੇ ਟੱਬਰ ਦੀ। ਹਰ ਸਮਝਦਾਰ ਦਾ ਫ਼ਰਜ਼ ਹੈ ਕਿ ਪਹਿਲਾਂ ਉਹ ਆਪ ਆਪਣੀਆਂ ਅੱਖਾਂ ਖੋਲ੍ਹੇ ਅਤੇ ਫਿਰ ਹੋਰਨਾਂ ਨੂੰ ਵੀ ਜਗਾਏ। ਇੰਜ ਆਪਣੇ ਪਰਿਵਾਰ ਅਤੇ ਸਮਾਜ ਦੀ ਲਗਾਤਾਰ ਰੱਖਿਆ ਦਾ ਸਿਪਾਹੀ ਬਣ ਕੇ ਵਿਖਾਵੇ, ਅਕਲ ਅਤੇ ਚੇਤੰਨਤਾ ਦੇ ਦੀਪ ਜਗਾਏ।

ਕੋਰੀਆ

ਕੋਰੀਆ ਦੇਸ, ਏਸ਼ੀਆ ਦੇ ਪੂਰਬੀ ਕੰਢੇ 'ਤੇ ਤਿੰਨ ਪਾਸਿਆਂ ਤੋਂ ਘਿਰਿਆ ਲੰਬੂਤਰਾ ਦੇਸ ਹੈ, ਜੋ ਜਾਪਾਨ ਦੇ ਨੇੜੇ ਅਤੇ ਐਨ ਸਾਹਮਣੇ ਹੈ। ਉੱਤਰ ਵੱਲ ਇਸ ਦੀ ਸਰਹੱਦ ਜ਼ਿਆਦਾਤਰ ਚੀਨ ਅਤੇ ਥੋੜ੍ਹੀ ਜਹੀ ਰੂਸ ਦੇ ਨਾਲ ਲੱਗਦੀ ਹੈ। ਉੱਤਰੀ ਕੋਰੀਆ ਦਾ ਖੇਤਰਫਲ ਕਰੀਬ 46,541 ਵਰਗ ਮੀਲ ਹੈ। ਕਰੀਬ ਏਨਾ ਕੁ ਦੱਖਣੀ ਕੋਰੀਆ ਹੈ। ਭਾਰਤੀ ਪੰਜਾਬ 19,445 ਵਰਗ ਮੀਲ ਹੈ। ਉੱਤਰੀ ਕੋਰੀਆ ਦੇ ਕਰੀਬ ਅੱਸੀ ਪ੍ਰਤੀਸ਼ਤ ਪਹਾੜੀ ਅਤੇ ਉੱਚੇ ਇਲਾਕੇ ਹਨ। ਬਹੁਤੀ ਆਬਾਦੀ ਮੈਦਾਨਾਂ ਅਤੇ ਨੀਵੇਂ ਪਹਾੜਾਂ ਵਿਚ ਰਹਿੰਦੀ ਹੈ। ਹਵਾ ਪਾਣੀ ਯੂਰਪ ਵਰਗਾ ਹੈ। ਚਾਰ ਮੌਸਮ ਅਤੇ ਸਰਦੀਆਂ ਬਰਫ਼ਾਨੀ। ਵਾਹੀਯੋਗ ਜ਼ਮੀਨ ਕੇਵਲ 14 ਪ੍ਰਤੀਸ਼ਤ ਹੈ। 1950 ਵਿਚ ਏਥੇ 90 ਲੱਖ ਲੋਕ ਵੱਸਦੇ ਸਨ, ਜਿਨ੍ਹਾਂ ਵਿੱਚੋਂ 30 ਲੱਖ ਲੋਕ ਅਮਰੀਕਨ ਬੰਬਾਰੀ ਹੱਥੋਂ ਮਾਰੇ ਗਏ ਸਨ। ਅੱਜ ਏਥੋਂ ਦੀ ਆਬਾਦੀ ਹੈ ਕਰੀਬ ਢਾਈ ਕਰੋੜ।

ਅੱਜ-ਕੱਲ੍ਹ ਦੇ ਕੁਲ ਮੀਡੀਆ ਵਿਚ ਉੱਤਰੀ ਕੋਰੀਆ ਇਕ ਐਟਮੀ ਹਥਿਆਰਾਂ ਦੇ ਨਾਲ ਲੈਸ, ਲੜਾਈ ਲਈ ਤਤਪਰ, ਇਕ ਝੱਲੇ ਦੇਸ ਵਾਂਗ ਦਰਸਾਇਆ ਜਾ ਰਿਹਾ ਹੈ। ਹਰ ਸਾਲ ਵਾਂਗ ਦੱਖਣੀ ਕੋਰੀਆਈ ਅਤੇ ਅਮਰੀਕਨ ਸੈਨਾਵਾਂ ਉੱਤਰੀ ਕੋਰੀਆ ਤੋਂ ਕੇਵਲ ਦਸ ਮੀਲ ਦੂਰ ਸਮੁੰਦਰੀ ਪਾਣੀਆਂ ਵਿਚ ਭੜਕਾਊ ਲੜਾਈ-ਅਭਿਆਸ ਕਰ ਰਹੀਆਂ ਹਨ। ਮੀਡੀਆ ਅਤੇ ਮਰਜ਼ੀ ਦੀ ਲੜਾਈ, ਦੋਵੇਂ ਅਮਰੀਕਾ ਦੀ ਰਜ਼ਾ ਵਿਚ ਹਨ। 'ਇਤਿਹਾਦੀ ਫ਼ੌਜਾਂ' ਕੇਵਲ ਧਮਕੀਆਂ ਦੇ ਕੇ ਹੀ ਪਰਤ ਜਾਣਗੀਆਂ ਜਾਂ ਸੱਚਮੁੱਚ ਜੰਗ ਕਰਨਗੀਆਂ ? ਵਕਤ ਦੱਸੇਗਾ। ਕੁਝ ਵੀ ਹੋਵੇ, ਉੱਤਰੀ ਕੋਰੀਆ ਦੇ ਇਤਿਹਾਸ ਨੂੰ ਜਾਣਨਾ, ਸਾਨੂੰ ਹੁਣ ਅਤੇ ਅੱਗੇ ਵੀ ਲਾਭਦਾਇਕ ਹੋ ਸਕਦਾ ਹੈ।

ਦੱਸਿਆ ਜਾਂਦਾ ਹੈ ਕਿ ਉੱਤਰੀ ਕੋਰੀਆ ਦੇ ਲੋਕ ਭੁੱਖ ਦੇ ਮਾਰੇ ਕੈਦੀਆਂ ਵਾਂਗ ਹਨ, ਜਿਨ੍ਹਾਂ ਦਾ ਨੇਤਾ ਹੈ ਜ਼ਾਲਮ ਡਿਕਟੇਟਰ 'ਕਿਮ ਜੌਂਗ ਇਲ'। ਡਿਕਟੇਟਰ ਕਿਮ ਜੌਂਗ ਵਿਸ਼ਵ ਸ਼ਾਂਤੀ ਲਈ ਮਹਾਂ ਖ਼ਤਰਾ ਹੈ ਕਿਉਂਕਿ ਉਸ ਦੇ ਹੱਥ ਵਿਚ ਪ੍ਰਮਾਣੂ ਬੰਬ ਹਨ।

ਪੈਸਿਫਿਕ/ਸ਼ਾਂਤ ਮਹਾਂਸਾਗਰ ਅੰਦਰ ਦੂਜੀ ਵਿਸ਼ਵ ਜੰਗ ਸਮੇਂ ਦੋ ਵਿਰੋਧੀ ਦੇਸ ਸਨ – ਜਾਪਾਨ ਅਤੇ ਅਮਰੀਕਾ। ਝਗੜਾ ਕੀ ਸੀ ? ਇਲਾਕੇ, ਖ਼ਾਸਕਰ ਕੋਰੀਆ ਦੇਸ ਉੱਤੇ ਕੰਟ੍ਰੋਲ। ਚੀਨ ਤਾਂ ਪਹਿਲਾਂ ਹੀ ਪੱਛਮੀ ਦੇਸਾਂ ਦੇ ਵੱਸ ਵਿਚ ਸੀ। ਜਾਪਾਨ ਨੇ

1910 ਤੋਂ 1945 ਤਕ ਕੋਰੀਆ ਦੇ ਉੱਤੇ ਕਬਜ਼ਾ ਰੱਖਿਆ। ਆਜ਼ਾਦੀ ਦੀ ਹਥਿਆਰਬੰਦ ਲੜਾਈ 1910 ਤੋਂ ਹੀ ਸ਼ੁਰੂ ਹੋਈ, ਜੋ 1945 ਵਿਚ ਜਾਪਾਨ ਦੀ ਚਾਰੇ ਪਾਸਿਓਂ ਹਾਰ ਦੇ ਨਾਲ ਮੁੱਕੀ। ਏਸ ਆਜ਼ਾਦੀ ਜੰਗ ਦਾ ਮੋਢੀ ਸੀ 'ਕਿਮ ਇਲ ਸੁੰਗ'। ਹੁਣ ਦੇ ਕੋਰੀਆਈ ਪ੍ਰਧਾਨ ਦਾ ਪਿਤਾ। ਕਿਮ ਇਲ ਸੁੰਗ ਕੋਰੀਆ ਦਾ ਸੁਭਾਸ਼ ਚੰਦਰ ਬੋਸ ਸੀ, ਜੋ ਆਜ਼ਾਦੀ ਦੀ ਜੰਗ ਵਿਚ ਕਾਮਯਾਬ ਹੋਇਆ।

ਜਾਪਾਨ ਨੇ 35 ਸਾਲਾਂ ਦੇ ਕਬਜ਼ੇ ਵਿਚ ਕੋਰੀਆ ਦਾ ਰੱਜ ਕੇ ਲਹੂ ਪੀਤਾ। ਬੇਅੰਤ ਕੋਰੀਆਈ ਬੰਦੀ ਬਣਾ ਕੇ ਜਾਪਾਨ ਲਿਜਾਏ ਗਏ, ਜਿਥੇ ਉਹ ਗ਼ੁਲਾਮਾਂ ਵਾਂਗ ਵਰਤੇ ਗਏ। ਬੇਅੰਤ ਔਰਤਾਂ ਸੈਕਸ ਬੰਦੀਆਂ 'ਸੁਖ ਦੇਣੀਆਂ' ਬਣਾਈਆਂ ਗਈਆਂ। ਕੋਰੀਆ ਦੀ ਲੁੱਟ-ਖਸੁੱਟ ਵਿਚ ਕੋਰੀਆਈ ਉੱਚੀ ਜਮਾਤ ਦਾ ਪੂਰਾ ਸਾਥ ਸੀ। ਇੰਜ ਤਾਂ ਸਦਾ ਸਭ ਥਾਂ ਹੁੰਦਾ ਆਇਆ ਹੈ। ਉਹੀ ਵੱਡੇ ਜ਼ਿਮੀਂਦਾਰ ਅਤੇ ਉਦਯੋਗ ਮਾਲਕ ਝੱਟ ਅਮਰੀਕਾ ਦੇ ਆਉਣ ਉੱਤੇ ਉਸ ਨਾਲ ਰਲ ਗਏ ਅਤੇ ਬੇਅੰਤ ਉੱਚੀਆਂ ਪਦਵੀਆਂ ਉੱਤੇ ਥਾਪੇ ਗਏ।

ਅਮਰੀਕਾ ਅਤੇ ਜਾਪਾਨ ਵਿਚ ਲੜਾਈ/ਕਸ਼ਮਕਸ਼/ਤਣਾਉ ਤਾਂ ਕਈ ਦਹਾਕਿਆਂ ਤੋਂ ਸੀ, ਜਿਸ ਦੀ ਮੂਲ ਜੜ੍ਹ, ਚੀਨ ਦੇ ਉੱਤੇ ਦਬਦਬਾ ਰੱਖਣ ਦੀ ਲੋੜ ਸੀ। ਅਮਰੀਕਾ ਫ਼ਿਲਪਾਈਨ, ਹਵਾਈ, ਗੁਆਮ ਅਤੇ ਸਮੋਆ ਟਾਪੂਆਂ ਉੱਤੇ ਕਾਬਜ਼ ਸੀ। ਪਰ ਚੀਨ ਦੇ ਰਸਤੇ ਵਿਚ ਜਾਪਾਨ ਇਕ ਰੁਕਾਵਟ ਸੀ। "ਪਰਲ ਹਾਰਬਰ" ਦੇ ਉੱਤੇ ਜਾਪਾਨੀ ਹਮਲਾ ਤਾਂ ਇਕ 'ਹੋਣ ਦਿੱਤਾ ਗਿਆ' ਬਹਾਨਾ ਸੀ। ਇਸ ਬਾਰੇ ਰਤਾ ਵੀ ਸ਼ੱਕ ਨਹੀਂ। ਅਮਰੀਕਾ ਅਤੇ ਜਾਪਾਨ ਵਿਚਕਾਰ ਲੜਾਈ ਤਾਂ ਤੈਅ ਹੀ ਸੀ।

ਜਿਉਂ ਹੀ ਦੂਜੀ ਜੰਗ ਮੁੱਕੀ ਤਾਂ ਅਮਰੀਕਾ ਨੂੰ ਜਾਪਾਨੀ ਬਸਤੀਆਂ ਨੂੰ ਆਪਣੀ ਮੁੱਠੀ ਵਿਚ ਕਰਨ ਦਾ ਦਿਲਕਸ਼ ਮੌਕਾ ਮਿਲਿਆ। ਯਾਦ ਰਹੇ ਕਿ ਏਸ਼ੀਆ ਦੇ ਅੰਦਰ ਬ੍ਰਿਟੇਨ ਅਤੇ ਫ਼ਰਾਂਸ ਦੀਆਂ ਬਸਤੀਆਂ ਸਨ, ਜਿਥੋਂ ਉਨ੍ਹਾਂ ਨੂੰ ਜਾਪਾਨ ਨੇ ਖਦੇੜ ਦਿੱਤਾ ਸੀ। ਅਮਰੀਕਾ ਦਾ ਉਨ੍ਹਾਂ ਦੀਆਂ ਬਸਤੀਆਂ ਨੂੰ ਆਪਣੇ ਹੱਥ ਵਿਚ ਕਰਨਾ, ਫ਼ਰਾਂਸ ਅਤੇ ਬ੍ਰਿਟੇਨ ਨੂੰ ਪਚਦਾ ਨਹੀਂ ਸੀ, ਪਰ ਉਹ ਬੇਬੱਸ ਸਨ।

ਕੋਰੀਆ ਦੇਸ ਨੂੰ 38ਵੇਂ ਪੈਰਲਲ ਉੱਤੇ ਕਿਸ ਨੇ ਵੰਡਿਆ ? 10 ਅਗਸਤ 1945 ਨੂੰ ਰੂਸੀ ਫ਼ੌਜਾਂ ਜਾਪਾਨ ਨੂੰ ਹਰਾਉਂਦੀਆਂ ਹੋਈਆਂ, ਕੋਰੀਆ ਵਿਚ ਦਾਖ਼ਲ ਹੋਈਆਂ। ਓਧਰੋਂ ਅਮਰੀਕਨ ਫ਼ੌਜ ਨੂੰ ਹੁਕਮ ਮਿਲਿਆ ਕਿ ਕੋਰੀਆ ਦੇ ਦੋ ਹਿੱਸੇ ਕੀਤੇ ਜਾਣ, 38ਵੇਂ ਪੈਰਲਲ ਉੱਤੇ। ਭਾਵ ਉੱਤਰੀ ਕੋਰੀਆ ਉੱਤੇ ਸੋਵੀਅਤ ਫ਼ੌਜਾਂ ਅਧਿਕਾਰ ਕਰਨ ਅਤੇ ਦੱਖਣੀ ਕੋਰੀਆ ਉੱਤੇ ਅਮਰੀਕਾ। ਇੰਜ ਕੋਰੀਆ ਦੀ ਰਾਜਧਾਨੀ ਸੀਓਲ, ਅਮਰੀਕਾ ਦੇ ਹੱਥ ਆਉਂਦੀ ਸੀ। ਰੂਸ ਕੋਰੀਆ ਦੀ ਮੂੰਹ-ਜ਼ਬਾਨੀ ਵੰਡ ਉੱਤੇ ਰਜ਼ਾਮੰਦ ਹੋ ਗਿਆ। ਪਰ ਜਦੋਂ ਰੂਸ ਨੇ ਜਾਪਾਨ ਅੰਦਰ ਹਿੱਸਾ ਮੰਗਿਆ ਤਾਂ ਅਮਰੀਕਾ ਨੇ ਇਨਕਾਰ ਕਰ ਦਿੱਤਾ।

ਕੋਰੀਆ ਦੀ ਵੰਡ ਤਾਂ ਤੈਅ ਹੋ ਗਈ, ਪਰ ਕੋਰੀਆ ਦੇ ਅੰਦਰ ਅਜੇ ਕੋਈ ਅਮਰੀਕਨ ਫ਼ੌਜਾਂ ਨਹੀਂ ਸਨ ਆਈਆਂ। ਜਾਪਾਨੀਆਂ ਦੇ ਹਥਿਆਰ ਸੁੱਟਦਿਆਂ ਹੀ ਕੋਰੀਅਨ ਲੋਕਾਂ ਨੇ ਸੀਓਲ ਵਿਚ ਸਾਰੇ ਦੇਸ ਲਈ 'ਕੋਰੀਅਨ ਪੀਪਲਜ਼ ਰੀਪਬਲਿਕ'

ਬਣਾ ਲਈ, ਜਿਸ ਦੀਆਂ ਜੜ੍ਹਾਂ, ਲੰਮੀ ਆਜ਼ਾਦੀ ਦੀ ਜੰਗ ਕਰਕੇ ਕੁੱਲ ਦੇਸ ਦੇ ਅੰਦਰ ਸਨ। ਅਮਰੀਕਾ ਨੇ ਏਸ ਰੀਪਬਲਿਕ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਵਜ੍ਹਾ ? ਇਹ ਸਰਕਾਰ ਅਮਰੀਕਾ ਨੂੰ ਜਵਾਬਦੇਹ ਨਹੀਂ ਸੀ ਅਤੇ ਏਸ ਦੇ ਅੰਦਰ ਕਮਿਊਨਿਸਟ ਤੱਤ ਚੋਖੇ ਸਨ।

ਅਮਰੀਕਾ ਦੇ ਲਗਾਤਾਰ ਸੋਚੇ ਸਮਝੇ ਦਖ਼ਲ ਦੇ ਕਾਰਨ 1948 ਤਕ ਅਜਿਹੇ ਆਧਾਰ ਤਿਆਰ ਕਰ ਲਏ, ਤਾਂ ਜੋ ਕੋਰੀਆਈ ਮਾਮਲਿਆਂ ਅੰਦਰ ਉਸ ਦੀ ਸਰਦਾਰੀ ਸਦੀਵੀ ਰਹੇ।

ਅਮਰੀਕੀ ਫ਼ੌਜ ਦੇ ਕੋਰੀਆ ਅੰਦਰ ਪ੍ਰਵੇਸ਼ ਨੂੰ ਲੋਕਾਂ ਨੇ ਨਫ਼ਰਤ ਨਾਲ ਵੇਖਿਆ। ਕਾਰਨ ਇਹ ਕਿ ਜੋ ਲੋਕ ਪਹਿਲਾਂ ਜਾਪਾਨ ਨਾਲ ਰਲੇ ਹੋਏ ਸਨ, ਉਹ ਸਭ ਅਮਰੀਕਾ ਦੇ ਨਾਲ ਰਲ ਗਏ। ਜਾਪਾਨ ਤੋਂ ਬਿਨਾਂ ਹੀ "ਜਾਪਾਨੀ ਬਸਤੀ" ਪਹਿਲਾਂ ਵਾਂਗ ਚੱਲ ਰਹੀ ਸੀ। ਜਿਨ੍ਹਾਂ ਫ਼ੌਜੀਆਂ ਅਤੇ ਅਫ਼ਸਰਾਂ ਨੇ ਜਾਪਾਨੀਆਂ ਹੇਠ ਕੰਮ ਕੀਤਾ ਸੀ, ਉਹੀ ਨਵੀਂ ਕੋਰੀਆ ਫ਼ੌਜ ਅਤੇ ਸਰਕਾਰ ਦਾ ਆਧਾਰ ਬਣਾ ਦਿੱਤੇ ਗਏ।

ਸਿੱਟਾ ਕੀ ਨਿਕਲਿਆ ? ਕੁੱਲ ਦੇਸ ਅੰਦਰ ਲਹਿਰ ਸ਼ੁਰੂ ਹੋ ਗਈ ਜੋ ਮੰਗਦੀ ਸੀ ਕਿ ਜਾਪਾਨੀ ਏਜੰਟਾਂ ਨੂੰ ਹਟਾ ਕੇ ਪੂਰੇ ਕੋਰੀਆ ਦੇਸ ਨੂੰ ਇਕ ਕੀਤਾ ਜਾਵੇ। 1948 ਵਿਚ 'ਰਾਸ਼ਟਰੀ ਸੁਰੱਖਿਆ ਕਾਨੂੰਨ' ਤਹਿਤ ਦੋ ਲੱਖ ਕੋਰੀਆਈਆਂ ਨੂੰ ਕੈਦ ਕਰ ਲਿਆ ਗਿਆ। ਵਿਰੋਧੀ ਲਹਿਰ ਪੂਰੀ ਤਰ੍ਹਾਂ ਦਬਾ ਦਿੱਤੀ ਗਈ। ਇਕ ਖ਼ੁਫ਼ੀਆ ਸੰਧੀ ਅਨੁਸਾਰ ਦੱਖਣੀ ਕੋਰੀਆ ਦੀਆਂ ਫ਼ੌਜਾਂ ਦੀ ਕਮਾਨ ਅਮਰੀਕਾ ਦੇ ਹੱਥ ਵਿਚ ਰੱਖੀ ਗਈ। ਅੱਜ ਵੀ ਇਹ ਕਮਾਨ ਅਮਰੀਕਾ ਦੇ ਕੋਲ ਹੈ। ਅੱਜ ਜਦੋਂ ਦੱਖਣੀ ਕੋਰੀਆ ਦੀ ਫ਼ੌਜ ਵੱਲੋਂ ਕੋਈ ਕਾਰਵਾਈ ਕੀਤੀ ਵਿਖਾਈ ਜਾਂਦੀ ਹੈ ਤਾਂ ਅਸਲ ਵਿਚ ਉਹ ਅਮਰੀਕਾ ਵੱਲੋਂ ਕੀਤੀ ਹੁੰਦੀ ਹੈ। ਇੰਜ ਸਮਝ ਲਵੋ ਕਿ ਦੱਖਣੀ ਕੋਰੀਆ ਦੇ ਫ਼ੌਜੀ, ਅਮਰੀਕਾ ਦੇ ਭਾੜੇ ਉੱਤੇ ਫ਼ੌਜੀ ਹਨ। ਅਮਰੀਕਾ ਉਨ੍ਹਾਂ ਨੂੰ ਕਿਤੇ ਵੀ ਵਰਤਦਾ ਹੈ – ਇਰਾਕ ਵਿਚ, ਅਫ਼ਗਾਨਿਸਤਾਨ ਵਿਚ।

1948 ਵਿਚ ਸੀ.ਆਈ.ਏ. ਨੇ ਰਿਪੋਰਟ ਦਿੱਤੀ ਕਿ ਕੁੱਲ ਦੇਸ ਵਿਚ ਆਜ਼ਾਦੀ ਦੀ ਲਹਿਰ ਚੱਲ ਰਹੀ ਹੈ, ਜਿਸ ਦੀ ਅਗਵਾਈ ਕਮਿਊਨਿਸਟਾਂ ਦੇ ਕੋਲ ਹੈ। ਏਸ ਲਈ ਏਥੇ ਕੋਈ ਇਲੈਕਸ਼ਨ ਕਰਵਾਉਣੀ ਗ਼ਲਤ ਸਾਬਤ ਹੋਵੇਗੀ। ਏਸ ਲਈ ਦੱਖਣੀ ਕੋਰੀਆ ਦਾ ਪ੍ਰਧਾਨ ਬਣਾਇਆ ਗਿਆ 'ਸਿੰਗ ਮੈਨ ਰੀ'। ਉਹ ਚਾਲ੍ਹੀ ਸਾਲਾਂ ਤੋਂ ਅਮਰੀਕਾ ਅੰਦਰ ਰਹਿ ਰਿਹਾ ਸੀ, ਜਿਥੇ ਉਸ ਨੇ ਪੀ-ਐੱਚ.ਡੀ. ਕੀਤੀ ਸੀ ਅਤੇ ਉਸ ਦੀ ਪਤਨੀ ਗੋਰੀ ਅਮਰੀਕਨ ਸੀ। (ਮੇਲ ਕਰੋ ਇਰਾਕ ਦੇ ਨਾਲ ਜਿਥੇ ਸੱਦਾਮ ਹੁਸੈਨ ਨੂੰ ਲਾਹ ਕੇ ਇਕ ਅਮਰੀਕਨ-ਇਰਾਕੀ ਨੂੰ ਪ੍ਰਧਾਨ ਬਣਾਇਆ ਗਿਆ ਸੀ।)

ਸੋ ਬਣ ਗਏ ਇਕ ਕੋਰੀਆ ਦੇ ਦੋ ਕੋਰੀਆ ਦੇਸ। ਦੱਖਣੀ ਕੋਰੀਆ ਦਾ ਪ੍ਰਧਾਨ ਇਕ ਅਮਰੀਕਨ ਹੱਥ ਠੋਕਾ ਅਤੇ ਉੱਤਰੀ ਕੋਰੀਆ ਦਾ ਪ੍ਰਧਾਨ 'ਕਿਮ ਇਲ ਸੁੰਗ', ਜਿਸ ਨੇ ਪੰਦਰਾਂ ਵਰ੍ਹੇ ਤੋਂ ਵੱਧ ਜਾਪਾਨੀਆਂ ਨਾਲ ਲੋਹਾ ਲਿਆ ਸੀ। 'ਕਿਮ' ਦੀ ਗੁਰੀਲਾ ਫ਼ੌਜ ਉੱਤੇ ਨਾ ਸੋਵੀਅਤ ਅਤੇ ਨਾ ਚੀਨੀ ਪ੍ਰਭਾਵ ਸੀ – ਪੂਰਨ ਤੌਰ ਉੱਤੇ 'ਘਰ ਦੀ ਉਪਜ' ਸੀ।

ਅਮਰੀਕਾ ਦੇ ਵਿਪਰੀਤ ਰੂਸ ਨੇ ਉੱਤਰੀ ਕੋਰੀਆ ਅੰਦਰ ਦਖ਼ਲ-ਅੰਦਾਜ਼ੀ ਨਹੀਂ ਕੀਤੀ। 'ਕਿਮ ਇਲ ਸੁੰਗ' ਲੋਕ-ਪ੍ਰਵਾਨਿਤ ਨੇਤਾ ਸੀ। ਉਹ ਉੱਤਰੀ ਕੋਰੀਆ ਦਾ ਪ੍ਰਧਾਨ ਬਣ ਗਿਆ। ਸੋਵੀਅਤ ਰੂਸ ਨੂੰ ਉਸ ਉੱਤੇ ਖ਼ਾਸ ਭਰੋਸਾ ਨਹੀਂ ਸੀ, ਪਰ ਉਨ੍ਹਾਂ ਕੋਲ 'ਕਿਮ ਇਲ ਸੁੰਗ' ਨੂੰ ਮਾਨਤਾ ਦੇਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। 9 ਸਤੰਬਰ 1948 ਨੂੰ "ਡੈਮੋਕ੍ਰੇਟਿਕ ਪੀਪਲਜ਼ ਰੀਪਬਲਿਕ ਆਫ਼ ਕੋਰੀਆ" ਦਾ ਐਲਾਨ ਕੀਤਾ ਗਿਆ। ਪੰਦਰਾਂ ਦਿਨਾਂ ਪਿੱਛੋਂ ਦੱਖਣੀ "ਰੀਪਬਲਿਕ ਆਫ਼ ਕੋਰੀਆ" ਐਲਾਨੀ ਗਈ। ਤਿੰਨ ਮਹੀਨਿਆਂ ਦੇ ਅੰਦਰ ਰੂਸੀ ਉੱਤਰੀ ਕੋਰੀਆ ਛੱਡ ਕੇ ਤੁਰ ਗਏ। ਇਸ ਦੇ ਟਾਕਰੇ ਉੱਤੇ ਅਮਰੀਕੀ ਫ਼ੌਜ ਅਤੇ ਸਲਾਹਕਾਰ ਸਦਾ ਹੀ ਬਣੇ ਰਹੇ ਹਨ। ਅੱਜ ਵੀ 30,000 ਅਮਰੀਕੀ ਫ਼ੌਜੀ ਤੈਨਾਤ ਹਨ। 1947 ਵਿਚ ਕੇਵਲ 30 ਰੂਸੀ ਸਲਾਹਕਾਰ ਉੱਤਰੀ ਕੋਰੀਆ ਅੰਦਰ ਕੰਮ ਕਰਦੇ ਸਨ।

ਦੱਖਣੀ ਕੋਰੀਆ ਅੰਦਰ ਜਾਪਾਨੀ ਪਿੱਠੂਆਂ ਦੇ ਸਰਕਾਰੀ ਤਾਣੇ ਬਾਣੇ ਦੇ ਉਪਰ, ਇਕ ਭਰੋਸੇਯੋਗ ਪੱਕੇ ਕਮਿਊਨਿਸਟ ਵਿਰੋਧੀ, ਅਮਰੀਕਨ-ਕੋਰੀਆਈ 'ਸਿੰਗ ਮੈਨ ਰੀ' ਨੂੰ ਬਿਠਾ ਦਿੱਤਾ ਗਿਆ।

ਆਮ ਇਤਿਹਾਸ ਕੋਰੀਆ ਦੀ ਜੰਗ 1950 ਤੋਂ 1953 ਤਕ ਦੱਸਦੇ ਹਨ। ਅਮਰੀਕਾ ਲਈ ਤਾਂ ਇਹ ਜੰਗ ਗੜਗੜਾਹਟ ਦੇ ਨਾਲ 1950 ਵਿਚ ਫੁੱਟੀ, ਪਰ ਕੋਰੀਅਨਾਂ ਲਈ ਇਕ ਜੰਗ 1945 ਤੋਂ ਲਗਾਤਾਰ ਚਾਲੂ ਸੀ, ਭਾਵ ਜਿਸ ਦਿਨ ਤੋਂ ਅਮਰੀਕਨ ਕੋਰੀਆ ਅੰਦਰ ਆਏ ਸਨ। ਇੰਜ ਵੀ ਕਹਿ ਸਕਦੇ ਹਾਂ ਕਿ ਕੋਰੀਆ ਦੀ ਜੰਗ ਤਾਂ 1910 ਤੋਂ ਲਗਾਤਾਰ ਜਾਰੀ ਸੀ, ਪਹਿਲਾਂ ਕੇਵਲ ਜਾਪਾਨੀਆਂ ਦੇ ਟਾਕਰੇ ਉੱਤੇ ਅਤੇ 1945 ਤੋਂ ਪਿੱਛੋਂ ਅਮਰੀਕੀ ਕੰਟ੍ਰੋਲ ਹੇਠ ਕੁੱਲ ਫ਼ੌਜਾਂ ਦੇ ਨਾਲ।

ਉੱਤਰੀ ਕੋਰੀਆ ਆਜ਼ਾਦੀ ਦੀ ਜੰਗ ਸਿਖਰ 'ਤੇ ਲਿਆ ਕੇ ਦੇਸ ਨੂੰ ਇਕ ਕਰਨਾ ਚਾਹੁੰਦਾ ਸੀ ਅਤੇ ਦੱਖਣੀ ਕੋਰੀਆ ਉੱਤਰੀ ਕੋਰੀਆ ਦੇ 'ਕਿਮ ਇਲ ਸੁੰਗ' ਦੇ ਰਾਜ ਨੂੰ ਮੁਕਾ ਕੇ ਏਹੀ ਕੰਮ ਕਰਨਾ ਲੋਚਦਾ ਸੀ। ਉੱਤਰੀ ਅਤੇ ਦੱਖਣੀ ਕੋਰੀਆ ਵਿਚਕਾਰ ਦੋ ਵਿਰੋਧੀ ਨਿਜ਼ਾਮਾਂ ਦੀ ਝੜਪ ਸੀ। ਦੋ ਵੱਖਰੇ ਆਰਥਿਕ ਢਾਂਚੇ – ਇਕ ਪਾਸੇ ਵੱਡੇ ਜਾਗੀਰਦਾਰ ਅਤੇ ਜਾਪਾਨ ਦੇ ਸਾਥੀ ਧਨਾਢ, ਦੂਜੇ ਪਾਸੇ ਵੱਡੀ ਬਹੁਗਿਣਤੀ ਨੂੰ ਲਾਭ ਪੁਚਾਉਂਦੇ ਸੁਧਾਰਾਂ ਵਾਲਾ ਨਿਜ਼ਾਮ। ਦੂਜਾ, ਦੱਖਣੀ ਕੋਰੀਆ ਦੀ ਨਵ-ਬਸਤੀਵਾਦ ਨੀਤੀ ਦਾ ਉੱਤਰੀ ਕੋਰੀਆ ਦੀ ਦੇਸ ਆਜ਼ਾਦੀ ਨਾਲ ਮੱਤਭੇਦ।

ਉੱਤਰੀ ਅਤੇ ਦੱਖਣੀ ਕੋਰੀਆ ਵਿਚਕਾਰ ਕੋਈ ਪੱਕੀ ਸਰਹੱਦ ਤਾਂ ਮਿਥੀ ਨਹੀਂ ਸੀ, ਏਸ ਲਈ ਦੋਵੇਂ ਪਾਸਿਓਂ ਉਲੰਘਣਾਵਾਂ ਆਮ ਸਨ। 1950 ਵਿਚ ਉੱਤਰੀ ਕੋਰੀਆ ਦੀਆਂ ਫ਼ੌਜਾਂ ਜਦ ਦੱਖਣ ਵੱਲ ਵਧੀਆਂ ਤਾਂ ਸਥਾਨਕ ਲੋਕਾਂ ਵੱਲੋਂ ਮਿਲਵਰਤਨ ਕਾਰਨ ਝੱਟ ਹੀ ਦੇਸ ਦੇ ਬਹੁਤੇ ਹਿੱਸੇ ਉੱਤੇ ਛਾ ਗਈਆਂ। ਦੱਖਣੀ ਕੋਰੀਆ ਦੀ 'ਆਜ਼ਾਦੀ' ਜਾਂ 'ਮੁਕਤੀ' ਥੋੜ੍ਹਾ ਚਿਰ ਹੀ ਰਹੀ।

ਯੂ.ਐੱਨ ਸਿਕਿਓਰਿਟੀ ਕੌਂਸਲ ਵਿਚ ਚੀਨ ਨੂੰ ਥਾਂ ਨਾ ਮਿਲਣ ਕਾਰਨ ਰੂਸ ਨੇ ਰੋਸ ਵਜੋਂ ਕੌਂਸਲ ਦਾ ਬਾਈਕਾਟ ਕਰ ਰੱਖਿਆ ਸੀ। ਇਸ ਲਈ ਅਮਰੀਕਾ ਨੇ ਆਸਾਨੀ ਦੇ ਨਾਲ ਯੂ.ਐੱਨ. ਦੀ ਮਨਜ਼ੂਰੀ ਲੈ ਲਈ ਫ਼ੌਜ ਭੇਜਣ ਦੀ। ਅਗਲੇ ਤਿੰਨ

ਸਾਲਾਂ ਵਿਚ ਲੜਾਈ ਅਤੇ ਅਮਰੀਕਨ ਬੰਬਾਰੀ ਦੇ ਨਾਲ ਉੱਤਰੀ ਕੋਰੀਆ ਦੇ 30 ਲੱਖ ਲੋਕ ਮਾਰੇ ਗਏ।

ਕੁੱਲ ਇਮਾਰਤਾਂ ਖੰਡਰ ਬਣਾ ਦਿੱਤੀਆਂ ਗਈਆਂ। ਧਿਆਨਯੋਗ ਹੈ ਕਿ ਦੂਜੀ ਵਿਸ਼ਵ ਜੰਗ ਅੰਦਰ ਅਤੇ ਖ਼ਾਸ ਤੌਰ ਉੱਤੇ ਓਸ ਜੰਗ ਪਿੱਛੋਂ ਹਵਾਈ ਹਮਲੇ ਹੀ ਸਾਮਰਾਜ ਦਾ ਮੁੱਖ ਹਥਿਆਰ ਹਨ। ਅਖ਼ੀਰ ਕੋਰੀਆ ਦੀ ਜੰਗ ਮੁੜ 38ਵੇਂ ਪੈਰਲਲ ਦੇ ਆਸ ਪਾਸ ਠੰਢੀ ਹੋਈ ਅਤੇ ਜੰਗਬੰਦੀ ਦਾ ਐਲਾਨ ਕੀਤਾ ਗਿਆ। ਜੰਗ ਅਜੇ ਬੰਦ ਨਹੀਂ ਹੋਈ, ਉਹ ਅੱਜ ਵੀ ਜਾਰੀ ਹੈ। 1953 ਤੋਂ ਕੇਵਲ ਜੰਗ-ਬੰਦੀ ਹੈ। ਜੰਗ ਰੁਕਣ ਤੋਂ ਪਹਿਲਾਂ ਉੱਤਰੀ ਕੋਰੀਆ ਦੇ ਲਗਭਗ ਸਾਰੇ ਸਿੰਚਾਈ ਡੈਮ ਉਡਾ ਦਿੱਤੇ ਗਏ, ਜਿਹੜੇ ਤਿੰਨ ਚੌਥਾਈ ਦੇਸ ਦੀ ਖੇਤੀ ਦੇ ਕੰਮ ਆਉਂਦੇ ਹਨ। ਅੰਤਰਰਾਸ਼ਟਰੀ ਕਾਨੂੰਨ ਦੀਆਂ ਨਜ਼ਰਾਂ ਵਿਚ ਇਹ ਇਕ ਭਿਆਨਕ ਜੁਰਮ ਹੈ।

ਜੰਗ ਰੁਕਣ ਪਿੱਛੋਂ ਉੱਤਰੀ ਕੋਰੀਆ ਦੀ ਨਵ-ਉਸਾਰੀ ਹੋਈ ਬੜੇ ਉਤਸ਼ਾਹ ਦੇ ਨਾਲ ਅਤੇ ਦਸਾਂ ਸਾਲਾਂ ਵਿਚ ਉਹ ਮੁੜ ਆਪਣੇ ਪੈਰਾਂ ਉੱਤੇ ਖੜਾ ਹੋ ਗਿਆ। 1980 ਤਕ ਉੱਤਰੀ ਕੋਰੀਆ, ਦੱਖਣੀ ਕੋਰੀਆ ਨੂੰ ਤਰੱਕੀ ਦੀ ਰਾਹ ਉੱਤੇ ਕਿਤੇ ਪਿਛਾਂਹ ਛੱਡ ਗਿਆ ਤਾਂ ਫਿਰ ਅਮਰੀਕਾ ਨੇ ਦੱਖਣੀ ਕੋਰੀਆ ਦੀ ਸਨਅਤ ਨੂੰ ਚੁੱਕਣਾ ਸ਼ੁਰੂ ਕੀਤਾ ਅਤੇ ਉਸ ਨੂੰ ਵਿਸ਼ਵ ਮੰਡੀ ਵਿਚ ਤਿਆਰ ਮਾਲ ਲਿਆਉਣ ਦੇ ਮੌਕੇ ਦਿੱਤੇ। ਪੁਰਾਣੀਆਂ ਕੀਤੀਆਂ ਵਧੀਕੀਆਂ ਦੇ ਸਿਲੇ ਵਿਚ ਜਾਪਾਨ ਨੇ 800 ਮਿਲੀਅਨ ਡਾਲਰ ਦਿੱਤੇ। ਅਮਰੀਕਾ ਨੇ ਦੱਖਣੀ ਕੋਰੀਆ ਦੇ 50,000 ਫ਼ੌਜੀਆਂ ਨੂੰ ਵੀਅਤਨਾਮ ਜੰਗ ਅੰਦਰ ਵਰਤਿਆ, ਜਿਸ ਦੇ ਇਵਜ਼ਾਨੇ ਵਿਚ ਇਕ ਬਿਲੀਅਨ ਡਾਲਰਾਂ ਦੀ ਅਦਾਇਗੀ ਕੀਤੀ। ਦੇਸ ਅੰਦਰ ਆਰਥਿਕ ਨਾਬਰਾਬਰੀ ਦੇ ਬਾਵਜੂਦ, ਦੱਖਣੀ ਕੋਰੀਆ ਦਾ ਮਾਲ ਕੁਲ ਦੁਨੀਆਂ ਵਿਚ ਪਹੁੰਚਣਾ ਸ਼ੁਰੂ ਹੋਇਆ।

ਉੱਤਰੀ ਕੋਰੀਆ ਨੂੰ ਰੂਸ ਵੱਲੋਂ ਮਦਦ ਮਿਲਦੀ ਸੀ। 1960ਵਿਆਂ ਵਿਚ ਰੂਸ ਚੀਨ ਦੀ ਠਣ ਗਈ ਤਾਂ ਉੱਤਰੀ ਕੋਰੀਆ ਨੇ ਚੀਨ ਦਾ ਪੱਖ ਲਿਆ। ਜੋ ਵੀ ਥੋੜ੍ਹੀ ਬਹੁਤ ਸਹਾਇਤਾ ਰੂਸ ਤੋਂ ਆਉਂਦੀ ਸੀ, ਬੰਦ ਹੋ ਗਈ। ਉੱਤਰੀ ਕੋਰੀਆ ਨੇ ਪੱਛਮ ਤੋਂ ਮੁਕੰਮਲ ਕਾਰਖ਼ਾਨੇ ਖ਼ਰੀਦਣੇ ਸ਼ੁਰੂ ਕੀਤੇ, ਜਿਸ ਨਾਲ ਇਸ ਉਪਰ ਕਰਜ਼ੇ ਵਧਣ ਲੱਗ ਪਏ। ਦੱਖਣੀ ਕੋਰੀਆ, ਉੱਤਰੀ ਕੋਰੀਆ ਨੂੰ ਕਿਤੇ ਪਿਛਾਂਹ ਛੱਡ ਗਿਆ। ਫਿਰ ਵੀ ਉੱਤਰੀ ਅਤੇ ਦੱਖਣੀ ਕੋਰੀਆ ਵਿਚ ਰਹਿਣ ਪੱਧਰ ਦਾ ਬਹੁਤ ਫ਼ਰਕ ਨਹੀਂ। ਉੱਤਰ ਵਿਚ ਕਨਜ਼ੂਮਰ ਮਾਲ ਘੱਟ ਹੈ, ਪਰ ਨਿੱਤ ਵਰਤੋਂ ਦਾ ਸਾਮਾਨ ਖੁੱਲ੍ਹਾ ਅਤੇ ਸਸਤਾ (ਸਰਕਾਰੀ ਮਦਦ) ਮਿਲਦਾ ਹੈ। ਸੀ.ਆਈ.ਏ. ਦੀ ਇਕ ਰਿਪੋਰਟ ਖਿਝੇ ਅੰਦਾਜ਼ ਵਿਚ ਕਹਿੰਦੀ ਹੈ: "ਬੱਚੇ ਬੜੇ ਲਾਡ ਪਿਆਰ ਨਾਲ ਪਾਲੇ ਜਾਂਦੇ ਹਨ, ਖ਼ਾਸ ਤੌਰ 'ਤੇ ਜੰਗ ਕਾਰਨ ਯਤੀਮ ਬੱਚੇ। ਔਰਤਾਂ ਦੀ ਹਾਲਤ ਵਿਚ ਕਾਫ਼ੀ ਬਿਹਤਰੀ ਹੋਈ ਹੈ। ਰੋਗਾਂ ਦੀ ਰੋਕਥਾਮ, ਰੋਗੀਆਂ ਦਾ ਇਲਾਜ ਅਤੇ ਰਹਿਣ ਨੂੰ ਘਰ ਸੱਚਮੁੱਚ ਮੁਫ਼ਤ ਹਨ।"

ਦੱਖਣੀ ਕੋਰੀਆ ਦੀ ਇਕ ਸ਼ਕਤੀਸ਼ਾਲੀ (ਫ਼ਾਸ਼ੀ) ਸਰਕਾਰ ਹੈ। ਉੱਤਰੀ ਕੋਰੀਆ ਦੀ ਸਰਕਾਰ ਖੱਬੇ-ਪੱਖੀ, ਬਸਤੀ ਅਤੇ ਸਾਮਰਾਜ ਵਿਰੋਧੀ ਲਹਿਰ ਦੀ ਉਪਜ ਸੀ। ਉੱਤਰ

ਵਿਚ ਤਾਂ ਸੋਵੀਅਤ ਸੰਘ ਨੇ ਕੋਈ ਦਖ਼ਲ ਨਹੀਂ ਦਿੱਤਾ, ਪਰ ਦੱਖਣ ਵਿਚ ਅਮਰੀਕਾ ਅਤੇ ਉਸ ਦੇ ਪਿੱਠੂਆਂ ਦਾ ਮੁੱਖ ਧਿਆਨ ਹੀ ਏਸ ਪਾਸੇ ਵੱਲ ਰਿਹਾ ਹੈ।

ਸਿੰਗ ਮੈਨ ਰੀ ਦਾ ਸਿੱਕਾ ਬੜੀ ਦੇਰ ਚੱਲ ਗਿਆ। 1960 ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਬਗ਼ਾਵਤ ਨੇ ਪ੍ਰਧਾਨ ਨੂੰ ਭਜਾ ਦਿੱਤਾ। ਪਹਿਲੀ ਵਾਰ ਦੇਸ ਅੰਦਰ ਪੱਛਮੀ ਢੰਗ ਨਾਲ ਵੋਟਾਂ ਪਈਆਂ। ਇਕ ਵਾਰ ਫਿਰ ਉੱਤਰੀ ਅਤੇ ਦੱਖਣੀ ਭਾਗਾਂ ਨੂੰ ਇਕ ਕਰਨ ਦੀ ਲਹਿਰ ਵਿਚ ਉਛਾਲ ਆਇਆ। ਇਕ ਸਾਲ ਦੇ ਅੰਦਰ ਅਮਰੀਕੀ ਇਸ਼ਾਰੇ ਨਾਲ 'ਪਾਰਕ ਚੁੰਗ ਹੀ' ਦੀ ਅਗਵਾਈ ਹੇਠ ਫ਼ੌਜੀ ਰਾਜ ਪਲਟਾ ਕਰਵਾਇਆ ਗਿਆ। ਚੁਣੀ ਸਰਕਾਰ ਦੀਆਂ ਅਪੀਲਾਂ ਕਿਸ ਨੇ ਸੁਣਨੀਆਂ ਸਨ ? ਫ਼ੌਜੀ ਜਰਨੈਲਾਂ ਨੇ ਦੇਸ ਉੱਤੇ ਲਗਾਤਾਰ ਤੀਹ ਸਾਲ ਰਾਜ ਕੀਤਾ। ਅਮਰੀਕਾ ਦੇ ਪਾਲਤੂ ਪ੍ਰਧਾਨ ਨੇ ਕੁਲ ਸਿਆਸੀ ਸਰਗਰਮੀ ਉੱਤੇ ਪਾਬੰਦੀ ਲਗਾ ਦਿੱਤੀ ਅਤੇ ਕੁਲ ਕਮਿਊਨਿਸਟ ਦੇਸਾਂ, ਸਮੇਤ ਉੱਤਰੀ ਕੋਰੀਆ ਦੇ ਉੱਤੇ 'ਦੁਸ਼ਮਣ ਦੇਸਾਂ' ਦਾ ਠੱਪਾ ਲਗਾ ਦਿੱਤਾ। *ਨਿਊਯਾਰਕ ਟਾਈਮਜ਼* ਨੇ 2005 ਵਿਚ ਲਿਖਿਆ : "ਕੁਲ ਬੱਚਿਆਂ ਦੀ ਪੜ੍ਹਾਈ ਅੰਦਰ ਕਮਿਊਨਿਸਟ ਵਿਰੋਧੀ ਪ੍ਰਚਾਰ ਸ਼ੁਰੂ ਹੋ ਗਿਆ। ਉੱਤਰੀ ਕੋਰੀਆਈ ਲੋਕਾਂ ਨੂੰ ਖ਼ੂੰਖ਼ਾਰ ਖ਼ਤਰਨਾਕ ਕਰਕੇ ਪੜ੍ਹਾਇਆ ਜਾਣ ਲੱਗਾ। ਇਸ ਦੇ ਉਲਟ ਉੱਤਰੀ ਕੋਰੀਆ ਦੀ ਪੜ੍ਹਾਈ ਅੰਦਰ ਦੱਸਿਆ ਜਾਂਦਾ ਹੈ ਕਿ ਦੱਖਣੀ ਕੋਰੀਆ ਸਰਕਾਰ ਅਮਰੀਕਾ ਦੀ ਮੁੱਠੀ ਵਿਚ ਹੈ, ਜਦ ਕਿ ਲੋਕ ਸਾਡੇ ਭੈਣ ਭਰਾ ਹਨ।"

ਉੱਤਰ ਦੀਆਂ ਲੋਕ-ਪੱਖੀ ਨੀਤੀਆਂ ਦੇ ਉਲਟ ਦੱਖਣੀ ਭਾਗ ਵਿਚ ਸਿਹਤ ਇੰਸ਼ੋਰੈਂਸ ਦੀ ਘਾਟ ਸੀ, ਸਨਅਤ ਦੇ ਅੰਦਰ ਲੰਮਾ ਚਿਰ ਕੰਮ ਕਰ ਲਿਆ ਜਾਂਦਾ ਸੀ ਅਤੇ ਉਜਰਤਾਂ ਘੱਟ ਸਨ। ਕੇਵਲ ਉੱਤਰੀਆਂ ਦੇ ਨਾਲ ਨਫ਼ਰਤ ਅਤੇ ਡਰ ਜ਼ੋਰਾਂ ਉੱਤੇ ਸੀ। 'ਰੋਹ ਮੂਹ ਹੁਆਲ' ਰੀਪਬਲਕ ਆਫ਼ ਕੋਰੀਆ/ਦੱਖਣੀ ਕੋਰੀਆ ਦੇ ਪ੍ਰਧਾਨ ਨੇ 2005 ਵਿਚ ਇੰਜ ਦੁੱਖ ਪ੍ਰਗਟਾਇਆ : "ਜਿਨ੍ਹਾਂ ਟੱਬਰਾਂ ਨੇ ਦੇਸ ਦੀ ਆਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ ਸਨ, ਉਹ ਪਿਛਲੀਆਂ ਤਿੰਨ ਪੀੜ੍ਹੀਆਂ ਤੋਂ ਗ਼ਰੀਬੀ ਝੱਲ ਰਹੀਆਂ ਹਨ, ਜਦ ਕਿ ਜਾਪਾਨੀ ਸਾਮਰਾਜ ਨਾਲ ਮਿਲਵਰਤਨ ਕਰਨ ਵਾਲੇ ਟੱਬਰ ਤਿੰਨ ਪੁਸ਼ਤਾਂ ਤੋਂ ਚੜ੍ਹਤ ਵਿਚ ਹਨ।"

ਉੱਤਰ ਕੋਰੀਆ ਦੀਆਂ ਆਰਥਿਕ ਮੁਸੀਬਤਾਂ ਸ਼ੁਰੂ ਹੋਈਆਂ ਸੋਵੀਅਤ ਰੂਸ ਦੇ ਢੇਰੀ ਹੋ ਜਾਣ ਨਾਲ। ਸੋਵੀਅਤ ਧੜੇ ਨਾਲ ਵਪਾਰ ਚੋਖਾ ਘਟਿਆ, ਨਾਲ ਹੀ ਓਧਰੋਂ ਆਉਂਦਾ ਤੇਲ ਵੀ, ਤਾਂ ਉੱਤਰੀ ਕੋਰੀਆ ਦੀ ਸਨਅਤ ਠੰਡੀ ਪੈ ਗਈ। ਯੂ.ਐੱਨ. ਸਿਕਿਓਰਿਟੀ ਕੌਂਸਲ ਦੀਆਂ ਪਾਬੰਦੀਆਂ ਨੇ ਰਹਿੰਦੀ ਖੂੰਹਦੀ ਕਸਰ ਪੂਰੀ ਕਰ ਦਿੱਤੀ। ਉੱਤਰੀ ਕੋਰੀਆ ਕਰੇ ਤਾਂ ਕੀ ਕਰੇ ? ਉਸ ਨੇ ਵਿਦੇਸ਼ੀ ਪੂੰਜੀ ਕਮਾਉਣ ਲਈ ਰਾਕਟ ਅਤੇ ਮਿਜ਼ਾਇਲਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ।

ਖੇਤਾਂ ਅਤੇ ਸਨਅਤਾਂ ਦੀ ਘਟਦੀ ਉਪਜ ਦੇ ਨਾਲ ਨਾਲ ਇਕ ਹੋਰ ਚੁਣੌਤੀ ਆ ਗਈ – ਅਮਰੀਕਾ ਨੇ 1953 ਤੋਂ ਦੱਖਣੀ ਕੋਰੀਆ ਦੇ ਅੰਦਰ ਪ੍ਰਮਾਣੂ ਹਥਿਆਰ ਲੈ ਆਂਦੇ ਸਨ, ਏਸ ਗ਼ਰਜ਼ ਨਾਲ ਕਿ ਆਉਂਦੀ ਕਿਸੇ ਜੰਗ ਅੰਦਰ ਵਰਤੇ ਜਾਣ।

ਤੀਹ ਹਜ਼ਾਰ ਅਮਰੀਕਨ ਫ਼ੌਜ ਦੱਖਣੀ ਕੋਰੀਆ ਵਿਚ ਅਤੇ ਚੋਖੀ ਫ਼ੌਜ ਨੇੜੇ ਦੇ ਦੇਸ ਜਾਪਾਨ ਵਿਚ ਕਾਇਮ ਸੀ। ਅਮਰੀਕੀ ਸਮੁੰਦਰੀ ਬੇੜੇ ਅਤੇ ਹਵਾਈ ਜਹਾਜ਼ਾਂ ਨੇ ਉੱਤਰੀ ਕੋਰੀਆ ਦੇ ਪਾਣੀਆਂ ਦੇ ਐਨ ਕੋਲ, ਉਕਸਾਉਣ ਵਾਲੀਆਂ ਫ਼ੌਜੀ ਮਸ਼ਕਾਂ ਜਾਰੀ ਰੱਖੀਆਂ, ਜੋ ਅੱਜ ਵੀ ਜਾਰੀ ਹਨ।

ਯੂਰਪ ਵਿਚ ਸੋਵੀਅਤ ਰੂਸ ਦੇ ਟੁੱਟਣ ਨਾਲ ਠੰਡੀ ਜੰਗ ਖ਼ਤਮ ਹੋਈ ਤਾਂ ਉੱਚ ਅਮਰੀਕੀ ਜਰਨੈਲ 'ਕੋਲਿਨ ਪਾਵੈਲ' ਨੇ ਕਿਹਾ ਕਿ ਹੁਣ ਲੜਾਈ ਕਿਸ ਦੇ ਨਾਲ ਕਰੀਏ ? ਹੁਣ ਤਾਂ ਦੋ ਹੀ ਨਿਸ਼ਾਨੇ ਰਹਿ ਗਏ ਹਨ – ਇਕ ਕਿਊਬਾ ਦਾ ਫ਼ੀਡਲ ਕੇਸਟਰੋ ਅਤੇ ਉੱਤਰੀ ਕੋਰੀਆ ਦਾ 'ਕਿਮ ਇਲ ਸੁੰਗ'। ਲਗਾਤਾਰ ਅਮਰੀਕੀ ਧਮਕੀਆਂ ਦੇ ਅਸਰ ਹੇਠ ਉੱਤਰੀ ਕੋਰੀਆ ਦਾ ਇਕ ਤਿਹਾਈ ਬਜਟ ਰੱਖਿਆ ਦੇ ਕੰਮ ਜਾ ਰਿਹਾ ਸੀ।

ਪ੍ਰਮਾਣੂ ਸੰਕਟ : ਉੱਤਰੀ ਕੋਰੀਆ ਨੂੰ ਤੇਲ ਕੋਲੇ ਦੀ ਘਾਟ ਸੀ, ਪਰ ਉਸ ਕੋਲ ਯੂਰੇਨੀਅਮ ਚੋਖਾ ਸੀ। 1987 ਵਿਚ ਉਸ ਨੇ 30 ਮੈਗਾਵਾਟ ਦਾ ਪ੍ਰਮਾਣੂ ਬਿਜਲਈ ਰੀਐਕਟਰ ਯੌਂਗਬਿਓਨ ਵਿਖੇ ਖੜਾ ਕੀਤਾ ਤਾਂ ਜੋ ਤੇਲ ਕੋਲੇ ਦੀ ਬਾਹਰੋਂ ਖ਼ਰੀਦ ਤੋਂ ਛੁਟਕਾਰਾ ਪਾਉਣ ਲਈ ਰਸਤਾ ਲੱਭੇ। ਦੱਖਣੀ ਕੋਰੀਆ ਅਤੇ ਜਾਪਾਨ ਵਿਚ ਵੀ ਅਜਿਹੇ ਰੀਐਕਟਰ ਬਣ ਰਹੇ ਸਨ। ਅਮਰੀਕਾ/ਪੱਛਮ ਨੂੰ ਤਦੋਂ ਤਕ ਕੋਈ ਇਤਰਾਜ਼ ਨਹੀਂ ਸੀ ਜਦੋਂ ਤਕ ਸੋਵੀਅਤ ਸੰਘ ਜਿਊਂਦਾ ਸੀ। ਉਸ ਦੇ ਟੁੱਟਦਿਆਂ ਹੀ ਅਮਰੀਕਾ ਨੇ ਉੱਤਰੀ ਕੋਰੀਆ ਉੱਤੇ ਊਜਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਨਾਲ ਹੀ ਫ਼ੌਜੀ ਦਬਾਅ ਵਧਾਉਣਾ ਸ਼ੁਰੂ ਕਰ ਦਿੱਤਾ। ਯਾਦ ਰਹੇ ਕਿ ਭਾਵੇਂ 1953 ਤੋਂ ਰਸਮੀ ਕੋਰੀਆਈ ਜੰਗ-ਬੰਦੀ ਸੀ, ਪਰ ਜੰਗ ਤਾਂ ਜਾਰੀ ਸੀ। ਹਾਰ ਕੇ ਉੱਤਰੀ ਕੋਰੀਆ ਨੇ 1993 ਵਿਚ 'ਪ੍ਰਮਾਣੂ ਨਾ-ਖਿਲਾਰ ਸੰਧੀ' ਵਿੱਚੋਂ ਨਿਕਲਣ ਦਾ ਐਲਾਨ ਕਰ ਦਿੱਤਾ। ਓਦੋਂ ਤੋਂ ਹੁਣ ਤਕ ਅਮਰੀਕੀ ਫ਼ੌਜੀ ਅਤੇ ਵਿੱਤੀ ਦਬਾਅ ਵਧੀ ਜਾ ਰਿਹਾ ਹੈ। ਅਮਰੀਕਾ ਨੂੰ ਇਹ ਚਿੰਤਾ ਹੋਈ ਕਿ ਉੱਤਰੀ ਕੋਰੀਆ ਪ੍ਰਮਾਣੂ ਹਥਿਆਰ ਨਾ ਬਣਾ ਲਵੇ। ਇਕ ਵਾਰ ਪ੍ਰਮਾਣੂ ਹਥਿਆਰ ਬਣ ਗਿਆ ਤਾਂ ਇਸ ਦੇਸ ਉੱਤੇ ਵਾਰ ਕਰਨਾ ਔਖਾ ਹੋ ਜਾਵੇਗਾ। ਉਸ ਨੇ ਸੋਚਿਆ ਕਿ ਕਿਉਂ ਨਾ ਉੱਤਰੀ ਕੋਰੀਆ ਦਾ ਪ੍ਰਮਾਣੂ ਰੀਐਕਟਰ ਓਸੇ ਤਰ੍ਹਾਂ ਉਡਾ ਦਿੱਤਾ ਜਾਵੇ, ਜਿਵੇਂ ਇਜ਼ਰਾਈਲ ਨੇ 1981 ਵਿਚ ਇਰਾਕ ਦਾ ਪ੍ਰਮਾਣੂ ਰੀਐਕਟਰ ਉਡਾਇਆ ਸੀ।

ਪਰ ਉੱਤਰੀ ਕੋਰੀਆ ਦੇ ਉੱਤੇ ਵਾਰ ਕਰਨਾ ਏਨਾ ਸੌਖਾ ਨਹੀਂ ਸੀ। ਉਸ ਨੂੰ ਜਵਾਬੀ ਕਾਰਵਾਈ ਕਰਨ ਤੋਂ ਕੌਣ ਰੋਕ ਸਕਦਾ ਸੀ ? 1953 ਵਾਲੀ ਜੰਗ ਤਾਂ ਅਜੇ ਵੀ ਜਾਰੀ ਸੀ (ਕੇਵਲ ਜੰਗ-ਬੰਦੀ ਹੀ ਸੀ)। ਦੱਖਣੀ ਕੋਰੀਆ ਦੀ ਰਾਜਧਾਨੀ ਸੀਓਲ, 38ਵੇਂ ਪੈਰਲਲ ਤੋਂ ਨੇੜੇ ਸੀ, ਜਿਥੇ ਉੱਤਰੀ ਕੋਰੀਆ ਦਾ ਬੇਅੰਤ ਤੋਪਖ਼ਾਨਾ ਸੌਖਾ ਹੀ ਵਾਰ ਕਰ ਸਕਦਾ ਸੀ। ਦੱਖਣ ਵਿਚ 40,000 ਤੈਨਾਤ ਅਮਰੀਕੀ ਫ਼ੌਜੀਆਂ ਦੀ ਜਾਨ ਨੂੰ ਵੀ ਖ਼ਤਰਾ ਹੋ ਸਕਦਾ ਸੀ।

ਅਖ਼ੀਰ ਅਮਰੀਕੀ ਪ੍ਰਧਾਨ 'ਜਿਮੀ ਕਾਰਟਰ' (ਸੰਨ 1993) ਉੱਤਰੀ ਕੋਰੀਆ ਜਾ ਕੇ ਸਮਝੌਤਾ ਕਰ ਆਇਆ ਕਿ ਜੇ ਉਹ ਵਾਪਸ 'ਪ੍ਰਮਾਣੂ ਨਾ-ਖਿਲਾਰ ਸੰਧੀ'

ਵਿਚ ਆ ਜਾਵੇ ਤਾਂ ਅਮਰੀਕਾ ਉਸ ਦੇ ਨਾਲ ਰਿਸ਼ਤਾ ਸੁਧਾਰ ਕੇ ਤੇਲ ਅਤੇ ਕੋਲੇ ਦੀ ਸਪਲਾਈ ਬਹਾਲ ਕਰ ਦੇਵੇਗਾ। ਅੰਦਰੋਂ ਅਮਰੀਕੀ ਸੋਚ ਇੰਜ ਕੰਮ ਕਰਦੀ ਸੀ ਕਿ ਉਹ ਸਮਝੌਤੇ ਉੱਤੇ ਆਪਣੇ ਵੱਲੋਂ ਅਮਲ ਕਰਨਾ ਲਟਕਾਈ ਜਾਵੇਗਾ ਅਤੇ ਉੱਤਰੀ ਕੋਰੀਆ ਆਰਥਿਕ ਦਬਾਵਾਂ ਥੱਲੇ ਸੰਨ 2002 ਤਕ ਇੱਕੋ ਬੁਰਕੀ ਨਾਲ ਚਬਾਉਣ ਵਾਲਾ ਨਿਤਾਣਾ ਸ਼ਿਕਾਰ ਬਣ ਜਾਵੇਗਾ। ਪਰ ਅਮਰੀਕੀ ਉਮੀਦਾਂ ਦੇ ਉਲਟ ਪ੍ਰਧਾਨ ਕਿਮ ਦੀ ਪਾਰਟੀ ਨਾ ਹੀ ਟੁੱਟੀ ਅਤੇ ਨਾ ਹੀ ਉਸ ਦੀ ਦੇਸ ਦੇ ਉਪਰ ਜਕੜ। ਛਿੱਥੇ ਪੈ ਕੇ ਅਮਰੀਕਾ ਨੇ ਤੇਲ ਕੋਲੇ ਦੀ ਵੇਚ ਉੱਤੇ ਫਿਰ ਪਾਬੰਦੀ ਲਾ ਦਿੱਤੀ। ਜਵਾਬ ਵਿਚ ਉੱਤਰੀ ਕੋਰੀਆ ਨੇ ਆਪਣਾ ਪ੍ਰਮਾਣੂ ਰੀਐਕਟਰ ਫਿਰ ਚਾਲੂ ਕਰ ਦਿੱਤਾ। ਅਮਰੀਕਾ ਵੱਲੋਂ ਓਹੀ ਪੁਰਾਣੀ ਠੰਡੀ ਜੰਗ ਵਾਲੀ ਨੀਤੀ ਉੱਤਰੀ ਕੋਰੀਆ ਉੱਤੇ ਲਾਗੂ ਹੋਣੀ ਸ਼ੁਰੂ ਹੋ ਗਈ। ਦੇਸ ਨੂੰ ਹਥਿਆਰਾਂ ਦੀ ਦੌੜ ਵਿਚ ਫਸਾ ਲਵੋ, ਆਪੇ ਆਰਥਿਕ ਕਮਜ਼ੋਰੀ ਨਾਲ ਟੁੱਟ ਜਾਵੇਗਾ।

2001 ਵਿਚ ਨਿਊਯਾਰਕ ਜੌੜੇ ਟਾਵਰਾਂ ਦੇ ਡੇਗੇ ਜਾਣ ਪਿੱਛੋਂ, ਪ੍ਰਧਾਨ ਬੁਸ਼ ਨੇ ਇਰਾਕ, ਈਰਾਨ ਅਤੇ ਉੱਤਰੀ ਕੋਰੀਆ ਨੂੰ 'ਬਦੀ ਦੇ ਧੁਰੇ' ਕਹਿ ਕੇ ਉਨ੍ਹਾਂ ਦੇ ਖ਼ਿਲਾਫ਼ ਜੰਗ ਦਾ ਐਲਾਨ ਕੀਤਾ। ਇਰਾਕ ਦੇ ਉੱਤੇ ਮਾਰਚ 2003 ਦੇ ਹਮਲੇ ਸਮੇਂ ਉਪ ਸਕੱਤਰ ਜੌਹਨ ਬੋਲਟਨ ਨੇ ਕਿਹਾ, "ਉੱਤਰੀ ਕੋਰੀਆ, ਸੀਰੀਆ, ਈਰਾਨ ਨੂੰ ਵੀ ਸਬਕ ਸਿੱਖ ਲੈਣਾ ਚਾਹੀਦਾ ਹੈ।"

ਅਮਰੀਕਾ ਸਦਾ ਹੀ ਅਣਚਾਹੇ, ਇਨਕਲਾਬੀ/ਨਾ-ਪਸੰਦ ਦੇਸਾਂ ਨੂੰ ਮੁਕਾਉਣ ਲਈ ਹੇਠ ਲਿਖੇ ਢੰਗ ਅਪਣਾਉਂਦਾ ਆਇਆ ਹੈ। ਗੁਆਂਢੀ ਦੇਸਾਂ ਨੂੰ ਹਥਿਆਰ ਵੰਡੇ ਜਾਣ ਤਾਂ ਜੁ ਸਰਹੱਦ ਉੱਤੇ ਸਦਾ ਤਣਾਉ ਬਣਿਆ ਰਹੇ, ਅਮਰੀਕਾ ਆਪ ਪ੍ਰਮਾਣੂ ਹਥਿਆਰਾਂ ਦੀ ਧਮਕੀ ਦੇਂਦਾ ਹੈ, ਦੇਸ ਦੇ ਵਿਰੁੱਧ ਪ੍ਰਾਪੇਗੰਡਾ ਬੁਛਾੜ ਸ਼ੁਰੂ ਹੋ ਜਾਂਦੀ ਹੈ, ਆਰਥਿਕ ਨਾਕਾਬੰਦੀ ਸ਼ੁਰੂ ਹੋ ਜਾਂਦੀ ਹੈ ਅਤੇ ਅੰਦਰੋਂ ਵਿਰੋਧੀ ਸ਼ਕਤੀਆਂ ਨੂੰ ਨਕਦੀ ਅਤੇ ਹਥਿਆਰਾਂ ਦੇ ਨਾਲ ਉਭਾਰਿਆ ਜਾਂਦਾ ਹੈ।

ਉੱਤਰੀ ਕੋਰੀਆ ਇਤਿਹਾਸ ਦੀ ਕੈਦ ਵਿਚ ਹੈ – ਜਾਪਾਨ ਦੀ ਲੰਮੀ ਗ਼ੁਲਾਮੀ, ਆਜ਼ਾਦੀ ਦੀ ਲੰਮੀ ਜੰਗ, ਅਖੰਡ ਕੋਰੀਆ ਕਾਇਮੀ ਦੀ ਕੋਸ਼ਿਸ਼, 1950 ਵਿਚ ਯੂ.ਐੱਨ. ਝੰਡੇ ਹੇਠਾਂ ਅਮਰੀਕਾ ਅਤੇ ਸਹਿਯੋਗੀ ਦੇਸਾਂ ਦੇ ਹੱਥੋਂ 30 ਲੱਖ ਲੋਕਾਂ ਦਾ ਹੋਲੋਕਾਸਟ/ਨਰਸੰਘਾਰ ਅਤੇ ਦੇਸ ਦੀ ਮੁਕੰਮਲ ਤਬਾਹੀ, ਸੋਵੀਅਤ ਸੰਘ ਦੇ ਟੁੱਟਣ ਪਿੱਛੋਂ ਰਤਾ ਮਾਸਾ ਆਉਂਦੀ ਸਹਾਇਤਾ ਵੀ ਬੰਦ। ਇਸ ਦੇ ਬਾਵਜੂਦ ਉੱਤਰੀ ਕੋਰੀਆ, ਕਦਮ-ਕਦਮ ਉੱਤੇ ਅਮਰੀਕੀ ਵਿਰੋਧ ਦੇ ਹੁੰਦਿਆਂ ਵੀ, ਦੇਸ ਦੀ ਆਜ਼ਾਦੀ, ਆਰਥਿਕ ਇਨਸਾਫ਼, ਬਰਾਬਰੀ ਅਤੇ ਔਰਤਾਂ ਦੇ ਹੱਕਾਂ ਨੂੰ ਕਾਇਮ ਰੱਖਣ ਵਿਚ ਕਾਮਯਾਬ ਰਿਹਾ ਹੈ। ਏਸੇ ਲਈ ਏਸ ਦੇਸ ਦੇ ਉੱਤੇ ਲਗਾਤਾਰ, ਇਕ ਪਿੱਛੋਂ ਦੂਜਾ ਇਲਜ਼ਾਮ ਲੱਗਦਾ ਆ ਰਿਹਾ ਹੈ। ਸਾਡੀ ਦੁਨੀਆਂ ਵਿਚ ਲਗਾਤਾਰ ਇਲਜ਼ਾਮਾਂ ਦੀ ਬੁਛਾੜ ਸੱਚ ਜਾਪਣ ਲੱਗ ਜਾਂਦੀ ਹੈ। ਉੱਤਰੀ ਕੋਰੀਆ ਦੇ ਉੱਤੇ ਲੱਗਦੇ ਇਲਜ਼ਾਮਾਂ ਨੂੰ ਇਰਾਕ ਦੇ ਉੱਤੇ ਹੋਣ ਵਾਲੇ ਹਮਲੇ ਤੋਂ ਪਹਿਲਾਂ ਦੀਆਂ ਊਜਾਂ ਨਾਲ ਮਿਲਾ ਲਿਆ ਜਾਵੇ ਤਾਂ ਸਾਮਰਾਜੀ ਜੰਗੀ ਸਕੀਮਾਂ ਦੀ ਸਮਝ ਆ ਜਾਂਦੀ ਹੈ।

ਕਿਥੇ ਅਮਰੀਕਾ ਅਤੇ ਪੱਛਮੀ ਦੁਨੀਆਂ ਅਤੇ ਕਿਥੇ ਦੂਰ-ਦੁਰਾਡੇ ਨਿੱਕਾ ਜਿਹਾ ਦੇਸ ਉੱਤਰੀ ਕੋਰੀਆ। ਇਹ ਦੇਸ ਉਨ੍ਹਾਂ ਲਈ ਕੀ ਖ਼ਤਰਾ ਹੋ ਸਕਦਾ ਹੈ ? ਜਵਾਬ ਸਿੱਧਾ ਹੈ – ਇਹ ਦੇਸ ਉਨ੍ਹਾਂ ਦੀ ਈਨ ਨਹੀਂ ਮੰਨਦਾ। ਸਭ ਤੋਂ ਵੱਡਾ ਗੁਨਾਹ ਇਹ ਕਿ ਇਸ ਦੇਸ ਦਾ ਬੈਂਕ, ਉਸ ਦਾ ਆਪਣਾ ਹੈ, ਉਸ ਨੂੰ ਰੌਥਚਾਈਲਡ ਪਰਿਵਾਰ ਆਪਣੀ ਮੁੱਠ ਵਿਚ ਨਹੀਂ ਲਿਆ ਸਕੀ। ਬੈਂਕਰਾਂ ਲਈ ਚਾਰ ਹੋਰ ਦੇਸ ਵੀ ਆਕੀ ਨੇ – ਈਰਾਨ, ਸੂਡਾਨ, ਲੀਬੀਆ ਅਤੇ ਕਿਊਬਾ। ਇਨ੍ਹਾਂ ਸਭਨਾਂ ਦੁਆਲੇ ਸਾਮਰਾਜੀ ਸ਼ਕਤੀ ਦੀਆਂ ਗਿੱਧਾਂ ਮੰਡਲਾਉਂਦੀਆਂ ਰਹਿੰਦੀਆਂ ਹਨ।

ਉੱਤਰੀ ਕੋਰੀਆ ਤੋਂ ਕੋਈ ਸਬਕ ਹਾਸਲ ਕੀਤਾ ਜਾ ਸਕਦੈ ? ਇਕ ਅਜਿਹਾ ਦੇਸ ਜਿਥੇ ਖ਼ੁਰਾਕ ਵੀ ਸ਼ਾਇਦ ਰੱਜ ਕੇ ਨਹੀਂ ਮਿਲਦੀ, ਜਿਸ ਦੇ ਸੋਵੀਅਤ ਅਤੇ ਪੂਰਬੀ ਯੂਰਪ ਦੇ ਸਾਥੀ ਭੱਜ ਗਏ। ਜਿਸ ਦਾ ਗੁਆਂਢੀ ਇਕ ਸਮੇਂ ਮਿੱਤਰ ਦੇਸ ਚੀਨ, ਜਿਸ ਨੇ ਕੋਰੀਆਈ ਜੰਗ ਵਿਚ ਜਾਨ ਦੀ ਆਹੂਤੀ ਵੀ ਦਿੱਤੀ ਸੀ ਅਤੇ ਜੋ ਅੱਜ ਸਰਮਾਏਦਾਰੀ ਦੀ ਸੜਕ ਉੱਤੇ ਠਿਲ੍ਹਿਆ ਹੋਇਆ ਹੈ ਅਤੇ ਉਸ ਨਾਲ ਸੁਰ ਨਹੀਂ ਰਲਾਉਂਦਾ। ਇਕ ਕੱਲਮ-ਕੱਲਾ ਉੱਤਰੀ ਕੋਰੀਆ ਆਪਣੀ ਆਜ਼ਾਦੀ ਕਾਇਮ ਰੱਖਣ ਦੇ ਕੰਮ ਵਿਚ ਜੁਟਿਆ ਹੋਇਆ ਹੈ। ਪੈਰਾਂ ਦੇ ਉੱਤੇ ਖੜੇ ਕੇ ਲੜ ਮਰ ਜਾਣਾ ਮਨਜ਼ੂਰ, ਪਰ ਗੋਡਿਆਂ ਦੇ ਉੱਤੇ ਰਿੜ੍ਹ ਕੇ ਗ਼ੁਲਾਮੀ ਨਾ-ਮਨਜ਼ੂਰ!

ਮਹਾਨ ਮਹਾਂ-ਮਾਤਾ

1986 ਵਿਚ ਅੰਤਰਰਾਸ਼ਟਰੀ ਨੇਤਰ ਡਾਕਟਰਾਂ ਦੀ ਮੀਟਿੰਗ ਰੋਮ (ਇਟਲੀ) ਵਿਖੇ ਹੋਈ। 'ਪੋਪ ਜੌਹਨ ਦੋ' ਨੇ ਇਕ ਦਿਹਾੜੀ ਨੇਤਰ-ਡਾਕਟਰਾਂ ਨੂੰ ਦਰਸ਼ਨ ਦੇਣ ਲਈ ਰਾਖਵੀਂ ਰੱਖੀ। ਬੇਅੰਤ ਮੈਂਬਰ ਗਏ, ਪਰ ਮੈਂ ਨਹੀਂ ਗਿਆ। ਸੰਨ 2006 ਵਿਚ ਮੈਨੂੰ ਪੋਪ ਜੌਹਨ ਦੇ ਇਕ ਸਕੂਲ ਸਮਿਆਂ ਦੇ ਜਮਾਤੀ 'ਫ਼ਾਦਰ ਜੈਵੋਰੋਸਕੀ' ਨਾਲ ਮਿਲਣ ਦਾ ਸਬੱਬ ਹੋਇਆ, ਨੋਰਿਸ ਟਾਊਨ, ਫ਼ਿਲਾਡੈਲਫ਼ੀਆ, ਅਮਰੀਕਾ ਵਿਚ। ਬੜਾ ਸਮਝਦਾਰ ਨੇਕ ਇਨਸਾਨ ਪਾਇਆ ਉਸ ਨੂੰ।

ਸਾਡੇ ਪਿੰਡ ਵਿਚ ਤਾਂ ਸੰਤਾਂ ਦੀ ਕੋਈ ਕਮੀ ਨਹੀਂ। ਹਰ ਪਿੰਡ ਵਿਚ ਦੋ ਤਿੰਨ ਡੇਰੇ ਅਤੇ ਵੱਡੇ ਸੰਤ, ਮਹਾਰਾਜ ਜਾਂ ਸ੍ਰੀ ਹਜ਼ੂਰ ਆਮ ਮਿਲ ਜਾਂਦੇ ਹਨ, ਜਿਨ੍ਹਾਂ ਦੇ ਪਿਛਲੱਗ ਨਿੱਕੇ ਮੋਟੇ ਸੰਤਾਂ ਦਾ ਤਾਂ ਕੋਈ ਥਾਹ ਹੀ ਨਹੀਂ ਹੁੰਦਾ। ਇਹ ਸੰਤ ਆਪੇ ਹੀ ਪੈਦਾ ਹੋ ਜਾਂਦੇ ਹਨ, ਇਨ੍ਹਾਂ ਨੂੰ ਕੋਈ ਉੱਚੀ ਸੰਸਥਾ ਨਹੀਂ ਥਾਪਦੀ। ਵੈਟੀਕਨ ਵਿਚ ਕੈਥੋਲਿਕ ਈਸਾਈਆਂ ਦਾ ਸਭ ਤੋਂ ਉੱਚਾ ਪੋਪ ਹੈ, ਜਿਸ ਦੀ ਸੈਂਕੜੇ ਕਰੋੜਾਂ ਦੀ ਈਸਾਈ ਰਿਆਇਆ ਦੇ ਉੱਤੇ ਧਰਮੀ ਹਕੂਮਤ ਮੰਨੀ ਜਾਂਦੀ ਹੈ। ਪੋਪ ਜੌਹਨ ਨੇ ਯਥਾ-ਸ਼ਕਤੀ ਸਾਰੀ ਦੁਨੀਆਂ ਗਾਹੁਣ ਦੀ ਕੋਸ਼ਿਸ਼ ਕੀਤੀ ਪਰ ਉਸ ਵੇਖਿਆ ਕਿ ਓਸ ਇਕੱਲੇ ਵਿਅਕਤੀ ਦੀ ਦਾਲ ਨਹੀਂ ਸੀ ਗਲਦੀ। ਉਸ ਨੇ ਆਪਣੇ ਦੂਰ-ਦੁਰਾਡੇ ਰਹਿੰਦੇ ਈਸਾਈਆਂ ਵਿਚਕਾਰ ਦੂਰੀ ਘਟਾਉਣ ਲਈ ਈਸਾਈ ਸੰਤ ਥਾਪਣੇ ਸ਼ੁਰੂ ਕੀਤੇ। ਉਸ ਨੇ ਆਪਣੇ 24 ਸਾਲ ਦੇ 'ਰਾਜ' ਵਿਚ 483 ਵਿਅਕਤੀਆਂ ਨੂੰ 'ਸੰਤ' ਹੋਣ ਦਾ ਰੁਤਬਾ ਦਿੱਤਾ, ਜਿਨ੍ਹਾਂ ਵਿਚ ਇਕ ਅੱਲਬਾਨਵੀ ਰੋਮਨ ਕੈਥੋਲਿਕ ਨੰਨ 'ਮਦਰ ਟੇਰੀਸਾ' ਵੀ ਸੀ। ਮਦਰ ਟੇਰੀਸਾ ਦਾ ਉੱਠਣ ਬੈਠਣ, ਦੁਨੀਆਂ ਦੇ ਉਪਰ ਉਪਰਲੇ ਅਮੀਰਾਂ ਦੇ ਨਾਲ ਸੀ, ਜਦ ਕਿ ਉਹ 'ਗ਼ਰੀਬਾਂ ਦੀ ਰੱਖਿਅਕ' ਕਰਕੇ ਜਾਣੀ ਜਾਂਦੀ ਸੀ। ਉਹ ਕਾਰਪੋਰੇਟ ਮੀਡੀਆ ਅਤੇ ਪੱਛਮੀ ਸਰਕਾਰੀ ਮਸ਼ੀਨ ਦੀ ਚਹੇਤੀ ਸੀ ਜੋ ਉਸ ਦੀ ਵਾਹ-ਵਾਹ ਕਰਦਿਆਂ ਥੱਕਦੀ ਨਹੀਂ ਸੀ। ਬੇਅੰਤ ਸਾਲ ਦੁਨੀਆਂ ਦੇ ਅੰਦਰੋਂ ਆਦਰ ਮਾਣ ਲੈਣ ਵਾਲੀ ਟੇਰੀਸਾ ਨੂੰ ਹਰ ਪਾਸਿਉਂ ਹੱਲਾਸ਼ੇਰੀ ਦੇ ਨਾਲ ਨਾਲ 1979 ਵਿਚ ਨੋਬੇਲ ਪੁਰਸਕਾਰ ਮਿਲਿਆ – 'ਇਨਸਾਨੀਅਤ ਲਈ ਕੰਮ' ਅਤੇ 'ਆਤਮਕ ਉਤਸ਼ਾਹ' ਦੇਣ ਲਈ। ਭਾਰਤ ਸਰਕਾਰ ਵੀ ਪਿੱਛੇ ਨਹੀਂ ਰਹੀ ਤੇ ਉਸ ਨੇ ਦਿੱਤੇ 'ਪਦਮ ਸ਼੍ਰੀ' (1962), ਜਵਾਹਰ ਲਾਲ ਨਹਿਰੂ ਅਵਾਰਡ ਅਤੇ 1980 ਵਿਚ 'ਭਾਰਤ ਰਤਨ'। 10 ਸਤੰਬਰ, 1997 ਨੂੰ ਉਹ ਰੱਬ ਨੂੰ ਪਿਆਰੀ ਹੋ ਗਈ।

ਅਠਾਰਾਂ ਸਾਲਾਂ ਦੀ 'ਐਗਨੀਸ' (ਪਿੱਛੋਂ ਮਦਰ ਟੇਰੀਸਾ) ਸਕੋਜੇ (ਮੈਕਡੋਨੀਆ) ਤੋਂ ਕਲਕੱਤਾ ਪਹੁੰਚੀ 6 ਜਨਵਰੀ 1929 ਨੂੰ। 68 ਸਾਲਾਂ ਵਿਚ ਉਹ ਸਾਡੇ ਸਮੇਂ ਦੀ ਸਭ ਤੋਂ ਮਸ਼ਹੂਰ ਕੈਥੋਲਿਕ ਹੋ ਗੁਜ਼ਰੀ। ਉਸ ਦੀ ਸੰਸਥਾ 'ਮਿਸ਼ਨਰੀਜ਼ ਆਫ਼ ਚੈਰਿਟੀ' ਕੁਲ ਦੁਨੀਆਂ ਵਿਚ ਮਸ਼ਹੂਰ ਹੈ ਅਤੇ ਕਲਕੱਤਾ ਵਿਚ ਉਸ ਦਾ ਮੁੱਖ ਕੇਂਦਰ ਹੈ। ਚੈਰਿਟੀ ਦਾ ਅਰਥ ਹੈ ਚੰਦਾ ਉਗਰਾਹੁਣਾ ਅਤੇ ਅੱਗੋਂ ਭਲੇ ਕੰਮ ਲਈ ਵਰਤਣਾ। ਅੱਜ ਵੀ ਏਸ ਸੰਸਥਾ ਲਈ ਚੰਦਿਆਂ ਦਾ ਹੜ੍ਹ ਆਇਆ ਰਹਿੰਦਾ ਏ।

1998 ਵਿਚ ਜਰਮਨੀ ਦੇ ਅਖ਼ਬਾਰ *ਸਟਰਨ* ਨੇ ਮਹਾਂ-ਮਾਤਾ ਨੂੰ ਯਾਦ ਕਰਦਿਆਂ ਕਈ ਸਵਾਲ ਖੜੇ ਕਰ ਦਿੱਤੇ। *ਸਟਰਨ* ਯੂਰਪ ਦੇ ਸਭ ਤੋਂ ਉਪਰਲੇ ਜਾਣੇ-ਪਛਾਣੇ ਪਰਚਿਆਂ ਵਿੱਚੋਂ ਹੈ ਅਤੇ ਕੈਥੋਲਿਕ ਵਿਰੋਧੀ ਬਿਲਕੁਲ ਨਹੀਂ। ਉਸ ਦਾ ਇੱਕੋ ਇਕ ਵੱਡਾ ਸਵਾਲ ਸੀ – ਮਾਂ ਟੇਰੀਸਾ ਦੇ ਕਰੋੜਾਂ ਕਿਧਰ ਗਏ ?

ਕਲਕੱਤਾ (ਹੁਣ ਕੋਲਕਤਾ) ਵਿਚ ਬੇਅੰਤ ਸੰਸਥਾਵਾਂ ਹਨ, ਜੋ ਹਰ ਰੋਜ਼ ਗ਼ਰੀਬਾਂ ਲਈ ਲੰਗਰ ਚਲਾਉਂਦੀਆਂ ਹਨ, ਜਿਥੋਂ ਹਜ਼ਾਰਾਂ ਲੋੜਵੰਦ ਲਾਭ ਉਠਾਉਂਦੇ ਹਨ। 'ਗ਼ਰੀਬਾਂ ਅੰਦਰ ਅਤਿ ਗ਼ਰੀਬਾਂ' ਨਾਲ ਜੁੜੀ ਮਦਰ ਟੇਰੀਸਾ ਦੀ ਸੰਸਥਾ ਵੱਲੋਂ ਅਜਿਹਾ ਕੋਈ ਲੰਗਰ ਨਹੀਂ ਚਲਾਇਆ ਜਾਂਦਾ। ਸੰਗਤਾਂ, ਰਾਹੀਆਂ ਅਤੇ ਗ਼ਰੀਬ-ਗੁਰਬੇ ਲਈ ਲੰਗਰ ਦੇ ਪ੍ਰਵਾਹ ਪੰਜਾਬ ਵਿਚ ਆਏ ਦਿਨ ਵੇਖੇ ਜਾਂਦੇ ਹਨ।

ਸਟਰਨ ਨਾਲ ਗੱਲਬਾਤ ਕਰਦਿਆਂ ਪੰਨਾ ਲਾਲ ਮਾਨਿਕ ਕਹਿੰਦਾ ਹੈ : "ਮੈਨੂੰ ਸਮਝ ਨਹੀਂ ਆਉਂਦੀ ਕਿ ਪੱਛਮੀ ਲੋਕਾਂ ਨੇ ਉਸ ਨੂੰ 'ਦੇਵੀ' ਕਿਉਂ ਬਣਾ ਦਿੱਤਾ ਹੈ। ਕਲਕੱਤਾ ਦਾ 'ਰਾਮਬਗਾਨ' ਸਲੱਮ/ਠੱਠੀਆਂ ਦਾ ਇਲਾਕਾ 300 ਸਾਲ ਪੁਰਾਣਾ ਹੈ, ਜਿਥੇ ਮਾਨਿਕ ਪੈਦਾ ਹੋਇਆ। ਉਸ ਨੇ ਚੰਦੇ/ਖ਼ੈਰਾਤਾਂ ਮੰਗ ਮੰਗ ਕੇ 16 ਬਹੁ-ਮੰਜ਼ਲੀਆਂ ਇਮਾਰਤਾਂ ਸਲੱਮ ਵਿਚ ਹੀ ਖੜੀਆਂ ਕਰਨ ਦੀ ਕਰਾਮਾਤ ਕਰ ਵਿਖਾਈ, ਜਿਸ ਵਿਚ 4000 ਲੋਕ ਰਹਿੰਦੇ ਹਨ। ਉਸ ਨੂੰ 'ਰਾਮਾ ਕ੍ਰਿਸ਼ਨਾ ਮਿਸ਼ਨ' ਨੇ ਕਰੋੜਾਂ ਰੁਪਏ ਦੀ ਸਹਾਇਤਾ ਦਿੱਤੀ। ਇਮਾਰਤਾਂ ਬਣਾਉਣ ਵਿਚ ਸਲੱਮ ਵਾਸੀਆਂ ਨੇ ਆਪ ਵੀ ਹੱਥ ਵਟਾਇਆ। ਇਹ ਪ੍ਰਾਜੈਕਟ ਭਾਰਤ ਲਈ ਇਕ ਉਦਾਹਰਣ ਬਣ ਗਿਆ।" ਹੋਰ ਮਾਨਿਕ ਕਹਿੰਦਾ ਹੈ : "ਮੈਂ ਉਸ (ਮਦਰ ਟੇਰੀਸਾ) ਕੋਲ ਤਿੰਨ ਵਾਰ ਗਿਆ, ਪਰ ਉਸ ਨੇ ਮੇਰੀ ਗੱਲ ਹੀ ਨਹੀਂ ਸੁਣੀ। ਕੁੱਲ ਦੁਨੀਆਂ ਜਾਣਦੀ ਹੈ ਕਿ ਸਿਸਟਰਾਂ ਕੋਲ ਪੈਸਾ ਬਹੁਤ ਹੈ। ਪਰ ਕੋਈ ਨਹੀਂ ਜਾਣਦਾ ਕਿ ਉਹ ਇਸ ਨਾਲ ਕਰਦੀਆਂ ਕੀ ਨੇ।"

ਕੋਲਕਤਾ ਵਿਚ ਕੋਈ 200 ਚੈਰਿਟੀ ਸੰਸਥਾਵਾਂ ਹਨ, ਜੋ ਗ਼ਰੀਬਾਂ ਦੀਆਂ ਮਦਦਗਾਰ ਹਨ। ਮਾਤਾ ਟੇਰੀਸਾ ਦੀ 'ਮਿਸ਼ਨਰੀਜ਼ ਆਫ਼ ਚੈਰਿਟੀ' ਦਾ ਇਸ ਕੰਮ ਵਿਚ ਕੋਈ ਉੱਘਾ ਨਾਂ ਨਹੀਂ ਹੈ। ਨੋਬੇਲ ਪੁਰਸਕਾਰ ਸਨਮਾਨਤ ਮਾਤਾ ਦੇ ਭੂਗੋਲਿਕ ਭਗਤ ਤਾਂ ਏਹੀ ਸੋਚਦੇ ਹਨ ਕਿ ਕੋਲਕਤਾ ਵਿਚ ਗ਼ਰੀਬੀ ਵਿਰੋਧੀ ਮੁਹਿੰਮ ਦੀ ਮੋਢੀ ਓਹੀ ਇੱਕੋ ਇਕ ਹੈ।

ਕੋਲਕਤਾ ਦਾ ਜੰਮਪਲ ਡਾ. ਅਰੂਪ ਚੈਟਰਜੀ, ਜੋ ਹੁਣ ਲੰਡਨ ਵਿਚ ਰਹਿੰਦਾ ਹੈ, ਮਾਤਾ ਸ਼੍ਰੀ ਦੀ ਮਿੱਥ ਬਾਰੇ ਖੋਜ ਕਰਦਿਆਂ ਕਹਿੰਦਾ ਹੈ: "ਜਿਥੇ ਕਿਤੇ ਵੀ ਮੈਂ ਖੋਜ ਕੀਤੀ ਹੈ, ਮੈਨੂੰ ਝੂਠ ਹੀ ਲੱਭਿਆ ਹੈ। ਉਦਾਹਰਣ ਵਜੋਂ ਸਕੂਲਾਂ ਦੀ ਗੱਲ ਹੀ

ਲੈ ਲਵੇ। ਮਾਤਾ ਟੇਰੀਸਾ ਨੇ ਕਈ ਵਾਰ ਬਿਆਨ ਦਿੱਤਾ ਹੈ ਕਿ ਉਹ ਕਲਕੱਤੇ ਵਿਚ 5000 ਤੋਂ ਵੱਧ ਬੱਚਿਆਂ ਲਈ ਸਕੂਲ ਚਲਾਉਂਦੀ ਹੈ। ਜੇ ਅਜਿਹਾ ਸਕੂਲ ਹੁੰਦਾ ਤਾਂ ਭਾਰਤ ਅੰਦਰ ਸਭ ਤੋਂ ਵੱਡਿਆਂ ਸਕੂਲਾਂ ਵਿੱਚੋਂ ਇਕ ਹੁੰਦਾ। ਉਹ ਸਕੂਲ ਹੈ ਕਿਥੇ ? ਮੈਨੂੰ ਤਾਂ ਕਿਤੇ ਲੱਭਿਆ ਨਹੀਂ। ਨਾ ਹੀ ਮੈਨੂੰ ਕੋਈ ਵਿਅਕਤੀ ਮਿਲਿਆ ਹੈ, ਜਿਸ ਨੇ ਇਹ ਸਕੂਲ ਵੇਖਿਆ ਹੋਵੇ।"

ਕੋਲਕਤਾ ਦੀਆਂ ਸਮਾਜ-ਸੇਵੀ ਸੰਸਥਾਵਾਂ ਨਾਲੋਂ ਮਾਤਾ ਦੀਆਂ "ਤਿੰਨ ਨੀਲੀ ਪੱਟੀ ਵਾਲੀਆਂ ਸੇਵਕਾਵਾਂ" ਦੋ ਗੱਲਾਂ ਵਿਚ ਅੱਗੇ ਹਨ – ਉਨ੍ਹਾਂ ਨੂੰ ਕੁਲ ਦੁਨੀਆਂ ਜਾਣਦੀ ਹੈ। ਦੂਜਾ, ਉਨ੍ਹਾਂ ਦੇ ਕੋਲ ਬੇਅੰਤ ਪੈਸਾ ਹੈ। ਮਾਤਾ ਦੀ ਸੰਸਥਾ ਨੇ ਪੈਸੇ ਦਾ ਭੇਦ ਡੂੰਘਾ ਲੁਕਾ ਕੇ ਰੱਖਿਆ ਹੋਇਐ। ਭਾਰਤੀ ਕਾਨੂੰਨ ਅਨੁਸਾਰ ਹਰ ਚੈਰੀਟੇਬਲ ਸੰਸਥਾ ਨੂੰ ਆਪਣੇ ਪੈਸੇ ਦਾ ਹਿਸਾਬ ਰੱਖਣਾ ਅਤੇ ਛਾਪਣਾ ਪੈਂਦਾ ਹੈ। ਮਦਰ ਟੇਰੀਸਾ ਦੀ ਸੰਸਥਾ ਅਜਿਹੀ ਬੰਦਿਸ਼ ਤੋਂ ਮੁਕਤ ਹੈ। ਅਖ਼ਬਾਰ *ਸਟਰਨ* ਨੇ ਭਾਰਤ ਸਰਕਾਰ ਤੋਂ ਸੂਚਨਾ ਲੈਣੀ ਚਾਹੀ ਤਾਂ ਜਵਾਬ ਮਿਲਿਆ ਕਿ ਇਹ ਸੂਚਨਾ ਰਾਖਵੀਂ ਹੈ, ਦਿੱਤੀ ਨਹੀਂ ਜਾ ਸਕਦੀ।

ਜਰਮਨੀ ਅੰਦਰ ਮਾਤਾ ਦੀ ਸੰਸਥਾ ਦੀਆਂ ਛੇ ਸ਼ਾਖ਼ਾਵਾਂ ਹਨ। ਏਥੇ ਵੀ ਪੈਸੇ ਦਾ ਮੁਆਮਲਾ ਪੂਰੀ ਤਰ੍ਹਾਂ ਗੁਪਤ ਹੈ। ਇਸ ਦੀ ਮੁਖੀਆ 'ਪਾਲਿਨ' ਕਹਿੰਦੀ ਹੈ: "ਕਿਸੇ ਦਾ ਕੀ ਮਤਲਬ ਹੈ ਕਿ ਉਹ ਜਾਣੇ ਜੋ ਸਾਡੇ ਪਾਸ ਕਿੰਨਾ ਧਨ ਹੈ। ਮੇਰਾ ਕਹਿਣ ਦਾ ਭਾਵ/ਮਤਲਬ ਹੈ ਕਿ ਸਾਡੇ ਕੋਲ ਕਿੰਨਾ ਥੋੜ੍ਹਾ ਹੈ।" 'ਮੇਰੀਆ ਇੰਗਲਹੋਫ਼' ਇਸ ਸੰਸਥਾ ਦਾ ਹਿਸਾਬ-ਕਿਤਾਬ ਰੱਖਣ ਦੀ ਮੁਫ਼ਤ ਸੇਵਾ ਕਰਦੀ ਰਹੀ ਹੈ 1981 ਤਕ। ਇਸ ਪਿੱਛੋਂ ਸਿਸਟਰਾਂ ਨੇ ਇਹ ਕੰਮ ਆਪ ਚੁੱਕ ਲਿਆ। ਮੇਰੀਆ ਮੁਤਾਬਿਕ ਮਦਰ ਟੇਰੀਸਾ ਬਾਹਰਲੇ ਸਹਾਇਕਾਂ ਉੱਤੇ ਘੱਟ ਹੀ ਇਤਬਾਰ ਕਰਦੀ ਸੀ। ਉਹ ਕਹਿੰਦੀ ਹੈ ਕਿ "ਮੈਂ ਕੇਵਲ ਆਪਣੇ ਸਮੇਂ ਦੀ ਦੱਸ ਸਕਦੀ ਹਾਂ ਕਿ ਇਕ ਸਾਲ ਅੰਦਰ ਕੋਈ ਤੀਹ ਲੱਖ ਮਾਰਕ (ਉਸ ਸਮੇਂ ਦਾ ਜਰਮਨ ਸਿੱਕਾ) ਆਏ ਸਨ। ਆਉਂਦਿਆਂ ਸਾਲਾਂ ਬਾਰੇ ਮੈਂ ਨਹੀਂ ਜਾਣਦੀ, ਪਰ ਜ਼ਰੂਰ ਪਹਿਲਾਂ ਨਾਲੋਂ ਕਿਤੇ ਵੱਧ ਹੋਵੇਗਾ।" ਮੇਰੀਆ ਇੰਗਲਹੋਫ਼ ਕਹਿੰਦੀ ਹੈ, "ਮਾਂ ਜਰਮਨਾਂ ਦੇ ਨਾਲ ਬਹੁਤ ਖ਼ੁਸ਼ ਸੀ।"

ਨਿਊਯਾਰਕ ਦੇ ਬ੍ਰੋਂਕਸ ਅੰਦਰਲੀ ਟੇਰੀਸਾ ਸੰਗਠਨ ਦੀ ਸ਼ਾਖ਼ 'ਹੋਲੀ ਘੋਸਟ' ਨੇ ਖ਼ੂਬ ਰੰਗ ਲਾਏ ਹਨ, ਭਾਵ ਮਾਲਾ-ਮਾਲ ਕੀਤਾ ਹੈ। 'ਸੂਸਾਨ ਸ਼ੀਲਡਜ਼' ਨੇ ਸਾਢੇ ਅੱਠ ਸਾਲ ਬਤੌਰ 'ਸਿਸਟਰ ਵਰਜਿਨ' ਸੇਵਾ ਕੀਤੀ ਹੈ। ਉਹ ਕਹਿੰਦੀ ਹੈ: "ਦਿਹਾੜੀ ਦਾ ਬਹੁਤ ਹਿੱਸਾ ਅਸੀਂ ਧੰਨਵਾਦੀ ਚਿੱਠੀਆਂ ਲਿਖਣ ਅਤੇ ਚੈੱਕ ਸੰਭਾਲਣ ਉੱਤੇ ਲਾਉਂਦੇ ਸਾਂ। ਇਕ ਤਰ੍ਹਾਂ ਦੀ ਰੇਲਪੱਟੀ ਸੀ, ਕੁਝ ਭੈਣਾਂ ਟਾਈਪ ਕਰਦੀਆਂ ਸਨ, ਕੁਝ ਨਕਦੀ ਮਾਤਰਾ ਦੀਆਂ ਸੂਚੀਆਂ ਬਣਾਉਂਦੀਆਂ ਸਨ, ਕੁਝ ਚਿੱਠੀਆਂ ਨੂੰ ਲਫ਼ਾਫ਼ਿਆਂ ਵਿਚ ਭਰਦੀਆਂ ਸਨ ਅਤੇ ਜਾਂ ਚੈੱਕਾਂ ਨੂੰ ਨਿਖੇੜਦੀਆਂ ਸਨ। ਚੈੱਕਾਂ ਵਿਚ ਦਾਨ ਪੰਜ ਡਾਲਰਾਂ ਤੋਂ ਲੈ ਕੇ ਇਕ ਲੱਖ ਡਾਲਰ ਤਕ ਹੁੰਦਾ ਸੀ। ਦਾਨੀ ਲੋਕ ਡਾਲਰਾਂ ਨਾਲ ਤੂੜੇ ਲਫ਼ਾਫ਼ੇ ਦਰਵਾਜ਼ੇ ਅੱਗੇ ਧਰ ਜਾਂਦੇ ਸਨ। ਕ੍ਰਿਸਮਿਸ ਤੋਂ ਪਹਿਲਾਂ ਤਾਂ ਦਾਨ ਦਾ ਹੜ੍ਹ ਆ ਜਾਂਦਾ ਸੀ, ਸੰਭਾਲਣਾ ਔਖਾ ਹੁੰਦਾ ਸੀ। ਡਾਕੀਆ ਬੋਰੇ ਭਰ

ਕੇ ਚਿੱਠੀਆਂ ਲਿਆਉਂਦਾ ਸੀ, ਜਿਨ੍ਹਾਂ ਵਿੱਚੋਂ ਕਈ ਪੰਜਾਹ ਹਜ਼ਾਰ ਦੇ ਚੈੱਕ ਨਿਕਲਣੇ ਕੋਈ ਅਚੰਭਾ ਨਹੀਂ ਸੀ।" ਸਿਸਟਰ ਵਰਜਿਨ ਨੂੰ ਯਾਦ ਹੈ ਕਿ ਇਕ ਸਾਲ ਉਨ੍ਹਾਂ ਨੇ ਪੰਜਾਹ ਮਿਲੀਅਨ ਡਾਲਰ ਬੈਂਕ ਵਿਚ ਜਮ੍ਹਾਂ ਕਰਵਾਇਆ। ਯਾਦ ਰਹੇ ਕਿ ਅਮਰੀਕਾ ਦੇਸ ਈਸਾਈ ਜ਼ਰੂਰ ਹੈ, ਪਰ ਹੈ ਗ਼ੈਰ-ਕੈਥੋਲਿਕ। ਤਾਂ ਵੀ ਮਦਰ ਟੇਰੇਸਾ ਦੀ ਇਕ ਕੈਥੋਲਿਕ ਸੰਸਥਾ ਨੂੰ ਪੰਜਾਹ ਮਿਲੀਅਨ ਡਾਲਰ ਇਕ ਸਾਲ ਵਿਚ ਦਾਨ ਦੇ ਰੂਪ ਵਿਚ ਮਿਲੇ। ਜੇ ਯੂਰਪ ਅਤੇ ਬਾਕੀ ਜਗਤ ਦੇ ਦਾਨ ਨੂੰ ਰਲਾ ਲਿਆ ਜਾਵੇ ਤਾਂ ਸਹਿਜੇ ਹੀ ਸੰਸਥਾ ਦੀ ਆਮਦਨ 100 ਮਿਲੀਅਨ ਡਾਲਰ (500 ਕਰੋੜ ਰੁਪਇਆ) ਨੂੰ ਟੱਪ ਜਾਂਦੀ ਹੈ। ਇਹ ਕੋਈ ਇਕ ਸਾਲ ਦੀ ਕਹਾਣੀ ਨਹੀਂ, ਬਲਕਿ ਬੇਅੰਤ ਸਾਲਾਂ ਤੋਂ ਇੰਜ ਹੀ ਚੱਲਿਆ ਆ ਰਿਹਾ ਹੈ।

ਜਦ ਕਿ ਆਮਦਨ ਪੂਰਨ ਰੂਪ ਵਿਚ ਛੁਪਾਈ ਹੋਈ ਹੈ, ਖ਼ਰਚਾ ਉਸ ਤੋਂ ਵੀ ਵੱਧ ਰਹੱਸ ਭਰਿਆ ਹੈ। ਸੰਸਥਾ ਕਿਸੇ ਵੀ ਢੰਗ ਨਾਲ ਏਨੀ ਆਮਦਨ ਖ਼ਰਚ ਨਹੀਂ ਸਕਦੀ। ਜਿਥੇ ਕਿਥੇ ਵੀ ਸ਼ਾਖ਼ਾਵਾਂ ਹਨ, ਉਹ ਏਨੀਆਂ ਛੋਟੀਆਂ ਹਨ ਕਿ ਨੇੜੇ ਦੇ ਲੋਕਾਂ ਲਈ ਵੀ ਢੂੰਡਣੀਆਂ ਔਖੀਆਂ ਹਨ। ਉਨ੍ਹਾਂ ਸ਼ਾਖ਼ਾਵਾਂ ਨੂੰ ਨੰਨਾਂ ਚਲਾਉਂਦੀਆਂ ਹਨ। ਆਮ ਤੌਰ ਉੱਤੇ 'ਮਦਰ ਟੇਰੇਸਾ ਹੋਮ' ਦਾ ਅਰਥ ਹੁੰਦਾ ਹੈ, ਨੰਨਾਂ ਦੇ ਰਹਿਣ ਦੀ ਛੋਟੀ ਜਹੀ ਥਾਂ ਜਿਥੋਂ ਦਾਨ ਦੇ ਪੈਸੇ ਦੀ ਕੋਈ ਵਰਤੋਂ ਹੁੰਦੀ ਨਹੀਂ ਦਿਸਦੀ। ਸੰਸਥਾ ਨੂੰ ਲੋੜੋਂ ਕਿਤੇ ਵੱਧ ਵਰਤੋਂ ਦਾ ਸਾਮਾਨ ਅਤੇ ਨਕਦੀ ਦਾਨ ਵਿਚ ਆਉਂਦੀ ਹੈ। ਦਵਾਈਆਂ ਦੇ ਡੱਬੇ ਭਾਰਤੀ ਹਵਾਈ ਅੱਡਿਆਂ ਉੱਤੇ ਉਤਰਦੇ ਹਨ। ਦੁੱਧ ਦੇ ਡੱਬੇ ਅਤੇ ਜਿਨਸ ਕਨਟੇਨਰਾਂ ਵਿਚ ਆਉਂਦੇ ਹਨ। ਯੂਰਪ ਅਤੇ ਅਮਰੀਕਾ ਤੋਂ ਵਰਤੇ/ਅਣਵਰਤੇ ਕੱਪੜਿਆਂ ਦੇ ਅੰਬਾਰ ਪਹੁੰਚਦੇ ਹਨ। ਕੋਲਕਤਾ ਦੀਆਂ ਪਟੜੀਆਂ ਉੱਤੇ ਵਪਾਰੀ ਇਹ ਕੱਪੜੇ ਹੋਕਾ ਦੇ ਕੇ ਵੇਚਦੇ ਹਨ : "ਮਾਂ ਵੱਲੋਂ ਕਮੀਜ਼ਾਂ, ਮਾਂ ਵੱਲੋਂ ਪੈਂਟਾਂ, ਸਸਤਾ ਮਾਲ।" ਇਕ ਵਾਰ ਮੈਂ ਅੰਮ੍ਰਿਤਸਰ ਦੀ ਪਟੜੀ ਤੋਂ 25 ਰੁਪਏ ਵਿਚ ਨਿੱਘਾ ਓਵਰਕੋਟ ਲਿਆ ਸੀ। ਕੀ ਪਤਾ ਏਧਰੋਂ ਹੀ ਆਇਆ ਹੋਵੇ ? ਬਹੁਤੇ ਨਿੱਘੇ ਕੱਪੜਿਆਂ ਦੀ ਵਿਕਰੀ ਤਾਂ ਠੰਢੇ ਉੱਤਰੀ ਭਾਰਤ ਵਿਚ ਹੀ ਹੋਵੇਗੀ ਨਾ।

'ਮਿਸ਼ਨਰੀਜ਼ ਆਫ਼ ਚੈਰਿਟੀ' ਹੋਰ ਚੈਰਿਟੀ ਮਿਸ਼ਨਾਂ ਦੇ ਉਲਟ ਨਿਹਾਇਤ ਸਾਦਗੀ ਅਤੇ ਕਿਰਸ ਨਾਲ ਚਲਾਈ ਜਾਂਦੀ ਹੈ – ਲਗਭਗ ਬਿਨਾਂ ਖ਼ਰਚ ਦੇ। 150 ਦੇਸਾਂ ਅੰਦਰ 4000 ਸਿਸਟਰਾਂ ਤੋਂ ਵੱਧ ਦੀ ਕੰਮ ਸ਼ਕਤੀ, ਕਰੋੜਾਂ ਅਰਬਾਂ ਡਾਲਰਾਂ ਨੂੰ ਹਥਿਆਉਂਦੀ ਅਤੇ ਟਿਕਾਣੇ ਲਾਉਂਦੀ ਹੈ। ਆਪ ਸਭਨਾਂ ਨੇ ਸਹੁੰ ਚੁੱਕੀ ਹੁੰਦੀ ਹੈ ਕਿ ਉਨ੍ਹਾਂ ਗ਼ਰੀਬੀ ਅਤੇ ਫ਼ਰਮਾਬਰਦਾਰੀ ਵਿਚ ਰਹਿਣਾ ਹੈ ਅਤੇ ਕੋਈ ਤਨਖ਼ਾਹ ਨਹੀਂ ਲੈਣੀ। ਉਨ੍ਹਾਂ ਦੀ ਮਦਦ ਉੱਤੇ ਵੱਖ-ਵੱਖ ਦੇਸਾਂ ਦੇ ਕਰੀਬ ਤਿੰਨ ਲੱਖ ਸ਼ਹਿਰੀ ਆਪਣਾ ਸਮਾਂ ਦੇਂਦੇ ਹਨ।

1998 ਵਿਚ ਮਦਰ ਟੇਰੇਸਾ ਸੰਗਠਨ ਦੀਆਂ ਕੁਲ ਦੁਨੀਆਂ ਅੰਦਰ 500 ਤੋਂ ਵੱਧ ਸ਼ਾਖ਼ਾਵਾਂ ਸਨ। ਇਹ ਉਦੋਂ ਦੀ ਗੱਲ ਹੈ। ਕੇਂਦਰ ਦੀ ਇਮਾਰਤ ਖ਼ਰੀਦਣ ਜਾਂ ਕਿਰਾਏ ਉੱਤੇ ਲੈਣ ਲਈ ਕਦੇ ਖ਼ਰਚ ਨਹੀਂ ਕੀਤਾ ਜਾਂਦਾ। ਕੋਲਕਤਾ ਦੀ ਇਕ ਅਮੀਰ ਸੁਨੀਤਾ ਕੁਮਾਰੀ ਦਾ ਕਹਿਣਾ ਹੈ : "ਮਾਂ ਸਦਾ ਕਹਿੰਦੀ ਸੀ ਅਸੀਂ ਏਸ ਲੋੜ

ਲਈ ਪੈਸਾ ਨਹੀਂ ਖ਼ਰਚਦੇ। ਮਾਂ ਨੂੰ ਜੇ ਇਕ ਘਰ ਚਾਹੀਦਾ ਹੁੰਦਾ ਸੀ ਤਾਂ ਉਹ ਸਿੱਧੀ ਮਾਲਕ ਕੋਲ ਜਾਂਦੀ ਸੀ, ਭਾਵੇਂ ਉਹ ਸਰਕਾਰ ਹੋਵੇ ਜਾਂ ਕੋਈ ਨਿੱਜੀ ਮਾਲਕ ਅਤੇ ਉਹ ਖਹਿੜਾ ਨਹੀਂ ਸੀ ਛੱਡਦੀ, ਜਦੋਂ ਤਕ ਉਹ ਜਾਇਦਾਦ ਮੁਫ਼ਤ ਵਿਚ ਨਾ ਮਿਲ ਜਾਵੇ।" ਇਹ ਢੰਗ ਜਰਮਨੀ ਵਿਚ ਬਹੁਤ ਕਾਰਗਰ ਰਿਹਾ ਹੈ। ਹੈਮਬਰਗ ਸ਼ਹਿਰ ਵਿਚ 24 ਲੱਖ ਜਰਮਨ ਮਾਰਕ ਦੀ ਖ਼ੂਬਸੂਰਤ ਇਮਾਰਤ 'ਬੇਥਲਹੇਮ ਹਾਊਸ', ਬੇਸਹਾਰਾ ਔਰਤਾਂ ਲਈ ਘਰ, ਈਸਾਈ ਸੰਸਥਾਵਾਂ ਨੇ ਖ਼ਰੀਦ ਕੇ ਦਿੱਤਾ। ਮਾਂ ਟੇਰੀਸਾ ਦੇ ਨਾਂ ਵਿਚ ਏਨੀ ਸ਼ਕਤੀ ਹੈ ਕਿ ਕਿਸੇ ਚੀਜ਼ ਜਾਂ ਸੇਵਾ ਲਈ ਉਸ ਨੂੰ ਪੈਸਾ ਨਹੀਂ ਖ਼ਰਚਣਾ ਪੈਂਦਾ। ਓਸ ਇਕ ਵਾਰ ਨੰਨਾਂ ਦੇ ਜਥੇ ਨਾਲ ਲੰਡਨ ਦੇ ਇਕ ਸਟੋਰ ਵਿੱਚੋਂ ਖਾਣ-ਪੀਣ ਦਾ ਸਾਮਾਨ ਇਕੱਠਾ ਕਰ ਲਿਆ। ਸੇਲ ਗਰਲ ਨੇ ਜਦੋਂ ਪੈਸੇ ਮੰਗੇ ਤਾਂ ਮਾਂ ਪੂਰੇ ਜ਼ੋਰ ਨਾਲ ਗਰਜੀ : "ਇਹ ਰੱਬ ਦੇ ਕੰਮ ਲਈ ਹੈ।" ਉਹ ਤਦੋਂ ਚੁੱਪ ਹੋਈ, ਜਦੋਂ ਇਕ ਪਿੱਛੇ ਖੜੇ ਵਪਾਰੀ ਨੇ ਉਸ ਦੀ ਥਾਂ ਬਿੱਲ ਤਾਰ ਦਿੱਤਾ।

ਮਦਰ ਟੇਰੀਸਾ ਕੇਂਦਰਾਂ ਵਿਚ 'ਮਾਇਆ' ਦਾ ਕੰਮ ਬਿਲਕੁਲ ਗੁਪਤ ਹੁੰਦਾ ਹੈ। ਕੇਵਲ ਇੰਗਲੈਂਡ ਇਕ ਦੇਸ ਹੈ, ਜਿਥੇ ਅਧਿਕਾਰੀਆਂ ਨੂੰ ਅਕਾਊਂਟ ਉੱਤੇ ਇਕ ਤੇਜ਼ ਝਾਤੀ ਮਾਰਨ ਦੀ ਆਗਿਆ ਹੈ। 1991 ਵਿਚ ਏਸ ਸੰਸਥਾ ਦੀ ਆਮਦਨ 53 ਲੱਖ ਜਰਮਨ ਮਾਰਕ ਬਰਾਬਰ ਸੀ ਅਤੇ ਦਾਨ/ਸੇਵਾ ਅਤੇ ਹੋਰ ਕੁਲ ਖ਼ਰਚੇ ਸਨ ਤਿੰਨ ਲੱਖ ਸੱਠ ਹਜ਼ਾਰ ਭਾਵ ਕੇਵਲ 7 ਪ੍ਰਤੀਸ਼ਤ। ਸਭ ਲੋਕ ਜਾਣਦੇ ਹਨ ਕਿ ਕਾਨੂੰਨ ਅਨੁਸਾਰ ਸੇਵਾ ਸੰਸਥਾਵਾਂ ਨੂੰ ਕਰੀਬ 90 ਪ੍ਰਤੀਸ਼ਤ ਆਮਦਨ ਨੂੰ ਖ਼ਰਚ ਕਰਨਾ ਜ਼ਰੂਰੀ ਹੁੰਦਾ ਹੈ। ਇੰਗਲੈਂਡ ਦੀ ਸੰਸਥਾ ਦੀ ਮੁਖੀ ਸਿਸਟਰ ਟੇਰੀਸੀਨਾ ਨੂੰ ਪੁੱਛਿਆ ਗਿਆ ਕਿ ਬਾਕੀ ਪੈਸੇ ਦਾ ਕੀ ਕੀਤਾ ? ਉਸ ਨੇ ਜਵਾਬ ਦਿੱਤਾ, "ਮੁਆਫ਼ ਕਰਨਾ, ਅਸੀਂ ਇਹ ਨਹੀਂ ਦੱਸ ਸਕਦੇ। ਹਰ ਸਾਲ ਦੀਆਂ ਇਨਕਮ ਟੈਕਸ ਰੀਟਰਨਾਂ ਵਿਚ ਬਾਹਰ ਭੇਜੀਆਂ ਰਕਮਾਂ ਲੈਣ ਵਾਲਿਆਂ ਦੀ ਲਿਸਟ ਦਿੱਤੀ ਜਾਂਦੀ ਹੈ, ਪਰ ਇਹ ਨਹੀਂ ਲਿਖਿਆ ਜਾਂਦਾ ਕਿ ਕਿੰਨੀ ਨਕਦੀ ਕਿਸ ਨੂੰ ਭੇਜੀ ਜਾਂਦੀ ਹੈ। ਹਰ ਸਾਲ ਦੀ ਲਿਸਟ ਵਿਚ ਇਕ ਨਾਂ ਜ਼ਰੂਰ ਹੁੰਦਾ ਹੈ 'ਵੈਟੀਕਨ ਬੈਂਕ ਰੋਮ'। ਇੰਜ ਲੱਗਦਾ ਹੈ ਕਿ ਵੈਟੀਕਨ ਬੈਂਕ ਇਸ ਸੰਸਥਾ ਦਾ ਇਕ ਕਿਸਮ ਦਾ ਮਾਲਕ ਹੈ। ਬੇਅੰਤ ਨਕਦੀ ਨੂੰ ਅੱਗੋਂ ਵੈਟੀਕਨ ਬੈਂਕ ਕੀ ਕਰਦਾ ਹੈ, ਇਹ ਜਾਣਨ ਦੀ ਆਗਿਆ ਤਾਂ ਪਰਮੇਸ਼ਵਰ ਨੂੰ ਵੀ ਨਹੀਂ।" ਮਦਰ ਟੇਰੀਸਾ ਦੀ ਪ੍ਰਮਾਣਿਤ ਜੀਵਨੀ ਲਿਖਣ ਵਾਲੀ ਕੈਥਰੀਨ ਸਪਿੰਕ ਲਿਖਦੀ ਹੈ : "ਜਿਉਂ ਹੀ ਕਿਸੇ ਦੇਸ ਅੰਦਰ ਸਿਸਟਰਾਂ ਆਪਣਾ ਟਿਕਾਣਾ ਬਣਾ ਲੈਂਦੀਆਂ ਹਨ, ਉਨ੍ਹਾਂ ਦੀ ਵਿੱਤੀ ਸਹਾਇਤਾ ਬੰਦ ਹੋ ਜਾਂਦੀ ਹੈ।" ਮਹਾਂ ਲੋੜਵੰਦ ਦੇਸਾਂ ਨੂੰ ਕੇਵਲ ਅੰਸ਼ਕ ਰੂਪ ਵਿਚ ਸਹਾਇਤਾ ਮਿਲਦੀ ਹੈ, ਜਦ ਕਿ ਕੁੱਲ ਪੈਸਾ ਵੈਟੀਕਨ ਬੈਂਕ ਵਿਚ ਰਹਿੰਦਾ ਹੈ।

ਸਟਰਨ ਅਖ਼ਬਾਰ ਨੇ ਟਿੱਲ ਦਾ ਜ਼ੋਰ ਲਾ ਲਿਆ ਜਾਣਨ ਲਈ ਕਿ ਆਖ਼ਰ ਦਾਨ ਵਜੋਂ ਲਏ ਪੈਸੇ ਦਾ ਬਣਦਾ ਕੀ ਹੈ ? ਕੋਲਕਤਾ ਅੰਦਰਲੇ ਟੇਰੀਸਾ ਹਾਊਸ ਨੂੰ ਚਿੱਠੀਆਂ ਲਿਖੀਆਂ ਗਈਆਂ, *ਸਟਰਨ* ਨੇ ਆਪਣੇ ਨੁਮਾਇੰਦੇ ਵੀ ਭੇਜੇ, ਪਰ ਸੰਸਥਾ ਨੇ ਕਦੇ ਜਵਾਬ ਨਹੀਂ ਦਿੱਤਾ।

ਇਕ ਪੋਲੈਂਡ ਵਸਨੀਕ 'ਈਵਾ ਕੋਲੋਡੀਜ਼' ਮਿਸ਼ਨਰੀਜ਼ ਆਫ਼ ਚੈਰਿਟੀ ਨਾਲ ਪੰਜ ਸਾਲ ਕੰਮ ਕਰਦੀ ਰਹੀ ਹੈ। ਉਸ ਦਾ ਕਹਿਣਾ ਹੈ ਕਿ 'ਦਾਨ' ਨਾਲ ਜੋ ਬੇਕਦਰੀ ਹੁੰਦੀ ਹੈ, ਵੇਖਣ ਲਈ ਜਾਵੋ ਸੰਸਥਾ ਦੇ ਨਿਊਯਾਰਕ ਅੰਦਰਲੇ ਟਿਕਾਣੇ 'ਬੇਘਰਾਂ ਲਈ ਬਸੇਰਾ' ਦੇ ਤਹਿਖ਼ਾਨੇ ਵਿਚ। ਬੇਅੰਤ ਕੀਮਤੀ ਕਿਤਾਬਾਂ, ਗਹਿਣੇ ਅਤੇ ਸੋਨਾ ਪਿਆ ਮਿਲੇਗਾ। ਸਿਸਟਰਾਂ ਇਹ ਤੋਹਫ਼ੇ ਮੁਸਕਰਾ ਕੇ ਲੈਂਦੀਆਂ ਹਨ, ਜੋ ਤੋਹਫ਼ੇ ਸਦਾ ਲਈ ਫ਼ਜ਼ੂਲ ਪਏ ਰਹਿਣੇ ਹਨ।"

ਸੂਸਾਨ ਸ਼ੀਲਡਜ਼ (ਪਹਿਲਾਂ ਸਿਸਟਰ ਵਰਜਿਨ ਹੁੰਦੀ ਸੀ) ਕਹਿੰਦੀ ਹੈ: "ਦਾਨ ਪੈਸੇ ਦੀ ਦੁਰਵਰਤੋਂ ਨਹੀਂ ਸੀ ਹੁੰਦੀ, ਪਰ ਦਾਨ ਦਾ ਬਹੁਤਾ ਹਿੱਸਾ ਵਰਤਿਆ ਹੀ ਨਹੀਂ ਸੀ ਜਾਂਦਾ। ਈਥੋਪੀਆ (ਅਫ਼ਰੀਕੀ ਦੇਸ) ਅੰਦਰ ਜਦੋਂ ਕਾਲ ਪਿਆ ਤਾਂ ਬਹੁਤ ਅਜਿਹੇ ਚੈੱਕ ਆਉਂਦੇ ਸਨ, ਜਿਨ੍ਹਾਂ ਉਪਰ ਲਿਖਿਆ ਹੁੰਦਾ ਸੀ 'ਈਥੋਪੀਆ ਦੇ ਭੁੱਖ ਪੀੜਤਾਂ ਲਈ'। ਮੈਂ ਅਕਾਊਂਟ ਨਿਗਰਾਨ ਸਿਸਟਰ ਨੂੰ ਬੇਨਤੀ ਕੀਤੀ ਕਿ ਈਥੋਪੀਆ ਦੇ ਕੁੱਲ ਚੈੱਕਾਂ ਦਾ ਵੇਰਵਾ ਦੇ ਦੇਵੇ ਤਾਂ ਜੁ ਮੈਂ ਪੂਰਾ ਹਿਸਾਬ ਈਥੋਪੀਆ ਭੇਜ ਦੇਵਾਂ। ਸਿਸਟਰ ਨੇ ਜਵਾਬ ਦਿੱਤਾ ਕਿ ਅਸੀਂ ਇਹ ਪੈਸਾ ਅਫ਼ਰੀਕਾ ਨਹੀਂ ਭੇਜਦੇ। ਫਿਰ ਵੀ ਮੈਂ ਦਾਨੀਆਂ ਦੀਆਂ ਰਸੀਦਾਂ ਉੱਤੇ ਲਿਖ ਕੇ ਭੇਜਦੀ ਰਹੀ 'ਈਥੋਪੀਆ ਲਈ'।"

ਕਈ ਹਿਸਾਬ-ਕਿਤਾਬ ਰੱਖਦੀਆਂ ਸਿਸਟਰਾਂ ਦਾ ਕਹਿਣਾ ਹੈ ਕਿ ਪੈਸੇ ਦੀ ਚਾਲ ਕੇਵਲ ਇੱਕੋ ਪਾਸੇ ਸੀ, "ਸਾਨੂੰ ਸਦਾ ਇਹ ਦੱਸਿਆ ਜਾਂਦਾ ਸੀ ਕਿ ਸਾਨੂੰ ਹੋਰਨਾਂ ਸੰਸਥਾਵਾਂ ਨਾਲੋਂ ਇਸ ਲਈ ਵੱਧ ਦਾਨ ਆਉਂਦਾ ਹੈ ਕਿਉਂਕਿ ਪਰਮਾਤਮਾ ਨੂੰ ਮਦਰ ਟੇਰੇਸਾ ਨਾਲ ਵੱਧ ਪਿਆਰ ਹੈ।" ਸੂਸਾਨ ਮੁਤਾਬਿਕ: "ਰੱਬ ਦੇ ਪਿਆਰ ਦੀ ਮਿਣਤੀ ਦਾਨ ਰਾਸ਼ੀਆਂ ਅਤੇ ਬੈਂਕ ਬੈਲੈਂਸ ਦੇ ਭਾਰ ਨਾਲ ਤੋਲੀ ਜਾਂਦੀ ਹੈ। ਦਾਨ ਇਕੱਠਾ ਕਰਨਾ, ਦਾਨ ਦੇਣ ਨਾਲੋਂ ਕਿਤੇ ਵੱਧ ਪਵਿੱਤਰ ਕੰਮ ਹੈ।"

ਕੁਲ ਦਾਨ ਦੁਖਿਆਰਿਆਂ/ਲੋੜਵੰਦਾਂ ਲਈ ਸੋਚ ਕੇ ਦਿੱਤੇ ਜਾਂਦੇ ਹਨ। ਬ੍ਰੌਂਕਸ (ਨਿਊਯਾਰਕ) ਵਿਚ ਸਿਸਟਰਾਂ ਇਕ ਲੰਗਰ ਲਗਾਉਂਦੀਆਂ ਹਨ ਜਾਂ ਕਹਿ ਲਉ ਉਨ੍ਹਾਂ ਦੇ ਨਾਂ ਉੱਤੇ ਲੋਕ ਹੀ ਉਤਸ਼ਾਹ ਨਾਲ ਚਲਾਉਂਦੇ ਹਨ। ਸਿਸਟਰਾਂ ਵਰਤਾਉਣ ਦਾ ਕੰਮ ਕਰਦੀਆਂ ਹਨ। ਸੂਪ ਦੇ ਨਾਲ ਬਰੈੱਡ (ਡਬਲ ਰੋਟੀ) ਮਿਲਦੀ ਸੀ। ਪੇਟ ਦੀ ਅੱਗ ਬੁਝਦੀ ਸੀ। ਇਕ ਦਿਨ ਦਾਨੀਆਂ ਦੀ ਕਿਸੇ ਭੁੱਲ ਕਾਰਨ, ਖਾਣੇ ਲਈ ਡਬਲ ਰੋਟੀ ਨਹੀਂ ਪਹੁੰਚੀ। ਨੰਨਾਂ ਨੇ ਹੈੱਡ ਸਿਸਟਰ ਨੂੰ ਪੁੱਛਿਆ ਕਿ ਰੋਟੀ ਬਾਜ਼ਾਰੋਂ ਖ਼ਰੀਦ ਲਈਏ? ਜਵਾਬ ਮਿਲਿਆ: "ਬਿਲਕੁਲ ਨਹੀਂ, ਸਾਡੀ ਸੰਸਥਾ ਗ਼ਰੀਬ ਹੈ।" ਨਤੀਜਾ – ਆਖ਼ਿਰ ਗ਼ਰੀਬਾਂ ਨੂੰ ਰੋਟੀ ਨਹੀਂ ਮਿਲੀ। ਸ਼ੀਲਡਜ਼ ਦਾ ਕਹਿਣਾ ਹੈ ਕਿ ਕਿਉਂਕਿ ਮਹਾਂ ਅਮੀਰ ਸੰਸਥਾ, ਪੈਸੇ ਵੱਲੋਂ ਆਪਣੀ ਮੁੱਠੀ ਘੁੱਟ ਕੇ ਰੱਖਦੀ ਹੈ, ਏਸ ਲਈ ਇਸ ਦੀ ਛਤਰ ਛਾਇਆ ਹੇਠ ਆਏ ਬੱਚੇ ਸਭ ਤੋਂ ਵੱਧ ਭੁਗਤਦੇ ਹਨ। ਦਿੱਲੀ ਅੰਦਰ ਇਕ ਘਰ ਹੈ ਜਿਥੇ ਯਤੀਮ ਬੱਚੇ, ਅਪਨਾਏ ਜਾਣ ਦੀ ਉਡੀਕ ਕਰਦੇ ਹਨ। ਗੋਦ ਲੈਣ ਵਾਲੇ ਆਮ ਤੌਰ ਉੱਤੇ ਵਿਦੇਸ਼ੀ ਹੁੰਦੇ ਹਨ। ਤਦੇ ਏਸ ਸਥਾਨ/ਘਰ ਨੂੰ ਚਲਾਉਣ ਲਈ ਖ਼ਰਚਾ ਵੀ ਓਹੀ ਚੁੱਕਦੇ ਹਨ। ਇਕ ਸੰਸਥਾ 'ਪ੍ਰੋ ਇਨਫ਼ੈਂਟ' ਜੋ ਜਰਮਨ ਸਥਿਤ ਹੈ, ਵਿਚੋਲੇ ਦਾ ਕੰਮ ਕਰਦੀ ਹੈ। ਉਸ ਦੀ ਮੁਖੀਆ ਕਾਰਲਾ ਵੀਡਕਿੰਗ,

ਜੋ ਮਦਰ ਟੇਰੀਸਾ ਦੀ ਨਿੱਜੀ ਮਿੱਤਰ ਸੀ, ਦੋਸਤਾਂ, ਮਦਦਗਾਰਾਂ ਅਤੇ ਦਾਨੀਆਂ ਨੂੰ ਇੰਜ ਲਿਖਦੀ ਹੈ : "ਆਪਣੀ ਸਤੰਬਰ ਫੇਰੀ ਵਿਚ ਮੈਂ ਦੋ ਤਿੰਨ ਬੱਚਿਆਂ ਨੂੰ ਇੱਕੋ ਹੀ ਪੰਘੂੜੇ ਵਿਚ ਪਏ ਵੇਖਿਆ ਹੈ। ਪੰਘੂੜਿਆਂ ਨਾਲ ਭਰੇ ਕਮਰੇ ਵਿਚ ਇਕ ਵੀ ਥਾਂ ਨਹੀਂ ਸੀ ਖੇਡਣ ਵਾਸਤੇ। ਅਜਿਹੀਆਂ ਹਾਲਤਾਂ ਵਿਚ ਬੱਚਿਆਂ ਅੰਦਰ ਮਾਨਸਿਕ ਉਲਝਣਾਂ ਦਾ ਪੈਦਾ ਹੋਣਾ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ।" ਵੀਡਕਿੰਗ ਆਪਣੀ ਬੇਬਸੀ ਜ਼ਾਹਰ ਕਰਦੀ ਹੋਈ ਹੋਰ ਦਾਨ ਦੀ ਅਪੀਲ ਕਰਦੀ ਹੈ। ਕੇਹੀ ਬੇਬਸੀ ? ਇਕ ਬਿਲੀਅਨ ਡਾਲਰੀ ਸੰਸਥਾ, ਜਿਸ ਕੋਲ ਭਾਰਤ ਅੰਦਰ ਵਰਤੇ ਜਾਂਦੇ ਯੂਨੀਸੈਫ਼ ਵੱਲੋਂ ਆਏ ਕੁੱਲ ਪੈਸੇ ਨਾਲੋਂ ਤਿੰਨ ਗੁਣਾ ਵੱਧ ਨੇ। ਉਹ ਚਾਹੇ ਤਾਂ ਪੰਘੂੜੇ ਮੰਜੇ ਛੱਡੋ, ਕੁੱਲ ਭਾਰਤ ਅੰਦਰ ਵਧੀਆ ਖੇਡ ਮੈਦਾਨਾਂ ਸਮੇਤ 'ਯਤੀਮ ਘਰ' ਬਣਾ ਸਕਦੀ ਹੈ। ਬੇਬਸੀ ਕਾਹਦੀ ਹੈ ? ਕੁਲ ਭਾਰਤ ਅੰਦਰੋਂ ਗਲੀਆਂ ਵਿਚ ਰੁਲਦੇ ਕੁੱਲ ਯਤੀਮ ਬੱਚਿਆਂ ਨੂੰ ਇਕ ਪਾਲਣਹਾਰ ਘਰ ਮਿਲ ਸਕਦੈ।

ਕਫ਼ਾਇਤ/ਬੱਚਤ ਮਦਰ ਟੇਰੀਸਾ ਦੇ ਫ਼ਲਸਫ਼ੇ ਅੰਦਰ ਕੇਂਦਰੀ ਬਿੰਦੂ ਸੀ। ਬੜੀ ਅੱਛੀ ਗੱਲ ਹੈ। ਪਰ ਜਦੋਂ ਉਸ ਦੀ ਸੰਸਥਾ ਗਹਿਣਿਆਂ, ਘਰਾਂ, ਚੈੱਕਾਂ ਅਤੇ ਨੋਟਾਂ ਨਾਲ ਭਰੇ ਅਟੈਚੀਆਂ ਨਾਲ ਅਮੀਰ ਹੋ ਗਈ ਤਾਂ ਉਮੀਦ ਹੁੰਦੀ ਹੈ ਕਿ ਇਸ ਮਾਇਆ ਨੂੰ ਇਕੱਤਰ ਕਰਨ ਅਤੇ ਚੰਗੀ ਵਰਤੋਂ ਲਈ ਇਕ ਤਰਤੀਬ ਅਤੇ ਚੁਸਤੀ ਲਿਆਈ ਜਾਵੇਗੀ। ਪਰ ਮਾਣ-ਮੱਤੀ ਮਹਾਂ-ਮਾਤਾ ਆਪਣੀ ਸੰਸਥਾ 'ਮਿਸ਼ਨਰੀਜ਼ ਆਫ਼ ਚੈਰਿਟੀ' ਬਾਰੇ ਫ਼ਖ਼ਰ ਨਾਲ ਕਹਿੰਦੀ ਸੀ : "ਇਹ ਦੁਨੀਆਂ ਅੰਦਰ ਸਭ ਤੋਂ ਬੇਤਰਤੀਬ ਹੈ।" ਫੋਟੋਕਾਪੀਅਰ, ਟਾਈਪ ਰਾਈਟਰ ਅਤੇ ਕੰਪਿਊਟਰਾਂ ਦੀ ਵਰਤੋਂ ਉੱਤੇ ਮਨਾਹੀ ਸੀ, ਭਾਵੇਂ ਉਹ ਦਾਨ ਵਿਚ ਮੁਫ਼ਤ ਵੀ ਮਿਲ ਜਾਣ। ਹਿਸਾਬ-ਕਿਤਾਬ ਲਈ ਸਕੂਲ ਦੀਆਂ ਕਾਪੀਆਂ ਉੱਤੇ ਸਿੱਕੇ ਵਾਲੀ ਪੈਂਸਿਲ ਨਾਲ ਲਿਖਿਆ ਜਾਂਦਾ ਸੀ/ਹੈ, ਜਦੋਂ ਤਕ ਕਾਪੀਆਂ ਭਰ ਨਾ ਜਾਣ। ਉਹ ਕਾਪੀਆਂ ਰਬੜ ਨਾਲ ਮਿਟਾ ਕੇ ਫਿਰ ਵਰਤੀਆਂ ਜਾ ਸਕਦੀਆਂ ਨੇ। ਇਹ ਕੁੱਲ ਤਰੱਦਦ ਕਾਹਦੇ ਲਈ ? ਬੱਚਤ ਲਈ ਜੀ, ਕਿਉਂਕਿ ਸੰਸਥਾ ਗ਼ਰੀਬ ਹੈ।

ਅਜਿਹੀ ਸੰਸਥਾ ਦੀਆਂ ਨੀਹਾਂ ਮਜ਼ਬੂਤ ਕਰਨ ਲਈ ਚਾਹੀਦਾ ਸੀ ਨੰਨਾਂ ਨੂੰ ਕਾਬਲ ਨਰਸਾਂ, ਅਧਿਆਪਕਾਵਾਂ ਅਤੇ ਪ੍ਰਬੰਧਕਣਾਂ ਬਣਾਉਣਾ। ਪਰ ਕਿਸੇ ਵੀ ਨੰਨ ਨੂੰ ਅਜਿਹੀ ਸਿੱਖਿਆ ਨਹੀਂ ਦਿੱਤੀ ਜਾਂਦੀ।

ਗ਼ੈਰ ਪ੍ਰੋਫ਼ੈਸ਼ਨਲੀ ਅਤੇ ਬੇਤਰਤੀਬੀ ਦਾ ਆਲਮ ਏਥੋਂ ਪਤਾ ਲੱਗਦਾ ਹੈ : ਇਕ ਵਾਰ ਨਿਊਯਾਰਕ ਸ਼ਹਿਰ ਵੱਲੋਂ ਇਕ ਵਿਹਲੀ ਇਮਾਰਤ, ਕੇਵਲ ਇਕ ਡਾਲਰ ਮੁੱਲ ਉੱਤੇ ਮਾਂ ਟੇਰੀਸਾ ਨੂੰ ਵੇਚ ਦਿੱਤੀ ਗਈ ਤਾਂ ਜੁ ਗ਼ਰੀਬਾਂ, ਅਪਾਹਜਾਂ ਅਤੇ ਏਡਜ਼ ਰੋਗੀਆਂ ਦੀ ਸੇਵਾ ਹੋ ਸਕੇ। ਅਪਾਹਜਾਂ ਵਾਸਤੇ ਜ਼ਰੂਰੀ ਸੀ ਕਿ ਇਮਾਰਤ ਅੰਦਰ ਲਿਫ਼ਟ ਹੋਵੇ। ਪਰ ਮਾਤਾ ਸ਼੍ਰੀ ਨੇ ਫ਼ਰਮਾਇਆ ਕਿ ਲਿਫ਼ਟ ਤਾਂ ਅਮੀਰੀ ਦੀ ਨਿਸ਼ਾਨੀ ਹੈ। ਆਖ਼ਰਕਾਰ ਨੰਨਾਂ ਨੇ ਇਹ ਇਮਾਰਤ ਨਿਊਯਾਰਕ ਸ਼ਹਿਰ ਨੂੰ ਵਾਪਸ ਸੌਂਪ ਦਿੱਤੀ।

ਭਾਰਤ ਦੇ ਯਤੀਮਾਂ ਅਤੇ ਇਥੋਪੀਆ ਦੀ ਭੁੱਖਮਰੀ ਦੇ ਨਾਂ ਉੱਤੇ ਇਕੱਠਾ ਕੀਤਾ ਧਨ, ਅਸਲ ਵਿਚ ਉਥੇ ਭੇਜਿਆ ਨਹੀਂ ਗਿਆ। ਸੰਸਥਾ ਦੀ ਅਸਾਧਾਰਨ ਸੋਚ ਉੱਤੇ,

ਇੰਗਲੈਂਡ ਦੇ ਮਸ਼ਹੂਰ ਡਾਕਟਰੀ ਰਸਾਲਾ *ਲੈਂਸਿਟ* ਦੇ ਐਡੀਟਰ ਰਾਬਿਨ ਫ਼ੌਕਸ ਨੇ 1994 ਵਿਚ ਇਹ ਟਿੱਪਣੀ ਕੀਤੀ : "ਭਾਰਤ ਅੰਦਰ ਸੰਸਥਾ ਦੇ ਘਰ ਬੜੀ ਲਾਪ੍ਰਵਾਹੀ ਅਤੇ ਕੁਢੰਗੀ ਨਾਲ ਚਲਾਏ ਜਾਂਦੇ ਹਨ। ਟੀ.ਬੀ. ਦੇ ਰੋਗੀ ਅੱਡ ਨਹੀਂ ਕੀਤੇ ਜਾਂਦੇ। ਸਰਿੰਜਾਂ ਕੇਵਲ ਕੋਸੇ ਪਾਣੀ ਨਾਲ ਧੋ ਕੇ ਵਰਤ ਲਈਆਂ ਜਾਂਦੀਆਂ ਹਨ। ਪੀੜ ਨਾਲ ਬੇਹਾਲ ਕੁਰਾਹੁੰਦੇ ਰੋਗੀਆਂ ਨੂੰ ਪੀੜ-ਰੋਕੂ ਦਵਾਈਆਂ ਵਰਜਿਤ ਹਨ। ਇਸ ਕਰਕੇ ਨਹੀਂ ਕਿ ਦਵਾਈਆਂ ਦੀ ਕਮੀ ਹੈ, ਸਗੋਂ ਮਾਤਾ ਦੇ ਉੱਚੇ ਅਸੂਲਾਂ ਕਰਕੇ। ਮਹਾਂ-ਮਾਤਾ ਜੀ ਫ਼ੁਰਮਾਉਂਦੇ ਹਨ, "ਕਿਸੇ ਵੀ ਇਨਸਾਨ ਲਈ ਸਭ ਤੋਂ ਵਧੀਆ ਤੋਹਫ਼ਾ ਇਹ ਹੈ ਕਿ ਉਹ ਯਸੂ ਮਸੀਹ/ਕ੍ਰਾਈਸਟ ਦੀਆਂ ਝੇਲੀਆਂ ਹੋਈਆਂ ਪੀੜਾਂ ਅਤੇ ਤਸੀਹਿਆਂ ਵਿਚ ਹਿੱਸੇਦਾਰ ਬਣੇ।" ਇਕ ਵਾਰ ਮਾਤਾ ਜੀ ਨੇ ਇਕ ਪੀੜਾਂ ਨਾਲ ਚੀਕਦੇ ਵਿਅਕਤੀ ਨੂੰ ਕਿਹਾ, "ਤੂੰ ਪੀੜਾਂ/ਦੁੱਖ ਝੇਲ ਰਿਹਾ ਏਂ, ਜਿਸ ਦਾ ਅਰਥ ਹੈ ਕਿ 'ਜੀਸਸ' ਤੈਨੂੰ ਚੁੰਮ ਰਿਹੈ।" ਦੁਖਿਆਰਾ ਅੱਗੋਂ ਗੁੱਸੇ ਵਿਚ ਚੀਕਿਆ, "ਤੂੰ ਆਪਣੇ ਜੀਸਸ ਨੂੰ ਕਹਿ ਕੇ ਉਹ ਮੈਨੂੰ ਚੁੰਮਣਾ ਬੰਦ ਕਰ ਦੇਵੇ।"

ਇਕ ਅੰਗਰੇਜ਼ ਡਾਕਟਰ 'ਜੈਕ ਪ੍ਰੇਗਰ' ਮਦਰ ਟੇਰੀਸਾ ਦੇ ਕੋਲਕਤਾ ਸਥਿਤ ਹੋਸਪਿਸ/ਮਰਨਾਊ ਘਰ ਵਿਚ ਕੰਮ ਕਰਦਾ ਰਿਹਾ ਹੈ। ਉਸ ਦਾ ਕਹਿਣਾ ਹੈ : "ਜੇ ਕਿਸੇ ਨੇ ਪਿਆਰ ਹਮਦਰਦੀ ਨਾਲ ਸੇਵਾ-ਸੰਭਾਲ ਕਰਨੀ ਹੈ ਤਾਂ ਉਸ ਨੂੰ ਘੱਟੋ-ਘੱਟ ਸਟਰਾਈਲ/ਕੀਟਾਣੂ ਮੁਕਤ ਸੂਈਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਦੁਨੀਆਂ ਅੰਦਰਲੀ ਸਭ ਤੋਂ ਅਮੀਰ ਸੰਸਥਾ ਹੈ। ਬਥੇਰੇ 'ਮਰ ਰਹੇ' ਦਰਅਸਲ ਡਾਕਟਰੀ ਹਿਸਾਬ ਨਾਲ ਮਰ ਨਹੀਂ ਰਹੇ ਹੁੰਦੇ।" ਬ੍ਰਿਟਿਸ਼ ਅਖ਼ਬਾਰ *ਗਾਰਡੀਅਨ* ਨੇ ਹਾਸਪਿਸ/ਮਰਨਾਊ ਘਰ ਨੂੰ "ਇਕ ਜਥੇਬੰਦ ਕਿਸਮ ਦੀ ਲਾਪ੍ਰਵਾਹੀ ਮਦਦ" ਵਜੋਂ ਪਛਾਣਿਆ ਹੈ। ਯਤੀਮ ਬੱਚਿਆਂ ਦੀ ਦੇਖਭਾਲ ਉੱਤੇ ਵੀ ਪ੍ਰਸ਼ਨ ਉੱਠਦੇ ਰਹੇ ਹਨ। 'ਪ੍ਰੋ ਇਨਫ਼ੈਂਟ' ਦੇ ਮੁਖੀ ਨੇ ਬੱਚਾ ਗੋਦ ਲੈਣ ਵਾਲਿਆਂ ਨੂੰ 1991 ਵਿਚ ਲਿਖਿਆ : "ਬੱਚਿਆਂ ਨੂੰ ਲੱਗ ਰਹੇ ਟੀਕਿਆਂ/ਲੋਦਿਆਂ ਦੀ ਖ਼ਤਮ ਤਰੀਕ ਪਰਤਾ ਲੈਣਾ। ਬਹੁਤਿਆਂ ਨੂੰ ਤਰੀਕੋਂ ਬਾਅਦ ਜਾਂ ਮਾੜੀ ਸੰਭਾਲ ਕਾਰਨ ਬੇਅਸਰ ਵੈਕਸੀਨਾਂ ਲੱਗਦੀਆਂ ਹਨ।" ਅਜਿਹੀਆਂ ਹਾਲਤਾਂ ਦੀ ਸਮਝ ਮਦਰ ਟੇਰੀਸਾ ਦੇ ਭਾਸ਼ਣਾਂ ਨਾਲ ਜੋੜ ਕੇ ਸਮਝ ਆਉਂਦੀ ਹੈ – ਉਸ ਨੂੰ ਮਰਨ ਉਪਰੰਤ ਜ਼ਿੰਦਗੀ ਦਾ ਵਧੇਰੇ ਫ਼ਿਕਰ ਸੀ ਨਾ ਕਿ ਪੰਜ ਭੂਤਕੀ ਜੀਵਨ ਦਾ।

ਮਦਰ ਟੇਰੀਸਾ ਦਾ ਕਾਰੋਬਾਰ ਸੀ ਤਾਂ ਇਹ ਮਾਇਆ/ਨਕਦੀ ਆਤਮਾ ਦੀ ਚੰਗਿਆਈ ਲਈ ਹੈ। ਸਭ ਤੋਂ ਵੱਧ ਲਾਭ ਦੇਣ ਵਾਲਿਆਂ ਨੂੰ ਹੁੰਦਾ ਹੈ। ਨਿਰਧਨਾਂ ਕੋਲ ਅਜਿਹਾ ਲਾਭ ਕਿਥੇ ? ਉਸ ਦਾ ਅਸਲ ਟੀਚਾ ਸੀ ਆਉਂਦੀ ਮਰਨ ਉਪਰੰਤ ਜ਼ਿੰਦਗੀ। ਨਿਰਧਨ ਅਤੇ ਬੇਸਹਾਰਾ ਹੋ ਕੇ ਤੜਫਣਾ, ਪ੍ਰਾਪਤੀ ਦਾ ਇਕ ਮਹਾਨ ਰਸਤਾ ਸੀ। ਜਿਹੜਾ ਵੀ ਨਿਰਧਨ ਉਸ ਦੇ ਪੈਰਾਂ/ਛਤਰ ਛਾਇਆ ਹੇਠ ਆ ਗਿਆ, ਉਸ ਨੂੰ ਜਬਰਨ ਤਸੀਹੇਨੁਮਾ ਮੋਕਸ਼ ਪ੍ਰਾਪਤੀ ਮਿਲੀ। ਜਿਹੜੇ ਵੀ ਹਮਾਤੜ ਇਹ ਸੋਚਦੇ ਨੇ ਕਿ ਮਦਰ ਟੇਰੀਸਾ ਨੇ ਗ਼ਰੀਬੀ ਵਿਰੁੱਧ ਕੋਈ ਜੰਗ ਛੇੜ ਕੇ ਰੱਖੀ ਹੋਈ ਸੀ, ਇਹ ਤਾਂ ਉਨ੍ਹਾਂ ਦੀ ਨਿੱਜੀ ਸੋਚਣੀ ਹੈ।

ਜਿਉਂ-ਜਿਉਂ ਮਦਰ ਟੇਰੀਸਾ ਦੀ ਸੰਸਥਾ ਦਾ ਨਾਂ ਉੱਚਾ ਹੁੰਦਾ ਗਿਆ, ਉਸ ਨੂੰ ਆਪ ਵੀ ਸਮਝ ਆਉਂਦੀ ਗਈ ਕਿ ਉਸ ਦੇ ਕਾਰਨਾਮਿਆਂ ਬਾਰੇ ਚੋਖੀ ਗ਼ਲਤ-ਫ਼ਹਿਮੀ ਹੈ। ਮਦਰ ਟੇਰੀਸਾ ਧੁਨ ਦੀ ਪੱਕੀ, ਸੱਚੀ ਅਤੇ ਨਿਡਰ ਸੀ। ਉਸ ਨੇ ਮਾਂ-ਘਰ ਦੇ ਬਾਹਰ ਹੇਠ ਲਿਖਤ ਵਾਲੀ ਫੱਟੀ ਲਟਕਾਈ ਹੋਈ ਸੀ : "ਜਾਣ ਲਵੋ, ਅਸੀਂ ਏਥੇ ਕੰਮ ਲਈ ਨਹੀਂ, ਅਸੀਂ ਕੇਵਲ ਜੀਸਸ/ਯਸੂ ਮਸੀਹ ਲਈ ਹਾਂ। ਅਸੀਂ ਸਭ ਤੋਂ ਉਪਰ ਉੱਠ ਕੇ ਨਿਰੋਲ ਧਾਰਮਿਕ ਹਾਂ। ਅਸੀਂ ਕੋਈ ਸਮਾਜ ਸੇਵਕਾਵਾਂ ਟੀਚਰ ਜਾਂ ਡਾਕਟਰ ਨਹੀਂ। ਅਸੀਂ ਨੰਨਾਂ ਹਾਂ।"

ਮਦਰ ਟੇਰੀਸਾ ਨੇ ਜੋ ਵੀ ਕਿਹਾ, ਆਪਣੀ ਅੰਦਰਲੀ ਆਵਾਜ਼ ਨਾਲ ਨਿਡਰ ਹੋ ਕੇ ਕਿਹਾ। ਉਸ ਦੇ ਭਾਵ-ਅਰਥ ਕੱਢਣੇ ਤਾਂ ਸਾਡੀ ਆਪੋ-ਆਪਣੀ ਮਰਜ਼ੀ ਹੈ।

ਲੈ ਦੇ ਕੇ ਹੁਣ ਆਸਤਕ ਰੂਹਾਨੀ ਦੁਨੀਆਂ ਤੋਂ ਉਤਰ ਕੇ ਧਰਤੀ ਦੇ ਉੱਤੇ ਆਈਏ ਅਤੇ ਇਕ ਸਾਧਾਰਨ ਦੁਨਿਆਵੀ ਸਵਾਲ ਕਰੀਏ – ਮਹਾਂ ਮਾਂ ਟੇਰੀਸਾ ਦੇ ਹੁੰਦਿਆਂ ਅਤੇ ਪਿੱਛੋਂ ਦਾਨ ਵਿਚ ਆਏ ਅਤੇ ਅਜੇ ਵੀ ਧੜਾਧੜ ਆ ਰਹੇ ਅਰਬਾਂ ਡਾਲਰਾਂ ਦਾ ਕੀ ਬਣਿਆ ਜਾਂ ਬਣ ਰਿਹਾ ਹੈ ?

ਮੌਤੀਲੀ ਪ੍ਰਮਾਣੂ ਸ਼ਕਤੀ

ਆਦਿ ਮਨੁੱਖ ਦਾ ਬੜੇ ਚਿਰਾਂ ਤੋਂ ਅੱਗਾਂ ਦੇ ਨਾਲ ਵਾਹ ਪਿਆ ਹੋਇਆ ਸੀ, ਕੁਦਰਤੀ ਢੰਗਾਂ ਦੇ ਨਾਲ। ਗਰਮੀਆਂ ਦੀ ਰੁੱਤੇ ਜੰਗਲਾਂ ਨੂੰ ਅੱਗਾਂ ਲੱਗਣੀਆਂ, ਬਰਸਾਤਾਂ ਦੇ ਨਾਲ ਅਸਮਾਨੀ ਬਿਜਲੀ ਰਾਹੀਂ ਅਤੇ ਲਾਵੇ ਨਾਲ ਫਟਣ ਵਾਲੇ ਪਹਾੜਾਂ ਦੇ ਰਾਹੀਂ। ਹਜ਼ਾਰਾਂ ਸਾਲਾਂ ਤੋਂ ਲੋਕਾਂ ਨੇ ਬਲਦੀ ਲੱਕੜ ਰਾਹੀਂ, ਅੱਗ ਨੂੰ ਘਰੋ-ਘਰ ਪੁਚਾ ਦਿੱਤਾ। ਚੁੱਲ੍ਹਿਆਂ ਦੀ ਸਵਾਹ ਵਿਚ ਲੁਕਾ ਕੇ ਸੰਭਾਲਣ ਦੇ ਕਾਬਲ ਕੀਤਾ। ਹਜ਼ਾਰਾਂ ਸਾਲਾਂ ਤੋਂ ਮਨੁੱਖ ਨੇ ਪੱਥਰਾਂ ਨੂੰ ਟਕਰਾ ਕੇ, ਅੱਗ ਬਾਲਣ ਦੀ ਜਾਚ ਸਿੱਖ ਲਈ, ਹੋਰ ਵੀ ਕਈ ਮਕੈਨਕੀ ਢੰਗ ਲੱਭੇ। ਓਸ ਪਿੱਛੋਂ ਕੀਮਿਆਈ ਮਕੈਨਕੀ-ਢੰਗ ਨਾਲ ਅੱਗ ਕੱਢਣ ਵਾਲੀਆਂ ਤੀਲੀਆਂ ਬਣ ਗਈਆਂ। ਬਾਲਣ ਲਈ ਪਹਿਲਾਂ ਘਾਸ ਫੂਸ, ਟਾਹਣੀਆਂ ਜਾਂ ਲੱਕੜ ਦੇ ਟੋਟੇ ਪਿੱਛੋਂ ਬਲਦੇ ਪੱਥਰ (ਪੱਥਰ ਦਾ ਕੋਲਾ) ਅਤੇ ਧਰਤੀ ਅੰਦਰੋਂ ਤੇਲ ਵਰਤੋਂ ਵਿਚ ਆ ਗਏ। ਇਨਸਾਨ ਨੂੰ ਉਸ 'ਸ਼ਕਤੀ' ਦੀ ਸਮਝ ਆ ਗਈ ਜਿਸ ਤੋਂ ਬੇਅੰਤ ਕੰਮ ਲਏ ਜਾ ਸਕਦੇ ਹਨ। ਵਿਸਫੋਟਕ ਮਿਸ਼ਰਣ (ਬਾਰੂਦ) ਅਤੇ ਸਭ ਬਾਰੂਦਾਂ ਦੇ ਪਿਓ 'ਟੀ.ਐੱਨ.ਟੀ.' ਇਨਸਾਨ ਦੇ ਹੱਥ ਆ ਗਏ। ਇਸ ਦੇ ਨਾਲ ਧਰਤੀ ਉੱਤੇ ਵੱਖ-ਵੱਖ ਥਾਂ ਉੱਤੇ ਰਾਜਾਂ, ਮਹਾਰਾਜਾਂ, ਸਾਮਰਾਜਾਂ, ਸਿਆਸੀ ਅਤੇ ਵਿੱਤੀ ਸ਼ਕਤੀਆਂ ਦੇ ਸੰਤੁਲਨ ਹੇਠਾਂ ਉਪਰ ਹੋਣ ਲੱਗ ਪਏ। ਛੋਟੀਆਂ ਮੋਟੀਆਂ ਡੰਗਰਾਂ ਅਤੇ ਔਰਤਾਂ ਖੋਹਣ ਵਾਲੀਆਂ ਮੁੱਠਭੇੜਾਂ ਦੀ ਥਾਂ ਵੱਡੀਆਂ ਰਿਆਸਤਾਂ ਵਿਚਕਾਰ ਲਗਾਤਾਰ ਲੜਾਈਆਂ ਅਤੇ ਤਬਾਹੀਆਂ ਸ਼ੁਰੂ ਹੋ ਗਈਆਂ।

ਇਸ ਤੋਂ ਇਲਾਵਾ ਧਰਤੀ ਦੇ ਵਿਭਿੰਨ/ਵੱਖ-ਵੱਖ ਇਲਾਕਿਆਂ ਵਿਚ 'ਫਲਸਫਿਆਂ' ਦੇ ਆਧਾਰ ਉੱਤੇ ਵਿੱਤੀ, ਸਿਆਸੀ ਅਤੇ ਫ਼ੌਜੀ ਗੁੱਟ ਬਣਨੇ ਸ਼ੁਰੂ ਹੋਏ ਜਾਪਣ ਲੱਗੇ। ਪੱਛਮ ਵਿਚ ਸਨਅਤੀ ਇਨਕਲਾਬ ਆਇਆ ਤਾਂ ਰਜਵਾੜਿਆਂ ਦੀ ਦੂਰ-ਦੁਰਾਡੇ ਮੁਲਕਾਂ ਉੱਤੇ ਕਬਜ਼ੇ ਕਰਨ ਦੀ ਲਾਲਸਾ ਜਾਗੀ ਅਤੇ ਵਧਣ ਲੱਗੀ। ਕੁੱਲ ਧਰਤੀ ਉੱਤੇ ਬਰਤਾਨਵੀ, ਫ਼ਰਾਂਸੀਸੀ, ਪੁਰਤਗਾਲੀ, ਇਤਾਲਵੀ ਅਤੇ ਡੱਚ (ਹਾਲੈਂਡ ਦੇਸ) ਸਾਮਰਾਜ ਛਾ ਗਏ। ਸਥਾਨਕ ਲੋਕ ਤਾਂ ਤੀਰ ਕਮਾਨ ਯੁੱਗ ਵਿਚ ਰਹਿ ਰਹੇ ਸਨ ਅਤੇ ਸਾਮਰਾਜ ਤੋਪਾਂ ਬੰਦੂਕਾਂ ਆਦਿ ਨਾਲ ਲੈਸ ਸਨ। ਹਰ ਬਸਤੀ ਅੰਦਰ ਸਥਾਨਕ ਲੋਕਾਂ ਦਾ ਸ਼ਿਕਾਰ ਕਰ ਕਰ ਕੇ ਸਫ਼ਾਇਆ ਕੀਤਾ ਗਿਆ। ਸਾਮਰਾਜਾਂ ਨੇ ਆਏ ਦਿਨ ਆਪੋ ਵਿਚ ਵੀ 'ਲੜਨਾ' ਸ਼ੁਰੂ ਕਰ ਦਿੱਤਾ। ਕਈ ਦੇਸਾਂ ਅੰਦਰ 'ਇਨਕਲਾਬ' ਹੋਏ/ਰਾਜ ਪਲਟੇ ਕੀਤੇ ਗਏ। ਹਥਿਆਰਾਂ ਦੇ ਵਿਕਾਸ ਉੱਤੇ ਬੇਅੰਤ

ਦੌਲਤ ਖ਼ਰਚ ਹੋਣ ਲੱਗੀ। ਛੋਟੇ ਛੋਟੇ ਦੇਸਾਂ ਦੀਆਂ ਫ਼ੌਜਾਂ ਵੀ ਲੱਖਾਂ ਵਿਚ ਗਿਣੀਆਂ ਜਾਣ ਲੱਗ ਪਈਆਂ। ਦੇਸਾਂ ਦੇ ਅੰਦਰ ਧੜੇ ਬਣ ਕੇ ਲੜਾਈਆਂ ਹੋਈਆਂ ਅਤੇ ਆਂਢੀ-ਗੁਆਂਢੀ ਦੇਸਾਂ ਵਿਚਕਾਰ ਵੀ। ਚੰਗੇ ਭਲੇ ਖਾਂਦੇ-ਪੀਂਦੇ ਲੋਕਾਂ ਦੇ ਹੁੰਦਿਆਂ ਦੇਸਾਂ ਦੀ ਮੱਤ ਨੂੰ ਪਤਾ ਨਹੀਂ ਕੀ ਹੋ ਜਾਂਦਾ ਸੀ, ਕਿ ਵਿਸ਼ਵ ਭਰ ਦੇ ਦੇਸ ਦੋ ਧੜਿਆਂ ਵਿਚ ਵੰਡੇ ਜਾਂਦੇ ਅਤੇ ਆਪੋ ਵਿਚ ਭਿੜ ਜਾਂਦੇ। ਕਰੋੜਾਂ ਲੋਕ ਜੰਗ ਦੀ ਭੱਠੀ ਵਿਚ ਭੁੱਜ ਜਾਂਦੇ। ਜੰਗ ਮੁੱਕਦਿਆਂ ਹੀ ਅਗਲੀ ਜੰਗ ਦੀ ਤਿਆਰੀ ਸ਼ੁਰੂ ਹੋ ਜਾਣੀ। ਕੁੱਲ ਵੀਹਵੀਂ ਸਦੀ ਅਤੇ 21ਵੀਂ ਸਦੀ ਦੇ ਗਿਆਰਾਂ ਸਾਲਾਂ ਵਿਚ ਸ਼ਾਇਦ ਹੀ ਕੋਈ ਦਿਨ ਹੋਵੇ, ਜਦੋਂ ਕਿਤੇ ਨਾ ਕਿਤੇ ਤੇਜ਼ੀ ਨਾਲ ਜੰਗ ਨਾ ਹੋ ਰਹੀ ਹੋਵੇ ਜਾਂ ਕਮਜ਼ੋਰ ਲੋਕਾਂ ਨੂੰ ਆਪੋ ਵਿਚ ਲੜਾਇਆ ਨਾ ਜਾਂਦਾ ਹੋਵੇ ਅਤੇ ਜਾਂ ਫਿਰ ਜ਼ੋਰਾਵਰ ਜਾਂ ਅਤਿ ਜ਼ੋਰਾਵਰ ਦੇਸ ਕਿਸੇ ਲਗਭਗ ਨਿਹੱਥੇ ਦੇਸ ਉੱਤੇ ਹਮਲਾ ਨਾ ਕਰ ਰਿਹਾ ਹੋਵੇ। ਕੁਲ ਜੰਗਾਂ ਨੂੰ ਪ੍ਰੇਣ ਅਤੇ ਗੁੰਦਣ ਵਾਲੀ ਇੱਕੋ ਇਕ ਸ਼ਕਤੀ ਸੀ, ਜੋ ਹਰ ਜੰਗ ਦੇ ਪਿੱਛੇ ਛੁਪੀ ਹੁੰਦੀ ਸੀ ਅਤੇ ਲੜਨ ਵਾਲੇ ਦੋਵੇਂ ਵਿਰੋਧੀ ਧੜਿਆਂ ਨੂੰ ਜੰਗ ਦੀ ਤਿਆਰੀ ਅਤੇ ਕਾਰਗੁਜ਼ਾਰੀ ਲਈ ਸੂਦ ਉੱਤੇ ਕਰਜ਼ਾ ਦੇਂਦੀ ਸੀ। ਇਹ ਸੀ ਇੱਕੋ ਹੀ ਪਰਿਵਾਰ ਦੇ ਕਬਜ਼ੇ ਹੇਠ ਬੈਂਕਰਾਂ ਦੀ ਲੜੀ। ਇਹ ਬੈਂਕ ਪਰਿਵਾਰ ਲੰਡਨ ਵਿਚ 'ਦ ਸਿਟੀ' ਵਿਚ ਸਥਿਤ ਹਨ ਅਤੇ ਏਸ ਸਮੇਂ ਵੀ ਧਰਤੀ ਦੀ ਅੱਧੀ ਦੌਲਤ ਦੇ ਮਾਲਕ ਹਨ – ਲਗਭਗ 500 ਟ੍ਰਿਲੀਅਨ[1]। ਇਨ੍ਹਾਂ ਦਾ ਮੁੱਖ ਟੀਚਾ ਹੈ ਕੁਲ ਦੁਨੀਆਂ ਦੀ ਵਾਗਡੋਰ, ਜੋ ਇਨ੍ਹਾਂ ਦੀਆਂ ਉਂਗਲਾਂ ਉੱਤੇ ਨੱਚੇ। ਏਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਜ਼ਰੂਰੀ ਹੈ ਕਿ ਇਨ੍ਹਾਂ ਦੀ ਮੁੱਠੀ ਵਿਚ ਹੇਠ ਲਿਖੀਆਂ ਚੀਜ਼ਾਂ ਹੋਣ :

1. ਹਰ ਦੇਸ ਦੀ ਬੈਂਕਕਾਰੀ, ਇਨ੍ਹਾਂ ਦੀ ਨਿੱਜੀ ਹੋਵੇ। ਰੌਥਚਾਈਲਡ ਬੈਂਕ ਨੂੰ ਇੰਟਰਨੈੱਟ ਉੱਤੇ ਪੜਚੋਲੀਏ ਤਾਂ ਪਤਾ ਲੱਗਦਾ ਹੈ ਕਿ ਦੁਨੀਆਂ ਦੇ ਕੁਲ ਦੇਸਾਂ ਦੇ

---

1. ਰੋਜ਼ ਮਿਲੀਅਨ, ਬਿਲੀਅਨ ਅਤੇ ਟ੍ਰਿਲੀਅਨ ਡਾਲਰਾਂ ਦੀ ਸੁਣਦੇ ਰਹਿੰਦੇ ਹਾਂ। ਆਉ ਵੇਖੀਏ, ਇਨ੍ਹਾਂ ਦਾ ਵਜੂਦ ਕੀ ਹੈ ?

ਸੌ ਦੇ ਡਾਲਰ ਨੋਟਾਂ ਦੀ ਇਕ ਸੌ ਦੀ ਥੱਦੀ (ਕੀਮਤ 10000 ਡਾਲਰ) ਕੇਵਲ ਅੱਧਾ ਇੰਚ ਮੋਟੀ ਹੁੰਦੀ ਹੈ। ਏਹੋ ਜਹੀਆਂ ਸੌ ਥੱਦੀਆਂ ਅੰਦਰ ਆਏ ਇਕ ਮਿਲੀਅਨ ਡਾਲਰ। ਇਹ ਸੌ ਥੱਦੀਆਂ ਬਾਜ਼ਾਰੋਂ ਸੌਦਾ ਲਿਆਉਣ ਵਾਲੇ ਥੈਲੇ ਵਿਚ ਪਾ ਕੇ, ਆਸਾਨੀ ਨਾਲ ਚੱਲਿਆ ਫਿਰਿਆ ਜਾ ਸਕਦਾ ਹੈ।

ਜੇ ਇਕ ਮਿਲੀਅਨ ਦੀਆਂ ਸੌ ਥੱਦੀਆਂ ਬਣਾਈਏ ਤਾਂ ਚਾਰ ਫ਼ੁੱਟ ਹਰ ਪਾਸੇ (ਕਿਊਬ) ਦੀ, ਇਕ ਪੇਟੀ ਬਣ ਜਾਂਦੀ ਹੈ। ਜੇ ਅਜਿਹੀਆਂ ਦਸ ਪੇਟੀਆਂ ਹੋਣ ਤਾਂ ਇਕ ਬਿਲੀਅਨ ਡਾਲਰ ਬਣਦੇ ਨੇ।

ਇਕ ਹਜ਼ਾਰ ਬਿਲੀਅਨ ਡਾਲਰਾਂ ਦੇ ਨਾਲ ਇਕ ਟ੍ਰਿਲੀਅਨ ਡਾਲਰ ਬਣਦੇ ਨੇ। ਐਨੀ ਨਕਦੀ ਕਿੰਨੀ ਥਾਂ ਘੇਰੇਗੀ ? ਉਹ ਬਣਦੀ ਹੈ 400×400 ਵਰਗ ਫ਼ੁੱਟ (133×133 ਵਰਗ ਗਜ਼) ਅਤੇ ਕੇਵਲ 4 ਫ਼ੁੱਟ ਉੱਚੀ, ਭਾਵ 640,000 ਕਿਊਬਿਕ ਫ਼ੁੱਟ। ਸੌ ਸੌ ਦੇ ਨੋਟਾਂ ਵਿਚ ਇਕ ਮਿਲੀਅਨ ਡਾਲਰਾਂ ਦਾ ਭਾਰ ਬਣਦਾ ਹੈ 10 ਕਿਲੋਗ੍ਰਾਮ। ਇਕ ਬਿਲੀਅਨ ਡਾਲਰਾਂ ਦਾ ਭਾਰ ਬਣਦਾ ਹੈ 10 ਟਨ। ਇਕ ਟ੍ਰਿਲੀਅਨ ਨਕਦੀ, ਸੌ ਦੇ ਡਾਲਰਾਂ ਦਾ ਭਾਰ ਬਣਦਾ ਹੈ 10,000 ਟਨ। ਇਕ ਟ੍ਰਿਲੀਅਨ ਡਾਲਰਾਂ ਦੇ ਬਰਾਬਰ ਸੌ ਸੌ ਰੁਪਏ ਦੀਆਂ ਥੱਦੀਆਂ ਦਾ ਭਾਰ ਹੋਵੇਗਾ 5 ਲੱਖ ਟਨ ਅਤੇ ਵਜੂਦ ਹੋਵੇਗਾ 400 ਫ਼ੁੱਟ ਲੰਮਾ, 400 ਫ਼ੁੱਟ ਚੌੜਾ ਅਤੇ ਦੋ ਸੌ ਫ਼ੁੱਟ ਉੱਚਾ।

ਕੇਂਦਰੀ ਬੈਂਕਾਂ ਦੀਆਂ ਤਣਾਵਾਂ ਇਨ੍ਹਾਂ ਦੇ ਹੱਥ ਵਿਚ ਹਨ। ਜਿਨ੍ਹਾਂ ਦੇਸਾਂ ਦੇ ਬੈਂਕ ਪੂਰਨ ਰੂਪ ਵਿਚ ਇਨ੍ਹਾਂ ਦੇ ਹੱਥ ਨਹੀਂ ਹਨ, ਉਨ੍ਹਾਂ ਦੇ ਨਾਂ ਹਨ : ਈਰਾਨ, ਲਿਬੀਆ, ਸੂਡਾਨ, ਕਿਊਬਾ ਅਤੇ ਉੱਤਰੀ ਕੋਰੀਆ। ਪਹਿਲਾਂ ਇਰਾਕ ਵੀ ਇੰਜ ਹੀ ਸੀ। ਹੁਣ ਉਸ ਨੂੰ ਸੋਧ/ਢਾਹ ਲਿਆ ਗਿਆ ਹੈ। ਕਾਬੂ ਨਾ ਆਉਣ ਵਾਲੇ ਦੇਸਾਂ ਨੂੰ 'ਬਦੀ ਦੇ ਧੁਰੇ' ਦਾ ਖ਼ਿਤਾਬ ਦਿੱਤਾ ਹੋਇਆ ਹੈ ਅਤੇ ਉਨ੍ਹਾਂ ਦੀ ਤਬਾਹੀ ਲਈ ਹਰ ਸਮੇਂ ਗੋਂਦਾਂ ਗੁੰਦੀਆਂ ਜਾਂਦੀਆਂ ਹਨ। ਅੱਜ-ਕੱਲ੍ਹ ਲਿਬੀਆ ਦੀ ਸ਼ਾਮਤ ਆਈ ਹੋਈ ਹੈ।

2. ਦੁਨੀਆਂ ਦੇ ਕੁੱਲ ਮੁੱਖ ਅਖ਼ਬਾਰ, ਕਿਤਾਬਾਂ ਛਾਪਣ ਦੇ 'ਅਦਾਰੇ' ਹਾਲੀਵੁੱਡ ਅਤੇ ਹੋਰ ਫ਼ਿਲਮੀ ਜਗਤ, ਖ਼ਬਰ ਏਜੰਸੀਆਂ, ਸੰਗੀਤ ਜਗਤ, ਟੈਲੀਵੀਜ਼ਨ ਅਤੇ ਰੇਡੀਓ ਪ੍ਰਸਾਰ, ਇਨ੍ਹਾਂ ਦੀ ਮੁੱਠੀ ਵਿਚ ਹਨ। ਇਨ੍ਹਾਂ ਰਾਹੀਂ ਯੋਜਨਾਬੱਧ ਢੰਗਾਂ ਨਾਲ ਲੋਕ ਰਾਇ ਨੂੰ ਜਿਧਰ ਚਾਹੋ, ਮੋੜ ਲਵੋ।

3. ਉਨ੍ਹਾਂ ਦਾ ਕਹਿਣਾ ਹੈ ਕਿ ਕਿਸੇ ਵੀ ਦੇਸ ਦੇ ਤਖ਼ਤ ਉੱਤੇ ਕਿਹੜਾ ਉੱਲੂ ਬੈਠਾ ਹੈ, ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ, ਜਦੋਂ ਤਕ ਕਿ ਦੇਸ ਦੀ ਬੈਂਕਕਾਰੀ ਉਨ੍ਹਾਂ ਦੇ ਹੱਥ ਵਿਚ ਹੈ। ਰਾਜ ਤਾਂ ਉਹੀ ਕਰਦਾ ਹੈ, ਜਿਸ ਦੀ ਮੁੱਠੀ ਵਿਚ ਕੁੱਲ ਸਰਮਾਇਆ ਹੋਵੇ।

4. ਦੁਨੀਆਂ ਦੀਆਂ ਕੁੱਲ ਸ਼ਕਤੀਆਂ ਦਾ ਬਾਪ ਹੈ ਊਰਜਾ/ਸ਼ਕਤੀ, ਜੋ ਆਉਂਦੀ ਹੈ ਤੇਲ, ਕੋਲੇ, ਪਾਣੀ ਡੈਮ ਅਤੇ ਪ੍ਰਮਾਣੂ ਰੀਐਕਟਰਾਂ ਤੋਂ। ਕੁੱਲ ਵਸੀਲਿਆਂ ਉੱਤੇ ਬੈਂਕਰ ਹਾਵੀ ਹਨ, ਖ਼ਾਸ ਤੌਰ ਉੱਤੇ ਤੇਲ ਅਤੇ ਪ੍ਰਮਾਣੂ ਸੋਮਿਆਂ ਉੱਤੇ। ਜਿਥੇ ਵੀ ਤੇਲ, ਸੋਨੇ ਚਾਂਦੀ ਅਤੇ ਪ੍ਰਮਾਣੂ ਵਸਤੂਆਂ ਦੇ ਭੰਡਾਰ ਹਨ, ਉਥੇ ਹੀ ਬੈਂਕਰ-ਉਤਸ਼ਾਹਤ ਦੇਸ (ਕਹਿਣ ਨੂੰ ਸਾਮਰਾਜ) ਆਪਣਾ ਲਾਓ ਲਸ਼ਕਰ ਲੈ ਕੇ ਪਹੁੰਚ ਜਾਂਦੇ ਹਨ ਅਤੇ ਆਪਣੇ ਤਖ਼ਤ ਬਿਠਾਏ ਹੱਥ-ਠੋਕੇ ਰਾਹੀਂ ਦੇਸ ਨੂੰ ਕਾਬੂ ਹੇਠ ਰੱਖਦੇ ਹਨ।

ਜਿਸ ਦੇ ਹੱਥ ਵਿਚ ਊਰਜਾ/ਸ਼ਕਤੀ ਕੰਟਰੋਲ ਹੈ, ਓਹੀ ਆਪਣੀ ਈਨ ਮਨਾ ਸਕਦੈ। ਜੇ ਸ਼ਕਤੀ ਹਰ ਜਣੇ ਖਣੇ ਦੇ ਹੱਥ ਵਿਚ ਆ ਜਾਵੇ ਫੇਰ ? ਸਾਇੰਸ ਨੇ ਏਨੀ ਤਰੱਕੀ ਕੀਤੀ ਹੈ ਕਿ ਕਾਰ ਇੰਜਣ (ਹੋਰ ਸਭ ਇੰਜਣ ਕਿਉਂ ਨਹੀਂ) ਪਟਰੋਲ ਦੀ ਥਾਂ ਪਾਣੀ ਨਾਲ ਚਲਾਇਆ ਜਾ ਸਕਦਾ ਹੈ। ਕਰਨਾ ਕੀ ਹੈ ? ਪਾਣੀ ਨੂੰ, ਜੋ ਆਕਸੀਜਨ ਅਤੇ ਹਾਈਡਰੋਜਨ ਦੇ ਜੋੜ ਨਾਲ ਬਣਿਆ ਹੁੰਦਾ ਹੈ, ਇਕ ਉਪਕਰਨ/ਮਸ਼ੀਨ ਦੇ ਨਾਲ ਅੱਡ-ਅੱਡ ਖ਼ਾਨਿਆਂ ਵਿਚ ਭਰਨਾ ਹੁੰਦਾ ਹੈ। ਇਨ੍ਹਾਂ ਹੀ ਦੋਹਾਂ ਭਾਗਾਂ ਨੂੰ ਵਾਪਸ ਮਿਲਾਈਏ ਤਾਂ ਗਰਮੀ/ਸ਼ਕਤੀ ਊਰਜਾ ਪੈਦਾ ਹੁੰਦੀ ਹੈ, ਜਿਸ ਨੂੰ ਕੰਮ ਵਿਚ ਲਿਆਇਆ ਜਾਂਦਾ ਹੈ। ਹੁਣ ਤਕ ਚੋਖੇ 'ਪਾਣੀ ਤੋਂ ਸ਼ਕਤੀ' ਵਾਲੇ ਖੋਜੀਆਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਚੁੱਕਾ ਹੈ ਅਤੇ ਉਨ੍ਹਾਂ ਦੀਆਂ ਪ੍ਰਯੋਗਸ਼ਾਲਾਵਾਂ ਜ਼ਬਤ ਕੀਤੀਆਂ ਜਾ ਚੁੱਕੀਆਂ ਹਨ। ਸੂਰਜ ਦੀ ਰੌਸ਼ਨੀ ਨਾਲ ਕਾਰਾਂ ਚਲਾਈਆਂ ਜਾ ਚੁੱਕੀਆਂ ਹਨ। ਜੇ ਇੰਜ ਸ਼ਕਤੀ ਦੀ ਵਰਤੋਂ ਸ਼ੁਰੂ ਹੋ ਗਈ ਤਾਂ ਤੇਲ ਰਾਹੀਂ ਇਜਾਰੇਦਾਰੀ ਅਤੇ ਲੋਕਾਈ ਉੱਤੇ ਕੰਟਰੋਲ ਰੱਖਣ ਵਾਲੀਆਂ ਸ਼ਕਤੀਆਂ ਦਾ ਕੀ ਬਣੇਗਾ ? ਜੇ ਘਰ-ਘਰ ਅੰਦਰ 'ਪਾਣੀ-ਸ਼ਕਤੀ' ਦੀ ਵਰਤੋਂ ਸ਼ੁਰੂ ਹੋ ਗਈ ਤਾਂ ਲੜਾਈ ਦੀਆਂ ਮੁਹਿੰਮਾਂ ਉੱਤੇ ਕੌਣ ਜਾਊ ? ਦੁਨੀਆਂ ਨੂੰ ਤੇਲ ਉੱਤੇ ਨਿਰਭਰ ਰੱਖੀ ਜਾਣ ਵਿਚ ਹੀ ਇਜਾਰਾਦਾਰੀ ਬੈਂਕਰਾਂ ਦਾ ਰਾਜ ਕਾਇਮ ਰਹਿੰਦਾ ਹੈ।

ਭਾਰਤ ਵਿਚ ਟਾਟਾ ਮੋਟਰਜ਼ ਵਾਲਿਆਂ ਨੇ ਐਲਾਨ ਕੀਤਾ ਹੈ ਕਿ ਆਉਂਦੇ ਕੁਝ ਸਾਲਾਂ ਵਿਚ ਉਨ੍ਹਾਂ ਦੀਆਂ ਕਾਰਾਂ ਪਾਨੀ ਨਾਲ ਚੱਲਣਗੀਆਂ। ਦੁਨੀਆਂ ਉੱਤੇ ਕਾਬਜ਼ ਸ਼ਕਤੀਆਂ ਓਸ ਨੂੰ ਅਜਿਹਾ 'ਹਨੇਰ' ਪਾਉਣ ਦੇਣਗੀਆਂ ? ਸਵਾਲ ਹੀ ਨਹੀਂ ਉੱਠਦਾ। ਪਾਣੀ ਵਿੱਚੋਂ ਸ਼ਕਤੀ ਕੱਢਣ ਦਾ ਅਰਥ ਹੈ ਲੋਕਾਈ ਦੀਆਂ ਕੁੱਲ ਨੁੱਕਰਾਂ ਵਿਚ ਆਜ਼ਾਦੀ ਦਾ ਰਾਜ, ਸਥਾਨਕ ਝਗੜਿਆਂ ਅਤੇ ਦੇਸਾਂ ਵਿਚਕਾਰ ਲੜਾਈਆਂ ਤੋਂ ਛੁਟਕਾਰਾ। ਦੂਜਿਆਂ ਦੀ ਖੁਰਲੀ ਵਿਚ ਮੂੰਹ ਮਾਰਨ ਦੀ ਕੀ ਲੋੜ ਹੈ, ਜਦੋਂ ਤੁਹਾਡੇ ਆਪਣੇ ਖ਼ਜ਼ਾਨੇ ਊਰਜਾ/ਸ਼ਕਤੀ ਨਾਲ ਭਰਪੂਰ ਹਨ।

ਸਵਾ ਦੋ ਸੌ ਸਾਲ ਪਹਿਲਾਂ ਜਦੋਂ ਰੋਥਚਾਈਲਡ ਬੈਂਕਰ ਪਰਿਵਾਰ ਨੇ ਕੁੱਲ ਦੁਨੀਆਂ ਨੂੰ ਕਾਬੂ ਕਰਨ ਦਾ ਮਨਸੂਬਾ ਬਣਾਇਆ ਸੀ ਤਾਂ ਦੁਨੀਆਂ ਦੀ ਕੁੱਲ ਆਬਾਦੀ ਅੱਜ ਤੋਂ ਕਿਤੇ ਘੱਟ ਸੀ। ਕੇਵਲ ਇਕ ਅਰਬ। ਅੱਜ ਉਹ ਆਬਾਦੀ ਵਧਦੀ-ਵਧਦੀ ਸੱਤ ਅਰਬ ਟੱਪ ਗਈ ਹੈ। ਵਧੀ ਹੋਈ ਆਬਾਦੀ ਬੈਂਕਰਾਂ ਲਈ ਸਿਰ ਪੀੜ ਦਾ ਕਾਰਨ ਬਣੀ ਹੋਈ ਹੈ। ਏਨੀ ਲੋਕਾਈ ਨੂੰ ਕਾਬੂ ਕਰ ਕੇ ਰੱਖਣਾ ਔਖਾ ਕੰਮ ਹੈ। ਏਸ ਲਈ ਉਨ੍ਹਾਂ ਨੇ ਆਬਾਦੀ ਕੁਤਰਣ/ਘਟਾਉਣ ਲਈ ਢੰਗ ਕੱਢੇ ਹੋਏ ਹਨ – ਲਗਾਤਾਰ ਜੰਗਾਂ ਅਤੇ ਮੌਤਾਂ ਅਤੇ ਇਕ ਹੋਰ ਰਾਜ਼ ਭਰਿਆ ਢੰਗ, ਪ੍ਰਮਾਣੂ ਰੇਡੀਓ ਐਕਟਿਵ ਕਿਰਨਾਂ ਅਤੇ ਕਿਣਕਿਆਂ ਰਾਹੀਂ।

ਕੋਲਾ ਅਤੇ ਤੇਲ ਤਾਂ ਬਥੇਰੇ ਦੇਸਾਂ ਵਿਚ ਚੋਖੀ ਮਾਤਰਾ ਵਿਚ ਮਿਲਦੇ ਹਨ, ਜਦ ਕਿ ਪ੍ਰਮਾਣੂ ਊਰਜਾ ਦਾ ਕੱਚਾ ਮਾਲ ਤਾਂ ਬਹੁਤ ਥੋੜ੍ਹੀਆਂ ਥਾਵਾਂ ਉੱਤੇ ਮਿਲਦਾ ਹੈ। ਜੇ ਦੁਨੀਆਂ ਅੰਦਰ ਪ੍ਰਮਾਣੂ ਊਰਜਾ ਨੂੰ ਪਸਾਰਿਆ/ਖਿਲਾਰਿਆ ਜਾਵੇ, ਜਿਸ ਦੇ ਕੱਚੇ ਮਾਲ ਦੀ ਸਪਲਾਈ ਬੈਂਕਰਾਂ ਦੇ ਏਜੰਟਾਂ/ਦੇਸਾਂ ਦੇ ਹੱਥ ਵਿਚ ਹੋਵੇ ਤਾਂ ਇਜਾਰਾਦਾਰੀ ਪੱਕੀ ਹੋ ਜਾਂਦੀ ਹੈ। ਕੋਈ ਦੇਸ ਆਕੀ ਹੋਇਆ ਨਹੀਂ ਤਾਂ ਨਾਲ ਹੀ ਉਸ ਦੀ ਯੂਰੇਨੀਅਮ ਸਪਲਾਈ ਬੰਦ ਹੋ ਜਾਣੀ ਹੈ। ਚੋਪੜੀਆਂ ਨਾਲੇ ਦੋ ਦੋ। ਪ੍ਰਮਾਣੂ ਬਿਜਲੀ ਘਰ ਉਸਾਰਣ ਵੇਲੇ ਬੇਅੰਤ ਕਮਾਈ/ਲੁੱਟ ਮਾਰ ਹੋਣੀ ਹੈ ਅਤੇ ਪ੍ਰਮਾਣੂ ਬਾਲਣ ਦੀ ਖ਼ਰੀਦ ਲਈ ਓਸ ਦੇਸ ਨੇ ਸਦਾ ਲਈ ਭਿੱਖ ਮੰਗਾ ਹੋ ਜਾਣਾ ਹੈ। ਪ੍ਰਮਾਣੂ ਹਥਿਆਰਾਂ ਦਾ ਪ੍ਰਸਾਰ ਖਿਲਾਰਣ ਲਈ ਚੋਣਵੇਂ ਦੇਸਾਂ ਨੂੰ ਤੁਖਣੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਆਂਢੀ-ਗੁਆਂਢੀ ਦੇਸਾਂ ਵਿਚ ਵਕਤੇ-ਵਕਤੀ ਤਣਾਉ ਅਤੇ ਛੋਟੀਆਂ-ਮੋਟੀਆਂ ਝੜਪਾਂ ਹੁੰਦੀਆਂ ਰਹਿਣੀਆਂ ਚਾਹੀਦੀਆਂ ਹਨ। ਸ਼ਾਵਾ, ਹੋਰ ਪ੍ਰਮਾਣੂ ਹਥਿਆਰ, ਬੰਬਾਰ ਜਹਾਜ਼ ਅਤੇ ਰਾਕਟਾਂ ਵਿਚ ਵਾਧਾ ਹੋਵੇ!

ਪ੍ਰਮਾਣੂ ਬਿਜਲੀ ਘਰਾਂ ਲਈ ਕੁਝ ਤਕਨੀਕੀ ਜ਼ਰੂਰਤਾਂ ਹਨ। ਇਕ, ਉਨ੍ਹਾਂ ਦੇ ਨੇੜੇ ਪਾਣੀ ਦਾ ਵੱਡਾ ਸੋਮਾ, ਜਿਵੇਂ ਇਕ ਵੱਡਾ ਦਰਿਆ, ਝੀਲ ਜਾਂ ਸਮੁੰਦਰ ਦਾ ਕੰਢਾ ਹੋਵੇ। ਪ੍ਰਮਾਣੂ ਭੱਠੀ/ਰੀਐਕਟਰ ਦੀ ਗਰਮੀ ਨਾਲ ਪਾਣੀ ਨੂੰ ਉਬਾਲਿਆ ਜਾਣਾ ਹੈ ਅਤੇ ਨਿਕਲਦੀ ਭਾਫ਼ ਦੇ ਭਾਰੇ ਦਬਾਉ ਨਾਲ ਬਿਜਲੀ ਪੈਦਾ ਕਰਨ ਵਾਲੀਆਂ ਮੋਟਰਾਂ ਨੇ ਚੱਲਣਾ ਹੈ। ਕੋਲਾ ਜਾਂ ਗੈਸ-ਬਿਜਲੀ ਘਰਾਂ ਵਿਚ ਲੱਖਾਂ ਟਨ ਬਾਲਣ ਸਾੜਿਆ ਜਾਂਦਾ ਹੈ। ਉਨ੍ਹਾਂ ਦੇ ਟਾਕਰੇ ਉੱਤੇ ਪ੍ਰਮਾਣੂ ਬਿਜਲੀ ਘਰਾਂ ਵਿਚ ਸੈਂਕੜੇ ਟਨ ਤਿਆਰ ਯੂਰੇਨੀਅਮ ਵਰਤਿਆ ਜਾਂਦਾ ਹੈ। ਕੋਲਾ, ਗੈਸ ਜਾਂ ਤੇਲ ਬਲ

ਜਾਣ ਪਿੱਛੋਂ ਉਨ੍ਹਾਂ ਦੀ ਹੋਂਦ ਖ਼ਤਮ ਹੋ ਜਾਂਦੀ ਹੈ। ਉਨ੍ਹਾਂ ਦੇ ਉਲਟ ਪ੍ਰਮਾਣੂ ਭੱਠੀ ਦਾ ਬਾਲਣ ਇਕ ਭਿਆਨਕ ਦੈਂਤ ਬਣ ਕੇ ਬੈਠਾ ਰਹਿੰਦਾ ਹੈ। ਉਹ ਪਹਿਲਾਂ ਦੀ ਤਰ੍ਹਾਂ ਰੇਡੀਓ-ਐਕਟਿਵ ਰਹਿੰਦਾ ਹੈ, ਪਰ ਉਸ ਤੋਂ ਕੋਈ ਕੰਮ ਨਹੀਂ ਲੈ ਸਕਦੇ। ਏਸ ਭੂਤਨੇ ਨੂੰ ਜਿਥੇ ਵੀ ਸੁੱਟੀਏ, ਇਸ ਦੀ ਰੇਡੀਏਸ਼ਨ ਨੇ ਐਟਮ ਬੰਬ ਜਿਹਾ ਉਜਾੜਾ ਕਰਨਾ ਹੈ। ਏਸ ਭੂਤਨੇ ਨੂੰ ਲਗਾਤਾਰ ਪਾਣੀ ਅੰਦਰ ਠੰਢਾ ਰੱਖਣਾ ਹੈ, ਨਹੀਂ ਤਾਂ ਗਰਮ ਹੋ ਕੇ ਫਟ ਸਕਦਾ ਹੈ ਤਾਂ ਫਿਰ ਬੇਅੰਤ ਮੁਸੀਬਤਾਂ ਆਉਣਗੀਆਂ। ਸਾਇੰਸ ਨੇ ਅਜੇ ਤਕ ਕੋਈ ਤਸੱਲੀਬਖ਼ਸ਼ ਰਾਹ ਨਹੀਂ ਲੱਭਿਆ, ਜਿਸ ਦੇ ਨਾਲ ਵਰਤੇ ਹੋਏ ਪ੍ਰਮਾਣੂ ਬਾਲਣ ਨੂੰ ਸਦਾ ਲਈ ਬੁਝਾ ਦਿੱਤਾ ਜਾਵੇ ਅਤੇ ਆਉਂਦੇ ਲੱਖਾਂ ਕਰੋੜਾਂ ਸਾਲਾਂ ਲਈ ਸੁਸਰੀ ਵਾਂਗ ਸੌਂ ਜਾਵੇ। ਕੀਤਾ ਕੀ ਜਾਂਦੈ ? ਵਰਤੇ ਹੋਏ ਪ੍ਰਮਾਣੂ ਬਾਲਣ ਨੂੰ ਚੱਲ ਰਹੇ ਪ੍ਰਮਾਣੂ ਬਿਜਲੀ ਘਰਾਂ ਦੇ ਕੋਲ ਲਗਾਤਾਰ ਇਕੱਠਾ ਕਰ ਕੇ ਪਾਣੀ ਵਿਚ ਠੰਢਾ ਰੱਖਿਆ ਜਾਂਦਾ ਹੈ। ਹੁਣ ਤਕ ਕੁਲ ਦੁਨੀਆਂ ਦੇ 400 ਦੇ ਕਰੀਬ ਪ੍ਰਮਾਣੂ ਬਿਜਲੀ ਘਰਾਂ ਵਿਚ 2,50,000 ਤੋਂ 3,00,000 ਟਨ ਖ਼ਤਰਨਾਕ ਪ੍ਰਮਾਣੂ 'ਕੂੜਾ'/ ਕਚਰਾ ਇਕੱਠਾ ਹੋ ਚੁੱਕਿਆ ਹੈ।

ਪ੍ਰਮਾਣੂ ਬਿਜਲੀ ਘਰ ਦੇ ਬਣਨ ਟਿਕਾਣੇ ਦੀ ਚੋਣ ਵਿਚ ਇਹ ਵੀ ਲਾਜ਼ਮੀ ਹੁੰਦਾ ਹੈ ਕਿ ਉਹ ਭੁਚਾਲ ਆ ਸਕਣ ਵਾਲੇ ਇਲਾਕਿਆਂ ਵਿਚ ਨਾ ਉਸਾਰੇ ਜਾਣ। ਉਨ੍ਹਾਂ ਨੂੰ ਸਮੁੰਦਰੀ ਕਿਨਾਰਿਆਂ ਤੋਂ ਵੀ ਦੂਰ ਰੱਖਣਾ ਚਾਹੀਦਾ ਹੈ, ਕਿਉਂਕਿ ਕਦੇ ਵੀ ਸਮੁੰਦਰੀ 'ਸੁਨਾਮੀ' ਤੋਂ ਉਪਜੇ ਪਾਣੀ ਦੀਆਂ ਤੇਜ਼ ਉੱਚੀਆਂ ਲਹਿਰਾਂ/ਥਪੇੜਿਆਂ ਦੇ ਨਾਲ ਕੁਲ ਪ੍ਰਮਾਣੂ ਰੀਐਕਟਰ ਅਤੇ ਪ੍ਰਮਾਣੂ ਕਚਰਾ ਵੱਸੋਂ ਬਾਹਰ ਹੋ ਕੇ, ਫਟ ਕੇ ਜਾਂ ਬਲ ਕੇ, ਧਰਤੀ ਦੇ ਇਕ ਵੱਡੇ ਇਲਾਕੇ ਨੂੰ ਪ੍ਰਮਾਣੂ ਰੇਡੀਏਸ਼ਨ/ਪ੍ਰਦੂਸ਼ਨ ਦੇ ਨਾਲ, ਰਹਿਣ ਦੇ ਨਾ-ਕਾਬਲ ਕਰ ਸਕਦਾ ਹੈ। ਕਿਸੇ ਹਾਦਸੇ ਅੰਦਰ ਧਮਾਕੇ ਦੇ ਨਾਲ ਰੇਡੀਏਸ਼ਨ ਭਰੀ ਧੂੜ ਕੁੱਲ ਦੁਨੀਆਂ ਦੀ ਹਵਾ ਨੂੰ ਪ੍ਰਦੂਸ਼ਤ ਕਰ ਸਕਦੀ ਹੈ।

ਪ੍ਰਮਾਣੂ ਬਿਜਲੀ ਘਰਾਂ ਦੇ ਟਿਕਾਣੇ ਚੁਣਨ ਲੱਗਿਆਂ, ਚੋਖੀਆਂ ਥਾਵਾਂ ਉੱਤੇ ਇਹਤਿਆਤ ਨੂੰ ਛਿੱਕੇ ਉੱਤੇ ਟੰਗ ਦਿੱਤਾ ਗਿਆ ਹੈ। ਕਈ ਪ੍ਰਮਾਣੂ ਬਿਜਲੀ ਘਰ ਭੁਚਾਲੀ ਇਲਾਕਿਆਂ ਦੇ ਨੇੜੇ ਬਣੇ ਪਏ ਹਨ।

ਪ੍ਰਮਾਣੂ ਬਿਜਲੀ ਘਰਾਂ ਵਿਚ ਨਿੱਕੇ ਮੋਟੇ ਹਾਦਸੇ ਤਾਂ ਨਿੱਤ ਹੁੰਦੇ ਰਹਿੰਦੇ ਹਨ, ਜਿਨ੍ਹਾਂ ਦੀ ਰਿਪੋਰਟ ਪ੍ਰੈਸ ਵਿਚ ਕਦੇ ਨਹੀਂ ਆਉਂਦੀ। ਜਦੋਂ ਕੋਈ ਵੱਡਾ ਹਾਦਸਾ ਹੁੰਦਾ ਹੈ ਤਾਂ ਪਬਲਿਕ ਨੂੰ ਖ਼ਬਰ ਉਦੋਂ ਹੀ ਮਿਲਦੀ ਹੈ, ਜਦੋਂ ਝੂਠ ਬੋਲਦੀਆਂ ਸਰਕਾਰੀ ਅਤੇ ਕਾਰਪੋਰੇਟੀ ਸ਼ਕਤੀਆਂ ਦਾ ਵੱਸ ਨਹੀਂ ਚੱਲਦਾ। ਜਦੋਂ ਹਜ਼ਾਰਾਂ ਲੱਖਾਂ ਲੋਕਾਂ ਨੂੰ ਜਬਰਨ ਘਰਾਂ ਵਿੱਚੋਂ ਅੱਭੜਵਾਹੇ ਨਿਕਲ ਕੇ ਭੱਜਣ ਉੱਤੇ ਮਜਬੂਰ ਹੋਣਾ ਪੈਂਦੈ। ਹਜ਼ਾਰਾਂ ਲੱਖਾਂ ਵਰਗ ਮੀਲ ਇਲਾਕੇ, ਆਉਂਦੇ ਹਜ਼ਾਰਾਂ ਸਾਲਾਂ ਲਈ ਉਜਾੜ ਹੋ ਜਾਂਦੇ ਹਨ। ਜੇ ਲੋਕਾਂ ਅੰਦਰ ਪ੍ਰਮਾਣੂ ਉਪਕਰਨਾਂ ਅਤੇ ਬੰਬਾਂ ਦੇ ਖ਼ਤਰਿਆਂ ਦੀ ਮਾੜੀ ਮੋਟੀ ਸਮਝ ਆਈ ਹੈ ਤਾਂ ਉਹ ਇਨ੍ਹਾਂ ਵੱਡੇ ਹਾਦਸਿਆਂ ਤੋਂ ਆਈ ਹੈ, ਅਮਰੀਕਾ ਅੰਦਰ 'ਥ੍ਰੀ ਮਾਈਲ ਆਈਲੈਂਡ', ਸੋਵੀਅਤ ਸੰਘ ਵਿਚ 'ਚਰਨੋਬਿਲ' ਅਤੇ ਹੁਣੇ ਜਹੇ ਜਾਪਾਨ ਵਿਚ 'ਫੂਕੂਸ਼ੀਮਾ'। ਫੂਕੂਸ਼ੀਮਾ ਦੀ ਰੇਡੀਏਸ਼ਨ ਰੋਕਣ ਦਾ ਕੰਮ ਤਾਂ ਲਗਾਤਾਰ ਜਾਰੀ

ਹੈ। ਪਤਾ ਨਹੀਂ ਇਸ ਦਾ ਸਿਆਪਾ ਕਦੋਂ ਮੁੱਕਣਾ ਹੈ। ਜਾਪਾਨ ਵਿਚ ਸਭਨਾਂ ਦੇ ਸਾਹ ਸੁੱਕੇ ਪਏ ਹਨ। ਧਮਾਕਿਆਂ ਨਾਲ ਪਾਟੇ ਹੋਏ ਰੀਐਕਟਰ 11 ਮਾਰਚ 2011 ਤੋਂ ਬੇਕਾਬੂ ਹਨ। ਪਰ ਅਖ਼ਬਾਰਾਂ/ਟੀ.ਵੀ. ਵਿਚ ਧੂੰ ਵੀ ਨਹੀਂ ਨਿਕਲਦਾ, ਕਿਤੇ ਹਫੜਾ-ਦਫੜੀ ਨਾ ਮਚ ਜਾਵੇ।

ਫ਼ਿਨਲੈਂਡ (ਯੂਰਪ ਦਾ ਇਕ ਦੇਸ) ਦੇ ਕਰੋੜਾਂ ਸਾਲ ਤੋਂ ਸਥਿਰ ਚੱਟਾਨੀ ਇਲਾਕੇ ਅੰਦਰ ਪੰਜ ਸੌ ਫ਼ੁੱਟ ਡੂੰਘਾ, ਇਕ ਵਿਸ਼ਾਲ ਚੱਟਾਨੀ ਸੁਰੰਗਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ। ਉਮੀਦ ਕੀਤੀ ਜਾਂਦੀ ਹੈ ਕਿ ਕੁੱਲ ਦੁਨੀਆਂ ਦੇ ਪ੍ਰਮਾਣੂ ਘਰਾਂ ਦਾ ਮਲਬਾ, ਇਨ੍ਹਾਂ ਸੁਰੰਗਾਂ ਅੰਦਰ ਨਿਹਾਇਤ 'ਸਾਇੰਸੀ ਢੰਗ' ਨਾਲ ਦਫ਼ਨ ਕਰ ਦਿੱਤਾ ਜਾਵੇਗਾ। ਇਨਸਾਨ ਜੋ ਅੱਜ ਬੇਵਕੂਫ਼ੀਆਂ ਕਰ ਕੇ ਆਤਮਘਾਤ ਵਾਲੇ ਪਾਸੇ ਤੁਰਿਆ ਹੋਇਆ ਹੈ, ਯਕੀਨ ਨਹੀਂ ਆਉਂਦਾ ਕਿ ਉਸ ਦੀ ਆਉਂਦੀ ਔਲਾਦ ਸੌ ਸਾਲ ਵੀ ਕੱਢ ਸਕੇ। ਫਿਰ ਵੀ ਫ਼ਿਨਲੈਂਡ ਦੀਆਂ ਚੱਟਾਨੀ ਸੁਰੰਗਾਂ ਘੱਟੋ-ਘੱਟ ਇਕ ਲੱਖ ਸਾਲ, ਪ੍ਰਮਾਣੂ ਕੂੜਾ ਸੁਰੱਖਿਆ ਸਹਿਤ ਸੰਭਾਲ ਕੇ ਰੱਖਣ ਦਾ ਯਕੀਨ ਦਿਵਾਉਂਦੀਆਂ ਹਨ। ਕੁੱਲ ਦੁਨੀਆਂ ਅੰਦਰ 'ਬੋਤਲੋਂ ਨਿਕਲੇ ਜਿੰਨ' – ਰੇਡੀਓ ਐਕਟਿਵ ਯੂਰੇਨੀਅਮ, ਪਲੂਟੋਨੀਅਮ ਅਤੇ ਹੋਰ ਬਲਾਵਾਂ ਨੂੰ ਵਾਪਸ ਬੋਤਲ ਵਿਚ ਭੇਜਣਾ ਅਸੰਭਵ ਹੈ।

ਅਜੇ ਤਾਂ ਜਾਰੀ ਜਾਪਾਨੀ ਕਹਿਰ ਦੀ ਸੁਰਤ ਲਈਏ। ਫ਼ੁਕੂਸ਼ੀਮਾ ਦੇ ਛੇ ਰੀਐਕਟਰਾਂ ਵਿੱਚੋਂ ਦੋਹਾਂ ਵਿਚ ਧਮਾਕੇ ਹੋ ਚੁੱਕੇ ਹਨ। ਇਕ ਵਿਚ ਹਾਈਡ੍ਰੋਜਨ ਗੈਸ ਦਾ ਧਮਾਕਾ ਅਤੇ ਇਕ ਹੋਰ ਵਿਚ ਪਲੂਟੋਨੀਅਮ ਰਲੇ ਬਾਲਣ ਦਾ। ਦੋ ਹੋਰ ਰੀਐਕਟਰਾਂ ਵਿਚ ਭੱਠੀਆਂ ਠੰਢੀਆਂ ਕਰਨ ਲਈ ਲਗਾਤਾਰ ਸਮੁੰਦਰੀ ਪਾਣੀ ਪਾਇਆ ਜਾ ਰਿਹਾ ਹੈ। ਭੱਠੀਆਂ ਠੰਢੀਆਂ ਹੋਣ ਦਾ ਨਾਂ ਹੀ ਨਹੀਂ ਲੈਂਦੀਆਂ। ਪਾਣੀ ਰੇਡੀਓ ਐਕਟਿਵ ਹੋ ਕੇ ਵਾਪਸ ਸਮੁੰਦਰ ਵਿਚ ਜਾ ਰਿਹਾ ਹੈ ਅਤੇ ਸਮੁੰਦਰੀ ਮੱਛੀਆਂ ਦੀ ਖ਼ੁਰਾਕ ਬਣ ਰਿਹਾ ਹੈ। ਉਨ੍ਹਾਂ ਵਿਚਾਰੀਆਂ ਨੂੰ ਰੇਡੀਓ ਐਕਟਿਵਿਟੀ ਦੀ ਕੀ ਖ਼ਬਰ। ਮਛੇਰੇ ਇਲਾਕਾ ਛੱਡ ਗਏ ਹਨ। ਸਮੁੰਦਰੀ ਮੱਛੀ ਖਾਣ 'ਤੇ ਭੈਅ ਆਉਂਦਾ ਹੈ, ਕਿਤੇ ਰੇਡੀਓ ਐਕਟਿਵ ਨਾ ਹੋਵੇ। ਰੀਐਕਟਰ ਪੰਜ ਅਤੇ ਛੇ ਵਿਚ ਭੁਚਾਲੀ ਤ੍ਰੇੜਾਂ ਆਈਆਂ ਹੋਈਆਂ ਹਨ। ਉਨ੍ਹਾਂ ਨੂੰ ਠੰਢਿਆਂ ਰੱਖਣ ਲਈ ਵੀ ਫ਼ਿਕਰਮੰਦੀ ਹੈ। ਰੇਡੀਓ ਐਕਟਿਵਿਟੀ ਕਾਰਨ ਕਾਮਿਆਂ ਦੀਆਂ ਜਾਨਾਂ ਨੂੰ ਅਤਿਅੰਤ ਖ਼ਤਰਾ ਹੈ। ਕਈ ਆਤਮਘਾਤੀ ਦਸਤਿਆਂ ਨੇ ਰੀਐਕਟਰ ਦੇ ਉਪਕਰਨਾਂ ਨੂੰ ਬੰਦ ਕਰਨ ਦੇ ਉਪਰਾਲੇ ਕੀਤੇ ਹਨ। ਉਨ੍ਹਾਂ ਬਲੀਦਾਨੀ ਕਾਮਿਆਂ ਦੇ ਜਿਉਂਦੇ, ਬੀਮਾਰ ਹੋਣ ਜਾਂ ਮਰ ਜਾਣ ਦੀਆਂ ਖ਼ਬਰਾਂ ਡੱਬਾ ਬੰਦ ਹਨ। ਜ਼ਾਹਰ ਹੈ ਦੁਖਾਵੀਆਂ ਖ਼ਬਰਾਂ ਨਾਲ ਕੁੱਲ ਦੇਸ ਦਾ ਮਨੋਬਲ ਡਿੱਗਦਾ ਹੈ। ਅਦਿੱਖ ਰੇਡੀਓ ਐਕਟਿਵਿਟੀ ਮੌਤ ਦਾ ਪਰਛਾਵਾਂ ਹੈ। ਹਵਾ ਨਾਲ, ਪਾਣੀ ਨਾਲ, ਬਾਰਿਸ਼ ਨਾਲ ਖਿਲਰਦਾ ਹੈ। ਪਸ਼ੂਆਂ ਦੇ ਚਾਰੇ ਰਾਹੀਂ ਦੁੱਧ ਵਿਚ ਆ ਰਿਹਾ ਹੈ। ਕੱਪੜਿਆਂ ਰਾਹੀਂ, ਜੁੱਤੀਆਂ ਰਾਹੀਂ ਵੀ ਖਿਲਰ ਰਿਹੇ। ਸਬਜ਼ੀਆਂ, ਫਲਾਂ ਅਤੇ ਹੋਰ ਕੁਦਰਤੀ ਪੈਦਾਵਾਰਾਂ ਦੇ ਉੱਤੇ ਇਤਬਾਰ ਨਹੀਂ ਰਿਹਾ। ਬੰਦਾ ਕਰੇ ਤਾਂ ਕੀ ਕਰੇ ?

ਰੀਐਕਟਰਾਂ ਤੋਂ ਵੀਹ ਕਿਲੋਮੀਟਰਾਂ ਤਕ ਤਾਂ ਲੋਕਾਂ ਨੂੰ ਝੱਟ ਕੱਢ ਲਿਆ ਗਿਆ ਸੀ। ਵੀਹ ਤੋਂ ਤੀਹ ਕਿਲੋਮੀਟਰ ਵਾਲਿਆਂ ਨੂੰ ਘਰਾਂ ਅੰਦਰ, ਦਰਵਾਜ਼ੇ ਬਾਰੀਆਂ

ਬੰਦ ਰੱਖਣ ਲਈ ਕਿਹਾ ਗਿਆ। ਉਥੇ ਘਰ ਬੰਦ ਨੇ, ਦੁਕਾਨਾਂ ਬੰਦ ਨੇ, ਪਟਰੌਲ ਪੰਪ ਬੰਦ ਨੇ। ਉਹ ਲੋਕ ਕਿੰਨੀ ਦੇਰ ਇੰਜ ਰਹਿ ਸਕਦੇ ਨੇ ? ਜਿਵੇਂ ਕਿਵੇਂ ਨਿਕਲ ਭੱਜਣ ਦੇ ਆਹਰ ਵਿਚ ਨੇ। ਬਾਹਰੋਂ ਮਦਦ ਨਹੀਂ ਮਿਲ ਰਹੀ। ਕੋਈ ਬਲਦੀ ਦੇ ਬੂਥੇ ਵਿਚ ਜਾਣ ਨੂੰ ਤਿਆਰ ਨਹੀਂ। ਉਧਰੋਂ ਰਿਪੋਰਟਾਂ ਮਿਲ ਰਹੀਆਂ ਨੇ ਕਿ ਰੀਐਕਟਰਾਂ ਤੋਂ 40 ਕਿਲੋਮੀਟਰ ਦੂਰ ਵੀ ਖ਼ਤਰਨਾਕ ਰੇਡੀਓ ਐਕਟਿਵਿਟੀ ਲੱਭ ਰਹੀ ਹੈ। ਏਸ ਹਿਸਾਬ ਘੱਟੋ-ਘੱਟ ਕਰੀਬ 5000 ਵਰਗ ਮੀਲ ਇਲਾਕੇ ਨੂੰ ਖ਼ਾਲੀ ਕਰਨਾ ਪੈਣਾ ਹੈ। ਖ਼ਤਰਨਾਕ ਰੇਡੀਆਈ ਕਿਣਕਿਆਂ ਦਾ ਕੋਈ ਹੱਦ ਬੰਨਾ ਹੀ ਨਹੀਂ। ਬੰਦਾ ਕਰੇ ਤਾਂ ਕੀ ਕਰੇ ? ਸ਼ਰਨਾਰਥੀ ਕੈਂਪਾਂ ਅੰਦਰ ਨਵੇਂ ਆਫ਼ਤ ਮਾਰਿਆਂ ਨੂੰ ਅੰਦਰ ਨਹੀਂ ਆਉਣ ਦਿੰਦੇ, ਕਿਤੇ ਮਾਰੂ ਕਿਣਕੇ ਨਾਲ ਨਾ ਲੈ ਆਉਣ। ਹਸਪਤਾਲਾਂ ਵਿਚ ਰੋਕ ਲੱਗੀ ਹੈ। ਮੈਡੀਕਲ ਕਾਮੇ ਕਹਿੰਦੇ ਹਨ ਕਿ ਸਾਡੇ ਕੋਲ ਅਜਿਹੀ 'ਰੇਡੀਓ ਐਕਟਿਵ' ਇਨਫ਼ੈਕਸ਼ਨ ਨਾਲ ਨਜਿੱਠਣ ਲਈ ਕੋਈ ਸਾਧਨ ਨਹੀਂ ਹਨ। ਗੱਲ ਕੀ, ਹਾਦਸੇ ਦੇ ਦੁਆਲੇ ਦੂਰ-ਦੂਰ ਤਕ ਉਜਾੜ ਹੈ। ਘੁੱਗ ਵੱਸਦੇ ਇਲਾਕੇ ਖ਼ਾਲੀ ਹੋ ਗਏ ਹਨ, ਫ਼ੈਕਟਰੀਆਂ ਬੰਦ ਹਨ। ਰੇਡੀਓ ਐਕਟਿਵਿਟੀ ਦੀ ਮਾਤਰਾ ਅਤੇ ਖਿਲਾਰ ਬਾਰੇ ਕੁੱਲ ਏਜੰਸੀਆਂ ਚੁੱਪ ਗੜੁੱਪ ਹਨ। ਕੋਈ ਚੰਗੀ ਖ਼ਬਰ ਹੋਵੇ ਤਾਂ ਦੱਸਣ। ਇੱਕੋ ਹੀ ਬਿਆਨ ਬਾਰ ਬਾਰ ਆਉਂਦਾ ਹੈ ਕਿ 'ਸਭ ਠੀਕ ਠਾਕ ਹੈ'। ਹਾਲਾਤ ਚਿੰਤਾਜਨਕ ਹਨ, ਕੁੱਲ ਸੰਭਵ ਕਦਮ ਉਠਾਏ ਜਾ ਰਹੇ ਹਨ। ਘਬਰਾਉਣ ਦੀ ਕੋਈ ਲੋੜ ਨਹੀਂ, ਆਪਣੇ ਕੰਮ ਉੱਤੇ ਸਾਧਾਰਨ ਵਾਂਗ ਜਾਵੋ।

ਜਾਪਾਨ ਦੀ ਰਾਜਧਾਨੀ ਟੋਕੀਓ, ਫ਼ੁਕੂਸ਼ੀਮਾ ਤੋਂ ਕੇਵਲ 140 ਮੀਲ ਦੂਰ ਹੈ। ਵਿਦੇਸ਼ੀ ਦੂਤਘਰਾਂ ਵਿਚ ਤੈਨਾਤ ਵਿਦੇਸ਼ੀ ਅਮਲੇ ਆਪਣੇ ਘਰ-ਘਰੀ ਪਰਤ ਗਏ ਹਨ। ਹਰ ਸ਼ੋਅਬੇ ਦੇ ਉਪਰਲੇ ਅਮੀਰ ਲੋਕ ਜੋ ਆਪਣੀ ਸੁਰੱਖਿਆ ਨੂੰ ਮੁੱਖ ਰੱਖਦੇ ਹਨ, ਟੋਕੀਓ ਵਿੱਚੋਂ ਖਿਸਕ ਗਏ ਹਨ। ਬਾਹਰੋਂ ਆਉਂਦੇ ਸੈਲਾਨੀਆਂ ਦੀ ਗਿਣਤੀ ਵਿਚ ਘਾਟਾ ਪੈ ਗਿਆ ਹੈ।

ਅੱਗੋਂ ਕੀ ਹੋਣੈ ? ਫ਼ੁਕੂਸ਼ੀਮਾ ਦੇ ਪ੍ਰਮਾਣੂ ਰੀਐਕਟਰਾਂ ਦੇ ਜਲਦੀ ਅਤੇ ਪੂਰੀ ਤਰ੍ਹਾਂ ਕਾਬੂ ਪਾਉਣ ਦੀ ਅਜੇ ਤਕ ਤਾਂ ਕੋਈ ਸ਼ਕਲ ਨਹੀਂ ਦਿਸਦੀ ਪਈ। ਰੀਐਕਟਰਾਂ ਦੀਆਂ ਕਬਰਾਂ ਹੀ ਬਣਾਉਣੀਆਂ ਪੈਣਗੀਆਂ, ਬੇਅੰਤ ਸੀਮੇਂਟ ਦੇ ਭਾਰ ਹੇਠ। ਉਹ ਕਾਰਜ ਕਦੋਂ ਸ਼ੁਰੂ ਅਤੇ ਖ਼ਤਮ ਹੋਣੈ, ਕੋਈ ਪਤਾ ਨਹੀਂ। ਐਸ ਵੇਲੇ ਜਾਪਾਨੀ ਅਤੇ ਅਮਰੀਕਨ ਸਰਕਾਰਾਂ ਦੀ ਪੂਰੀ ਕੋਸ਼ਿਸ਼ ਹੈ ਕਿ ਕੁਝ ਨਾ ਦੱਸਿਆ ਜਾਵੇ ਅਤੇ ਹਰ ਗ਼ਲਤੀ ਉੱਤੇ ਪਰਦਾ ਪਾਇਆ ਜਾਵੇ। ਰੀਐਕਟਰ ਦੁਆਲੇ ਇਲਾਕਿਆਂ ਵਿਚ ਜਦੋਂ ਕੈਂਸਰ ਅਤੇ ਇਮਿਊਨਿਟੀ ਵਿਰੋਧੀ ਬਿਮਾਰੀਆਂ ਦਾ ਦੌਰ ਆਵੇਗਾ, ਓਦੋਂ ਵੇਖਿਆ ਜਾਵੇਗਾ। ਹਾਲ ਦੀ ਘੜੀ ਤਾਂ 'ਸਭ ਠੀਕ ਠਾਕ' ਹੋਣਾ ਚਾਹੀਦਾ ਹੈ। ਪਰਿਆਵਰਨ ਏਜੰਸੀਆਂ ਨੇ ਚੁੱਪ ਕੀਤੇ ਸਾਧਾਰਨ ਰੇਡੀਓ ਐਕਟਿਵਿਟੀ ਦੀਆਂ ਮਾਤਰਾਵਾਂ ਦੀਆਂ ਹੱਦਾਂ ਕਈ ਹਜ਼ਾਰ ਗੁਣਾ ਵਧਾ ਦਿੱਤੀਆਂ ਹਨ। ਕਈ ਏਜੰਸੀਆਂ ਵੱਲੋਂ ਇਹ ਖ਼ਬਰਾਂ ਖਿਲਾਰੀਆਂ ਜਾ ਰਹੀਆਂ ਹਨ ਕਿ ਥੋੜ੍ਹੀ ਬਹੁਤ ਰੇਡੀਓ ਐਕਟਿਵਿਟੀ ਸਿਹਤ ਲਈ ਗੁਣਕਾਰੀ ਹੈ। ਨਾਗਰਿਕਾਂ ਦਾ ਬੁਲਾਰਾ ਕੌਣ ਹੈ, ਜੋ ਉਨ੍ਹਾਂ ਦੀ ਕੋਈ ਗੱਲ ਕਰੇ।

ਪੂਰਨ ਚੁੱਪ-ਚਾਂ ਹੈ। ਬਾਹਰਲਿਆਂ ਦੇਸਾਂ ਅੰਦਰ ਇਹ ਪ੍ਰਚਾਰ ਜਾਰੀ ਹੈ ਕਿ ਵੇਖੋ, ਜਾਪਾਨੀ ਲੋਕ ਕਿੰਨੇ ਠਰ੍ਹੰਮੇ ਅਤੇ ਅਨੁਸ਼ਾਸਨ ਵਾਲੇ ਹਨ। ਫਸੀ ਨੂੰ ਫਟਕਣ ਕੇਹਾ। ਉਨ੍ਹਾਂ ਦੇ ਅੰਦਰ ਦੀ ਆਵਾਜ਼ ਕਿਸੇ ਨੇ ਸੁਣੀ ਹੈ ? ਹੀਰੋਸ਼ੀਮਾ ਅਤੇ ਨਾਗਾਸਾਕੀ ਤੋਂ ਸਾਰੇ ਜਾਪਾਨੀ ਲੋਕਾਂ ਨੂੰ ਪ੍ਰਮਾਣੂ ਬੰਬਾਂ ਨਾਲ ਨਫ਼ਰਤ ਹੈ ਤਾਂ ਵੀ ਜਾਪਾਨੀ ਸਰਕਾਰਾਂ ਨੇ ਲੋਕਾਂ ਦੀ ਇੱਛਾ ਦੇ ਵਿਰੁੱਧ ਅਮਰੀਕਨ ਫ਼ੌਜੀ ਅੱਡਿਆਂ ਅੰਦਰ ਹਵਾਈ ਅਤੇ ਰਾਕਟੀ ਪ੍ਰਮਾਣੂ ਹਥਿਆਰ ਤੈਨਾਤ ਰੱਖੇ ਹੋਏ ਹਨ।

ਭੂਗੋਲਿਕ ਮੌਰਿਸ ਸਟ੍ਰਾਂਗ ਅਤੇ ਪੂਰਵ ਸੋਵੀਅਤ ਰੂਸ ਦੇ ਪ੍ਰਧਾਨ ਮਿਖਾਈਲ ਗੁਰਬਾਚੋਵ ਨੇ ਰਲ ਕੇ 'ਅਰਥ ਚਾਰਟਰ' ਲਿਖਿਆ ਹੈ, ਜਿਸ ਦੇ ਵਿਚ ਭੂਗੋਲਿਕ ਆਬਾਦੀ ਕੰਟਰੋਲ, ਕੁਲ ਦੁਨੀਆਂ ਦੀ ਇਕ ਸਾਂਝੀ ਸਰਕਾਰ, ਇਕ ਨਵੀਂ ਰੂਹਾਨੀ ਸੋਚ ਅਤੇ ਕੁਦਰਤ ਦੇ ਪਰਿਆਵਰਨ ਦੀ ਮਹਾਨਤਾ ਉੱਤੇ ਜ਼ੋਰ ਹੈ। ਕੁਲ ਨੁਕਤੇ ਕਿੰਨੇ ਪਿਆਰੇ ਜਾਪਦੇ ਹਨ। ਇਹ ਆਵਾਜ਼ ਹੈ ਲੰਡਨ ਵਿਚ ਛੁਪੇ ਹੋਏ ਬੈਂਕਰਾਂ ਦੇ ਟੋਲੇ ਪਰਿਵਾਰ ਦੀ। ਉਨ੍ਹਾਂ ਦੇ ਹੌਂਸਲੇ ਏਨੇ ਵਧੇ ਹੋਏ ਹਨ ਕਿ ਖੁੱਲ੍ਹੇ-ਆਮ ਆਪਣੇ ਇਰਾਦੇ ਦੱਸਣ ਤੋਂ ਵੀ ਸੰਕੋਚ ਨਹੀਂ ਕਰ ਰਹੇ। ਉਨ੍ਹਾਂ ਨੇ ਜੂਨ 1979 ਵਿਚ ਐਲਬਰਟ ਕੌਂਟੀ, ਜੀਓਰਜੀਆ ਵਿਚ ਦੇਵ-ਕੱਦ ਪੱਥਰਾਂ ਨੂੰ ਤਰਾਸ਼ ਕੇ ਇਕ ਸਮਾਰਕ/ਮਾਨੂੰਮੈਂਟ ਖੜ੍ਹਾ ਕੀਤਾ ਹੈ। ਉਨ੍ਹਾਂ ਨੇ ਆਪਣੇ ਇਰਾਦੇ ਹਿੰਦੀ ਸਮੇਤ ਅੱਠ ਜ਼ਬਾਨਾਂ ਵਿਚ ਚਾਰ ਉੱਚੇ ਪੱਥਰਾਂ ਉੱਤੇ ਲਿਖੇ ਹਨ। ਚਾਰਾਂ ਪੱਥਰਾਂ ਦੇ ਉਪਰ ਇਕ ਸਾਂਝਾ ਟੋਪ-ਪੱਥਰ ਹੈ। ਇਕ ਪੱਥਰ ਵਿਚ ਮੋਰੀ ਹੈ, ਜਿਸ ਵਿੱਚੋਂ ਧ੍ਰੂ-ਤਾਰਾ ਵੇਖਿਆ ਜਾ ਸਕਦਾ ਹੈ। ਇਕ 'ਮਿਸਟਰ ਕ੍ਰਿਸਚੀਅਨ' ਨੇ ਇਹ ਮਾਨੂੰਮੈਂਟ ਖੜ੍ਹਾ ਕਰਵਾਇਆ। ਪੱਥਰਾਂ ਦੇ ਉੱਤੇ ਦਸ ਨੁਕਤੇ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਪਹਿਲਾ ਨੁਕਤਾ ਹੈ 'ਇਨਸਾਨ ਦੀ ਗਿਣਤੀ ਸਦਾ ਲਈ 50,00,00,000 (ਪੰਜਾਹ ਕਰੋੜ) ਹੋਵੇ, ਜੋ ਕੁਦਰਤ ਨਾਲ ਇਕਮਿਕ ਹੋਵੇ।"

ਅੱਜ ਧਰਤੀ ਦੇ ਉੱਤੇ ਕਰੀਬ ਸੱਤ ਅਰਬ ਲੋਕ ਰਹਿੰਦੇ ਹਨ। ਇਹ ਚੁੱਪ-ਚੁਪੀਤੇ ਖੜੇ ਕੀਤੇ ਪੱਥਰ ਕਹਿੰਦੇ ਹਨ ਕਿ ਆਬਾਦੀ ਸਦਾ ਲਈ ਪੰਜਾਹ ਕਰੋੜ ਹੋਣੀ ਚਾਹੀਦੀ ਹੈ। ਏਨੇ ਢੇਰ ਸਾਰੇ ਲੋਕਾਂ ਨੂੰ ਘਟਾਉਣਾ ਮੁਕਾਉਣਾ ਕਿਵੇਂ ਹੈ ? ਲੋਕ ਵੀ ਮੁੱਕ ਜਾਣ ਅਤੇ ਕਿਸੇ ਨੂੰ ਭੇਤ ਦਾ ਪਤਾ ਵੀ ਨਾ ਲੱਗੇ। ਜੇ ਪਤਾ ਲੱਗ ਵੀ ਜਾਵੇ ਤਾਂ ਉਹ ਉਂਗਲ ਕਿਧਰ ਕਰ ਸਕਦੇ ਹਨ ? ਮਨੁੱਖਤਾ ਦੇ ਕਤਲ ਸਿਲਸਿਲੇ ਨੂੰ ਉਹ ਰੋਕ ਕਿਵੇਂ ਸਕਦੇ ਹਨ ? ਪ੍ਰਮਾਣੂ ਹਥਿਆਰਾਂ ਅਤੇ ਪ੍ਰਮਾਣੂ ਬਿਜਲੀ ਘਰਾਂ ਦੀ ਰੇਡੀਓ ਐਕਟਿਵਿਟੀ ਦਾ ਹੱਦ ਬੰਨਾ ਹੀ ਕੋਈ ਨਹੀਂ। ਇਸ ਦਾ ਭਿਆਨਕ ਜਿੰਨ ਬੋਤਲ ਤੋਂ ਬਾਹਰ ਆ ਗਿਆ ਹੈ। ਹਾਲਾਂ ਤਾਂ ਉਸ ਦੇ ਨਿੱਕੇ ਮੋਟੇ ਕਾਰਨਾਮਿਆਂ ਨੇ ਵਖ਼ਤ ਪਾਇਆ ਹੋਇਐ। ਜਦੋਂ ਕਿਸੇ ਠੋਸੀ ਗਈ ਪ੍ਰਮਾਣੂ ਜੰਗ ਵਿਚ ਉਸ ਨੇ ਖੁੱਲ੍ਹ ਕੇ ਆਪਣਾ ਰੰਗ ਵਿਖਾਇਆ ਤਾਂ ਉਸ ਪਰਲੋ ਨੂੰ ਕੌਣ ਰੋਕਣ ਵਾਲਾ ਹੋਵੇਗਾ ?

ਜੇ 'ਪ੍ਰਮਾਣੂ ਜਿੰਨ' ਨਾਲ ਲੜਨਾ ਹੈ ਤਾਂ ਉਹ ਦਿਨ ਅੱਜ ਹੈ। ਕੁੱਲ ਲੋਕਾਂ ਵੱਲੋਂ 'ਪ੍ਰਮਾਣੂ' ਚੀਜ਼ਾਂ ਦਾ ਮੁਕੰਮਲ ਵਿਰੋਧ ਹੋਣਾ ਚਾਹੀਦਾ ਹੈ, ਭਾਵੇਂ ਉਹ 'ਬੰਬ' ਹੋਵੇ ਅਤੇ ਭਾਵੇਂ 'ਬਿਜਲੀ ਘਰ'। ਭਲਕੇ ਬਹੁਤ ਦੇਰ ਹੋ ਜਾਵੇਗੀ, ਯਾਦ ਰੱਖਣਾ।

ਪ੍ਰਧਾਨ ਕੈਨੇਡੀ ਦੇ ਕਥਿਤ ਕਾਤਲ ਦੀ ਕਹਾਣੀ

ਸੁਰੱਖਿਆ ਦਾ ਜਿੰਨਾ ਰੌਲਾ ਅਮਰੀਕਾ ਦੇਸ ਅੰਦਰ ਹੈ, ਦੁਨੀਆਂ ਅੰਦਰ ਹੋਰ ਕਿਤੇ ਨਹੀਂ। ਜ਼ਾਹਰ ਹੈ ਕਿ ਜਿੰਨੇ ਰੱਖਿਆ ਪ੍ਰਬੰਧ ਅਮਰੀਕੀ ਪ੍ਰਧਾਨ ਲਈ ਕੀਤੇ ਜਾਂਦੇ ਹਨ, ਉਨ੍ਹਾਂ ਦਾ ਤਾਂ ਕੋਈ ਅੰਤ ਹੀ ਨਹੀਂ। ਪਿੱਛੇ ਜਿਹੇ ਅਕਤੂਬਰ 2010 ਵਿਚ ਪ੍ਰਧਾਨ ਬਰਾਕ ਓਬਾਮਾ ਨੇ ਭਾਰਤ ਦਾ ਦੌਰਾ ਕੀਤਾ। ਉਸ ਦੇ ਲਈ ਕਾਰਾਂ, ਹੈਲੀਕਾਪਟਰ ਅਤੇ ਸੈਂਕੜੇ ਅੰਗ ਰੱਖਿਅਕ ਉਸ ਦੇ ਨਾਲ ਆਏ। ਮੁੰਬਈ ਅੰਦਰ ਵਿਸ਼ਾਲ ਤਾਜ ਹੋਟਲ ਪੂਰੇ ਦਾ ਪੂਰਾ ਬੁੱਕ ਕੀਤਾ ਗਿਆ। ਜਿਹੜੇ ਚਾਰ ਦਿਨ ਉਹ ਭਾਰਤ ਵਿਚ ਰਿਹਾ, ਭਾਰਤੀ ਸੁਰੱਖਿਆ ਪ੍ਰਣਾਲੀ ਨਾਲ ਹੀ ਸੂਲੀ ਉੱਤੇ ਟੰਗੀ ਰਹੀ।

ਸਦੀਵੀ ਕੁੱਲ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਅਮਰੀਕੀ ਇਤਿਹਾਸ ਵਿਚ ਚੋਖੇ ਪ੍ਰਧਾਨਾਂ ਉੱਤੇ ਕਾਤਲਾਨਾ ਹਮਲੇ ਹੋਏ, ਜਿਨ੍ਹਾਂ ਦੇ ਫਲਸਰੂਪ ਚਾਰ ਅਮਰੀਕੀ ਪ੍ਰਧਾਨ ਗੋਲੀ ਦਾ ਸ਼ਿਕਾਰ ਬਣੇ। ਸਭ ਤੋਂ ਨੇੜੇ ਦਾ ਕਤਲ ਸੀ ਪ੍ਰਧਾਨ ਜੌਹਨ ਕੈਨੇਡੀ ਦਾ, ਜੋ 22 ਨਵੰਬਰ 1963 ਨੂੰ ਡਾਲਾਸ ਸ਼ਹਿਰ ਵਿਚ ਦਿਨ ਦਿਹਾੜੇ ਹੋਇਆ। ਖੁੱਲ੍ਹੀ ਕਾਰ ਵਿਚ ਸਫ਼ਰ ਕਰਦੇ ਪ੍ਰਧਾਨ ਕੈਨੇਡੀ ਨੂੰ ਗੋਲੀ ਨਾਲ ਉਡਾ ਦਿੱਤਾ ਗਿਆ। ਦੁਨੀਆਂ ਅੰਦਰ ਹਰਦਿਲ ਅਜ਼ੀਜ਼ ਪ੍ਰਧਾਨ ਦੀ ਮੌਤ ਨਾਲ ਸਭ ਪਾਸੇ ਸੋਗ ਪੈ ਗਿਆ। ਉਨ੍ਹੀਂ ਦਿਨੀਂ ਮੈਂ ਸਿਧਵਾਂ ਬੇਟ ਪਿੰਡ (ਜ਼ਿਲ੍ਹਾ ਲੁਧਿਆਣਾ) ਦੇ ਹਸਪਤਾਲ ਵਿਚ ਮੁਲਾਜ਼ਮ ਸਾਂ। ਪ੍ਰਧਾਨ ਕੈਨੇਡੀ ਦੀ ਥਾਪੀ ਹੋਈ 'ਪੀਸ ਕੋਰ' ਦੇ ਕਈ ਕਾਮੇ ਆਲੇ-ਦੁਆਲੇ ਦੇ ਪਿੰਡਾਂ ਵਿਚ ਮੁਰਗੀ, ਮੱਛੀ ਅਤੇ ਸੂਰ ਪਾਲਣ ਦੀ ਸਿਖਲਾਈ ਦੇ ਰਹੇ ਸਨ।

ਕੈਨੇਡੀ ਦੀ ਮੌਤ ਦੀ ਖ਼ਬਰ ਦੇ ਨਾਲ ਦੱਸਿਆ ਗਿਆ ਕਿ ਕਾਤਲ ਪਛਾਣ ਲਿਆ ਗਿਆ ਹੈ ਅਤੇ ਪਕੜਨ ਲਈ ਉਸ ਦੀ ਭਾਲ ਕੀਤੀ ਜਾ ਰਹੀ ਹੈ। ਦੱਸਿਆ ਗਿਆ ਕਿ 'ਲੀ ਹਾਰਵੇ ਓਸਵਾਲਡ' ਨੇ ਇਕ ਸਕੂਲ ਦੀ ਉੱਚੀ ਇਮਾਰਤ ਤੋਂ ਇਕ ਦੂਰਬੀਨੀ ਰਾਈਫ਼ਲ ਵਰਤ ਕੇ ਇਹ ਕਾਰਾ ਕੀਤਾ। ਓਸਵਾਲਡ ਸ਼ਾਮ ਤਾਈਂ ਇਕ ਸਿਨਮਾ ਹਾਲ ਅੰਦਰੋਂ ਫੜ ਲਿਆ ਗਿਆ। ਦੋ ਦਿਨਾਂ ਪਿੱਛੋਂ ਪੁਲੀਸ ਹਿਰਾਸਤ ਅੰਦਰੋਂ ਨਿਕਲਦੇ ਓਸਵਾਲਡ ਨੂੰ ਜੈਕ ਰੂਬੀ ਨਾਂ ਦੇ ਇਕ ਵਿਅਕਤੀ ਨੇ, ਗੋਲੀ ਨਾਲ ਕਤਲ ਕਰ ਦਿੱਤਾ। ਜੱਜ ਵਾਰਿਨ ਦੀ ਅਗਵਾਈ ਹੇਠ ਇਕ ਖੋਜ ਕਮਿਸ਼ਨ ਬੈਠਾ, ਜੋ ਬੇਅੰਤ ਕਾਰਵਾਈ ਕਰਨ ਪਿੱਛੋਂ ਇਸ ਨਤੀਜੇ ਉੱਤੇ ਪੁੱਜਾ ਕਿ ਕੈਨੇਡੀ ਦਾ ਕਾਤਲ 'ਲੀ ਹਾਰਵੇ ਓਸਵਾਲਡ' ਸੀ, ਇਹ ਮੰਦਾ ਕਾਰਾ ਓਸੇ ਹੀ ਇਕੱਲੇ ਦਾ ਸੀ ਅਤੇ ਇਸ

ਦੇ ਪਿੱਛੇ ਕੋਈ ਛੜਯੰਤਰ ਨਹੀਂ ਸੀ। ਕਮਿਸ਼ਨ ਦੀ ਪੂਰੀ ਰਿਪੋਰਟ ਗੁਪਤ ਰੱਖੀ ਗਈ। ਚਾਲ੍ਹੀ ਸਾਲ ਲੰਘ ਜਾਣ ਉੱਤੇ ਨਾ ਕੇਵਲ ਇਹ ਰਿਪੋਰਟ ਗੁਪਤ ਹੀ ਰੱਖੀ ਗਈ, ਬਲਕਿ ਸਮੇਂ ਦੇ ਪ੍ਰਧਾਨ ਜਾਰਜ ਬੁਸ਼ ਨੇ ਸੱਤਰ ਹੋਰ ਸਾਲਾਂ ਲਈ ਉਸ ਨੂੰ ਲੁਕਾ ਕੇ ਰੱਖਣ ਦਾ ਹੁਕਮ ਕਰ ਦਿੱਤਾ।

1963 ਤੋਂ ਹੁਣ ਤਕ ਚੋਖੇ ਲੇਖਾਂ, ਕਿਤਾਬਾਂ ਅਤੇ ਫ਼ਿਲਮਾਂ ਅੰਦਰ ਪ੍ਰਧਾਨ ਕੈਨੇਡੀ ਦੇ ਕਤਲ ਸੰਬੰਧੀ ਖੋਜਾਂ ਸਾਹਮਣੇ ਆਈਆਂ ਹਨ, ਜੋ ਦਰਸਾਉਂਦੀਆਂ ਹਨ ਕਿ ਉਸ ਦਾ ਕਤਲ ਇਕ ਡੂੰਘੀ ਸਾਜ਼ਸ਼ ਦਾ ਨਤੀਜਾ ਸੀ।

ਹੁਣੇ ਜਹੇ ਓਸਵਾਲਡ ਦੀ ਸਹੇਲੀ 'ਜੂਡਿਥ ਵੇਰੀ ਬੇਕਰ' ਨੇ ਇਕ ਕਿਤਾਬ ਲਿਖੀ ਹੈ *Lee and Me* – "ਕਿਵੇਂ ਮੈਂ ਲੀ ਹਾਰਵੇ ਓਸਵਾਲਡ ਨੂੰ ਜਾਣਿਆ, ਪਿਆਰ ਕੀਤਾ ਅਤੇ ਗਵਾ ਲਿਆ।" ਜੂਡਿਥ ਵੇਰੀ ਬੇਕਰ ਨੇ "ਹਿਸਟਰੀ ਚੈਨਲ" ਉੱਤੇ ਇਕ ਲੰਮੀ ਟੀ.ਵੀ. ਇੰਟਰਵਿਊ ਵੀ ਦਿੱਤੀ ਹੈ। ਕਿਤਾਬ ਪੜ੍ਹ ਕੇ ਓਸਵਾਲਡ ਬਾਰੇ ਅੱਖਾਂ ਖੁੱਲ੍ਹ ਜਾਂਦੀਆਂ ਹਨ। ਓਸਵਾਲਡ ਨੇ ਕੈਨੇਡੀ ਦਾ ਕਤਲ ਤਾਂ ਕੀ ਕਰਨਾ ਸੀ, ਉਸ ਨੇ ਤਾਂ ਕੈਨੇਡੀ ਦੀ ਜਾਨ ਬਚਾਉਣ ਦੇ ਉਪਰਾਲਿਆਂ ਵਿਚ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਹ ਕੈਨੇਡੀ ਜਿਸ ਨੇ 'ਚਾਨਣ ਬਰਦਾਰਾਂ' ਭਾਵ ਫ਼ੈਡਰਲ ਰਿਜ਼ਰਵ ਦੇ ਨਿੱਜੀ ਬੈਂਕਰਾਂ ਕੋਲੋਂ ਦੇਸ ਦਾ ਪੰਜਾ ਛੁਡਾਉਣ ਦੀ ਕੋਸ਼ਿਸ਼ ਕੀਤੀ ਸੀ।

ਜੂਡਿਥ ਵੇਰੀ ਬੇਕਰ (ਜਨਮ 1943) ਜੋ ਅੱਜ ਇਕ ਕਲਾਕਾਰ, ਲੇਖਕ ਅਤੇ ਕਵੀ ਹੈ, ਪਰ ਜ਼ਿਆਦਾਤਰ ਦਸਤਾਵੇਜ਼ੀ ਫ਼ਿਲਮਾਂ ਕਾਰਨ ਜਾਣੀ ਜਾਂਦੀ ਹੈ। ਉਸ ਦੀ ਕੋਸ਼ਿਸ਼ ਹੈ ਜੋ ਦੁਨੀਆਂ ਨੂੰ ਸਮਝਾ ਸਕੇ ਕਿ ਕੈਨੇਡੀ ਦਾ ਕਤਲ ਸੀ.ਆਈ.ਏ./ ਮਾਫੀਆ ਦਾ ਕੰਮ ਸੀ, ਜਿਸ ਵਿਚ 'ਲੀ ਹਾਰਵੇ ਓਸਵਾਲਡ' ਨੂੰ ਬਲੀ ਦਾ ਬੱਕਰਾ ਬਣਾਉਣ ਲਈ ਚੁਣਿਆ ਗਿਆ ਸੀ। ਜੂਡਿਥ ਇਕ ਅਤਿ ਸੁੱਘੜ ਵਿਦਿਆਰਥਣ ਸੀ ਅਤੇ ਪੰਦਰਾਂ ਸਾਲਾਂ ਦੀ ਉਮਰੇ ਕੈਂਸਰ ਖੋਜ ਲੈਬ ਵਿਚ ਕੰਮ ਕਰਨ ਲਈ ਚੁਣੀ ਗਈ। ਜਲਦੀ ਹੀ ਕੈਂਸਰ ਖੋਜ ਹਲਕਿਆਂ ਵਿਚ ਉਸ ਦੀ ਪਛਾਣ ਹੋਣ ਲੱਗ ਪਈ। 1962 ਵਿਚ ਉਹ ਫ਼ਲੋਰਿਡਾ ਯੂਨੀਵਰਸਿਟੀ ਵਿਚ ਪੜ੍ਹਨ ਅਤੇ ਖੋਜਣ ਲਈ ਆ ਗਈ।

ਜੂਡਿਥ ਦਾ ਸੁਫ਼ਨਾ ਸੀ ਕਿ ਉਹ ਕੈਂਸਰ ਰੋਗ ਲਈ ਕਾਮਯਾਬ ਇਲਾਜ ਲੱਭੇ। ਆਪਣੇ ਕੰਮ ਦੇ ਸਿਲਸਿਲੇ ਵਿਚ ਉਸ ਦਾ ਮੇਲ ਹੋਇਆ ਡਾ. ਆਲਟਨ ਓਸ਼ਨਰ ਦੇ ਨਾਲ, ਸ਼ਹਿਰ ਨਿਊ-ਓਰਲੀਨ ਵਿਚ। ਜੂਡਿਥ ਬੇਖ਼ਬਰ ਸੀ ਕਿ ਓਸ਼ਨਰ, ਕਿਊਬਾ ਦੇ ਪ੍ਰਧਾਨ ਫ਼ੀਡਲ ਕਾਸਟਰੋ ਦੇ ਕਤਲ ਲਈ ਸੀ.ਆਈ.ਏ. ਦੇ ਨਾਲ ਕੰਮ ਕਰ ਰਿਹਾ ਸੀ। ਉਸ ਦਾ ਪਲਾਨ ਇਹ ਸੀ ਕਿ ਇਕ ਅਜਿਹੀ ਤੇਜ਼ ਵਧਣ ਵਾਲੀ ਕੈਂਸਰ ਵਾਇਰਸ ਤਿਆਰ ਕੀਤੀ ਜਾਵੇ, ਜਿਸ ਦੇ ਨਾਲ ਸ਼ਿਕਾਰ ਕੁਝ ਕੁ ਸਾਤਿਆਂ/ਹਫ਼ਤਿਆਂ ਅੰਦਰ ਮਰ ਜਾਵੇ। ਸਕੀਮ ਇਹ ਸੀ ਕਿ ਕਿਸੇ ਇਲਾਜ ਦੇ ਬਹਾਨੇ ਕਿਊਬਾ ਦੇ ਫ਼ੀਡਲ ਕਾਸਟਰੋ ਨੂੰ ਏਸ ਵਾਇਰਸ ਦਾ ਇੰਜੈਕਸ਼ਨ ਲਾਇਆ ਜਾਵੇ।

1963 ਵਿਚ ਜੂਡਿਥ ਮੈਡੀਕਲ ਸਕੂਲ ਭਰਤੀ ਹੋਣ ਦੀ ਸੋਚ ਰਹੀ ਸੀ। ਡਾਕਟਰ ਓਸ਼ਨਰ ਨੇ ਉਸ ਨੂੰ ਆਪਣੀ ਸਹਾਇਕ ਡਾ. ਮੇਰੀ ਸ਼ਰਮਨ ਨਾਲ ਜੋੜ ਦਿੱਤਾ

ਅਤੇ ਭਰੋਸਾ ਦਿਵਾਇਆ ਕਿ ਖੋਜ ਮੁੱਕਣ ਉਪਰੰਤ ਉਸ ਦੀ ਮੈਡੀਕਲ ਪੜ੍ਹਾਈ ਬਿਨਾਂ ਖ਼ਰਚ ਕਰਵਾਈ ਜਾਵੇਗੀ। ਸੋ ਪਹੁੰਚ ਗਈ ਜੂਡਿਥ ਨਿਊ ਓਰਲੀਨਜ਼, ਜੇਬੋਂ ਖ਼ਾਲੀ, ਇਕੱਲਮ 'ਕੱਲੀ, ਪਰ ਉੱਚੀਆਂ ਉਮੀਦਾਂ ਭਰੀ। ਏਥੇ ਓਸ ਨੂੰ 'ਇਤਫ਼ਾਕੀਆ' 'ਲੀ ਹਾਰਵੇ ਓਸਵਾਲਡ' ਮਿਲ ਗਿਆ, ਜਿਸ ਨੇ ਕਈ ਢੰਗਾਂ ਨਾਲ ਉਸ ਦੀ ਸਹਾਇਤਾ ਕੀਤੀ। ਪਿੱਛੇ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਓਸਵਾਲਡ ਨੂੰ ਮਿਲਣਾ ਕੋਈ ਇਤਫ਼ਾਕ ਨਹੀਂ ਸੀ, ਬਲਕਿ ਖ਼ੁਫ਼ੀਆ ਵਿਭਾਗ ਵੱਲੋਂ ਉਸ ਦੀ ਡਿਊਟੀ ਸੀ, ਜੂਡਿਥ ਨੂੰ ਮਿਲਣਾ ਅਤੇ ਉਸ ਨੂੰ ਨਜ਼ਰ ਹੇਠ ਰੱਖਣਾ।

ਜਿਉਂ ਹੀ ਜੂਡਿਥ ਨੇ ਡਾ. ਸ਼ਰਮਨ ਦੇ ਨਾਲ ਕੰਮ ਕਰਨਾ ਆਰੰਭਿਆ, ਉਸ ਨੂੰ ਝੱਟ ਪਤਾ ਲੱਗ ਗਿਆ ਕਿ ਉਹ 'ਫ਼ੀਡਲ ਕਾਸਟਰੋ' ਦੇ ਕਤਲ ਦੇ ਸਰਕਾਰੀ ਪ੍ਰੋਗਰਾਮ ਵਿਚ ਕੰਮ ਕਰ ਰਹੀ ਹੈ। ਉਹ ਬੇਅੰਤ ਲੋੜਾਂ ਅਤੇ ਭਾਵਨਾਵਾਂ ਦੇ ਕਾਰਨ ਓਸਵਾਲਡ ਉੱਤੇ ਨਿਰਭਰ ਕਰਨ ਲੱਗੀ ਅਤੇ ਝੱਟ ਹੀ ਉਨ੍ਹਾਂ ਦੀ ਦੋਸਤੀ ਪਿਆਰ ਵਿਚ ਬਦਲ ਗਈ। ਓਸਵਾਲਡ ਨੇ ਜੂਡਿਥ ਨੂੰ ਦੱਸ ਦਿੱਤਾ ਕਿ ਉਹ ਅਮਰੀਕੀ ਖ਼ੁਫ਼ੀਆ ਵਿਭਾਗ ਵਿਚ ਹੈ ਅਤੇ ਉਹ ਇਨ੍ਹਾਂ ਗਰਮੀਆਂ ਵਿਚ ਨਿਊ ਓਰਲੀਨਜ਼ ਵਿਚ ਰਹਿ ਕੇ ਫ਼ੀਡਲ ਕਾਸਟਰੋ ਦੇ ਹਾਮੀਆਂ ਵਿਚ ਰਲਣ ਦੀ ਕੋਸ਼ਿਸ਼ ਕਰੇਗਾ ਤਾਂ ਜੁ ਕਿਊਬਾ ਸਰਕਾਰ ਉਸ ਨੂੰ ਭਰੋਸੇਯੋਗ ਵਿਅਕਤੀ ਮੰਨ ਜਾਵੇ। ਸਕੀਮ ਇਹ ਸੀ ਕਿ ਉਹ ਕਿਸੇ ਹੀਲੇ ਬਹਾਨੇ ਕਿਊਬਾ ਜਾਵੇਗਾ, ਜਿਥੇ ਉਹ ਕਿਸੇ ਅਜਿਹੇ ਡਾਕਟਰ ਨਾਲ ਸੰਬੰਧ ਬਣਾਵੇਗਾ, ਜੋ ਫ਼ੀਡਲ ਕਾਸਟਰੋ ਦਾ ਇਲਾਜ ਕਰਦਾ ਹੋਵੇ। ਆਪਣੇ ਨਾਲ ਖੜੇ ਤੇਜ਼ ਵਧਦੇ ਕੈਂਸਰ ਸੈੱਲ ਉਸ ਡਾਕਟਰ ਦੇ ਹਵਾਲੇ ਕਰੇਗਾ।

ਗਰਮੀਆਂ ਦਾ ਮੌਸਮ ਕੈਂਸਰ ਪ੍ਰਾਜੈਕਟ ਨੂੰ ਅੱਗੇ ਵਧਾਉਣ ਵਿਚ ਲੰਘ ਗਿਆ। ਪ੍ਰਾਜੈਕਟ ਦਾ ਵਧੇਰੇ ਕੰਮ ਡਾ. ਓਸ਼ਨਰ ਦੇ ਕਲੀਨਿਕ 'ਤੇ ਨਹੀਂ, ਸਗੋਂ ਇਕ ਵੱਖਰੇ ਅਜਨਬੀ 'ਡੇਵਿਡ ਫੈਰੀ' ਦੇ ਘਰ ਹੁੰਦਾ ਸੀ। 'ਫੈਰੀ' ਵੀ ਓਸਵਾਲਡ ਦੇ ਵਾਂਗ ਖ਼ੁਫ਼ੀਆ ਏਜੰਸੀ ਦੇ ਕਾਸਟਰੋ-ਵਿਰੋਧੀ ਕੰਮ ਵਿਚ ਜੁਟਿਆ ਹੋਇਆ ਸੀ। ਜੂਡਿਥ, ਓਸਵਾਲਡ ਅਤੇ ਫੈਰੀ ਦੇ ਰਾਹੀਂ ਕਈ ਅਜਨਬੀਆਂ ਨੂੰ ਮਿਲੀ, ਜਿਨ੍ਹਾਂ ਵਿਚ ਇਕ ਸੀ ਜੈਕ ਰੂਬਿਨਸਨ (ਜੈਕ ਰੂਬੀ) ਜਿਸ ਨੇ ਬਾਅਦ ਵਿਚ ਓਸਵਾਲਡ ਨੂੰ ਗੋਲੀ ਮਾਰੀ ਸੀ।

ਗਰਮੀਆਂ ਮੁੱਕਣ ਤੋਂ ਪਹਿਲਾਂ ਹੀ ਦੁੜਕੀ ਮਾਰ ਕੇ ਵਧਣ ਵਾਲੀ ਕੈਂਸਰ ਵਾਇਰਸ ਤਿਆਰ ਹੋ ਗਈ, ਜਿਸ ਨੂੰ ਚੂਹਿਆਂ ਅਤੇ ਬਾਂਦਰਾਂ ਉੱਤੇ ਟੈਸਟ ਕਰ ਲਿਆ ਗਿਆ। ਹੁਣ ਰਹਿ ਗਿਆ ਇਕ ਹੋਰ ਪੜਾਅ – ਇਨਸਾਨ ਦੇ ਉੱਤੇ ਅਸਰ ਵੇਖਣਾ। ਜੂਡਿਥ ਨੂੰ ਦੱਸਿਆ ਗਿਆ ਕਿ ਇਹ ਟੈਸਟ ਕਿਸੇ ਆਖ਼ਰੀ ਸਾਹਾਂ ਉੱਤੇ ਰੋਗੀ ਵਿਚ ਟੈਸਟ ਕੀਤਾ ਜਾਵੇਗਾ। ਪਿੱਛੋਂ ਉਸ ਨੂੰ ਪਤਾ ਲੱਗਾ ਕਿ ਟੀਕਾ ਇਕ ਸਿਹਤਮੰਦ ਨੂੰ ਲਾਇਆ ਗਿਆ ਸੀ, ਜੋ ਦਿਮਾਗੋਂ ਰਤਾ ਸਿੱਧਰਾ ਸੀ ਅਤੇ ਬੇਖ਼ਬਰ ਸੀ ਕਿ ਉਸ ਨੂੰ ਕੀ ਹੋਵੇਗਾ। ਕੈਂਸਰ ਵਾਇਰਸ ਦੇ ਟੀਕੇ ਪਿੱਛੋਂ ਉਹ ਜਲਦੀ ਹੀ ਮਰ ਗਿਆ। ਜੂਡਿਥ ਨੂੰ ਸ਼ੱਕ ਸੀ ਕਿ ਉਸ ਵਰਗੇ ਕਈ ਹੋਰ ਵੀ ਸ਼ਿਕਾਰ ਹੋਏ ਹੋਣਗੇ। ਜੂਡਿਥ ਅੰਦਰੋ-ਅੰਦਰ ਬੁਝ ਗਈ – ਇਹ ਡਾਕਟਰੀ ਇਲਾਜ ਨਹੀਂ, ਕਤਲ ਸੀ। ਗਰਮੀਆਂ ਮੁੱਕਦਿਆਂ ਹੀ ਪ੍ਰਾਜੈਕਟ ਮੁੱਕ ਗਿਆ। ਓਸਵਾਲਡ ਨੇ ਅਗਲੇਰੇ ਕੰਮ ਦੀ ਪੂਰਤੀ

ਲਈ ਮੈਕਸੀਕੋ ਜਾਣਾ ਸੀ। ਕਹਾਣੀ ਖ਼ਤਮ ਹੋਣ ਦੀ ਥਾਂ, ਹੋਰ ਹੀ ਰੰਗ ਧਾਰਨ ਕਰ ਗਈ।

ਓਸਵਾਲਡ ਨੂੰ ਯਕੀਨ ਸੀ ਕਿ ਫ਼ੀਡਲ ਕਾਸਟਰੋ ਦੀ ਕਤਲ ਸਕੀਮ ਦੇ ਪਿੱਛੇ ਅਸਲ ਵਿਚ ਪ੍ਰਧਾਨ ਕੈਨੇਡੀ ਦੇ ਕਤਲ ਦਾ ਛੜਯੰਤਰ ਸੀ।ਓਸਵਾਲਡ ਤਾਂ ਕੈਨੇਡੀ ਭਗਤ/ਫ਼ੈਨ ਸੀ। ਉਸ ਨੂੰ ਇਹ ਵੀ ਸਮਝ ਸੀ ਕਿ ਉਹ ਇਕ ਪੈਟਸੀ/"ਆਪਣੇ ਸਿਰ ਦੋਸ਼ ਲੈਂਦਾ" ਬਣਾ ਕੇ ਵਰਤਿਆ ਜਾ ਸਕਦਾ ਹੈ। ਜਦੋਂ ਓਸਵਾਲਡ ਮੈਕਸੀਕੋ ਜਾ ਪਹੁੰਚਿਆ ਤਾਂ ਜੂਡਿਥ, ਉਸ ਦੇ ਨਾਲ ਬੜੇ ਗੋਲ-ਮੋਲ ਖ਼ੁਫ਼ੀਆ ਢੰਗ ਨਾਲ ਟੈਲੀਫ਼ੋਨ ਸੰਪਰਕ ਰੱਖਦੀ ਰਹੀ। ਡੇਵਿਡ ਫੈਰੀ ਏਸ ਕੰਮ ਲਈ ਮਦਦਗਾਰ ਰਿਹਾ। ਜਦੋਂ ਉਸ ਦਾ ਮਿਸ਼ਨ ਰਹੱਸ ਭਰੇ ਕਾਰਨਾਂ ਕਾਰਨ ਰੱਦ ਕਰ ਦਿੱਤਾ ਗਿਆ ਤਾਂ ਉਸ ਦਾ ਭਰੋਸਾ ਹੋਰ ਵੀ ਪੱਕਾ ਹੋ ਗਿਆ ਕਿ ਅਸਲ ਗੋਂਦ ਕੈਨੇਡੀ ਨੂੰ ਮਾਰਨ ਦੀ ਹੈ।ਓਸਵਾਲਡ ਨੇ ਆਪਣੀ ਪਤਨੀ ਮੇਰੀਨਾ ਤੋਂ ਤਲਾਕ ਲੈਣ ਦੀ ਗੱਲ ਕਹੀ। ਉਸ ਉਪਰੰਤ ਉਹ ਅਤੇ ਜੂਡਿਥ ਮੈਕਸੀਕੋ ਅੰਦਰ ਰਹਿਣਗੇ, ਬਸ ਹੁਣ ਦਾ ਮਸਲਾ ਮੁੱਕ ਜਾਵੇ। ਇਹ ਤਾਂ ਉਸ ਦੀ ਗਈ ਗਵਾਚੀ ਉਮੀਦ ਸੀ। ਓਸਵਾਲਡ ਨੇ ਕਿਹਾ ਕਿ ਹਾਲਾਂ ਉਹ ਨੌਕਰੀ ਛੱਡ ਨਹੀਂ ਸੀ ਸਕਦਾ ਅਤੇ ਉਮੀਦ ਕਰ ਰਿਹਾ ਸੀ ਕਿ ਸ਼ਾਇਦ ਪ੍ਰਧਾਨ ਕੈਨੇਡੀ ਨੂੰ ਬਚਾਅ ਸਕੇ।

ਬਾਕੀ ਇਤਿਹਾਸ ਤਾਂ ਸਭ ਜਾਣਦੇ ਨੇ। ਇਹ ਸੰਭਵ ਹੈ ਕਿ ਕੈਨੇਡੀ ਦੀ ਜਾਨ ਉੱਤੇ ਪਹਿਲੀ ਕੋਸ਼ਿਸ਼ ਜੋ ਸ਼ਿਕਾਗੋ ਵਿਚ ਕੀਤੀ ਜਾਣੀ ਸੀ, ਓਸਵਾਲਡ ਉਸ ਨੂੰ ਰੋਕਣ ਵਿਚ ਕਾਮਯਾਬ ਰਿਹਾ ਸੀ। 'ਡਾਲਾਸ' ਵਾਰੀ ਤਾਂ ਗੱਲ ਹੀ ਹੋਰ ਸੀ, ਓਸਵਾਲਡ ਝੱਟ ਫੜ ਲਿਆ ਗਿਆ। ਉਸ ਨੂੰ ਆਪਣਾ ਵਕੀਲ ਕਰਨ ਦੀ ਆਗਿਆ ਵੀ ਨਹੀਂ ਮਿਲੀ। ਉਸ ਨੂੰ ਲਗਾਤਾਰ ਇਕ ਤੋਂ ਦੂਜੇ ਟਿਕਾਣੇ ਲਿਜਾਇਆ ਗਿਆ। ਉਸ ਨੂੰ ਗੋਲੀ ਮਾਰਨ ਵਾਲਾ ਜੈਕ ਰੂਬੀ ਸੀ, ਇਕ ਜਿਗਰੀ ਦੋਸਤ ਜਿਸ ਨੂੰ ਉਹ ਬਚਪਨ ਤੋਂ ਜਾਣਦਾ ਸੀ। ਟੈਲੀਵੀਜ਼ਨ ਸਕਰੀਨ ਉੱਤੇ ਇਹ ਪਹਿਲਾ ਜਿਊਂਦਾ ਜਾਗਦਾ ਕਤਲ ਸੀ। ਜੂਡਿਥ ਨੇ ਵੀ ਵੇਖਿਆ।

ਜੂਡਿਥ ਨੂੰ ਫੈਰੀ ਦਾ ਫ਼ੋਨ ਆਇਆ, "ਤੂੰ ਇਕ ਸਾਧਾਰਨ ਮਿੱਠੀ ਕੁੜੀ ਬਣ ਕੇ ਦੜ ਵੱਟ ਕੇ ਗੁਆਚ ਜਾਹ। ਭੁੱਲ ਜਾਹ ਕਿ ਸਾਇੰਸ ਵਿਚ ਤੇਰੀ ਕੋਈ ਥਾਂ ਹੈ। ਤੇਰਾ ਕੁਆਰਾ ਨਾਂ ਕਦੇ ਅਖ਼ਬਾਰ ਵਿਚ ਨਹੀਂ ਆਉਣਾ ਚਾਹੀਦਾ। ਕਿਸਮਤ ਹੋਈ ਤਾਂ ਤੇਰੀ ਜਾਨ ਬਚ ਜਾਵੇਗੀ। ਅਸਾਂ ਆਪਸ ਵਿਚ ਕਦੇ ਨਹੀਂ ਬੋਲਣਾ" ਅਤੇ ਨਾਲ ਹੀ ਟੈਲੀਫ਼ੋਨ ਬੰਦ।

ਅੱਗੋਂ ਕੀ ਹੋਇਆ ?

ਕੈਨੇਡੀ ਕਤਲ ਦੀ ਸੁਣਵਾਈ ਕਰਦੇ ਵਾਰਨ ਕਮਿਸ਼ਨ ਅੱਗੇ ਡਾ. ਮੇਰੀ ਸ਼ਰਮਨ (ਜਿਸ ਹੇਠ ਜੂਡਿਥ ਨੇ ਕੰਮ ਕੀਤਾ ਸੀ) ਨੂੰ ਗਵਾਹੀ ਲਈ ਬੁਲਾਇਆ ਗਿਆ। ਗਵਾਹੀ ਵਾਲੀ ਸਵੇਰ ਉਸ ਦਾ ਕਤਲ ਕੀਤਾ ਗਿਆ। ਕਾਤਲ ਦਾ ਖੁਰਾ-ਖੋਜ ਨਹੀਂ ਮਿਲਿਆ। ਮਿਲਣਾ ਕਿਥੋਂ ਸੀ ?

ਜੈਕ ਰੂਬੀ ਉੱਤੇ ਕਤਲ ਦੇ ਮੁਕੱਦਮੇ ਦੀ ਸੁਣਵਾਈ ਤੋਂ ਪਹਿਲਾਂ ਹੀ ਉਸ ਨੂੰ ਕੈਂਸਰ ਹੋ ਗਿਆ। ਉਸ ਨੇ ਕਿਹਾ ਕਿ ਜੇਲ੍ਹ ਦੇ ਅੰਦਰ ਉਸ ਨੂੰ ਕੋਈ ਟੀਕਾ ਲਾਇਆ

ਗਿਆ ਸੀ। ਕੁਝ ਕੁ ਹਫ਼ਤਿਆਂ ਵਿਚ ਉਹ ਵੀ ਮਰ ਗਿਆ। ਅਗਲੇ ਮਹੀਨੇ ਫੈਰੀ ਆਪਣੇ ਫ਼ਲੈਟ ਵਿਚ ਮਰਿਆ ਹੋਇਆ ਲੱਭਾ। ਉਸ ਦੇ ਕੋਲੋਂ ਦੋ ਟਾਈਪ ਕੀਤੇ, ਪਰ ਦਸਖ਼ਤੋਂ ਬਿਨਾਂ, ਆਤਮਘਾਤੀ ਨੋਟ ਮਿਲੇ।

ਡਾ. ਓਸ਼ਨਰ, ਜੋ ਕੱਟੜ ਖ਼ਿਆਲਾਂ ਦਾ ਸੀ ਅਤੇ ਹੋਰਨਾਂ ਨੂੰ ਕੁਰਬਾਨ ਕਰਨ ਲਈ ਤਗੜਾ ਸੀ, ਬੜੀ ਸ਼ਾਨ ਅਤੇ ਇੱਜ਼ਤ ਦੇ ਨਾਲ ਜੀਵਿਆ ਅਤੇ 85 ਸਾਲ ਦੀ ਉਮਰੇ 1981 ਵਿਚ ਪਰਮਾਤਮਾ ਦੇ ਚਰਨਾਂ ਵਿਚ ਜਾ ਬਿਰਾਜਿਆ। ਜੂਡਿਥ, ਫੈਰੀ ਦੀ ਸਲਾਹ ਉੱਤੇ ਮੁਕੰਮਲ ਦੜ ਵੱਟ ਗਈ। ਡਾਕਟਰੀ ਭਵਿੱਖ ਨੂੰ ਭੁੱਲ ਗਈ। ਜਦੋਂ ਤਾਈਂ ਉਸ ਨੇ ਆਪਣਾ ਟੱਬਰ ਪਾਲ ਕੇ ਸਭ ਤੋਂ ਛੋਟੀ ਧੀ ਦਾ ਵਿਆਹ ਨਹੀਂ ਕਰ ਲਿਆ, ਉਸ ਨੇ ਲੀ ਹਾਰਵੇ ਓਸਵਾਲਡ ਜਾਂ ਨਿਊ ਓਰਲੀਨਜ਼ ਅੰਦਰ ਬਿਤਾਏ ਸਮੇਂ ਦਾ ਨਾਂ ਵੀ ਮੂੰਹ ਉੱਤੇ ਨਹੀਂ ਲਿਆਂਦਾ। ਅੱਜ ਉਹ ਸਕੈਂਡੇਨੇਵੀਆ ਅੰਦਰ (ਸ਼ਾਇਦ) ਕਿਤੇ ਰਹਿੰਦੀ ਹੈ।

ਅੱਜ ਦੀ ਉਲਟੀ ਦੁਨੀਆਂ ਅੰਦਰ ਬੇਗੁਨਾਹ, ਜਬਰੀ ਕਾਤਲ ਠਹਿਰਾਏ ਜਾਂਦੇ ਨੇ ਅਤੇ ਅਸਲ ਕਾਤਲ ਆਪ ਸ਼ਕਤੀ ਦੀਆਂ ਸਿਖਰਾਂ ਵੱਲ ਤਰੱਕੀ ਕਰ ਜਾਂਦੇ ਨੇ।

ਇਹ ਰੁਪਈਆ ਕੀਹਦਾ ਜੇ ?
ਇਹ ਡਾਲਰ ਕੀਹਦਾ ਜੇ ?

ਜੇ ਕਿਸੇ ਭਾਰਤੀ ਨੂੰ ਰੁਪਏ/ਰੁਪਈਏ ਬਾਰੇ ਇਹ ਸਵਾਲ ਪੁੱਛਿਆ ਜਾਵੇ ਤਾਂ ਜਵਾਬ ਆਵੇਗਾ ਕਿ ਰੁਪਈਏ ਦਾ ਹਰ ਨੋਟ ਭਾਰਤੀ ਹੈ। ਨਕਲੀ ਨੋਟ ਕੀ ਹੁੰਦਾ ਹੈ ? ਜੋ ਨੋਟ ਭਾਰਤੀ ਸਰਕਾਰ ਨੇ ਆਪ ਨਾ ਛਾਪਿਆ ਹੋਵੇ। ਜੇ ਬੇਅੰਤ ਨਕਲੀ ਨੋਟ ਚੱਲ ਪੈਣ, ਜਿਨ੍ਹਾਂ ਦੀ ਪਰਖ ਸਾਧਾਰਨ ਲੋਕ ਨਾ ਕਰ ਸਕਣ ਤਾਂ ਦੇਸ ਦਾ ਕੁੱਲ ਅਰਥਚਾਰਾ ਡੁੱਬਣ ਉੱਤੇ ਆ ਜਾਂਦਾ ਹੈ। ਬ੍ਰਿਟੇਨ ਨੇ ਇਹ ਹਥਿਆਰ, ਇਕ ਸਮੇਂ, ਹੱਥੋਂ ਨਿਕਲ ਕੇ ਆਜ਼ਾਦ ਹੋਏ ਅਮਰੀਕਾ ਉੱਤੇ ਵਰਤਿਆ ਸੀ। ਅੱਜ ਦਾ ਅਮਰੀਕਾ ਇਹ ਹਥਿਆਰ ਕਈ ਦੇਸਾਂ ਦੇ ਅੰਦਰ ਕਾਮਯਾਬੀ ਨਾਲ ਵਰਤ ਚੁੱਕਿਆ ਹੈ। ਜਿਸ ਦੇਸ ਦੇ ਨਾਲ ਪੰਗਾ ਲੈਣਾ ਹੋਵੇ, ਉਸ ਦੇ ਉੱਤੇ ਦੋਸ਼ ਵੀ ਮੜ੍ਹ ਦੇਂਦਾ ਹੈ ਕਿ ਉਸ ਨੇ ਨਕਲੀ ਡਾਲਰ ਛਾਪ ਕੇ ਅਮਰੀਕਾ ਉੱਤੇ ਵਿੱਤੀ ਹਮਲਾ ਅਤੇ ਘੋਰ ਅਪਰਾਧ ਕੀਤਾ ਹੈ।

ਜੇ ਅਸੀਂ ਡਾਲਰ ਬਾਰੇ ਵੀ ਏਹੋ ਸਵਾਲ ਖੜ੍ਹਾ ਕਰੀਏ ਕਿ ਡਾਲਰ ਦਾ ਮਾਲਕ ਕੌਣ ਹੈ ? ਇੰਜ ਲੱਗੇਗਾ ਕਿ ਇਹ ਸਵਾਲ ਇਕ ਬੇਤੁਕਾ ਮੂਰਖਤਾ ਭਰਿਆ ਹੈ। ਜਵਾਬ ਇਹ ਮਿਲੇਗਾ ਕਿ ਡਾਲਰ ਅਮਰੀਕਨ ਲੋਕਾਂ ਦੀ ਮਲਕੀਅਤ ਹੈ। ਇੰਜ ਵੀ ਕਿਹਾ ਜਾ ਸਕਦਾ ਹੈ ਕਿ ਡਾਲਰ ਅਮਰੀਕਨ ਸਰਕਾਰ ਦਾ ਹੈ, ਜੋ ਲੋਕਾਂ ਦੀ ਹੀ ਆਪਣੀ ਰੀਪਬਲਿਕ ਹੈ। ਡਾਲਰ ਸਰਕਾਰ ਦਾ ਹੈ ਜਾਂ ਲੋਕਾਂ ਦਾ ਹੈ, ਇੱਕੋ ਹੀ ਗੱਲ ਹੈ।

ਜਿਵੇਂ ਜ਼ਿੰਦਗੀ ਵਿਚ ਆਮ ਵੇਖਣ ਵਿਚ ਆਉਂਦਾ ਹੈ, ਸੱਚਾਈ ਨਾ ਸਿੱਧੀ ਅਤੇ ਸਪੱਸ਼ਟ ਹੁੰਦੀ ਹੈ ਅਤੇ ਨਾ ਹੀ ਪੁੱਛਿਆ ਗਿਆ ਸਵਾਲ ਮੂਰਖੀ ਅਤੇ ਬੇਤੁਕਾ ਹੁੰਦਾ ਹੈ। ਇਸ ਸਵਾਲ ਦਾ ਸੰਬੰਧ ਦੁਨੀਆਂ ਦੇ ਕੁੱਲ ਦੇਸਾਂ ਦੇ ਅਰਬਾਂ ਲੋਕਾਂ ਦੀਆਂ ਜ਼ਿੰਦਗੀਆਂ ਦੇ ਨਾਲ ਜੁੜਿਆ ਹੋਇਆ ਹੈ। ਇਸ ਲਈ ਸਾਫ਼ ਤੌਰ ਉੱਤੇ ਜਾਣਨਾ ਬੇਅੰਤ ਜ਼ਰੂਰੀ ਹੈ।

ਅਮਰੀਕਨ ਡਾਲਰ ਦੀ ਮਲਕੀਅਤ ਦੀ ਸੱਚਾਈ ਕੀ ਹੈ ? ਸੱਚ ਇਹ ਹੈ ਕਿ ਨਾ ਹੀ ਡਾਲਰ ਅਮਰੀਕਨ ਲੋਕਾਂ ਦਾ ਹੈ ਅਤੇ ਨਾ ਹੀ ਉਨ੍ਹਾਂ ਦੀ ਅਮਰੀਕਨ ਸਰਕਾਰ ਦਾ।

ਇਹ ਕਿਵੇਂ ਹੋ ਸਕਦੈ ? ਜ਼ਰਾ ਹੋਰ ਡੂੰਘਾ ਫੋਲ ਕੇ ਵੇਖੀਏ ਤਾਂ ਪਤਾ ਲੱਗੇਗਾ ਕਿ ਅਮਰੀਕਾ ਦਾ ਅਸਲੀ ਡਾਲਰ ਕੇਵਲ ਸੰਨ 1913 ਤੋਂ ਪਹਿਲਾਂ ਹੁੰਦਾ ਸੀ। 1913 ਦਸੰਬਰ ਵਿਚ ਉਸ ਦਾ ਕਤਲ ਹੋ ਗਿਆ। ਜਿਸ ਨੂੰ ਅੱਜ ਅਮਰੀਕਨ ਡਾਲਰ ਕਹੀਦੇ,

ਜੇ ਉਸ ਨੂੰ ਧਿਆਨ ਦੇ ਨਾਲ ਵੇਖੋ ਤਾਂ ਉਸ ਉਪਰ ਲਿਖਿਆ ਹੈ: 'ਫ਼ੈਡਰਲ ਰਿਜ਼ਰਵ ਨੋਟ'। ਹਰ ਨੋਟ ਦੇ ਉਪਰ ਏਹੀ ਲਿਖਿਆ ਹੈ। ਤੁਸੀਂ ਕਹੋਗੇ ਕਿ ਫ਼ਰਕ ਕੀ ਪੈਂਦਾ ਹੈ, ਹੈ ਤਾਂ ਅਮਰੀਕਨ ਡਾਲਰ ਹੀ? ਫ਼ਰਕ ਪੈਂਦੈ, ਜੇ ਅੱਗੇ ਪੜ੍ਹੋ ਤਾਂ।

1913 ਤੋਂ ਪਹਿਲਾਂ ਅਮਰੀਕਨ ਡਾਲਰ ਮਾਲ ਦੌਲਤ ਦਾ ਹਰਕਾਰਾ ਸੀ। ਹਰ ਕਾਗ਼ਜ਼ ਦਾ ਡਾਲਰ ਬਰਾਬਰ ਸੀ ਚਾਂਦੀ ਜਾਂ ਸੋਨੇ ਦੇ। ਦੁਨੀਆਂ ਵਿਚ ਕਿਤੇ ਵੀ ਚਲੇ ਜਾਂਦੇ ਤਾਂ ਕਾਗ਼ਜ਼ੀ ਡਾਲਰ ਦੇ ਵੱਟੇ ਵਿਚ ਸੋਨਾ ਲੈ ਸਕਦੇ ਸਓ। ਇਕ ਕਾਗ਼ਜ਼ੀ ਡਾਲਰ ਬਰਾਬਰ ਸੀ ਇਕ ਸੋਨੇ ਦਾ ਡਾਲਰ।

ਅੱਜ ਦਾ ਫ਼ੈਡਰਲ ਰਿਜ਼ਰਵ ਨੋਟ ਕੋਈ ਦੌਲਤ ਸ਼ੌਲਤ ਨਹੀਂ, ਸਗੋਂ ਦੌਲਤ ਦੇ ਐਨ ਉਲਟ ਹੈ। ਇਸ ਦੇ ਰਾਹੀਂ ਕੁਲ ਜਨਤਾ ਦੀ ਮਿਹਨਤ ਦੀ ਕਮਾਈ ਉਪਰਲੇ ਕੁਝ ਫ਼ੀਸਦਾਂ ਵਿਚ ਖਿਚੀਂਦੀ ਜਾਂਦੀ ਹੈ। ਕੀ ਇਹ ਛਾਤੀ ਠੋਕ ਕੇ ਕਿਹਾ ਜਾ ਸਕਦਾ ਹੈ?

'ਫ਼ੈਡਰਲ ਰਿਜ਼ਰਵ' ਫ਼ੈਡਰਲ (ਭਾਵ ਸਰਕਾਰੀ) ਨਹੀਂ ਹੈ। ਇਹ ਤਾਂ ਏਨਾ ਹੀ ਫ਼ੈਡਰਲ ਹੈ ਜਿੰਨੀ ਪਾਰਸਲ ਲਿਜਾਣ ਵਾਲੀ ਨਿੱਜੀ ਫ਼ੈਡਰਲ ਐਕਸਪ੍ਰੈਸ। ਸੱਚਾਈ ਇਹ ਹੈ ਕਿ ਫ਼ੈਡਰਲ ਰਿਜ਼ਰਵ ਨਿਰਾ ਪੁਰਾ ਪ੍ਰਾਈਵੇਟ ਅਦਾਰਾ ਹੈ, ਜਿਸ ਉੱਤੇ ਕਿਸੇ ਕਿਸਮ ਦੀ ਨਿਗਰਾਨੀ ਨਹੀਂ ਅਤੇ ਬੈਂਕਰਾਂ ਦੀ ਇਕ ਖ਼ੁਫ਼ੀਆ ਜੁੰਡਲੀ ਦਾ ਮੁਕੰਮਲ ਕੰਟਰੋਲ ਹੈ। ਇਨ੍ਹਾਂ ਦੀ ਪਛਾਣ ਓਦੋਂ ਹੁੰਦੀ ਹੈ ਜਦੋਂ ਗਿਰਾਵਟ ਦੇ ਸਮੇਂ ਕਈ ਬੈਂਕ ਫ਼ੇਲ੍ਹ ਹੋਣ ਲੱਗ ਪੈਂਦੇ ਹਨ।

ਸਿਨ 2009 ਅਤੇ 2010 ਵਿਚ ਸੈਂਕੜੇ ਅਮਰੀਕਨ ਬੈਂਕ ਫ਼ੇਲ੍ਹ ਹੋਏ ਸਨ। ਉਨ੍ਹਾਂ ਬੈਂਕਾਂ ਦੀ ਕੋਈ ਵਾਤ ਨਹੀਂ ਪੁੱਛਦਾ। ਕੇਵਲ ਫ਼ੈਡਰਲ ਰਿਜ਼ਰਵ ਕੰਟਰੋਲ ਕਰਨ ਵਾਲੀ ਜੁੰਡਲੀ ਦੇ ਬੈਂਕਾਂ ਦਾ ਕੁਝ ਨਹੀਂ ਵਿਗੜਦਾ। ਇੰਜ ਬੈਂਕਰ ਜੁੰਡਲੀ ਦੀ ਮਲਕੀਅਤ ਉੱਘੜ ਕੇ ਸਾਹਮਣੇ ਆ ਜਾਂਦੀ ਹੈ।

ਹਰ ਅਮਰੀਕਨ ਡਾਲਰ ਭਾਵੇਂ ਕਿਸੇ ਵੀ ਮੁੱਲ ਦਾ ਹੋਵੇ, 'ਫ਼ੈਡਰਲ ਰਿਜ਼ਰਵ ਨੋਟ' ਹੈ। ਨੋਟ ਦਾ ਅਰਥ ਹੈ ਕਰਜ਼ਾ। ਏਸੇ ਨੋਟ/ਕਰਜ਼ੇ ਨੂੰ ਅਮਰੀਕਾ ਅੰਦਰ ਕਾਨੂੰਨੀ ਮਾਨਤਾ ਪ੍ਰਾਪਤ ਹੈ। ਹਰ ਨੋਟ ਦੇ ਉਪਰ ਲਿਖਿਆ ਹੈ ਕਿ ਇਸ ਦੇ ਨਾਲ ਕਰਜ਼ਾ ਉਤਾਰਿਆ ਜਾ ਸਕਦਾ ਹੈ, ਨਿੱਜੀ ਜਾਂ ਸਰਕਾਰੀ।

ਜਦੋਂ ਅਮਰੀਕਨ ਸਰਕਾਰ ਨੂੰ ਨਕਦੀ ਦੀ ਲੋੜ ਪੈਂਦੀ ਹੈ ਤਾਂ ਉਹ ਫ਼ੈਡਰਲ ਰਿਜ਼ਰਵ ਨੂੰ ਇਹ ਨਹੀਂ ਕਹਿ ਸਕਦੀ: "ਲਿਆ ਏਧਰ ਡਾਲਰ"। 1913 ਦੇ ਪਾਸ ਕੀਤੇ ਫ਼ੈਡਰਲ ਰਿਜ਼ਰਵ ਐਕਟ ਅਨੁਸਾਰ ਅਮਰੀਕਨ ਸਰਕਾਰ ਆਪਣੇ ਡਾਲਰ ਆਪ ਨਹੀਂ ਛਾਪ ਸਕਦੀ। ਸਭ ਛਪੇ ਹੋਏ ਡਾਲਰ ਕਰਜ਼ੇ ਦੇ ਨੋਟ ਹਨ ਤਾਂ ਫਿਰ ਅਮਰੀਕਨ ਸਰਕਾਰ ਦੇ ਹੱਥ ਕਿਵੇਂ ਆਉਂਦੇ ਨੇ ਡਾਲਰ, ਜਿਨ੍ਹਾਂ ਨੂੰ ਉਹ ਵਰਤ ਸਕੇ?

ਜਦੋਂ ਅਮਰੀਕਨ ਸਰਕਾਰ ਨੂੰ ਨਕਦੀ ਚਾਹੀਦੀ ਹੈ, ਓਦੋਂ ਇਸ ਦਾ ਖ਼ਜ਼ਾਨਾ ਵਿਭਾਗ ਛਾਪਦਾ ਹੈ "ਬਾਂਡ" ਜਾਂ "ਟ੍ਰਯਰੀ ਬਾਂਡ"। ਬਾਂਡ ਇਕ ਕਾਨੂੰਨੀ ਬੰਦਿਸ਼ ਹੈ ਜਿਸ ਅਨੁਸਾਰ ਤੁਸੀਂ ਦੇਣਦਾਰੀ ਵਿਚ ਬੱਝ ਜਾਂਦੇ ਹੋ। ਸੋ ਖ਼ਜ਼ਾਨਾ ਵਿਭਾਗ ਫ਼ੈਡਰਲ ਰਿਜ਼ਰਵ ਨੂੰ, ਆਪਣੇ ਵੱਲੋਂ "ਖ਼ਜ਼ਾਨਾ ਬਾਂਡ" ਵੇਚਦਾ ਹੈ, ਜਿਸ ਦੇ ਬਦਲੇ ਵਿਚ

ਫ਼ੈਡਰਲ ਰਿਜ਼ਰਵ ਸਰਕਾਰ ਨੂੰ "ਫ਼ੈਡਰਲ ਰਿਜ਼ਰਵ ਨੋਟ" ਦਾ ਕਰਜ਼ਾ ਦੇਂਦਾ ਹੈ। ਇੰਜ ਅਮਰੀਕਨ ਸਰਕਾਰ, ਅਮਰੀਕਨ ਲੋਕ ਜਾਂ ਦੁਨੀਆਂ ਦੇ ਕੁਲ ਦੇਸ, ਜਿਨ੍ਹਾਂ ਦੇ ਹੱਥ ਵਿਚ ਡਾਲਰ ਹਨ, ਦਰਅਸਲ ਫ਼ੈਡਰਲ ਰਿਜ਼ਰਵ ਦੇ ਕਰਜ਼ਾ-ਕਾਗ਼ਜ਼ ਚੁੱਕੀ ਫਿਰਦੇ ਹਨ। ਇਹ ਕਰਜ਼ਾ-ਕਾਗ਼ਜ਼ ਕਦੇ ਨਾ ਕਦੇ ਵਾਪਸ ਕਰਨੇ ਪੈਣਗੇ। ਪਰ ਇਹ ਤਾਰੇ ਜਾ ਸਕਣਗੇ ਸੂਦ ਚਾੜ੍ਹ ਕੇ। ਬੈਂਕਰਾਂ ਨੂੰ ਤਾਂ ਅਸਲ ਨਾਲੋਂ ਵੀ ਵੱਧ, ਸੂਦ ਨਾਲ ਪਿਆਰ ਹੁੰਦਾ ਹੈ।

"ਟ੍ਰਯਰੀ ਬਾਂਡ" ਨਿਰੇ ਕਾਗ਼ਜ਼ ਦੇ ਪੁਰਜ਼ੇ ਨਹੀਂ ਹੁੰਦੇ, ਇਨ੍ਹਾਂ ਦੇ ਨਾਲ ਕੁਝ ਨਾ ਕੁਝ ਗਿਰਵੀ ਰੱਖਣਾ ਪੈਂਦਾ ਹੈ। ਅਮਰੀਕਨ ਸਰਕਾਰ ਦੀ ਮਲਕੀਅਤ ਦੀਆਂ ਬੇਅੰਤ ਜ਼ਮੀਨਾਂ ਏਸੇ ਹੀ ਕੰਮ ਆਈ ਜਾ ਰਹੀਆਂ ਹਨ। ਜਦੋਂ ਸੁਣੀਂਦਾ ਹੈ ਕਿ ਚੀਨ ਦੇ ਕੋਲ ਇਕ ਟ੍ਰਿਲੀਅਨ ਤੋਂ ਵੱਧ ਡਾਲਰ ਰਿਜ਼ਰਵ ਹੈ ਤਾਂ ਉਸ ਦਾ ਅਰਥ ਹੁੰਦਾ ਹੈ ਕਿ ਉਸ ਦੇ ਕੋਲ 'ਟ੍ਰਯਰੀ ਬਾਂਡ' ਹਨ। ਡਾਲਰ ਦਾ ਕੀ ਹੈ, ਉਸ ਦੀ ਖ਼ਰੀਦ ਸ਼ਕਤੀ ਤਾਂ ਰੋਜ਼ ਘਟਦੀ ਜਾ ਰਹੀ ਹੈ। ਮੱਧ ਏਸ਼ੀਆ ਦੇ ਤੇਲ-ਮਾਲਕ ਰਾਜੇ ਵੀ ਆਪਣਾ ਫ਼ਾਲਤੂ ਪੈਸਾ "ਟ੍ਰਯਰੀ ਬਾਂਡ" ਦੀ ਖ਼ਰੀਦ ਵਿਚ ਲਾ ਦੇਂਦੇ ਹਨ।

ਏਥੋਂ ਇਕ ਕਦਮ ਹੋਰ ਅੱਗੇ ਚੱਲਦੇ ਹਾਂ। ਬਹੁਤਿਆਂ ਦੀ ਸੂਝ ਬੂਝ ਅਗਲੀ ਕਹਾਣੀ ਨੂੰ ਗ੍ਰਹਿਣ ਕਰਨ ਦੇ ਸਮਰੱਥ ਨਹੀਂ ਹੁੰਦੀ। ਇਕ ਦਿਨ ਮੇਰਾ ਵੀ ਏਹੀ ਹਾਲ ਸੀ। ਪਰ ਜਿਸ ਨੂੰ ਸਮਝ ਆ ਜਾਵੇ, ਸਮਝੋ ਉਸ ਨੂੰ ਮਹਾਤਮਾ ਬੁੱਧ ਵਾਲੀ 'ਰੋਸ਼ਨੀ' ਪ੍ਰਾਪਤ ਹੋ ਗਈ।

ਅਮਰੀਕਾ ਵਿਚ ਸੋਨੇ ਜਾਂ ਚਾਂਦੀ ਨਾਲ ਕੁਝ ਖ਼ਰੀਦਣਾ ਜਾਂ ਕਰਜ਼ਾ ਉਤਾਰਨਾ ਘੋਰ ਕਾਨੂੰਨੀ ਅਪਰਾਧ ਹੈ। ਕੇਵਲ 'ਫ਼ੈਡਰਲ ਰਿਜ਼ਰਵ ਨੋਟ' ਹੀ ਇੱਕੋ ਇਕ ਕਾਨੂੰਨੀ ਪੁਰਜ਼ਾ ਹੈ, ਜਿਸ ਦੇ ਨਾਲ ਕਰਜ਼ੇ ਉਤਾਰੇ ਜਾ ਸਕਦੇ ਹਨ। ਨਾਲ ਸੂਦ ਵੀ ਦੇਣਾ ਹੈ, ਉਹ ਵੀ ਫ਼ੈਡਰਲ ਰਿਜ਼ਰਵ ਨੋਟਾਂ ਦੀ ਸ਼ਕਲ ਵਿਚ। ਏਥੇ ਪਹੁੰਚ ਕੇ ਫਸ ਜਾਈਦੇ ਸਮਝਣ ਲਈ, ਏਸੇ ਲਈ ਵਿਸਥਾਰ ਦੀ ਲੋੜ ਹੈ।

ਇਕ ਕੋਰੀ ਸਲੇਟ ਤੋਂ ਚੱਲੋ। ਫ਼ੈਡਰਲ ਰਿਜ਼ਰਵ ਨੇ 100 ਮਿਲੀਅਨ ਡਾਲਰ ਦਾ ਕਰਜ਼ਾ ਦਿੱਤਾ ਹੈ, 2 ਪ੍ਰਤੀਸ਼ਤ ਵਿਆਜ ਦੇ ਉੱਤੇ, ਜੋ ਇਕ ਸਾਲ ਪਿੱਛੋਂ ਮੋੜਿਆ ਜਾਣਾ ਹੈ। ਇਕ ਸਾਲ ਪਿੱਛੋਂ 102 ਮਿਲੀਅਨ ਡਾਲਰ ਵਾਪਸ ਕਰਨਗੇ ਪੈਣਗੇ। ਉਪਰਲੇ ਦੋ ਮਿਲੀਅਨ ਦੇ ਨੋਟ ਕਿੱਥੋਂ ਆਉਣੇ ਹਨ ? ਨਾ ਤੁਸੀਂ ਆਪ ਛਾਪ ਸਕਦੇ ਹੋ, ਨਾ ਹੀ ਉਹ ਕਿਸੇ ਹੋਰ ਪਾਸਿਉਂ ਆ ਸਕਦੇ ਹਨ, ਫਿਰ ਉਨ੍ਹਾਂ ਦੋ ਮਿਲੀਅਨਾਂ ਨੂੰ ਕਿੱਥੋਂ ਲਿਆਈਏ ? ਜਵਾਬ ਸਪੱਸ਼ਟ ਹੈ, ਉਹ ਦੋ ਮਿਲੀਅਨ ਵੀ ਫ਼ੈਡਰਲ ਰਿਜ਼ਰਵ ਤੋਂ ਮੰਗਣੇ ਪੈਣਗੇ, ਜੋ ਫੇਰ ਦੋ ਪ੍ਰਤੀਸ਼ਤ ਵਿਆਜ ਉੱਤੇ ਮਿਲਣਗੇ। 1913 ਤੋਂ, ਜਦੋਂ ਤੋਂ ਫ਼ੈਡਰਲ ਰਿਜ਼ਰਵ ਅਮਰੀਕਾ ਦਾ ਸ਼ਾਹੂਕਾਰ ਬਣਿਆ ਹੈ, ਹੁਣ ਤਕ ਅਮਰੀਕਨ ਸਰਕਾਰ (ਭਾਵ ਲੋਕਾਂ) ਉੱਤੇ ਇੰਜ ਹੀ ਕਰਜ਼ੇ ਉੱਤੇ ਕਰਜ਼ਾ ਚੜ੍ਹਦਾ ਆ ਰਿਹਾ ਹੈ। ਇਹ ਕਰਜ਼ਾ ਤਾਂ ਕਿਸੇ ਵੀ ਢੰਗ ਦੇ ਨਾਲ ਨਹੀਂ ਉਤਰ ਸਕਦਾ, ਕੇਵਲ ਵੱਧ ਹੀ ਸਕਦਾ ਹੈ। ਕਰਦੇ ਕਰਦੇ ਇਹ ਕਰਜ਼ਾ 14 ਟ੍ਰਿਲੀਅਨ ਹੋ ਗਿਆ ਅਤੇ ਇਸ ਦੇ ਅੱਗੋਂ ਰੁਕਣ ਜਾਂ ਵਾਪਸ ਮੁੜਨ ਦਾ ਤਾਂ ਸਵਾਲ ਹੀ ਨਹੀਂ ਉੱਠਦਾ।

ਫੈਡਰਲ ਰਿਜ਼ਰਵ ਉੱਤੇ ਜਕੜ ਰੱਖਣ ਵਾਲੇ ਕੌਣ ਹਨ – ਓਹੀ ਬੈਂਕਰ ਜਿਨ੍ਹਾਂ ਦਾ ਸੱਪ-ਖੁੱਡਾ ਲੰਡਨ (ਇੰਗਲੈਂਡ) ਦੇ ਅੰਦਰ 'ਦ ਸਿਟੀ' ਵਿਚ ਹੈ ਅਤੇ ਜਿਨ੍ਹਾਂ ਦਾ ਮੋਢੀ ਮਾਲਕ ਹੈ ਰੌਥਚਾਈਲਡ। ਇੰਜ ਸਮਝਣਾ ਚਾਹੀਦਾ ਹੈ ਕਿ ਅਮਰੀਕਾ ਭਾਵ ਯੂ.ਐੱਸ.ਏ. ਦੀਆਂ ਸਰਕਾਰਾਂ, ਡੈਮੋਕ੍ਰੈਟ ਭਾਵੇਂ ਰੀਪਬਲੀਕਨ, ਬੈਂਕਰਾਂ ਦੀਆਂ ਜ਼ਰਖ਼ਰੀਦ ਹਨ ਅਤੇ ਉਨ੍ਹਾਂ ਦੇ ਇਸ਼ਾਰਿਆਂ ਉੱਤੇ ਚੱਲਦੀਆਂ ਹਨ। ਪ੍ਰਧਾਨ ਨੂੰ ਵੀ ਓਹੀ ਥਾਪਦੇ ਹਨ, ਬੁਸ਼ ਹੋਵੇ ਜਾਂ ਓਬਾਮਾ ਜਾਂ ਹੋਰ ਕੋਈ ਅਤੇ ਨੀਤੀਆਂ ਵੀ ਉਨ੍ਹਾਂ ਦੀਆਂ ਚੱਲਦੀਆਂ ਹਨ।

ਇੰਟਰਨੈੱਟ ਫੋਲੀਏ ਤਾਂ ਰੌਥਚਾਈਲਡ ਨੇ ਕੁੱਲ ਦੁਨੀਆਂ ਦੇ ਕੇਂਦਰੀ ਬੈਂਕ, ਉਨ੍ਹਾਂ ਦੀ ਆਪਣੀ ਮਲਕੀਅਤ ਵਿਖਾਏ ਹੋਏ ਹਨ, ਸਮੇਤ ਰੂਸੀ, ਚੀਨੀ ਅਤੇ ਭਾਰਤੀ ਕੇਂਦਰੀ ਬੈਂਕਾਂ ਦੇ। ਭਾਰਤੀ ਰਿਜ਼ਰਵ ਬੈਂਕ ਆਫ਼ ਇੰਡੀਆ, ਰੌਥਚਾਈਲਡ ਦੀ ਮਲਕੀਅਤ ਹੋਵੇ ? ਕਦੇ ਹੋ ਨਹੀਂ ਸਕਦਾ, ਮਨ ਮੰਨ ਹੀ ਨਹੀਂ ਸਕਦਾ। ਪਰੰਤੂ ਸੋਚ ਨੂੰ ਕੁਝ ਗੱਲਾਂ ਨੇ ਪਰੇਸ਼ਾਨ ਕੀਤਾ ਹੈ।

ਇਕ ਰੁਪਏ ਦੇ ਭਾਰਤੀ ਨੋਟ ਦੇ ਉਪਰ ਲਿਖਿਆ ਹੈ : ਭਾਰਤ ਸਰਕਾਰ ਭਾਵ ਗੌਰਮਿੰਟ ਆਫ਼ ਇੰਡੀਆ। ਦੋ ਦੇ ਨੋਟ ਤੋਂ ਲੈ ਕੇ ਇਕ ਹਜ਼ਾਰ ਦੇ ਨੋਟ ਉਪਰ ਲਿਖਿਆ ਹੈ : "ਰਿਜ਼ਰਵ ਬੈਂਕ ਆਫ਼ ਇੰਡੀਆ"। ਉਸ ਦੇ ਹੇਠਾਂ ਲਿਖਿਆ ਹੈ : "ਕੇਂਦਰੀ ਸਰਕਾਰ ਦੀ ਗਰੰਟੀ"। ਇਹ ਕਿਉਂ ? ਕੀ ਰਿਜ਼ਰਵ ਬੈਂਕ ਦੇ ਭਾਰਤ ਸਰਕਾਰੀ ਹੋਣ ਵਿਚ ਕੋਈ ਸ਼ੱਕ ਹੈ ? ਭਾਰਤੀ ਕਰੰਸੀ ਨੋਟਾਂ ਨੂੰ ਜਾਰੀ ਕਰਤਾ ਦੇ ਦੋ ਸੋਮੇ ਕਿਉਂ ? ਕਰੰਸੀ ਦੇ ਸਿੱਕਿਆਂ ਉੱਤੇ ਵੀ "ਭਾਰਤ ਸਰਕਾਰ" ਲਿਖਿਆ ਹੈ। ਇੰਜ ਲੱਗਦਾ ਹੈ ਕਿ ਭੰਨਘਟ ਲਈ ਭਾਰਤ ਸਰਕਾਰ ਹੈ ਅਤੇ ਮੋਟੇ ਨੋਟਾਂ ਲਈ ਹੈ ਰਿਜ਼ਰਵ ਬੈਂਕ ਆਫ਼ ਇੰਡੀਆ।

ਰਿਜ਼ਰਵ ਬੈਂਕ ਦੀ ਕਾਰਗੁਜ਼ਾਰੀ ਕਦੇ ਵੀ ਪਾਰਲੀਮੈਂਟ ਦੇ ਅੰਦਰ ਨਜ਼ਰਸਾਨੀ ਲਈ ਨਹੀਂ ਆਉਂਦੀ। ਕੀ ਇਹ ਇਕ ਅਤਿ ਜ਼ਰੂਰੀ ਸਰਕਾਰੀ ਅਦਾਰਾ ਨਹੀਂ ਹੈ ? ਕੀ ਰਿਜ਼ਰਵ ਬੈਂਕ ਹਰ ਕਿੰਤੂ-ਪ੍ਰੰਤੂ ਤੋਂ ਉਪਰ ਹੈ, ਪਾਰਲੀਮੈਂਟ ਤੋਂ ਵੀ ਉਪਰ ? ਜਾਂ ਇਸ ਦੀ ਕਾਰਗੁਜ਼ਾਰੀ ਉੱਤੇ ਏਸ ਲਈ ਕਦੇ ਰੌਸ਼ਨੀ ਨਹੀਂ ਪਾਈ ਜਾਂਦੀ ਕਿ ਕੁੱਲ ਭਾਰਤੀ ਦਿਮਾਗ਼ ਏਨੇ ਤਿੱਖੇ/ਸੁਧਰੇ ਉੱਚਪਾਏ ਦੇ ਨਹੀਂ ਹਨ ਕਿ ਉਹ ਬੈਂਕਕਾਰੀ ਦੀਆਂ ਉਲਝਣਾਂ ਨੂੰ ਸਮਝ ਸਕਣ ?

ਇਹ ਤਾਂ ਕੁੱਲ ਦੁਨੀਆਂ ਜਾਣਦੀ ਹੈ ਕਿ "ਇੰਟਰਨੈਸ਼ਨਲ ਮਾਨਿਟਰੀ ਫ਼ੰਡ" ਅਤੇ "ਵਰਲਡ ਬੈਂਕ" ਦਰਅਸਲ ਰੌਥਚਾਈਲਡਾਂ ਦੀ ਮਲਕੀਅਤ ਹਨ ਅਤੇ ਉਨ੍ਹਾਂ ਦੇ ਹੀ ਚਾਲੂ ਕੀਤੇ ਹੋਏ ਹਨ। ਸਾਡੇ ਰਿਜ਼ਰਵ ਬੈਂਕ ਦਾ ਇਨ੍ਹਾਂ ਬੈਂਕਾਂ ਦੇ ਨਾਲ, ਠੀਕ ਸ਼ਬਦਾਂ ਵਿਚ ਕੀ ਰਿਸ਼ਤਾ ਹੈ ? ਸਾਨੂੰ ਢਾਰਸ/ਦਿਲਾਸਾ ਧਰਵਾਸ ਮਿਲਣ ਦੀ ਲੋੜ ਹੈ ਕਿ ਅਸੀਂ ਹੁਣ ਤਕ ਉਨ੍ਹਾਂ ਦੇ ਚੁੰਗਲ ਦੇ ਅੰਦਰ ਤਾਂ ਨਹੀਂ ਫਸੇ ਹੋਏ ? ਅਮਰੀਕਾ ਤਾਂ ਫਸਿਆ ਹੋਇਆ ਹੈ ਹੀ।

ਪਿਛਲੇ ਪੰਜ ਸਾਲਾਂ ਦੇ ਅੰਦਰ ਡਾਲਰ ਦੀ ਖ਼ਰੀਦ ਸ਼ਕਤੀ ਇਕ ਤਿਹਾਈ ਰਹਿ ਗਈ ਹੈ। ਓਨੇ ਹੀ ਸਮੇਂ ਵਿਚ ਭਾਰਤੀ ਰੁਪਏ ਦੀ ਖ਼ਰੀਦ ਸ਼ਕਤੀ ਵੀ ਐਨ

ਇਕ ਤਿਹਾਈ ਰਹਿ ਗਈ ਹੈ। ਅਮਰੀਕਾ ਦੇ ਡਾਲਰ ਦੇ ਨਾਲ-ਨਾਲ ਭਾਰਤੀ ਰੁਪਏ ਦੀ ਗਿਰਾਵਟ ਕਿਹੜੀ ਸ਼ਕਤੀ ਦੇ ਦਬਾਅ ਜਾਂ ਇਸ਼ਾਰੇ ਹੇਠ ਹੋ ਰਹੀ ਹੈ ?

ਭਾਰਤ, ਈਰਾਨ ਤੋਂ ਚੋਖਾ ਤੇਲ ਖ਼ਰੀਦਦਾ ਹੈ। ਅਮਰੀਕਾ-ਈਰਾਨ ਤਣਾਓ ਹੇਠ, ਈਰਾਨ ਨੇ ਮਜਬੂਰ ਹੋ ਕੇ ਤੇਲ ਦਾ ਮੁੱਲ ਚੁਕਾਉਣ ਲਈ, ਡਾਲਰਾਂ ਦੀ ਵਰਤੋਂ ਬੰਦ ਕਰ ਦਿੱਤੀ ਹੈ। ਅੰਤਰਰਾਸ਼ਟਰੀ ਬੈਂਕਰ ਨਹੀਂ ਚਾਹੁੰਦੇ ਕਿ ਤੇਲ ਵਪਾਰ ਵਿਚ ਡਾਲਰ ਦੀ ਸਰਦਾਰੀ ਨੂੰ ਕੋਈ ਵੰਗਾਰ ਮਿਲੇ। ਪਰ ਭਾਰਤ ਕੀ ਕਰੇ ? ਸਾਡੀ ਸਰਕਾਰ ਨੇ ਈਰਾਨ ਸਰਕਾਰ ਦੇ ਨਾਲ, ਭਾਰਤੀ ਰੁਪਏ ਨਾਲ ਤੇਲ ਦੇ ਭੁਗਤਾਨ ਦਾ ਸਮਝੌਤਾ ਕੀਤਾ। ਚਿਰਾਂ ਦੀ ਲਟਕਦੀ ਭੁਗਤਾਨ ਦੀ ਖਿੱਚੋਤਾਣ ਖ਼ਤਮ ਹੋ ਗਈ। ਪਰ ਵਾਹ ਵਾਹ ਰਿਜ਼ਰਵ ਬੈਂਕ ਦੇ, ਉਸ ਨੇ ਸਮਝੌਤੇ ਵਿਚ ਲੱਤ ਅੜਾ ਕੇ ਠਿੱਬੀ ਮਾਰ ਦਿੱਤੀ। ਕਿਹਾ ਕਿ ਤੇਲ ਦਾ ਭੁਗਤਾਨ ਕੇਵਲ ਡਾਲਰਾਂ ਵਿਚ ਹੀ ਹੋ ਸਕਦਾ ਹੈ। ਹਾਲਾਂ ਤਕ ਇਹ ਗੁੱਥੀ ਸੁਲਝਾਈ ਨਹੀਂ ਗਈ। ਸ਼ੰਕਾ ਉੱਠਿਆ ਹੈ ਕਿ ਕੀ ਰਿਜ਼ਰਵ ਬੈਂਕ ਭਾਰਤ ਸਰਕਾਰ ਦੇ ਆਖੇ ਵਿਚ ਹੈ ਜਾਂ ਇਸ ਦੀਆਂ ਤਣਾਵਾਂ ਭਾਰਤ ਤੋਂ ਬਾਹਰ ਕਿਸੇ ਹੋਰ ਵਿੱਤੀ ਜਾਂ ਸਿਆਸੀ ਸ਼ਕਤੀ ਦੇ ਹੱਥ ਵਿਚ ਹਨ। ਸਾਡੀਆਂ ਵਿੱਤੀ ਕਾਰਵਾਈਆਂ ਸ਼ੀਸ਼ੇ ਵਾਂਗ ਸਾਫ਼ ਕਿਉਂ ਨਹੀਂ, ਤਾਂ ਜੁ ਸ਼ੱਕ ਦੀ ਗੁੰਜਾਇਸ਼ ਹੀ ਨਾ ਰਹੇ ?

ਸਵਾਲ ਤਾਂ ਬੇਸ਼ੁਮਾਰ ਉੱਠਦੇ ਹਨ, ਪਰ ਸਭ ਸੁਆਲਾਂ ਦਾ ਇੱਕੋ ਹੀ ਸਵਾਲ ਹੈ – ਇਹ ਡਾਲਰ ਕਿਸ ਦਾ ਹੈ ? ਇਹ ਰੁਪਇਆ ਕਿਸ ਦਾ ਹੈ ?

ਸਵਿਸ ਬੈਂਕਾਂ ਅੰਦਰਲੇ ਧਨ ਦਾ ਮਸਲਾ

ਪਿਛਲਾ ਕੁਝ ਸਮਾਂ ਕਾਲੇ ਧਨ ਦੇ ਖ਼ਿਲਾਫ਼ ਮੁਹਿੰਮਾਂ ਵਿਚ ਖ਼ੂਬ ਗਰਮ ਰਿਹਾ ਹੈ। ਇਸ ਹਿਲਜੁਲ ਦੀ ਸਿਖਰ ਰਹੀ ਇਕ ਯੋਗ ਅਧਿਆਪਕ ਦੀ ਭੁੱਖ ਹੜਤਾਲ/ਮਰਨ ਵਰਤ, ਪਹਿਲਾਂ ਦਿੱਲੀ ਦੇ ਵਾਤਾ-ਅਨੁਕੂਲ ਕੀਤੇ ਵਿਸ਼ਾਲ ਰਾਮਲੀਲਾ ਮੈਦਾਨ ਵਿਚ ਅਤੇ ਪਿੱਛੋਂ ਉਸ ਦੇ ਆਪਣੇ ਡੇਰੇ ਅੰਦਰ। ਕੁਝ ਦਿਨਾਂ ਪਿੱਛੋਂ ਬਾਬਾ ਜੀ ਦੀ ਜਾਨ ਨੂੰ ਖ਼ਤਰਾ ਪੈਦਾ ਹੋਇਆ (ਹੋਣਾ ਹੀ ਸੀ) ਤਾਂ ਉਨ੍ਹਾਂ ਨੂੰ ਹਸਪਤਾਲ ਲਿਜਾ ਕੇ ਸ਼ੁਭਚਿੰਤਕਾਂ (ਸਿਆਸੀ ਅਤੇ ਗ਼ੈਰ-ਸਿਆਸੀ) ਨੇ ਵਰਤ ਤਿਆਗਣ ਲਈ ਮਨਾ ਲਿਆ। ਕੁਲ ਦੇਸ ਦੁਨੀਆਂ ਦੇ ਟੀ.ਵੀ. ਕੈਮਰੇ ਬਾਬਾ ਜੀ ਉੱਤੇ ਕੇਂਦਰਤ ਸਨ। ਹਸਪਤਾਲ ਵਿਚ ਖ਼ਬਰ ਜਗਤ ਦਾ ਮੇਲਾ ਲੱਗਾ ਹੋਇਆ ਸੀ। ਨੌਂ ਦਿਨ ਦੀ ਕਾਲੇ ਧਨ ਖ਼ਿਲਾਫ਼ ਬਾਬਾ ਜੀ ਦੀ ਭੁੱਖ ਹੜਤਾਲ ਨੇ ਬੇਅੰਤ ਖ਼ਬਰੀ ਅਤੇ ਸਿਆਸੀ ਹਲਚਲ ਪੈਦਾ ਕਰ ਦਿੱਤੀ। ਉਸੇ ਹੀ ਹਸਪਤਾਲ ਵਿਚ ਇਕ 34 ਸਾਲਾ ਸਵਾਮੀ ਨਿਗਮਨੰਦ, ਗੰਗਾ ਮਾਤਾ ਅੰਦਰ ਹੁੰਦੇ 'ਪਲੀਤੀਕਰਨ ਵਿਰੋਧ' ਮਰਨ ਵਰਤ ਰੱਖੀ ਬੈਠਾ ਸੀ। ਹਾਲਾਂ ਭੁੱਖ ਹੜਤਾਲੀ ਬਾਬਾ ਜੀ ਨੂੰ ਹਸਪਤਾਲੋਂ ਛੁੱਟੀ ਨਹੀਂ ਸੀ ਮਿਲੀ ਕਿ ਲਾਗਲੇ ਵਾਰਡ ਵਿਚ ਮਰਨ ਵਰਤੀਏ ਜਵਾਨ ਸਵਾਮੀ ਦੀ ਮੌਤ ਹੋ ਗਈ। ਉਹ ਕੱਲਮ 'ਕੱਲਾ ਕਈ ਦਿਨ ਭੁੱਖਾ ਰਹਿ ਕੇ ਜਾਨ ਤੋੜ ਗਿਆ। ਨਾ ਕੋਈ ਪ੍ਰੈਸ, ਨਾ ਟੈਲੀਵੀਜ਼ਨ ਕੈਮਰੇ, ਨਾ ਸਿਆਸੀ ਨੇਤਾਵਾਂ ਦਾ ਝੁੰਡ।

ਇਕ ਬਹੁਤ ਗੰਭੀਰ, ਪਰ ਹਾਸੋਹੀਣਾ ਵਾਤਾਵਰਣ ਪੈਦਾ ਹੋ ਗਿਆ। ਇਸੇ ਹੀ ਲਹਿਰ ਦੀ ਮਜਬੂਰੀ ਅੰਦਰ ਯੋਗੀ ਬਾਬਾ ਜੀ ਨੇ ਆਪਣੀ/ਟਰੱਸਟ ਸੰਪਤੀ ਦੇ ਸਫ਼ੇਦ ਵੇਰਵੇ ਦੇ ਕੇ ਦੰਗ ਕਰ ਦਿੱਤਾ – ਡੇਢ ਦਹਾਕਿਆਂ ਅੰਦਰ ਇਕ ਹਜ਼ਾਰ ਕਰੋੜ ਤੋਂ ਵੱਧ। ਇਕ ਤਰ੍ਹਾਂ ਦਾ ਯੋਗੀਵਾਦੀ ਕ੍ਰਿਸ਼ਮਾ।

ਕੁਝ ਦਿਨ ਪਹਿਲਾਂ ਇਕ ਹੋਰ ਸਾਈਂ ਜੀ ਨੂੰ ਪਰਮਾਤਮਾ ਵੱਲੋਂ ਬੁਲਾਵਾ ਆ ਗਿਆ। ਸ਼ਰਧਾਲੂਆਂ ਦੇ ਅੱਥਰੂ ਸੁੱਕਣ ਉਪਰੰਤ ਉਨ੍ਹਾਂ ਦੇ ਨਿੱਜੀ ਕਮਰੇ ਦੇ 'ਸਵਿਸ ਬੈਂਕ' ਅੰਦਰੋਂ ਬੇਸ਼ਕੀਮਤੀ ਹੀਰੇ ਜਵਾਹਰਾਤ, ਬਾਰ੍ਹਾਂ ਕਰੋੜ ਨਕਦੀ ਅਤੇ 98 ਕਿਲੋ ਸੋਨੇ ਦੀਆਂ ਇੱਟਾਂ ਨਿਕਲੀਆਂ। ਬਾਬਾ ਜੀ ਦੇ ਜਿਊਂਦੇ-ਜੀਅ ਹਜ਼ਾਰਾਂ ਬਾਬਾ ਕੇਂਦਰਾਂ ਅੰਦਰ ਕੀਤੇ ਬੇਅੰਤ ਅਰਬਾਂ ਦੇ ਕਾਰਨਾਮਿਆਂ ਅਨੁਸਾਰ ਤਾਂ ਇਹ ਨਿੱਕੀ ਮਾਇਆ ਦੀ ਘੋੜੀ ਹੀ ਸੀ।

ਪਹਿਲਾਂ ਸਵਿਸ ਬੈਂਕਾਂ ਅੰਦਰਲੇ ਕਾਲੇ ਧਨ ਨੂੰ ਜ਼ੋਰ ਨਾਲ ਉਛਾਲਿਆ ਗਿਆ,

ਏਨਾ ਜ਼ੋਰਦਾਰ ਕਿ ਦੇਸ ਅੰਦਰਲੇ ਉਦਯੋਗੀ ਅਤੇ ਸਿਆਸੀ ਤਖ਼ਤ ਕੰਬਣੇ ਅਤੇ ਖੜਕਣੇ ਸ਼ੁਰੂ ਹੋ ਗਏ। ਹੁਣ ਇਕਦਮ ਸੰਨਾਟਾ ਛਾ ਗਿਆ ਹੈ। ਇੰਜ ਲੱਗਦਾ ਹੈ ਕਿ ਕੁਲ ਸਿਆਸੀ ਵਿਰੋਧੀ ਆਪ ਸਵਿਸ ਬੈਂਕਾਂ ਦੇ ਤਲਾਅ ਅੰਦਰ ਨੰਗੇ ਹਨ, ਇਕ ਦੂਜੇ ਨੂੰ ਪਛਾਣਦੇ ਅਤੇ ਭਾਈ ਭਾਈ ਹਨ।

ਸਤੰਬਰ 1987 ਵਿਚ ਮੈਂ ਇਸਰਾਈਲ ਗਿਆ, ਯੇਰੂਸਲਮ ਵਿਚ ਹੋ ਰਹੀ ਇਕ ਅੰਤਰਰਾਸ਼ਟਰੀ ਨੇਤਰ ਡਾਕਟਰਾਂ ਦੀ ਮੀਟਿੰਗ ਵਿਚ ਭਾਗ ਲੈਣ ਲਈ। ਉਤਰਨ ਚੜ੍ਹਨ ਲਈ ਹਵਾਈ ਅੱਡਾ ਸੀ 'ਤੈਲ-ਐਵੀਵ'। ਓਸ ਹਵਾਈ ਅੱਡੇ ਉੱਤੇ ਟਿਕਾਣਿਆਂ ਸਿਰ ਸ਼ੋਖ਼ ਫੱਟੇ ਲੱਗੇ ਹੋਏ ਸਨ – "ਆਓ, ਆਪਣਾ ਧਨ ਪੂਰਨ ਲੁਕਵੇਂ ਢੰਗ ਨਾਲ ਸੰਭਾਲੋ।" ਜ਼ਾਹਰ ਹੈ ਅਜਿਹੇ ਹਵਾਈ ਅੱਡੇ ਉੱਤੇ ਜੇ ਕੋਈ 'ਮਾਲ' ਲੈ ਕੇ ਆਵੇਗਾ ਤਾਂ ਭਾਰਤੀ ਹਵਾਈ ਅੱਡਿਆਂ ਵਾਂਗ ਪੁੱਛਗਿੱਛ ਜਾਂ ਗ੍ਰਿਫ਼ਤਾਰੀ ਨਹੀਂ ਹੋਣੀ, ਬਲਕਿ ਜੀ ਆਇਆਂ ਨਾਲ ਪਲਕਾਂ ਉੱਤੇ ਬਿਠਾਇਆ ਜਾਵੇਗਾ। ਕੇਵਲ ਇਸਰਾਈਲ ਜਾਂ ਸਵਿਟਜ਼ਰਲੈਂਡ ਹੀ ਨਹੀਂ, ਦਰਜਨਾਂ ਹੀ, ਸ਼ਾਇਦ ਸੈਂਕੜੇ ਹੀ ਭਰੋਸੇਯੋਗ ਬੈਂਕ/ਟਿਕਾਣੇ ਹੋਣਗੇ, ਜਿਥੇ 'ਮਾਲ' ਟਿਕਾਇਆ ਜਾ ਸਕਦਾ ਹੈ।

ਮਸਲਾ ਇੱਕੋ ਹੀ ਹੁੰਦਾ ਹੈ – ਦੇਸ ਅੰਦਰੋਂ 'ਮਾਲ' ਕੱਢਣਾ ਕਿਵੇਂ ਅਤੇ ਕਿਸ ਸ਼ਕਲ ਵਿਚ ਹੈ ? ਰੁਕਾਵਟ ਇੱਕੋ ਥਾਂ ਉੱਤੇ ਹੈ – ਹਵਾਈ ਅੱਡਿਆਂ ਦੇ ਕਸਟਮ ਅਦਾਰੇ ਵਿਚ। ਕਸਟਮ ਅਦਾਰਾ ਆਪ 'ਮਹਾਂਪੁਰਸ਼ਾਂ' ਦੇ ਨਾਲ ਭਰਿਆ ਪਿਆ ਹੈ। ਇਸ ਦੇ ਭਾੜੇ ਦੇ ਟੱਟੂਆਂ ਦੀ ਕੀ ਮਜਾਲ ਹੈ ਕਿ ਕਿਸੇ 'ਵੀ.ਆਈ.ਪੀ.' ਦੇ ਇਕ ਜਾਂ ਇਕ ਦਰਜਨ ਬਕਸਿਆਂ ਨੂੰ ਹੱਥ ਵੀ ਲਾ ਜਾਵੇ। ਹਰ ਵੱਡਾ ਛੋਟਾ ਮਾਲਦਾਰ ਆਪਣਾ ਫ਼ਾਲਤੂ 'ਮਾਲ' ਹਵਾਈ ਅੱਡੇ ਦੇ ਕਸਟਮੀ 'ਸੂਈ ਦੇ ਨੱਕੇ' ਵਿੱਚੋਂ ਆਸਾਨੀ ਨਾਲ ਲੰਘਾ ਜਾਂਦਾ ਹੈ। ਵੱਡੇ ਵਪਾਰੀ ਲੋਕ ਅਜਿਹੇ ਤਰੱਦਦ ਨਹੀਂ ਕਰਦੇ। ਉਨ੍ਹਾਂ ਦਾ ਇੰਪੋਰਟ ਐਕਸਪੋਰਟ ਦਾ ਧੰਦਾ ਇੰਜ ਚੱਲਦਾ ਹੈ ਕਿ ਫ਼ਾਲਤੂ ਮਾਲ ਬਾਹਰੋਂ ਬਾਹਰ ਰਹਿ ਜਾਂਦਾ ਹੈ। ਭ੍ਰਿਸ਼ਟ ਅਫ਼ਸਰਾਂ ਅਤੇ ਵਜ਼ੀਰਾਂ ਦੇ ਕਮਿਸ਼ਨ ਆਪਣੇ ਆਪ ਬਾਹਰ ਜਮ੍ਹਾਂ ਹੋਈ ਜਾਂਦੇ ਹਨ। ਉਹ ਜਦੋਂ ਕਦੇ ਸਰਕਾਰੀ ਦੌਰਿਆਂ ਲਈ ਵਿਦੇਸ਼ ਯਾਤਰਾ ਉੱਤੇ ਜਾਂਦੇ ਹਨ ਤਾਂ 'ਮਾਲ ਟਿਕਾਣਿਆਂ' ਦੇ ਦੇਸ਼ ਜ਼ਰੂਰ ਰਾਹ ਵਿਚ ਆਉਂਦੇ ਹਨ। ਕਈ ਵੱਡੇ ਸਿਆਸੀਆਂ ਨੂੰ 'ਅਧਿਆਪਕ ਪ੍ਰੇਮ' ਬਾਰ-ਬਾਰ ਖਿੱਚ ਲਿਜਾਂਦਾ ਹੈ। ਕਿਹਾ ਜਾਂਦਾ ਹੈ ਕਰੀਬ ਡੇਢ ਟ੍ਰਿਲੀਅਨ ਡਾਲਰ ਬਰਾਬਰ ਭਾਰਤੀ ਕਾਲਾ ਧਨ ਵਿਦੇਸ਼ਾਂ ਅੰਦਰ ਹੈ। ਭਾਰਤੀ ਸਾਲਾਨਾ ਬਜਟ ਕਰੀਬ 100 ਬਿਲੀਅਨ ਡਾਲਰ ਬਰਾਬਰ ਹੈ। ਡੇਢ ਟ੍ਰਿਲੀਅਨ ਡਾਲਰ ਭਾਰਤ ਦੇ ਪੰਦਰਾਂ ਸਾਲਾਂ ਦੇ ਬਜਟ ਤੁਲ ਬਣਦਾ ਹੈ। ਇਹ ਧਨ ਜਿਨ੍ਹਾਂ ਵੀ ਦੇਸਾਂ ਅੰਦਰ ਹੈ, ਉਨ੍ਹਾਂ ਦੀ ਲਹਿਰ-ਬਹਿਰ ਹੈ। ਬਹੁਤੇ ਖਾਤਾ ਮਾਲਕ ਤਾਂ ਧਨ ਇਕੱਠਾ ਕਰਦੇ ਕਰਦੇ ਹੀ ਰੱਬ ਨੂੰ ਪਿਆਰੇ ਹੋ ਜਾਂਦੇ ਹਨ। ਜੇ ਖ਼ੁਫ਼ੀਆ ਖਾਤਾ ਨੰਬਰ ਗਵਾਚ ਗਿਆ ਤਾਂ ਸਭ ਕੁਝ ਗਿਆ। ਕਹਿੰਦੇ ਨੇ ਕਿ ਇਕ ਮਹਾਨ ਨੇਤਾ ਦਾ ਜਵਾਨ ਨਟਖਟ ਲੜਕਾ ਇਕ ਛੋਟੇ ਹਵਾਈ ਜਹਾਜ਼ ਦੇ ਹਾਦਸੇ ਵਿਚ ਮਰ ਗਿਆ। ਨੇਤਾ ਲਈ ਮਹਾਨ ਨਿੱਜੀ ਸੱਟ ਸੀ। ਨਾਲ ਹੀ ਫ਼ਿਕਰ ਸੀ ਬੱਚੇ ਦੇ

ਗੁੱਟ ਉੱਤੇ ਬੰਨ੍ਹੀ ਘੜੀ ਦਾ, ਜਿਸ ਅੰਦਰ ਸੀ 'ਖੁਫ਼ੀਆ ਨੰਬਰ'। ਖ਼ੈਰ ਇਹ ਤਾਂ ਗੱਲਾਂ ਹੀ ਮਾਮੂਲੀ ਨੇ, ਜਦੋਂ ਤੁਸੀਂ ਬੈਂਕਰਾਂ ਦੀਆਂ ਭੂਗੋਲਿਕ ਕਾਰਵਾਈਆਂ ਬਾਰੇ ਜਾਣੋਗੇ।

30 ਮਈ 2011 ਨੂੰ ਸਵਿਸ ਬੈਂਕਾਂ ਅੰਦਰਲੇ ਇਕ ਉੱਚੇ ਅਧਿਕਾਰੀ ਨੇ ਮਾਸਕੋ (ਰੂਸ) ਵਿਚ, ਨਾਂ ਗੁਪਤ ਰੱਖੇ ਜਾਣ ਦੀ ਸ਼ਰਤ ਉੱਤੇ, ਇੰਟਰਵਿਊ ਦਿੱਤੀ। ਕੁਝ ਕੁ ਅੰਸ਼ ਉਹਦੇ ਆਪਣੇ ਸ਼ਬਦਾਂ ਵਿਚ ਹੇਠ ਲਿਖੇ ਹਨ:

"ਮੈਂ ਬਹੁਤ ਵੱਡੇ ਸਵਿਸ ਬੈਂਕ ਅੰਦਰ ਚੋਟੀ ਦੇ ਅਧਿਕਾਰੀਆਂ ਵਿੱਚੋਂ ਇਕ ਸਾਂ। ਮੈਂ ਆਪਣੀ ਡਿਊਟੀ ਅੰਦਰ ਆਪਣੇ ਹੱਥਾਂ ਨਾਲ ਉਸ ਆਦਮੀ ਨੂੰ ਪੈਸਾ ਦਿੱਤਾ, ਜਿਸ ਨੇ ਕਿਸੇ ਵਿਦੇਸ਼ ਵਿਚ ਇਕ ਪ੍ਰਧਾਨ ਦਾ ਕਤਲ ਕੀਤਾ ਸੀ। ਮੈਂ ਬੋਰਡ ਦੀ ਉਸ ਮੀਟਿੰਗ ਵਿਚ ਵੀ ਸਾਂ, ਜਿਥੇ ਪੈਸੇ ਦੇ ਭੁਗਤਾਨ ਦਾ ਇਹ ਫ਼ੈਸਲਾ ਲਿਆ ਗਿਆ ਸੀ। ਬੈਂਕਾਂ ਵਿਚ ਹੋਰ ਵੀ ਬੇਅੰਤ ਉਲਟ-ਪੁਲਟ ਕੰਮ ਹੁੰਦੇ ਨੇ, ਪਰ ਕਾਤਲ ਨੂੰ ਆਪਣੇ ਹੱਥੀਂ ਪੈਸੇ ਦੇ ਕੇ ਮੈਨੂੰ ਸਿਰ ਪੀੜਾਂ ਅਤੇ ਆਤਮਾ ਉੱਤੇ ਚੜ੍ਹੇ ਭਾਰ ਨੇ ਦੁਖੀ ਕਰ ਦਿੱਤਾ ਹੈ।"

"ਨਕਦੀ ਦਾ ਭੁਗਤਾਨ ਇਕ ਬਾਹਰਲੇ ਦੇਸ ਦੀ ਖ਼ੁਫ਼ੀਆ ਏਜੰਸੀ ਦੇ ਹੁਕਮ ਅਨੁਸਾਰ ਕੀਤਾ ਗਿਆ। ਸਾਨੂੰ ਬੇਅੰਤ ਅਜਿਹੇ ਹੁਕਮ ਹੱਥ-ਲਿਖਤੀ ਆਉਂਦੇ ਰਹਿੰਦੇ ਹਨ – ਫਲਾਂ ਫਲਾਂ ਇਨਕਲਾਬ/ਬਗ਼ਾਵਤ/ਲੋਕਾਂ ਨੂੰ ਮਾਰਨ ਦੇ ਮੋਢੀਆਂ/ਲੀਡਰਾਂ ਲਈ ਪੈਸਾ ਭੁਗਤਾ ਦੇਵੋ। ਜਾਹਨ ਪਰਕਿਨਜ਼ ਨੇ ਆਪਣੀ ਕਿਤਾਬ *Confessions of Economic Hit Man* ਵਿਚ ਵੀ ਅਜਿਹੇ ਭੁਗਤਾਨਾਂ ਦਾ ਜ਼ਿਕਰ ਕੀਤਾ ਹੈ। ਮੈਂ ਇਹ ਪ੍ਰੋੜ੍ਹਤਾ ਕਰਦਾਂ ਕਿ ਸਵਿਸ ਬੈਂਕਾਂ ਦੇ ਅੰਦਰ ਅਜਿਹਾ ਸਿਲਸਿਲਾ ਚੱਲਦਾ ਹੀ ਰਿਹਾ ਹੈ।"

"ਮੈਂ ਮਰੇ ਪ੍ਰਧਾਨ ਦੇ ਦੇਸ ਜਾਂ ਆਪਣੇ ਬੈਂਕ ਦਾ ਨਾਂ ਨਹੀਂ ਖੋਲ੍ਹ ਸਕਦਾ, ਕਿਉਂਕਿ ਮੈਂ ਝੱਟ ਹੀ ਕਾਬੂ ਆ ਜਾਵਾਂਗਾ।" ਵਾਹ ਵਾਹ, ਅਮੀਰ ਲੋਕਾਂ ਦੀ ਆਜ਼ਾਦੀ ਅਤੇ ਸੁਰੱਖਿਆ ਦੀ ਸਿਖਰ। ਸੱਚ ਬੋਲਿਆ ਨਹੀਂ ਕਿ ਅੜਿੱਕੇ ਚੜ੍ਹਿਆ ਨਹੀਂ!

"ਬੈਂਕ ਅੰਦਰ ਇਕ ਵੱਖਰਾ ਅਦਾਰਾ/ਮਹਿਕਮਾ ਹੈ, ਜਿਸ ਦਾ ਕੰਮ ਹੈ, ਬਾਹਰੋਂ ਆਈਆਂ ਲੁਕਵੀਆਂ/ਕੋਡਿਡ ਚਿੱਠੀਆਂ ਨੂੰ ਨਜਿੱਠਣਾ। ਸਭ ਅਤਿ-ਜ਼ਰੂਰੀ ਚਿੱਠੀਆਂ ਹੱਥ ਲਿਖਤ ਹੁੰਦੀਆਂ ਹਨ। ਉਨ੍ਹਾਂ ਦੇ ਅੰਦਰ ਛੁਪੇ ਇਸ਼ਾਰਿਆਂ ਵਿੱਚੋਂ ਠੋਸ ਹੁਕਮ ਲੱਭ ਕੇ ਪੈਸੇ ਦਾ ਭੁਗਤਾਨ ਕੀਤਾ ਜਾਂਦਾ ਹੈ। ਹੁਕਮ ਦੇਣ ਵਾਲਿਆਂ ਅੰਦਰ 'ਬਿਲਡਰਬਰਗੀਏ' (ਦੁਨੀਆਂ ਦੇ ਮਹਾਂ ਅਮੀਰ ਬੈਂਕਰਾਂ, ਉਦਯੋਗਪਤੀਆਂ ਅਤੇ ਮਹਾਰਾਜਿਆਂ ਦੀ ਖ਼ੁਫ਼ੀਆ ਸੰਸਥਾ ਨਾਲ ਜੁੜੇ) ਵੀ ਹੁੰਦੇ ਹਨ, ਜਿਨ੍ਹਾਂ ਦੇ ਇਸ਼ਾਰਿਆਂ ਉੱਤੇ ਕਤਲ ਹੁੰਦੇ ਹਨ ਅਤੇ ਬੈਂਕ ਉਨ੍ਹਾਂ ਵੱਲੋਂ ਕੀਮਤ ਤਾਰਦੇ ਹਨ। ਇੰਟਰਨੈਸ਼ਨਲ ਮੋਨਿਟਰੀ ਫ਼ੰਡ, ਵਰਲਡ ਬੈਂਕ ਅਤੇ ਬਿਲਡਰਬਰਗ ਦੇ ਇਸ਼ਾਰੇ ਉੱਤੇ ਕਾਤਲਾਂ ਨੂੰ ਪੈਸਾ ਤਾਰਿਆ ਜਾਂਦਾ ਹੈ।"

"ਅਜਿਹਾ ਕੰਮ ਅਸਲ ਖਾਤਿਆਂ ਤੋਂ ਬਾਹਰ ਕੀਤਾ ਜਾਂਦਾ ਹੈ। ਅਜਿਹੇ ਭੁਗਤਾਨਾਂ ਦੀ ਕੋਈ ਪੜਤਾਲ ਨਹੀਂ ਹੁੰਦੀ। ਧਨ ਦੀ ਮਾਤਰਾ ਟ੍ਰਿਲੀਅਨਾਂ (ਇਕ ਟ੍ਰਿਲੀਅਨ = 1000 ਬਿਲੀਅਨ) ਵਿਚ ਹੈ ਅਤੇ ਸਰਾਸਰ ਕਾਨੂੰਨੋਂ ਬਾਹਰ ਚੋਰੀ ਹੈ। ਸਵਿਟਜ਼ਰਲੈਂਡ ਦੀਆਂ ਕਦਰਾਂ-ਕੀਮਤਾਂ, ਨਿਰਪੱਖਤਾ, ਇਤਬਾਰ ਅਤੇ ਇਮਾਨਦਾਰੀ

ਦੇ ਉਲਟ ਹੈ, ਲੋਕਤੰਤਰੀ ਰਵਾਇਤਾਂ ਦੇ ਉਲਟ ਹੈ। ਅੱਜ ਵੱਡੇ ਸਵਿਸ ਬੈਂਕਾਂ ਦੇ ਡਾਇਰੈਕਟਰ ਸਥਾਨਕ ਲੋਕ ਨਹੀਂ, ਬਲਕਿ ਅਮਰੀਕਨ ਜਾਂ ਬਰਤਾਨਵੀ ਹਨ। ਆਪਣੇ ਗ਼ੈਰ-ਕਾਨੂੰਨੀ ਕੰਮਾਂ ਵਿਚ ਸਾਨੂੰ ਵਰਤ ਰਹੇ ਹਨ।"

ਜ਼ਾਹਰ ਹੈ ਸਵਿਸ ਬੈਂਕਾਂ ਦੀ ਡੂੰਘਾਈ ਅੰਦਰ ਕਿਸੇ ਸਰਕਾਰ ਜਾਂ ਅਦਾਰੇ ਨੂੰ ਟੁੱਭੀ ਮਾਰ ਕੇ ਫਰੋਲਣ ਦੀ ਆਗਿਆ ਨਹੀਂ। ਏਥੋਂ ਤਕ ਕਿ ਸਿਵਿਸ ਸਰਕਾਰ ਆਪ ਬੇਬਸ ਹੈ। ਬੈਂਕਰ 'ਛੂ ਮੰਤਰ' ਕਰ ਕੇ ਜਿੰਨਾ ਚਾਹੁਣ, ਓਨਾ ਹੀ ਕਾਗ਼ਜ਼ੀ ਜਾਂ ਇਲੈਕਟ੍ਰਾਨਿਕ ਕਰੰਸੀ/ਪੈਸਾ ਪੈਦਾ ਕਰ ਲੈਂਦੇ ਹਨ। ਉਹ ਯੂਨਾਨ/ਗ੍ਰੀਸ, ਸਪੇਨ, ਪੁਰਤਗਾਲ ਅਤੇ ਆਇਰਲੈਂਡ ਜੇਹੇ ਮਹਾਨ ਦੇਸਾਂ ਦੀ ਆਰਥਿਕਤਾ ਉਜਾੜ ਰਹੇ ਹਨ। ਸਵਿਟਜ਼ਰਲੈਂਡ ਦੀ ਵਾਰੀ ਵੀ ਦੂਰ ਨਹੀਂ।"

"ਬੈਂਕਰਾਂ ਦੀ ਮਨਮਰਜ਼ੀ ਹੀ ਹੈ, ਜੁ ਉਹ ਸਾਡੇ ਉਦਯੋਗ ਤਬਾਹ ਕਰ ਕੇ ਚੀਨ ਨੂੰ ਚੁੱਕ ਰਹੇ ਹਨ। ਚੀਨ ਦੀ ਪੈਦਾਵਾਰ ਵੇਚਣ ਲਈ ਯੂਰਪ ਦੇ ਦਰਵਾਜ਼ੇ ਖੋਲ੍ਹੇ ਪਏ ਹਨ। ਯੂਰਪੀ ਕਾਮਿਆਂ ਦੀ ਕਮਾਈ ਨਿੱਤ ਦਿਨ ਘੱਟ ਰਹੀ ਹੈ। ਯੂਰਪ ਤਬਾਹੀ ਦੇ ਕੰਢੇ ਉੱਤੇ ਖੜਾ ਹੈ। ਪੈਦਾਵਾਰ ਲਈ ਉਨ੍ਹਾਂ ਦੇ ਹੱਥਾਂ ਵਿਚ ਚੀਨ ਦੀ ਬੰਦੀ/ਸਸਤੀ ਮਜ਼ਦੂਰ ਪ੍ਰਣਾਲੀ ਹੈ।"

"ਅੰਤਰਰਾਸ਼ਟਰੀ ਬੈਂਕ ਕਿਸੇ ਦੇਸ ਜਾਂ ਲੋਕਾਈ ਦੇ ਸਕੇ ਨਹੀਂ ਹਨ। ਉਹ ਕੁੱਲ ਦੁਨੀਆਂ ਨੂੰ ਆਪਣੀ ਮੁੱਠੀ ਅੰਦਰ ਦਬਾਅ ਕੇ ਰੱਖਣ ਲਈ ਤਤਪਰ ਹਨ। ਉਨ੍ਹਾਂ ਨੇ ਇਕ ਇਕ ਦੇਸ ਨੂੰ ਦੀਵਾਲੀਆ ਕਰਨਾ ਹੈ। ਯੂਰਪ ਵਿਚ ਉਹ ਆਈਸਲੈਂਡ ਤੋਂ ਸ਼ੁਰੂ ਹੋਏ ਸਨ। ਹੁਣ ਕਈ ਦੇਸ ਖੋਖਲੇ ਹੋ ਚੁੱਕੇ ਹਨ।"

"ਸਵਿਟਜ਼ਰਲੈਂਡ ਅੰਦਰ ਛੋਟੇ ਅਤੇ ਦਰਮਿਆਨੇ ਬੈਂਕ ਈਮਾਨਦਾਰੀ ਨਾਲ ਚੱਲ ਰਹੇ ਹਨ। ਇਹ ਤਾਂ ਵੱਡੇ ਵੱਡੇ ਬੈਂਕ ਹਨ, ਜਿਨ੍ਹਾਂ ਨੇ ਅਤਿ ਚੁੱਕੀ ਹੋਈ ਹੈ। ਉਨ੍ਹਾਂ ਦੇ ਕੰਮ ਵਿਸ਼ਵ-ਵਿਆਪੀ ਹਨ ਅਤੇ ਕਰਤੂਤਾਂ ਵੀ – ਉਹ ਤਾਂ ਆਪਣੇ ਆਪ ਨੂੰ ਸਵਿਸ ਵੀ ਨਹੀਂ ਸਮਝਦੇ।"

"ਭੂਗੋਲਿਕ ਖਿਡਾਰੀਆਂ ਲਈ ਸਵਿਟਜ਼ਰਲੈਂਡ ਅਤਿ ਲੋੜੀਂਦਾ ਹੈ, ਕਿਉਂਕਿ ਏਥੇ ਬੇਅੰਤ ਸਰਮਾਇਆ ਹੈ। ਦੂਜਾ ਇਹਦੇ ਉੱਤੇ ਅੱਖ ਏਸ ਲਈ ਹੈ ਕਿ ਕਦਰਾਂ-ਕੀਮਤਾਂ ਵਾਲਾ ਦੇਸ ਹੈ। ਇਸ ਦਾ ਬਾਗ਼ੀਪਨ ਸਪੱਸ਼ਟ ਹੈ ਕਿਉਂ ਜੁ ਨਾ ਇਹ ਆਪਣੀ ਕਰੰਸੀ 'ਯੂਰੋ' ਬਣਾਉਂਦਾ ਹੈ ਅਤੇ ਨਾ ਹੀ 'ਯੂਰਪੀਅਨ ਯੂਨੀਅਨ' ਵਿਚ ਰਲਦਾ ਹੈ। ਵੱਡੇ ਬੈਂਕ ਸਵਿਸ ਕਾਹਦੇ ਹਨ, ਉਹ ਤਾਂ ਅਮਰੀਕਨਾਂ ਦੇ ਹੱਥ ਵਿਚ ਹਨ।"

ਜ਼ਾਹਰ ਹੈ ਕਿ ਭਾਰਤ ਨੂੰ ਆਪਣਾ 'ਕਾਲਾ ਧਨ' ਲੱਭਣ ਲਈ ਅਮਰੀਕਨ ਬੈਂਕਰਾਂ ਨੂੰ ਗੁਜ਼ਾਰਿਸ਼ ਕਰਨੀ ਪਵੇਗੀ, ਆਪਣੀਆਂ ਪੁੱਛਾਂ ਲਈ ਚਿੱਠੀਆਂ ਦੇ ਸਿਰਨਾਵੇਂ ਬਦਲਣੇ ਪੈਣਗੇ। ਖ਼ੁਫ਼ੀਆ ਧਨ ਬਾਰੇ ਉਹ ਇੰਜ ਕਹਿੰਦਾ ਹੈ :

"ਸਵਿੱਸ ਬੈਂਕਾਂ ਦੇ ਸਾਧਾਰਨ ਕਾਮਿਆਂ ਨੂੰ ਇਸ ਬਾਰੇ ਕੋਈ ਗਿਆਨ ਨਹੀਂ। ਇਹ ਸਾਰੇ ਕੰਮ ਲੇਖੇ ਜੋਖੇ ਤੋਂ ਬਾਹਰ ਹੁੰਦੇ ਹਨ। ਬੜੀ ਵਾਰ ਇਹ ਕੰਮ ਬੈਂਕ ਤੋਂ ਬਾਹਰ ਕਿਸੇ ਹੋਰ ਇਮਾਰਤ ਵਿਚ ਚੱਲਦੇ ਹਨ। ਉਥੋਂ ਦੀ ਰੱਖਿਆ ਲਈ ਅਲੱਗ ਸਟਾਫ਼ ਹੈ ਅਤੇ ਅੰਦਰ ਜਾਣ ਦੀ ਆਗਿਆ ਕਿਸੇ ਚੋਣਵੇਂ ਵਿਅਕਤੀ ਨੂੰ ਮਿਲਦੀ ਹੈ।"

ਸਾਨੂੰ ਏਸ ਅੰਦਰਲੀ – ਜਾਣਕਾਰੀ ਵਾਲੇ ਬੈਂਕਰ ਦੀਆਂ ਗੱਲਾਂ ਤੋਂ ਕੀ ਸਿੱਖਿਆ ਮਿਲਦੀ ਹੈ ? ਜੇ ਅਸੀਂ ਚਾਹੁੰਦੇ ਹਾਂ ਕਿ ਭਾਰਤੀਆਂ ਦੀ ਮਿਹਨਤ ਨਾਲ ਪੈਦਾ ਕੀਤਾ ਧਨ ਬਾਹਰ ਨਾ ਜਾਵੇ ਅਤੇ ਭਾਰਤੀ ਅਮੀਰ 'ਟਰੱਸਟਾਂ' ਅਤੇ ਹੋਰ ਬੇਅੰਤ ਢੰਗਾਂ ਦੇ ਨਾਲ ਬਾਹਰ ਜਾਇਦਾਦਾਂ ਨਾ ਬਣਾਉਣ ਤਾਂ ਸਾਨੂੰ ਦੇਸ ਅੰਦਰਲੀ ਟੈਕਸ ਬਣਤਰ, ਸਿਆਸੀ ਅਤੇ ਦਫ਼ਤਰੀ ਭ੍ਰਿਸ਼ਟਾਚਾਰ ਅੰਦਰ ਇਨਕਲਾਬੀ ਬਦਲੀਆਂ ਲਿਆਉਣੀਆਂ ਪੈਣਗੀਆਂ। ਅਜਿਹਾ ਓਦੋਂ ਤਕ ਸੰਭਵ ਨਹੀਂ, ਜਦੋਂ ਤਕ ਪੰਚਾਇਤਾਂ, ਜ਼ਿਲ੍ਹਿਆਂ, ਪ੍ਰਾਂਤ ਅਸੈਂਬਲੀਆਂ ਅਤੇ ਪਾਰਲੀਮੈਂਟ ਦੀਆਂ ਚੋਣਾਂ ਵਿਚ ਪੈਸੇ ਦਾ ਬੋਲਬਾਲਾ ਹੈ। ਨੇਤਾ ਕੇਵਲ ਓਹੀ ਬਣਦੇ ਹਨ, ਜੋ ਆਪ ਪੁੱਜ ਕੇ ਭ੍ਰਿਸ਼ਟ ਅਤੇ ਬਦਮਾਸ਼ ਹਨ ਜਾਂ ਉਨ੍ਹਾਂ ਦੀ ਪਿੱਠ ਉੱਤੇ ਮਾਲਦਾਰ ਸਾਮੀਆਂ ਹਨ। ਸਭ ਪਾਰਟੀਆਂ ਦੇ ਅਰਬਾਂ ਦੇ ਸਰਮਾਏ ਬਾਰੇ ਕਿਹਾ ਜਾਂਦਾ ਹੈ ਕਿ ਇਹ ਤਾਂ ਮੈਂਬਰਾਂ ਦੇ ਚੰਦੇ ਅਤੇ ਦਾਨ ਦਾ ਪੈਸਾ ਹੈ। ਇਹ ਵੀ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਸਵਿਟਜ਼ਰਲੈਂਡ ਅੰਦਰਲਾ ਕਾਲਾ ਧਨ ਇਲੈਕਸ਼ਨਾਂ ਸਮੇਂ ਵਰਤੋਂ ਵਿਚ ਆ ਸਕਦਾ ਹੈ, ਭਾਵੇਂ ਉਹ ਧਨ ਭਾਰਤ ਤੋਂ ਗਿਆ ਹੋਵੇ ਅਤੇ ਭਾਵੇਂ ਉਹ ਭਾਰਤ ਅੰਦਰ ਅਸਥਿਰਤਾ ਪੈਦਾ ਕਰਨ ਲਈ ਬਾਹਰਲੀਆਂ ਸ਼ਕਤੀਆਂ ਵੱਲੋਂ ਆਇਆ ਹੋਵੇ।

ਸਿਆਸੀ ਅਤੇ ਬਦਮਾਸ਼ੀ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਚੋਣਾਂ ਅੰਦਰ ਇਨਕਲਾਬੀ ਸੁਧਾਰ ਲਿਆਉਣ ਦੀ ਲੋੜ ਹੈ। ਮੇਰੀ ਜਾਚੇ, ਇਕ ਇਕ ਹਲਕੇ ਵਿਚ ਵਿਅਕਤੀ ਦੀ ਚੋਣ ਬਜਾਏ, ਪਾਰਟੀ ਪ੍ਰੋਗਰਾਮਾਂ ਦੇ ਆਧਾਰ ਉੱਤੇ ਚੋਣ ਹੋਣੀ ਚਾਹੀਦੀ ਹੈ। ਜਿੰਨੇ ਪ੍ਰਤੀਸ਼ਤ ਵੋਟ ਕਿਸੇ ਪਾਰਟੀ ਨੂੰ ਮਿਲਣ, ਓਨੇ ਪ੍ਰਤੀਸ਼ਤ ਮੈਂਬਰ ਓਸ ਪਾਰਟੀ ਵੱਲੋਂ ਚੋਣਾਂ ਤੋਂ ਪਿੱਛੋਂ ਨਾਮਜ਼ਦ ਕੀਤੇ ਜਾਣ। ਇੰਜ ਕੀਤਿਆਂ ਚੋਣਾਂ ਉੱਤੇ ਕੇਵਲ ਓਹੀ ਖ਼ਰਚ ਹੋਵੇਗਾ, ਜੋ ਸਰਕਾਰ ਵੋਟ ਕੇਂਦਰਾਂ ਉੱਤੇ ਕਰੇਗੀ। ਨਾ ਕਿਤੇ ਲਾਠੀ ਗੋਲੀ ਚੱਲੇਗੀ, ਨਾ ਕੋਈ ਧੜਾ ਪੋਲ ਕੇਂਦਰਾਂ ਉੱਤੇ ਕਬਜ਼ਾ ਕਰੇਗਾ। ਚੋਣਾਂ ਹਰ ਦੋ ਵਰ੍ਹਿਆਂ ਪਿੱਛੋਂ ਹੋਣੀਆਂ ਚਾਹੀਦੀਆਂ ਹਨ। ਜਾਣੇ-ਪਛਾਣੇ ਭ੍ਰਿਸ਼ਟ ਵਜ਼ੀਰਾਂ ਦੀ ਕੁਰਕੀ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਦੀਆਂ ਸਪੈਸ਼ਲ ਖੁੱਲ੍ਹੀਆਂ ਜੇਲ੍ਹਾਂ ਸੜਕਾਂ ਦੇ ਨਾਲ-ਨਾਲ ਹੋਣ ਤਾਂ ਜੁ ਆਉਂਦੇ-ਜਾਂਦੇ ਰਾਹੀ ਉਨ੍ਹਾਂ ਮਹਾਂ-ਪੁਰਸ਼ਾਂ ਦੇ ਦਰਸ਼ਨ ਕਰ ਸਕਣ।

ਉਪਰੋਕਤ ਕਦਮਾਂ ਦੇ ਨਾਲ ਜੇ ਧੱਕਾ ਲੱਗੇਗਾ ਤਾਂ ਕੇਵਲ ਉਨ੍ਹਾਂ ਲੋਕਾਂ ਨੂੰ ਜੋ ਕਾਲੇ ਧਨ ਨੂੰ ਸਿਆਸੀ ਪਖੰਡਾਂ ਲਈ ਵਰਤਦੇ ਹਨ। ਜੇ ਸਿਆਸੀ ਨੇਤਾ ਬਿਨਾਂ ਪੈਸਾ ਖ਼ਰਚਿਆਂ ਅੱਗੇ ਆ ਜਾਏ ਤਾਂ ਕਾਲਾ ਧਨ ਇਕੱਠਾ ਕਰਨਾ ਅਤੇ ਸਿਆਸੀ ਮਕਸਦਾਂ ਲਈ ਵਰਤਣਾ, ਕਿਸੇ ਨੇ ਬਰਦਾਸ਼ਤ ਨਹੀਂ ਕਰਨਾ ਤਾਂ ਫਿਰ ਕਿਸੇ ਨੂੰ ਪਖੰਡੀ 'ਮਰਨ ਵਰਤ' ਰੱਖਣ ਦੀ ਲੋੜ ਨਹੀਂ ਹੋਵੇਗੀ।

ਆਰਥਿਕ ਧਾੜਵੀ

ਈਸਟ ਇੰਡੀਆ ਕੰਪਨੀ ਵਪਾਰ ਦੀ 'ਗ਼ਰਜ਼' ਨਾਲ ਭਾਰਤ ਆਈ ਅਤੇ ਹੌਲੀ-ਹੌਲੀ ਕੁਲ ਦੇਸ ਉੱਤੇ ਕਾਬਜ਼ ਹੋ ਗਈ। ਭਾਰਤ ਦੇਸ ਦਾ ਲਹੂ ਪੀ ਕੇ ਵਾਪਸ ਵਲਾਇਤ ਚਲੀ ਗਈ। ਕਈ ਹੋਰ ਦੇਸਾਂ ਤੋਂ ਵੀ ਵਾਪਸ ਮੁੜ ਗਈ। ਭਾਵ ਇਹ ਦੇਸ 'ਆਜ਼ਾਦ' ਕਰ ਦਿੱਤੇ ਗਏ। ਜਾਂਦੇ ਜਾਂਦੇ ਦੇਸ ਦੀ ਅਜਿਹੀ ਵੰਡੀ ਪਾਈ ਅਤੇ ਦੋਹਾਂ ਪਾਸਿਆਂ ਨੂੰ ਅਜਿਹਾ ਗਲ ਪਾਇਆ ਕਿ ਉਹ ਓਦੋਂ ਤੋਂ ਲੜ ਲੜ ਕੇ ਲਹੂ-ਲੁਹਾਨ ਹੋ ਰਹੇ ਹਨ।

ਈਸਟ ਇੰਡੀਆ ਕੰਪਨੀ ਕੋਈ ਮਾਮੂਲੀ ਹਸਤੀ ਨਹੀਂ ਸੀ। ਸਾਡੀ ਕਲਪਨਾ ਤਾਂ ਕੰਪਨੀ ਇਕ ਮਾਮੂਲੀ ਦੁਕਾਨ, ਵਰਕਸ਼ਾਪ ਜਾਂ ਫ਼ੈਕਟਰੀ ਤੋਂ ਉਤਾਂਹ ਨਹੀਂ ਸੋਚ ਸਕਦੀ। ਇਸ ਕੰਪਨੀ ਦੀ ਜਨਮਦਾਤਾ ਅਤੇ ਆਰਥਿਕ ਸ਼ਕਤੀ ਸੀ 'ਕ੍ਰਾਊਨ'। ਕ੍ਰਾਊਨ ਦਾ ਅਰਥ ਹੁੰਦਾ ਹੈ ਤਾਜ/ਮੁਕਟ। ਇਹ ਮੁਕਟ/ਤਾਜ ਉਹ ਨਹੀਂ ਸੀ ਜਿਸ ਨੂੰ ਬਰਤਾਨਵੀ ਰਾਜੇ ਰਾਣੀਆਂ ਆਪਣੇ ਸਿਰ ਦੇ ਉੱਤੇ ਰੱਖਦੇ ਸਨ। 'ਕ੍ਰਾਊਨ' ਦਸ ਬੈਂਕਰਾਂ ਦਾ ਗੁੱਟ ਹੈ, ਜਿਸ ਦਾ ਮੋਢੀ ਰੌਥਚਾਈਲਡ ਹੈ। ਕੁਲ ਬੈਂਕਰਾਂ ਦਾ ਵਾਸਾ ਹੈ ਲੰਡਨ ਸਥਿਤ ਇਕ ਵਰਗ ਮੀਲ ਵਿਚ ਵੱਸਦਾ, ਬ੍ਰਿਟਿਸ਼ ਸਰਕਾਰ ਨਾਲੋਂ ਅੱਡ 'ਦ ਸਿਟੀ' ਵਿਚ।

ਕਿਸੇ ਵੀ ਦੇਸ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਉਸ ਦਾ ਕੇਂਦਰੀ ਬੈਂਕ, ਜੋ ਦੇਸ ਦੇ ਅੰਦਰ ਘੁੰਮ ਰਹੀ ਕੁਲ ਨਕਦੀ ਦੀ ਮਾਤਰਾ ਉੱਤੇ ਕੰਟਰੋਲ ਰੱਖਦਾ ਹੈ। ਭਾਰਤੀ ਰਿਜ਼ਰਵ ਬੈਂਕ 1935 ਵਿਚ ਕਾਇਮ ਕੀਤਾ ਗਿਆ। ਇਸ ਬੈਂਕ ਨੂੰ ਬੈਂਕ ਆਫ਼ ਇੰਗਲੈਂਡ ਕੰਟਰੋਲ ਕਰਦਾ ਸੀ ਅਤੇ 'ਬੈਂਕ ਆਫ਼ ਇੰਗਲੈਂਡ' ਨਿਰੋਲ ਨਿੱਜੀ ਰੌਥਚਾਈਲਡ ਬੈਂਕ ਸੀ। ਰੌਥਚਾਈਲਡ ਪਰਿਵਾਰ ਅਨੇਕ ਨਾਵਾਂ ਹੇਠ ਯੂਰਪ, ਅਮਰੀਕਾ ਅਤੇ ਬੇਅੰਤ ਹੋਰ ਦੇਸਾਂ ਦੀ ਬੈਂਕਕਾਰੀ ਨੂੰ ਚਲਾਉਂਦਾ ਹੈ। ਨਿਰਾ ਬੈਂਕ ਹੀ ਨਹੀਂ ਚਲਾਉਂਦਾ; ਪੂਰੀ ਆਰਥਿਕਤਾ, ਸਿਆਸਤ ਅਤੇ ਜੰਗ/ਅਮਨ ਦੀਆਂ ਨੀਤੀਆਂ ਦੇ ਉੱਤੇ ਕਾਬੂ ਰੱਖਦਾ ਹੈ।

ਭਾਰਤ ਦੇ ਨੇਤਾਵਾਂ ਨੇ ਸਿਆਣਪ ਕੀਤੀ ਜੁ ਪਹਿਲੀ ਜਨਵਰੀ 1949 ਨੂੰ ਰਿਜ਼ਰਵ ਬੈਂਕ ਨੂੰ "ਭਾਰਤੀ" ਬਣਾ ਦਿੱਤਾ। ਨਾਂ ਵਿਚ ਕੋਈ ਬਦਲੀ ਨਹੀਂ ਹੋਈ।

ਸਾਮਰਾਜ ਬਹੁਤ ਬਹੁਤ ਸ਼ਕਤੀਵਰ ਹੈ, ਆਰਥਿਕ ਪੱਖੋਂ ਅਤੇ ਫ਼ੌਜੀ ਪੱਖੋਂ। ਸੈਂਕੜਿਆਂ ਸਾਲਾਂ ਤੋਂ ਇਸ ਨੂੰ ਮੁਹਾਰਤ ਹੈ ਮਾੜੇ ਦੇਸਾਂ ਦੇ ਖਿੱਦੋਆਂ ਨੂੰ ਬੂਟ ਹੇਠ ਰੱਖਣਾ ਜਾਂ ਠੁੱਡੇ ਮਾਰਨਾ। ਨਵੇਂ ਆਜ਼ਾਦ ਤੀਜੀ ਦੁਨੀਆਂ ਦੇ ਬੇਅੰਤ ਦੇਸਾਂ ਨੇ ਹਾਲਾਂ ਠੀਕ ਤਰ੍ਹਾਂ ਸਾਹ ਲੈਣਾ ਵੀ ਨਹੀਂ ਸੀ ਸ਼ੁਰੂ ਕੀਤਾ ਕਿ ਸਾਮਰਾਜ ਨੇ ਡਰਾ ਧਮਕਾ ਕੇ ਜਾਂ ਪੁਚਕਾਰ ਕੇ ਆਪਣੇ ਕਈ ਪ੍ਰਕਾਰ ਦੇ ਗੱਠਬੰਧਨਾਂ ਵਿਚ ਬੰਨ੍ਹਣਾ ਸ਼ੁਰੂ ਕੀਤਾ।

ਨਹਿਰੂ, ਟੀਟੋ (ਯੂਗੋਸਲਾਵੀਆ) ਅਤੇ ਨਾਸਰ, ਪਿੱਛੋਂ ਸੁਕਰਨੋ (ਇੰਡੋਨੇਸ਼ੀਆ) ਨੇ 'ਗੁੱਟ ਨਿਰਪੇਖ' ਦੇਸਾਂ ਦੀ ਲਹਿਰ ਚਲਾਈ। ਭਾਵ ਇਹ ਕਿ ਉਹ ਨਾ ਸੋਵੀਅਤ ਸੰਘ ਨਾਲ ਹੋਣਗੇ ਅਤੇ ਨਾ ਹੀ ਐਂਗਲੋ-ਅਮਰੀਕਨ ਧੜੇ ਨਾਲ। ਪੱਛਮੀ ਸਾਮਰਾਜ ਨੇ ਯੂਗੋਸਲਾਵੀਆ ਤਬਾਹ ਕਰ ਦਿੱਤਾ। ਮਿਸਰ ਵਿਚ ਡਿਕਟੇਟਰ ਲੈ ਆਂਦਾ ਅਤੇ ਇੰਡੋਨੇਸ਼ੀਆ ਨੂੰ ਫ਼ੌਜੀ ਬੂਟ ਹੇਠਾਂ ਲੁੱਟ ਪੁੱਟ ਕੇ ਇਕ ਵਾਰ ਫੇਰ ਆਰਥਿਕ ਗ਼ੁਲਾਮੀ ਵਿਚ ਫਸਾ ਲਿਆ ਹੈ। ਸਾਮਰਾਜ ਵਾਪਸ ਆਇਆ ਹੈ ਤਾਂ ਹਰ ਪਾਸੇ ਇੰਡੋਨੇਸ਼ੀਆ ਤੋਂ ਲੈ ਕੇ ਮੱਧ ਏਸ਼ੀਆ ਅਤੇ ਦੱਖਣੀ ਏਸ਼ੀਆ ਅੰਦਰ ਬੇਅੰਤ ਇਨਸਾਨੀ, ਆਰਥਿਕ ਅਤੇ ਵਿਰਾਸਤ ਦੀ ਤਬਾਹੀ ਕੀਤੀ ਹੈ। ਤਿੰਨ ਦੇਸ਼ਾਂ ਦੇ ਨਾਂ ਤਾਂ ਉਦਾਹਰਣ ਦੇ ਤੌਰ 'ਤੇ ਲਏ ਹਨ। ਕਈ ਦਰਜਨਾਂ ਦੇਸਾਂ ਦੀ ਦੁਰਗਤ ਹੋਈ ਹੈ। ਜ਼ਿਆਦਾ ਉਹ ਦੇਸ ਲਿਤਾੜੇ ਗਏ ਹਨ, ਜਿਨ੍ਹਾਂ ਦੇ ਅੰਦਰ ਕੋਈ ਕੀਮਤੀ ਕੁਦਰਤੀ ਵਸੀਲੇ ਹਨ। ਚੱਲਦੇ ਵਿਸ਼ਵ ਅੰਦਰ ਸੰਤੁਲਨ ਰੱਖਦਾ ਸੋਵੀਅਤ ਸੰਘ ਆਪ ਤਿੜਕ ਗਿਆ ਅਤੇ ਉਸ ਦੇ ਕਈ ਟੋਟੇ ਹੋ ਗਏ। ਗੁੱਟ ਨਿਰਪੇਖ ਦੇਸਾਂ ਦਾ ਵਜੂਦ ਹੀ ਖ਼ਤਮ ਹੋ ਗਿਆ।

ਸਾਮਰਾਜੀ, ਚੜ੍ਹਾਈਆਂ, ਲੜਾਈਆਂ ਅਤੇ ਤਬਾਹੀਆਂ ਲਈ ਕਮਿਊਨਿਜ਼ਮ ਦਾ ਹਊਆ ਖੜਾ ਰੱਖਦੇ ਸਨ। ਸੋਵੀਅਤ ਸੰਘ ਦੇ ਤਿੜਕਣ ਪਿੱਛੋਂ ਅਤੇ ਉਸ ਨੂੰ ਖੁੱਲ੍ਹ ਕੇ ਸਰਮਾਏਦਾਰੀ ਨਿਜ਼ਾਮ ਵਿਚ ਰਲਾ ਲੈਣ ਪਿੱਛੋਂ ਲੜਾਈ ਦੇ ਵਾਸਤੇ ਇਕ ਨਵੀਂ ਦੁਸ਼ਮਣ ਸ਼ਕਤੀ ਦਾ ਹੋਣਾ ਲਾਜ਼ਮੀ ਸੀ, ਤਾਂ ਹੀ ਅਮਰੀਕਨ ਮਾਪਿਆਂ ਨੇ ਆਪਣੇ ਫ਼ੌਜੀ ਬੱਚੇ ਹੋਰਨਾਂ ਦੇਸਾਂ ਵਿਚ ਭੇਜਣ ਲਈ ਰਜ਼ਾਮੰਦ ਹੋਣਾ ਸੀ। ਪਹਿਲਾਂ "ਨਾਂ ਲਏ" ਦੁਸ਼ਮਣ ਦਾ ਕੋਈ ਦੇਸ ਹੋਇਆ ਕਰਦਾ ਸੀ। ਹੁਣ ਇਕ ਅਜਿਹਾ ਦੁਸ਼ਮਣ ਘੜ ਲਿਆ ਗਿਆ, ਜਿਸ ਦੀ ਹੋਂਦ ਦਾ ਭੁਲਾਵਾ ਦੁਨੀਆਂ ਦੀ ਕਿਸੇ ਵੀ ਨੁੱਕਰ ਜਾਂ ਦੇਸ ਵਿਚ ਪਾਇਆ ਜਾ ਸਕਦਾ ਸੀ। ਏਸ ਦੁਸ਼ਮਣ ਲਈ ਦੇਸਾਂ ਦੀਆਂ ਸਰਹੱਦਾਂ ਵੀ ਟੱਪੀਆਂ ਜਾ ਸਕਦੀਆਂ ਸਨ। ਇਸ ਦੁਸ਼ਮਣ ਦਾ ਨਾਂ ਰੱਖਿਆ 'ਦਹਿਸ਼ਤਵਾਦ' ਜਾਂ 'ਟੈਰਰਿਜ਼ਮ'। ਦਹਿਸ਼ਤਵਾਦ ਨਾ ਕੋਈ ਵਿਅਕਤੀ ਹੈ ਅਤੇ ਨਾ ਹੀ ਕੋਈ ਦੇਸ। ਸਾਮਰਾਜੀ ਗੁੱਟ ਦੀਆਂ ਫ਼ੌਜਾਂ, ਜਿਹੜੇ ਦੇਸ ਵਿਚ ਚਾਹੋ, ਵਾੜ ਦਿਉ। ਰੌਂਦੇ ਗਏ ਦੇਸ ਦੀ ਫ਼ਰਿਆਦ ਨਾ ਯੂ.ਐੱਨ.ਓ. ਸੁਣਦੀ ਹੈ ਅਤੇ ਨਾ ਹੀ ਅੰਤਰਰਾਸ਼ਟਰੀ ਅਦਾਲਤ। ਨਵੇਂ ਤੋਂ ਨਵੇਂ ਰਾਖ਼ਸ਼ੀ ਹਥਿਆਰਾਂ ਦੇ ਨਾਲ ਕੁੱਲ ਦੁਨੀਆਂ ਭੈਭੀਤ ਕੀਤੀ ਪਈ ਹੈ। ਲੱਖਾਂ ਦੀਆਂ ਜਾਨਾਂ ਲਈਆਂ ਜਾ ਚੁੱਕੀਆਂ ਹਨ। ਅਜੇ ਮਾਰੂ ਸਾਮਰਾਜੀ ਜੰਗੀ ਮਸ਼ੀਨ ਦੇ ਰੁਕਣ ਦੀ ਕੋਈ ਨਿਸ਼ਾਨੀ ਨਹੀਂ ਦਿੱਸਦੀ।

ਹੁਣ ਤਾਂ ਸਾਮਰਾਜ ਲਈ ਪੈਰ ਖਿਲਾਰਨੇ ਬੇਅੰਤ ਸੌਖੇ ਹੋ ਗਏ। ਤੀਜੀ ਦੁਨੀਆਂ ਦੇ ਕਈ ਦੇਸ ਉਪਰੋਂ ਹੀ ਫੜ ਲਏ ਗਏ, ਰਾਜ ਕਰਦੇ ਰਾਜਿਆਂ, ਸ਼ੇਖ਼ਾਂ, ਪ੍ਰਧਾਨਾਂ, ਪ੍ਰਧਾਨ ਮੰਤਰੀਆਂ ਅਤੇ ਸਰਕਾਰਾਂ ਨੂੰ ਲਾਲਚ ਦੇ ਕੇ ਜਾਂ ਡਰਾ ਧਮਕਾ ਕੇ। ਉਨ੍ਹਾਂ ਦੀ ਫ਼ਰਿਆਦ ਸੁਣਨ ਵਾਲਾ ਕੌਣ ਸੀ ? ਏਸ ਤੋਂ ਛੁੱਟ ਇਕ ਹੋਰ ਅਦਭੁਤ/ਅਜੀਬੋ-ਗ਼ਰੀਬ ਢੰਗ ਅਪਣਾਇਆ। ਇਸ ਢੰਗ ਦੇ ਨਾਲ ਸਾਮਰਾਜ, ਦੇਵਤਾ ਸਰੂਪ ਬਣ ਕੇ ਆਉਂਦਾ ਸੀ ਅਤੇ ਕੁਝ ਸਾਲਾਂ ਦੇ ਅੰਦਰ ਦੈਂਤ ਬਣ ਕੇ ਦੇਸ ਦੇ ਲੋਕਾਂ ਅਤੇ ਕੁਦਰਤੀ ਵਸੀਲਿਆਂ ਦਾ ਲਹੂ ਪੀ ਜਾਂਦਾ ਸੀ। ਇਨਸਾਨੀ ਜਾਨ ਅਤੇ ਕੁਦਰਤ ਦੀ

ਤਬਾਹੀ ਤਾਂ ਉਸ ਦੇ ਲਈ ਮਾਮੂਲੀ ਖੇਡ ਸੀ ਅਤੇ ਹੁਣ ਵੀ ਇੰਜ ਹੀ ਹੈ। ਸਾਮਰਾਜ ਦੇ ਜ਼ੁਲਮਾਂ ਦੀ ਕਹਾਣੀ ਕਿਸ ਨੇ ਪੜ੍ਹਨੀ ਸੁਣਨੀ ਜਾਂ ਵੇਖਣੀ ਹੈ, ਜਦੋਂ ਪ੍ਰਚਾਰ ਦੇ ਕੁੱਲ ਸਾਧਨ ਉਸ ਦੀ ਆਪਣੀ ਮੁੱਠੀ ਵਿਚ ਨੇ।

ਕਹਾਣੀ ਇੰਜ ਬਣਦੀ ਸੀ। ਦੁਨੀਆਂ ਦੇ ਬੜੇ ਉੱਚ ਕੋਟੀ ਦੇ ਆਰਥਿਕ ਮਾਹਿਰਾਂ ਨੂੰ ਭਰਤੀ ਕੀਤਾ ਜਾਂਦਾ ਸੀ ਅਤੇ ਅੱਗੋਂ ਗਹਿਰੀ ਸਿਖਲਾਈ ਦਿੱਤੀ ਜਾਂਦੀ ਸੀ। ਉਨ੍ਹਾਂ ਦਾ ਨਾਂ ਰੱਖਿਆ ਜਾਂਦਾ ਸੀ "ਇਕਨਾਮਿਕ ਹਿੱਟ ਮੈਨ" ਜਾਂ "ਆਰਥਿਕ ਧਾੜਵੀ" ਜਾਂ ਕੇਵਲ EHM। ਉਨ੍ਹਾਂ ਦਾ ਕਦੇ ਨਾਂ ਵੀ ਨਹੀਂ ਸੀ ਲਿਆ ਜਾਂਦਾ। ਉਨ੍ਹਾਂ ਨੂੰ ਆਪਣਾ ਭੇਤ ਖੋਲ੍ਹਣ ਦੀ ਸਜ਼ਾ ਸੀ ਉਨ੍ਹਾਂ ਦੇ ਬਾਲ ਬੱਚਿਆਂ ਅਤੇ ਬੀਵੀ ਦੀ ਮੌਤ, ਅਗਵਾ ਜਾਂ ਤਸੀਹੇ। ਇਕ ਵਾਰ EHM ਬਣ ਗਏ ਤਾਂ ਸਾਰੀ ਉਮਰ 'ਆਰਥਿਕ ਧਾੜਵੀ' ਹੀ ਰਹਿਣਾ ਸੀ/ਹੈ। ਇਨ੍ਹਾਂ ਨੂੰ ਬੇਸ਼ੁਮਾਰ ਆਮਦਨ ਅਤੇ ਸੁੱਖ ਦੇ ਕੁੱਲ ਵਸੀਲੇ ਹਾਜ਼ਰ ਸਨ।

ਆਰਥਿਕ ਧਾੜਵੀਆਂ ਦਾ ਕੰਮ ਕੀ ਹੈ? ਇਹ ਇਕ ਮਹਾਂ ਖ਼ਤਰਨਾਕ ਅਤੇ ਉਜਾੜੂ, ਨਵੇਂ ਸਾਮਰਾਜ ਦਾ ਨਵਾਂ ਪਰ ਲੁਕਿਆ ਚਿਹਰਾ ਹੈ। ਆਰਥਿਕ ਧਾੜਵੀ ਕੁੱਲ ਦੁਨੀਆਂ ਦੇ ਉੱਤੇ ਛਾਏ ਹੋਏ ਹਨ। ਇਨ੍ਹਾਂ ਦੇ ਧੋਖੇ-ਜਾਲ ਰਾਹੀਂ ਬੇਅੰਤ ਦੇਸਾਂ ਵਿੱਚੋਂ ਕਈ ਟ੍ਰਿਲੀਅਨ ਡਾਲਰਾਂ ਜਿੰਨੀ ਲੁੱਟ ਹੋ ਰਹੀ ਹੈ। ਇਨ੍ਹਾਂ ਦੇ ਕੰਮ ਦਾ ਢੰਗ ਇੰਜ ਹੈ – ਇਹ ਵਰਲਡ ਬੈਂਕ ਅਤੇ 'ਯੂ ਐਸ ਏਜੰਸੀ ਫ਼ਾਰ ਇੰਟਰਨੈਸ਼ਨਲ ਡੀਵੈਲਪਮੈਂਟ' ਅਤੇ ਹੋਰ ਵਿਦੇਸ਼ੀ "ਮਦਦ" ਕਰਦੀਆਂ ਏਜੰਸੀਆਂ ਦੇ ਪੈਸੇ ਨੂੰ ਉਨ੍ਹਾਂ ਰਾਜ ਕਰਦੇ ਲੋਕਾਂ, ਚੋਣਵੇਂ ਟੱਬਰਾਂ ਅਤੇ ਕਾਰਪੋਰੇਸ਼ਨਾਂ ਦੇ ਹਵਾਲੇ ਕਰਦੀਆਂ ਹਨ, ਜਿਨ੍ਹਾਂ ਦੀ ਪਹੁੰਚ ਜਾਂ ਕੰਟਰੋਲ ਦੇਸਾਂ ਦੇ ਕੁਦਰਤੀ ਵਸੀਲਿਆਂ ਤੱਕ ਹੈ। ਇੰਜ ਦੇਸਾਂ ਦੀ ਬੇਰਹਿਮ ਲੁੱਟ ਮਾਰ ਸ਼ੁਰੂ ਹੁੰਦੀ ਹੈ। ਆਪਣੇ ਚੁੰਗਲ ਵਿਚ ਫਸੇ/ਫਸਾਏ ਚਹੇਤਿਆਂ ਨੂੰ ਰਾਜ ਕੁਰਸੀ ਉੱਤੇ ਬਿਠਾਈ ਰੱਖਣ ਲਈ ਹਰ ਤਰ੍ਹਾਂ ਦੇ ਹਥਿਆਰ ਵਰਤਦੇ ਹਨ–ਸਰਾਸਰ ਝੂਠੀਆਂ ਆਰਥਿਕ ਰਿਪੋਰਟਾਂ ਅਤੇ ਖ਼ਬਰਾਂ, ਭਾਰੀਆਂ ਰਿਸ਼ਵਤਾਂ ਅਤੇ ਕਾਬੂ ਹੇਠ ਇਲੈਕਸ਼ਨਾਂ। ਕਿਸੇ "ਮੈਂ ਨਾ ਮਾਨੂੰ" ਹਰਮਨ ਪਿਆਰੇ ਨੇਤਾ ਦਾ ਕਤਲ ਕਰਵਾਉਣਾ ਤਾਂ ਮਾਮੂਲੀ ਕੰਮ ਹੈ। ਧਰਤੀ ਅੰਦਰੋਂ ਲੁੱਟਣ ਸਮੇਂ ਏਸ ਗੱਲ ਦਾ ਰਤਾ ਵੀ ਧਿਆਨ ਨਹੀਂ ਕੀਤਾ ਜਾਂਦਾ ਕਿ ਓਥੋਂ ਦੇ ਵਸਨੀਕਾਂ, ਧਰਤੀ ਅਤੇ ਬਨਸਪਤੀ ਦੀ ਕਿੰਨੀ ਤਬਾਹੀ ਹੁੰਦੀ ਹੈ। "ਭੂਗੋਲੀਕਰਨ" ਦਾ ਸਾਮਰਾਜੀ ਚਿਹਰਾ ਹਰ ਦੇਸ ਦੇ ਅੰਦਰ ਆਪਣਾ ਸਥਾਨਕ ਰੰਗ ਵਿਖਾ ਰਿਹਾ ਹੈ। ਯਾਦ ਰੱਖੋ ਭੂਗੋਲ ਦਾ ਅਰਥ ਹੈ ਦੱਖਣੀ ਅਮਰੀਕਾ ਦੀ ਹੇਠਲੀ ਨੁੱਕਰ ਤੋਂ ਸ਼ੁਰੂ ਹੁੰਦਿਆਂ ਕੁੱਲ ਦੱਖਣੀ ਅਮਰੀਕਾ ਮਹਾਂਦੀਪ, ਮੱਧ ਅਮਰੀਕਾ ਦੇ ਦੇਸ, ਕੈਰੇਬੀਅਨ ਟਾਪੂ, ਅਫ਼ਰੀਕਾ ਮਹਾਂਦੀਪ ਅਤੇ ਕੁੱਲ ਏਸ਼ੀਆ ਦੇ ਦੇਸ।

ਟਾਂਵੀਆਂ ਥਾਵਾਂ ਛੱਡ ਕੇ, ਸਾਮਰਾਜ ਦਾ ਗਾੜ੍ਹਾ ਪਰਛਾਵਾਂ ਇਨ੍ਹਾਂ ਸਭਨਾਂ ਇਲਾਕਿਆਂ ਉੱਤੇ ਹੈ। ਸਥਾਨਕ ਵਿਰੋਧ, "ਡੈਮੋਕ੍ਰੇਟਿਕ" ਇਲੈਕਸ਼ਨਾਂ ਵਿਚ ਅਣਚਾਹੇ ਨਤੀਜੇ, ਬਗ਼ਾਵਤਾਂ, ਰਾਜ ਪਲਟੇ ਅਤੇ "ਇਨਕਲਾਬ" ਸਮਾਰਾਜ ਨੂੰ ਮਜਬੂਰ ਕਰਦੇ ਹਨ ਕਿ ਉਸ ਦਾ ਗੁੱਟ ਆਪਣੀ ਜੰਗੀ ਮਸ਼ੀਨ ਅਤੇ ਫ਼ੌਜਾਂ ਨੂੰ ਭਿਆਨਕ ਢੰਗ ਨਾਲ ਵਰਤ ਕੇ ਗਰਮਾਏ ਹੋਏ ਦੇਸਾਂ ਅਤੇ ਇਲਾਕਿਆਂ ਦੇ ਅੰਦਰ ਮੌਤ ਦੀ ਠੰਡ ਪਾਵੇ।

ਫ਼ੌਜੀ ਕਾਰਵਾਈਆਂ ਲਈ ਬਹਾਨੇ ਘੜ ਲੈਣੇ ਤਾਂ ਇਕ ਮਾਮੂਲੀ ਗੱਲ ਹੈ। ਇਹ ਤਾਂ ਇਕ ਖ਼ਾਨਾਪੂਰੀ ਹੈ ਜਿਸ ਨੇ ਕੁੱਲ ਦੁਨੀਆਂ ਦੇ ਮੀਡੀਆ ਵਿੱਚੋਂ ਜਾ ਕੇ ਵਿਸ਼ਵ ਲੋਕਾਈ ਦੀਆਂ ਅੱਖਾਂ ਵਿਚ ਘੱਟਾ ਪਾਉਣਾ ਹੈ। ਖੁੱਲ੍ਹੀਆਂ ਹੋਈਆਂ ਅੱਖਾਂ ਨੂੰ ਸਾਮਰਾਜ ਮਿਰਚਾਂ ਵਾਂਗ ਲੱਗਦਾ ਹੈ, ਵਿਰੋਧ ਸ਼ੁਰੂ ਹੁੰਦਾ ਹੈ। ਨਿੱਕੀਆਂ ਮੋਟੀਆਂ ਲਹਿਰਾਂ ਉੱਠਦੀਆਂ ਹਨ, ਜ਼ੋਰ ਫੜਦੀਆਂ ਹਨ, ਸਾਮਰਾਜ ਦੀ ਵੱਖੀ ਵਿਚ ਵੱਜਦੀਆਂ ਹਨ। ਇਹ ਕਾਰਵਾਈ ਲਗਾਤਾਰ ਜਾਰੀ ਹੈ, ਕਦੇ ਭੂਗੋਲ ਦੇ ਇਕ ਥਾਂ, ਕਦੇ ਦੂਜੇ।

ਅੱਜ ਦੇ ਦਿਨ ਸਾਮਰਾਜ ਦਾ ਅਰਥ ਹੈ ਮੋਢੀ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸਾਂ ਦੀ ਜੁੰਡਲੀ, ਜੋ ਆਰਥਿਕ ਅਤੇ ਫ਼ੌਜੀ ਢੰਗਾਂ ਦੇ ਨਾਲ ਇਕਜੁੱਟ ਬਣੀ ਹੋਈ ਹੈ। ਜੇ ਅੱਜ ਕਿਸੇ ਨੂੰ ਅਮਰੀਕਾ ਦੇ ਅੰਦਰ ਮਹਾਨ ਲੋਕਤੰਤਰ ਜਾਂ ਡੈਮੋਕ੍ਰੇਸੀ ਵਿਖਾਈ ਦੇਂਦੀ ਹੈ ਤਾਂ ਉਸ ਨੂੰ ਏਸ ਤੋਂ ਅੱਗੇ ਪੜ੍ਹਨ ਦੀ ਲੋੜ ਨਹੀਂ। ਦੱਖਣੀ ਅਮਰੀਕਾ (17 ਕਰੋੜ ਵਰਗ ਕਿਲੋਮੀਟਰ) ਅਤੇ ਅਫ਼ਰੀਕਾ (3 ਕਰੋੜ ਵਰਗ ਕਿਲੋਮੀਟਰ) ਜੇਹੇ ਲੋਕਾਈ ਅਤੇ ਕੁਦਰਤੀ ਵਸੀਲਿਆਂ ਨਾਲ ਭਰੇ ਹੋਏ ਇਲਾਕੇ ਆਮ ਤੌਰ ਉੱਤੇ ਸਾਡੇ ਚਿੱਤ ਵਿਚ ਨਹੀਂ ਆਉਂਦੇ। ਯਾਦ ਰਹੇ, ਭਾਰਤ ਕੇਵਲ 33 ਲੱਖ ਵਰਗ ਕਿਲੋਮੀਟਰ ਇਲਾਕਾ ਹੈ। ਸਾਡੇ ਜ਼ਿਹਨ/ਸਮਝ ਵਿਚ ਓਹੀ ਦੇਸ ਆਉਂਦੇ ਹਨ ਜਿਥੇ ਸਾਡੇ ਕਾਮੇ (ਮੱਧ ਏਸ਼ੀਆ ਅਤੇ ਯੂਰਪ) ਜਾਂ ਪੜ੍ਹੇ ਲਿਖੇ ਡਾਕਟਰ ਅਤੇ ਇੰਜੀਨੀਅਰ (ਆਸਟ੍ਰੇਲੀਆ, ਯੂ.ਐੱਸ.ਏ. ਅਤੇ ਕੈਨੇਡਾ) ਜਾਂਦੇ ਹਨ। ਦੁਨੀਆਂ ਪਰ੍ਹੇ ਤੋਂ ਪਰ੍ਹੇ ਪਈ ਹੈ, ਪਰ ਸਾਮਰਾਜ ਅਤੇ ਉਸ ਦੇ ਹੱਥਕੰਡੇ ਹਰ ਥਾਂ ਹਨ।

ਆਰਥਿਕ ਧਾੜਵੀ, ਭੂਗੋਲਿਕ ਸਾਮਰਾਜ ਲਿਆਉਣ ਵਿਚ ਕਿਵੇਂ ਹੱਥ ਵਟਾਉਂਦੇ ਹਨ ? ਊਹ ਨਿਸ਼ਾਨੇ ਹੇਠ ਆਏ ਦੇਸਾਂ ਉੱਤੇ ਇੰਜ ਵਾਰ ਕਰਦੇ ਹਨ। ਊਨ੍ਹਾਂ ਨੇ ਦੇਸ ਦੀਆਂ ਸਿਫ਼ਤਾਂ ਦੇ ਪੁੱਲ ਬੰਨ੍ਹਣੇ ਹੁੰਦੇ ਹਨ ਅਤੇ ਉਸ ਨੂੰ ਚਾਰ ਚੰਨ ਲਾਉਣ ਲਈ ਸਥਾਨਕ ਸਰਕਾਰ ਨੂੰ ਸਮਝਾਉਂਦੇ ਅਤੇ ਮਨਵਾਉਂਦੇ ਹਨ ਕਿ ਏਥੇ ਵੱਡੇ ਵੱਡੇ ਬਿਜਲੀ ਘਰ, ਵੱਡੀਆਂ ਆਧੁਨਿਕ ਜਰਨੈਲੀ ਸੜਕਾਂ, ਹਵਾਈ ਅੱਡਿਆਂ, ਹਵਾਈ ਸੇਵਾਵਾਂ ਅਤੇ ਵੱਡੇ ਸਨਅਤੀ/ਉਦਯੋਗਿਕ ਇਲਾਕੇ ਬਣਾਉਣ ਦੀ ਲੋੜ ਹੈ। ਊਨ੍ਹਾਂ ਦੇ ਆਖੇ ਲੱਗਣ ਦੀ ਦੇਰ ਹੈ ਕਿ ਏਸ ਦੇਸ਼ ਦੀ 'ਸੇਵਾ' ਲਈ ਪੱਛਮੀ ਦੇਸਾਂ ਦੀ ਕਤਾਰ ਨੇ ਆ ਖੜੇ ਹੋਣਾ ਹੈ। ਸਰਮਾਏ ਦੀ ਚਿੰਤਾ ਨਾ ਕਰੋ। ਅਸੀਂ ਪੂਰਾ ਇੰਤਜ਼ਾਮ ਕਰਾਂਗੇ। ਨਾਲ ਹੀ ਨਾਲ, ਤੁਹਾਡੇ ਸ਼ਾਸਕਾਂ ਦੀ ਵੀ ਖੁੱਲ੍ਹ ਕੇ ਸੇਵਾ ਹੋਵੇਗੀ। ਸ਼ਰਤ ਇੱਕੋ ਹੀ ਹੁੰਦੀ ਹੈ : ਨਿਰਮਾਣ ਲਈ ਕੁੱਲ ਸਾਮਾਨ ਅਤੇ ਕੰਪਨੀਆਂ ਸਾਡੇ ਹੀ ਦੇਸਾਂ ਅੰਦਰੋਂ ਆਉਣਗੀਆਂ। ਏਸ ਤਰ੍ਹਾਂ ਅਮਰੀਕਾ ਦਾ ਪੈਸਾ ਅਮਰੀਕਾ ਦੇ ਅੰਦਰ ਹੀ ਰਹਿ ਜਾਂਦਾ ਹੈ। ਕਿਸੇ ਇਕ ਕੰਪਨੀ ਦੇ ਹਿਸਾਬ ਵਿੱਚੋਂ ਦੂਸਰੀ ਕੰਪਨੀ ਅੰਦਰ ਚਲਾ ਜਾਂਦਾ ਹੈ। ਆਰਥਿਕ ਧਾੜਵੀ ਜੇ ਮਨਾਉਣ ਵਿਚ ਕਾਮਯਾਬ ਹੋ ਜਾਵੇ ਤਾਂ ਲੋੜ ਤੋਂ ਕਿਤੇ ਵੱਧ ਸਰਮਾਇਆ ਲਿਆਇਆ ਜਾਂਦਾ ਹੈ। ਏਨਾ ਜ਼ਿਆਦਾ, ਏਨੀ ਉਦਾਰਤਾ "ਕਿ ਮਦਦ ਲੈਣ ਵਾਲੇ ਦੇਸ ਲਈ ਅਸੰਭਵ ਹੋਵੇ। ਜਦੋਂ ਪੈਸਾ ਤਾਰਨ ਦਾ ਸਮਾਂ ਆਵੇ, ਊਹ ਤਾਂ ਵਿਆਜ, ਮੂਲ ਜਾਂ ਦੋਵੇਂ ਹੀ ਵਾਪਸ ਨਾ ਕਰ ਸਕੇ। ਭਾਵ ਦੇਸ ਦੀਵਾਲੀਆ ਹੋ ਜਾਂਦਾ ਹੈ। ਕਰਜ਼ੇ ਨਾਲ ਸਾਧਾਰਨ ਨਾਲੋਂ ਉੱਚਿਆਂ ਮੁੱਲਾਂ ਉੱਤੇ ਸਾਮਾਨ ਲਿਆਇਆ ਜਾਂਦਾ ਹੈ ਅਤੇ ਪੈਸਾ ਪੂਰਨ ਬੇਦਰਦੀ ਨਾਲ ਫੂਕਿਆ/ਵਰਤਿਆ/ਵਰਤਾਇਆ ਜਾਂਦਾ ਹੈ।"

ਕਰਜ਼ੇ ਦੇ ਭੁਗਤਾਨ ਵਿਚ ਫੇਲ੍ਹ ਹੋ ਜਾਣ ਉੱਤੇ, ਫਿਰ ਸ਼ਰਤਾਂ ਲੱਗਣੀਆਂ ਸ਼ੁਰੂ ਹੋ ਜਾਂਦੀਆਂ ਹਨ – ਯੂ.ਐੱਨ.ਓ. ਦੇ ਵਿਚ ਵੋਟ ਸਦਾ ਸਾਡੇ ਆਖੇ ਅੰਦਰ ਪਾਉਣੀ ਹੈ, ਤੁਹਾਡੇ ਦੇਸ ਦੇ ਅੰਦਰ ਤੁਹਾਡੀ ਸਾਡੀ ਸਾਂਝੀ ਰੱਖਿਆ ਦੇ ਲਈ ਫ਼ੌਜੀ ਅਤੇ ਹਵਾਈ ਅੱਡੇ ਬਣਨਗੇ। ਏਸ ਤੋਂ ਛੁੱਟ ਤੁਹਾਡੇ ਕੋਲ ਤੇਲ ਦੇ ਭੰਡਾਰ, ਖਣਿਜ ਪਦਾਰਥਾਂ, ਕੀਮਤੀ ਧਾਤਾਂ ਜਿਵੇਂ ਸੋਨਾ ਚਾਂਦੀ, ਪਲਾਟੀਨਮ ਯੂਰੇਨੀਅਮ ਆਦਿ ਚੋਖੀ ਮਾਤਰਾ ਵਿਚ ਹਨ। ਕਰਜ਼ਿਆਂ ਦਾ ਕੀ ਹੈ ਉਹ ਤਾਂ ਆਉਂਦੇ ਹੀ ਰਹਿਣਗੇ, ਹਾਲਾਂ ਉਪਰ ਲਿਖੀਆਂ ਵਸਤੂਆਂ ਨਾਲ ਹੀ ਕੰਮ ਚੱਲ ਜਾਵੇਗਾ। ਸਨਅਤੀ ਅਤੇ ਹੋਰ ਨਿਰਮਾਣ ਕਾਰਜ ਤਾਂ ਭੁੱਲ ਹੀ ਜਾਂਦੇ ਹਨ। ਨਾ ਕਰਜ਼ੇ ਲੱਥਦੇ ਹਨ ਅਤੇ ਨਾ ਹੀ ਆਰਥਿਕ ਧਾੜਵੀ ਦਾ ਪਵਾਇਆ ਅਮਰੀਕਾ ਦਾ ਜਿੰਨ ਜੱਫਾ। ਬੈਂਕਰਾਂ ਦੇ 'ਨਵੇਂ ਭੂਗੋਲਿਕ ਸਮਾਜ' ਦੀ ਸਥਾਪਨਾ ਵਿਚ ਇਕ ਨਵਾਂ ਮੀਲ-ਪੱਥਰ ਕੱਢ ਲਿਆ ਜਾਂਦਾ ਹੈ। ਆਰਥਿਕ ਧਾੜਵੀ ਨੂੰ ਕਿਸੇ ਨਵੇਂ ਦੇਸ ਨੂੰ ਫਾਹੁਣ ਲਈ ਡਿਊਟੀ ਉੱਤੇ ਲਗਾ ਦਿੱਤਾ ਜਾਂਦਾ ਹੈ।

ਇੰਡੋਨੇਸ਼ੀਆ ਜੇਹਾ ਕੁਦਰਤੀ ਵਸੀਲਿਆਂ ਨਾਲ ਮਾਲੋ-ਮਾਲ ਅਤੇ ਅਮੀਰ ਦੇਸ (ਹੋ ਸਕਦਾ ਸੀ) ਇਕ ਘਸਿਆਰਾ ਦੇਸ ਬਣ ਗਿਆ ਹੈ। ਇਸ ਦੇ ਗੈਸ, ਤੇਲ, ਸੋਨੇ ਅਤੇ ਭਰਪੂਰ ਜੰਗਲਾਂ ਦੀ ਦੌਲਤ ਲੁੱਟੀ ਪੁੱਟੀ ਜਾ ਰਹੀ ਹੈ। ਇੰਡੋਨੇਸ਼ੀਆ ਦਾ ਨਾਂ ਏਸ ਲਈ ਲਿਆ ਹੈ ਕਿਉਂਕਿ ਇਹ ਨੇੜੇ ਹੈ ਅਤੇ ਬੇਅੰਤ ਪੜ੍ਹਿਆਂ ਨੂੰ ਇਸ ਦਾ ਪਤਾ ਹੈ। ਕੁੱਲ ਦੁਨੀਆਂ ਅੰਦਰ ਬੇਅੰਤ ਦੇਸਾਂ ਦੇ ਉਪਰ ਆਰਥਿਕ ਧਾੜਵੀਆਂ ਦੀ ਕਿਰਪਾ ਹੋਈ ਹੈ ਅਤੇ ਆਪਣਾ ਸਭ ਕੁਝ ਲੁਟਾ ਕੇ, ਅਮਰੀਕਾ ਦੇ ਫ਼ੌਜੀ ਬੂਟ ਦੇ ਹੇਠਾਂ ਆ ਗਏ ਹਨ।

ਸਾਡੇ ਦੇਸ ਉੱਤੇ ਕਈ ਵਾਰ ਔਖੇ ਸਮੇਂ ਆਏ ਹਨ, ਜਿਨ੍ਹਾਂ ਵਿੱਚੋਂ ਜਾਂ ਕੁਦਰਤ ਨੇ ਬਚਾਇਆ ਹੈ ਜਾਂ ਅਮਰੀਕੀ ਗੁੱਟ ਦੇ ਕਿਸੇ ਹੋਰ ਥਾਂ ਲੰਮੀ ਜੰਗ ਵਿਚ ਉਲਝੇ ਹੋਣ ਨੇ ਬਚਾਇਆ ਹੈ ਅਤੇ ਕਈ ਵਾਰ ਤਾਂ ਪ੍ਰਤੱਖ ਹੀ ਸਾਡੇ ਨੇਤਾਵਾਂ ਦੀ ਸਿਆਣਪ ਨੇ ਬਚਾਇਆ ਹੈ। 1991 ਵਿਚ ਤਾਂ ਅਸੀਂ ਦੀਵਾਲੀਆ ਹੋਣ ਉੱਤੇ ਆ ਗਏ ਸਾਂ। ਇਕ ਵਾਰ ਫਸ ਜਾਂਦੇ ਤਾਂ ਮੁੜ ਨਿਕਲਣਾ ਔਖਾ ਹੋਣਾ ਸੀ। ਪਰ ਸਮੇਂ ਦੀ ਸਰਕਾਰ ਨੇ ਕੁੱਲ ਲੋਕਾਂ ਦੀ ਭਰਪੂਰ ਮਦਦ ਦੇ ਨਾਲ, ਸਰਕਾਰ ਦੇ ਖ਼ਜ਼ਾਨੇ ਸੋਨੇ ਦੇ ਨਾਲ ਭਰ ਦਿੱਤੇ, ਜਿਨ੍ਹਾਂ ਦੀ ਮਦਦ ਦੇ ਨਾਲ ਬਾਹਰਲੇ ਕਰਜ਼ੇ ਮੋੜ ਦਿੱਤੇ ਗਏ। ਉਹ ਦਿਨ ਗਿਆ ਅਤੇ ਅੱਜ ਦਾ ਦਿਨ ਆਇਆ, ਭਾਰਤ ਆਰਥਿਕ ਤੌਰ ਉੱਤੇ ਮਜ਼ਬੂਤ ਹੁੰਦਾ ਗਿਆ ਹੈ। ਪਰ ਇਹ ਨਾ ਸੋਚਣਾ ਕਿ ਸਾਡੇ ਉੱਤੇ ਆਰਥਿਕ ਧਾੜਵੀ ਮੰਡਲਾ ਨਹੀਂ ਰਹੇ। ਆਰਥਿਕ ਧਾੜਵੀ ਦੇ ਨਾਂ ਦਾ ਐਲਾਨ ਨਹੀਂ ਹੁੰਦਾ। ਉਹ ਕਿਸੇ ਵੀ ਛਲਰੂਪ ਵਿਚ ਸਾਡੀਆਂ ਸਰਕਾਰੀ ਮਹਿਫ਼ਲਾਂ ਵਿਚ ਹੋ ਸਕਦਾ ਹੈ, ਉਹ ਪ੍ਰਾਈਵੇਟ ਵੀ ਹੋ ਸਕਦਾ ਹੈ ਅਤੇ ਜਾਂ ਉਹ ਜਾਣੇ-ਪਛਾਣੇ ਸਿਆਸੀ ਚਿਹਰੇ ਦੇ ਪਿੱਛੇ ਵੀ ਹੋ ਸਕਦਾ ਹੈ।

ਆਜ਼ਾਦੀ ਜੇ ਪਾਈ ਗਈ ਹੈ ਤਾਂ ਉਹ ਗਵਾਈ ਵੀ ਜਾ ਸਕਦੀ ਹੈ। ਹਰ ਚੇਤੰਨ ਨਾਗਰਿਕ ਨੂੰ ਅੱਖਾਂ ਖੋਲ੍ਹ ਕੇ, ਆਪਣੇ ਦੇਸ ਦੇ ਉੱਤੇ ਵਧਦੇ ਹਰ ਵਿਦੇਸ਼ੀ ਪ੍ਰਭਾਵ ਨੂੰ ਪਛਾਨਣਾ ਚਾਹੀਦਾ ਹੈ। ਭਾਰਤ ਦਾ ਵਿਦੇਸ਼ੀਕਰਨ ਰੋਕਣ ਲਈ ਬੇਅੰਤ ਪਾਸਿਆਂ ਤੋਂ ਲਗਾਤਾਰ ਦਬਾਅ ਰੱਖਣ ਦੀ ਲੋੜ ਹੈ। ਆਰਥਿਕ ਹਿੱਟਮੈਨ/ਧਾੜਵੀ ਬਥੇਰੇ ਪਾਸਿਆਂ ਤੋਂ ਦੰਦ ਖੋਭਣ ਦੀ ਕੋਸ਼ਿਸ਼ ਕਰ ਰਹੇ ਹਨ। ਪਛਾਣੋ ਅਤੇ ਰੋਕੋ ਜੀ।

ਬਰਜ਼ਿੰਸਕੀ

ਬਰਜ਼ਿੰਸਕੀ 1977 ਤੋਂ 1981 ਤਕ ਅਮਰੀਕਾ ਦਾ ਰੱਖਿਆ ਸਲਾਹਕਾਰ ਰਿਹਾ ਹੈ। ਉਸ ਦੇ ਸਮੇਂ ਕਮਿਊਨਿਸਟ ਚੀਨ ਦੇ ਨਾਲ ਰਿਸ਼ਤਾ ਸੁਧਾਰਿਆ ਗਿਆ, ਈਰਾਨ ਨੂੰ ਪੱਛਮ ਵਿਰੋਧੀ ਗਿਣਿਆ ਗਿਆ, ਪੂਰਬੀ ਯੂਰਪੀ ਦੇਸਾਂ ਅੰਦਰ ਸੋਵੀਅਤ ਰੂਸ ਵਿਰੋਧੀ ਭਾਵਨਾਵਾਂ ਉਭਾਰੀਆਂ ਗਈਆਂ ਅਤੇ ਅਫ਼ਗਾਨਿਸਤਾਨ ਅੰਦਰ ਰੂਸ-ਪੱਖੀ ਸਰਕਾਰ ਦੇ ਖ਼ਿਲਾਫ਼, ਮੁਜਾਹਦੀਨ ਨੂੰ ਹਥਿਆਰਬੰਦ ਕੀਤਾ ਗਿਆ। 1977 ਤੋਂ ਪਹਿਲਾਂ ਅਤੇ 1981 ਤੋਂ ਪਿੱਛੋਂ ਵੀ ਕਈ ਪ੍ਰਧਾਨ ਉਸ ਦੀ ਸਲਾਹ ਲੈਂਦੇ ਰਹੇ ਹਨ।

ਬਰਜ਼ਿੰਸਕੀ, ਪ੍ਰਧਾਨ ਬੁਸ਼ ਦੀ 'ਡਰ/ਅੱਤਵਾਦ ਵਿਰੋਧੀ ਜੰਗ' ਦਾ ਨੁਕਤਾਚੀਨ ਸੀ। 2007 ਤੋਂ ਉਹ ਹੁਣ ਦੇ ਪ੍ਰਧਾਨ ਬਰਾਕ ਓਬਾਮਾ ਦੇ ਹੱਕ ਵਿਚ ਸੀ। ਓਬਾਮਾ ਬਾਰੇ ਉਹ ਇਹ ਲਿਖਦਾ ਹੈ : "ਓਬਾਮਾ ਮੈਨੂੰ ਇਸ ਲਈ ਖਿੱਚ ਪਾਉਂਦਾ ਹੈ, ਕਿਉਂਕਿ ਉਹ ਸਮਝਦਾ ਹੈ ਕਿ ਹੁਣ ਦੁਨੀਆਂ ਬਿਲਕੁਲ ਨਵੀਂ ਭਾਂਤ ਦੀ ਹੈ, ਜਿਸ ਵਿਚ ਭਿੰਨ ਸਭਿਅਤਾਵਾਂ ਅਤੇ ਲੋਕਾਂ ਨੂੰ ਜੋੜ ਕੇ ਦੇਖਣਾ ਹੁੰਦਾ ਹੈ।" ਸਤੰਬਰ 2009 ਵਿਚ ਇਕ ਅਖ਼ਬਾਰ ਨੇ ਪੁੱਛਿਆ ਕਿ ਕੀ ਪ੍ਰਧਾਨ ਓਬਾਮਾ ਇਸਰਾਈਲ ਨੂੰ ਈਰਾਨ ਉੱਤੇ ਹਵਾਈ ਹਮਲੇ ਨਾ ਕਰਨ ਲਈ ਦਬਾਅ ਪਾਵੇਗਾ ? ਉੱਤਰ ਵਿਚ ਉਸ ਕਿਹਾ, "ਅਸੀਂ ਕੋਈ ਨਿਪੁੰਸਕ ਬੱਚੇ ਨਹੀਂ ਹਾਂ। ਉਨ੍ਹਾਂ ਨੂੰ ਇਰਾਕ ਦੇ ਸਾਡੇ ਹਵਾਈ ਰਸਤਿਓਂ ਲੰਘਣਾ ਪਵੇਗਾ। ਕੀ ਅਸੀਂ ਝੁੱਡੂ ਬਣ ਕੇ ਬੈਠੇ ਹੋਏ ਇਹ ਤਮਾਸ਼ਾ ਵੇਖਦੇ ਰਹਾਂਗੇ ?" ਏਥੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਅਮਰੀਕਾ ਇਸਰਾਈਲੀ ਜੈੱਟਾਂ ਨੂੰ ਮਾਰ ਸੁੱਟੇਗਾ।

ਪਿਛਲੇ ਦਿਨੀਂ, ਜੰਗ/ਅਮਨ ਦੀ ਕੁੰਜੀ ਜੇਬ ਵਿਚ ਰੱਖਣ ਵਾਲੀ ਮਹਾਂ-ਸ਼ਕਤੀਸ਼ਾਲੀ, 'ਬਦੇਸ਼ੀ ਸੰਬੰਧਾਂ ਬਾਰੇ ਸਲਾਹਕਾਰ ਕਮੇਟੀ' ਦੀ ਕੈਨੇਡਾ 'ਚ ਮੀਟਿੰਗ ਅੰਦਰ, ਮਹਾਂ ਦਬਦਬੇ ਵਾਲੇ 82 ਸਾਲਾ ਬਰਜ਼ਿੰਸਕੀ ਨੇ ਫ਼ਿਕਰ ਪ੍ਰਗਟ ਕੀਤਾ ਕਿ "ਇਕ ਵਿਸ਼ਵ ਸਰਕਾਰ" ਦੇ ਟੀਚੇ ਵਿਚ ਦੋ ਰੁਕਾਵਟਾਂ ਆ ਰਹੀਆਂ ਹਨ। ਇਕ ਤਾਂ ਹੈ ਬਹੁਤ ਉੱਚੀਆਂ ਸ਼ਕਤੀਆਂ ਅਤੇ ਹਸਤੀਆਂ ਵਿਚਕਾਰ ਖਿੱਚੋਤਾਣ ਅਤੇ ਦੂਸਰਾ ਹੈ ਕੁੱਲ ਲੋਕਾਈ ਦੀ ਜਾਗ ਰਹੀ ਚੇਤਨਾ।"

ਦੋ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੈ, 'ਇਕ ਵਿਸ਼ਵ ਸਰਕਾਰ' ਅਤੇ ਦੂਜਾ ਏਸ ਮਨਸੂਬੇ ਵਿਰੁੱਧ, ਵਿਸ਼ਵ ਅੰਦਰ ਲੋਕਾਂ ਵੱਲੋਂ ਵਿਰੋਧ। ਇਹ ਦੋਵੇਂ ਹੀ ਬੁਨਿਆਦੀ ਗੱਲਾਂ ਹਨ, ਜਿਨ੍ਹਾਂ ਬਾਰੇ ਜਿੰਨਾ ਵੀ ਜਾਣ ਲਿਆ ਜਾਵੇ, ਥੋੜ੍ਹਾ ਹੈ।

ਬਰਜ਼ਿੰਸਕੀ ਨੇ ਅੱਗੋਂ ਕਿਹਾ, "ਕੁੱਲ ਦੁਨੀਆਂ ਸਿਆਸੀ ਤੌਰ ਉੱਤੇ ਜਾਗ ਪਈ ਹੈ ਅਤੇ ਭੂਗੋਲਿਕ ਅਸਾਵਾਂਪਨ, ਨਾਬਰਾਬਰੀ, ਮਾਣਹਾਨੀ ਅਤੇ ਠੱਗੀ-ਲੁੱਟ ਨੂੰ ਸਮਝਣ ਲੱਗ ਪਈ ਹੈ, ਏਥੋਂ ਤਕ ਕਿ ਅਮਰੀਕਾ ਜੇਹੀ ਮਹਾਂਸ਼ਕਤੀ ਲਈ ਵੀ ਕੰਮ ਮੁਸ਼ਕਲ ਹੋ ਰਿਹਾ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਸਾਡੀਆਂ ਹੁਣ ਦੀਆਂ ਜ਼ਰੂਰਤਾਂ ਲਈ ਯੂ.ਐੱਨ. ਕਾਰਗਰ ਨਹੀਂ, ਇਸ ਦੀ ਥਾਂ ਕੋਈ ਹੋਰ ਸੰਸਥਾ ਹੋਣੀ ਚਾਹੀਦੀ ਹੈ।

ਯਾਦ ਰਹੇ ਇਹ ਗੱਲਾਂ "ਇਕ ਵਿਸ਼ਵ ਸਰਕਾਰ" ਦੇ ਸੰਬੰਧ ਵਿਚ ਹੋ ਰਹੀਆਂ ਹਨ। ਬਰਜ਼ਿੰਸਕੀ ਦੀ ਇਕ ਕਿਤਾਬ 1970 ਵਿਚ ਛਪੀ ਸੀ, ਜਿਸ ਦਾ ਨਾਂ *ਦੋ ਯੁੱਗਾਂ ਵਿਚਕਾਰ* ਜਿਸ ਦੇ ਵਿਚ ਉਹ ਲਿਖਦਾ ਹੈ : "ਅੱਗੋਂ ਆਵੇਗਾ ਸਮਾਂ 'ਟੈਕਨੀ-ਟਰਾਨਿਕ' (ਭਾਵ ਟੈਕਨਾਲੋਜੀ ਅਤੇ ਇਲੈਕਟ੍ਰੋਨਿਕਸ ਦੀ ਸੰਧੀ) ਜਿਸ ਵਿਚ ਸਮਾਜ ਉੱਤੇ ਪਾਬੰਦੀਆਂ ਵਧਾਈਆਂ ਜਾਣਗੀਆਂ ਅਤੇ ਕਾਬੂ ਹੇਠ ਕੀਤਾ ਜਾਵੇਗਾ। ਰਵਾਇਤੀ ਕਦਰਾਂ-ਕੀਮਤਾਂ ਤੋਂ ਬੇਪ੍ਰਵਾਹ ਹੋ ਕੇ ਬਹੁਤ ਉਪਰਲਿਆਂ 'ਈਲੀਟ'/ਮਹਾਂ ਅਮੀਰਾਂ ਦਾ ਬੋਲਬਾਲਾ ਹੋਵੇਗਾ। ਕੁਝ ਹੀ ਸਮੇਂ ਵਿਚ ਸੰਭਵ ਹੋਵੇਗਾ ਕਿ ਹਰ ਸ਼ਹਿਰੀ ਉੱਤੇ ਹਰ ਸਮੇਂ ਪੂਰੀ ਨਜ਼ਰ ਰੱਖੀ ਜਾਵੇਗੀ ਅਤੇ ਹਰ ਸ਼ਹਿਰੀ ਦੀ ਜ਼ਾਤੀ ਜ਼ਿੰਦਗੀ ਬਾਰੇ ਬਿਆਨ ਕਲਮਬੱਧ ਹੋਵੇਗਾ। ਅਧਿਕਾਰੀ ਜਦੋਂ ਵੀ ਜਿਥੇ ਵੀ ਚਾਹੁਣ, ਇਕ ਬਟਨ ਦੱਬ ਕੇ ਕੁੱਲ ਜੀਵਨ-ਚਿੱਠਾ ਵੇਖ ਲੈਣਗੇ।"

ਬਰਜ਼ਿੰਸਕੀ ਨੇ ਜੋ 1970 ਵਿਚ ਕਿਹਾ ਸੀ, ਉਹ ਅੱਜ ਪ੍ਰਤੱਖ ਹੋ ਰਿਹਾ ਹੈ। ਉਦਾਹਰਣ ਵਜੋਂ ਇੰਗਲੈਂਡ ਵਿਚ ਜੇ ਕੋਈ ਘਰੋਂ ਸਬਜ਼ੀ ਲੈਣ ਲਈ ਬਾਜ਼ਾਰ/ਮਾਰਕੀਟ ਵਿਚ ਜਾਵੇ ਤਾਂ ਆਣ-ਜਾਣ ਦੇ ਰਾਹ ਵਿਚ ਕੋਈ ਪੰਜ ਸੌ ਵੀਡੀਓ ਕੈਮਰੇ ਉਸ ਦਾ ਰਿਕਾਰਡ ਬਣਾ ਲੈਣਗੇ। ਅੱਜ ਦੁਨੀਆਂ ਭਰ ਅੰਦਰ 'ਉੱਚੇ ਲੋਕ' ਜਾਂ 'ਈਲੀਟ' ਹੋਰਨਾਂ ਦੇ ਹੱਕ, ਮਾਲ ਅਤੇ ਜਾਇਦਾਦਾਂ ਕਾਬੂ ਕਰਦੇ ਜਾ ਰਹੇ ਹਨ। ਕਹਿਣ ਨੂੰ ਆਜ਼ਾਦ ਪਰ ਵਾਸਤਵ ਵਿਚ ਲੋਕ ਬੰਦੀ ਬਣਦੇ ਜਾ ਰਹੇ ਹਨ।

ਅੱਜ ਬਰਜ਼ਿੰਸਕੀ ਨੂੰ ਭਾਰੀ ਦੁੱਖ ਹੈ ਕਿ 'ਆਦਮੀ ਦੇ ਲੰਮੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ, ਜਦੋਂ ਕੁੱਲ ਲੋਕਾਈ ਨੇ ਸਿਆਸੀ ਜਾਗਰਤ ਵਿਖਾਈ ਹੈ। ਇਹ ਇਕ ਬਿਲਕੁਲ ਨਵੀਂ ਅਸਲੀਅਤ ਹੈ। ਇੰਜ ਤਾਂ ਕਦੇ ਹੋਇਆ ਹੀ ਨਹੀਂ ਸੀ।'

ਬਰਜ਼ਿੰਸਕੀ ਅੱਜ ਪ੍ਰਧਾਨ ਓਬਾਮਾ ਦਾ ਵੀ ਸਲਾਹਕਾਰ ਹੈ। ਉਸ ਦੀ ਪਹੁੰਚ ਦਾ ਅੰਦਾਜ਼ਾ ਏਥੋਂ ਲਾਇਆ ਜਾ ਸਕਦਾ ਹੈ ਕਿ 1977 ਤੋਂ 1981 ਦਰਮਿਆਨ ਉਹ ਪ੍ਰਧਾਨ ਜਿਮੀ ਕਾਰਟਰ ਦਾ ਰਾਸ਼ਟਰੀ ਰੱਖਿਆ ਸਲਾਹਕਾਰ ਸੀ। 1987 ਤੋਂ 1989 ਤਕ ਉਹ ਵੱਡੇ ਪ੍ਰਧਾਨ ਬੁਸ਼ ਦੇ ਵਿਦੇਸ਼ੀ ਖ਼ੁਫ਼ੀਆ ਵਿਭਾਗ ਦਾ ਸਲਾਹਕਾਰ ਸੀ। ਪ੍ਰਧਾਨ ਬਿੱਲ ਕਲਿੰਟਨ ਦੀ ਰਾਜ ਸਕੱਤਰ ਮੇਡਲੀਨ ਐਲਬ੍ਰਾਈਟ, ਏਸੇ ਦੀ ਵਿਦਿਆਰਥਣ ਸੀ। ਪਿਛਲੇ ਪ੍ਰਧਾਨ ਬੁਸ਼ ਦੀ ਰਾਜ ਸਕੱਤਰ ਕੌਂਡੀ ਰਾਈਸ, ਅਲਬ੍ਰਾਈਟ ਦੇ ਪਿਤਾ ਤੋਂ ਪੜ੍ਹੀ ਸੀ। ਸਭਨਾਂ ਦਾ ਮੇਲ ਕਿਥੇ ਹੁੰਦਾ ਹੈ ? ਉਹ ਹੈ 'ਕੁੱਲ ਦੁਨੀਆਂ ਦੀ ਇੱਕੋ ਇਕ ਸਰਕਾਰ' ਦਾ ਟੀਚਾ।

ਕੈਂਸਰ

ਕੈਂਸਰ ਉਦਯੋਗ ਉੱਤੇ ਯਕੀਨ ਰੱਖਦਿਆਂ ਜਿਨ੍ਹਾਂ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ, ਉਸ ਵਿਚ ਮੇਰੇ ਕਈ ਰਿਸ਼ਤੇਦਾਰਾਂ ਸਮੇਤ ਮੇਰੀ ਪਤਨੀ ਵੀ ਸ਼ਾਮਲ ਸੀ। ਮੇਰੀ ਪਤਨੀ ਨੂੰ ਆਖ਼ਰੀ ਸਵਾਸ ਤਕ ਘਰ ਅੰਦਰੋਂ ਪਿਆਰ ਅਤੇ ਸੇਵਾ ਮਿਲੀ। ਅਮਰੀਕਾ ਵਿਚ ਇੰਜ ਨਹੀਂ ਹੁੰਦਾ। ਉਥੇ ਕੈਂਸਰ ਕਾਬੂ ਤੋਂ ਬਾਹਰ ਹੋਣ ਉੱਤੇ ਆਖ਼ਰੀ 'ਦੇਖ-ਰੇਖ' ਵਾਲੇ ਮਰਨਾਊ 'ਹੋਸਪਿਸ' ਵਿਚ ਭੇਜ ਦਿੱਤਾ ਜਾਂਦਾ ਹੈ, ਸਾਧਾਰਨ ਹਸਪਤਾਲ ਅੰਦਰ ਭਾਵੇਂ ਅੱਧੇ ਮੰਜੇ ਖ਼ਾਲੀ ਪਏ ਰਹਿਣ! ਅਮਰੀਕਾ ਦੇ ਸਮਾਜਕ ਹਾਲਾਤ ਐਸੇ ਹਨ ਕਿ ਕੋਈ ਵੀ ਰਿਸ਼ਤੇਦਾਰ ਟੈਲੀਫ਼ੋਨ ਰਾਹੀਂ ਸੰਪਰਕ ਜਾਂ ਹੱਦ ਦੋ ਇਕ ਦਿਨਾਂ ਦੀ ਤੀਮਾਰਦਾਰੀ ਤੋਂ ਵੱਧ ਕੁਝ ਕਰਨ ਤੋਂ ਮਜਬੂਰ ਹੁੰਦਾ ਹੈ। ਉਸ ਦੀਆਂ ਆਪਣੀਆਂ ਮਜਬੂਰੀਆਂ ਹਨ – ਨੌਕਰੀ ਟੁੱਟਣ ਦਾ ਡਰ, ਕਰਜ਼ੇ ਦੀਆਂ ਕਿਸ਼ਤਾਂ ਨਾ ਤਾਰ ਸਕਣ ਦਾ ਡਰ ਅਤੇ ਇਹ ਉਮੀਦ ਕਿ ਹਸਪਤਾਲ ਵਾਲਿਆਂ ਤੋਂ ਵੱਧ ਕੌਣ ਸੰਭਾਲ ਸਕਦਾ ਹੈ।

ਕੈਂਸਰ ਡਾਕਟਰ ਆਪਣੇ ਰੋਗੀ ਨੂੰ ਓਦੋਂ ਤਕ ਹੀ ਵੇਖਣਾ ਚਾਹੁੰਦਾ ਹੈ, ਜਦੋਂ ਤਕ ਉਹ 'ਠੀਕ' ਚੱਲ ਰਿਹਾ ਹੈ, ਅੱਗੋਂ ਬਿਲਕੁਲ ਨਹੀਂ। ਉਹ ਆਪਣੇ ਇਲਾਜ ਨੂੰ ਅਸਫਲ ਹੁੰਦਿਆਂ (ਜਿਵੇਂ ਕਿ ਲਗਭਗ ਹਮੇਸ਼ਾ ਹੀ ਹੁੰਦਾ ਹੈ) ਨਹੀਂ ਵੇਖਣਾ ਚਾਹੁੰਦਾ। ਬਲਕਿ ਟੈਲੀਫ਼ੋਨ ਉੱਤੇ ਵੀ ਦੋ ਸ਼ਬਦ ਬੋਲਣ ਤੋਂ ਇਨਕਾਰੀ ਹੈ, ਜਿਵੇਂ ਕਿ ਮੇਰੀ ਪਤਨੀ ਵਾਰੀ ਵੀ ਹੋਇਆ। ਜਦੋਂ ਤਕ ਉਹ ਦਿੱਲੀ ਜਾ ਕੇ ਉਸ ਨੂੰ ਮੂੰਹ-ਮੰਗੀ ਫ਼ੀਸ ਦੇ ਕੇ ਪੰਜ ਦਸ ਮਿੰਟ ਦਾ ਮਸ਼ਵਰਾ ਲੈ ਸਕਦੀ ਸੀ ਤਾਂ ਉਹ ਬਹੁਤ ਮਿੱਠਾ ਸੀ, ਅੱਗੋਂ ਜਾ ਕੇ ਬਿਲਕੁਲ ਇਨਕਾਰੀ, ਖ਼ੈਰ!

ਹੋਸਪਿਸ (ਮਰਨਾਊ ਟਿਕਾਣਾ) ਦਾ ਸਟਾਫ਼ ਰੋਗੀ ਨੂੰ ਆਉਂਦਿਆਂ ਹੀ ਨੀਂਦ ਟੀਕੇ ਨਾਲ ਬੇਹੋਸ਼ੀ ਦੀ ਹਾਲਤ ਵਿਚ ਕਰ ਦਿੰਦੇ ਹਨ ਤਾਂ ਜੁ ਉਹ ਕਰਮਚਾਰੀਆਂ ਉੱਤੇ ਇਕ ਧਿਆਨ ਰੱਖਣ ਵਾਲਾ ਭਾਰ ਨਾ ਬਣੇ। ਖ਼ੁਰਾਕ ਅਤੇ ਪਾਣੀ ਵੀ ਘਟਾ ਕੀ, ਮੁਕਾ ਹੀ ਦੇਂਦੇ ਹਨ। ਜੇ ਰੋਗੀ ਜਾਗ ਕੇ ਕੋਈ ਮਦਦ ਮੰਗਦਾ ਹੈ ਤਾਂ ਨੀਂਦ ਦਾ ਇਕ ਹੋਰ ਟੀਕਾ ਠੁਕ ਜਾਂਦਾ ਹੈ। ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਕਿਹਾ ਜਾਂਦਾ ਹੈ ਕਿ ਔਖੇ ਸਾਹਾਂ ਅਤੇ ਗਲੇ ਦੀਆਂ ਘੋਰੜੂ ਆਵਾਜ਼ਾਂ ਉੱਤੇ ਧਿਆਨ ਨਾ ਦੇਣ। ਕੋਲ ਰਹਿ ਕੇ ਤਾਂ ਕੋਈ ਵੇਖ ਹੀ ਨਹੀਂ ਸਕਦਾ ਕਿ ਸੇਵਾ ਕੀ ਹੋ ਰਹੀ ਹੈ। ਏਸ ਤਰ੍ਹਾਂ ਦੇ ਇਲਾਜ ਨੂੰ ਸਾਧਾਰਨ ਜਾਂ ਮਹਾਨ ਵੀ ਕਹਿੰਦੇ ਨੇ। ਕਰਮਚਾਰੀਆਂ ਹੱਥੋਂ ਕਿਸੇ ਨੂੰ ਭੁੱਖਿਆਂ ਮਾਰਨ ਨੂੰ, ਅਮਰੀਕਾ ਅੰਦਰ 'ਇਨਸਾਨੀ ਦਰਦ ਵਾਲਾ ਇਲਾਜ' ਅਤੇ

ਕਿਸੇ ਵੀ ਹੋਰ ਇਲਾਜੀ ਕੋਸ਼ਿਸ਼ ਦੇ ਤੁੱਲ ਉੱਤਮ ਮੰਨਿਆ ਜਾਂਦਾ ਹੈ। ਕਿਸੇ ਦਾ ਕਹਿਣਾ ਹੈ 'ਜਿੰਨਾ ਕੋਈ ਅਨਜਾਣ ਹੋਵੇ, ਓਨਾ ਹੀ ਆਖੇ ਵਿਚ ਰਹਿੰਦਾ ਹੈ'।

ਕੈਂਸਰ ਮਹਾਂਮਾਰੀ ਸ਼ੁਰੂ ਕਿਵੇਂ ਹੋਈ ?

ਕੈਂਸਰ ਸਾਧਾਰਨ ਜ਼ਿੰਦਗੀ ਦਾ ਇਕ ਹਿੱਸਾ ਹੈ। ਸਰੀਰ ਦੀ ਇਮਿਊਨ ਪ੍ਰਣਾਲੀ (ਰੋਗ ਟਾਕਰਾ ਪ੍ਰਣਾਲੀ) ਰੋਜ਼ ਜਿੰਨੇ ਵੀ ਕੈਂਸਰ ਸੈੱਲ ਬਣਦੇ ਨੇ, ਨਾਲ ਹੀ ਨਾਲ ਮੁਕਾਈ ਜਾਂਦੀ ਹੈ।

ਕੈਂਸਰ ਦੀ ਵਬਾ ਪੁਰਾਣੇ ਵਕਤਾਂ ਤੋਂ ਜਾਣੀ ਗਈ ਹੈ। ਰੋਮਨ ਅਤੇ ਮਿਸਰੀ ਕਬਰਾਂ 'ਚ ਲਾਸ਼ਾਂ ਦੇ ਸਰੀਰਾਂ ਅੰਦਰ ਲੈੱਡ (ਸਿੱਕਾ) ਦੀ ਮਾਤਰਾ ਅਤਿ ਵਧੀਕ ਪਾਈ ਗਈ ਹੈ। ਸਿੱਕਾ ਘੱਟ ਤਾਪ 'ਤੇ ਪੰਘਰ ਜਾਂਦਾ ਹੈ ਅਤੇ ਉਨ੍ਹਾਂ ਸਮਿਆਂ 'ਚ ਇਸ ਤੋਂ ਭਾਂਡੇ ਬਣਾਉਣੇ ਸੌਖੇ ਸਨ। ਜ਼ਾਹਰ ਹੈ ਕਿ ਵਾਧੂ 'ਸਿੱਕਾ' ਵਰਤੇ ਜਾਂਦੇ ਭਾਂਡਿਆਂ ਤੋਂ ਆਇਆ ਸੀ।

ਵੀਹਵੀਂ ਸਦੀ ਤੋਂ ਪਹਿਲਾਂ ਕੈਂਸਰ ਦੀ ਐਨੀ ਅਣਹੋਂਦ ਸੀ ਕਿ ਕਿਸੇ ਇਕ ਰੋਗੀ ਦਾ ਪਤਾ ਲੱਗ ਜਾਣਾ ਅਚੰਭਾ ਜਾਪਦਾ ਸੀ। 1951 ਤੋਂ 1956 ਤਕ ਮੇਰੀ ਮੈਡੀਕਲ ਪੜ੍ਹਾਈ ਅੰਦਰ, ਕੈਂਸਰ ਬਾਰੇ ਪੜ੍ਹਾਇਆ ਤਾਂ ਬੜਾ ਗਿਆ, ਪਰ ਵਿਖਾਇਆ ਗਿਆ ਬਹੁਤ ਘੱਟ। ਜ਼ਾਹਰ ਹੈ ਰੋਗੀ ਘੱਟ ਸਨ।

ਯੂਰਪ ਅੰਦਰ ਪਿਛਲੀ ਸਦੀ ਦੇ ਪਹਿਲਿਆਂ ਸਾਲਾਂ ਤੋਂ ਇਨਸਾਨਾਂ ਉੱਤੇ ਨਵੇਂ ਕੀਮਿਆਈ ਪਦਾਰਥਾਂ ਦਾ ਹਮਲਾ ਸ਼ੁਰੂ ਹੋਇਆ – ਇਹ ਸਨ ਜ਼ਹਿਰੀਲੇ ਪੈਟਰੋਲੀਅਮ ਤੋਂ ਉਪਜੇ ਪਦਾਰਥ ਫਲੋਰੀਨ, ਕਲੋਰੀਨ, ਬ੍ਰੋਮੀਨ ਅਤੇ ਪ੍ਰਮਾਣੂ ਰੇਡੀਏਸ਼ਨ। ਪਲਾਸਟਿਕ ਪਦਾਰਥ ਬਾਅਦ ਵਿਚ ਆਏ। ਸਾਡੀ ਇਮਿਊਨ ਪ੍ਰਣਾਲੀ ਨੂੰ ਇਕ ਹੋਰ ਪਾਸਿਓਂ ਮਾਰ ਪੈਣੀ ਸ਼ੁਰੂ ਹੋਈ – ਕੀਮਿਆਈ ਖਾਦਾਂ, ਬੂਟੀ ਮਾਰ ਅਤੇ ਕੀਟ-ਨਾਸ਼ਕ ਦਵਾਈਆਂ, ਜਿਨ੍ਹਾਂ ਨੇ ਧਰਤੀ ਅੰਦਰੋਂ ਜਾਨ-ਬਖ਼ਸ਼ ਖ਼ੁਰਾਕੀ ਤੱਤਾਂ ਨੂੰ ਮੇਟਣਾ ਸ਼ੁਰੂ ਕੀਤਾ।

ਬੜੇ ਸਨਅਤੀ ਦੇਸਾਂ ਖ਼ਾਸਕਰ ਅਮਰੀਕਾ ਦੇ ਵਾਸੀਆਂ ਨੂੰ ਇਹ ਸੂਝ ਹੀ ਨਹੀਂ ਕਿ ਉਹ ਦਾਇਮੀ/ਚਿਰਾਂ ਤੋਂ ਵਿਗਾੜੀ ਖ਼ੁਰਾਕ ਦੇ ਸ਼ਿਕਾਰ ਹਨ। ਅੱਧਭੁੱਖੀ ਹਾਲਤ ਅੰਦਰ ਲੋਕ ਹੋਰ ਵੱਧ ਖਾਂਦੇ ਅਤੇ ਮੋਟਾਪੇ ਵੱਲ ਜਾਂਦੇ ਹਨ। ਉਹ ਜਿੰਨਾ ਵੱਧ ਖਾਂਦੇ ਹਨ, ਖ਼ੁਰਾਕੀ ਤੱਤਾਂ ਦੀ ਅਣਹੋਂਦ ਹੋਰ ਵਧਦੀ ਹੈ।

"ਫ਼ਿਕਰ ਦੀ ਗੱਲ ਇਹ ਹੈ ਕਿ ਖ਼ੁਰਾਕਾਂ (ਫਲ ਸਬਜ਼ੀਆਂ ਅਤੇ ਦਾਣੇ) ਜੋ ਅੱਜ ਕਰੋੜਾਂ ਏਕੜਾਂ ਉੱਤੇ ਉਗਾਈਆਂ ਜਾ ਰਹੀਆਂ ਹਨ, ਜਿਨ੍ਹਾਂ ਅੰਦਰ ਕਈ ਧਾਤਾਂ ਦੀ ਅਣਹੋਂਦ ਹੈ, ਸਾਨੂੰ ਭੁੱਖੀਆਂ ਮਾਰ ਰਹੀਆਂ ਹਨ, ਅਸੀਂ ਭਾਵੇਂ ਕਿੰਨੀਆਂ ਵੀ ਖਾ ਲਈਏ।"

—US Senate Government No. 264

ਰੇਡੀਏਸ਼ਨ ਦਾ ਸੇਕਾ, ਮਾੜੀ ਖ਼ੁਰਾਕ ਅਤੇ ਵਿਹਲੀਆਂ ਵਸਤੂਆਂ ਰਲ ਕੇ ਸਰੀਰ ਨੂੰ 'ਤੇਜ਼ਾਬੀ' ਕਰ ਦੇਂਦੇ ਹਨ। ਡਾਕਟਰੀ ਜ਼ਬਾਨ ਵਿਚ ਇਸ ਨੂੰ 'ਏਸੀਡੋਸਿਸ' ਕਿਹਾ ਜਾਂਦਾ ਹੈ। 'ਤੇਜ਼ਾਬੀਅਤ' ਕੈਂਸਰ ਦਾ ਪਹਿਲਾ ਪੜਾਅ ਹੈ, ਜਿਸ ਦੀਆਂ ਕੋਈ ਅਲਾਮਤਾਂ/ਨਿਸ਼ਾਨੀਆਂ ਨਹੀਂ ਹੁੰਦੀਆਂ।

"ਆਧੁਨਿਕ ਯੁੱਗ ਅੰਦਰ ਸਭ ਤੋਂ ਮਾਰੂ ਅਤੇ ਅਪਾਹਜ ਕਰਨ ਵਾਲੀ ਹੈ ਕਲੋਰੀਨ। ਭਾਵੇਂ ਇਸ ਦੇ ਨਾਲ ਕਈ ਰੋਗਾਂ ਉੱਤੇ ਕਾਬੂ ਪਾਇਆ ਗਿਐ, ਪਰ ਏਸ ਨੇ ਆਪਣੇ ਵੀ ਰੋਗ ਸ਼ੁਰੂ ਕਰ ਲਏ। 1904 ਤੋਂ ਪਿੱਛੋਂ ਪਾਣੀ ਅੰਦਰ ਕਲੋਰੀਨ ਪਾਉਣੀ ਸ਼ੁਰੂ ਕੀਤੀ, ਉਸ ਨੂੰ ਕਿਰਮ ਰਹਿਤ ਕਰਨ ਲਈ। ਵੀਹ ਸਾਲਾਂ ਅੰਦਰ ਕੈਂਸਰ, ਹਿਰਦੇ ਰੋਗ ਅਤੇ ਜਲਦ ਬੁਢਾਪੇ ਦੀ ਵਬਾ ਚੱਲ ਪਈ।" *—ਡਾ. ਜੋਜ਼ੇਫ ਪਰਾਈਸ ਐੱਮ.ਡੀ.*

ਉਸ ਪਿੱਛੋਂ ਆ ਗਈ ਫਲੋਰੀਨ, ਜਿਸ ਦੇ ਅਤਿ ਜ਼ਹਿਰੀਲੇ ਹੋਣ ਬਾਰੇ ਕੋਈ ਵੀ ਭੁਲੇਖਾ ਨਹੀਂ। "ਫਲੋਰੀਨ ਜੇ ਦਰਿਆ ਜਾਂ ਝੀਲ ਵਿਚ ਪੈ ਜਾਵੇ ਤਾਂ ਕਿਹਾ ਜਾਂਦੈ ਕਿ ਫਲੋਰੀਨ ਨੇ ਪਾਣੀ ਵਿਗਾੜ ਦਿੱਤੈ, ਪਰ ਏਹੀ ਫਲੋਰੀਨ ਜੇ ਪੀਣ ਵਾਲੇ ਪਾਣੀ ਵਿਚ ਪਾਈ ਹੋਵੇ ਤਾਂ ਇਸ ਨੂੰ ਵਿਗੜਿਆ ਪਾਣੀ ਨਹੀਂ ਮੰਨਿਆ ਜਾਂਦਾ। ਅਤਿ ਹੈਰਾਨੀ...।" *—ਡਾ. ਵਿਲੀਅਮ ਹਿਰਜ਼ੀ, ਐੱਮ.ਡੀ.*

ਵਪਾਰਕ ਵਸਤੂਆਂ ਅੰਦਰ ਜ਼ਹਿਰੀਲੇ ਤੱਤਾਂ ਬਾਰੇ ਕਿਤਾਬਾਂ ਇਹ ਕਹਿੰਦੀਆਂ ਹਨ ਜੋ "ਫਲੋਰਾਈਡ, ਸਿੱਕੇ ਨਾਲੋਂ ਕਿਤੇ ਵੱਧ, ਪਰ ਸੰਖੀਏ ਨਾਲੋਂ ਰਤਾ ਘੱਟ ਜ਼ਹਿਰੀਲੀ ਹੈ। ਇਹ ਜ਼ਹਿਰ ਰਤਾ-ਰਤਾ ਕਰਕੇ ਸਰੀਰ ਦੇ ਅੰਦਰ ਸਾਲੋ-ਸਾਲ ਇਕੱਠਾ ਹੋਈ ਜਾਂਦੈ।" *—ਡਾ. ਮਾਈਕਲ ਸ਼ਾਕਟਰ, ਐੱਮ.ਡੀ.*

ਏਸੇ ਡਾਕਟਰ ਦਾ ਕਹਿਣਾ ਹੈ ਕਿ 1989 ਵਿਚ ਇਹ ਸਿੱਧ ਹੋਇਆ ਸੀ ਕਿ ਫਲੋਰੀਨ ਸਾਧਾਰਨ ਸੈੱਲਾਂ ਨੂੰ ਕੈਂਸਰ ਸੈੱਲਾਂ ਵਿਚ ਬਦਲ ਸਕਦੀ ਹੈ। ਸੰਭਵ ਹੈ ਕਿ ਬੇਅੰਤ ਹਜ਼ਾਰਾਂ ਲੋਕਾਂ ਦੇ ਕੈਂਸਰਾਂ ਲਈ ਫਲੋਰੀਨ ਹੀ ਮਿਹਰਬਾਨ ਹੈ। ਕੈਮੀਕਲ ਕੰਪਨੀਆਂ ਨਿੱਤ ਨਵੇਂ ਜ਼ਹਿਰੀਲੇ ਪਦਾਰਥ ਸਾਡੀਆਂ ਖ਼ੁਰਾਕਾਂ ਅੰਦਰ ਲਿਜਾ ਰਹੀਆਂ ਹਨ। ਹਜ਼ਾਰਾਂ ਵਿੱਚੋਂ ਕੁਝ ਕੁ ਉਦਾਹਰਣਾਂ ਹੇਠ ਲਿਖੀਆਂ ਹਨ। ਸੋਚਿਆ/ਪੜ੍ਹਾਇਆ ਜਾਂਦਾ ਹੈ ਕਿ ਲਾਲ ਮੀਟ ਕੈਂਸਰ ਦਾ ਕਾਰਨ ਹੈ। ਇਹ ਅਫ਼ਵਾਹ ਕੈਮੀਕਲ ਉਦਯੋਗ ਦੀ ਖਿਲਾਰੀ ਹੋਈ ਹੈ। ਅਸਲ ਗੱਲ ਇਹ ਹੈ ਕਿ ਕੁਦਰਤੀ ਸ਼ਕਲ ਵਿਚ ਮੀਟ ਕੈਂਸਰ ਨਹੀਂ ਕਰਦਾ। ਕੈਂਸਰ ਦਾ ਕਾਰਨ ਹਨ ਸੋਡੀਅਮ ਨਾਈਟ੍ਰੇਟ ਅਤੇ ਪੋਟਾਸ਼ੀਅਮ ਨਾਈਟ੍ਰੇਟ, ਜੋ ਖ਼ੁਰਾਕ ਅਤੇ ਕੈਮੀਕਲ ਸਨਅਤ ਵੱਲੋਂ ਰਲਾਏ ਜਾਂਦੇ ਹਨ। ਇਹ ਸੱਚਾਈ ਤਾਂ ਕਈ ਸਾਇੰਸੀ ਢੰਗਾਂ ਨਾਲ ਪਰਤਾਈ ਜਾ ਚੁੱਕੀ ਹੈ। ਪਰ ਅਜਿਹੀ ਗੱਲ ਆਪਣੇ ਡਾਕਟਰ ਕੋਲੋਂ ਸੁਣਨ ਦੀ ਉਮੀਦ ਨਾ ਰੱਖੋ। ਉਹ ਵਿਚਾਰਾ ਆਪ ਅਜਿਹੀ ਵਾਕਫ਼ੀ ਤੋਂ ਆਮ ਤੌਰ 'ਤੇ ਕੋਰਾ ਹੈ।

ਕੁਲ ਕੈਂਸਰ ਖੋਜਾਂ ਦੌਰਾਨ ਖ਼ੁਰਾਕੀ ਅਤੇ ਸਨਅਤੀ ਅਦਾਰਿਆਂ ਵੱਲੋਂ ਕੁਦਰਤੀ/ਆਰਗੈਨਿਕ ਖ਼ੁਰਾਕਾਂ ਨਹੀਂ ਵਰਤੀਆਂ ਜਾਂਦੀਆਂ। ਉਨ੍ਹਾਂ ਨੂੰ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਇੰਜ ਉਨ੍ਹਾਂ ਦੀਆਂ ਸ਼ੈਤਾਨੀ ਕਾਰਵਾਈਆਂ ਦਾ ਭਾਂਡਾ ਫੁੱਟ ਜਾਵੇਗਾ।

ਫ਼ੈਕਟਰੀ/ਫ਼ਾਰਮੀ ਮੁਰਗ਼ਾ, ਆਰਗੈਨਿਕ ਮੁਰਗੇ ਕੋਲੋਂ ਕਿਤੇ ਮੋਟਾ ਹੁੰਦਾ ਹੈ। ਰਹੱਸ ਕੀ ਹੈ? ਪੈਦਾ ਹੁੰਦਿਆਂ ਹੀ ਉਸ ਨੂੰ ਥੋੜ੍ਹਾ ਸੰਖੀਆ ਖਵਾਇਆ ਜਾਂਦਾ ਹੈ। ਸੰਖੀਏ ਦੇ ਨਾਲ ਗੁਰਦਿਆਂ ਵਿਚ ਵਿਗਾੜ ਪੈਦਾ ਹੁੰਦਾ ਹੈ। ਫਲਸਰੂਪ ਸਰੀਰ ਅੰਦਰ ਪਾਣੀ ਭਰਨ ਲੱਗ ਪੈਂਦਾ ਹੈ। ਇੰਜ ਕੁੱਲ ਅਮਰੀਕਾ ਅੰਦਰ ਹੁੰਦਾ ਹੈ। ਜ਼ਹਿਰ ਖਵਾਇਆ ਚੂਚਾ ਝੱਟ ਮੋਟਾ ਹੋ ਜਾਂਦਾ ਹੈ, ਭਾਵੇਂ ਉਸ ਨੂੰ ਕੁਝ ਵੀ ਖਵਾਇਆ ਜਾਵੇ ਅਤੇ ਉਹ

ਵਿਕਦਾ ਵੀ ਮਹਿੰਗੇ ਭਾਅ ਹੈ। ਏਸ ਪਾਲਣ ਢੰਗ ਨੂੰ ਐੱਫ.ਡੀ.ਏ. ਨੇ 1994 ਵਿਚ ਮਾਨਤਾ ਦਿੱਤੀ ਸੀ ਅਤੇ ਇਹ ਅਜੇ ਵੀ ਜਾਰੀ ਹੈ। ਭਾਰਤ ਅੰਦਰ ਕੀ ਹੁੰਦਾ ਹੈ, ਪਤਾ ਨਹੀਂ। ਤੁਸੀਂ ਆਪ ਨੇੜੇ ਦੇ ਚੂਚਾ ਫ਼ਾਰਮ ਤੋਂ ਪੁੱਛ ਕੇ ਵੇਖੋ।

ਕੀ ਤੁਸੀਂ, ਰੋਜ਼ ਸੰਖੀਏ ਦੀ ਪ੍ਰਵਾਨਿਤ ਖ਼ੁਰਾਕ ਆਪਣੀ ਪਲੇਟ ਉੱਤੇ ਪਏ ਚਿਕਨ ਵਿੱਚੋਂ ਲੈ ਰਹੇ ਹੋ?

ਨਰ-ਸੰਘਾਰ/ਕਤਲੇਆਮ

ਜਦੋਂ ਇਸਰਾਈਲ ਅੰਦਰ 1983 ਅਤੇ ਫਿਰ 2000 ਵਿਚ ਡਾਕਟਰਾਂ ਨੇ ਆਮ ਹੜਤਾਲ ਕੀਤੀ ਤਾਂ ਉਥੇ ਮੌਤ ਦੀ ਦਰ ਪੰਜਾਹ ਪ੍ਰਤੀਸ਼ਤ ਘੱਟ ਗਈ। 1976 ਵਿਚ ਲਾਸ ਏਂਜਲਸ (ਅਮਰੀਕਾ) ਵਿਚ ਡਾਕਟਰਾਂ ਨੇ ਇਕ ਮਹੀਨੇ ਲਈ ਹੜਤਾਲ ਕੀਤੀ ਤਾਂ ਮੌਤ ਦਰ 18 ਪ੍ਰਤੀਸ਼ਤ ਘੱਟ ਗਈ। ਦੁਨੀਆਂ ਅੰਦਰ ਪੰਜ ਹੋਰ ਅਜਿਹੀਆਂ ਡਾਕਟਰੀ ਹੜਤਾਲਾਂ ਕਾਰਨ ਹਰ ਵਾਰ ਇੰਜ ਹੀ ਹੋਇਆ ਹੈ।

ਜਿੰਨੇ ਲੋਕ, ਫ਼ਾਰਮਾਂ-ਦਵਾਈਆਂ ਅਤੇ ਕੈਂਸਰ ਦੇ ਇਲਾਜ ਨਾਲ, ਹਰ ਸਾਲ ਅਮਰੀਕਾ ਅੰਦਰ ਮਰਦੇ ਹਨ, ਉਨ੍ਹਾਂ ਦੀ ਗਿਣਤੀ ਕੁਲ ਅਮਰੀਕਨ ਇਤਿਹਾਸ ਅੰਦਰ ਮਰੇ ਫ਼ੌਜੀਆਂ ਨਾਲੋਂ ਵੱਧ ਹੈ। 2005 ਦੇ ਅੰਕੜਿਆਂ ਅਨੁਸਾਰ ਅਮਰੀਕਾ ਅੰਦਰ ਮੌਤ ਦਾ ਦੂਜਾ ਵੱਡਾ ਕਾਰਨ ਕੈਂਸਰ ਹੈ ਅਤੇ ਤੀਜਾ ਨੰਬਰ ਹੈ ਐਲੋਪੈਥਿਕ ਦਵਾਈਆਂ ਦੇ ਮੰਦੇ ਅਸਰਾਂ ਨਾਲ ਮੌਤਾਂ।

ਜਦੋਂ ਸਨਅਤਕਾਰੀ ਜ਼ੋਰਾਂ ਉੱਤੇ ਨਹੀਂ ਸੀ (1900 ਦੇ ਨੇੜੇ-ਤੇੜੇ) ਤਾਂ ਕੇਵਲ 4 ਪ੍ਰਤੀਸ਼ਤ ਲੋਕ ਕੈਂਸਰ ਨਾਲ ਮਰਦੇ ਸਨ। ਹੁਣ ਤਕਰੀਬਨ 25 ਪ੍ਰਤੀਸ਼ਤ ਲੋਕ ਕੈਂਸਰ ਅਤੇ ਸ਼ਾਇਦ ਅਸਲ ਵਿਚ ਕੈਂਸਰ ਵਾਲੀਆਂ ਦਵਾਈਆਂ ਹੱਥੋਂ ਮਰਦੇ ਹਨ।

ਸ਼ਾਇਦ ਕੁਲ ਅਮਰੀਕਨ ਲੋਕ ਪੂਰਵ-ਕੈਂਸਰ/ਕੈਂਸਰੋਂ ਪਹਿਲਾਂ 'ਏਸੀਡੋਸਿਸ' ਜਾਂ ਤੇਜ਼ਾਬੀ ਹਾਲਤ ਵਿੱਚੋਂ ਲੰਘ ਰਹੇ ਹਨ। ਕੀਮੋਥਰੈਪੀ ਅਤੇ ਰੇਡੀਏਸ਼ਨ – ਇਹ ਦੋ ਹੀ ਹਥਿਆਰ ਹਨ ਆਧੁਨਿਕ ਡਾਕਟਰੀ ਕੋਲ, ਕੈਂਸਰ ਦੇ ਇਲਾਜ ਲਈ। ਜੇ ਗਿਣਤੀ ਵੱਲ ਜਾਈਏ ਤਾਂ ਇਲਾਜ ਉੱਤੇ ਭਰੋਸਾ ਨਹੀਂ ਬਹਿੰਦਾ। ਲੰਮੇ ਸਮੇਂ ਲਈ ਕੇਵਲ 4-5 ਪ੍ਰਤੀਸ਼ਤ ਹੀ ਰਾਜ਼ੀ ਹੁੰਦੇ ਹਨ। ਦੋਵੇਂ ਡਾਕਟਰੀ ਇਲਾਜ ਆਪ ਅੰਤਾਂ ਦੇ ਜ਼ਹਿਰੀਲੇ ਹਨ। ਕੈਂਸਰ ਮਾਹਿਰ ਇਲਾਜ ਨੂੰ 'ਸਫਲ' ਮੰਨਦੇ ਹਨ, ਜੇ ਰੋਗੀ ਪੰਜ ਸਾਲ ਕੱਢ ਜਾਵੇ। ਉਂਜ ਭਾਵੇਂ ਛੇਵੇਂ ਸਾਲ ਮਰ ਜਾਵੇ। ਇਨ੍ਹਾਂ ਢੰਗਾਂ ਨਾਲ ਰਾਜ਼ੀ ਅੰਕੜਿਆਂ ਵਿਚ ਹੇਰਾਫੇਰੀ ਕੀਤੀ ਜਾਂਦੀ ਹੈ, ਸਾਇੰਸ ਨੂੰ ਮਰੋੜ ਲਿਆ ਜਾਂਦਾ ਹੈ।

ਡਾਕਟਰ ਹਾਰਡਿਨ ਜੋਨਜ਼ ਕੈਲੀਫ਼ੋਰਨੀਆ ਦੀ ਬਰਕਲੇ ਯੂਨੀਵਰਸਿਟੀ ਤੋਂ ਕਹਿੰਦਾ ਹੈ, "ਮੇਰੀ ਖੋਜ ਤੋਂ ਸਿੱਧ ਹੈ ਕਿ ਨਾ ਇਲਾਜ ਕਰਵਾਉਣ ਵਾਲੇ, ਇਲਾਜ ਹੇਠ ਰੋਗੀਆਂ ਨਾਲੋਂ ਚਾਰ ਗੁਣਾ ਵੱਧ ਸਮਾਂ ਜਿਉਂਦੇ ਹਨ। ਨਾ-ਇਲਾਜਿਆਂ ਦੇ ਬਾਰ੍ਹਾਂ ਸਾਲਾਂ ਦੇ ਟਾਕਰੇ ਰੇਡੀਏਸ਼ਨ ਅਤੇ ਕੀਮੋ-ਇਲਾਜ ਵਾਲੇ ਔਸਤਨ ਤਿੰਨ ਸਾਲ ਜਿਉਂਦੇ ਹਨ।

ਕੁੱਲ ਰੇਡੀਏਸ਼ਨ ਅਤੇ ਕੀਮੋ ਇਲਾਜ ਆਪ ਵੀ ਕੈਂਸਰ ਕਰਦੇ ਅਤੇ ਖਿਲਾਰਦੇ ਹਨ। ਇਨ੍ਹਾਂ ਨੂੰ ਕਿਹਾ ਜਾਂਦੇ 'ਸਾਈਡ ਈਫ਼ੈਕਟ', ਭਾਵ ਪਾਸੇ ਦਾ ਵਾਧੂ ਅਸਰ। ਕੈਂਸਰ

ਲੱਭਣ ਲਈ ਸਕ੍ਰੀਨਿੰਗ ਆਪ ਨਵੇਂ ਕੈਂਸਰ ਰੋਗੀ ਪੈਦਾ ਕਰਦੀ ਹੈ। ਉਦਾਹਰਨ ਵਜੋਂ 'ਮੈਮੋਗ੍ਰਾਫ਼ੀ' ਜਿਸ ਨਾਲ ਛਾਤੀ ਦਾ ਕੈਂਸਰ ਲੱਭਣ ਦਾ ਦਾਅਵਾ ਕੀਤਾ ਜਾਂਦਾ ਹੈ। ਏਸ ਟੈਸਟ ਦੇ ਚਾਲੂ ਹੋਣ ਪਿੱਛੋਂ ਛਾਤੀ ਦੇ ਕੈਂਸਰ ਦਾ ਵਾਧਾ ਹੋਇਆ ਹੈ।

ਕੀਮੋ ਦੇ ਨਾਲ ਦਿਮਾਗ਼ ਅਤੇ ਮਨ ਉੱਤੇ ਮੰਦਾ ਪ੍ਰਭਾਵ ਪੈਂਦਾ ਹੈ, ਨਵੇਂ ਘਾਟੇ ਪੈਣ ਲੱਗ ਜਾਂਦੇ ਹਨ, ਜਿਨ੍ਹਾਂ ਨੂੰ ਨਿਪਟਣ ਲਈ ਰੋਗੀ ਅਤੇ ਰਿਸ਼ਤੇਦਾਰ ਬਾਕੀ ਦੀ ਉਮਰ ਰੁੱਝੇ ਰਹਿੰਦੇ ਹਨ।

ਡਾ. ਈਵਾਨ ਕੈਮਰਾਨ ਅਤੇ ਲਾਈਨਸ ਪਾਲਿੰਗ (ਦੋ ਵਾਰ ਨੋਬੇਲ ਪੁਰਸਕਾਰ ਵਿਜੇਤਾ) ਨੇ ਕੀਮੋ ਦੇ ਟਾਕਰੇ ਉੱਤੇ 'ਵਿਟਾਮਿਨ ਸੀ' ਦੀ ਸ਼ਕਤੀ ਵੇਖੀ। ਪਿੱਛੋਂ ਏਹੀ ਤਜਰਬੇ ਜਾਪਾਨ ਅਤੇ ਕੈਨੇਡਾ ਵਿਚ ਕੀਤੇ ਗਏ। ਸੋਚੋ ਕਿਹੜੇ ਗੁੱਟ ਦੇ ਰੋਗੀ ਚੰਗੇ ਰਹੇ ?

'ਵਿਟਾਮਿਨ ਸੀ' ਲੈਂਦੇ ਰੋਗੀ ਛੇ ਗੁਣਾ ਵੱਧ ਜੀਵੇ ਅਤੇ ਉਨ੍ਹਾਂ ਦਾ ਜੀਵਨ ਮਿਆਰ ਵੀ ਕਿਤੇ ਵਧੀਆ ਰਿਹਾ। 'ਵਿਟਾਮਿਨ ਸੀ' ਸਰੀਰ ਦੀ ਟਾਕਰਾ/ਇਮਿਊਨ ਪ੍ਰਣਾਲੀ ਨੂੰ ਬਲਵਾਨ ਕਰਦਾ ਹੈ, ਕੀਮੋ ਵਾਂਗ ਲਿੱਸਾ/ਮਾੜਾ ਨਹੀਂ।

ਅਮਰੀਕਨ ਕੈਮੀਕਲ ਸੋਸਾਇਟੀ ਦੇ ਪ੍ਰਧਾਨ ਐਲਨ ਨਿਕਸਨ ਦਾ ਕਹਿਣਾ ਹੈ: "ਮੈਂ ਹੈਰਾਨ ਹਾਂ ਕਿ ਇਲਾਜ ਕਰਦੇ ਡਾਕਟਰਾਂ ਨੂੰ ਕਿਉਂ ਨਹੀਂ ਦਿੱਸਦਾ ਕਿ ਕੁਝ ਚੰਗਾ ਕਰਨ ਦੀ ਥਾਂ ਕੀਮੋ-ਇਲਾਜ ਕਿੰਨਾ ਨੁਕਸਾਨ ਪਿਆ ਕਰਦਾ ਹੈ। ਕੀਮੋ ਲੈਂਦਿਆਂ ਰੋਗੀਆਂ ਦੀ ਚਮੜੀ ਵੇਖ ਕੇ ਰੇਡੀਏਸ਼ਨ ਸਾੜ ਯਾਦ ਆਉਂਦੇ ਹਨ।"

ਕੈਂਸਰ ਰੋਗੀ ਜਦੋਂ ਵੀ ਇਨਫ਼ੈਕਸ਼ਨ ਨਾਲ ਮਰਦਾ ਹੈ ਤਾਂ ਇਸ ਦਾ ਮੁੱਖ ਕਾਰਨ ਇਹ ਹੁੰਦਾ ਹੈ ਕਿ ਕੀਮੋ ਨਾਲ ਸਰੀਰ ਦੀ ਟਾਕਰਾ/ਇਮਿਊਨ ਸ਼ਕਤੀ ਮਰਨਾਊ ਹੋ ਜਾਂਦੀ ਹੈ। ਅਜਿਹੇ ਰੋਗੀਆਂ ਦੀ ਮੌਤ ਕੈਂਸਰ ਦੇ ਖ਼ਾਨੇ ਵਿਚ ਨਹੀਂ ਪਾਈ ਜਾਂਦੀ ਤਾਂ ਜੁ ਅੰਕੜੇ ਨਾ ਵਿਗੜ ਜਾਣ।

ਪੈਟ੍ਰੋਕੈਮੀਕਲ ਉਦਯੋਗ ਅਤੇ ਡਾਕਟਰੀ ਸਮਾਜ ਨੇ ਪ੍ਰਚਾਰ ਕਰ ਰੱਖਿਆ ਹੈ ਕਿ ਸੂਰਜੀ ਰੌਸ਼ਨੀ ਨਾਲ ਕੈਂਸਰ ਹੋ ਜਾਂਦਾ ਹੈ। ਅਸਲ ਵਿਚ ਸੂਰਜੀ ਰੌਸ਼ਨੀ, ਚਮੜੀ ਦੇ ਅੰਦਰੋਂ ਕੋਲੈਸਟ੍ਰੋਲ ਤੋਂ 'ਵਿਟਾਮਿਨ ਡੀ' ਬਣਾਉਂਦੀ ਹੈ। ਏਸ ਤੋਂ ਵੱਡੀ ਗੱਲ ਇਹ ਹੈ ਜੋ ਸੂਰਜ ਤੋਂ ਉਪਜਿਆ 'ਵਿਟਾਮਿਨ ਡੀ', ਸਰੀਰ ਅੰਦਰੋਂ 70 ਪ੍ਰਤੀਸ਼ਤ ਕੈਂਸਰਾਂ ਨੂੰ ਘਟਾਉਂਦਾ ਹੈ, ਸਮੇਤ ਚਮੜੀ ਦੇ ਕੈਂਸਰ ਦੇ। ਚਮੜੀ ਨੂੰ ਧੁੱਪਾਂ ਲਵਾਉਣ ਵਾਲਿਆਂ ਨੂੰ ਚਮੜੀ-ਕੈਂਸਰ ਏਸ ਲਈ ਹੁੰਦੇ ਹਨ ਕਿਉਂਕਿ ਉਹ ਆਪਣੀ ਚਮੜੀ ਉੱਤੇ ਕੈਂਸਰ-ਕਰੂ ਤਰਲ/ਕਰੀਮਾਂ ਆਦਿ ਦਾ ਲੇਪ ਕਰਦੇ ਹਨ। ਇਨ੍ਹਾਂ "ਸੂਰਜ ਤੋਂ ਬਚਾਉਣ ਵਾਲੀਆਂ" ਵਸਤੂਆਂ ਦੇ ਅੰਦਰ ਜ਼ਿੰਕ ਆਕਸਾਈਡ, ਟਾਈਟੇਨੀਅਮ ਡਾਈਆਕਸਾਈਡ ਅਤੇ ਐਲਮੀਨੀਅਮ ਹਾਈਡ੍ਰਾਕੀਸਾਈਡ ਜੇਹੇ ਕੈਂਸਰ-ਕਰੂ ਪਦਾਰਥ ਮਿਲਾਏ ਹੁੰਦੇ ਹਨ।

ਕੈਮੀਕਲ ਕੰਪਨੀਆਂ ਨੇ ਕੈਮੀਕਲਾਂ ਨੂੰ ਆਪਣੀ ਕਮਾਈ ਦਾ ਸਾਧਨ ਬਣਾਇਆ ਹੈ। ਇਹ ਤਾਂ ਸਾਡਾ ਆਪਣਾ ਫ਼ਰਜ਼ ਹੈ ਕਿ ਅਜਿਹੇ ਜ਼ਹਿਰੀਲੇ ਪਦਾਰਥਾਂ ਅਤੇ ਕ੍ਰੀਮਾਂ ਤੋਂ ਪਰਹੇਜ਼ ਕਰੀਏ। ਪਰ ਉਨ੍ਹਾਂ ਦੇ ਸਿਰ 'ਤੇ ਚੜ੍ਹ ਕੇ ਬੋਲਣ ਵਾਲੇ

ਇਸ਼ਤਿਹਾਰਾਂ ਦਾ ਕੀ ਕਰੀਏ ? ਉਨ੍ਹਾਂ ਦਾ ਕੂੜ ਪ੍ਰਚਾਰ ਏਨਾ ਬਲਵਾਨ ਹੈ ਕਿ ਉਹ ਸੂਰਜ ਉੱਤੇ ਇਲਜ਼ਾਮ ਥੋਪੀ ਜਾਂਦੇ ਹਨ। 'ਵਿਟਾਮਿਨ ਡੀ' ਦੀ ਕਮੀ ਕੁੱਲ ਆਬਾਦੀਆਂ, ਖ਼ਾਸਕਰ ਸ਼ਹਿਰੀਆਂ ਅੰਦਰ ਆਮ ਵੇਖੀ ਜਾਂਦੀ ਹੈ, ਕਿਉਂ ਜੁ ਉਹ ਤਾਂ ਸੂਰਜ ਦੇਵਤਾ ਦੇ ਦਰਸ਼ਨ ਹੀ ਮਸਾਂ ਕਰਦੇ ਹਨ। ਧੁੱਪ ਸੇਕਣ ਲਈ ਤਾਂ ਸਮਾਂ ਹੀ ਨਹੀਂ ਮਿਲਦਾ। ਚਮੜੀ ਦੇ ਕੈਂਸਰ ਨੇ ਪਿਛਲੀ ਸਦੀ ਦੇ ਅੱਧ ਵਿਚ ਮੂੰਹ ਚੁੱਕਿਐ ਜਦੋਂ ਸਨ-ਸਕਰੀਨਾਂ/ਸੂਰਜ ਰੋਕੂ ਲੇਪ ਵਰਤੋਂ ਵਿਚ ਆਉਣ ਲੱਗੇ। ਇਹ ਮੁਸੀਬਤ ਐਨ ਓਸੇ ਤਰ੍ਹਾਂ ਹੈ ਜਿਵੇਂ ਮੈਮੋਗ੍ਰਾਫ਼ੀ ਰੇਡੀਏਸ਼ਨ ਦੇ ਨਾਲ ਛਾਤੀ ਦਾ ਕੈਂਸਰ ਰੋਗ ਵਧਣ ਲੱਗ ਪਿਆ। ਛਾਤੀ ਦਾ ਕੈਂਸਰ ਰੋਕਣ/ਘਟਾਉਣ ਲਈ ਬੱਚੇ ਨੂੰ ਦੁੱਧ ਪਿਆਉਣਾ ਉੱਤਮ ਉਪਾਅ ਹੈ।

1978 ਦੀ ਅਮਰੀਕੀ ਸੈਨੇਟ ਦੀ ਇਕ ਰਿਪੋਰਟ ਵਿਚ ਦਰਸਾਇਆ ਗਿਆ ਹੈ ਕਿ ਕੈਂਸਰ-ਇਲਾਜ ਦੇ ਕੁਲ ਢੰਗ ਕੇਵਲ 10-20 ਪ੍ਰਤੀਸ਼ਤ ਰੋਗੀਆਂ ਵਿਚ ਲਾਭਦਾਇਕ ਹੁੰਦੇ ਹਨ। ਜੀਵਨ ਭਰ ਲਈ ਕੈਂਸਰ ਰੋਗ ਤੋਂ ਮੁਕਤ ਹੋ ਜਾਣਾ ਕੇਵਲ ਚਾਰ ਪ੍ਰਤੀਸ਼ਤ ਵਡਭਾਗੀਆਂ ਨੂੰ ਹੀ ਪ੍ਰਾਪਤ ਹੁੰਦਾ ਹੈ।

ਪ੍ਰਣਾਲੀ ਨੂੰ ਜਾਣੀਏ

ਦੇਸੀ/ਰਿਵਾਜੋਂ-ਉਲਟ ਇਲਾਜਕਾਰ ਡਾ. ਹੌਜ਼ ਨੀਪਰ ਕਹਿੰਦਾ ਹੈ: "ਤੁਸੀਂ ਯਕੀਨ ਨਹੀਂ ਕਰੋਗੇ, ਐੱਫ.ਡੀ.ਏ. ਦੇ ਅਫ਼ਸਰ ਅਤੇ ਉਨ੍ਹਾਂ ਦੇ ਸੰਬੰਧੀ, ਮੈਡੀਕਲ ਸੰਸਥਾਵਾਂ, ਕੈਂਸਰ ਐਸੋਸੀਏਸ਼ਨ ਦੇ ਉੱਚ ਕਾਰਿੰਦੇ ਅਤੇ ਰਵਾਇਤੀ/ਆਧੁਨਿਕ ਕੈਂਸਰ ਹਸਪਤਾਲਾਂ ਦੇ ਚਾਲਕ, ਕਿਵੇਂ ਕਤਾਰਾਂ ਲਗਾ ਕੇ ਮੇਰੇ ਕੋਲ ਇਲਾਜ ਲਈ ਆਉਂਦੇ ਹਨ।" ਬੁਨਿਆਦੀ ਗੱਲ ਇਹ ਹੈ ਕਿ "ਪੂੰਜੀਪਤੀਆਂ ਨੇ ਮੈਡੀਕਲ ਪ੍ਰਣਾਲੀ ਨੂੰ ਆਪਣੀ ਸੇਵਾ ਲਈ ਜਥੇਬੰਦ ਕੀਤਾ ਹੋਇਆ ਹੈ। ਪੂੰਜੀਪਤੀਆਂ ਦੀ ਅਤਿਅੰਤ ਮਾਇਕ 'ਸੇਵਾ' ਤਦੇ ਹੋਵੇਗੀ ਜੇ ਲੋਕ/ਲੋਕਾਈ ਬਿਮਾਰ-ਤਰ-ਬਿਮਾਰ ਹੁੰਦੀ ਜਾਵੇ।"

ਜਾਰਜ ਔਰਵੈੱਲ ਨੇ ਆਪਣੀ ਕਿਤਾਬ *1984* ਵਿਚ ਲਿਖਿਆ ਹੈ: "ਜਿਸ ਦੀ ਮੁੱਠੀ ਵਿਚ ਪਿਛੋਕੜ ਹੈ, ਓਸੇ ਦੀ ਮੁੱਠੀ ਵਿਚ ਭਵਿੱਖ ਹੈ। ਜਿਸ ਦੀ ਮੁੱਠੀ ਵਿਚ ਅੱਜ ਹੈ, ਓਸੇ ਦੀ ਮੁੱਠੀ ਵਿਚ ਪਿਛੋਕੜ ਹੈ।" ਅਮਰੀਕਨ ਦਵਾਈ ਖ਼ੁਰਾਕ ਪ੍ਰਸ਼ਾਸਨ (ਐੱਫ.ਡੀ.ਏ.) ਇਕ ਕੈਮਿਸਟਰੀ/ਕੀਮਿਆਈ ਵਿਭਾਗ ਵਾਂਗ ਸ਼ੁਰੂ ਹੋਇਆ, ਪਿੱਛੋਂ ਐੱਫ.ਡੀ.ਏ. ਬਣਿਆ। ਉਸ ਦੀ ਨਾਂ-ਬਦਲੀ, ਉਸ ਦੇ ਅਸਲ ਮੰਤਵ ਗੁੱਝੇ ਰੱਖਣ ਲਈ ਕੀਤੀ ਗਈ। ਮੰਤਵ ਬਿਲਕੁਲ ਸਿੱਧਾ ਹੈ – ਕੰਪਨੀਆਂ ਜੋ ਵੀ ਖ਼ੁਰਾਕਾਂ ਅੰਦਰ ਕੈਮੀਕਲ ਰਲਾਉਂਦੀਆਂ ਹਨ, ਕੇਵਲ ਉਨ੍ਹਾਂ ਨੂੰ ਮਨਜ਼ੂਰੀ ਦੇਣਾ। ਇੰਜ ਸ਼ਹਿਰੀਆਂ ਦੇ ਕੈਮੀਕਲਾਂ ਹੱਥੋਂ ਬੀਮਾਰ ਹੋਣ, ਅਪਾਹਜ ਹੋਣ ਜਾਂ ਮਰਨ ਉਪਰੰਤ ਕੋਈ ਵੀ ਕਾਨੂੰਨੀ ਚਾਰਾਜੋਈ ਲਈ ਰਾਹ ਨਹੀਂ ਰਹਿੰਦਾ।

ਕੈਮਿਸਟ੍ਰੀ ਵਿਭਾਗ ਦੇ ਕੈਮਿਸਟਾਂ ਨੂੰ 1909 ਵਿਚ ਐੱਫ.ਡੀ.ਏ. ਨੇ ਆਪਣੇ ਕੰਮ ਉੱਤੇ ਲਗਾ ਲਿਆ। ਕੰਮ ਕੀ ਸੀ ? ਨਵੇਂ ਤੋਂ ਨਵੇਂ ਉਪਜਦੇ ਕੈਮੀਕਲਾਂ ਨੂੰ 'ਸੇਫ਼'/ ਸੁਰੱਖਿਅਕ/ਅੰਮ੍ਰਿਤ ਐਲਾਨ ਕਰ ਕੇ ਲੋਕਾਂ ਦੇ ਰੋਹ ਤੋਂ ਬਚਾਉਣਾ। ਇਹ ਕੰਪਨੀਆਂ

ਅੰਦਰੋ-ਅੰਦਰ ਰੱਖਿਅਕ/ਸੇਫ਼ਟੀ ਅੰਕੜੇ ਤਿਆਰ ਕਰ ਕੇ ਭੇਜਦੀਆਂ ਰਹਿੰਦੀਆਂ ਹਨ। ਐੱਫ਼.ਡੀ.ਏ. ਮਾਨਤਾ ਪ੍ਰਾਪਤ ਕਿਸੇ ਵੀ ਕੈਮੀਕਲ ਨੂੰ ਅਮਰੀਕਨ ਕਚਹਿਰੀਆਂ ਅੰਦਰ ਚੁਣੌਤੀ ਦੇਣੀ ਅਸੰਭਵ ਹੈ। 'ਆਮ ਤੌਰ ਉੱਤੇ ਸੇਫ਼' ਦਾ ਲੇਬਲ, ਕੈਮੀਕਲ ਕੰਪਨੀ ਦੀ ਕੁੱਲ ਜ਼ਿੰਮੇਵਾਰੀ ਮਿਟਾ ਦੇਂਦਾ ਹੈ।

ਐੱਫ਼.ਡੀ.ਏ. 1913 ਵਿਚ ਖੜੀ ਕੀਤੀ ਗਈ। ਰਾਕਫੈਲਰ ਫ਼ਾਊਂਡੇਸ਼ਨ ਵੀ ਏਸੇ ਸਾਲ ਪੈਦਾ ਹੋਈ। ਕਮਾਲ ਦੀ ਗੱਲ ਇਹ ਹੈ ਕਿ ਅਮਰੀਕੀ ਖ਼ਜ਼ਾਨੇ ਨੂੰ ਨਿੱਜੀ ਮੁੱਠ ਵਿਚ ਲੈਣ ਵਾਲੀ ਫ਼ੈਡਰਲ ਰਿਜ਼ਰਵ ਦਾ ਜਨਮ ਵੀ ਓਸੇ ਹੀ ਸਾਲ ਵਿਚ ਹੋਇਆ। ਐਸ ਵੇਲੇ ਇਹ ਜਾਨਣਾ ਜ਼ਰੂਰੀ ਹੈ ਕਿ ਐੱਫ਼.ਡੀ.ਏ. ਇਕ ਪਾਸੇ ਰਾਕਫ਼ੈਲਰ ਅਤੇ ਦੂਜੇ ਪਾਸੇ 'ਏ.ਐੱਮ.ਏ.' (ਅਮਰੀਕਨ ਮੈਡੀਕਲ ਐਸੋਸੀਏਸ਼ਨ) ਦੇ ਨਾਲ ਭਿਆਲੀ ਪਾ ਕੇ ਚੱਲਦੀ ਹੈ।

ਰਾਕਫ਼ੈਲਰ ਦੀ ਦੂਰਦਰਸ਼ੀ ਨਜ਼ਰ 1913 ਤੋਂ ਹੀ ਮੈਡੀਸਨ ਅਤੇ ਡਾਕਟਰੀ ਸਿੱਖਿਆ ਉੱਤੇ ਸੀ। ਉਸ ਵੱਲੋਂ ਸ਼ੁਰੂ ਦਾ ਵੱਡਾ "ਮਹਾਂਦਾਨ" ਸੀ, 550 ਮਿਲੀਅਨ ਡਾਲਰ (ਅੱਜ ਦੇ ਹਿਸਾਬ 275 ਬਿਲੀਅਨ) ਜੋ 1928 ਵਿਚ ਚੋਂਦਾਂ ਦੇਸਾਂ ਦੇ ਅਠਾਰਾਂ ਮੈਡੀਕਲ ਸਕੂਲਾਂ ਨੂੰ ਵੰਡਿਆ ਗਿਆ। ਨਾਲ ਹੀ ਨਾਲ ਸ਼ੁਰੂ ਹੋ ਗਈ ਐੱਫ਼.ਡੀ.ਏ. ਵੱਲੋਂ, ਕੁਲ ਕੁਦਰਤੀ ਵਸੀਲਿਆਂ ਤੋਂ ਉਪਜਦੀਆਂ ਦਵਾਈਆਂ ਵਿਰੁੱਧ ਮੁਹਿੰਮ, ਕਿਉਂਕਿ ਉਹ ਕੈਮੀਕਲ ਸਨਅਤੀ ਦਵਾਈਆਂ ਦੇ ਟਾਕਰੇ ਉੱਤੇ ਆਉਂਦੀਆਂ ਸਨ।

"ਮੈਂ ਨਾ ਕਦੇ ਕਿਸੇ ਨਵੇਂ ਵਿਅਕਤੀ ਨੂੰ ਦਵਾਈ ਲਈ ਮਨਜ਼ੂਰੀ ਦਿੱਤੀ ਹੈ ਅਤੇ ਨਾ ਹੀ ਕਦੇ ਦੇਵਾਂਗਾ। ਮੇਰੀ ਮਨਜ਼ੂਰੀ ਸਦਾ ਇਕ ਅਥਾਹ ਸਰਮਾਏ ਦੀ ਮਾਲਕ ਫ਼ਾਰਮਾ ਕੰਪਨੀ ਨੂੰ ਮਿਲੇਗੀ।" ਐੱਫ਼.ਡੀ.ਏ. ਦਵਾਈ ਵਿਭਾਗ ਦੇ ਡਾਇਰੈਕਟਰ ਡਾ. ਰਿਚਰਡ ਕਰਾਊਨ ਨੇ ਇੰਜ ਫ਼ਰਮਾਇਆ, 18 ਜਨਵਰੀ, 1982 ਨੂੰ। ਇਹ ਨੀਤੀ ਤਾਂ ਪਹਿਲੇ ਦਿਨ ਤੋਂ ਚੱਲ ਰਹੀ ਸੀ।

ਏਸ ਨੀਤੀ ਉੱਤੇ ਚੱਲਦਿਆਂ ਕੁੱਲ/ਤਮਾਮ ਕੁਦਰਤੀ ਵਸੀਲਿਆਂ ਤੋਂ ਪ੍ਰਾਪਤ ਹੁੰਦੀਆਂ ਕਾਰਗਰ ਦਵਾਈਆਂ ਖ਼ਤਰਨਾਕ ਦਰਸਾਈਆਂ ਜਾਣ ਲੱਗ ਪਈਆਂ। ਕਾਰਨ ਇੱਕੋ-ਇਕ ਸੀ, ਇਹ ਦਵਾਈਆਂ ਸਭਨਾਂ ਦੀ ਪਹੁੰਚ ਵਿਚ ਸਨ ਅਤੇ ਦਵਾਈ/ਡਰੱਗ ਦੇ ਨਾਂ ਹੇਠ ਪੇਟੈਂਟ ਨਹੀਂ ਹੋ ਸਕਦੀਆਂ ਸਨ। ਇੰਜ ਸਾਰੇ ਕੁਦਰਤੀ ਅਤੇ ਹਾਨੀ-ਰਹਿਤ ਇਲਾਜਾਂ ਨੂੰ ਐੱਫ਼.ਡੀ.ਏ. ਅਤੇ ਮੈਡੀਕਲ ਅਦਾਰਿਆਂ ਵੱਲੋਂ 'ਨੀਮ-ਹਕੀਮੀ' ਦੇ ਨਾਂ ਨਾਲ ਦੁਰਕਾਰਿਆ ਜਾਣ ਲੱਗਾ। ਦੂਜੇ ਅਰਥਾਂ ਵਿਚ ਕੁਦਰਤੀ ਪਦਾਰਥਾਂ ਦੇ ਇਲਾਜ, ਡਾਕਟਰੀ ਦੇ 'ਵਪਾਰ' ਅਤੇ ਪੇਟੈਂਟਾਂ ਲਈ ਖ਼ਤਰਾ ਸਨ।

ਐੱਫ਼.ਡੀ.ਏ. ਦੇ ਇਕ ਸਾਬਕਾ ਕਮਿਸ਼ਨਰ ਡਾ. ਹਰਬਰਟ ਲੇ ਦਾ ਕਹਿਣਾ ਹੈ: "ਲੋਕ ਸਮਝਦੇ ਹਨ ਕਿ ਐੱਫ਼.ਡੀ.ਏ. ਉਨ੍ਹਾਂ ਦੀ ਰਾਖੀ ਕਰ ਰਹੀ ਹੈ। ਪਰ ਅਸਲ ਵਿਚ ਉਹ ਵੱਡੀਆਂ ਡਰੱਗ ਕੰਪਨੀਆਂ ਦੀ ਰਖਵਾਲੀ ਹੈ। ਲੋਕਾਂ ਦੀ ਸੋਚ ਅਤੇ ਐੱਫ਼.ਡੀ.ਏ. ਦੀ ਅਸਲੀਅਤ ਵਿਚ ਦਿਨ-ਰਾਤ ਦਾ ਫ਼ਰਕ ਹੈ।"

ਰਾਕਫ਼ੈਲਰ ਨੇ 1919 ਵਿਚ ਕੈਨੇਡਾ ਦੇ ਕਈ ਮੈਡੀਕਲ ਸਕੂਲਾਂ ਨੂੰ ਪੰਜ ਮਿਲੀਅਨ ਡਾਲਰਾਂ ਦੀ ਮਦਦ ਦਿੱਤੀ। (ਇਨ੍ਹੀਂ ਦਿਨੀਂ ਰੂਸੀ ਮਹਾਨ ਜ਼ਾਰ ਵਿਰੋਧੀ

ਇਨਕਲਾਬ ਨੂੰ ਕਾਮਯਾਬ ਕਰਨ ਲਈ, ਇਕ ਜਰਮਨ ਬੈਂਕਰ ਵੱਲੋਂ ਕੇਵਲ 20 ਮਿਲੀਅਨ ਡਾਲਰ ਦੀ ਮਦਦ ਨਾਲ ਹੀ ਕੰਮ ਸਿਰੇ ਚਾੜ੍ਹ ਲਿਆ ਗਿਆ।) ਇੰਜ ਉਹ ਕਾਲਜ ਵੀਹਵੀਂ ਸਦੀ ਦੀ ਪੱਧਰ ਉੱਤੇ ਲਿਆਂਦੇ ਗਏ। ਇਹ ਸਭ ਕੁਝ ਕੈਮੀਕਲ ਦਵਾਈਆਂ ਨੂੰ ਉਭਾਰਨ ਲਈ ਤਿਆਰ ਕੀਤਾ ਜਾ ਰਿਹਾ ਸੀ। ਉਨ੍ਹਾਂ ਸਮਿਆਂ ਵਿਚ ਡਾਕਟਰੀ ਕਿੱਤਾ ਕੋਈ ਅਮੀਰੀ ਦਾ ਰਸਤਾ ਨਹੀਂ ਸੀ। ਰਾਕਫ਼ੈਲਰ ਦੀ ਮਦਦ ਕੇਵਲ ਉਨ੍ਹਾਂ ਮੈਡੀਕਲ ਸਕੂਲਾਂ ਨੂੰ ਗਈ, ਜੋ ਉਸ ਦੇ ਆਖੇ ਵਿਚ ਆ ਗਏ। ਆਖੇ ਵਿਚ ਆਉਣ ਦੀ ਸ਼ਰਤ ਇੱਕੋ ਇਕ ਇਹ ਹੁੰਦੀ ਸੀ ਕਿ ਓਥੇ ਕੁਦਰਤੀ ਅਤੇ ਰਵਾਇਤੀ ਦਵਾਈਆਂ ਨਹੀਂ ਵਰਤੀਆਂ ਜਾਣਗੀਆਂ, ਸਗੋਂ ਉਨ੍ਹਾਂ ਦੀ ਥਾਂ ਕੈਮੀਕਲ ਸਨਅਤ ਦੀ ਪੈਦਾਇਸ਼ 'ਚੋਂ ਨਿਕਲੀਆਂ ਦਵਾਈਆਂ ਹੀ ਵਰਤੀਆਂ ਜਾਣਗੀਆਂ। ਰਵਾਇਤੀ ਅਤੇ ਕੁਦਰਤੀ ਇਲਾਜਾਂ ਦੇ ਢੰਗਾਂ ਬਾਬਤ ਕੁਲ ਕਿਤਾਬਾਂ ਲਾਇਬ੍ਰੇਰੀਆਂ ਪੁਸਤਕਾਲਿਆਂ ਵਿੱਚੋਂ ਕੱਢ ਕੇ ਕੂੜੇ ਵਿਚ ਸੁੱਟੀਆਂ ਗਈਆਂ। ਕੁਦਰਤੀ ਅਤੇ ਰਵਾਇਤੀ ਇਲਾਜ ਪੁਸਤਕਾਂ ਦੇ ਢੇਰਾਂ ਨੂੰ ਅਗਨੀ ਭੇਟਾ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਕੁਦਰਤੀ ਇਲਾਜ ਡਾਕਟਰਾਂ/ਵੈਦਾਂ/ਹਕੀਮਾਂ ਦਾ ਪੱਛਮੀ ਦੇਸਾਂ ਅੰਦਰ ਜਿਉਣਾ ਔਖਾ ਹੋ ਗਿਆ। ਉਨ੍ਹਾਂ ਦੇ ਕੁਲ ਇਲਾਜ ਢੰਗਾਂ ਲਈ ਇਕ ਘਿਨਾਉਣਾ ਸ਼ਬਦ 'ਕੁਐਕ' ਡਾਕਟਰੀ ਪੜ੍ਹਾਈ ਦੇ ਅੰਦਰ ਲਿਆਂਦਾ ਗਿਆ। ਇਨ੍ਹਾਂ ਹੀ ਕਈ 'ਕੁਐਕਾਂ' ਨੂੰ ਡਾਕਟਰੀ ਖੋਜਾਂ ਵਿਚ ਉੱਤਮ ਨਤੀਜੇ ਵਿਖਾਉਣ ਪਿੱਛੇ 'ਨੋਬੇਲ' ਪੁਰਸਕਾਰ ਮਿਲ ਚੁੱਕੇ ਸਨ।

ਖੇਡ ਬਿਲਕੁਲ ਸਿੱਧੀ ਸੀ – ਇਕ ਹੱਥ ਗਾਜਰ ਅਤੇ ਇਕ ਹੱਥ ਸੋਟੀ। ਜਿਹੜੇ ਮੈਡੀਕਲ ਸਕੂਲ ਰਾਕਫ਼ੈਲਰ ਦੀਆਂ ਮੰਨਦੇ ਗਏ, ਉਨ੍ਹਾਂ ਨੂੰ ਮਾਇਆ ਦੇ ਖੁੱਲ੍ਹੇ ਗੱਫੇ ਮਿਲਦੇ ਗਏ। ਜਿਹੜੇ ਡਾਕਟਰ ਆਖੇ ਨਹੀਂ ਲੱਗੇ, ਉਨ੍ਹਾਂ ਨੂੰ ਐੱਫ਼.ਡੀ.ਏ. ਦੀ ਪੁਲੀਸ ਵੱਲੋਂ 'ਲਾਠੀਆਂ' ਪਈਆਂ। ਕਈ ਡਾਕਟਰ ਤਾਂ 'ਅਪ੍ਰਵਾਨਿਤ' ਦਵਾਈਆਂ ਦੀ ਵਰਤੋਂ ਨਾਲ ਰੋਗੀਆਂ ਨੂੰ ਰਾਜ਼ੀ ਕਰਨ ਦੇ ਅਪਰਾਧ ਹੇਠ, ਜੇਲ੍ਹਾਂ ਵਿਚ ਪਾ ਕੇ ਮਾਰੇ ਗਏ। ਇਹ ਤਾਂ ਅਜੇ ਵੀ ਹੋ ਰਿਹਾ ਹੈ – ਕੁਦਰਤੀ ਖ਼ੁਰਾਕਾਂ, ਕੈਂਸਰ ਮਾਰੂ ਵਿਟਾਮਿਨ ਅਤੇ ਕੱਚਾ ਦੁੱਧ ਵੇਚਣ ਵਾਲਿਆਂ ਦੇ ਵਿਰੁੱਧ ਅੱਜ ਦੇ ਅਮਰੀਕਾ ਅੰਦਰ ਜ਼ੋਰਦਾਰ ਕਾਰਵਾਈ ਹੋ ਰਹੀ ਹੈ। ਅੱਜ ਰਾਜ਼ੀ ਕਰਨ ਵਾਲਾ, ਰੋਗ ਨੂੰ ਜੜ੍ਹੋਂ ਮਿਟਾਉਣ ਵਾਲਾ ਕੋਈ ਡਾਕਟਰ ਨਹੀਂ ਹੈ, ਕਿਉਂਕਿ ਰੋਗ ਹਟਾਉਣ ਵਾਲੀ ਕੋਈ ਵੀ ਚੀਜ਼/ਢੰਗ/ਦਵਾਈ ਐੱਫ਼.ਡੀ.ਏ. ਵੱਲੋਂ 'ਪਰਵਾਨਿਤ' ਨਹੀਂ ਹੈ। ਰਾਜ਼ੀ ਦਾ ਅਰਥ ਹੁੰਦਾ ਹੈ 'ਕੈਮੀਕਲ ਦਵਾਈਆਂ ਤੋਂ ਛੁਟਕਾਰਾ'।

ਰਾਕਫ਼ੈਲਰ ਫ਼ਾਊਂਡੇਸ਼ਨ ਵੱਲੋਂ ਐੱਫ਼.ਡੀ.ਏ. ਅਤੇ ਏ.ਐੱਮ.ਏ. (ਅਮਰੀਕਨ ਮੈਡੀਕਲ ਐਸੋਸੀਏਸ਼ਨ) ਦਾ ਇਕ ਭੋਲਾ ਭਾਲਾ ਗਠਬੰਧਨ ਖੜ੍ਹਾ ਕੀਤਾ ਗਿਆ। ਮੈਡੀਕਲ ਸਕੂਲਾਂ ਨੂੰ ਆਪਣੀ ਮੁੱਠੀ ਵਿਚ ਲੈਣ ਲਈ ਰਾਕਫ਼ੈਲਰ ਦੇ ਚੋਣਵੇਂ ਨੁਮਾਇੰਦੇ, ਕਰਤਿਆਂ/ਡਾਇਰੈਕਟਰਾਂ ਦੇ ਬੋਰਡਾਂ ਵਿਚ ਥਾਵਾਂ ਲੈਣ ਲੱਗੇ। ਯੇਲ ਯੂਨੀਵਰਸਿਟੀ ਨੇ 1 ਜੁਲਾਈ 1914 ਨੂੰ ਰਾਕਫ਼ੈਲਰ ਸ਼ਰਤਾਂ ਮੰਨ ਕੇ ਕੇਵਲ ਐਲੋਪੈਥਿਕ ਡਾਕਟਰਾਂ ਲਈ ਕਲਿਨੀਕਲ ਅਸਾਮੀਆਂ ਰੱਖੀਆਂ। ਰਾਕਫ਼ੈਲਰ ਨੇ ਜਿਵੇਂ

ਪਹਿਲਾਂ ਤੇਲ ਦੇ ਖੇਤਰ ਵਿਚ ਇਜਾਰਾਦਾਰੀ ਕਾਇਮ ਕੀਤੀ ਸੀ, ਓਹੀ ਕੁਝ ਉਸ ਨੇ ਕਾਨੂੰਨ ਦੇ ਪੱਕੇ ਹੱਥਾਂ ਨਾਲ ਡਾਕਟਰੀ ਖੇਤਰ ਵਿਚ ਕਰ ਲਿਆ। ਕੈਮੀਕਲ ਉਦਯੋਗ ਦਾ ਨਾਂ ਹੁਣ ਬਦਲ ਕੇ 'ਫ਼ਾਰਮਾਸਿਊਟੀਕਲ' ਹੋ ਗਿਆ। ਅਮਰੀਕਨ ਲੋਕਾਂ ਵਿਰੁੱਧ ਇਹ ਇਕ ਮਹਾਂ ਸ਼ਤਰੰਜੀ ਚਾਲ ਸੀ, ਜਿਸ ਦਾ ਅਸਰ ਕੁਲ ਦੁਨੀਆਂ ਉੱਤੇ ਪੈਣਾ ਸੀ।

ਰਾਕਫ਼ੈਲਰ ਆਪ ਆਪਣੀ ਸਿਹਤ ਲਈ ਰਵਾਇਤੀ ਦੇਸੀ ਦਵਾਈਆਂ ਹੀ ਖਾਂਦਾ ਰਿਹਾ ਸੀ। ਉਸ ਦੀ ਮੌਤ ਲੰਮੀ ਉਮਰ ਭੋਗ ਕੇ ਕੁਝ ਚਿਰ ਪਹਿਲਾਂ ਹੋਈ ਹੈ।

ਮੈਡੀਕਲ ਸਕੂਲਾਂ ਨੂੰ ਹਥਿਆਉਣ ਦੇ ਕੁਝ ਚਿਰ ਪਿੱਛੋਂ ਹੀ ਪੋਲੀਓ, ਦਿਲ ਦੇ ਰੋਗ ਅਤੇ ਕੈਂਸਰ ਰੋਗ ਵਬਾਵਾਂ ਬਣ ਕੇ ਫੁੱਟ ਪਏ। ਡਾਕਟਰ ਰੈਲਫ਼ ਮੌਸ ਆਪਣੇ ਇਕ ਕੈਂਸਰ ਮਾਹਿਰ ਦੋਸਤ ਬਾਰੇ ਲਿਖਦਾ ਹੈ, ਜਿਸ ਨੇ ਕਿਹਾ, "ਜੇ ਮੇਰੇ ਦਿਮਾਗ਼ ਅੰਦਰ ਕੈਂਸਰ ਹੋ ਜਾਵੇ ਤਾਂ ਮੈਂ ਕਦੇ ਰੇਡੀਏਸ਼ਨ ਇਲਾਜ ਨਹੀਂ ਕਰਾਵਾਂਗਾ।" ਪੁੱਛਿਆ, "ਬਈ ਆਪ ਤਾਂ ਤੂੰ ਲੋਕਾਂ ਨੂੰ ਰੇਡੀਏਸ਼ਨ ਇਲਾਜ ਲਈ ਭੇਜਦੈਂ ?" ਤਾਂ ਉਸ ਜੁਆਬ ਦਿੱਤਾ, "ਜੇ ਇੰਜ ਨਾ ਕਰਾਂ ਤਾਂ ਹਸਪਤਾਲ ਦੇ ਮੈਨੇਜਰ, ਕੰਨੋਂ ਫੜ ਕੇ ਨੌਕਰੀਓਂ ਕੱਢ ਦੇਣਗੇ। ਇਹ ਡਾਕਟਰੀ ਉਦਯੋਗ ਹਨ, ਇਲਾਜ-ਘਰ ਨਹੀਂ।"

ਇਕ ਹਾਵਰਡ ਸਟੱਡੀ ਨੇ ਕੈਂਸਰ ਮਾਹਿਰਾਂ ਕੋਲੋਂ ਆਪ ਰੋਗੀ ਹੋ ਜਾਣ ਦੀ ਹਾਲਤ ਵਿਚ ਇਲਾਜ ਢੰਗਾਂ ਬਾਰੇ ਸਵਾਲ ਕੀਤੇ। 90 ਪ੍ਰਤੀਸ਼ਤ ਕੈਂਸਰ ਮਾਹਿਰਾਂ ਨੇ ਕਿਹਾ ਕਿ ਉਹ ਫੇਫੜੇ ਦੇ ਕੈਂਸਰ ਲਈ ਰੇਡੀਏਸ਼ਨ ਇਲਾਜ ਨਹੀਂ ਲੈਣਗੇ। 84 ਪ੍ਰਤੀਸ਼ਤ ਨੇ ਕਿਹਾ ਕਿ ਉਹ ਕੋਲਨ ਕੈਂਸਰ ਲਈ ਕੀਮੋ-ਇਲਾਜ ਨਹੀਂ ਲੈਣਗੇ। ਏਹੀ ਤਾਂ ਉਹ ਸਭ ਹੋਰ ਰੋਗੀ ਲੋਕਾਂ ਨੂੰ ਦੇਂਦੇ ਹਨ।

ਡਾ. ਐਲਬਰਟ ਜ਼ੇਂਟ ਗਿਓਰਜੀ ਨੇ 'ਵਿਟਾਮਿਨ ਸੀ' ਲੱਭਿਆ ਅਤੇ ਉਸ ਨੂੰ 1937 ਵਿਚ ਨੋਬੇਲ ਪੁਰਸਕਾਰ ਮਿਲਿਆ। ਉਸ ਨੇ ਕਿਹਾ ਹੈ, "ਅਮਰੀਕਨ ਕੈਂਸਰ ਸੁਸਾਇਟੀ ਨੇ ਮੇਰੀ ਖੋਜ ਸੰਸਥਾ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਹੈ।"

ਸੋਚੋ ਭਲਾ ਅਮਰੀਕਨ ਕੈਂਸਰ ਸੋਸਾਇਟੀ ਕਦੋਂ ਹੋਂਦ ਵਿਚ ਆਈ ਅਤੇ ਉਸ ਨੂੰ ਕਾਇਮ ਕਿਸ ਨੇ ਕੀਤਾ ? ਇਸ ਦਾ ਜਨਮਦਾਤਾ ਸੀ ਜੋਹਨ ਰਾਕਫ਼ੈਲਰ, ਸੰਨ 1913 ਵਿਚ ਜਦੋਂ ਉਸ ਨੇ ਹਾਵਰਡ ਯੂਨੀਵਰਸਿਟੀ ਨੂੰ ਇਕ ਮੋਟੀ ਰਕਮ ਦਾਨ ਕੀਤੀ। ਇਕ ਸਵਾਲ ਇਹ ਹੈ ਕਿ 'ਵਿਟਾਮਿਨ ਸੀ' ਤੋਂ ਉਨ੍ਹਾਂ ਦੇ 'ਮਿਸ਼ਨ' ਨੂੰ ਕੀ ਖ਼ਤਰਾ ਸੀ ? ਸਾਡੇ ਮਨਾਂ ਉੱਤੇ ਇਹ ਛਾਪਿਆ ਜਾ ਰਿਹਾ/ਚੁੱਕਾ ਹੈ ਕਿ ਐਲੋਪੈਥਿਕ ਮੈਡੀਕਲ ਇਲਾਜ, ਰਵਾਇਤੀ ਜੜ੍ਹੀ ਬੂਟੀ ਇਲਾਜ ਨਾਲੋਂ ਕਿਤੇ ਵਧੀਆ ਹਨ। ਉਹ ਇਹ ਦੱਸਣ ਲਈ ਤਿਆਰ ਨਹੀਂ ਹਨ ਕਿ 50 ਤੋਂ 70 ਪ੍ਰਤੀਸ਼ਤ ਕੀਮੋ ਦਵਾਈਆਂ ਅੰਦਰ ਜੜ੍ਹੀਆਂ ਬੂਟੀਆਂ ਦੇ ਤੱਤ ਹਨ। ਜੇ ਕਦੇ ਕੀਮੋ ਦਵਾਈਆਂ ਦੇ ਚੰਗੇ ਨਤੀਜੇ ਨਿਕਲਦੇ ਹਨ ਤਾਂ ਉਹ ਇਨ੍ਹਾਂ ਤੱਤਾਂ ਕਰਕੇ ਹਨ।

ਅਮਰੀਕੀ ਮਰਦਮ-ਸ਼ੁਮਾਰੀ ਅਨੁਸਾਰ, ਅਮਰੀਕਾ ਅੰਦਰ ਕੈਂਸਰ, ਮੌਤ ਦਾ ਦੂਜਾ ਵੱਡਾ ਕਾਰਨ ਹੈ। ਪਰ ਬਹੁਤੇ ਲੋਕ ਜਲਦੀ ਮਰਦੇ ਹਨ ਕੈਂਸਰ ਦੇ ਇਲਾਜ ਤੋਂ, ਕੈਂਸਰ ਤੋਂ ਨਹੀਂ। ਫ਼ਾਰਮਾ ਦਵਾਈਆਂ ਮੌਤ ਦਾ ਚੋਖਾ ਵੱਡਾ ਕਾਰਨ ਹਨ।

ਡਾ. ਰਾਬਰਟ ਐਟਕਿਨ (ਜੋ ਐਟਕਿਨ ਖ਼ੁਰਾਕ ਲਈ ਮਸ਼ਹੂਰ ਹੈ) ਦਾ ਕਹਿਣਾ ਹੈ, "ਕੈਂਸਰ ਲਈ ਇਕ ਨਹੀਂ, ਕਈ ਇਲਾਜ ਹਾਜ਼ਰ ਹਨ।" "ਪਰ ਅਮਰੀਕਨ ਕੈਂਸਰ ਸੋਸਾਇਟੀ ਅਤੇ ਨੈਸ਼ਨਲ ਕੈਂਸਰ ਇੰਸਟੀਚਿਊਟ ਜੇਹੇ ਵੱਡੇ ਕੈਂਸਰ ਅਦਾਰਿਆਂ ਨੇ ਸਭ ਨੂੰ ਇਕ ਯੋਜਨਾਬੱਧ ਢੰਗ ਨਾਲ ਮੁਕਾ ਦਿੱਤਾ ਹੈ।"

ਕੈਂਸਰ ਦਾ ਇਲਾਜ/ਕੈਂਸਰ ਉੱਤੇ ਫ਼ਤਹਿ

ਕੈਂਸਰ ਅਦਾਰਿਆਂ ਦੀ ਜਕੜ ਤੋਂ ਬਾਹਰ ਵੀ ਕੈਂਸਰ ਦੇ ਇਲਾਜ ਹਨ। ਸੌ ਫ਼ੀਸਦੀ ਇਲਾਜ ਤਾਂ ਕਿਤੇ ਵੀ ਨਹੀਂ। ਇਕ ਗੱਲ ਪੱਕੀ ਹੈ ਕਿ ਐਲੋਪੈਥੀ ਇਲਾਜ ਨਾਲ ਮਿਆਰੀ ਜ਼ਿੰਦਗੀ ਦੀ ਸੰਭਾਵਨਾ ਬਹੁਤ ਘੱਟ ਜਾਂਦੀ ਹੈ। ਨਾਲ ਹੀ ਨਾਲ, ਇਲਾਜ ਅੰਦਰ ਗਹਿਣੇ ਅਤੇ ਘਰ ਵਿਕ ਜਾਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਇਹ ਜਾਣਨਾ ਚਾਹੀਦਾ ਹੈ ਕਿ ਕੈਂਸਰ ਕੋਈ ਵਬਾਅ ਨਹੀਂ ਹੈ, ਜੋ ਕਿਤੇ ਫੁੱਟ ਰਹੀ ਹੈ। ਡਾ. ਓਟੋ ਵਾਰਬਰਗ ਇਕ ਮਹਾਨ ਅਣ-ਜਾਣਿਆ ਵਿਅਕਤੀ ਸੀ। 1931 ਵਿਚ ਉਸ ਨੂੰ ਮੈਡੀਸਨ ਦਾ ਨੋਬੇਲ ਪੁਰਸਕਾਰ ਮਿਲਿਆ ਸੀ। ਉਸ ਦੀਆਂ ਖੋਜਾਂ ਨੂੰ ਮੈਡੀਕਲ ਅਦਾਰਿਆਂ ਵੱਲੋਂ ਪੂਰੀ ਤਰ੍ਹਾਂ ਦਫ਼ਨ ਕਰ ਦਿੱਤਾ ਗਿਆ। ਕੇਵਲ ਗ਼ੈਰ-ਐਲੋਪੈਥਿਕ ਖੋਜੀ ਹੀ ਉਸ ਦੇ ਕੰਮ ਨੂੰ ਢੂੰਡਦੇ ਹਨ। ਉਸ ਨੂੰ ਨੋਬੇਲ ਪ੍ਰਾਈਜ਼ ਕਾਹਦਾ ਮਿਲਿਆ ? ਉਹ ਸੀ "ਕੈਂਸਰ ਸੈੱਲਾਂ ਦੀ ਮੂਲ ਜੜ੍ਹ ਅਤੇ ਉਸ ਤੋਂ ਬਚਣ ਦੇ ਢੰਗ।" ਉਸ ਦੇ ਕੰਮ ਨੂੰ ਮੀਡੀਆ ਅਤੇ ਮੈਡੀਕਲ ਰਸਾਲਿਆਂ ਨੇ ਬੈਨ ਕਰ ਦਿੱਤਾ। ਇਨਸਾਨੀਅਤ ਨੂੰ ਰਾਹਤ ਦੇਣ ਵਾਲੀਆਂ ਵਾਰਬਰਗ ਦੀਆਂ ਖੋਜਾਂ ਨੂੰ ਕੇਵਲ ਛੁਟਿਆਉਣ ਅਤੇ ਮਖ਼ੌਲ ਕਰਨ ਲਈ ਯਾਦ ਕੀਤਾ ਜਾਂਦਾ ਹੈ। ਮੈਡੀਕਲ ਪੜ੍ਹਾਈ ਅੰਦਰ ਉਹ ਕੇਵਲ ਇਕ ਜ਼ਿਕਰ ਹੀ ਹੈ। ਇੰਜ ਹੁੰਦਾ ਹੈ ਕੁਲ ਇਨਸਾਨੀਅਤ ਦੀ ਰਾਹਤ ਲਈ ਕੀਤੀਆਂ ਗਈਆਂ ਮਹਾਨ ਖੋਜਾਂ ਦਾ ਹਸ਼ਰ!

ਡਾ. ਵਾਰਬਰਗ ਨੇ ਇਹ ਲੱਭਿਆ ਕਿ ਕੈਂਸਰ ਸੈੱਲ ਕੇਵਲ ਆਕਸੀਜਨ ਦੀ ਅਣਹੋਂਦ ਅੰਦਰ ਵੱਧਦੇ ਫੁੱਲਦੇ ਹਨ, ਜਦ ਕਿ ਸਾਧਾਰਨ ਸੈੱਲ ਆਕਸੀਜਨ ਮੰਗਦੇ ਹਨ। ਉਸ ਨੇ ਲੱਭਿਆ ਕਿ ਕੈਂਸਰ ਸੈੱਲਾਂ ਲਈ ਆਕਸੀਜਨ ਜ਼ਹਿਰ ਦਾ ਕੰਮ ਕਰਦੀ ਹੈ। ਉਸ ਨੇ ਸਮਝਾਇਆ ਕਿ ਵਿਗੜੇ ਹੋਏ ਕੈਂਸਰ ਸੈੱਲ, ਸਾਧਾਰਨ ਸਾਹ ਦੀ ਪ੍ਰਕਿਰਿਆ (ਆਕਸੀਜਨ ਵਰਤੋਂ) ਤੋਂ ਸ਼ਕਤੀ ਨਹੀਂ ਲੈਂਦੇ, ਸਗੋਂ ਉਹ ਖ਼ੂਨ ਅੰਦਰੋਂ ਸ਼ੂਗਰ ਦੀ ਫ਼ਰਮੈਨਟੇਸ਼ਨ ਤੋਂ ਸ਼ਕਤੀ ਲੈਂਦੇ ਹਨ। ਵਾਰਬਰਗ ਨੇ ਅੱਗੋਂ ਇਹ ਲੱਭਿਆ ਕਿ ਤੇਜ਼ਾਬੀ ਸਰੀਰਾਂ (ਘੱਟ ਪੀ.ਐੱਚ. ਵਾਲੇ) ਅੰਦਰ ਕੈਂਸਰ ਦੀ ਰੁਚੀ ਵੱਧ ਹੁੰਦੀ ਹੈ ਕਿਉਂਕਿ ਘੱਟ ਪੀ.ਐੱਚ. ਵਾਲੇ ਤੇਜ਼ਾਬੀ ਸਰੀਰ ਅੰਦਰ ਆਕਸੀਜਨ ਔਖਿਆਂ ਪਰਵੇਸ਼ ਕਰਦੀ ਹੈ। ਜਿਨ੍ਹਾਂ ਲੋਕਾਂ ਦਾ ਪੀ.ਐੱਚ. 7·4 ਤੋਂ ਉਪਰ ਹੁੰਦਾ ਹੈ, ਉਨ੍ਹਾਂ ਨੂੰ ਕੈਂਸਰ ਨਹੀਂ ਹੁੰਦਾ, ਕਿਉਂਕਿ ਖ਼ੂਨ ਅੰਦਰ ਆਕਸੀਜਨ ਹਮੇਸ਼ਾ ਉੱਚੀ ਹੁੰਦੀ ਹੈ। ਹਰ ਕਿਸਮ ਦੇ ਕੈਂਸਰ ਸੈੱਲ ਝੱਟ ਮਰ ਜਾਂਦੇ ਹਨ।

ਆਕਸੀਜਨ ਭਰੇ ਵਾਤਾਵਰਨ ਅੰਦਰ ਕੈਂਸਰ ਸੈੱਲ ਜਿਊਂਦੇ ਨਹੀਂ ਰਹਿ ਸਕਦੇ। ਦਿਲ ਦਾ ਕੈਂਸਰ ਕਦੇ ਸੁਣਨ ਵਿਚ ਨਹੀਂ ਆਇਆ, ਕਿਉਂਕਿ ਉਸ ਦੇ ਅੰਦਰ ਖ਼ੂਨ

ਫੇਫੜਿਆਂ ਵਿੱਚੋਂ ਆਕਸੀਜਨ ਨਾਲ ਭਰ ਕੇ ਆਉਂਦਾ ਹੈ ਅਤੇ ਕੁਲ ਸਰੀਰ ਨਾਲੋਂ ਉਸ ਦੀ ਆਕਸੀਜਨ ਸਪਲਾਈ ਵੱਧ ਹੁੰਦੀ ਹੈ। ਸਿਹਤਮੰਦ ਲੋਕਾਂ ਦੀ ਖ਼ੂਨ ਅੰਦਰ ਆਕਸੀਜਨ ਦੀ ਮਾਤਰਾ 98 ਤੋਂ 100 ਪ੍ਰਤੀਸ਼ਤ ਤਕ ਹੁੰਦੀ ਹੈ (ਪਲਸ ਆਕਸੀਮੀਟਰ ਨਾਲ ਵੇਖੀ ਜਾਂਦੀ ਹੈ)। ਕੈਂਸਰ ਰੋਗੀਆਂ ਅੰਦਰ ਇਹ ਮਾਤਰਾ ਘੱਟ ਜਾਂਦੀ ਹੈ। ਕੈਂਸਰ ਰੋਗੀਆਂ ਦੇ ਖ਼ੂਨ ਅੰਦਰ ਕਾਰਬਨ ਡਾਈਆਕਸਾਈਡ ਦੀ ਮਾਤਰਾ ਵੱਧ ਜਾਂਦੀ ਹੈ, ਜਿਸ ਦੇ ਨਾਲ ਉਹ ਵਧੇਰੇ ਤੇਜ਼ਾਬੀ ਹੋ ਜਾਂਦਾ ਹੈ ਤੇ ਕੰਮ ਹੋਰ ਵੀ ਚੌੜ ਹੋ ਜਾਂਦਾ ਹੈ।

ਕੀਚੀ ਮੋਰੀਸ਼ੀਟਾ ਨੇ ਕਿਤਾਬ ਲਿਖੀ ਹੈ : *The Hidden Truth of Cancer.* ਲਿਖਦਾ ਹੈ, "1964 ਵਿਚ ਕੈਂਸਰ 214 ਵਿੱਚੋਂ ਇਕ ਅੰਦਰ ਵੇਖਿਆ ਜਾਂਦਾ ਸੀ। ਅੱਜ ਹਰ ਤੀਜੀ ਔਰਤ ਅਤੇ ਹਰ ਦੂਜੇ ਮਰਦ ਨੂੰ ਕੈਂਸਰ ਹੁੰਦਾ ਹੈ। ਸਿਹਤ ਅਤੇ ਬੀਮਾਰੀ ਦੀ ਸੀਮਾ ਟਪਾਈ ਕੇਵਲ ਘਟੇ ਹੋਏ ਪੀ.ਐੱਚ. ਨਾਲ ਹੀ ਹੋ ਜਾਂਦੀ ਹੈ।"

ਡਾ. ਵਾਰਬਰਗ ਅਨੁਸਾਰ ਕੈਂਸਰ ਦਰਅਸਲ ਸਰੀਰ ਨੂੰ ਬਚਾਉਣ ਦਾ ਇਕ ਢੰਗ ਹੈ। ਜਦੋਂ ਆਕਸੀਜਨ ਮਾਤਰਾ ਚੋਖੀ ਘੱਟ ਜਾਂਦੀ ਹੈ (ਅੰਦਰੋਂ ਸਾਹ ਘੁਟਾਲਾ) ਤਾਂ ਸੈੱਲ ਆਪਣੇ ਆਪ ਨੂੰ ਜਿਉਂਦੇ ਰੱਖਣ ਲਈ ਅਜਿਹੇ ਬਣ ਜਾਂਦੇ ਹਨ, ਜੋ ਫ਼ਰਮੈਨਟੇਸ਼ਨ ਕੋਲੋਂ ਸ਼ਕਤੀ ਕੱਢ ਲੈਂਦੇ ਹਨ। ਇੰਜ ਪੂਰੇ ਦਾ ਪੂਰਾ ਇਲਾਕਾ/ਟੋਟਾ/ਹਿੱਸਾ (ਸਰੀਰ ਦਾ) ਮਰਨ ਤੋਂ ਬੱਚ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਲੋਕ ਕੈਂਸਰ ਤੋਂ ਬਿਨਾਂ ਹੋਰ ਤੇਜ਼ੀ ਨਾਲ ਸਿਹਤ ਵਿਗੜਨ ਕਾਰਨ ਜਲਦੀ ਮਰ ਜਾਣਗੇ। ਡਾ: ਵਾਰਬਰਗ ਅਨੁਸਾਰ ਕੈਂਸਰ ਸਰੀਰ ਦੀ ਆਪਣੀ ਰੱਖਿਆ ਦਾ ਇਕ ਸਾਧਨ ਹੈ।

ਕਈ ਪਾਸਿਆਂ ਦੇ ਅਧਿਐਨ ਦੱਸਦੇ ਹਨ ਕਿ ਵਿਅਕਤੀ ਦਾ ਤੇਜ਼ਾਬੀਪਨ (ਜੋ ਕੈਂਸਰ ਕਰਦਾ ਹੈ) ਮਾੜੀ ਖ਼ੁਰਾਕ, ਭਾਰੀਆਂ ਧਾਤਾਂ, ਫ਼ਾਰਮਾ ਦਵਾਈਆਂ, ਮਾਨਸਿਕ ਤਣਾਓ, ਪਾਣੀ ਦੀ ਕਮੀ, ਆਮ ਰੋਗੀ ਰਹਿਣ, ਲੂਣ ਮਾਤਰਾ ਦੀ ਕਮੀ, ਕਈ ਜ਼ਰੂਰੀ ਧਾਤੂਆਂ ਦੀ ਕਮੀ, ਨਕਲੀ ਤੇਲਾਂ, ਨਕਲੀ ਖਾਧੀ ਜਾਂਦੀ ਚਰਬੀ, ਘੱਟ ਚਰਬੀ ਖ਼ੁਰਾਕ, ਰੀਫ਼ਾਈਨਡ/ਸ਼ੁੱਧ ਖੰਡਾਂ ਅਤੇ ਸ਼ੁੱਧ ਨਿਸ਼ਾਸਤੇ ਨਾਲ ਵਧਦਾ ਹੈ।

ਜ਼ਹਿਰੀਲੇ ਮਾਦੇ/ਵਿਹੁਲਤਾ, ਰੇਡੀਏਸ਼ਨ ਅਤੇ ਤੇਜ਼ਾਬੀਪਨ ਕੈਂਸਰ ਦੀਆਂ ਨੀਹਾਂ ਹਨ। ਇਹ ਧਾਰਨਾ 1931 ਵਿਚ ਬਣ ਗਈ ਸੀ। ਏਸੇ ਲਈ ਸਮਝਣ ਦੀ ਲੋੜ ਹੈ ਕਿ ਰੇਡੀਏਸ਼ਨ ਕਰਨ ਵਾਲੇ ਮੈਮੋਗਰਾਮ (ਛਾਤੀਆਂ ਦੀ ਐਕਸਰੇ ਨਾਲ ਫੋਟੋ) ਦਰਅਸਲ ਕੈਂਸਰ ਕਰ ਸਕਦੇ ਹਨ। ਕਹਿਣ ਨੂੰ ਇਹ ਟੈਸਟ ਕੈਂਸਰ ਤੋਂ ਬਚਾਉਣ ਲਈ ਕੀਤੇ ਜਾਂਦੇ ਹਨ। ਮੈਮੋਗ੍ਰਾਫ਼ੀ ਦੀ ਵਰਤੋਂ ਨਾਲ ਜਿੰਨੇ ਵੱਧ ਟੈਸਟ ਕੀਤੇ ਜਾਂਦੇ ਹਨ, ਓਨੇ ਹੀ ਵੱਧ ਕੈਂਸਰ 'ਲੱਭੇ' ਜਾਣਗੇ। ਜਿਹੜੀਆਂ ਔਰਤਾਂ ਮੈਮੋਗ੍ਰਾਫ਼ੀ ਨਹੀਂ ਕਰਵਾਉਂਦੀਆਂ, ਉਨ੍ਹਾਂ ਅੰਦਰ ਕੈਂਸਰ ਚੋਖਾ ਘੱਟ ਹੁੰਦਾ ਹੈ।

ਕਈ ਗ਼ੈਰ ਐਲੋਪੈਥਿਕ ਇਲਾਜ 80 ਤੋਂ 90 ਪ੍ਰਤੀਸ਼ਤ ਕੈਂਸਰ ਪੀੜਤਾਂ ਨੂੰ ਜੀਵਨ ਭਰ ਲਈ ਕੈਂਸਰ ਤੋਂ ਮੁਕਤ ਕਰ ਸਕਦੇ ਹਨ। ਉਹ ਇਲਾਜ ਵਰਤੋਂ ਵਿਚ ਆਸਾਨ, ਸਸਤੇ ਅਤੇ ਸਰੀਰ ਦੇ ਨਾਲ ਰਲ ਕੇ, ਇਕ ਤਾਲ ਹੋ ਕੇ, ਇਕਸੁਰ ਹੋ ਕੇ ਕਾਰਗਰ ਹੁੰਦੇ ਹਨ, ਐਲੋਪੈਥੀ ਵਾਂਗ ਉਲਟ ਹੋ ਕੇ ਨਹੀਂ। ਉਨ੍ਹਾਂ ਇਲਾਜਾਂ ਅੰਦਰ ਰੋਗੀ ਨੂੰ ਜ਼ਹਿਰੀਲੀਆਂ ਦਵਾਈਆਂ ਨਹੀਂ ਖਵਾਈਆਂ ਜਾਂਦੀਆਂ ਤੇ ਨਾ ਹੀ ਉਨ੍ਹਾਂ

ਨੂੰ ਰੇਡੀਓ ਐਕਟਿਵ ਕੀਤਾ ਜਾਂਦਾ ਹੈ। ਅਜਿਹਾ ਕੋਈ ਵੀ ਇਲਾਜ ਨਾ ਪੇਟੈਂਟ ਹੋ ਸਕਦਾ ਹੈ ਅਤੇ ਨਾ ਉਸ ਉੱਤੇ ਕੋਈ ਪਾਬੰਦੀ ਲਗਾਈ ਜਾ ਸਕਦੀ ਹੈ।

ਅਮਰੀਕਾ ਅੰਦਰ ਕੁਲ ਕਾਮਯਾਬ/ਕਾਰਗਰ ਗ਼ੈਰ-ਐਲੋਪੈਥੀ ਕੈਂਸਰ ਇਲਾਜ, ਐਲੋਪੈਥਿਕ ਡਾਕਟਰਾਂ ਲਈ ਵਰਜਿਤ ਹਨ। ਵਜ੍ਹਾ ਇਹ ਕਿ ਉਨ੍ਹਾਂ ਇਲਾਜ ਸਾਧਨਾਂ ਨੂੰ ਕਾਨੂੰਨੀ 'ਸਵੀਕ੍ਰਿਤੀ' ਨਹੀਂ ਮਿਲੀ ਹੋਈ ਅਤੇ ਨਾ ਹੀ ਕਦੇ ਮਿਲਣੀ ਹੈ। ਕਾਰਗਰ ਇਲਾਜ ਪਦਾਰਥਾਂ ਦਾ ਵਰਤਣਾ ਤਾਂ ਇਕ ਪਾਸੇ ਰਿਹਾ, ਉਨ੍ਹਾਂ ਦੀ ਵਰਤੋਂ ਦੇ ਨਤੀਜਿਆਂ ਦੀਆਂ ਟੂਕਾਂ ਵਰਤਣ ਦੀ ਵੀ ਮਨਾਹੀ ਹੈ। ਮੁੱਕਦੀ ਗੱਲ ਕਿ ਕੈਂਸਰ ਦੇ ਸੱਚਮੁੱਚ ਇਲਾਜੇ/ਹਟਾਏ/ਮਿਟਾਏ ਜਾਣ ਦੀ ਕਿਸੇ ਵੀ ਵਾਕਫ਼ੀ ਉੱਤੇ ਮੁਕੰਮਲ ਪਾਬੰਦੀ ਹੈ। ਇਹ ਹਨ ਸ਼ਕਤੀ ਦੇ ਸੋਮੇ ਸਰਕਾਰੀ-ਕਾਨੂੰਨੀ ਪੱਖ/ਰੁਖ਼/ਸਟੈਂਡ। ਕਾਮਯਾਬ ਕੈਂਸਰ ਵਿਰੋਧੀ ਇਲਾਜ, ਸਭ ਦੇ ਸਭ ਚੰਗੀ ਖ਼ੁਰਾਕ ਉੱਤੇ ਆਧਾਰਿਤ ਹਨ। ਸਾਡੇ ਸਰੀਰ ਤਾਂ ਆਖ਼ਰ ਉਹੀ ਕੁਝ ਹਨ, ਜੋ ਕੁਝ ਉਨ੍ਹਾਂ ਅੰਦਰ ਪਾਇਆ ਜਾਂਦਾ ਹੈ।

ਕੈਂਸਰ ਕਿਓਰ/ਸਫ਼ਾਈ/ਵਿਜੈ☼

ਡਾ. ਅਰਨਸਟ ਕ੍ਰੈਬਜ਼, ਜਿਸ ਨੇ ਵਿਟਾਮਿਨ ਬੀ-17 ਖੋਜਿਆ, ਕਹਿੰਦਾ ਹੈ: "ਮੈਂ ਜਦੋਂ ਕੈਂਸਰ ਇਲਾਜ ਬਾਰੇ ਅਸਰਦਾਰ ਲੈਕਚਰ (ਬੀ 17 ਬਾਰੇ) ਦੇ ਕੇ ਸਾਨ ਫ੍ਰਾਂਸਿਸਕੋ ਦੀ ਸੜਕ ਉੱਤੇ ਚੱਲ ਪਿਆ ਤਾਂ ਕਿਸੇ ਨੇ ਕਾਰ ਦੀ ਵਿੰਡ ਸ਼ੀਲਡ ਗੋਲੀ ਨਾਲ ਉਡਾ ਦਿੱਤੀ। ਤਿੰਨ ਸੌ ਮੀਲ ਸਫ਼ਰ ਕਰ ਕੇ ਜਿਥੇ ਰਾਤ ਗੁਜ਼ਾਰੀ, ਉਥੇ ਪਿਛਲੀ ਬਾਰੀ ਦਾ ਸ਼ੀਸ਼ਾ ਗੋਲੀ ਨਾਲ ਉਡਾ ਦਿੱਤਾ ਗਿਆ। ਪੁਲੀਸ ਨੇ ਮੈਨੂੰ ਰਾਇ ਦਿੱਤੀ ਕਿ ਸ਼ਾਇਦ ਕੋਈ ਤੁਹਾਨੂੰ ਸੁਨੇਹਾ ਦੇਣ ਦੀ ਕੋਸ਼ਿਸ਼ ਵਿਚ ਹੈ।"

ਕੌੜੇ ਬਦਾਮ (ਸਾਧਾਰਨ ਬਦਾਮ ਨਹੀਂ) 'ਦੇਸੀ' ਇਲਾਜ ਅੰਦਰ ਚੜ੍ਹਤ ਵਿਚ ਸਨ ਕਿਉਂਕਿ ਉਨ੍ਹਾਂ ਅੰਦਰ ਵਿਟਾਮਿਨ ਬੀ-17 ਹੁੰਦਾ ਹੈ। ਐਪ੍ਰੀਕਾਟ/ਖ਼ੁਰਮਾਨੀ ਦੇ ਬੀਜਾਂ ਅੰਦਰ ਵੀ ਬੀ-17 ਮਿਲਣਾ ਸ਼ੁਰੂ ਹੋਇਆ ਤਾਂ 'ਐੱਫ.ਡੀ.ਏ.' ਦੇ ਹਥਿਆਰਬੰਦ ਧਾਵਿਆਂ ਹੇਠ ਇਨ੍ਹਾਂ ਦੀ ਵਿਕਰੀ ਬੰਦ ਹੋਈ। ਐੱਫ.ਡੀ.ਏ. ਨੇ ਖੁੱਲ੍ਹੇਆਮ, ਖ਼ੁਰਮਾਨੀ ਦੇ ਬੀਜ ਅਤੇ ਵਿਟਾਮਿਨ ਬੀ-17 ਦੇ ਸਤ ਉੱਤੇ ਪਾਬੰਦੀ ਲਾ ਦਿੱਤੀ, ਅਖੇ ਕੈਂਸਰ ਦੇ ਇਲਾਜ ਲਈ ਇਹ ਅਣਮੰਨੀ/ਅਪ੍ਰਵਾਨਿਤ ਦਵਾਈ ਹੈ। ਬਰਤਾਨੀਆ ਸਰਕਾਰ ਨੇ ਵੀ ਇੰਜ ਹੀ 2008 ਵਿਚ ਪਾਬੰਦੀ ਲਾ ਦਿੱਤੀ। ਸ਼ੁਕਰ ਹੈ ਅਜੇ ਤਕ ਭਾਰਤ ਦੇ ਅੰਦਰ, ਅਜਿਹੀ ਪਾਬੰਦੀ ਲਾਉਣ ਦੀ ਕਿਸੇ ਮਾਈ ਦੀ ਲਾਲ ਸਰਕਾਰ ਦੀ ਹਿੰਮਤ ਨਹੀਂ ਹੈ। ਆਉਣ ਵਾਲਾ ਸਮਾਂ ਕਿਸ ਨੇ ਵੇਖਿਆ ਹੈ। ਜੇ 'ਜੀਨ ਪਰਵਰਤ' ਬੀਜ ਕੰਪਨੀਆਂ ਏਥੇ ਆਪਣਾ ਅੱਡਾ ਕਾਇਮ ਕਰ ਗਈਆਂ ਤਾਂ ਇਕ ਦਿਨ ਕੁਦਰਤੀ ਖ਼ੁਰਾਕਾਂ/ਇਲਾਜਾਂ ਦੀ ਵਾਰੀ ਵੀ ਆ ਸਕਦੀ ਹੈ। ਦੋਵੇਂ ਅਮਰੀਕਾ ਅਤੇ ਬਰਤਾਨੀਆ ਅੰਦਰ ਲੋਕਾਂ ਨੂੰ ਖ਼ੁਰਮਾਨੀ ਦੇ ਬੀਜ ਵੇਚਣ ਪਿੱਛੇ ਕੈਦ ਕਰ ਕੇ ਮੁਕੱਦਮੇ ਚਲਾਏ ਗਏ। ਮੈਂ ਏਸ ਬਾਰੇ *ਨਿਊਯਾਰਕ ਟਾਈਮਜ਼* ਦੀ 24 ਨਵੰਬਰ 1977 ਦੀ ਰਿਪੋਰਟ ਵੇਖੀ ਹੈ। *ਨਿਊਯਾਰਕ ਟਾਈਮਜ਼* ਨੇ ਇਲਜ਼ਾਮ ਲਾਇਆ ਕਿ "ਵਿਟਾਮਿਨ ਬੀ-17 ਦੀਆਂ ਚੰਗੀਆਂ ਰਿਪੋਰਟਾਂ ਨੂੰ ਜਾਣ ਬੁੱਝ ਕੇ ਦਬਾਇਆ ਗਿਆ ਹੈ।" ਮੇਰੀ ਪੋਤਰੀ ਮੈਡੀਕਲ ਕਾਲਜ ਦੇ ਪਹਿਲੇ ਸਾਲ

ਵਿਚ ਪੜ੍ਹ ਰਹੀ ਹੈ। ਮੈਂ ਉਸ ਨੂੰ ਪੁੱਛਿਆ ਕਿ ਤੇਰੀ ਫ਼ਿਜ਼ਿਆਲੋਜੀ ਦੀ ਕਿਤਾਬ ਵਿਟਾਮਿਨ ਬੀ-17 ਬਾਰੇ ਕੀ ਕਹਿੰਦੀ ਹੈ ? ਉਸ ਦੱਸਿਆ ਕਿ ਪੂਰੀ ਕਿਤਾਬ ਅੰਦਰ ਵਿਟਾਮਿਨ ਬੀ-17 ਦਾ ਭੋਗ ਨਹੀਂ ਪਾਇਆ ਗਿਆ।

ਸਲੋਨ ਕੇਟਰਿੰਗ ਕੈਂਸਰ ਇੰਸਟੀਚਿਊਟ ਦੇ ਡਾ. ਸਿਗਿਊਰਾ ਨੇ ਕਿਹਾ ਕਿ "ਚੂਹਿਆਂ ਉੱਤੇ ਜੋ ਤਜਰਬੇ ਕੀਤੇ ਗਏ ਹਨ, ਉਨ੍ਹਾਂ ਅਨੁਸਾਰ ਕੈਂਸਰ-ਵਿਰੋਧ ਵਿਚ ਲੇਟ੍ਰਾਈਟ (ਵਿਟਾਮਿਨ ਬੀ-17) ਸਭ ਤੋਂ ਉੱਤਮ ਹੈ।" ਮੈਂ ਇਸ ਅਦਾਰੇ ਵਿਚ ਕਈ ਵਾਰ ਗਿਆ ਸਾਂ, ਆਪਣੀ ਪਤਨੀ ਦੇ ਫੇਫੜੇ ਦੇ ਕੈਂਸਰ ਦਾ ਇਲਾਜ ਕਰਵਾਉਣ ਲਈ। ਜੇ ਮੈਨੂੰ ਕੈਂਸਰ ਇਲਾਜ ਦੀਆਂ ਅੰਦਰਲੀਆਂ ਘੁੰਡੀਆਂ ਦਾ ਪਤਾ ਹੁੰਦਾ ਤਾਂ ਕਦਾਚਿਤ ਉਥੋਂ ਇਲਾਜ ਨਾ ਕਰਵਾਉਂਦਾ।

ਕੌੜੇ ਦੇਸੀ/ਕਾਬਲੀ ਬਦਾਮਾਂ ਅੰਦਰ ਲੇਟਰਾਈਲ ਚੋਖੀ ਮਾਤਰਾ ਵਿਚ ਲੱਭਿਆ ਗਿਆ। ਅਮਰੀਕਾ ਅੰਦਰ ਤਾਂ ਅਜਿਹੇ ਬਦਾਮਾਂ ਦੀ ਵੰਨਗੀ ਵੀ ਨਹੀਂ ਮਿਲੇਗੀ। ਬਸ ਵੱਡੇ ਵੱਡੇ ਮਿੱਠੇ ਕੈਲੀਫ਼ੋਰਨੀਆ ਦੇ ਬਦਾਮ। ਪਤੈ, ਇਲਾਜਾਂ ਉੱਤੇ ਕੰਟਰੋਲ ਰੱਖਦੇ ਸਰਕਾਰੀ ਅਦਾਰੇ ਵਿਟਾਮਿਨ ਬੀ-17 ਲਈ ਦਵਾਈ ਜਾਂ ਖ਼ੁਰਾਕ ਦੇ ਤੌਰ 'ਤੇ ਆਗਿਆ/ਢਿੱਲ ਕਿਉਂ ਨਹੀਂ ਦਿੰਦੇ ? ਸਿਰਫ਼ ਇਸ ਲਈ ਕਿ ਇਹ ਮਹਾਂ ਅਸਰਦਾਰ ਹੈ। ਜੇ ਇਹ ਅੱਗੇ ਆ ਗਈ ਤਾਂ ਕੁਲ ਕੈਂਸਰ ਸਨਅਤ ਦੀ ਕਮਾਈ ਦਾ ਕੀ ਬਣੇਗਾ ? ਰਵਾਇਤੀ ਦੇਸੀ ਇਲਾਜ ਨਾਲ ਰੋਗੀ ਲੰਮਾ ਚਿਰ ਬਚੇ ਰਹਿੰਦੇ ਹਨ।

ਵਿਟਾਮਿਨ ਬੀ-17 ਅਤੇ ਕੌੜੇ ਬਦਾਮਾਂ ਦੀ ਧਮਾਕੇਦਾਰ ਮਸ਼ਹੂਰੀ ਦੇ ਪਿੱਛੇ ਸੀ, ਉਸ ਦੀ ਜਾਦੂਈ ਕੈਂਸਰ ਮੁਕਾਉਣ ਦੀ ਸ਼ਕਤੀ। ਇੰਜ ਗ਼ੈਰ-ਰਸਮੀ ਡਾਕਟਰੀ ਨੇ ਤਾਂ ਕੈਂਸਰ ਦਾ ਇਲਾਜ 1930 ਵਿਚ ਲੱਭ ਲਿਆ ਹੋਇਆ ਸੀ – ਇਕ ਜਾਦੂਈ ਗੋਲੀ। ਫ਼ਾਰਮਾ ਸਨਅਤ ਨੂੰ ਇਹ ਕਿਵੇਂ ਪੱਚ ਸਕਦੀ ਸੀ ?

ਵਿਟਾਮਿਨ ਬੀ-17 ਅੰਦਰ ਇਕ ਅਤਿਅੰਤ ਨਿੱਕੀ ਮਾਤਰਾ ਹੈ ਸਾਇਆਨਾਈਡ ਦੀ, ਜੋ ਅੰਦਰਲੇ ਹੋਰਨਾਂ ਪਦਾਰਥਾਂ ਦੇ ਨਾਲ ਕੱਜਿਆ/ਰੋਕਿਆ ਰਹਿੰਦਾ ਹੈ। ਹਾਲਾਂ ਇਹ ਨਹੀਂ ਸਮਝ ਆ ਸਕੀ ਕਿ ਇਕੱਲੇ ਕੈਂਸਰ ਸੈੱਲ ਹੀ ਕਿਉਂ ਇਸ ਸਾਇਆਨਾਈਡ 'ਗੋਲੀ' ਹੱਥੋਂ ਮਾਰੇ ਜਾਂਦੇ ਹਨ।

ਸਤੰਬਰ 2007 ਵਿਚ ਜਦੋਂ ਬੀ-17 ਨਾਲ ਰਾਜ਼ੀ ਹੋਣਾ ਸਿਖਰਾਂ ਉੱਤੇ ਸੀ (ਕਾਸ਼ ਮੈਨੂੰ ਉਸ ਸਮੇਂ ਪਤਾ ਹੁੰਦਾ) ਤਾਂ ਔਫ਼.ਡੀ.ਏ. ਨੇ ਇਸ ਨੂੰ ਮੁਕਾਉਣ ਲਈ ਇਕ ਪਾਜ ਘੜਿਆ। ਅਖੇ, ਪਿਛਲੇ ਪੰਜਾਂ ਸਾਲਾਂ ਵਿਚ ਦੋ ਵਾਰੀ ਬਦਾਮਾਂ ਤੋਂ ਟਾਈਫ਼ਾਈਡ ਰੋਗ ਫੁੱਟਿਆ ਹੈ। ਕੁੱਲ ਬਦਾਮ ਦੇਸ ਦੀ ਸਿਹਤ ਲਈ ਖ਼ਤਰਾ ਬਣ ਗਏ ਹਨ, ਏਸ ਲਈ ਹਰ ਕਿਸਮ ਦੇ ਬਦਾਮਾਂ ਸਮੇਤ ਕੌੜੇ ਬਦਾਮਾਂ ਦਾ 'ਪੈਸਚੂਰਾਈਜ਼' ਕੀਤਾ ਜਾਵੇ। ਏਸ ਗਰਮਾਇਸ਼ ਨਾਲ ਬਾਦਾਮ ਦੇ ਅੰਦਰੋਂ ਇੱਕੋ ਹੀ ਅੰਦਰੂਨੀ ਬਦਲੀ ਆਉਂਦੀ ਹੈ, ਉਹ ਹੈ ਵਿਟਾਮਿਨ ਬੀ-17 ਦੀ ਮੁਕੰਮਲ ਤਬਾਹੀ। ਕੌੜੇ ਬਦਾਮਾਂ ਦਾ ਬੂਟਾ 1955 ਤੋਂ ਹੀ ਅਮਰੀਕਾ ਅੰਦਰ ਬੈਨ/ਪਾਬੰਦ ਕੀਤਾ ਜਾ ਚੁੱਕਾ ਸੀ।

ਅਮਰੀਕਾ ਅੰਦਰ ਜਿਹੜੇ ਡਾਕਟਰ ਰੋਗੀਆਂ ਲਈ ਲੈਟਰਿਲ (ਵਿਟਾਮਿਨ ਬੀ-17) ਲਿਖਦੇ ਹਨ, ਉਨ੍ਹਾਂ ਨੂੰ ਨਾਲ ਹੀ ਨਾਲ ਔਫ਼.ਡੀ.ਏ. ਨੂੰ ਸੂਚਿਤ/ਆਗਾਹ

ਕਰਨਾ ਪੈਂਦਾ ਹੈ 'ਨਜ਼ਰਸਾਨੀ' ਵਾਸਤੇ। ਹੇਠ ਲਿਖੀਆਂ ਚੀਜ਼ਾਂ ਅਮਰੀਕਨ ਸ਼ਹਿਰੀਆਂ ਦੀ "ਸਿਹਤ ਬਚਾਉਣ" ਲਈ ਦੇਸ ਅੰਦਰ ਨਹੀਂ ਲਿਆਈਆਂ ਜਾ ਸਕਦੀਆਂ – ਅਸਟ੍ਰੇਲੀਆਈ ਬਦਾਮ, ਕੱਚੇ ਬਦਾਮ (ਭਾਵ ਜਿਨ੍ਹਾਂ ਨੂੰ ਗਰਮਾਇਆ ਨਾ ਗਿਆ ਹੋਵੇ)।

ਅਮਰੀਕਾ ਅੰਦਰ ਸਰਕਾਰੀ ਹੁਕਮਾਂ ਹੇਠ ਕੁੱਲ ਬਦਾਮ ਪੈਸਚੂਰਾਈਜ਼ ਕੀਤੇ ਜਾਂਦੇ ਹਨ। ਕਾਹਦੇ ਵਿਚ ? ਪ੍ਰਾਪੀਲੀਨ ਆਕਸਾਈਡ ਵਿਚ, ਜੋ ਆਪ ਇਕ ਕੈਂਸਰ ਕਰਤਾ ਹੈ। ਕੈਲੀਫ਼ੋਰਨੀਆ ਅੰਦਰ ਵਰਤੇ ਜਾਂਦੇ ਕੈਂਸਰ-ਕਰਤਾ 65 ਕੈਮੀਕਲਾਂ ਵਿੱਚੋਂ ਇਕ ਪ੍ਰਾਪੀਲੀਨ ਆਕਸਾਈਡ ਹੈ। ਇਹ ਕੈਂਸਰ ਵੀ ਕਰਦਾ ਹੈ ਅਤੇ ਸੰਤਾਨ ਉਤਪਤੀ ਵਿਚ ਵੀ ਵਿਘਨ ਬਣਦਾ ਹੈ।

ਐੱਫ਼.ਡੀ.ਏ. ਕਹਿੰਦੀ ਸੀ ਕਿ ਕੌੜੇ ਬਦਾਮ 'ਜ਼ਹਿਰੀਲੇ' ਹੁੰਦੇ ਹਨ, ਪਰ ਉਹ 'ਖ਼ਤਰਨਾਕ' ਓਦੋਂ ਬਣ ਗਏ, ਜਦੋਂ ਉਨ੍ਹਾਂ ਅੰਦਰ ਕੈਂਸਰ-ਮਾਰੂ ਵਿਟਾਮਿਨ ਬੀ-17 ਲੱਭਿਆ। ਕੌੜੇ ਬਦਾਮ ਤਾਂ ਇਨਸਾਨ ਪਿਛਲੇ 9000 ਸਾਲਾਂ ਤੋਂ ਖਾਂਦਾ ਆ ਰਿਹਾ ਹੈ।

ਕੈਂਸਰ ਮੁਕਤੀ : ਬਡਵਿਗ ਪ੍ਰਣਾਲੀ/ਪ੍ਰੋਟੋਕੋਲ

"ਮੇਰੇ ਕੋਲ ਕੈਂਸਰ ਦਾ ਇਲਾਜ ਹੈ, ਪਰ ਅਮਰੀਕਨ ਡਾਕਟਰ ਸੁਣਨ ਲਈ ਤਿਆਰ ਨਹੀਂ। ਉਹ ਆ ਕੇ ਮੇਰੇ ਕੰਮ ਨੂੰ ਵੇਖ ਕੇ ਉਤਸ਼ਾਹਤ/ਪ੍ਰਭਾਵਿਤ ਹੁੰਦੇ ਹਨ। ਫਿਰ ਉਹ ਮੇਰੇ ਨਾਲ ਸੌਦਾ ਕਰਨਾ ਚਾਹੁੰਦੇ ਹਨ, ਜੋ ਘਰ ਲਿਜਾ ਕੇ ਚੋਖਾ ਪੈਸਾ ਕਮਾ ਸਕਣ। ਮੈਂ ਇਸ ਲਈ ਰਾਜ਼ੀ ਨਹੀਂ ਹੁੰਦਾ। ਨਤੀਜਾ – ਮੈਨੂੰ ਹਰ ਦੇਸ ਅੰਦਰ ਭੰਡਿਆ ਜਾਂਦਾ ਹੈ।"

–ਡਾ. ਜੋਹਾਨਾ ਬਡਵਿਗ, ਐੱਮ.ਡੀ.

ਡਾ. ਜੋਹਾਨਾ 95 ਸਾਲ ਦੀ ਹੋ ਕੇ 2003 ਵਿਚ ਗੁਜ਼ਰ ਗਈ। ਉਸ ਸਮੇਂ ਵੇਖਣ ਨੂੰ ਉਹ 65-70 ਸਾਲਾਂ ਦੀ ਦਿੱਸਦੀ ਸੀ। 7 ਵਾਰ ਉਸ ਨੂੰ ਨੋਬੇਲ ਪੁਰਸਕਾਰ ਦੇ ਡਾਕਟਰੀ ਖੇਤਰ ਲਈ ਨਾਮਜ਼ਦ ਕੀਤਾ ਗਿਆ, ਪਰ ਮਿਲਿਆ ਨਹੀਂ। ਬਡਵਿਗ ਖ਼ੁਰਾਕ ਰੋਗੀ ਨੂੰ ਕੈਂਸਰ ਮੁਕਤ ਕਰਦੀ ਸੀ, ਨਿਰਾ ਇਲਾਜ ਹੀ ਨਹੀਂ ਸੀ ਕਰਦੀ। ਜੋਹਾਨਾ ਨੇ ਸਿਰੇ 'ਤੇ ਪਹੁੰਚੇ ਬੇਅੰਤ ਕਿਸਮ ਦੇ ਕੈਂਸਰ ਰੋਗੀ ਰੋਗ-ਮੁਕਤ ਕੀਤੇ। ਉਹ ਰੋਗੀ ਵੀ ਜਿਨ੍ਹਾਂ ਨੂੰ ਕੈਂਸਰ ਵਿਸ਼ੇਸ਼ਗਾਂ ਨੇ ਅਸਾਧ ਐਲਾਨਿਆ ਹੋਇਆ ਸੀ। ਜਿਹੜੇ ਵੀ ਰੋਗੀ ਉਹਦੇ ਵੱਲ ਪਹੁੰਚ ਗਏ, ਉਸ ਨੇ ਥੋੜ੍ਹੇ ਸਮੇਂ ਵਿਚ ਘੱਟ ਖ਼ਰਚ ਨਾਲ, ਆਸਾਨੀ ਨਾਲ ਸਦੀਵੀ ਤੌਰ ਉੱਤੇ ਰਾਜ਼ੀ ਕੀਤਾ। ਵਰਤੀਆਂ ਜਾ ਰਹੀਆਂ ਚੀਜ਼ਾਂ ਜ਼ਹਿਰੀਲੀਆਂ ਨਹੀਂ ਸਨ ਅਤੇ ਨਾ ਹੀ ਕੋਈ 'ਸਾਈਡ ਈਫ਼ੈਕਟ' ਸਨ।

ਡਾ. ਬਡਵਿਗ ਦੇ ਇਲਾਜ ਨੂੰ ਦਬਾਅ ਕੇ ਰੱਖਿਆ ਜਾ ਰਿਹਾ ਹੈ। ਕੈਂਸਰ ਵਿਰੁੱਧ ਉਸ ਦੇ ਮਹਾਂ ਹਥਿਆਰ ਸਨ – ਸਾਧਾਰਨ ਕੁਆਰਕ ਪਨੀਰ ਅਤੇ ਅਲਸੀ ਦਾ ਤੇਲ (ਓਮੇਗਾ 3 ਨਾਲ ਭਰਿਆ ਹੁੰਦਾ ਹੈ)। ਇਹ ਸਾਧਾਰਨ ਜੇਹਾ ਮਿਸ਼ਰਣ ਅਤੇ ਬਡਵਿਗ ਦੀ ਸੁਝਾਈ ਖ਼ੁਰਾਕ, ਸਰੀਰ ਦੇ ਟਿਸ਼ੂਆਂ ਅੰਦਰ ਡੂੰਘੇ ਜਾ ਕੇ ਆਕਸੀਜਨ ਪੁਚਾਉਂਦੀ ਹੈ, ਅਤੇ ਸਰੀਰ ਨੂੰ ਹਾਨੀ ਤੋਂ ਬਚਾਉਂਦੀ ਹੈ।

ਕੋਈ ਵੀ ਖ਼ੁਰਾਕ ਵਸਤੂ, ਜਿਸ ਅੰਦਰ ਸਲਫ਼ਰ (ਗੰਧਕ) ਭਰੀਆਂ ਪ੍ਰੋਟੀਨਾਂ

ਹੋਣ, ਵਰਤੀ ਜਾ ਸਕਦੀ ਹੈ, ਜਿਵੇਂ ਬਿਨਾਂ ਖੰਡ ਦੇ ਲੱਸੀ ਅਤੇ ਘਰ ਦਾ ਬਣਾਇਆ ਪਨੀਰ। ਸੋ ਤਾਜ਼ੇ ਅਲਸੀ ਦੇ ਤੇਲ ਅਤੇ ਪਨੀਰ ਦੀ ਲੇਟੀ ਨਾਲ ਉਸ ਦੀ ਸੁਝਾਈ ਖ਼ੁਰਾਕ ਵਿਚ ਘਿਓ, ਮੱਖਣ ਅਤੇ ਮਲਾਈ ਉੱਤੇ ਵੀ ਜ਼ੋਰ ਸੀ। ਡਾ. ਜੋਹਾਨਾ ਬਡਵਿਗ ਨੇ ਵੀ ਓਹੀ ਖ਼ਿਆਲਿਆ, ਜੋ ਕਦੇ ਵਾਰਬਰਗ ਨੇ ਕੈਂਸਰ ਨੂੰ ਮਾਰ ਮੁਕਾਉਣ ਲਈ ਲੱਭਿਆ ਸੀ – ਰੱਬ ਦੀ ਦਿੱਤੀ ਹੋਈ ਆਕਸੀਜਨ ਦੀ ਦਾਤ।

ਘੁੰਡੀ ਇਹ ਹੈ ਕਿ ਡੂੰਘਿਆਂ ਟਿਸ਼ੂਆਂ ਅੰਦਰਲੇ ਸੈੱਲਾਂ ਨੂੰ, ਇਕ ਵਾਰ ਫੇਰ ਆਕਸੀਜਨ ਖਾਣ ਦੀ ਸਿਖਲਾਈ ਦੇਣੀ ਹੈ। ਹੋਰਨਾਂ ਢੰਗਾਂ ਨਾਲੋਂ ਡਾ. ਬਡਵਿਗ ਨੇ ਕਿਤੇ ਸੌਖਾ ਅਤੇ ਫੁਰਤੀਲਾ ਢੰਗ ਲੱਭਿਆ, ਆਕਸੀਜਨ ਰਚਾਉਣ ਦਾ। ਉਸ ਨੇ ਲੱਭਿਆ ਕਿ ਕਹਿਣ ਨੂੰ 'ਸਿਹਤਮੰਦ' ਚਰਬੀ-ਰਹਿਤ ਖ਼ੁਰਾਕਾਂ ਅੰਦਰ ਇਕ ਵੱਡੀ ਕੈਂਸਰ ਦੀ ਸਮੱਸਿਆ ਲੁਕੀ ਹੋਈ ਸੀ। ਉਹ ਖ਼ੁਰਾਕਾਂ ਸੈੱਲਾਂ ਉੱਤੇ ਪਹੁੰਚ ਕੇ ਆਕਸੀਜਨ ਭੁੱਖ ਵਧਾਉਂਦੀਆਂ ਸਨ। ਉਨ੍ਹਾਂ ਦੀ ਥਾਂ ਉੱਤੇ ਡਾਕਟਰ ਬਡਵਿਗ ਨੇ ਲਿਆਂਦੀਆਂ ਕੁਦਰਤੀ ਖ਼ੁਰਾਕਾਂ ਅਤੇ ਜ਼ਰੂਰੀ 'ਫ਼ੈਟੀ ਐਸਿਡ'। ਏਸ ਤੋਂ ਛੁੱਟ ਧੁੱਪ ਵਿਚ ਬੈਠ ਕੇ ਆਪਣੀ ਚਮੜੀ ਅੰਦਰ ਕੈਂਸਰ ਵਿਰੋਧੀ ਵਿਟਾਮਿਨ ਡੀ-3 ਬਣਾਉਣ ਅਤੇ ਮਨ ਉੱਤੋਂ ਬੋਝ ਮਾਨਸਿਕ ਤਣਾਓ ਅਤੇ ਫ਼ਿਕਰ ਮਿਟਾਉਣੇ ਵੀ ਇਲਾਜ ਦਾ ਹਿੱਸਾ ਸਨ।

"ਫ਼ੈਟੀ ਏਸਿਡਾਂ" ਤੋਂ ਬਿਨਾਂ ਸੈੱਲਾਂ ਅਤੇ ਟਿਸ਼ੂਆਂ ਦੀ ਸਾਹ ਪ੍ਰਕਿਰਿਆ ਕੰਮ ਨਹੀਂ ਕਰ ਸਕਦੀ, ਇਨਸਾਨ ਨੂੰ ਭਾਵੇਂ ਕਿੰਨੀ ਵੀ ਆਕਸੀਜਨ ਅੰਦਰ ਰੱਖਿਆ ਜਾਵੇ। ਓਸੇ ਤਰ੍ਹਾਂ ਅਸੀਂ 'ਫ਼ੈਟੀ ਐਸਿਡਾਂ' ਤੋਂ ਬਿਨਾਂ ਵੀ ਨਹੀਂ ਬਚ ਸਕਦੇ। ਏਹ ਤਾਂ ਕਦੋਂ ਦਾ ਸਾਬਤ/ਸਿੱਧ ਹੋ ਚੁੱਕਾ ਹੈ।" *–ਡਾ. ਜੋਹਾਨਾ ਬਡਵਿਗ*

ਕੈਂਸਰ ਮੁਕਤੀ – ਹੌਕਸੇ ਢੰਗ

"ਹੌਕਸੇ ਇਲਾਜ" ਵਿਰੁੱਧ ਹਰ ਪਾਸਿਓਂ ਪ੍ਰਚਾਰ ਕੀਤਾ ਗਿਆ। ਕੁਝ ਚੀਜ਼ਾਂ ਤਾਂ ਕਦੇ ਵੀ ਨਹੀਂ ਬਦਲਦੀਆਂ। ਸਰਕਾਰੀ ਟੱਟੂ ਤਾਂ ਟੈਕਸਾਂ ਅਤੇ ਮੌਤ ਦੇ ਹੀ ਸੂਚਕ ਹੁੰਦੇ ਹਨ। 21 ਸਤੰਬਰ 1960 ਨੂੰ ਸਰਕਾਰੀ ਹੁਕਮਾਂ ਹੇਠ ਹੌਕਸੇ ਕੈਂਸਰ ਇਲਾਜ-ਕੇਂਦਰ ਬੰਦ ਕਰ ਦਿੱਤਾ ਗਿਆ।

ਡਾ. ਹੈਰੀ ਹੌਕਸੇ ਕੁਦਰਤੀ ਇਲਾਜ ਵਰਤਦਾ ਸੀ। ਕੋਈ ਮੁੱਲ ਤਾਰ ਸਕੇ ਜਾਂ ਨਾ, ਇਲਾਜ ਸਭ ਨੂੰ ਮਿਲਦਾ ਸੀ। ਏਸ ਕੁਐਕਰੀ/ਨੀਮ ਹਕੀਮੀ ਲਈ ਉਹ ਬੇਅੰਤ ਵਾਰ ਗ੍ਰਿਫ਼ਤਾਰ ਕੀਤਾ ਗਿਆ। ਜੱਜਾਂ ਦੇ ਬੈਂਚਾਂ ਨੇ ਦੋ ਵਾਰ ਉਸ ਨੂੰ "ਮੈਡੀਕਲ ਧੋਖੇ" ਤੋਂ ਮੁਕਤ ਕਰ ਦਿੱਤਾ ਕਿਉਂਕਿ ਉਨ੍ਹਾਂ ਵੇਖਿਆ ਕਿ ਉਹਦੇ ਢੰਗਾਂ ਨਾਲ ਸੱਚਮੁੱਚ ਕੈਂਸਰ ਤੋਂ ਮੁਕਤੀ ਮਿਲਦੀ ਸੀ ਅਤੇ ਇਲਾਜ ਢੰਗ ਖ਼ਤਰੇ ਤੋਂ ਰਹਿਤ/ਮੁਕਤ ਸਨ। ਹੌਕਸੇ ਦੇ 10,000 ਤੋਂ ਵੱਧ ਮਰੀਜ਼ਾਂ ਵਿੱਚੋਂ ਕੋਈ ਇਕ ਵੀ ਉਸ ਦੇ ਖ਼ਿਲਾਫ਼ ਬਿਆਨ ਦੇਣ ਲਈ ਤਿਆਰ ਨਹੀਂ ਸੀ। ਡਾਲਾਸ ਦੇ ਜ਼ਿਲ੍ਹੇ ਦੇ ਸਰਕਾਰੀ ਵਕੀਲ ਨੇ, ਜਿਸ ਨੇ ਹੌਕਸੇ ਨੂੰ ਸੌ ਵਾਰ ਤੋਂ ਵੱਧ ਗ੍ਰਿਫ਼ਤਾਰ ਕੀਤਾ ਸੀ, ਅਖ਼ੀਰ ਆਪਣੇ ਭਰਾ ਦੇ ਕੈਂਸਰ

ਦਾ ਸਫਲ ਇਲਾਜ ਓਸੇ ਦੇ ਹੱਥੋਂ ਕਰਵਾਇਆ। ਉਸ ਪਿੱਛੋਂ ਸਰਕਾਰੀ ਵਕੀਲ ਨੇ ਹੌਕਸੇ ਨੂੰ ਕਦੇ ਨਹੀਂ ਛੂਹਿਆ।

ਅਮਰੀਕਨ ਮੈਡੀਕਲ ਐਸੋਸੀਏਸ਼ਨ, ਹੌਕਸੇ ਦੇ ਸਫਲ ਇਲਾਜ ਦੇ ਸਬੂਤਾਂ ਦੇ ਪੁਲੰਦਿਆਂ ਵੱਲ ਵੇਖਣ ਲਈ ਵੀ ਤਿਆਰ ਨਹੀਂ ਸੀ ਮਤੇ ਇੰਜ ਹੌਕਸੇ ਇਲਾਜ ਨੂੰ 'ਕਾਨੂੰਨੀ ਮਾਨਤਾ' ਮਿਲ ਜਾਵੇ।

ਸੱਚੀ ਸਾਇੰਸ ਨੂੰ ਛਾਣਬੀਣ ਤੋਂ ਡਰ ਕਿਉਂ ਲੱਗੇ ?

"ਜਦੋਂ ਰਾਜ਼ੀ ਕਰਨਾ ਜੁਰਮ ਹੁੰਦਾ ਹੈ", ਹੌਕਸੇ ਦੇ ਕੰਮ ਬਾਰੇ ਇਹ ਕਿਤਾਬ 'ਕੈਨੀ ਓਸੂਬੇਲ' ਨੇ ਲਿਖੀ। ਏਸ ਪਿੱਛੋਂ 'ਏ.ਐੱਮ.ਏ.' ਹੌਕਸੇ ਦਾ ਨੁਸਖਾ ਖ਼ਰੀਦਣ ਲਈ ਤਿਆਰ ਹੋ ਗਈ। ਹੌਕਸੇ ਨੇ ਸ਼ਰਤ ਇਹ ਰੱਖੀ ਕਿ ਕਿਸੇ ਰੋਗੀ ਨੂੰ ਇਲਾਜ ਤੋਂ ਇਸ ਲਈ ਵਾਂਝੇ ਨਹੀਂ ਰੱਖਿਆ ਜਾਵੇਗਾ, ਕਿਉਂਕਿ ਉਸ ਦੇ ਕੋਲ ਪੈਸਾ ਨਹੀਂ ਹੈ। 'ਏ.ਐੱਮ.ਏ.' ਨੇ ਇਹ ਸ਼ਰਤ ਠੁਕਰਾ ਦਿੱਤੀ ਅਤੇ ਕੁਲ ਮੀਡੀਆ ਵਿਚ ਹੌਕਸੇ ਖ਼ਿਲਾਫ਼ ਪ੍ਰਚਾਰ ਸ਼ੁਰੂ ਹੋ ਗਿਆ। ਉਸ ਨੂੰ ਦੂਰੋਂ ਗੋਲੀ ਨਾਲ ਮਾਰਨ ਦੀ ਕੋਸ਼ਿਸ਼ ਵੀ ਕੀਤੀ ਗਈ, ਪਰ ਉਹ ਬਚ ਰਿਹਾ। ਆਖ਼ਰ ਹੌਕਸੇ ਦਾ ਇਲਾਜ ਅਮਰੀਕਾ ਅੰਦਰ ਕਾਨੂੰਨਨ ਬੰਦ ਕੀਤਾ ਗਿਆ ਅਤੇ 1963 ਵਿਚ ਉਹ ਮੈਕਸੀਕੋ ਦੇਸ ਵਿਚ ਜਾ ਵੱਸਿਆ। ਬੇਅੰਤ ਅਮਰੀਕਨ ਰੋਗੀ ਆਪਣਾ ਇਲਾਜ ਕਰਵਾਉਣ ਲਈ ਮੈਕਸੀਕੋ ਜਾਣੇ ਸ਼ੁਰੂ ਹੋ ਗਏ। ਹੌਕਸੇ ਇਲਾਜ ਵਿਚ 80 ਪ੍ਰਤੀਸ਼ਤ ਰੋਗੀਆਂ ਨੂੰ ਰੋਗ-ਮੁਕਤੀ ਹੋ ਜਾਂਦੀ ਸੀ। ਅਮਰੀਕਨ ਮੈਡੀਕਲ/ਹਸਪਤਾਲ ਸਕੂਲ ਉਸ ਦੇ ਢੰਗਾਂ ਨੂੰ ਵਰਤ ਨਹੀਂ ਸਕਦੇ, ਕਿਉਂਕਿ ਐੱਫ.ਡੀ.ਏ. ਨੇ ਪਾਬੰਦੀ ਲਗਾ ਰੱਖੀ ਹੈ।

ਹੌਕਸੇ ਇਲਾਜ ਢੰਗ ਕੀ ਹੈ ? ਹੌਕਸੇ ਇਲਾਜ ਸਰੀਰ ਅੰਦਰੋਂ "ਜ਼ਹਿਰ ਕੱਢਦਾ" ਹੈ ਅਤੇ ਇਮਿਊਨ/ਟਾਕਰਾ ਸ਼ਕਤੀ ਵਧਾਉਂਦਾ ਹੈ। ਏਸ ਦੇ ਨਾਲ ਖ਼ਾਸ ਖ਼ੁਰਾਕ ਵੀ ਦਿੱਤੀ ਜਾਂਦੀ ਹੈ।

ਕੁਦਰਤ ਦੇ ਰੰਗ ਵੇਖੋ, ਜਦੋਂ ਹੌਕਸੇ ਨੂੰ ਕੈਂਸਰ ਹੋਇਆ ਤਾਂ ਉਸ ਦੇ ਆਪਣੇ ਇਲਾਜ ਕੰਮ ਨਾ ਆਏ ਤਾਂ ਉਸ ਨੇ ਰਵਾਇਤੀ ਐਲੋਪੈਥਿਕ ਕੈਂਸਰ ਡਾਕਟਰ ਦੀ ਸ਼ਰਨ ਲਈ। ਉਸ ਦੀ ਮੌਤ ਕੀਮੋ ਇਲਾਜ ਕਾਰਨ ਜਿਗਰ ਖ਼ਰਾਬ ਹੋ ਕੇ ਹੋਈ। ਤਾਂ ਵੀ ਡਾਕਟਰਾਂ ਨੇ ਉਸ ਦੀ ਮੌਤ ਦਾ ਕਾਰਨ ਲਿਖਿਆ 'ਕੈਂਸਰ'।

ਹੌਕਸੇ ਦਵਾਈ ਦਾ ਫ਼ਾਰਮੂਲਾ :

ਪੋਟਾਸ਼ੀਅਮ ਆਇਓਡਾਈਡ : 150 ਗ੍ਰਾਮ

ਮਲੱਠੀ, ਐਲਡਰ, ਬਕਥੌਰਨ ਅਤੇ ਲਾਲ ਕਲੋਵਰ/ਲੌਂਗ : 20 ਮਿਲੀਗ੍ਰਾਮ

ਜੜ੍ਹਾਂ, ਬਰਡੋਕ, ਸਟਿਲਿੰਗੀਆ, ਬਰਬਰਿਸ ਅਤੇ ਪੋਕ : 10 ਮਿਲੀਗ੍ਰਾਮ

ਕਸਕਾਰਾ ਅਤੇ ਪ੍ਰਿਕਲੀ ਐਸ਼/ਸਵਾਹ : 5 ਮਿਲੀਗ੍ਰਾਮ

ਹੇਠ ਲਿਖੀਆਂ ਵਸਤੂਆਂ ਤੋਂ ਪਰਹੇਜ਼ :

ਟਮਾਟਰ, ਸਿਰਕਾ, ਸੂਰ ਦਾ ਮਾਸ, ਸ਼ਰਾਬ, ਲੂਣ, ਖੰਡ ਅਤੇ ਮੈਦਾ।

ਜ਼ਿਆਦਾ ਵਰਤੋਂ ਵਾਕਫ਼ੀ ਲਈ ਇੰਟਰਨੈੱਟ ਨੂੰ ਫੋਲਿਆ ਜਾਵੇ।

ਕੈਂਸਰ ਮੁਕਤੀ – ਵਿਟਾਮਿਨ ਸੀ

ਅਮਰੀਕਾ ਅੰਦਰ ਸ਼ੁਰੂ ਦੇ ਦੇਸੀ ਡਾਕਟਰਾਂ ਵੱਲੋਂ ਜ਼ੋਰ ਨਾਲ ਕਿਹਾ ਜਾਂਦਾ ਸੀ ਕਿ 'ਵਿਟਾਮਿਨ ਸੀ' ਨਾਲ ਸਰੀਰ ਦਾ ਟਾਕਰਾ/ਇਮਿਊਨ ਸ਼ਕਤੀ ਵਧਦੀ ਹੈ ਅਤੇ ਬਿਮਾਰੀਆਂ ਘਟਦੀਆਂ ਹਨ। ਅਮਰੀਕਨ ਮੈਡੀਕਲ ਐਸੋਸੀਏਸ਼ਨ ਵੱਲੋਂ ਇਸ ਦਾ ਜ਼ੋਰਦਾਰ ਖੰਡਨ ਕੀਤਾ ਗਿਆ। ਐੱਫ਼.ਡੀ.ਏ. ਵੱਲੋਂ ਕੈਂਸਰ ਰੋਗੀਆਂ ਨੂੰ 'ਵਿਟਾਮਿਨ ਸੀ' ਵਰਤਣ ਦੀ ਮਨਾਹੀ ਹੈ। ਐੱਫ਼.ਡੀ.ਏ. ਨੂੰ ਉਨ੍ਹਾਂ ਦੀ ਸਿਹਤ/ਸੁਰੱਖਿਆ ਦਾ ਫ਼ਿਕਰ ਹੈ!

ਐਲਬਰਟ ਜ਼ੇਂਟ ਗਿਓਰਜੀ ਨੇ 'ਵਿਟਾਮਿਨ ਸੀ' ਲੱਭਿਆ ਅਤੇ 1937 ਵਿਚ ਉਸ ਨੂੰ ਨੋਬੇਲ ਪੁਰਸਕਾਰ ਮਿਲਿਆ। ਉਸ ਨੇ ਬਾਅਦ ਵਿਚ ਦੱਸਿਆ ਕਿ ਉਸ ਦੀ ਸੰਸਥਾ ਨੂੰ ਬੰਦ ਕਰਨ ਲਈ ਏ.ਐੱਮ.ਏ. ਵੱਲੋਂ ਬਾਰ-ਬਾਰ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਉਹ 'ਏ.ਐੱਮ.ਏ.' ਨੂੰ ਇਕ ਕਾਤਲ ਸੰਸਥਾ ਮੰਨਦਾ ਸੀ। ਉਸ ਨੇ ਉਸ ਦਾ ਨਾਂ ਰੱਖਿਆ : American Murder Association।

ਲਾਈਨਸ ਪਾਲਿੰਗ (ਜਿਸ ਨੂੰ ਦੋ ਵਾਰ ਨੋਬੇਲ ਪੁਰਸਕਾਰ ਮਿਲਿਆ ਸੀ) ਨੇ 'ਵਿਟਾਮਿਨ ਸੀ' ਨਾਲ ਕੈਂਸਰ ਇਲਾਜ ਦੀ ਖੋਜ ਵਿਚ ਪਹਿਲ ਕੀਤੀ। ਉਸ ਨੇ ਕੈਂਸਰ ਰੋਗੀ ਲਈ ਹਰ ਰੋਜ਼ 10 ਗ੍ਰਾਮ 'ਵਿਟਾਮਿਨ ਸੀ' ਦੀ ਸਿਫ਼ਾਰਸ਼ ਕੀਤੀ, ਜੋ ਐੱਫ਼.ਡੀ.ਏ. ਦੀ ਪਰਵਾਨੀ/ਸਲਾਹੀ ਰੋਜ਼ਾਨਾ ਲੋੜ ਨਾਲ 220 ਗੁਣਾ ਵੱਧ ਹੈ।

ਲਾਈਨਸ ਪਾਲਿੰਗ ਨੇ ਸਕਾਟਲੈਂਡ ਦੇ ਇਕ ਡਾਕਟਰ ਕੈਮਰਾਨ ਦੇ ਨਾਲ ਕੰਮ ਕੀਤਾ, ਜਿਸ ਨੇ ਇਹ ਸੋਚ ਕੇ ਮਿਲਵਰਤਨ ਕੀਤਾ ਕਿ 'ਵਿਟਾਮਿਨ ਸੀ' ਵਰਤਣ ਵਿਚ ਕੀ ਹਰਜ ਹੈ, ਘੱਟੋ-ਘੱਟ ਕੋਈ ਨੁਕਸਾਨ ਤਾਂ ਨਹੀਂ ਕਰਦਾ। 1971 ਤੋਂ 1979 ਤਕ ਕੈਮਰਾਨ ਨੇ 750 ਰੋਗੀਆਂ ਉੱਤੇ 'ਵਿਟਾਮਿਨ ਸੀ' ਪਰਤਿਆਇਆ। ਇਨ੍ਹਾਂ ਵਿੱਚੋਂ ਬਹੁਤਿਆਂ ਦਾ ਕੈਂਸਰ ਰੋਗ ਸਿਰੇ ਦੇ ਉੱਤੇ ਪਹੁੰਚਿਆ ਹੋਇਆ ਸੀ ਜਾਂ ਕਹਿ ਲਓ ਆਖ਼ਰੀ ਸਾਹਾਂ ਉੱਤੇ ਸਨ। ਲੱਭਿਆ ਗਿਆ ਕਿ ਸਭ ਰੋਗੀ ਉਮੀਦ ਨਾਲੋਂ ਕਿਤੇ ਵੱਧ ਜੀਵੇ। ਉਨ੍ਹਾਂ ਦੀਆਂ ਪੀੜਾਂ ਘਟੀਆਂ ਅਤੇ ਕਈ ਇਕ ਪੂਰਨ ਰੂਪ ਵਿਚ ਰਾਜ਼ੀ ਹੋ ਗਏ। ਇਕ ਹੋਰ ਹਸਪਤਾਲ ਵਿਚ ਲੱਭਿਆ ਗਿਆ ਕਿ ਰਵਾਇਤੀ ਦਕਿਆਨੂਸੀ ਇਲਾਜ ਕਰਵਾਉਣ ਵਾਲਿਆਂ ਅੰਦਰ 'ਵਿਟਾਮਿਨ ਸੀ' ਲੈਣ ਵਾਲੇ ਦੂਜਿਆਂ ਨਾਲੋਂ ਚਾਰ ਗੁਣਾ ਲੰਮੇਰਾ ਜਿਊਂਦੇ ਸਨ।

ਮੈਡੀਕਲ ਰਸਾਲਿਆਂ ਨੇ ਲਾਈਨਸ ਪਾਲਿੰਗ ਅਤੇ ਕੈਮਰਾਨ ਦੀਆਂ ਖੋਜਾਂ ਉੱਤੇ ਪਾਬੰਦੀ ਲਗਾ ਦਿੱਤੀ। ਹੁਣ ਉਹ ਕੀ ਕਰਨ ? ਉਨ੍ਹਾਂ ਨੇ ਕਿਤਾਬ ਹੀ ਛਾਪ ਦਿੱਤੀ, *ਕੈਂਸਰ ਅਤੇ ਵਿਟਾਮਿਨ ਸੀ*। ਸਥਾਪਤ ਸ਼ਕਤੀਆਂ ਅਤੇ ਉਨ੍ਹਾਂ ਦੀਆਂ ਮੀਡੀਆ ਸਹੇਲੀਆਂ ਨੇ ਕੁਲ ਜ਼ੋਰ ਲਾਇਆ ਹੋਇਆ ਹੈ ਕਿ ਸਿਹਤ ਸੰਭਾਲਣ ਵਾਲੀਆਂ ਖ਼ੁਰਾਕੀ ਤੱਤਾਂ ਬਾਰੇ ਵਾਕਫ਼ੀ ਉੱਤੇ ਪਰਦਾ ਪਿਆ ਰਹੇ। ਵਜ੍ਹਾ ਇਹ ਕਿ ਇਨ੍ਹਾਂ ਖੋਜਾਂ ਨਾਲ 'ਡਾਕਟਰੀ ਸਨਅਤ' ਨੂੰ ਚੋਟ ਲੱਗਦੀ ਹੈ। ਮਸ਼ਹੂਰ ਮੇਓ ਕਲਿਨਿਕ ਦੀ ਲੈ ਲਵੋ...ਕਹਿੰਦਾ ਹੈ, "ਸਾਨੂੰ ਸਭ ਨੂੰ ਚਿੰਤਾ ਹੈ ਕਿ 'ਵਿਟਾਮਿਨ ਸੀ' ਆਖ਼ਰਕਾਰ ਬੇਅੰਤ ਖ਼ਤਰਨਾਕ ਹੈ।"

ਲਾਈਨਸ ਪਾਲਿੰਗ ਨੇ ਆਪਣਾ ਕੈਂਸਰ ਵੀਹ ਸਾਲ 'ਵਿਟਾਮਿਨ ਸੀ' ਨਾਲ ਕਾਬੂ ਹੇਠ ਰੱਖਿਆ।

ਕੈਂਸਰ ਮੁਕਤੀ – ਇਸੀਐਕ 'ਚਾਹ'

ਰੇਨੇ ਕੇਸੀ, ਕੈਨੇਡਾ ਦੀ ਇਕ ਨਰਸ ਸੀ, ਜਿਸ ਨੇ 1922 ਵਿਚ ਇਕ ਜੜ੍ਹੀ ਲੱਭੀ, ਜਿਸ ਅੰਦਰ ਜ਼ੋਰਦਾਰ ਕੈਂਸਰ ਵਿਰੋਧੀ ਗੁਣ ਸਨ। ਇਹ ਫ਼ਾਰਮੂਲਾ ਉਸ ਨੂੰ ਪ੍ਰਾਚੀਨ ਅਮਰੀਕੀ ਦੇਸੀਆਂ ਕੋਲੋਂ ਮਿਲਿਆ। ਉਸ ਨੇ ਅੱਗੋਂ ਲੋਕਾਂ ਨੂੰ ਦਿੱਤਾ ਬਿਨਾਂ ਕਿਸੇ ਮੁਆਵਜ਼ੇ ਦੇ। ਫ਼ਾਰਮੂਲੇ ਦਾ ਨਾਂ ਰੱਖਿਆ 'ਇਸੀਐਕ', ਜੋ ਉਸ ਦੇ ਆਪਣੇ ਨਾਂ ਨੂੰ ਪੁੱਠਾ ਪੜ੍ਹਿਆਂ ਬਣਦਾ ਸੀ। ਇਸ ਚਾਹ ਵਿਚ ਰਲੇ ਸਨ 'ਬਰਡਕ ਜੜ੍ਹ', 'ਸ਼ੀਖ ਸਰੇਲ', 'ਸਲਿਪਰੀ ਐਲਮ' ਅਤੇ 'ਟਰਕੀ ਰੂਬਾਰਬ'। ਨਰਸ ਕੇਸੀ ਨੇ ਜਦੋਂ ਆਪਣਾ ਕਲਿਨਿਕ ਖੋਲ੍ਹਿਆ ਤਾਂ ਰਵਾਇਤੀ ਡਾਕਟਰੀ ਦੇ ਨਾਲ ਸਿੱਧੀ ਜੰਗ ਸ਼ੁਰੂ ਹੋ ਗਈ। 'ਨੈਸ਼ਨਲ ਹੈਲਥ ਅਤੇ ਵੈਲਫ਼ੇਅਰ' ਓਟਾਵਾ (ਕੈਨੇਡਾ ਦੀ ਰਾਜਧਾਨੀ) ਵੱਲੋਂ ਉਸ ਨੂੰ ਕੈਦ ਕਰਨ ਦੇ ਜਤਨ ਕੀਤੇ ਗਏ, ਕਿਉਂਕਿ ਉਹ ਬਿਨਾਂ ਲਾਇਸੰਸ ਦੇ ਡਾਕਟਰੀ ਪ੍ਰੈਕਟਿਸ ਕਿਉਂ ਕਰ ਰਹੀ ਹੈ। ਪਰ ਸਰਕਾਰ ਨੂੰ ਡਾਕਟਰਾਂ ਵੱਲੋਂ ਹੀ ਸਹਾਰਾ ਨਹੀਂ ਮਿਲਿਆ। ਬੜੇ ਉੱਚੇ ਅਹੁਦਿਆਂ ਉੱਤੇ ਡਾਕਟਰਾਂ (ਜਿਨ੍ਹਾਂ ਨਾਲ ਉਹ ਕੰਮ ਕਰਦੀ ਰਹੀ ਸੀ) ਜਿਵੇਂ ਡਾ. ਚਾਰਲਸ ਬਰੱਸ਼ ਨੇ ਉਸ ਦੇ ਕੰਮ ਦੀ ਸ਼ਲਾਘਾ ਕੀਤੀ।

ਰੇਨੇ ਕੇਸੀ ਦੇ ਵਿਰੋਧੀਆਂ ਨੇ ਇਕ ਹੋਰ ਚਾਲ ਚੱਲੀ ਕਿ ਉਹ ਇਸ ਦੇ ਫ਼ਾਰਮੂਲੇ ਨੂੰ ਚੂਹਿਆਂ ਉੱਤੇ ਟੈਸਟ ਕਰ ਕੇ ਉਸ ਦਾ ਭਾਂਡਾ ਫੋੜਨਗੇ। ਹੋਇਆ ਐਨ ਉਲਟ, ਰੇਨੇ ਕੇਸੀ ਦੇ ਇਲਾਜ ਵਾਲੇ ਚੂਹੇ ਲੰਮਾ ਚਿਰ ਬੱਚ ਨਿਕਲੇ, ਕੈਂਸਰ ਵਾਲੇ ਹੋਰਨਾਂ ਚੂਹਿਆਂ ਦੇ ਟਾਕਰੇ। 1938 ਵਿਚ ਰੇਨੇ ਕੇਸੀ ਨੇ ਆਪਣੇ ਇਲਾਜ ਲਈ ਕਾਨੂੰਨੀ ਪ੍ਰਵਾਨਗੀ ਲਈ ਬੇਨਤੀ ਕੀਤੀ, ਜੋ ਰੱਦ ਕਰ ਦਿੱਤੀ ਗਈ। 'ਕੈਨੇਡੀਅਨ ਮੈਡੀਕਲ ਅਸੈਂਬਲੀ' ਵੱਲੋਂ ਜੋ ਵੀ ਗਵਾਹੀ ਮਸਾਲਾ ਉਸ ਵੱਲੋਂ ਪੇਸ਼ ਕੀਤਾ ਗਿਆ, ਨਜ਼ਰ-ਅੰਦਾਜ਼ ਕੀਤਾ ਗਿਆ। ਸਥਾਪਤ ਡਾਕਟਰੀ ਸ਼ਕਤੀ ਨੇ ਕਿਹਾ ਕਿ ਰੇਨੇ ਦੇ ਕੁੱਲ ਰੋਗੀਆਂ ਦੀ ਰੋਗ ਪਛਾਣ/ਡਾਇਆਗਨੋਸਿਸ ਹੀ ਕਿਸੇ ਨਾ ਕਿਸੇ ਤਰ੍ਹਾਂ ਗ਼ਲਤ ਸੀ। ਨਰਸ ਰੇਨੇ ਨੂੰ ਬਹੁਤ ਧੱਕਾ ਲੱਗਾ। ਉਸ ਫ਼ੈਸਲਾ ਕੀਤਾ ਕਿ ਉਹ ਘਰ ਅੰਦਰ ਜੜ੍ਹੀਆਂ-ਬੂਟੀਆਂ ਘੋਟ ਕੇ ਲੋਕਾਂ ਨੂੰ ਮੁਫ਼ਤ ਦਿਆ ਕਰੇਗੀ, ਬੇਸ਼ੱਕ ਉਹ ਗ੍ਰਿਫ਼ਤਾਰ ਕਰ ਲਈ ਜਾਵੇ। ਏਸੇ ਸਮੇਂ ਕੈਨੇਡੀਆਈ ਰੋਗੀਆਂ ਨੇ ਮੈਡੀਕਲ ਅਫ਼ਸਰੀਅਤ ਉੱਤੇ ਮੁਕੱਦਮਾ ਠੋਕ ਦਿੱਤਾ ਅਤੇ ਮੰਗ ਕੀਤੀ ਕਿ ਉਨ੍ਹਾਂ ਨੂੰ ਇਨਸਾਨਾਂ ਵਾਲਾ ਹੱਕ ਮਿਲੇ, ਆਪਣਾ ਇਲਾਜ ਆਪ ਚੁਣਨ ਲਈ।

ਇਸੀਐਕ 'ਚਾਹ' ਕੋਈ ਚਾਹ ਨਹੀਂ ਹੈ। ਇਸ ਵਿਚ ਕਈ ਜੜ੍ਹੀਆਂ-ਬੂਟੀਆਂ ਹਨ, ਜਿਨ੍ਹਾਂ ਨੂੰ ਉਬਾਲਾ ਦੇ ਕੇ ਬਾਰ੍ਹਾਂ ਘੰਟੇ ਉਂਜ ਹੀ ਰੱਖਿਆ ਜਾਂਦਾ ਹੈ ਅਤੇ ਉਪਰੰਤ ਪੁਣ ਕੇ ਵਰਤਿਆ ਜਾਂਦਾ ਹੈ। ਪਲਾਸਟਿਕ ਅਤੇ ਐਲੂਮੀਨੀਅਮ ਦੇ ਭਾਂਡੇ ਨਹੀਂ ਵਰਤਣੇ ਚਾਹੀਦੇ। ਧੁੱਪੇ ਰੱਖਿਆਂ ਖ਼ਰਾਬ ਹੋ ਜਾਂਦਾ ਹੈ, ਜਮਾਉਣਾ ਵੀ ਨਹੀਂ ਚਾਹੀਦਾ।

ਗਾਰਸਨ ਅਜੂਬਾ

ਡਾ. ਮੈਕਸ ਗਾਰਸਨ 1881 ਵਿਚ ਜਰਮਨੀ ਵਿਚ ਪੈਦਾ ਹੋਇਆ। ਉਸ ਨੇ ਇਕ ਖ਼ੁਰਾਕ ਈਜਾਦੀ, ਜਿਹੜੀ ਸਿਰ ਪੀੜ ਰੋਕਦੀ ਸੀ। ਦੇਵਨੇਤ ਨਾਲ ਇਹ ਖ਼ੁਰਾਕ ਖਾਂਦਿਆਂ-ਖਾਂਦਿਆਂ ਇਕ ਰੋਗੀ ਦੀ ਚਮੜੀ ਦੀ ਤਪਦਿਕ ਠੀਕ ਹੋ ਗਈ। ਇਸ ਪਿੱਛੋਂ ਹੋਰ ਅਜਿਹੇ ਲੋਕ ਰਾਜ਼ੀ ਹੋਏ, ਕੇਵਲ ਖ਼ੁਰਾਕ ਖਾਧਿਆਂ। ਉਸ ਨੇ ਖ਼ੁਰਾਕ ਰਾਹੀਂ ਰੋਗਾਂ ਦਾ ਇਲਾਜ ਲੱਭਣਾ ਜਾਰੀ ਰੱਖਿਆ। ਮ੍ਯੂਨਿਖ ਯੂਨੀਵਰਸਿਟੀ ਵਿਚ ਨਿਰੀ ਗਾਰਸਨ ਖ਼ੁਰਾਕ ਨਾਲ 99 ਪ੍ਰਤੀਸ਼ਤ ਚਮੜੀ ਟੀ.ਬੀ. ਦੇ ਕੇਸ ਰਾਜ਼ੀ ਹੋ ਗਏ। ਐਲਬਰਟ ਸ਼ਵਾਇਟਜ਼ਰ (ਨੋਬੇਲ ਜੇਤੂ) ਦੀ ਪਤਨੀ ਦੇ ਫੇਫੜਿਆਂ ਦੀ ਟੀ. ਬੀ. ਵੀ ਏਸੇ ਖ਼ੁਰਾਕ ਨਾਲ ਠੀਕ ਹੋਈ। ਏਸ ਤੋਂ ਪਹਿਲਾਂ ਹੋਰ ਸਭ ਜਾਣੇ-ਪਛਾਣੇ ਇਲਾਜ ਫ਼ੇਲ੍ਹ ਹੋ ਚੁੱਕੇ ਸਨ।

ਡਾ. ਗਾਰਸਨ ਯਹੂਦੀ ਸੀ ਅਤੇ ਉਹ ਜਰਮਨੀ ਅੰਦਰ ਨਾਜ਼ੀ ਪਾਰਟੀ ਦੀ ਚੜ੍ਹਤ ਵੇਖਦਿਆਂ, ਦੇਸ ਛੱਡ ਕੇ 1936 ਵਿਚ ਅਮਰੀਕਾ ਚਲਾ ਆਇਆ। 1938 ਵਿਚ ਉਸ ਨੂੰ ਨਿਊਯਾਰਕ ਵਿਚ ਡਾਕਟਰੀ ਪ੍ਰੈਕਟਿਸ ਕਰਨ ਦਾ ਲਾਇਸੈਂਸ ਮਿਲਿਆ। ਏਥੇ ਉਸ ਨੇ ਸੈਂਕੜੇ ਹੀ ਆਖ਼ਰੀ ਪੜਾਵਾਂ ਉੱਤੇ ਪਹੁੰਚੇ ਕੈਂਸਰ ਦੇ ਰੋਗੀਆਂ ਨੂੰ ਰਾਜ਼ੀ ਕੀਤਾ। 1958 ਵਿਚ ਉਸ ਨੇ ਕਿਤਾਬ ਛਾਪੀ *A Cancer Therapy : Result of 50 Cases* ਜਿਸ ਅੰਦਰ ਉਸ ਦੀ ਕੈਂਸਰ ਬਾਰੇ ਸੋਚ ਅਤੇ ਇਲਾਜ ਦੇ ਨਤੀਜੇ ਅੰਕਿਤ ਸਨ। ਇਲਾਜ ਕੇਵਲ ਖ਼ੁਰਾਕ ਨਾਲ ਹੀ ਕੀਤਾ ਜਾਂਦਾ ਸੀ। ਸਾਧਾਰਨ ਕੈਂਸਰ ਰੋਗੀ ਉੱਤੇ ਭਾਵੇਂ ਇਲਾਜ ਦਾ ਅਸਰ ਲੱਭਣਾ ਔਖਾ ਸੀ, ਪਰ ਅਖ਼ੀਰਲੇ ਪੜਾਅ ਉੱਤੇ ਪਹੁੰਚੇ ਹੋਏ 50 ਪ੍ਰਤੀਸ਼ਤ ਰੋਗੀ ਰਾਜ਼ੀ ਹੋ ਗਏ।

ਇਲਾਜ ਵਿਚ ਕੀ ਸੀ ?

ਕੁਦਰਤੀ ਪੈਦਾ ਕੀਤੀਆਂ ਗਈਆਂ ਸਬਜ਼ੀਆਂ ਅਤੇ ਫਲਾਂ ਦੀ ਵਰਤੋਂ। ਤਾਜ਼ਾ ਜੂਸ ਪੀਣਾ – ਦਿਨ ਵਿਚ ਹਰ ਇਕ ਘੰਟੇ ਪਿੱਛੋਂ 8 ਔਂਸ, ਦਿਹਾੜੀ ਵਿਚ 13 ਵਾਰੀ, ਦਿਨ ਵਿਚ ਤਿੰਨ ਵਾਰ ਵੈਸ਼ਨੋ ਭੋਜਨ, ਕੁਝ ਪੋਟਾਸ਼ੀਅਮ ਲੂਣ, ਵਿਟਾਮਿਨ ਬੀ-12 ਅਤੇ ਵਿਟਾਮਿਨ-ਸੀ। ਇਨ੍ਹਾਂ ਦੀਆਂ ਮਾਤਰਾਵਾਂ ਕੈਂਸਰ ਦੀ ਕਿਸਮ ਅਤੇ ਪੜਾਅ ਅਨੁਸਾਰ ਬਦਲੀਆਂ ਜਾਂਦੀਆਂ ਸਨ। ਅਖ਼ੀਰ ਉੱਤੇ ਪਹੁੰਚੇ ਰੋਗੀਆਂ ਲਈ ਕੌਫ਼ੀ, ਐਨੀਮੇ ਦੀ ਸ਼ਕਲ ਵਿਚ ਦਿੱਤੀ ਜਾਂਦੀ ਸੀ।

ਕੈਂਸਰ ਮੁਕਤੀ : ਆਕਸੀਜਨ/ਓਜ਼ੋਨ ਇਲਾਜ

ਜਦੋਂ ਦਾ ਓਟੋ ਵਾਰਬਰਗ ਨੇ ਲੱਭਿਆ ਕਿ ਕੈਂਸਰ ਦਾ ਕਾਰਨ ਹੈ ਸੈੱਲਾਂ ਤਕ ਆਕਸੀਜਨ ਦਾ ਨਾ ਪਹੁੰਚਣਾ, ਤਦੋਂ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਆਕਸੀਜਨ ਨੂੰ ਇਲਾਜ ਵਿਚ ਲਿਆਉਣ ਦੀ। ਜਰਮਨੀ ਅੰਦਰ ਓਜ਼ੋਨ ਨੂੰ ਅੱਜ ਕੈਂਸਰ, ਫ਼ਾਲਜ਼, ਐਕਜ਼ੀਮਾਂ ਅਤੇ ਹਰਪੀਜ਼ ਆਦਿ ਰੋਗਾਂ ਲਈ ਵਰਤਿਆ ਜਾ ਰਿਹਾ ਹੈ। ਪਰ ਅਮਰੀਕਾ

ਅੰਦਰ ਰਾਕਫ਼ੈਲਰ ਹੱਥੋਂ ਸਥਾਪਤ ਅਮਰੀਕਨ ਕੈਂਸਰ ਐਸੋਸੀਏਸ਼ਨ ਮੁਕੰਮਲ ਵਿਰੋਧ ਵਿਚ ਡਟੀ ਹੋਈ ਹੈ ਕਿ "ਓਜ਼ੋਨ ਅਜੇ ਟੈਸਟ ਨਹੀਂ ਹੋਈ, ਏਸ ਲਈ ਕੈਂਸਰ ਰੋਗੀਆਂ ਵਿਚ ਨਹੀਂ ਵਰਤੀ ਜਾ ਸਕਦੀ।" 1933 ਤੋਂ ਉਹ ਇਸ ਵਿਰੋਧੀ ਸਟੈਂਡ ਉੱਤੇ ਕਾਇਮ ਹੈ, ਬਾਵਜੂਦ ਇਸ ਦੇ ਕਿ ਲਗਾਤਾਰ ਹੁੰਦੀਆਂ ਆ ਰਹੀਆਂ ਖੋਜਾਂ ਨੇ ਓਜ਼ੋਨ ਨੂੰ ਲਾਭਦਾਇਕ ਮੰਨਿਆ ਹੈ।

ਡਾਈਕਲੋਰ ਐਸੀਟੇਟ

ਤਿੰਨ ਸਾਲਾਂ ਤੋਂ ਕੈਨੇਡਾ ਦੀ ਇਕ ਯੂਨੀਵਰਸਿਟੀ ਵਿਚ ਇਕ ਸਾਧਾਰਨ ਜੇਹੇ ਕੈਮੀਕਲ "ਡਾਈਕਲੋਰ ਐਸੀਟੇਟ" ਨੂੰ ਕੈਂਸਰ ਦੇ ਇਲਾਜ ਲਈ, ਬੜਾ ਲਾਭਦਾਇਕ ਲੱਭਿਆ ਹੈ। ਲੱਖ ਕੋਸ਼ਿਸ਼ਾਂ ਦੇ ਬਾਵਜੂਦ, ਐੱਫ.ਡੀ.ਏ. ਵੱਲੋਂ ਇਸ ਦਵਾਈ ਨੂੰ ਪ੍ਰਵਾਨਗੀ ਨਹੀਂ ਮਿਲ ਰਹੀ, ਨਾ ਹੀ ਕਦੇ ਮਿਲਣ ਦੀ ਉਮੀਦ ਹੈ। ਕਾਰਨ ਇਹ ਕਿ ਇਹ ਕੈਮੀਕਲ ਪੇਟੈਂਟ ਨਹੀਂ ਹੋ ਸਕਦਾ ਅਤੇ ਇਸ ਕੋਲੋਂ ਫ਼ਾਰਮਾ ਕੰਪਨੀਆਂ ਦੇ ਸਰਬ-ਵਿਆਪਕ ਲੁੱਟ ਦੇ ਜਾਲ ਨੂੰ ਮਾਰੂ ਖ਼ਤਰਾ ਹੈ।

ਬਾਈਬਲ ਵਿਚ ਲਿਖਿਆ ਹੈ:

"ਰੱਬ ਨੇ ਦਵਾਈਆਂ ਧਰਤੀ ਵਿੱਚੋਂ ਪੈਦਾ ਕੀਤੀਆਂ ਹਨ, ਸਿਆਣਾ ਮਨੁੱਖ ਉਨ੍ਹਾਂ ਤੋਂ ਪਰਹੇਜ਼ ਨਹੀਂ ਕਰੇਗਾ।"...ਅਤੇ "ਫ਼ਲ ਖ਼ੁਰਾਕ ਲਈ ਹੋਵੇਗਾ ਅਤੇ ਪੱਤਾ ਇਲਾਜ ਦੇ ਕੰਮ ਆਵੇਗਾ।"

ਚਰਨੋਬਿਲ ਤੋਂ ਸਿੱਖਿਆ

ਧਰਤੀ ਉੱਤੇ ਹਰ ਸਾਲ ਕੋਈ ਨਾ ਕੋਈ ਦੁਰਘਟਨਾ ਹੁੰਦੀ ਰਹਿੰਦੀ ਹੈ, ਜੋ ਅਖ਼ਬਾਰਾਂ ਅਤੇ ਟੀ.ਵੀ. ਦੀਆਂ ਸੁਰਖ਼ੀਆਂ ਉੱਤੇ ਛਾ ਜਾਂਦੀ ਹੈ। ਚਰਨੋਬਿਲ ਜਿਹੇ ਭਿਆਨਕ ਹਾਦਸੇ ਵੀ ਨਿੱਤ ਨਵੀਆਂ ਸੁਰਖ਼ੀਆਂ ਦੀ ਮੋਟੀ ਤਹਿ ਹੇਠ ਦੱਬੇ ਜਾਂਦੇ ਹਨ। ਬੜੇ ਗੁਣੀ ਗਿਆਨੀ ਸਾਇੰਸਦਾਨਾਂ ਦੀ ਯਾਦ ਅੰਦਰ ਚਰਨੋਬਿਲ ਹਾਦਸੇ ਦਾ ਨਾਂ ਕੋਈ ਉਤੇਜਨਾ/ਚੁਸਤੀ ਪੈਦਾ ਨਹੀਂ ਕਰਦਾ। ਸੋਵੀਅਤ ਸੰਘ ਦੇ ਸਰਕਾਰੀ ਪ੍ਰਚਾਰ ਅਤੇ ਬਾਕੀ ਬਚੇ ਤਿੰਨ ਪ੍ਰਮਾਣੂ ਬਿਜਲੀ ਘਰਾਂ ਦੇ ਕਈ ਸਾਲ ਹੋਰ ਚੱਲਦੇ ਰਹਿਣ ਕਰਕੇ, ਚਰਨੋਬਿਲ ਹਾਦਸੇ ਦੀ ਗੰਭੀਰਤਾ ਨੂੰ ਘੁੱਟ ਕੇ ਰੱਖਿਆ ਹੈ। ਪਰ ਕਈ ਏਜੰਸੀਆਂ ਅਤੇ ਸਾਇੰਸਦਾਨ ਬੁਰੇ ਦੇ ਘਰ ਤਕ ਪਹੁੰਚਣ ਲਈ ਸਾਲੋ-ਸਾਲ ਯਤਨਬੱਧ ਰਹੇ ਹਨ।

ਨਿਊਯਾਰਕ ਅਕੈਡਮੀ ਆਫ਼ ਸਾਇੰਸਿਜ਼ ਨੇ 24 ਸਾਲਾਂ ਪਿੱਛੋਂ ਇਕ ਕਿਤਾਬ ਛਾਪੀ ਹੈ, ਜਿਸ ਵਿਚ ਏਸ ਮਹਾਂ ਹਾਦਸੇ ਦੇ ਲੋਕਾਂ ਅਤੇ ਪਰਿਆਵਰਣ ਉੱਤੇ ਅਸਰ ਬਿਆਨ ਕੀਤੇ ਹਨ। ਲਿਖਣ ਵਾਲੇ ਹਨ ਮਾਸਕੋ ਦੇ ਸਾਇੰਸਦਾਨ ਯਾਬਲੋਕੋਵ ਅਤੇ ਬੇਲਾਰੂਸ ਦੇ ਨੈਸਤ੍ਰੇਂਕੋ। ਇਨ੍ਹਾਂ ਲੇਖਕਾਂ ਨੇ ਪਿਛਲੇ 23 ਸਾਲਾਂ ਵਿਚ ਛਪੇ 5000 ਤੋਂ ਵੱਧ ਖੋਜ-ਪੱਤਰਾਂ ਵਿੱਚੋਂ ਆਪਣੀ ਖੋਜ ਸਮੱਗਰੀ ਇਕੱਠੀ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੀਰੋਸ਼ੀਮਾ ਨਾਗਾਸਾਕੀ ਉੱਤੇ ਸੁੱਟੇ ਅਮਰੀਕੀ ਬੰਬਾਂ ਨਾਲੋਂ ਸੌ ਗੁਣਾ ਵਧੇਰੇ ਰੇਡੀਓ ਐਕਟਿਵ ਸਮੱਗਰੀ ਉਛਲੀ ਹੈ। ਉਨ੍ਹਾਂ ਦੇ ਮੁਤਾਬਿਕ ਚਰਨੋਬਿਲ ਉਛਾਲੇ ਤੋਂ ਧਰਤੀ ਦਾ ਕੁੱਲ ਉੱਤਰੀ ਅੱਧਗੋਲ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਕੁਲ ਦੁਨੀਆਂ ਅੰਦਰ ਚਰਨੋਬਿਲ ਕਾਰਨ ਹੁਣ ਤਕ ਦਸ ਲੱਖ ਤੋਂ ਵੱਧ ਲੋਕ ਮਰ ਚੁੱਕੇ ਹਨ।

ਲੇਖਕਾਂ ਦੇ ਵਿਚਾਰ ਵਿਸ਼ਵ ਸਿਹਤ ਸੰਸਥਾ ਅਤੇ ਪ੍ਰਮਾਣੂ ਸ਼ਕਤੀ ਏਜੰਸੀ ਦੇ ਬਿਆਨਾਂ ਦੇ ਬਿਲਕੁਲ ਵਿਰੁੱਧ ਹਨ। ਏਜੰਸੀਆਂ ਅਨੁਸਾਰ ਸ਼ੁਰੂ ਵਿਚ ਕੇਵਲ 31 ਉਹ ਲੋਕ ਮਰੇ ਜਿਨ੍ਹਾਂ ਨੇ ਅੱਗ ਬੁਝਾਉਣ ਲਈ ਸੇਵਾ ਦਿੱਤੀ ਸੀ। ਇਨ੍ਹਾਂ ਨੂੰ 'ਲਿਕੁਈਡੇਟਰ' ਆਖਿਆ ਗਿਆ ਸੀ। ਕਰੀਬ 8,30,000 ਕਾਮਿਆਂ ਨੇ ਚਰਨੋਬਿਲ ਰੀਐਕਟਰ ਦੀ ਅੱਗ ਬੁਝਾਉਣ ਅਤੇ ਟਿਕਾਣੇ ਦੀ ਸਫ਼ਾਈ ਵਿਚ ਹਿੱਸਾ ਲਿਆ ਸੀ। ਕਿਤਾਬ ਦਾ ਕਹਿਣਾ ਹੈ ਕਿ ਸੰਨ 2005 ਤਕ 1,12,000 ਤੋਂ 1,25,000 'ਲਿਕੁਈਡੇਟਰ'/'ਮਾਸ਼ਕੀ'/ਫ਼ਾਇਰ ਫ਼ਾਈਟਰ ਮਰ ਚੁੱਕੇ ਸਨ।

ਚਰਨੋਬਿਲ ਘੋਰ-ਤਬਾਹੀ ਦੀ 24ਵੀਂ ਵਰ੍ਹੇਗੰਢ ਉੱਤੇ ਹੁਣ ਸਮਝ ਆਉਂਦੀ ਹੈ

ਕਿ ਸਾਡੀ ਸੋਚ ਦੇ ਦਾਇਰੇ ਤੋਂ ਕਿਤੇ ਵੱਧ ਤਬਾਹੀ ਹੋਈ ਹੈ। ਕੁੱਲ ਦੁਨੀਆਂ ਅੰਦਰੋਂ ਅੰਕੜੇ ਕੱਢ ਕੇ ਅੰਦਾਜ਼ਾ ਲਗਾਇਆ ਗਿਆ ਹੈ ਕਿ 1986 ਤੋਂ 2004 ਤਕ ਚਰਨੋਬਿਲ ਰੇਡੀਆਈ ਧੂੜੇ ਕਾਰਨ 9,85,000 ਮੌਤਾਂ ਹੋਈਆਂ। ਵਿਸ਼ਵ ਸਿਹਤ ਸੰਸਥਾ ਅਤੇ ਵਿਸ਼ਵ ਐਟਮੀ ਏਜੰਸੀ ਮੁਤਾਬਿਕ ਚਰਨੋਬਿਲ ਕਾਰਨ 9000 ਮੌਤਾਂ ਹੋਈਆਂ ਹਨ ਅਤੇ 2005 ਤਕ 2,00,000 ਲੋਕ ਰੇਡੀਏਸ਼ਨ ਬੀਮਾਰੀਆਂ ਵਿਚ ਗ੍ਰਸਤ ਹੋਏ ਹਨ।

ਯਾਬਲੋਕੋਵ ਸਾਥੀਆਂ ਦਾ ਕਹਿਣਾ ਹੈ ਕਿ ਪਹਿਲਾਂ ਮੰਨਿਆ ਜਾਂਦਾ ਸੀ ਕਿ ਪ੍ਰਮਾਣੂ ਰੀਐਕਟਰ ਅੰਦਰੋਂ ਪੰਜਾਹ ਮਿਲੀਅਨ 'ਕਿਊਰੀ' ਬਰਾਬਰ ਰੇਡੀਆਈ ਧੂੜਾ ਨਿਕਲਿਆ ਸੀ। ਹੁਣ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਉਹ ਰੇਡੀਆਈ ਧੂੜਾ 10 ਬਿਲੀਅਨ 'ਕਿਊਰੀ' ਬਰਾਬਰ ਭਾਵ ਪਹਿਲੇ ਅੰਦਾਜ਼ੇ ਤੋਂ ਦੋ ਸੌ ਗੁਣਾ ਵੱਧ ਸੀ।

ਸੋਵੀਅਤ ਸੰਘ ਤੋਂ ਬਾਹਰ ਚੋਖੀ ਰੇਡੀਓ ਐਕਟਿਵ ਧੂੜ ਡਿੱਗਣ ਵਾਲੇ ਦੇਸਾਂ ਅੰਦਰ ਸਨ ਨਾਰਵੇ, ਸਵੀਡਨ, ਫ਼ਿਨਲੈਂਡ, ਯੂਗੋਸਲਾਵੀਆ, ਬਲਗਾਰੀਆ, ਰੋਮਾਨੀਆ, ਗ੍ਰੀਸ, ਯੂ.ਕੇ. ਅਤੇ ਜਰਮਨੀ ਦੇ ਕੁਝ ਹਿੱਸੇ। ਹਾਦਸੇ ਦੇ ਨੌਂ ਦਿਨਾਂ ਦੇ ਅੰਦਰ ਇਹ ਧੂੜਾ ਕੈਨੇਡਾ ਅਤੇ ਯੂ.ਐੱਸ.ਏ. ਪਹੁੰਚ ਗਿਆ।

ਚਰਨੋਬਿਲ ਪ੍ਰਭਾਵਿਤ ਇਲਾਕਿਆਂ ਅੰਦਰ ਬਿਮਾਰੀਆਂ ਵਿਚ ਬੇਅੰਤ ਵਾਧਾ ਹੋਇਆ। ਬੱਚੇ ਗਿਰ ਜਾਣੇ, ਜਨਮ ਸਮੇਂ ਹੀ ਮੌਤਾਂ, ਸਰੀਰ ਅੰਦਰ ਪੈਦਾਇਸ਼ੀ ਖੋਟਾਂ, ਸਾਹ, ਪਾਚਣ, ਪੱਠਿਆਂ, ਨਰਵ, ਐਂਡੋਕ੍ਰਾਈਨ, ਪੈਦਾ ਕਰਨ, ਖ਼ੂਨ, ਪੇਸ਼ਾਬ, ਦਿਲ ਅਤੇ ਖ਼ੂਨ ਨਾੜੀਆਂ, ਜੈਨੇਟਿਕ ਅਤੇ ਇਮਿਊਨਿਟੀ ਪ੍ਰਣਾਲੀਆਂ ਵਿਚ ਬੇਅੰਤ ਰੋਗ ਉਤਪੰਨ ਹੋਏ। ਇਸ ਤੋਂ ਛੁੱਟ ਕੈਂਸਰ ਅਤੇ ਗ਼ੈਰ-ਕੈਂਸਰ ਰਸੌਲੀਆਂ ਵਿਚ ਵਾਧਾ ਹੋਇਆ।

ਇਨਸਾਨਾਂ ਤੋਂ ਇਲਾਵਾ ਕੁਲ ਢੋਰ ਡੰਗਰ, ਪੰਛੀ, ਮੱਖੀਆਂ, ਬੂਟੇ, ਦਰੱਖ਼ਤ ਬੈਕਟੀਰੀਆ ਅਤੇ ਵਾਇਰਸਾਂ ਉੱਤੇ ਵੀ ਅਸਰ ਹੋਇਆ। ਪ੍ਰਭਾਵਿਤ ਇਲਾਕਿਆਂ ਅੰਦਰ ਪੈਦਾ ਕੀਤੀ ਗਈ ਖ਼ੁਰਾਕ ਸਮੇਂ ਸਿਰ ਰੇਡੀਏਸ਼ਨ ਧੂੜੇ ਦੀ ਪਛਾਣ ਨਾ ਹੋਣ ਕਰਕੇ ਦੂਰ-ਦੂਰ ਤਕ ਵੰਡੀ ਅਤੇ ਖਾਧੀ ਗਈ, ਜਿਸ ਦੇ ਨਤੀਜੇ ਕਈ ਦਹਾਕਿਆਂ ਤਕ ਨਿਕਲਦੇ ਰਹਿਣਗੇ। ਦੁਨੀਆਂ ਦੇ ਅੰਦਰ ਇਸ ਵੇਲੇ 435 ਪ੍ਰਮਾਣੂ ਰੀਐਕਟਰ ਹਨ, ਜਿਨ੍ਹਾਂ ਵਿੱਚੋਂ 104 ਤਾਂ ਅਮਰੀਕਾ ਅੰਦਰ ਹਨ।

ਲੇਖਕਾਂ ਦਾ ਕਹਿਣਾ ਹੈ ਕਿ ਅੰਤਰ-ਰਾਸ਼ਟਰੀ ਪ੍ਰਮਾਣੂ ਏਜੰਸੀਆਂ ਨੇ ਚਰਨੋਬਿਲ ਹਾਦਸੇ ਨੂੰ ਗੰਭੀਰਤਾ ਨਾਲ ਨਹੀਂ ਲਿਆ, ਬਲਕਿ ਖ਼ਤਰੇ ਨੂੰ ਛੁਟਿਆਉਣ ਦੀ ਕੋਸ਼ਿਸ਼ ਕੀਤੀ ਹੈ।

ਕੁਲ ਪ੍ਰਮਾਣੂ ਸ਼ਕਤੀ ਪੈਦਾ ਕਰਦੇ ਰੀਐਕਟਰਾਂ ਦਾ ਬੇਅੰਤ ਰੇਡੀਓ ਐਕਟਿਵ ਕੂੜਾ ਪੈਦਾ ਹੁੰਦਾ ਹੈ। ਇਸ ਕੂੜੇ ਨੂੰ ਸਦਾ ਸਦਾ ਲਈ ਸਿਫ਼ਰ-ਖ਼ਤਰੇ ਵਾਲਾ ਬਣਾ ਕੇ ਕਿਸੇ ਸੁਰੱਖਿਆ ਟਿਕਾਣੇ ਉੱਤੇ ਰੱਖਣਾ, ਅਜੋਕੀ ਸਾਇੰਸ ਦੀ ਪੂਰਨ ਤਸੱਲੀਬਖ਼ਸ਼ ਪਹੁੰਚ ਤੋਂ ਬਾਹਰ ਹੈ। ਜਿੰਨੇ ਪ੍ਰਮਾਣੂ ਰੀਐਕਟਰ ਬਣੇ ਹਨ, ਉਨ੍ਹਾਂ ਨੇ ਇਕ ਦਿਨ ਕੰਮ ਬੰਦ ਕਰਨਾ ਹੈ। ਉਨ੍ਹਾਂ ਦੀ ਰੇਡੀਏਸ਼ਨ ਸਦਾ ਲਈ ਬੰਦ ਕਰਨਾ, ਇਹ ਵੀ ਇਕ ਸਮੱਸਿਆ ਹੈ। ਜਿੰਨ, ਬੋਤਲ 'ਚੋਂ ਬਾਹਰ ਆ ਗਿਆ ਹੈ, ਉਸ ਨੂੰ ਵਾਪਸ ਕੌਣ ਭੇਜੇ?

ਸਮਝਿਆ ਜਾ ਰਿਹਾ ਹੈ ਕਿ ਜਿੰਨਾ ਖ਼ਰਚ ਪ੍ਰਮਾਣੂ ਰੀਐਕਟਰ ਬਣਾਉਣ ਉੱਤੇ ਆਵੇਗਾ, ਉਸ ਤੋਂ ਵੀ ਵੱਧ ਖ਼ਰਚਾ ਆਵੇਗਾ ਉਸ ਨੂੰ ਬੰਦ ਅਤੇ ਸੁਰੱਖਿਅਤ ਕਰਨ ਉੱਤੇ।

ਸਾਡਾ ਦੇਸ ਕੰਪਨੀਆਂ ਅਤੇ ਸਰਕਾਰਾਂ ਦੇ ਬਾਹਰੋਂ ਦਬਾਅ ਅਤੇ 'ਹੱਲਾਸ਼ੇਰੀ' ਅਤੇ ਦੇਸ ਅੰਦਰ ਨਿੱਜੀ ਸਰਮਾਏਦਾਰੀ ਦੇ ਉਤਸ਼ਾਹ ਨਾਲ ਚੋਖੇ ਪ੍ਰਮਾਣੂ ਬਿਜਲੀ ਘਰ ਬਣਾਉਣ ਵਾਲੇ ਮਾਰਗ ਉੱਤੇ ਠਿੱਲ੍ਹ ਪਿਆ ਹੈ। ਪ੍ਰਮਾਣੂ ਊਰਜਾ ਦੇ ਖ਼ਿਲਾਫ਼ ਬੋਲਣ ਵਾਲਿਆਂ ਨੂੰ ਝੱਟ ਦੇਸ-ਧ੍ਰੋਹੀਆਂ ਦਾ ਦਰਜਾ ਮਿਲ ਜਾਂਦਾ ਹੈ। ਸਾਡਾ ਦੇਸ ਬਹੁਤ ਗਾੜ੍ਹੀ ਵੱਸੋਂ ਵਾਲਾ ਹੈ। ਕੇਵਲ ਇਕ ਹੀ ਚਰਨੋਬਿਲ ਜਿਹਾ ਹਾਦਸਾ ਸਾਡੇ ਦੇਸ ਦਾ ਲੱਕ ਤੋੜ ਸਕਦਾ ਹੈ। ਸਾਡੇ ਆਪਣੇ ਪਾਸ ਤਾਂ ਨਵੇਂ ਪ੍ਰਮਾਣੂ ਬਿਜਲੀ ਘਰਾਂ ਲਈ ਪ੍ਰਮਾਣੂ ਬਾਲਣ ਵੀ ਨਹੀਂ ਹੈ। ਅਸੀਂ ਸਦਾ ਲਈ ਏਸ ਬਾਲਣ ਲਈ ਹੱਥ ਅੱਡਦੇ ਰਹਾਂਗੇ ਅਤੇ ਬਾਹਰਲੀਆਂ ਸ਼ਕਤੀਆਂ ਦੀ ਬਲੈਕ ਮੇਲ ਵਿਚ ਫਸੇ ਰਹਾਂਗੇ। ਕਿਸੇ ਪ੍ਰਮਾਣੂ ਹਾਦਸੇ ਦੀ ਹਾਲਤ ਵਿਚ ਸਾਨੂੰ ਹਜ਼ਾਰਾਂ ਭੋਪਾਲ ਕਾਂਡਾਂ ਵਰਗੇ ਦੁੱਖੜੇ ਕਈ ਸਦੀਆਂ ਸਹਿਣੇ ਪੈਣਗੇ।

ਅੰਤ ਵਿਚ ਸਵਾਲ ਹਨ

ਅਮਰੀਕਾ ਨੇ 1979 ਤੋਂ ਪਿੱਛੋਂ ਕੋਈ ਨਵਾਂ ਪ੍ਰਮਾਣੂ ਬਿਜਲੀ ਘਰ ਕਿਉਂ ਨਹੀਂ ਉਸਾਰਿਆ ?

ਪ੍ਰਧਾਨ ਬੁਸ਼ ਨੂੰ ਭਾਰਤ ਲਈ ਪ੍ਰਮਾਣੂ ਉਦਾਰਤਾ ਦਾ ਪਿਆਰ ਕਿਵੇਂ ਉੱਮੜ ਪਿਆ ?

ਕੀ ਅਸੀਂ ਲੋੜੀਂਦੀ ਗ਼ੈਰ ਪ੍ਰਮਾਣੂ ਸ਼ਕਤੀ ਪੈਦਾ ਕਰਨ ਲਈ ਬਿਲਕੁਲ ਅਸਮਰੱਥ ਹਾਂ ?

ਅੰਤਿਕਾ

ਮਾਰਚ 2011 ਵਿਚ ਇਕ ਜ਼ੋਰਦਾਰ ਭੁਚਾਲ ਅਤੇ ਸੁਨਾਮੀ ਦੇ ਨਾਲ ਜੁੜ ਗਿਆ ਜਾਪਾਨ ਅੰਦਰ ਫੂਕੂਸ਼ੀਮਾ ਸਥਾਨ ਅਤੇ ਉਥੇ ਪ੍ਰਮਾਣੂ ਬਿਜਲੀ ਘਰ ਅੰਦਰ ਇਕ ਮਹਾਂ ਭਿਆਨਕ ਹਾਦਸਾ, ਜਿਸ ਦੇ ਸਾਹਮਣੇ ਚਰਨੋਬਿਲ ਹਾਦਸਾ ਪਿੱਦਾ ਹੋ ਗਿਆ ਹੈ। ਇਕ ਸਾਲ ਹੋਣ ਨੂੰ ਆਇਆ ਹੈ, ਕਾਬੂ ਤੋਂ ਬਾਹਰ ਪ੍ਰਮਾਣੂ ਬਾਲਣ ਆਪਣਾ ਮੰਦੇ ਅਸਰ ਵਿਖਾਈ ਜਾ ਰਿਹੈ। ਜਾਪਾਨ ਦੇ ਅੰਦਰ ਰੇਡੀਏਸ਼ਨ ਦਾ ਚੋਖਾ ਖਿਲਾਰ ਹੋਇਆ ਹੈ। ਪ੍ਰਮਾਣੂ ਉਦਯੋਗ, ਜਾਪਾਨੀ ਅਤੇ ਅੰਤਰਰਾਸ਼ਟਰੀ ਸਰਕਾਰਾਂ ਸੱਚ ਉੱਤੇ ਪਰਦਾ ਪਾਉਣ ਵਿਚ ਕਾਮਯਾਬ ਹਨ। ਜਾਪਾਨੀ ਵੱਸੋਂ ਵਿਚ ਰੇਡੀਏਸ਼ਨ ਦੇ ਵਿਹੁਲੇ ਅਸਰ ਦੋ ਤੋਂ ਪੰਜ ਸਾਲਾਂ ਪਿੱਛੋਂ ਦਿੱਸਣੇ ਸ਼ੁਰੂ ਹੋਣਗੇ – ਗਰਭਪਾਤ, ਡਰਾਉਣੀਆਂ ਬਨਾਵਟਾਂ ਵਾਲੇ ਬੱਚੇ ਜੰਮਣੇ, ਬੇਅੰਤ ਕਿਸਮਾਂ ਦੇ ਹਰ ਉਮਰ ਉੱਤੇ ਕੈਂਸਰ; ਏਸ ਤੋਂ ਵੀ ਉਪਰ ਹੋਵੇਗਾ ਬਾਂਝਪਨ। 1945 ਵਿਚ ਅਮਰੀਕੀਆਂ ਵੱਲੋਂ ਜਾਪਾਨ ਦੇ ਸ਼ਹਿਰਾਂ, ਹੀਰੋਸ਼ੀਮਾ ਅਤੇ ਨਾਗਾਸਾਕੀ ਪ੍ਰਮਾਣੂ 'ਫੁੱਲ' ਬਰਸਾਏ ਜਾਣ ਦੇ ਪੰਜ ਸਾਲਾਂ ਤੋਂ ਪਿੱਛੋਂ ਸ਼ੁਰੂ ਹੋ ਕੇ ਓਥੋਂ ਦੀ ਆਬਾਦੀ ਹਰ ਸਾਲ ਘਟਦੀ ਜਾ ਰਹੀ ਹੈ।

ਸੁਨਾਮੀ ਅਤੇ ਫੂਕੂਸ਼ੀਮਾ ਦਾ ਰਲਵਾਂ ਮਲਬਾ, ਜੋ ਕਰੀਬ ਅੱਸੀ ਲੱਖ ਟਨ ਹੈ, ਸ਼ਾਂਤ ਮਹਾਂਸਾਗਰ ਦੀਆਂ ਲਹਿਰਾਂ ਉੱਤੇ ਤਰਦਾ ਹੋਇਆ, ਯੂ.ਐੱਸ.ਏ. ਦੇ ਪੱਛਮੀ ਕਿਨਾਰੇ ਦੇ ਕੋਲ ਪਹੁੰਚਣ ਵਾਲਾ ਹੈ। ਜ਼ਹਿਰੀਲੀ ਰੇਡੀਏਸ਼ਨ ਅਤੇ ਬਿਮਾਰੀਆਂ ਤਾਂ ਨਾਲ ਲਿਆਵੇਗਾ ਹੀ। ਬੇਅੰਤ ਰੇਡੀਏਸ਼ਨ ਧੂੜ ਜੋ ਪ੍ਰਮਾਣੂ ਭੜਾਕਿਆਂ ਦੇ ਨਾਲ ਉਤਾਂਹ ਉੱਠੀ ਸੀ, ਕੁੱਲ ਉੱਤਰੀ ਭੂਗੋਲ ਵਿਚ ਪਹਿਲਾਂ ਹੀ ਖਿੱਲਰ ਚੁੱਕੀ ਹੈ।

ਸੰਖੇਪ ਵਿਚ ਇਹ ਕਿ ਫੂਕੂਸ਼ੀਮਾ ਪ੍ਰਮਾਣੂ ਬਿਜਲੀ ਘਰ ਦਾ ਹਾਦਸਾ ਅਜੇ ਤਕ ਕਾਬੂ ਵਿਚ ਨਹੀਂ ਆਇਆ। ਅੱਗੋਂ ਏਸ ਦਹਾਕੇ ਨੇ ਕੀ ਰੰਗ ਵਿਖਾਉਣੇ ਹਨ, ਸਾਨੂੰ ਪਤਾ ਨਹੀਂ। ਜੇ ਪੰਘਰਿਆ ਹੋਇਆ ਪ੍ਰਮਾਣੂ ਬਾਲਣ ਧਰਤੀ ਹੇਠਲੇ ਪਾਣੀਆਂ ਤਕ ਪਹੁੰਚ ਗਿਆ ਤਾਂ ਇਕ ਮਹਾਂ ਭਿਆਨਕ ਭੜਾਕਾ ਹੋ ਸਕਦਾ ਹੈ, ਜਿਸ ਦੇ ਨਾਲ ਬੇਅੰਤ ਰੇਡੀਏਸ਼ਨ ਹਵਾਈ ਰਸਤੇ, ਕੁੱਲ ਦੁਨੀਆਂ ਅੰਦਰ ਖਿੱਲਰ ਜਾਣ ਦਾ ਅਗਲਾ ਝਟਕਾ ਹੋਵੇਗਾ।

ਸਾਇੰਸ ਦੇ ਖੇਤਰ ਵਿਚ ਪ੍ਰਮਾਣੂ ਖੇਤਰ ਦੀ ਖੋਜ ਵਿਚ ਜਾਪਾਨ ਮੋਢੀ ਦੇਸਾਂ ਵਿਚ ਮੰਨਿਆ ਜਾਂਦਾ ਹੈ। ਉਸ ਦੇਸ ਦੇ ਡਿਸਿਪਲਿਨ ਦਾ ਸਿੱਕਾ ਕੁਲ ਦੁਨੀਆਂ ਵਿਚ ਮੰਨਿਆ ਜਾਂਦਾ ਹੈ। ਜੇ ਅਜਿਹੇ ਮਹਾਨ ਦੇਸ ਅੰਦਰ ਅਜਿਹਾ ਭਿਆਨਕ ਹਾਦਸਾ ਹੋ ਸਕਦਾ ਹੈ ਤਾਂ ਤੀਜੀ ਦੁਨੀਆਂ ਅੰਦਰ ਪ੍ਰਮਾਣੂ ਹਾਦਸੇ ਰੋਕਣ ਲਈ ਤਾਂ ਰੱਬ ਹੀ ਰਾਖਾ ਹੈ।

ਮਾਨਸ ਵਪਾਰ ਅਰਥਾਤ ਮਾਹੌਲ ਠੀਕ ਠਾਕ ਹੈ

ਦੇਹ ਵਪਾਰ ਜਾਂ ਵੇਸਵਾਗਿਰੀ ਬਾਰੇ ਤਾਂ ਸਭ ਹੀ ਜਾਣਦੇ ਹਨ। ਦੇਹ ਵਪਾਰ ਬੇਅੰਤ ਦੇਸਾਂ ਵਿਚ ਹੈ, ਕਿਤੇ ਕਾਨੂੰਨ ਦੀ ਆਗਿਆ ਨਾਲ (ਜਰਮਨੀ, ਸਵਿਟਜ਼ਰਲੈਂਡ ਆਦਿ ਕਈ ਦੇਸ) ਅਤੇ ਹੋਰਨਾਂ ਥਾਂਵਾਂ ਉੱਤੇ ਕਾਨੂੰਨ ਦੀ ਉਲੰਘਣਾ ਕਰਕੇ। ਪਿਛਲੇਰੇ ਦੇਸਾਂ ਵਿਚ (ਜਿਥੇ ਆਗਿਆ ਨਹੀਂ) ਕਾਨੂੰਨ ਦੇ ਰਖਵਾਲੇ, ਹਫ਼ਤਾਵਾਰੀ ਪੈਸੇ ਬਟੋਰ ਕੇ ਬੇਅੰਤ ਕਮਾਈ ਕਰਦੇ ਹਨ।

ਦੇਹ ਵਪਾਰ ਦੇ ਟਾਕਰੇ ਉੱਤੇ ਇਕ ਹੋਰ ਬਹੁਤ ਵੱਡਾ ਵਪਾਰ/ਉਦਯੋਗ ਹੈ, ਜਿਸ ਦੀ ਸਾਡੇ ਤੁਹਾਡੇ ਕੋਲ ਭਿਣਕ ਵੀ ਨਹੀਂ ਪੁੱਜਦੀ। ਉਹ ਹੈ 'ਮਾਨਸ' ਵਪਾਰ, ਸੋਚਣ ਤੋਂ ਵੀ ਬਾਹਰ। ਇਹ ਚੱਲ ਰਿਹਾ ਹੈ ਪਰੀ-ਦੇਸ ਅਮਰੀਕਾ ਦੇ ਅੰਦਰ ਆਮ, ਪਰ ਖ਼ਾਸਕਰ ਪੰਜ ਦੱਖਣ ਪੱਛਮੀ ਪ੍ਰਾਂਤਾਂ ਦੇ ਅੰਦਰ। ਇਸ ਵਪਾਰ ਦੇ ਦਾਦੇ ਹਨ – ਵਕੀਲ, ਜੱਜ ਅਤੇ ਕਾਨੂੰਨ ਦੀ ਰਖਵਾਲੀ ਪੁਲਿਸ। ਇਹ ਤਿੰਨੇ ਜਮਾਤਾਂ ਸਾਡੇ ਦੇਸ ਅੰਦਰ ਵੀ ਚੋਖੀਆਂ ਬਦਨਾਮ ਹਨ, ਪਰ ਪਰੀ-ਦੇਸ ਅਮਰੀਕਾ ਅੰਦਰ ਇਨ੍ਹਾਂ ਦਾ ਅੰਦਾਜ਼ਾ ਹੀ ਵੱਖਰਾ ਹੈ। ਆਖ਼ਰ ਹੋਣ ਤਾਂ ਇਨਸਾਨ ਹੀ ਨਾ। ਜਿਥੇ ਚਾਰ ਪੈਸੇ ਆਸਾਨੀ ਨਾਲ ਬਣ ਜਾਂਦੇ ਹੋਣ, ਬੇਖ਼ੌਫ਼ ਹੋ ਕੇ ਲਾਲਚ ਤਾਂ ਆ ਹੀ ਜਾਂਦਾ ਹੈ।

ਭਾਰਤ ਅੰਦਰ ਜੇਲ੍ਹਾਂ ਅੰਦਰ ਥਾਂ ਅਤੇ ਸਹੂਲਤਾਂ ਘੱਟ ਹਨ, ਪਰ ਕੈਦੀ ਜ਼ਿਆਦਾ ਹਨ। ਕਈ ਥਾਂਵਾਂ ਉੱਤੇ ਤਾਂ ਜੇਲ੍ਹਾਂ ਤੂੜੀਆਂ ਪਈਆਂ ਹਨ। ਕਾਰਿੰਦੇ ਕੈਦੀਆਂ ਨੂੰ ਨਿੱਕੀਆਂ ਮੋਟੀਆਂ ਰਿਆਇਤਾਂ/ਸਹੂਲਤਾਂ ਦੇ ਕੇ ਚਾਰ ਟਕੇ ਕਮਾ ਲੈਂਦੇ ਹਨ। ਜੇ ਕਿਤੇ ਅਮਰੀਕਾ ਤੋਂ ਕੁਝ ਸਬਕ ਹਾਸਲ ਕਰ ਲੈਣ ਤਾਂ ਕੈਦੀ ਇਕ ਵੱਡੇ ਉਦਯੋਗ ਦਾ ਹਿੱਸਾ ਬਣ ਸਕਦੇ ਹਨ।

ਮਹਾਨ ਅਮਰੀਕਾ ਅੰਦਰ ਕਿਸੇ ਬਹਾਨੇ ਲੋਕਾਂ ਨੂੰ ਜੇਲ੍ਹ ਅੰਦਰ ਕਰਨਾ ਇਕ ਵੱਡਾ ਵਪਾਰ ਹੈ। ਇਸ ਦੀ ਉੱਚੀ ਸੋਚ 1980ਵਿਆਂ ਵਿਚ ਸ਼ੁਰੂ ਹੋਈ। ਗੱਲ ਸਰਲ ਹੈ, ਕੈਦੀਆਂ ਨੂੰ ਨਿੱਜੀ ਲਾਭ ਲਈ, ਜਬਰੀ ਕੰਮ ਲਈ ਵਰਤਣਾ ਹੈ ਅਤੇ ਕੰਮ ਦੀ ਉਜਰਤ ਇਕ ਧੇਲਾ ਵੀ ਨਹੀਂ ਦੇਣੀ। 'ਲਾਭ ਲਈ ਕੈਦੀ' ਪ੍ਰੋਗਰਾਮ ਜੋਹਨ ਐਸ਼ਕ੍ਰਾਫ਼ਟ ਨੇ ਲਿਖਤੀ ਰੂਪ ਵਿਚ ਉਲੀਕਿਆ ਅਤੇ ਕੁੱਲ ਜੇਲ੍ਹ ਪ੍ਰਣਾਲੀ ਅੰਦਰ ਵਰਤੇ ਜਾਣ ਦੀ ਰੂਪ-ਰੇਖਾ ਲਾਗੂ ਕੀਤੀ। ਇਹ ਰੂਪ-ਰੇਖਾ ਕੇਂਦਰੀ ਪ੍ਰਸ਼ਾਸਨ ਵੱਲੋਂ ਸੀ। ਇਸ ਲਈ ਜੱਜਾਂ ਨੇ ਖ਼ੁਸ਼ੀ ਨਾਲ ਕਬੂਲਿਆ, ਖ਼ਾਸਕਰ ਜਦੋਂ ਕੈਦੀਆਂ ਨੂੰ ਲੰਮੀਆਂ ਸਜ਼ਾਵਾਂ ਬਦਲੇ ਹਰ ਪਾਸੇ ਬੇਅੰਤ ਮਾਇਆ ਪੈਦਾ ਹੋਣ ਲੱਗ ਪਈ।

ਮਹਾਨ ਐਸ਼ਕ੍ਰਾਫ਼ਟ 1942 ਦਾ ਜੰਮਪਲ ਹੈ। ਉਹ ਅਮਰੀਕਾ ਦਾ ਅਟੌਰਨੀ ਜਨਰਲ ਰਿਹਾ ਹੈ। ਅਮਰੀਕਾ ਦੇ 'ਮਸੂਰੀ' ਪ੍ਰਾਂਤ ਦਾ ਗਵਰਨਰ ਰਿਹਾ ਹੈ ਅਤੇ ਛੋਟੇ ਪ੍ਰਧਾਨ ਬੁਸ਼ ਨਾਲ ਪੰਜ ਸਾਲ ਕੰਮ ਵੀ ਕੀਤਾ ਹੈ। ਉਹ ਨੇਮ ਨਾਲ ਚਰਚ ਜਾਣ ਵਾਲਾ ਹੈ ਅਤੇ ਗੀਤ ਵੀ ਲਿਖਦਾ ਹੈ। ਕਿੰਨੀਆਂ ਸੂਖਮ ਅਤੇ ਮਾਨਵ-ਹਿਤੈਸ਼ੀ ਭਾਵਨਾਵਾਂ ਹੋਣਗੀਆਂ ਉਸ ਦੀਆਂ!

ਜਦੋਂ ਕੈਦੀਆਂ ਹੱਥੋਂ ਉਪਜ ਹੋਣ ਲੱਗੀ ਤਾਂ ਕੈਦੀ ਸਮੂਹ ਸ਼ੇਅਰ ਬਾਜ਼ਾਰ ਦੀ ਮੰਡੀ 'ਵਾਲ ਸਟ੍ਰੀਟ' ਵਿਚ ਵੀ ਜਿਨਸ/ਚੀਜ਼/ਮਾਲ ਦੇ ਤੌਰ 'ਤੇ ਵਿਕਣ ਲੱਗੇ। ਪਰੀ-ਦੇਸ ਦੇ ਅੰਦਰ ਤਾਂ ਪਰੀ-ਕਹਾਣੀ ਹੀ ਹੋ ਸਕਦੀ ਹੈ ਨਾ। ਕੈਦੀਆਂ ਦੇ "ਲੇਬਰ ਦੇ ਬਾਂਡ", ਕੈਦੀਆਂ ਦੀ ਗਿਣਤੀ ਅਤੇ ਉਨ੍ਹਾਂ ਦੀ ਕੈਦ ਦੀ ਲੰਬਾਈ ਦੇ ਆਧਾਰ ਉੱਤੇ ਵਿਦੇਸ਼ਾਂ ਵਿਚ ਵਿਕਣ ਲੱਗ ਪਏ। ਕੈਦ ਦੀ ਲੰਬਾਈ ਇਕ ਵੱਡਾ ਆਧਾਰ ਸੀ, ਜੋ ਦੱਸਦਾ ਸੀ ਕਿ ਕੈਦੀ ਕਿੰਨੀ ਕੁ ਦੇਰ ਵਰਤਿਆ ਜਾ ਸਕਦਾ ਹੈ। ਕੇਂਦਰੀ/ਫ਼ੈਡਰਲ ਸਰਕਾਰ ਦੀ ਸਹਾਇਤਾ ਨਾਲ ਕੈਦੀਆਂ ਨੂੰ 'ਕਮੋਡਿਟੀ'/ਚੀਜ਼/ਮਾਲ ਵਿਚ ਬਦਲ ਦਿੱਤਾ ਗਿਆ, ਜਿਸ ਦਾ ਭੂਗੋਲਿਕ ਮੰਡੀ ਵਿਚ ਵਪਾਰ ਹੋਣ ਲੱਗਾ। ਜੇਲ੍ਹ ਦੀ ਅਸਲ ਸਜ਼ਾ, ਕਮਾਈਆਂ ਕਰਨ ਲਈ ਕਾਰਪੋਰੇਸ਼ਨਾਂ ਦੇ ਹਵਾਲੇ ਕਰ ਦਿੱਤੀ ਗਈ। ਜੇਲ੍ਹਾਂ, ਹੁਣ ਪ੍ਰਾਈਵੇਟ ਕਾਰਪੋਰੇਸ਼ਨਾਂ ਹੀ ਚਲਾਉਂਦੀਆਂ ਹਨ। ਉਨ੍ਹਾਂ ਨੇ ਕੈਦੀਆਂ ਲਈ ਮੁਫ਼ਤ ਦੇ ਲੰਗਰ ਤਾਂ ਨਹੀਂ ਲਾਉਣੇ। ਉਨ੍ਹਾਂ ਨੇ ਕੰਮ ਲੈ ਕੇ ਦੌਲਤ ਬਣਾਉਣੀ ਹੈ। ਜੇਲ੍ਹਾਂ ਘੱਟ ਤੋਂ ਘੱਟ ਕਰਮਚਾਰੀਆਂ ਨਾਲ ਚਲਾਈਆਂ ਜਾਂਦੀਆਂ ਹਨ ਅਤੇ ਮੈਡੀਕਲ ਸਹੂਲਤਾਂ ਵੀ ਘੱਟ-ਘੱਟ ਹਨ।

ਕਾਰਪੋਰੇਸ਼ਨਾਂ ਨੇ ਇਕ ਅਜਿਹਾ ਉਦਯੋਗ ਸ਼ੁਰੂ ਕਰ ਲਿਆ ਹੈ, ਜੋ ਲਗਾਤਾਰ ਵਾਧੇ ਉੱਤੇ ਹੈ। ਜ਼ਰੂਰੀ ਹੈ ਕਿ ਨਵੇਂ, ਲੰਮੀਆਂ ਸਜ਼ਾਵਾਂ ਵਾਲੇ ਕੈਦੀ ਨਾਲ ਰਲਦੇ ਜਾਣ ਤਾਂ ਜੋ ਨਫ਼ਰੀ ਨਿਰੀ ਕਾਇਮ ਨਹੀਂ, ਬਲਕਿ ਵੱਧਦੀ ਜਾਵੇ। ਅੰਦਾਜ਼ਾ ਹੈ ਕਿ ਕੈਦੀਆਂ ਦੀ ਗਿਣਤੀ ਅੱਜ-ਕੱਲ੍ਹ ਹਰ ਸਾਲ ਛੇ ਪ੍ਰਤੀਸ਼ਤ ਵੱਧਦੀ ਹੈ। ਬਹੁਤੇ ਕੈਦੀਆਂ ਨੇ ਤਾਂ ਨਿੱਕੇ ਮੋਟੇ ਜੁਰਮ ਹੀ ਕੀਤੇ ਹੁੰਦੇ ਹਨ। ਲੰਮੀਆਂ ਸਜ਼ਾਵਾਂ ਦੀ ਬਦੌਲਤ ਇਕ ਤਾਂ ਅਮਰੀਕਨ ਸ਼ਹਿਰੀਆਂ ਦੇ ਕਾਨੂੰਨ/ਇਨਸਾਫ਼/ਡਿਸਿਪਲਿਨ ਦਾ ਭਾਰੀ ਪਰਛਾਵਾਂ/ਸਹਿਮ ਪੈ ਗਿਆ ਹੈ। ਦੂਜਾ 1980 ਵਿਚ ਸਵਾ ਦੋ ਲੱਖ ਕੈਦੀਆਂ ਤੋਂ ਵੱਧਦੇ ਹੋਏ ਹੁਣ ਉਨ੍ਹਾਂ ਦੀ ਗਿਣਤੀ ਪੰਝੀ ਲੱਖ ਟੱਪ ਕੇ ਵੱਧਦੀ ਜਾ ਰਹੀ ਹੈ।

ਕਾਰਪੋਰੇਸ਼ਨਾਂ ਨੂੰ ਕੀਤੇ ਗਏ ਕੁੱਲ ਟੈਲੀਫ਼ੋਨਾਂ ਦੇ ਜਵਾਬ ਕੈਦੀ ਦੇਂਦੇ ਹਨ। ਅਮਰੀਕਾ ਅੰਦਰ ਵਿਕਦੀਆਂ 'ਐਪਲਾਂਇੰਸਿਸ'/ਮਸ਼ੀਨਾਂ/ਉਪਕਰਨਾਂ ਦਾ 36 ਪ੍ਰਤੀਸ਼ਤ ਉਤਪਾਦਨ ਕੈਦੀਆਂ ਦੇ ਹੱਥੋਂ ਹੁੰਦਾ ਹੈ। ਸੜਕਾਂ ਬਣਾਉਣ ਅਤੇ ਹੋਰ ਬੇਅੰਤ ਕੰਮ, ਕਾਰਪੋਰੇਸ਼ਨਾਂ ਦੇ ਲਾਭ ਲਈ, ਕੈਦੀ ਹੀ ਕਰਦੇ ਹਨ। ਕੈਦੀਆਂ ਨੂੰ ਉਜਰਤ ਰਤਾ ਵੀ ਨਹੀਂ ਮਿਲਦੀ। ਉਨ੍ਹਾਂ ਦੇ ਕੋਈ ਮਾਨਵ ਹੱਕ/ਅਧਿਕਾਰ ਨਹੀਂ ਹਨ। ਕਾਰਪੋਰੇਸ਼ਨਾਂ ਪ੍ਰਾਂਤੀ ਅਤੇ ਕੇਂਦਰੀ ਸਰਕਾਰਾਂ ਤੋਂ ਵੀ ਪੈਸੇ ਉਗਰਾਹੁੰਦੀਆਂ ਹਨ। ਇਸ ਤੋਂ ਛੁੱਟ ਉਹ ਕੈਦੀ-ਲੇਬਰ ਠੇਕੇ ਉੱਤੇ ਵੀ ਵੇਚਦੀਆਂ ਹਨ। ਜਿਵੇਂ ਜਿਵੇਂ ਕੈਦੀਆਂ ਦੀ ਗਿਣਤੀ ਵੱਧਦੀ ਹੈ, ਤਿਵੇਂ ਤਿਵੇਂ ਵਾਲ-ਸਟ੍ਰੀਟ ਦੇ ਸ਼ੇਅਰ ਬਾਜ਼ਾਰ ਵਿਚ ਕੈਦੀ

ਬਾਂਡ/ਪ੍ਰਨੋਟ ਦਾ ਮੁੱਲ ਵੱਧਦਾ ਹੈ। ਇਹ ਮਹਾਂ 'ਜੁਰਮ' ਪ੍ਰਾਈਵੇਟ ਕਾਰਪੋਰੇਸ਼ਨਾਂ ਵੱਲੋਂ ਕੀਤਾ ਜਾਂਦਾ ਹੈ।

ਸੀ.ਜੇ.ਟੀ.ਐੱਸ., ਇਕ ਕਾਰਪੋਰੇਸ਼ਨ ਹੈ, ਜਿਸ ਨੇ ਕੈਦੀਆਂ ਦਾ ਕੋਡ ਨੰਬਰ ਬਣਾਉਣ ਅਤੇ ਉਸ ਦੀ ਟ੍ਰੈਕਿੰਗ/ਪਿੱਛਾ ਰੱਖਣ ਦਾ ਕੰਪਿਊਟਰ ਸਾਫ਼ਟਵੇਅਰ ਪ੍ਰੋਗਰਾਮ ਬਣਾਇਆ ਹੈ। ਅਮਰੀਕਨ ਜੇਲ੍ਹ ਮਾਲਕਾਂ ਲਈ, ਬ੍ਰਸਲਜ਼ (ਬੈਲਜੀਅਮ) ਵਿਚ ਇਕ ਸਟਾਕ ਐਕਸਚੇਂਜ ਹੈ 'ਆਨਾ', ਜਿਥੋਂ ਨੌਂ ਹਿੰਦਸਿਆਂ ਦੇ ਨੰਬਰ ਮਿਲਦੇ ਹਨ, ਜਿਨ੍ਹਾਂ ਨੂੰ ਕਹਿੰਦੇ ਹਨ ਔਰਡਨੈਂਸ। ਔਰਡਨੈਂਸ ਦਾ ਲਫ਼ਜ਼ੀ ਅਰਥ ਹੈ 'ਬਾਰੂਦੀ ਹਥਿਆਰ'। ਕੈਦੀ ਬਾਂਡਾਂ ਦਾ ਲੈਣ ਦੇਣ ਏਹੀ ਸੰਸਥਾ ਕਰਦੀ ਹੈ। ਇਨ੍ਹਾਂ ਦੇ ਕਾਗ਼ਜ਼ਾਂ ਵਿਚ ਜੇਲ੍ਹਾਂ ਨੂੰ 'ਗੋਦਾਮ' ਕਿਹਾ ਜਾਂਦਾ ਹੈ ਅਤੇ ਕੈਦੀਆਂ ਲਈ ਪਿਆਰਾ ਸ਼ਬਦ ਵਰਤਿਆ ਜਾਂਦਾ ਹੈ 'ਮਾਲ'।

ਜਿਉਂ ਹੀ ਇਕ ਵਿਅਕਤੀ ਕੈਦ ਕੀਤਾ ਜਾਂਦਾ ਹੈ, ਕਾਰਨ ਭਾਵੇਂ ਕੋਈ ਵੀ ਹੋਵੇ, 'ਕੈਦੀ ਕੈਸ਼ ਰਜਿਸਟਰਾਂ' ਦੀਆਂ ਟੱਲੀਆਂ ਵੱਜਣ ਲੱਗ ਪੈਂਦੀਆਂ ਹਨ। ਪੁਲੀਸ/ਕਾਨੂੰਨ ਮਹਿਕਮਾ ਪਹਿਲੋਂ ਮਿੱਥੇ ਇਕ ਕੋਡ ਵਿਚ ਕੈਦੀ ਦੋਸ਼ ਦਾ ਨੰਬਰ ਭਰਦੇ ਹਨ। ਹਰ ਇਕ ਕੋਡ ਦੀ ਮੁੱਲ ਪਛਾਣ ਹੈ। ਏਥੋਂ ਸ਼ੁਰੂ ਹੋ ਕੇ ਕੁੱਲ ਵਿੱਤੀ ਢਾਂਚੇ ਅੰਦਰ, ਹੇਠੋਂ ਉਪਰ ਤਕ, ਨਕਦੀ ਦਾ ਮੁੱਲ ਚੜ੍ਹਨ ਲੱਗ ਪੈਂਦਾ ਹੈ। ਸਾਲ 2008 ਵਿਚ 'ਕੈਦੀ ਸਟਾਕਾਂ' ਦਾ ਮੁੱਲ ਹੇਠਾਂ ਗਿਆ ਸੀ। ਹੁਣ ਓਬਾਮਾ ਸਰਕਾਰ ਹੇਠ 'ਦੇਸ ਸੁਰੱਖਿਆ' ਦੇ ਢੌਂਗਾਂ ਹੇਠ ਗ੍ਰਿਫ਼ਤਾਰੀਆਂ ਵਧਣ ਨਾਲ ਇਨ੍ਹਾਂ ਸਟਾਕਾਂ ਦਾ ਮੁੱਲ ਉਤਾਂਹ ਮੁੜਿਆ ਹੈ।

ਅਮਰੀਕਾ ਦੀਆਂ ਪੰਜ ਦੱਖਣ ਪੱਛਮੀ ਸਟੇਟਸ/ਪ੍ਰਾਂਤਾਂ ਅੰਦਰ, ਇਨਸਾਫ਼ ਦੀਆਂ ਉੱਡਦੀਆਂ ਧੱਜੀਆਂ ਬਾਰੇ ਸਭ ਲੋਕ ਜਾਣੂ ਹਨ। ਵਕੀਲ, ਜੱਜ, ਪੁਲੀਸ ਅਤੇ ਸਿਆਸੀ, ਸਭ ਇਸ ਬਦਨਾਮ ਖੇਡ ਵਿਚ ਭਾਈਵਾਲ ਹਨ। ਇਹ ਖੇਡ ਇਨਾਮਾਂ ਨੂੰ ਵਰਤ ਕੇ ਖੇਡੀ ਜਾਂਦੀ ਹੈ, ਪਰ ਕਿਸ ਨੂੰ ਪ੍ਰਵਾਹ ਹੈ ਓਸ ਪੈਸੇ ਦੀ ਜੋ ਧੜਾ-ਧੜ ਬਣ ਰਿਹੈ ਅਤੇ ਪੈਸਾ ਬਣਾਉਣ ਲਈ ਬੰਦਿਆਂ ਦੀ ਤਜਾਰਤ ਹੋ ਰਹੀ ਹੈ।

ਇਹ ਤਜਾਰਤ ਸਮਝਣ ਲਈ ਇਕ ਉਦਾਹਰਣ ਲੈ ਲਵੋ। ਫ਼ਰਜ਼ ਕਰੋ ਕਿ ਐਲਾਬਾਮਾ ਪ੍ਰਾਂਤ ਵਿਚ ਪੁਲੀਸ ਨੇ ਕਿਸੇ ਉੱਤੇ ਇਲਜ਼ਾਮ ਲਗਾਇਆ ਹੈ, ਪਰ ਹਾਲਾਂ ਫੜਿਆ ਨਹੀਂ। ਉਹ ਉਥੋਂ ਜੌਰਜੀਆ ਪ੍ਰਾਂਤ ਵਿਚ ਚਲਾ ਜਾਂਦਾ ਹੈ ਅਤੇ ਕਿਸੇ ਕਾਰਨ ਉਸ ਨੂੰ ਜੌਰਜੀਆ ਵਿਚ ਜੇਲ੍ਹ ਹੋ ਜਾਂਦੀ ਹੈ। ਉਹ ਆਪਣੀ ਜੇਲ੍ਹ ਯਾਤਰਾ ਸਮਾਪਤ ਕਰ ਕੇ ਜ਼ਮਾਨਤ ਮੰਗ ਕੇ ਪਰਤਣਾ ਚਾਹੁੰਦਾ ਹੈ ਤਾਂ ਐਲਾਬਾਮਾ ਤੋਂ ਸੁਨੇਹਾ ਮਿਲਦਾ ਹੈ ਕਿ ਉਹ ਹੁਣ ਉਨ੍ਹਾਂ ਦੇ ਜੇਲ੍ਹ ਸਿਸਟਮ ਦੇ ਹੱਥ ਵਿਚ ਹੈ। ਐਲਾਬਾਮਾ ਮਾਲਕ ਭਾਵੇਂ ਹਫ਼ਤੇ ਵਿਚ ਹੀ ਫੜ ਲੈਣ, ਭਾਵੇਂ ਸਾਲ ਭਰ ਕੁਝ ਨਾ ਕਹਿਣ। ਪਰ ਤਕਨੀਕੀ ਤੌਰ ਉੱਤੇ ਉਹ ਕੈਦੀ ਰਹਿੰਦਾ ਹੈ ਅਤੇ ਕੈਸ਼ ਰਜਿਸਟਰਾਂ ਦੀਆਂ ਟੱਲੀਆਂ ਵੱਜਦੀਆਂ ਜਾਂਦੀਆਂ ਹਨ।

ਜੌਰਜੀਆ ਅੰਦਰ ਕੈਦੀਆਂ ਨੂੰ ਜੇਲ੍ਹ ਸਮੇਂ ਲਈ ਵੱਡੀਆਂ ਕਾਰਪੋਰੇਸ਼ਨਾਂ ਦੇ ਕੋਲ ਵੇਚ ਦਿੱਤਾ ਜਾਂਦਾ ਹੈ। ਉਹ ਕਾਰਪੋਰੇਸ਼ਨਾਂ ਕੈਦੀਆਂ ਨੂੰ ਭਾਵੇਂ ਆਪ ਵਰਤ

ਲੈਣ ਜਾਂ ਉਨ੍ਹਾਂ ਨੂੰ ਅੱਗੋਂ ਕਿਸੇ ਹੋਰ ਛੋਟੀਆਂ ਕਾਰਪੋਰੇਸ਼ਨਾਂ ਕੋਲ ਵੇਚ ਦੇਣ, ਇਹ ਉਨ੍ਹਾਂ ਦੀ ਮਰਜ਼ੀ ਹੈ। ਕਿਸੇ ਕੈਦੀ ਨੂੰ ਰਤਾ ਵੀ ਉਜਰਤ ਨਹੀਂ ਮਿਲਦੀ। ਜ਼ਮਾਨਤ ਮੁੱਕਣ ਪਿੱਛੋਂ ਦਿਨ ਪ੍ਰਤੀ, ਕੈਦੀ ਕਾਬੂ ਰੱਖਣ/ਜੇਲ੍ਹ ਅੰਦਰ ਕਰਨ ਲਈ ਕਾਰਪੋਰੇਸ਼ਨਾਂ, ਪ੍ਰਾਂਤੀ ਸਰਕਾਰ ਤੋਂ ਪੈਸੇ ਉਗਰਾਹੁੰਦੀਆਂ ਹਨ।

ਐਲਾਬਾਮਾ ਵਿਚ ਗ਼ਲਤੀ ਦੇ ਇਵਜ਼ ਵਿਚ ਕਿਸੇ ਵੀ ਕੈਦੀ ਨੂੰ ਫੜਿਆ ਹੋਇਆ ਜਾਂ ਨਿਸ਼ਾਨ-ਦੇਹ ਕੀਤਾ ਹੋਇਆ ਮੰਨ ਲਿਆ ਜਾਂਦਾ ਹੈ, ਭਾਵੇਂ ਉਸ ਨੂੰ ਸੱਚਮੁੱਚ ਕਦੇ ਫੜਿਆ ਵੀ ਨਾ ਹੋਵੇ। ਏਸ ਹਾਲਤ ਵਿਚ ਕਿਸੇ ਟ੍ਰਾਂਸਪੋਰਟ ਕੰਪਨੀ ਨਾਲ ਠੇਕਾ ਕਰ ਲਿਆ ਜਾਂਦਾ ਹੈ ਕਿ ਉਹ ਹਰ ਰੋਜ਼ ਕੈਦੀ ਨੂੰ ਜੌਰਜੀਆ ਤੋਂ ਐਲਾਬਾਮਾ ਲਿਆਵੇਗੀ। ਰੋਜ਼ ਦਾ ਸਫ਼ਰ ਖ਼ਰਚਾ ਇੰਜ ਮਾਨ ਲਿਆ ਜਾਂਦਾ ਹੈ, ਭਾਵੇਂ ਕਿ ਕੈਦੀ ਨੇ ਕਦੇ ਬੱਸ ਵਿਚ ਸਫ਼ਰ ਨਹੀਂ ਕੀਤਾ ਹੁੰਦਾ। ਇੰਜ ਕਈ ਹਫ਼ਤੇ, ਮਹੀਨੇ ਜਾਂ ਸਾਲ ਚੱਲਦਾ ਰਹਿੰਦਾ ਹੈ। ਕੈਦੀ ਕਦੇ ਕਿਤੇ ਨਹੀਂ ਗਿਆ ਹੁੰਦਾ, ਸਿਵਾਏ ਆਪਣੇ ਕੰਮ ਦੇ। ਇੰਜ ਕਮਾਈ ਕਰ ਲੈਣੀ ਸਰਕਾਰ ਵੱਲੋਂ ਪ੍ਰਵਾਨਿਤ ਹੈ।

ਅਮਰੀਕੀ ਜੇਲ੍ਹ ਪ੍ਰਣਾਲੀ ਵਿੱਚੋਂ ਮੁਨਾਫ਼ਾ ਲੈਂਦੀਆਂ ਕਾਰਪੋਰੇਸ਼ਨਾਂ ਦੀ ਕਹਾਣੀ *Owners of the Prison Supreme in America* ਵਿੱਚੋਂ ਪੜ੍ਹੀ ਜਾ ਸਕਦੀ ਹੈ।

ਤਾੜੇ ਗਏ ਕੈਦੀਆਂ ਨੂੰ ਬਾਹਰੋਂ ਉਪਹਾਰ/ਤੋਹਫ਼ੇ ਪੈਕੇਟ ਲੈਣ ਦੀ ਆਗਿਆ ਨਹੀਂ ਹੈ, ਸਿਵਾਏ ਕਦੇ ਕਦਾਈਂ ਖ਼ਾਸ ਦਿਨ ਉੱਤੇ। ਕੁੱਲ ਨਿੱਜ ਵਰਤੋਂ ਦੀਆਂ ਚੀਜ਼ਾਂ ਕੇਵਲ ਜੇਲ੍ਹ ਦੇ ਸਟੋਰ ਵਿੱਚੋਂ ਹੀ ਖ਼ਰੀਦੀਆਂ ਜਾ ਸਕਦੀਆਂ ਹਨ। ਕੈਦੀਆਂ ਨੂੰ ਤਾਂ ਕੀਤੇ ਕੰਮ ਪਿੱਛੇ ਕੋਈ ਤਨਖ਼ਾਹ/ਮੁਆਵਜ਼ਾ ਮਿਲਦਾ ਨਹੀਂ, ਫਿਰ ਉਹ ਸਾਮਾਨ ਕਿਵੇਂ ਖ਼ਰੀਦਦੇ ਹਨ ? ਇਸ ਲਈ ਸਭ ਖ਼ਰਚਾ ਮਿੱਤਰ ਜਾਂ ਰਿਸ਼ਤੇਦਾਰ ਕਰਦੇ ਹਨ। ਏਸ ਖ਼ਰਚੇ ਦਾ ਕੁਝ ਹਿੱਸਾ ਪ੍ਰਾਸੈਸਿੰਗ/ਕਾਰਵਾਈ ਦੇ ਲਈ ਅੱਡ ਰੱਖ ਲਿਆ ਜਾਂਦਾ ਹੈ, ਜਿਸ ਨੂੰ ਲਾਵਾਰਸ ਕੈਦੀਆਂ ਉੱਤੇ ਵਰਤ ਲਿਆ ਜਾਂਦਾ ਹੈ।

ਐਲਾਬਾਮਾ ਅਤੇ ਲੂਸੀਆਨਾ ਪ੍ਰਾਂਤਾਂ ਅੰਦਰ ਕੈਦੀਆਂ ਨਾਲ ਰੱਜ ਕੇ ਬਦਸਲੂਕੀ ਹੁੰਦੀ ਹੈ। ਜੌਰਜੀਆ ਤੀਜੇ ਥਾਂ ਉੱਤੇ ਆਉਂਦਾ ਹੈ। ਐਲਾਬਾਮਾ ਦੀਆਂ 55 ਕਾਊਂਟੀਆਂ/ਤਹਿਸੀਲਾਂ ਵਿਚ ਸ਼ੈਰਿਫ਼/ਪੁਲਿਸ ਕਪਤਾਨ ਨੂੰ ਹੱਕ ਹੈ ਕਿ ਸਭ ਪੈਦਾ ਕੀਤਾ ਮੁਨਾਫ਼ਾ ਆਪਣੇ ਕੋਲ ਰੱਖ ਲਵੇ। ਕਮਾਈ ਦੇ ਇਨ੍ਹਾਂ ਸਾਧਨਾਂ ਵਿਚ ਸ਼ਾਮਿਲ ਹੈ ਕੈਦੀਆਂ ਨੂੰ ਘੱਟ ਖ਼ੁਰਾਕ ਦੇਣੀ ਅਤੇ ਦੂਜਾ ਉਨ੍ਹਾਂ ਨੂੰ ਕੰਪਨੀਆਂ ਦੇ ਕੋਲ ਠੇਕੇ ਉੱਤੇ ਵੇਚ ਦੇਣਾ। ਲੱਖਾਂ ਡਾਲਰ ਇੰਜ ਸ਼ੈਰਿਫ਼/ਪੁਲਿਸ ਕਪਤਾਨ ਦੀ ਜੇਬ ਵਿਚ ਜਾਂਦੇ ਹਨ। ਖ਼ਰੀਦੇ ਜਾਂਦੇ ਖ਼ੁਰਾਕ ਪਦਾਰਥਾਂ ਵਿਚ ਤਾਂ ਬੇਅੰਤ ਘਪਲੇ ਹੁੰਦੇ ਹੀ ਰਹਿੰਦੇ ਹਨ।

ਇਹ ਹੈ ਅਮਰੀਕਾ ਦੀ ਇਨਸਾਫ਼ ਪ੍ਰਣਾਲੀ। ਕੁੱਲ ਸਿਸਟਮ ਦਾ ਨਿੱਜੀਕਰਨ ਹੋ ਚੁੱਕਿਆ ਹੈ ਅਤੇ ਵਾਲ-ਸਟ੍ਰੀਟ ਦੇ ਸਟਾਕ ਐਕਸਚੇਂਜ ਵਿਚ ਮਨੁੱਖੀ ਲੇਬਰ, ਮਾਲ ਬਣ ਕੇ ਵਿਕਦੀ ਹੈ। ਇਹ ਤਾਂ ਮੰਨਿਆ ਕਿ ਜਿਨ੍ਹਾਂ ਨੇ ਹਿੰਸਕ ਅਪਰਾਧ ਕੀਤੇ ਹਨ, ਉਨ੍ਹਾਂ ਨੂੰ ਜੇਲ੍ਹ ਦੀ ਹਵਾ ਖਾਣੀ ਹੀ ਚਾਹੀਦੀ ਹੈ। ਪਰ 60 ਪ੍ਰਤੀਸ਼ਤ ਤੋਂ ਵੱਧ ਉਹ ਲੋਕ ਜੇਲ੍ਹਾਂ ਵਿਚ ਹਨ, ਜਿਨ੍ਹਾਂ ਨੇ ਨਿੱਕੀਆਂ ਮੋਟੀਆਂ ਮਨ-ਮਾਨੀਆਂ ਕੀਤੀਆਂ ਹਨ,

ਪਰ ਜਿਨ੍ਹਾਂ ਨੇ ਕਿਸੇ ਨੂੰ ਦੁੱਖ ਨਹੀਂ ਪੁਚਾਇਆ। ਦੁੱਧ ਚਿੱਟੇ ਦਿਨ ਵਿਚ ਸਾਫ਼ ਦਿਖਾਈ ਦੇ ਰਿਹੈ ਕਿ ਪ੍ਰਾਂਤੀ ਅਤੇ ਫ਼ੈਡਰਲ/ਕੇਂਦਰੀ ਸਰਕਾਰਾਂ ਨੇ ਇਕ ਅਜਿਹਾ ਸਿਸਟਮ ਉਤਪੰਨ ਕੀਤਾ ਹੈ, ਜੋ ਥੋਕ ਵਿਚ ਇਨਸਾਨਾਂ ਨੂੰ ਬੰਦੀ ਬਣਾ ਕੇ ਪ੍ਰਾਈਵੇਟ ਕਾਰਪੋਰੇਸ਼ਨਾਂ ਦੇ ਹਵਾਲੇ ਕਰ ਦਿੰਦਾ ਹੈ। ਪਹਿਲਾਂ ਤਾਂ ਅਮਰੀਕਾ ਅੰਦਰ ਵਰਤਣ ਲਈ ਬੰਦੀ ਵਪਾਰ ਸੌ ਸਾਲਾਂ ਤੋਂ ਵੀ ਵੱਧ ਸਮੇਂ ਲਈ ਚੱਲਦਾ ਰਿਹਾ ਹੈ। ਕੁੱਲ ਕੈਦੀ ਅਫ਼ਰੀਕਾ ਦੇ ਅੰਦਰੋਂ ਧੋਖੇ ਨਾਲ ਜਾਂ ਜਬਰੀ ਲਿਆਏ ਜਾਂਦੇ ਸਨ। ਹੁਣ ਤਾਂ ਬੰਦੀ ਫੜਨ ਲਈ ਏਨੀ ਖੇਚਲ ਕਰਨ ਦੀ ਲੋੜ ਨਹੀਂ ਪੈਂਦੀ, ਜਿੰਨੇ ਵੀ ਚਾਹੀਦੇ ਹਨ ਸੜਕਾਂ ਤੋਂ ਜਾਂ ਘਰਾਂ ਤੋਂ ਚੁੱਕ ਲਏ ਜਾਂਦੇ ਹਨ। ਇੰਜ ਆਮ ਪਬਲਿਕ ਦੀਆਂ ਅੱਖਾਂ ਤੋਂ ਓਹਲੇ, ਇਕ ਭਿਆਨਕ ਬੰਦੀ ਵਪਾਰ ਨਿਪੁੰਨਤਾ ਦੇ ਨਾਲ ਚਲਾਇਆ ਜਾ ਰਿਹਾ ਹੈ।

ਬੰਦੀ ਕੈਦੀਆਂ ਉੱਤੇ ਨਵੀਆਂ ਦਵਾਈਆਂ ਜਾਂ ਵੈਕਸੀਨਾਂ ਦੇ ਤਜਰਬੇ ਹੁੰਦੇ ਰਹਿਣੇ ਕਿਹੜੀ ਮੁਸ਼ਕਲ ਗੱਲ ਹੈ। 'ਕੱਲਿਆਂ ਕਾਰਿਆਂ ਦੇ ਤਜਰਬਿਆਂ ਵਿਚ ਮਰ ਜਾਣ ਉੱਤੇ ਕਿਸ ਨੇ ਰੌਲਾ ਪਾਉਣਾ ਹੈ ? ਕੈਦੀਆਂ ਦੇ ਖ਼ੂਨ ਵੇਚਣ ਦੇ ਵਪਾਰ ਦਾ ਓਦੋਂ ਪਤਾ ਲੱਗਾ, ਜਦੋਂ ਆਰਕਾਨਸਾਸ ਦੇ ਗਵਰਨਰ ਬਿੱਲ ਕਲਿੰਟਨ ਦੀ ਆਗਿਆ ਨਾਲ ਓਸ ਪ੍ਰਾਂਤ ਦੀਆਂ ਜੇਲ੍ਹਾਂ ਅੰਦਰੋਂ ਚੋਖਾ ਖ਼ੂਨ ਕੈਨੇਡਾ ਐਕਸਪੋਰਟ ਕੀਤਾ ਗਿਆ ਸੀ। ਇਹ ਖ਼ੂਨ ਵਰਤੇ ਜਾਣ ਉੱਤੇ ਕੈਨੇਡਾ ਅੰਦਰ ਹਜ਼ਾਰਾਂ ਲੋਕ ਐੱਚ.ਆਈ.ਵੀ. ਲਈ ਪਾਜ਼ਿਟਿਵ ਹੋ ਗਏ ਸਨ। ਇਕ ਦਸਤਾਵੇਜ਼ੀ ਫ਼ਿਲਮ ਬਣਾਈ ਗਈ 'ਫ਼ੈਕਟਰ 8', ਜਿਸ ਵਿਚ ਗਵਰਨਰ ਬਿੱਲ ਕਲਿੰਟਨ ਨੂੰ ਏਸ ਭਿਆਨਕ ਘਟਨਾ ਲਈ ਦੋਸ਼ੀ ਠਹਿਰਾਇਆ ਗਿਆ ਹੈ। ਓਸ ਸਮਾਜ ਵਿਚ ਅਜੇਹੀ ਫ਼ਿਲਮ ਨੂੰ ਵਿਖਾਉਣਾ ਕਿਸ ਨੇ ਸੀ ? ਅਜਿਹੇ ਮਹਾਨ ਕਾਰਜ ਕਰਨ ਵਾਲਾ ਤਾਂ ਵੇਖਦਿਆਂ ਹੀ ਅਮਰੀਕਾ ਦਾ ਪ੍ਰਧਾਨ ਬਣ ਗਿਆ। 1980 ਵਿਚ ਮੈਂ ਆਰਕਾਨਸਾਸ ਦੀ ਰਾਜਧਾਨੀ 'ਲਿਟਲ ਰਾਕ' ਵਿਚ ਡਾ. ਹੈਂਪਟਨ ਰਾਏ ਦਾ ਮਹਿਮਾਨ ਬਣ ਕੇ ਰਿਹਾ। ਮੈਨੂੰ ਗਵਰਨਰ ਬਿੱਲ ਕਲਿੰਟਨ ਵੱਲੋਂ ਇਕ ਖ਼ੂਬਸੂਰਤ 'Visiting Ambassador of Arkansas' ਦਾ ਸਰਟੀਫ਼ਿਕੇਟ ਮਿਲਿਆ, ਜਿਸ ਨੂੰ ਮੈਂ ਬੜੇ ਮਾਣ ਨਾਲ ਆਪਣੇ ਕੋਲ ਰੱਖਿਆ। ਹੁਣ ਜਦੋਂ ਬਿੱਲ ਕਲਿੰਟਨ ਦੀਆਂ ਮੰਦੀਆਂ ਅਤੇ ਖ਼ੂਨੀ ਕਾਰਵਾਈਆਂ ਦਾ ਪਤਾ ਲੱਗਾ ਹੈ ਤਾਂ ਓਸ ਨਾਲ ਨਫ਼ਰਤ ਹੋ ਗਈ ਹੈ।

ਪਿਛਲੇ ਸਾਲ 2010 ਵਿਚ 'ਮੈਕਸੀਕਨ ਗਲਫ਼' ਵਿਚ ਇਕ ਤੇਲ ਦੇ ਖ਼ੂਹ ਵਿੱਚੋਂ ਬੇਅੰਤ ਲਾਲ-ਕਾਲਾ ਗਾੜ੍ਹਾ ਤੇਲ ਡੁੱਲ੍ਹਿਆ। ਹੋਰ ਭੈੜੇ ਅਸਰਾਂ ਤੋਂ ਇਲਾਵਾ, ਏਸ ਤੇਲ ਨੇ ਸੈਰ ਸਪਾਟੇ ਲਈ ਮਸ਼ਹੂਰ ਸਮੁੰਦਰੀ ਬੀਚਾਂ ਨੂੰ ਜ਼ਹਿਰੀਲਾ ਅਤੇ ਪਲੀਤ ਕਰ ਦਿੱਤਾ। ਜ਼ਹਿਰੀਲੀਆਂ ਬੀਚਾਂ ਦੀ ਰੋਜ਼ਾਨਾ ਸਫ਼ਾਈ ਲਈ ਬੰਦੀ ਕੈਦੀਆਂ ਨੂੰ ਵਰਤਿਆ ਗਿਆ ਅਤੇ ਅੱਜ ਵੀ ਵਰਤੇ ਜਾ ਰਹੇ ਹਨ। ਡੁੱਲ੍ਹਦੇ, ਤਰਦੇ ਤੇਲ ਨੂੰ ਲੋਕਾਈ ਦੀਆਂ ਅੱਖਾਂ ਤੋਂ ਛੁਪਾਉਣ ਲਈ ਇਕ ਜ਼ਹਿਰੀਲਾ ਕੀਮਿਆਈ ਪਦਾਰਥ ਵਰਤਿਆ ਗਿਆ, ਜਿਸ ਦਾ ਨਾਂ ਹੈ Cor Exit। 'ਬੀਚਾਂ' ਵੇਖਣ ਵਾਲੇ ਸ਼ੌਕੀਆ ਸ਼ਹਿਰੀ, ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਕੇ ਮਰ ਰਹੇ ਹਨ। ਇਹ ਹੋ

ਨਹੀਂ ਸਕਦਾ ਕਿ Cor Exit ਅਤੇ ਤੇਲ ਤੋਂ ਉਪਜਦੀਆਂ ਹਵਾੜਾਂ ਦਾ ਭੈੜਾ ਅਸਰ ਰੱਖੇ ਜਬਰੀ ਵਰਤੇ ਜਾ ਰਹੇ ਕੈਦੀਆਂ ਉੱਤੇ ਨਾ ਹੋਇਆ ਹੋਵੇ।

ਬੰਦੀ ਤਾਂ ਘਰ ਦੀ ਖੇਤੀ ਹਨ, ਜਿੰਨੇ ਚਾਹੇ ਫੜ ਲਵੋ, ਵਰਤ ਲਵੋ, ਹੁਣ ਉਨ੍ਹਾਂ ਨੂੰ ਅਫ਼ਰੀਕਾ ਦੇ ਜੰਗਲਾਂ ਵਿੱਚੋਂ ਫੜ ਕੇ ਲਿਆਉਣ ਦੀ ਲੋੜ ਨਹੀਂ। ਜੇਲ੍ਹਾਂ ਅੰਦਰ ਕਾਲਿਆਂ ਦੀ ਆਬਾਦੀ 40 ਪ੍ਰਤੀਸ਼ਤ ਹੈ, ਜਦ ਕਿ ਦੇਸ ਦੇ ਅੰਦਰ ਉਨ੍ਹਾਂ ਦੀ ਗਿਣਤੀ 12.4 ਪ੍ਰਤੀਸ਼ਤ ਹੈ। ਏਸ ਮੌਕੇ ਕੁਝ ਹੋਰ ਦੇਸਾਂ ਅੰਦਰ ਕੈਦੀਆਂ ਬਾਰੇ ਵਾਕਫ਼ੀ ਲਾਭਕਾਰੀ ਸਿੱਧ ਹੋਵੇਗੀ। ਸਾਲ 2007 ਵਿਚ ਇਕ ਲੱਖ ਆਬਾਦੀ ਪਿੱਛੇ ਭਾਰਤ ਅਤੇ ਨੇਪਾਲ ਵਿਚ 28 ਕੈਦੀ ਸਨ, ਚੀਨ ਵਿਚ 118, ਰੂਸ ਵਿਚ 532 ਅਤੇ ਅਮਰੀਕਾ ਵਿਚ 714 ਸੀ। ਪਿਛਲੇ ਦਸ ਸਾਲਾਂ ਵਿਚ ਭਾਰਤ, ਨੇਪਾਲ ਅਤੇ ਚੀਨ ਅੰਦਰਲੇ ਕੈਦੀਆਂ ਦੀ ਆਬਾਦੀ ਜਿਉਂ ਦੀ ਤਿਉਂ ਹੈ, ਰੂਸ ਵਿਚ ਘਟੀ ਹੈ, ਪਰ ਅਮਰੀਕਾ ਅੰਦਰ ਵਧੀ ਹੈ। ਅਮਰੀਕਾ ਦੇ ਦੁਨੀਆਂ ਦੇ ਸਭ ਤੋਂ ਅਮੀਰ ਖਿੱਤੇ ਕੈਲੀਫੋਰਨੀਆ ਪ੍ਰਾਂਤ ਦੀ 3.5 ਕਰੋੜ ਆਬਾਦੀ ਪਿੱਛੇ 1,72,000 ਲੋਕ ਜੇਲ੍ਹਾਂ ਵਿਚ ਹਨ। ਕਹਿ ਲਵੋ ਜਿੰਨੀ ਅਮੀਰੀ, ਓਨੀ ਹੀ ਵਧੀਕ ਕੈਦੀਆਂ ਦੀ ਗਿਣਤੀ। ਜੇ ਭਾਰਤ ਕੈਲੀਫ਼ੋਰਨੀਆ ਦੇ ਪੂਰਨਿਆਂ ਉੱਤੇ ਚੱਲੇ ਤਾਂ ਗੁਰੂ ਭਲਾ ਕਰੇ, ਏਥੇ 57 ਲੱਖ ਦੇ ਕਰੀਬ ਕੈਦੀ ਹੋਣਗੇ। ਅਮਰੀਕਾ ਅੰਦਰ ਕੈਦੀਆਂ ਅਤੇ ਬੇਅੰਤ ਹੋਰ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੈ। ਭਾਰਤ ਅੰਦਰ ਪਤਾ ਨਹੀਂ ਸਥਿਤੀ ਕੀ ਹੈ। ਹਾਂ, ਜੇਲ੍ਹ ਅੰਦਰ ਰਹਿੰਦੇ ਹੋਏ ਕੈਦੀਆਂ ਨੂੰ ਪ੍ਰਾਂਤੀ ਅਸੈਂਬਲੀ ਜਾਂ ਕੇਂਦਰੀ ਪਾਰਲੀਮੈਂਟ ਲਈ ਚੁਣੇ ਜਾਣ ਦਾ ਅਧਿਕਾਰ ਜ਼ਰੂਰ ਹੈ। ਭਾਰਤ ਅੰਦਰ ਕੁਲ ਕੈਦੀਆਂ ਦੀ ਆਬਾਦੀ ਕਰੀਬ ਸਵਾ ਤਿੰਨ ਲੱਖ ਹੈ, ਜਦ ਕਿ ਜੇਲ੍ਹਾਂ ਅੰਦਰ ਠੀਕ ਤਰ੍ਹਾਂ ਰਹਿਣ ਲਈ ਸਵਾ ਦੋ ਲੱਖ ਟਿਕਾਣੇ ਸਿਰ ਮੰਜੇ ਹਨ।

ਜੇਲ੍ਹਾਂ ਅਤੇ ਕੈਦੀਆਂ ਦੀ ਸਹੀ ਵਰਤੋਂ ਦੇ ਢੰਗਾਂ ਅੰਦਰ, ਸਾਨੂੰ ਅਮਰੀਕਾ ਦੀ ਸ਼ਾਗਿਰਦੀ ਕਰਨੀ ਪਵੇਗੀ। ਉਥੇ ਘਾਗ ਨੇਤਾਵਾਂ ਦੀ ਰਹਿਨੁਮਾਈ ਹੇਠ 'ਹੋਮਲੈਂਡ ਸਿਕਿਓਰਿਟੀ' ਨੇ ਤਾਂ ਕਮਾਲ ਕੀਤੀ ਹੋਈ ਹੈ। ਉਨ੍ਹਾਂ ਨੇ ਕੁੱਲ ਦੇਸ ਅੰਦਰ ਕਰੀਬ ਇਕ ਸੌ 'ਡੀਟੈਨਸ਼ਨ (ਰੋਕੂ/ਤਾੜੂ) ਸੈਂਟਰ' ਤਿਆਰ ਕੀਤੇ ਹਨ। ਹਰ ਸੈਂਟਰ ਅੰਦਰ 40,000 ਲੋਕਾਂ/ਕੈਦੀਆਂ ਨੂੰ ਡੱਕਣ ਦੇ ਪ੍ਰਬੰਧ ਹਨ। ਹਾਲਾਂ ਤਾਂ ਏਥੇ ਕੇਵਲ ਕਰਮਚਾਰੀ ਜਾਂ ਉਨ੍ਹਾਂ ਦੇ ਪਰਿਵਾਰ ਹੀ ਰਹਿੰਦੇ ਹਨ। ਇਕ ਵਾਰ ਫਿਰ ਸੋਚੋ, 100 ਮਹਾਨ ਤਾੜੂ ਕੇਂਦਰ, ਜਿਹੜੇ ਹਾਲਾਂ ਖ਼ਾਲੀ ਹੋਣ ਸ਼ਾਇਦ। ਏਨੇ ਭਾਰੀ ਖ਼ਰਚੇ ਉੱਤੇ ਇਨ੍ਹਾਂ ਨੂੰ ਬਣਾਇਆ ਹੀ ਕਿਉਂ ਗਿਆ ਹੈ ? ਅਮਰੀਕਾ ਵਿਚ ਅੱਜ ਉੱਠਦੀ ਇਕ ਵੱਡੀ ਵਿਰੋਧੀ ਦੇਸ਼ ਭਗਤਾਂ ਦੀ ਆਵਾਜ਼ ਕੁਚਲਣ ਲਈ, ਕੀ ਇਹੀ ਕੇਂਦਰ ਵਰਤੇ ਜਾਣਗੇ ? ਇਨ੍ਹਾਂ ਤਾੜੂ ਕੇਂਦਰਾਂ ਦੇ ਸਹੀ ਟਿਕਾਣੇ ਵੇਖਣ ਲਈ ਇੰਟਰਨੈੱਟ ਵਿਚ ਗੂਗਲ ਉੱਤੇ ਖੋਜੋ "Homeland Security Detention Centres" ਜਾਂ "Google Homeland Security Sites Centres" ਲਿਖ ਕੇ ਕਰੋ। ਪਲਾਂ ਵਿਚ ਤੁਸੀਂ ਉਸ ਨਕਸ਼ੇ ਉੱਤੇ ਪਹੁੰਚ ਜਾਵੋਗੇ, ਜਿਸ ਵਿਚ ਕੁੱਲ ਅਮਰੀਕਾ, ਤਾੜੂ ਕੇਂਦਰਾਂ ਦੇ 'ਗ਼ੁਬਾਰੇ' ਚਿੰਨ੍ਹਾਂ ਨਾਲ ਭਰਿਆ ਵਿਖਾਈ ਦੇਵੇਗਾ। ਮੈਂ ਇਕ ਕੇਂਦਰ ਨੂੰ ਕਲੋਜ਼

ਅੱਪ/ਵੱਡਾ ਕਰ ਕੇ ਦੇਖਿਆ ਹੈ। ਇਸ ਦਾ ਆਕਾਰ ਹੈ ਤਿੰਨ ਸੌ ਮੀਟਰ ਚੌੜਾ ਅਤੇ ਪੰਜ ਸੌ ਮੀਟਰ ਲੰਮਾ। ਅੰਦਰ ਜਾਂਦਾ ਰਸਤਾ ਇਕ ਹੈ ਅਤੇ ਚਾਰੇ ਪਾਸੇ ਦੀਵਾਰ ਉੱਤੇ ਤਾਰ ਹੈ। ਚਾਰ ਨੁੱਕਰਾਂ ਉੱਤੇ ਵੱਡੀਆਂ ਰੈਕਟੈਂਗਲ ਇਮਾਰਤਾਂ ਹਨ। ਕੇਂਦਰ ਦੇ ਅਤਿ ਵੱਡੇ ਵਿਹੜੇ ਵਿਚ ਕੀ ਹੈ ? ਉਥੇ ਝਾਤੀ ਨਹੀਂ ਪੈ ਸਕਦੀ, ਕਿਉਂਕਿ ਉਸ ਨੂੰ ਬਲੈਂਕ/ਸਾਫ਼ ਕੀਤਾ ਹੋਇਆ ਹੈ। ਇਹ ਮਹਾਨ ਅਮਰੀਕਾ ਹੀ ਹੈ, ਜਿਥੇ ਐਡੇ ਵੱਡੇ ਪ੍ਰਾਜੈਕਟ ਤਿਆਰ ਹੋ ਜਾਂਦੇ ਹਨ ਅਤੇ ਲੋਕਾਂ ਨੂੰ ਕੰਨੋਂ ਕੰਨ ਖ਼ਬਰ ਨਹੀਂ ਹੁੰਦੀ। ਦਰਅਸਲ ਅਮਰੀਕਾ ਏਨਾ ਵਿਸ਼ਾਲ ਦੇਸ ਹੈ ਕਿ ਲੋਕਾਂ ਦੀਆਂ ਅੱਖਾਂ ਤੋਂ ਦੂਰ ਅਜਿਹੇ ਪ੍ਰਾਜੈਕਟ ਆਸਾਨੀ ਨਾਲ ਪੂਰੇ ਕੀਤੇ ਜਾ ਸਕਦੇ ਹਨ। ਤਾਂ ਲੋਕਾਂ ਅੰਦਰ 'ਤਾੜੂ ਕੇਂਦਰਾਂ' ਦਾ ਰੌਲਾ ਕਿਉਂ ਨਹੀਂ ਪੈ ਜਾਂਦਾ ? ਕੇਂਦਰਾਂ ਦੇ ਵਿਕਾਸ ਕਰਨ ਵਾਲੇ ਕਾਮੇ ਕੌਣ ਹਨ ? ਉਹ ਸ਼ਹਿਰੀ ਇਲਾਕਿਆਂ ਤੋਂ ਗਏ ਸਾਧਾਰਨ ਕਾਮੇ ਨਹੀਂ ਹਨ। ਉਹ ਹਨ, ਜੇਲ੍ਹਾਂ ਅੰਦਰਲੇ ਮੁਫ਼ਤ ਦੇ ਕਾਮੇ। ਕਹਿੰਦੇ ਹਨ 'ਕਮ ਖ਼ਰਚ ਬਾਲਾ ਨਸ਼ੀਂ।'

ਅਮਰੀਕੀ ਜੇਲ੍ਹ ਪ੍ਰਣਾਲੀ ਦਾ ਆਪਣੇ ਦੇਸ ਵਾਸੀਆਂ ਦੇ ਨਾਲ ਗਾੜ੍ਹਾ ਨਹੁੰ ਮਾਸ ਦਾ ਰਿਸ਼ਤਾ ਹੈ। 'ਪਿਊ ਸੈਂਟਰ' ਦੇ ਅੰਕੜਿਆਂ ਅਨੁਸਾਰ ਹਰ ਇਕੱਤੀ ਬਾਲਗ਼ ਅਮਰੀਕਨਾਂ ਪਿੱਛੇ ਇਕ ਵਿਅਕਤੀ ਜੇਲ੍ਹ ਪ੍ਰਣਾਲੀ ਦੀ ਜਕੜ ਵਿਚ ਹੈ, 25 ਲੱਖ ਸੀਖਾਂ ਦੇ ਪਿੱਛੇ ਅਤੇ ਬਾਕੀ ਦੇ ਪੈਰੋਲ ਉੱਤੇ, ਪ੍ਰੋਬੇਸ਼ਨ ਉੱਤੇ ਅਤੇ ਕਈ ਤਰ੍ਹਾਂ ਦੀ ਸੁਧਾਰਕ ਦੇਖ-ਰੇਖ ਵਿਚ ਹਨ। ਕੋਈ ਹੈਰਾਨੀ ਦੀ ਗੱਲ ਨਹੀਂ।

ਤੀਹ ਸਾਲ ਪਹਿਲਾਂ ਕੈਲੀਫ਼ੋਰਨੀਆ ਦੇ ਜਨਰਲ ਫੰਡ ਦਾ 10 ਪ੍ਰਤੀਸ਼ਤ ਉਚੇਰੀ ਪੜ੍ਹਾਈ ਵੱਲ ਜਾਂਦਾ ਸੀ। ਅੱਜ 11 ਪ੍ਰਤੀਸ਼ਤ ਜੇਲ੍ਹਾਂ ਅਤੇ 8 ਪ੍ਰਤੀਸ਼ਤ ਉਚੇਰੀ ਪੜ੍ਹਾਈ ਉੱਤੇ ਖ਼ਰਚਿਆ ਜਾਂਦਾ ਹੈ। ਜ਼ਾਹਰ ਹੈ 'ਜੇਲ੍ਹਾਂ ਦੀ ਪੜ੍ਹਾਈ' ਦਾ ਮਹੱਤਵ ਉਚੇਰਾ ਹੈ।

ਜਸਪਾਲ ਭੱਟੀ ਨੇ ਇਕ ਫ਼ਿਲਮ ਬਣਾਈ ਸੀ, 'ਮਾਹੌਲ ਠੀਕ ਹੈ'। ਉਸ ਦੇ ਅੰਦਰ ਕਾਨੂੰਨੀ ਏਜੰਸੀਆਂ ਅਤੇ ਜੇਲ੍ਹਾਂ ਥਾਣਿਆਂ ਅੰਦਰਲੀਆਂ ਕੁਰੀਤੀਆਂ ਨੂੰ ਮਜ਼ਾਕੀਆ ਢੰਗ ਨਾਲ ਦਰਸਾਇਆ ਗਿਆ ਸੀ। ਅੱਜ ਸੌ ਜਸਪਾਲ ਭੱਟੀ ਵੀ ਰਲ ਕੇ ਅਮਰੀਕਾ ਦੇ ਮਹਾਨ ਜੇਲ੍ਹੀ ਨਿਜ਼ਾਮ ਨੂੰ ਸਹੀ ਢੰਗ ਨਾਲ ਪੇਸ਼ ਨਹੀਂ ਕਰ ਸਕਦੇ।

ਹੇਟੀ

ਮੁੰਬਈ ਦੀ ਸੇਧ ਵਿਚ ਜੇ ਅਸੀਂ ਭੂਗੋਲ ਦੇ ਪਰਲੇ/ਪਿਛਲੇ/ਉਲਟੇ ਪਾਸੇ ਪਹੁੰਚੀਏ ਤਾਂ ਓਥੇ ਟਾਪੂ-ਦੇਸ ਵੱਸਦੇ ਹਨ। ਕੁਲ ਸਮੂਹ ਨੂੰ ਕਹੀਦੈ 'ਕੈਰੇਬੀਅਨ ਟਾਪੂ'। ਇਨ੍ਹਾਂ ਵਿੱਚੋਂ ਇਕ ਟਾਪੂ ਹੈ 'ਵੈਸਟ ਇੰਡੀਜ਼', ਜਿਸ ਦੀ ਕ੍ਰਿਕਟ ਟੀਮ ਹਰ ਸਾਲ ਭਾਰਤ ਆਉਂਦੀ ਹੈ ਅਤੇ ਏਥੋਂ ਓਥੇ ਜਾਂਦੀ ਹੈ। ਕੈਰੇਬੀਅਨ ਵਿਚ ਵੱਡੇ ਟਾਪੂ ਦੋ ਹਨ – ਇਕ ਕਿਊਬਾ ਅਤੇ ਦੂਜਾ ਹਿਸਪਾਨੀਓਲਾ। ਟਾਪੂ ਦੇਸਾਂ ਦੇ ਉਪਰ ਅਮਰੀਕਾ ਦਾ ਪ੍ਰਾਂਤ ਫ਼ਲੋਰਿਡਾ ਹੈ, ਜਿਸ ਦੀ ਸ਼ਕਲ, ਇਕ ਉੱਤੋਂ ਹੇਠਾਂ ਨੂੰ ਉਡਾਰੀ ਭਰਦੀ ਇੱਲ ਦੀ ਸਿਰੀ ਦੇ ਵਾਂਗ ਹੈ।

ਏਸ ਵੇਲੇ ਅਸਾਂ ਗੱਲ ਕਰਨੀ ਹੈ ਹਿਸਪਾਨੀਓਲਾ ਅਤੇ ਖ਼ਾਸ ਕਰਕੇ ਹੇਟੀ ਦੀ। 1492 ਵਿਚ ਕੋਲੰਬਸ ਹਿਸਪਾਨੀਓਲਾ ਪਹੁੰਚਿਆ ਤਾਂ ਜਾਣੋ ਸਪੇਨ ਦਾ ਉਸ ਉੱਤੇ ਕਬਜ਼ਾ ਹੋ ਗਿਆ। ਰੋਮਨ ਕੈਥੋਲਿਕ ਰੁਚੀ ਦੇ ਸਪੇਨੀਆਂ ਨੇ ਅਗਲੇ ਪੰਝੀ ਸਾਲਾਂ ਦੇ ਅੰਦਰ ਇਕ ਇਕ ਸਥਾਨਕ ਦੇਸੀ ਨਾਗਰਿਕ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਵੰਨਗੀ ਦੇ ਤੌਰ ਉੱਤੇ ਵੀ ਇਕ ਸ਼ਖ਼ਸ/ਵਿਅਕਤੀ ਨਹੀਂ ਛੱਡਿਆ, ਜਿਵੇਂ ਅੱਜ ਅਮਰੀਕਾ ਅੰਦਰ ਕੁਝ ਦੇਸੀ ਅਮਰੀਕਨ ਨਮੂਨੇ ਬਚਾ ਕੇ ਰੱਖੇ ਹੋਏ ਹਨ। ਹਿਸਪਾਨੀਓਲਾ ਕਰੀਬ 30,000 ਵਰਗ ਮੀਲ ਰਕਬੇ ਵਿਚ ਹੈ। ਓਥੋਂ ਦਾ ਤਾਂ ਕੋਈ ਬਚਿਆ ਹੀ ਨਹੀਂ, ਜੋ ਦੱਸ ਸਕੇ ਕਿ ਉਸ ਦੇ ਕਿੰਨੇ ਲੋਕ ਵੱਢੇ ਗਏ। ਓਸ ਸਮੇਂ ਮਾਰਨ ਲਈ ਵੱਢੇ ਜਾਂ ਵਿੰਨ੍ਹੇ ਜਾਂਦੇ ਸਨ, ਕੁਲ ਮਰਦ ਔਰਤਾਂ ਅਤੇ ਬੱਚੇ। ਹੁਣ ਦਾ ਭਾਰਤੀ ਪੰਜਾਬ ਹਿਸਪਾਨੋਲੀਆ ਦਾ ਦੋ ਤਿਹਾਈ ਬਣਦਾ ਹੈ।

ਓਸ ਸਮੇਂ ਯੂਰਪ ਦੇ ਹੋਰ ਦੇਸ ਵੀ ਦੂਰ-ਦੁਰਾਡੇ ਜਾ ਕੇ ਧਰਤੀ ਦੇ ਟੋਟਿਆਂ ਨੂੰ ਬਸਤੀਆਂ ਦੇ ਵਾਂਗ ਜਿੱਤ ਰਹੇ ਸਨ। 17ਵੀਂ ਸਦੀ ਦੇ ਸ਼ੁਰੂ ਵਿਚ ਫ਼ਰਾਂਸ ਨੇ ਹਿਸਪਾਨੀਓਲਾ ਦਾ ਇਕ ਤਿਹਾਈ ਹਿੱਸਾ ਖੋਹ ਲਿਆ ਜੋ ਅੱਜ ਹੈ "ਹੇਟੀ"। ਓਸ ਜ਼ਮਾਨੇ ਵਿਚ ਬਸਤੀਆਂ ਦਾ ਮੁੱਖ ਕੰਮ ਹੁੰਦਾ ਸੀ ਗੰਨਾ ਉਗਾਉਣਾ ਅਤੇ ਖੰਡ ਪੈਦਾ ਕਰਨੀ। ਨਾਲ ਹੀ ਨਾਲ ਜੰਗਲਾਂ ਨੂੰ ਕੱਟ ਕੇ ਲੱਕੜ ਲੈ ਜਾਣੀ। ਅਜਿਹੀ ਹੱਡ ਭੰਨਵੀਂ ਮਿਹਨਤ ਯੂਰਪੀਆਂ ਨੇ ਤਾਂ ਕਰਨੀ ਨਹੀਂ ਸੀ, ਅਤੇ ਸਥਾਨਕ ਲੋਕਾਂ ਦਾ ਤਾਂ ਸਫ਼ਾਇਆ ਹੋ ਚੁੱਕਿਆ ਸੀ। ਤਾਂ ਫਿਰ ਲੇਬਰ ਕਿੱਥੋਂ ਆਈ? ਇਹ ਸਾਰੀ ਲੇਬਰ ਆਈ ਅਫ਼ਰੀਕਾ ਮਹਾਂਦੀਪ ਤੋਂ ਬੰਦੀ ਵਪਾਰ ਰਾਹੀਂ। ਏਸ ਵਪਾਰ ਦੇ ਕਰਤੇ ਧਰਤੇ ਸਨ ਅਕਸ਼ਨਾਜ਼ੀ ਯਹੂਦੀ, ਜਿਨ੍ਹਾਂ ਨੇ 113 ਸਾਲਾਂ ਵਿਚ 13 ਕਰੋੜ ਤੋਂ ਵੱਧ ਲੋਕ ਅਫ਼ਰੀਕਾ ਦਾ ਦਿਲ ਚੀਰ ਕੇ ਕੱਢ ਕੇ ਲਿਆਂਦੇ। ਹੇਟੀ ਦੀ ਫ਼ਰਾਂਸੀਸੀ ਬਸਤੀ

ਪਰਿਆਵਰਣ ਦਾ ਘਾਣ ਕਰ ਕੇ ਅਤੇ ਬੰਦੀਆਂ ਤੋਂ ਲੱਕ ਤੋੜਵਾਂ ਕੰਮ ਲੈ ਕੇ ਸਭ ਤੋਂ ਅਮੀਰ ਹੋ ਗਈ। ਸੰਨ 1800 ਦੇ ਨੇੜੇ ਅਫ਼ਰੀਕਨ ਬੰਦੀ ਪੰਜ ਲੱਖ ਦੇ ਕਰੀਬ ਸਨ। ਕਾਲਿਆਂ ਨੇ ਬਗ਼ਾਵਤ ਕਰ ਦਿੱਤੀ। ਉਨ੍ਹਾਂ ਦੇ ਮਿਹਨਤ ਨਾਲ ਕਮਾਏ ਹੋਏ ਜੁੱਸਿਆਂ ਦੇ ਸਾਹਮਣੇ ਫ਼ਰਾਂਸੀਸੀ ਫ਼ੌਜੀ ਅਮਲਾ ਕੁਝ ਨਹੀਂ ਕਰ ਸਕਿਆ। 1804 ਵਿਚ ਹੇਟੀ ਵਿਚ ਧਰਤੀ ਦੇ ਉੱਤੇ ਕਾਲੇ ਲੋਕਾਂ ਦਾ ਰਾਜ ਪਹਿਲੀ ਵਾਰ ਸਥਾਪਤ ਹੋਇਆ। ਉਸ ਸਮੇਂ ਪੰਜਾਬ ਅੰਦਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਏਸੇ ਸਮੇਂ ਫ਼ਰਾਂਸ ਵਿਚ ਨੈਪੋਲੀਅਨ ਦਾ ਦਬਦਬਾ ਸੀ।

ਫ਼ਰਾਂਸੀਸੀ ਮਾਲਕ ਏਸ ਧਰਤੀ ਨੂੰ 'ਸੰਤ'/ਸੇਂਟ ਡਮਿੰਗੋ ਦੇ ਨਾਂ ਨਾਲ ਪੁਕਾਰਦੇ ਸਨ। ਫ਼ਰਾਂਸ ਦੇ ਸ਼ਹਿਰਾਂ ਦੀ ਕੁੱਲ ਸ਼ਾਨ-ਸ਼ੌਕਤ ਹੇਟੀ ਦੇ ਬੰਦੀਆਂ ਦੀ ਹੱਡ-ਭੰਨਵੀਂ ਮਿਹਨਤ ਨਾਲ ਪੈਦਾ ਹੋਈ। ਬੰਦੀਆਂ ਦੀ ਸਪਲਾਈ ਯਹੂਦੀਆਂ ਵੱਲੋਂ ਬੇਅੰਤ ਖੁੱਲ੍ਹੀ ਸੀ। ਫ਼ਰਾਂਸੀਸੀ ਮਾਲਕ ਬੰਦੀ ਇਨਸਾਨਾਂ ਤੋਂ ਬੇਅੰਤ ਕੰਮ ਲੈ ਲੈ ਕੇ ਮੁਕਾ ਹੀ ਦੇਂਦੇ ਸਨ। ਜਦੋਂ ਇਕ ਮਰੀਅਲ ਘੋੜਾ ਟਾਂਗੇ ਉੱਤੇ ਅੱਠ ਸਵਾਰੀਆਂ ਖਿੱਚ ਰਿਹਾ ਹੁੰਦੈ ਤਾਂ ਅਸੀਂ ਕਦੇ ਸੋਚਦੇ ਹਾਂ ? ਹੇਟੀ ਅੰਦਰ ਬੰਦੀ ਮਜ਼ਦੂਰ ਇਕ ਵਰਤਣ ਵਾਲੀ ਚੀਜ਼ ਸੀ – ਵੱਧ ਤੋਂ ਵੱਧ ਪੈਦਾਵਾਰ ਲੈਣ ਲਈ। ਹੁਕਮ ਅਦੂਲੀ ਦੀ ਸੂਰਤ ਵਿਚ ਉਸ ਦੇ ਗੁਦਾ ਅੰਦਰ ਬਰੂਦ ਭਰ ਕੇ, ਸਭ ਹੋਰਨਾਂ ਬੰਦੀਆਂ ਦੇ ਸਾਹਮਣੇ ਫਟਾ ਕੇ ਉਡਾਇਆ ਜਾਂਦਾ ਸੀ। ਧਰਤੀ ਦੇ ਉੱਤੇ ਬੇਅੰਤ ਫ਼ਰਾਂਸੀਸੀ ਬਸਤੀਆਂ ਦੇ ਅੰਦਰ ਰਾਜ ਕਰਨ ਲਈ ਦਹਿਸ਼ਤ ਦੀ ਵਰਤੋਂ ਕੀਤੀ ਜਾਂਦੀ ਸੀ। ਪਰ ਜੋ ਉਨ੍ਹਾਂ ਨੇ ਪਿਛਲੀ ਸਦੀ ਅੰਦਰ ਮੱਧ ਏਸ਼ੀਆ ਵਿਚ ਅਲਜੇਰੀਆ ਦੇਸ ਦੇ ਅੰਦਰ ਕੀਤਾ, ਉਹ ਜ਼ੁਲਮ ਚੋਟੀ ਉੱਪਰ ਸੀ। ਉਨ੍ਹਾਂ ਦੇ ਜ਼ੁਲਮ ਨੂੰ ਜੇ ਕਿਸੇ ਨੇ ਮਾਤ ਪਾਇਆ ਹੈ ਤਾਂ ਉਹ ਹੈ ਪਿਛਲੇ ਅੱਠਾਂ ਸਾਲਾਂ ਅੰਦਰ ਅਮਰੀਕਾ ਦਾ ਇਰਾਕੀ, ਅਫ਼ਗਾਨੀ ਅਤੇ ਪਾਕਿਸਤਾਨੀ ਬੰਦੀਆਂ ਦੇ ਉੱਤੇ ਅਸਹਿ ਅਤੇ ਅਕਹਿ ਤਸ਼ੱਦਦ। ਇਹ ਜ਼ੁਲਮ ਨਵੇਂ ਪ੍ਰਧਾਨ ਓਬਾਮਾ ਦੇ ਸਮੇਂ ਵੀ ਪਹਿਲਾਂ ਵਾਂਗ ਜਾਰੀ ਹਨ, ਓਸ ਨੇ ਰੋਕ ਲਾਉਣ ਦਾ ਕੋਈ ਹੁਕਮ ਨਹੀਂ ਕੀਤਾ।

ਚਲੋ ਵਾਪਸ ਹੇਟੀ ਅਤੇ ਅਮਰੀਕਾ ਵੱਲ ਪਰਤੀਏ। 1770 ਦੇ ਨੇੜੇ ਜਦੋਂ ਅਮਰੀਕਾ ਦੀ ਬਸਤੀ ਆਜ਼ਾਦ ਹੋ ਰਹੀ ਸੀ ਅਤੇ 1780 ਵਿਚ ਫ਼ਰਾਂਸ ਵਿਚ ਜ਼ੁਲਮ ਵਿਰੋਧੀ ਹਵਾ ਚੱਲ ਰਹੀ ਸੀ ਅਤੇ 'ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ' ਦੇ ਨਾਅਰੇ ਉੱਠ ਰਹੇ ਸਨ ਤਾਂ ਅਜਿਹੇ ਗ਼ੁਲਾਮਾਂ ਤਕ ਪਹੁੰਚਦਿਆਂ ਵੀ ਦੇਰ ਨਹੀਂ ਲੱਗੀ। ਫ਼ਰਾਂਸੀਸੀ ਜ਼ੁਲਮ ਦੇ ਖ਼ਿਲਾਫ਼ ਇਕ ਗ਼ੁਲਾਮ 'ਤੂਸਾਂ ਓਵਰਟੀ' ਦੀ ਅਗਵਾਈ ਹੇਠ ਬਗ਼ਾਵਤ ਹੋਈ। ਕੁੱਲ ਬਸਤੀ ਅੰਦਰਲੇ ਸੈਂਕੜੇ ਫ਼ਰਾਂਸੀਸੀਆਂ ਦਾ ਸਫ਼ਾਇਆ ਕਰ ਦਿੱਤਾ ਗਿਆ। ਤੂਸਾਂ ਨੇ ਆਪਣੀ ਸਿਆਸੀ ਅਤੇ ਫ਼ੌਜੀ ਕਾਬਲੀਅਤ ਦਾ ਸਬੂਤ ਦੇ ਦਿੱਤਾ। ਯਾਦ ਕਰੋ, ਹੋ ਚੀ ਮਿੰਨ ਜੋ ਕੇਵਲ ਇਕ ਸਕੂਲ ਦਾ ਅਧਿਆਪਕ ਸੀ, ਉਸ ਨੇ ਅੱਜ ਤੋਂ ਚਾਰ ਦਹਾਕੇ ਦੇਸ ਵੀਅਤਨਾਮ ਅੰਦਰ, ਸ਼ਕਤੀਸ਼ਾਲੀ ਅਮਰੀਕਾ ਦੇ ਗੋਡੇ ਲਵਾ ਦਿੱਤੇ ਸਨ।

ਉਧਰ ਅਮਰੀਕਾ ਨਵਾਂ ਨਵਾਂ ਆਜ਼ਾਦ ਹੋਇਆ ਸੀ, ਏਧਰ ਹੇਟੀ ਵਿਚ ਪਹਿਲੀ ਵਾਰ ਕਾਲਿਆਂ ਦਾ ਰਾਜ ਹੋ ਗਿਆ। ਫ਼ਰਕ ਸੀ ਇਕ ਬਹੁਤ ਵੱਡਾ – ਅਮਰੀਕਾ ਅੰਦਰ

ਅਫ਼ਰੀਕਾ ਤੋਂ ਫੜੇ ਬੰਦੀਆਂ ਦਾ ਵਪਾਰ ਜ਼ੋਰਾਂ ਉੱਤੇ ਸੀ, ਜਦ ਕਿ ਹੇਟੀ ਅੰਦਰ ਬੰਦੀਆਂ ਨੇ ਆਪਣੀ ਮੁਕਤੀ ਲੈ ਲਈ ਸੀ। ਪ੍ਰਧਾਨ ਜੈਫ਼ਰਸਨ ਦੇ ਕੋਲ ਆਪਣੇ ਨਿੱਜੀ ਫ਼ਾਰਮ ਵਿਚ 180 ਬੰਦੀ ਸਨ। ਸੇਂਟ ਡਮਿੰਗੋ (ਹੇਟੀ) ਅੰਦਰਲੀ ਕ੍ਰਾਂਤੀ ਨੇ ਉਸ ਨੂੰ ਕੰਬਣੀ ਲਾਈ ਹੋਈ ਸੀ। ਯੂਰਪ ਦੇ ਅੰਦਰ ਏਸ ਸਮੇਂ ਨਿਪੋਲੀਅਨ ਇਕ ਪਿੱਛੇ ਇਕ ਜੰਗ ਜਿੱਤਦਾ ਜਾ ਰਿਹਾ ਸੀ ਅਤੇ ਉਸ ਦੀ ਅੱਖ ਅਮਰੀਕਾ ਨੂੰ ਕਾਬੂ ਕਰਨ ਦੀ ਵੀ ਸੀ। ਪਰ ਪਹਿਲਾਂ ਤਾਂ ਹੇਟੀ ਨੂੰ ਕਾਬੂ ਹੇਠ ਕਰਨਾ ਸੀ। ਨਿਪੋਲੀਅਨ ਨੇ ਦੋ ਵਾਰ ਕਾਲਿਆਂ ਨੂੰ ਦਬਾਉਣ ਲਈ ਚੋਖੀ ਫ਼ੌਜ ਭੇਜੀ, ਪਰ ਦੋਵੇਂ ਵਾਰ ਉਸ ਨੂੰ ਮਾਰ ਪਈ।

ਅਮਰੀਕਾ ਦੇ ਉਪਰ ਸੰਭਾਵਿਤ ਫ਼ਰਾਂਸੀਸੀ ਹਮਲਾ ਤਾਂ ਟਲ ਗਿਆ, ਪਰ ਪ੍ਰਧਾਨ ਜੈਫ਼ਰਸਨ ਨੂੰ ਇਹ ਚਿੰਤਾ ਲੱਗ ਗਈ ਕਿ ਜੇ ਕਾਲੇ ਲੋਕ ਇੰਜ ਤਗੜੇ ਹੋਣ ਲੱਗੇ ਤਾਂ ਕਾਲਿਆਂ ਦੇ ਮਾਲਕ ਅਮਰੀਕੀ ਗੋਰਿਆਂ ਦਾ ਕੀ ਬਣੇਗਾ ? ਉਧਰ ਤੂਸਾਂ ਨੂੰ ਲਾਹ ਕੇ 'ਜੀਨ ਦੂਸਾਲਾਂ' ਹੇਟੀ ਦਾ ਲੀਡਰ ਬਣ ਗਿਆ ਅਤੇ 1804 ਵਿਚ ਆਜ਼ਾਦ ਹੇਟੀ ਦਾ ਐਲਾਨ ਕਰ ਦਿੱਤਾ। ਜੈਫ਼ਰਸਨ ਹੇਟੀ ਦੇ ਕਾਲੇ ਹਾਕਮਾਂ ਅਤੇ ਲੋਕਾਂ ਦੀ ਜਾਨ ਦਾ ਵੈਰੀ ਬਣ ਗਿਆ। 1820 ਵਿਚ ਜੈਫ਼ਰਸਨ ਨੇ ਸਕੀਮ ਬਣਾਈ ਕਿ ਅਮਰੀਕੀ ਕਾਲੇ ਬੰਦੀਆਂ ਦੇ ਸਭ ਬੱਚੇ ਹੇਟੀ ਭੇਜ ਦਿੱਤੇ ਜਾਣ, ਜਿਸ ਨਾਲ ਕੁਝ ਦਹਾਕਿਆਂ ਦੇ ਅੰਦਰ ਅਮਰੀਕਾ ਦੇ ਅੰਦਰ ਕੇਵਲ ਗੋਰੇ ਹੀ ਰਹਿ ਜਾਣ ਅਤੇ ਹੇਟੀ ਰਹੇ ਨਿਰੇ ਕਾਲਿਆਂ ਦਾ। 1862 ਤਕ ਅਮਰੀਕਾ ਨੇ ਹੇਟੀ ਨੂੰ ਦੁਸ਼ਮਣ ਦੇਸ ਹੀ ਮੰਨਿਆ। 1862 ਵਿਚ ਪ੍ਰਧਾਨ ਇਬਰਾਹੀਮ ਲਿੰਕਨ ਨੇ ਹੇਟੀ ਨੂੰ ਮਾਨਤਾ ਦੇ ਦਿੱਤੀ, ਪਰ ਓਦੋਂ ਤੋਂ ਲੈ ਕੇ ਹੁਣ ਤਕ ਹੇਟੀ ਉੱਤੇ ਗੋਰੇ ਹੀ ਰਾਜ ਕਰਦੇ ਰਹੇ ਹਨ। ਜਦੋਂ ਵੀ ਕਦੇ ਸਥਾਨਕ ਲੋਕਾਂ ਨੇ ਸਿਰ ਚੁੱਕਿਆ, ਉਸ ਨੂੰ ਚੰਗੀ ਤਰ੍ਹਾਂ ਕੁਚਲ ਦਿੱਤਾ ਗਿਆ। ਕੁਝ ਸਾਲ ਪਹਿਲਾਂ ਦੇਸੀ ਆਦਮੀ 'ਜੀਨ ਅਰਿਸਟੀ' ਦੋ ਵਾਰ ਪ੍ਰਧਾਨ ਚੁਣਿਆ ਗਿਆ। ਦੋਵੇਂ ਵਾਰ ਉਸ ਦਾ ਤਖ਼ਤਾ ਫ਼ੌਜ ਹੱਥੋਂ ਉਲਟਾ ਦਿੱਤਾ ਗਿਆ। ਐਸ ਵੇਲੇ ਉਹ ਬ੍ਰਾਜ਼ੀਲ ਦੀ ਐਂਬੈਸੀ ਅੰਦਰ ਸ਼ਰਨ ਲਈ ਬੈਠਾ ਹੈ। ਡੇਢ ਸਦੀ ਤੋਂ ਮਿਲਦੇ ਅਮਰੀਕਾ ਦੇ 'ਮਾਪਿਆਂ' ਜੇਹੇ ਪਿਆਰ ਨੇ ਇਕ ਗੱਲ ਤਾਂ ਪੱਕੀ ਕਰ ਦਿੱਤੀ ਹੈ ਕਿ ਜਦੋਂ ਵੀ ਕਦੇ ਖੁੱਲ੍ਹੀਆਂ ਡੁੱਲ੍ਹੀਆਂ ਇਲੈਕਸ਼ਨਾਂ ਹੋਈਆਂ ਤਾਂ ਉਸ ਨੂੰ ਅਮਰੀਕਨ ਵਿਰੋਧੀ ਹੀ ਜਿੱਤਣਗੇ। ਏਸ ਪਿੱਛੋਂ ਹਕੂਮਤ ਦਾ ਫੱਟਾ ਉਲਟਾ ਕੇ ਕੋਈ ਡਿਕਟੇਟਰ ਬਿਠਾਇਆ ਜਾਵੇਗਾ, ਜੋ ਛਿੱਤਰ, ਫ਼ੌਜ ਅਤੇ ਕਤਲ ਦੇ ਭੈਅ ਨਾਲ ਰਾਜ ਕਰੇਗਾ।

1957 ਤੋਂ ਲੈ ਕੇ 1986 ਤਕ ਇਹ ਦੇਸ ਡੁਵੇਲੀਅਰ ਟੱਬਰ ਦੇ ਜ਼ੁਲਮ ਹੇਠਾਂ ਰਿਹਾ ਹੈ। ਪਿਤਾ (ਪਾਪਾ ਡੌਕ) ਦੇ ਮਰਨ ਪਿੱਛੋਂ ਪੁੱਤਰ (ਬੇਬੀ ਡੌਕ) ਦਾ ਰਾਜ ਚੱਲਿਆ। 1986 ਵਿਚ ਬੇਬੀ ਡੌਕ ਭੱਜ ਕੇ ਫ਼ਰਾਂਸ ਵਿਚ ਜਾ ਲੁਕਿਆ। 2010 ਦੇ ਸ਼ੁਰੂ ਤੋਂ ਅਮਰੀਕਾ ਨੇ ਕਬਜ਼ਾ ਕੀਤਾ ਹੈ। ਭੁਚਾਲ ਦੀ ਤਬਾਹੀ ਉਥੇ ਦੀ ਉਥੇ ਪਈ ਹੈ। ਲੋਕ ਗੰਦੀਆਂ ਤੰਬੂ ਬਸਤੀਆਂ ਵਿਚ ਰਹਿ ਰਹੇ ਹਨ। ਹੈਜ਼ੇ ਸਮੇਤ ਬੇਅੰਤ ਬਿਮਾਰੀਆਂ ਨੇ ਉਨ੍ਹਾਂ ਨੂੰ ਘੇਰ ਰੱਖਿਆ ਹੈ। ਲੋਕਾਂ ਦੀ ਟਾਕਰਾ ਸ਼ਕਤੀ ਪੂਰੀ ਤਰ੍ਹਾਂ ਤੋੜਨ ਪਿੱਛੋਂ ਡਿਕਟੇਟਰ 'ਬੇਬੀ ਡੌਕ' ਨੂੰ 2011 ਵਿਚ ਵਾਪਸ ਲਿਆਂਦਾ ਗਿਆ ਹੈ। ਇਹ ਸੋਚਣਾ ਮੁਸ਼ਕਲ ਨਹੀਂ ਕਿ ਆਉਂਦੇ ਸਮੇਂ ਵਿਚ ਜਾਂ ਕਿਸੇ ਹੋਰ ਅਜਿਹੇ ਨੂੰ 'ਡਿਕਟੇਟਰ ਕੁਰਸੀ'

ਉੱਤੇ ਬਿਠਾ ਕੇ ਅਮਰੀਕਨ 'ਲੋਕ ਰਾਜ' ਦਾ 'ਰਾਮ ਰਾਜ' ਸ਼ੁਰੂ ਕਰਵਾਇਆ ਜਾਵੇਗਾ।

ਲਓ ਹੁਣ ਗੱਲ ਕਰੀਏ ਜਨਵਰੀ 2010 ਦੇ ਹੇਟੀ ਕੋਲ ਆਏ ਭਿਆਨਕ ਭੂਚਾਲ ਦੀ। ਇਕ ਪੂਰੀ ਸਦੀ ਦੇ ਜ਼ੁਲਮ ਅਤੇ ਠੋਸੀ ਗਈ ਗ਼ਰੀਬੀ ਦੇ ਕਾਰਨ, ਰਾਜਧਾਨੀ ਸ਼ਹਿਰ ਵੀ ਐਨਾ ਕਮਜ਼ੋਰ ਉਸਰਿਆ ਹੋਇਆ ਸੀ ਕਿ ਪਹਿਲੇ ਹੀ ਝਟਕੇ ਨਾਲ ਕਰੀਬ ਪੂਰੇ ਦਾ ਪੂਰਾ ਢੱਠ ਗਿਆ ਅਤੇ ਦੋ ਲੱਖ ਹੇਟੀ ਲੋਕਾਂ ਦੀ ਬਲੀ ਲੈ ਲਈ। ਇਹ ਇਕ ਕਮਜ਼ੋਰ ਸ਼ਹਿਰ ਦਾ ਨਤੀਜਾ ਸੀ ਆਈ.ਐੱਮ.ਐੱਫ਼. ਵੱਲੋਂ ਠੋਸੀ ਹੋਈ ਕਿਰਸ ਦੇ ਨੀਤੀ ਕਾਰਨ।

ਪਰਮਾਤਮਾ ਭਲਾ ਕਰੇ ਉਸ ਪ੍ਰਧਾਨ ਦਾ, ਜਿਸ ਨੇ ਮਿੰਟਾਂ ਅੰਦਰ ਬਚਾਅ ਕਾਰਜਾਂ ਦੀ ਟੀਮ ਨੂੰ ਹਵਾਈ ਜਹਾਜ਼ਾਂ ਵਿਚ ਤੋਰ ਦਿੱਤਾ। ਇਹ ਪ੍ਰਧਾਨ ਅਮਰੀਕਾ ਦਾ ਨਹੀਂ ਸੀ, ਬਲਕਿ ਦੂਰ-ਦੁਰਾਡੇ ਦੇਸ ਆਈਸਲੈਂਡ ਦਾ ਸੀ – ਓਲਾਫ਼ੁਰ ਗ੍ਰਿਮਸਨ। ਬੁੱਧਵਾਰ ਨੂੰ ਅਮਰੀਕਾ ਦੇ ਪ੍ਰਧਾਨ ਓਬਾਮਾ ਨੇ ਵਿਸ਼ਵਾਸ ਦਿੱਤਾ ਕਿ "ਅਗਲੇ ਕੁਝ ਦਿਨਾਂ ਅੰਦਰ 2000 ਮੇਰੀਨ ਭੇਜ ਦਿੱਤੇ ਜਾਣਗੇ।" 'ਕੁਝ ਦਿਨਾਂ ਅੰਦਰ' – ਕਿੰਨਾ ਦਰਦ ਸੀ ਪ੍ਰਧਾਨ ਓਬਾਮਾ ਨੂੰ ਹੇਟੀ ਲੋਕਾਂ ਲਈ ?

ਚੀਨ ਨੇ ਬਚਾਅ ਕਾਰਿੰਦੇ ਅਤੇ ਜਿਊਂਦੇ ਸੁੰਘ ਲੱਭਣ ਵਾਲੇ ਕੁੱਤੇ 48 ਘੰਟਿਆਂ ਦੇ ਅੰਦਰ ਪੁਚਾ ਦਿੱਤੇ – ਅੱਠ ਹਜ਼ਾਰ ਮੀਲ ਦੂਰੋਂ। ਅਮਰੀਕਾ ਦਾ ਮਿਆਮੀ ਕੇਵਲ 700 ਮੀਲ ਦੂਰ ਸੀ। ਅਮਰੀਕਾ ਦੇ ਪੋਰਟੋਰੀਕੋ ਅੱਡੇ ਤਾਂ ਬਿਲਕੁਲ ਨਾਲ ਹੀ ਸਨ।

ਅਮਰੀਕਾ ਦੇ ਸਕੱਤਰ ਰਾਬਰਟ ਗੇਟਸ ਨੇ ਕਿਹਾ ਕਿ ਸਮੁੱਚੇ ਹਾਲਾਤ ਨੂੰ ਵੇਖਦਿਆਂ ਸਾਡੀ ਸਰਕਾਰ ਏਸ ਤੋਂ ਵੱਧ ਤੇਜ਼ੀ ਕਿਵੇਂ ਵਿਖਾ ਸਕਦੀ ਸੀ ? ਆਖ਼ਿਰ ਮਹਾਨ ਅਮਰੀਕਨ ਸਹਾਇਤਾ ਪਹੁੰਚ ਗਈ ਤਿੰਨ ਦਿਨਾਂ ਪਿੱਛੋਂ। ਦੋ ਹਜ਼ਾਰ 'ਮੇਰੀਨ' ਪਹੁੰਚ ਗਏ ਆਪਣੇ ਪੂਰੇ ਹਥਿਆਰਾਂ ਸਮੇਤ। ਕਾਰਲ ਵਿਨਸਨ ਨਾਂ ਦਾ ਏਅਰ-ਕਰਾਫ਼ਟ ਕੈਰੀਅਰ, ਸਾਈਡ ਵਿੰਗਰ ਮਿਜ਼ਾਈਲਾਂ ਅਤੇ 19 ਹੈਲੀਕਾਪਟਰਾਂ ਨਾਲ ਹੇਟੀਆਂ ਦੀ ਸੇਵਾ ਲਈ ਹਾਜ਼ਰ ਹੋ ਗਿਆ। 'ਮੇਰੀਨਾਂ' ਨੇ ਹਵਾਈ ਅੱਡੇ ਆਪਣੇ ਕਾਬੂ ਵਿਚ ਲਿਆ ਕੇ ਦੁਨੀਆਂ ਦੇ ਹਰ ਕੋਨੇ ਤੋਂ ਔਗੋਂ ਆ ਰਹੀ ਕੁੱਲ ਹਵਾਈ ਸੇਵਾ ਰਾਹੀਂ ਪਹੁੰਚ ਰਹੀ ਮਦਦ ਨੂੰ ਹਵਾਈ ਅੱਡੇ ਉੱਤੇ ਉਤਰਨ ਤੋਂ ਰੋਕਣਾ ਸ਼ੁਰੂ ਕਰ ਦਿੱਤਾ। ਇੰਜ, ਜਿਵੇਂ ਕਹਿੰਦੇ ਹੋਣ, "ਤੁਸੀਂ ਕੌਣ ਹੋ ਸਾਡੇ ਖਿੱਤੇ ਅੰਦਰ ਦਖ਼ਲ-ਅੰਦਾਜ਼ੀ ਕਰਨ ਵਾਲੇ।"

ਮੁੱਕਦੀ ਗੱਲ, ਹੇਟੀ ਨੇੜੇ ਭੂਚਾਲ ਦੇ ਬਹਾਨੇ ਅਮਰੀਕਾ ਨੇ ਏਸ ਤੇਲ ਅਤੇ ਖਣਿਜ ਪਦਾਰਥਾਂ ਨਾਲ ਅਮੀਰ ਦੇਸ ਉੱਤੇ ਕਬਜ਼ਾ ਕਰ ਰੱਖਿਆ ਹੈ ਅਤੇ ਇਹ ਕਬਜ਼ਾ ਏਸ ਨੇ ਕਦੇ ਛੱਡਣਾ ਨਹੀਂ। ਐਸ ਵੇਲੇ ਦੁਨੀਆਂ ਦੇ 177 ਦੇਸਾਂ ਦੇ ਅੰਦਰ 1100 ਤੋਂ ਵੱਧ ਫ਼ੌਜੀ, ਹਵਾਈ ਜਾਂ ਸਮੁੰਦਰੀ ਅੱਡੇ ਹਨ। ਕੇਵਲ ਦੋ ਕੁ ਦਰਜਨ ਕਾਬੂ ਕਰਨੇ ਰਹਿ ਗਏ ਹਨ।

ਭੂਚਾਲ ਦੇ ਦਿਨ ਤੋਂ ਅੱਜ ਤਕ ਬਿਲ ਕਲਿੰਟਨ ਅਤੇ ਜਾਰਜ ਬੁਸ਼, ਪੂਰਵ ਅਮਰੀਕੀ ਪ੍ਰਧਾਨਾਂ ਦੀਆਂ ਤਸਵੀਰਾਂ ਨਾਲ ਨਾਲ ਮੀਡੀਆ ਅਤੇ ਇੰਟਰਨੈੱਟ ਵਿਚ ਆ ਰਹੀਆਂ ਹਨ, ਜਿਸ ਵਿਚ ਉਹ ਹੇਟੀ ਵਾਸਤੇ ਦਾਨ ਦੀ ਅਪੀਲ ਕਰ ਰਹੇ ਹਨ। ਪਿਛਲੇ ਇਕ ਸਾਲ ਦੇ ਅੰਦਰ ਅਮਰੀਕਨ ਕਬਜ਼ੇ ਦੀ ਦੇਖ-ਰੇਖ ਵਿਚ ਲੋਕਾਂ ਦੇ ਮੁੜ

ਵਸੇਬੇ ਲਈ ਕੋਈ ਖ਼ਾਸ ਕਾਰਵਾਈ ਨਹੀਂ ਹੋਈ। ਲੋਕਾਂ ਨੂੰ ਸਾਫ਼ ਪਾਣੀ ਅਤੇ ਖ਼ੁਰਾਕ ਦਾ ਪ੍ਰਬੰਧ ਨਹੀਂ ਹੋਇਆ। ਘਰਾਂ ਅਤੇ ਇਮਾਰਤਾਂ ਦੀ ਗੱਲ ਹੀ ਛੱਡ ਦੇਵੋ। ਬੇਅੰਤ ਜਿਗਰ ਅਤੇ ਪੇਟ ਦੇ ਰੋਗਾਂ ਤੋਂ ਇਲਾਵਾ ਦਸੰਬਰ 2010 ਵਿਚ ਹਜ਼ਾਰਾਂ ਹੀ ਲੋਕ ਹੈਜ਼ੇ ਦੇ ਰੋਗ ਨਾਲ ਜਾਨ ਗਵਾ ਗਏ। ਢੱਠੀਆਂ ਇਮਾਰਤਾਂ ਅੱਜ ਵੀ ਓਵੇਂ ਹੀ ਹਨ। ਲੋਕ ਗੰਦੇ ਨਾਲੀ ਨਾਲੀਆਂ ਦੇ ਕਿਨਾਰੇ ਟੈਂਟਾਂ/ਤੰਬੂਆਂ ਹੇਠਾਂ ਰਹਿ ਰਹੇ ਹਨ। ਬੱਚੇ ਗੰਦਗੀ ਦੇ ਢੇਰਾਂ ਦੇ ਆਲੇ-ਦੁਆਲੇ ਖੇਡਦੇ ਹਨ। ਇੰਜ ਇਕ ਸਾਲ ਦੇ ਅੰਦਰ ਹੇਟੀ 'ਅਮਰੀਕੀ ਬਹਿਸ਼ਤ' ਦਾ ਇਕ ਨਮੂਨਾ ਬਣ ਗਿਆ ਹੈ, ਅਮਰੀਕਾ ਦੀ ਸਪੁਰਦਗੀ ਵਿਚ ਜਿਸ ਬਾਰੇ ਉਸ ਨੂੰ ਪੂਰਾ ਮਾਣ ਹੈ। ਦੇਸ ਦੇ ਕੁਦਰਤੀ ਖ਼ਜ਼ਾਨਿਆਂ ਨੂੰ ਕਾਰਪੋਰੇਟ ਗਿਰਜਾਂ ਵਾਂਗ ਨੋਚ ਰਹੀਆਂ ਹਨ।

ਹੇਟੀ ਦੇ ਕੋਲ ਭੂਚਾਲ ਆਉਣ ਪਿੱਛੋਂ ਹੇਟੀ ਤੋਂ ਵੀ ਵੱਧ ਕੇ 8.8 ਰੀਚਰ ਸ਼ਕਤੀ ਦਾ ਇਕ ਭਿਆਨਕ ਭੂਚਾਲ 'ਚਿੱਲੀ' ਦੇਸ ਵਿਚ ਆਇਆ। ਓਥੋਂ ਦੀਆਂ ਕੁੱਲ ਇਮਾਰਤਾਂ ਭੂਚਾਲ ਸਹਿ ਸਕਣ ਵਾਲੀਆਂ ਬਣੀਆਂ ਹੋਈਆਂ ਸਨ। ਦੋ ਇਕ ਮੌਤਾਂ ਨੂੰ ਛੱਡ ਕੇ ਹੋਰ ਕੋਈ ਨੁਕਸਾਨ ਨਹੀਂ ਹੋਇਆ। ਏਸ ਸ਼ਹਿਰ ਦਾ ਨਾਂ ਹੈ ਕੰਸੈਪਸੀਅਨ।

ਬਹੁਤੇ ਅਮਰੀਕਨਾਂ ਨੂੰ ਉਮੀਦ ਨਹੀਂ ਕਿ ਪਤਾ ਹੋਵੇ, ਕਿਵੇਂ ਇਕ ਸਮੇਂ ਹੇਟੀ ਨੇ ਅਮਰੀਕਾ ਨੂੰ ਬਚਾਇਆ ਸੀ। ਪਰ ਹੇਟੀਆਂ ਨੂੰ ਆਮ ਤੌਰ ਉੱਤੇ ਸਭ ਪਤਾ ਹੈ। ਅਮਰੀਕਾ ਨੇ ਆਪਣੇ ਵੱਲੋਂ ਹੇਟੀਆਂ ਨੂੰ ਪੂਰੇ ਪਿਆਰ ਨਾਲ ਸਦਾ ਤੋਂ ਫ਼ੌਜੀ ਬੂਟਾਂ ਹੇਠਾਂ ਰੱਖਿਆ ਹੈ। ਜਦੋਂ ਵੀ ਉਨ੍ਹਾਂ ਨੂੰ ਆਜ਼ਾਦੀ ਦਿੱਤੀ ਗਈ ਹੈ, ਓਦੋਂ ਬੜੇ ਨੇਕ ਅਤੇ ਖ਼ੁਦਾ ਤਰਸ ਹਾਕਮ ਦਿੱਤੇ ਹਨ। ਉਨ੍ਹਾਂ ਵਿੱਚੋਂ ਸਭ ਤੋਂ ਉੱਘੇ ਸਨ ਡੁਵੇਲੀਅਰ ਪਰਿਵਾਰ ਦੇ 'ਪਾਪਾ ਡੌਕ' ਅਤੇ 'ਬੇਬੀ ਡੌਕ', ਜਿਨ੍ਹਾਂ ਨੂੰ ਜੀਵਨ ਭਰ ਦੀ ਪ੍ਰਧਾਨਗੀ ਮਿਲੀ ਹੋਈ ਸੀ। ਇਨ੍ਹਾਂ ਤਰਸਵਾਨ ਹਾਕਮਾਂ ਨੇ ਬਾਹਰੋਂ ਆਉਂਦੀ ਕੁੱਲ ਮਦਦ ਅਤੇ ਨਕਦੀ ਜ਼ਾਇਆ ਹੋ ਜਾਣ ਤੋਂ ਬਚਾਉਣ ਲਈ ਬਾਹਰਲੇ ਦੇਸਾਂ ਅੰਦਰ ਆਪਣੇ ਨਾਂ ਉੱਤੇ ਜਮ੍ਹਾਂ ਕਰਵਾਈ ਸੀ। ਏਸੇ ਲਈ ਪ੍ਰਧਾਨ ਦਾ ਘਰ ਜਾਂ ਅਮਰੀਕੀ ਸਫ਼ਾਰਤਖ਼ਾਨਾ ਛੱਡ ਕੇ ਕੁੱਲ ਇਮਾਰਤਾਂ, ਭੂਚਾਲ ਦੇ ਪਹਿਲੇ ਝਟਕੇ ਨਾਲ ਢੇਰੀ ਹੋ ਗਈਆਂ ਸਨ।

ਚੁਣੇ ਹੋਏ/ਕੱਢੇ ਹੋਏ ਪ੍ਰਧਾਨ ਜੀਨ ਅਰਿਸਟੀ ਦੀ ਕੀ ਲੋੜ ਹੈ, ਜੇ 'ਬੇਬੀ ਡੌਕ' ਜਿਹਾ ਹੰਢਿਆ ਵਰਤਿਆ ਹਾਕਮ ਵਾਪਸ ਆ ਜਾਵੇ ? ਓਸ ਦੇਸੀ ਹਾਕਮ ਨੂੰ ਕਦੇ ਵੀ ਢਾਹੁਣ ਦੀ ਲੋੜ ਨਹੀਂ ਪਵੇਗੀ। ਪਾਪਾ ਡੌਕ ਅਤੇ ਬੇਬੀ ਡੌਕ ਨੇ ਆਪਣੇ 27 ਸਾਲਾ ਰਾਜ ਵਿਚ ਘੱਟੋ-ਘੱਟ 60,000 ਹੇਟੀਆਂ ਨੂੰ ਆਪਣੇ ਪਿਆਰੇ ਦੂਤਾਂ ਰਾਹੀਂ ਅਗਵਾ ਕਰ ਕੇ ਪ੍ਰਭੂ ਨੂੰ ਮਿਲਾ ਦਿੱਤਾ। ਬੇਬੀ ਡੌਕ ਜੀ ਹੁਣ ਬੇਅੰਤ ਸਾਲਾਂ ਪਿੱਛੋਂ ਵਾਪਸ ਪਰਤੇ ਹਨ। ਹੁਣ ਉਹ ਬੱਚੇ ਨਹੀਂ ਰਹੇ, ਪੰਜਾਹ ਸਾਲ ਦੇ ਹੋ ਗਏ ਹਨ। ਉਮੀਦ ਕਰਨੀ ਚਾਹੀਦੀ ਹੈ ਕਿ ਏਸ ਵਾਰ ਉਨ੍ਹਾਂ ਦੀ ਕਾਰਵਾਈ ਪਹਿਲਾਂ ਨਾਲੋਂ ਕਿਤੇ ਚੰਗੇਰੀ ਹੋਵੇਗੀ!

ਸਾਡਾ ਜੀਵਨ ਆਧਾਰ ਖੇਤੀ

ਸਾਧਾਰਨ ਫ਼ਸਲਾਂ ਉੱਗਣ ਸਮੇਂ, ਕਈ ਅਣਚਾਹੀਆਂ ਬੂਟੀਆਂ ਵੀ ਆਪਣਾ ਸਿਰ ਕੱਢਣ ਲੱਗ ਪੈਂਦੀਆਂ ਹਨ। ਇਹ ਜ਼ੋਰਦਾਰ ਕੁਦਰਤੀ ਜੰਗਲੀ ਬੂਟੀਆਂ ਧਰਤੀ ਵਿੱਚੋਂ ਖ਼ੁਰਾਕ ਚੂਸਦੀਆਂ ਹਨ, ਫ਼ਸਲ ਦੀ ਪੈਦਾਵਾਰ ਘਟਾਉਂਦੀਆਂ ਹਨ ਅਤੇ ਪੈਦਾ ਕੀਤੀ ਫ਼ਸਲ ਦਾ ਮਿਆਰ ਅਤੇ ਸ਼ੁੱਧਤਾ ਘਟਾਉਂਦੀਆਂ ਹਨ। ਕਈ ਸੋਹਣੀਆਂ ਬੂਟੀਆਂ ਭਾਵੇਂ ਬਾਗ਼ਾਂ ਵਿਚ ਉਗਾਈਆਂ ਜਾਣ, ਪਰ ਬੂਟੀਆਂ ਦਾ ਖੇਤੀਆਂ ਵਿਚ ਰਲ ਜਾਣਾ ਮਨਜ਼ੂਰ ਨਹੀਂ ਕੀਤਾ ਜਾ ਸਕਦਾ। ਫ਼ਸਲਾਂ ਦੀ ਪੈਦਾਵਾਰ ਦੇ ਨਾਲ ਬੂਟੀਆਂ ਦੇ ਬੀਜ ਰਲ-ਰਲ ਕੇ ਕੁਲ ਦੁਨੀਆਂ ਅੰਦਰ ਖਿੱਲਰ ਗਏ ਹਨ। ਕਈ ਬੂਟੀਆਂ ਖਾਣ ਯੋਗ ਹਨ ਅਤੇ ਉਨ੍ਹਾਂ ਦੀਆਂ ਜੜ੍ਹਾਂ ਅਤੇ ਪੱਤੇ ਦਵਾਈਆਂ ਦੇ ਕੰਮ ਆਉਂਦੇ ਹਨ। ਕਈ ਬੂਟੀਆਂ ਫ਼ਸਲਾਂ ਨੂੰ ਕੀੜਿਆਂ ਦੇ ਹਮਲਿਆਂ ਤੋਂ ਬਚਾਉਂਦੀਆਂ ਹਨ। ਕਈ ਬੂਟੀਆਂ ਸਖ਼ਤ ਧਰਤੀ ਨੂੰ ਤੋੜਦੀਆਂ ਅਤੇ ਫ਼ਸਲਾਂ ਨੂੰ ਆਪਣੀਆਂ ਜੜ੍ਹਾਂ ਡੂੰਘੀਆਂ ਕਰਨ ਵਿਚ ਸਹਾਇਤਾ ਕਰਦੀਆਂ ਹਨ। ਦਰਜਨਾਂ ਕਿਸਮ ਦੀਆਂ ਬੂਟੀਆਂ ਹਨ, ਕੋਈ ਜੁੱਟ ਕਿਸੇ ਦੇਸ ਜਾਂ ਇਲਾਕੇ ਵਿਚ, ਕੋਈ ਜੁੱਟ ਕਿਸੇ ਹੋਰ ਥਾਂ। ਫ਼ਸਲਾਂ ਵਿੱਚੋਂ ਬੂਟੀਆਂ ਪੁੱਟਣ ਲਈ ਇਨਸਾਨੀ ਮਿਹਨਤ ਦੀ ਲੋੜ ਪੈਂਦੀ ਹੈ। ਮਿਹਨਤਕਸ਼ ਨੂੰ ਉਜਰਤ ਦੇਣੀ ਪੈਂਦੀ ਹੈ। ਫ਼ਸਲ ਮਾਲਕਾਂ ਨੂੰ ਉਜਰਤ ਦੇ ਕੇ ਲੇਬਰ ਤੋਂ ਕੰਮ ਲੈਣਾ ਇਕ ਸਿਰ ਪੀੜ ਜਾਪਦੀ ਹੈ। ਜਿਥੇ ਇਕ ਮਾਲਕ ਦੀ ਫ਼ਸਲ ਹਜ਼ਾਰਾਂ ਲੱਖਾਂ ਏਕੜਾਂ ਵਿਚ ਖਿੱਲਰੀ ਹੋਵੇ, ਉਹ ਏਨੀ ਲੇਬਰ ਕਿੱਥੋਂ ਲਿਆਵੇ ? ਉਹਦੇ ਲਈ ਤਾਂ ਅਜਿਹਾ ਜਾਦੂ ਚਾਹੀਦੈ, ਜਿਸ ਦਾ ਛਿੜਕਾਅ ਹਵਾਈ ਜਹਾਜ਼ ਰਾਹੀਂ ਹੋ ਜਾਵੇ। ਜੇ ਫ਼ਸਲ ਥੋੜ੍ਹੀ ਹੋਵੇ ਤਾਂ ਸਪਰੇਅ ਪੰਪ ਨਾਲ ਕੰਮ ਸਰਨਾ ਚਾਹੀਦੈ। ਸਾਇੰਸ ਦੇ ਯੁੱਗ ਵਿਚ ਬੂਟੀ-ਮਾਰ ਢੰਗਾਂ ਦੀ ਖੋਜ ਹੋਣੀ ਕੁਦਰਤੀ ਸੀ। ਬੇਅੰਤ ਕੈਮੀਕਲ ਈਜਾਦ ਕੀਤੇ ਗਏ, ਜਿਨ੍ਹਾਂ ਦੀ ਵਰਤੋਂ ਫ਼ਸਲਾਂ ਅਤੇ ਫ਼ਲ-ਬਾਗ਼ਾਂ ਵਿਚ ਚੋਣਵੇਂ ਸਮਿਆਂ ਉੱਤੇ ਕਰ ਕੇ, ਬੂਟੀਆਂ ਅਤੇ ਉਜਾੜੂ ਕੀੜਿਆਂ ਨੂੰ ਮੁਕਾਇਆ ਜਾਂਦਾ ਹੈ। ਚੂੰਕਿ ਇਨ੍ਹਾਂ ਕੀਮਿਆਈ ਵਸਤੂਆਂ ਨੂੰ ਲੱਖਾਂ ਕਰੋੜਾਂ ਏਕੜਾਂ, ਬਲਕਿ ਕੁੱਲ ਧਰਤੀ ਉੱਤੇ ਵਰਤਿਆ ਜਾਂਦਾ ਹੈ ਅਤੇ ਅੱਗੋਂ ਵੀ ਨਿਰੰਤਰ ਵਰਤੋਂ ਜਾਰੀ ਰਹਿਣੀ ਹੈ, ਏਸ ਲਈ ਜ਼ਰੂਰੀ ਹੈ, ਉਨ੍ਹਾਂ ਬਾਰੇ ਪਹਿਲੇ ਤੋਂ ਆਖ਼ਰੀ ਪੜਾਅ ਤਕ ਹੋਂਦ ਅਤੇ ਅਸਰਾਂ ਦਾ ਪਤਾ ਹੋਵੇ। ਮੋਟੇ ਤੌਰ ਉੱਤੇ ਜਾਣ ਲੈਣਾ ਚਾਹੀਦਾ ਹੈ ਕਿ ਇਹ ਕੀਮਿਆਈ ਵਸਤੂਆਂ ਨਿਹਾਇਤ ਜ਼ਹਿਰੀਲੀਆਂ ਹਨ। ਵਰਤੋਂ ਵੇਲੇ ਏਨੀ ਕੁ ਮਾਤਰਾ ਦੇ ਘੋਲ ਬਣਾਏ ਜਾਂਦੇ ਹਨ, ਜੋ ਇਨਸਾਨ ਅਤੇ

ਜਾਨਵਰ ਲਈ ਮਾਰੂ ਨਾ ਹੋਣ। ਵਰਤੋਂ ਵੇਲੇ ਹੱਥ ਮੂੰਹ ਨੂੰ ਕੱਜ ਕੇ ਰੱਖਿਆ ਜਾਂਦਾ ਹੈ। ਅੱਖਾਂ ਉੱਤੇ ਚਾਰੇ ਪਾਸਿਓਂ ਬੰਦ ਐਨਕ ਵਰਤੀ ਜਾਂਦੀ ਹੈ। ਅੱਖਾਂ ਵਿਚ ਛਿੱਟ ਪੈ ਜਾਵੇ ਤਾਂ ਮੁਸੀਬਤ ਹੋ ਜਾਂਦੀ ਹੈ। ਕੁੱਲ ਕੈਮੀਕਲ ਸਪਰੇਅ ਬੂਟੀ ਅਤੇ ਕੀੜੇ ਮਾਰ ਕੇ ਧਰਤੀ ਦੇ ਅੰਦਰ ਜਜ਼ਬ ਹੋ ਜਾਂਦੀ ਹੈ ਅਤੇ ਬਾਰਸ਼ਾਂ ਦੇ ਨਾਲ ਡੂੰਘੀ ਹੀ ਡੂੰਘੀ ਵੜ ਕੇ ਧਰਤੀ ਹੇਠਲੇ ਪਾਣੀਆਂ ਨਾਲ ਰਲ ਜਾਂਦੀ ਹੈ। ਜਿਹੜੇ ਕੈਮੀਕਲ ਧਰਤੀ ਉਪਰ ਬਚੇ ਰਹਿੰਦੇ ਹਨ, ਉਹ ਬਾਰਸ਼ਾਂ ਦੇ ਨਾਲ ਰੁੜ੍ਹ ਕੇ ਨਦੀ ਨਾਲਿਆਂ ਅਤੇ ਦਰਿਆਵਾਂ ਰਾਹੀਂ ਅਖ਼ੀਰ ਸਮੁੰਦਰ ਵਿਚ ਜਾ ਪਹੁੰਚਦੇ ਹਨ।

ਬੂਟੀ-ਮਾਰ ਅਤੇ ਕੀੜੇ-ਮਾਰ ਕੈਮੀਕਲ ਅਣਗਿਣਤ ਮਾਤਰਾ ਵਿਚ ਵਰਤੇ ਜਾ ਚੁੱਕੇ ਅਤੇ ਵਰਤੇ ਜਾ ਰਹੇ ਹਨ। ਹਰ ਸਾਲ ਉਨ੍ਹਾਂ ਦੀ ਨਵੀਂ ਵਰਤੋਂ ਕਰਨੀ ਪੈਂਦੀ ਹੈ। ਕਿਉਂ ਜੁ ਪਹਿਲੇ ਵਗ ਜਾਂਦੇ ਹਨ ਜਾਂ ਧਰਤੀ ਹੇਠ ਸਮਾ ਜਾਂਦੇ ਹਨ। ਧਰਤੀ ਵਿਚ ਸਮਾਉਂਦਿਆਂ ਉਹ ਫ਼ਸਲ ਅਤੇ ਜਾਨ ਦੇ ਮਿੱਤਰ ਕੀੜਿਆਂ ਅਤੇ ਗੰਡੋਇਆਂ ਨੂੰ ਵੀ ਮਾਰ ਜਾਂਦੇ ਹਨ। ਧਰਤੀ ਇਕ ਤਰ੍ਹਾਂ ਦੀ 'ਬੰਜਰ' ਜੀਵ-ਰਹਿਤ ਹੋ ਜਾਂਦੀ ਹੈ। ਇਸ ਵਿਚ ਕੁਦਰਤੀ 'ਜੀਵਤ' ਖੇਤੀ ਕਰਨੀ ਔਖੀ ਤੇ ਅਸੰਭਵ ਹੋ ਜਾਂਦੀ ਹੈ। ਇਕ ਲੈਬਾਰਟਰੀ ਜਹੀ ਬਣ ਜਾਂਦੀ ਹੈ, ਜਿਸ ਵਿਚ ਕੈਮੀਕਲ ਖਾਦਾਂ ਤੋਂ ਬਿਨਾਂ ਕੁਝ ਨਹੀਂ ਉੱਗ ਸਕਦਾ। ਵੇਖਣ ਨੂੰ ਪੈਦਾਵਾਰ ਭਾਵੇਂ ਚੰਗੀ ਲੱਗੇ, ਪਰ ਉਸ ਅੰਦਰ ਜ਼ਰੂਰੀ ਖ਼ੁਰਾਕੀ ਤੱਤਾਂ ਦੀ ਤੋਟ ਹੁੰਦੀ ਹੈ। ਧਰਤੀ ਹੇਠਲੇ ਪਾਣੀ ਪੰਪਾਂ ਰਾਹੀਂ ਕੱਢ ਕੇ ਮੁੜ ਆਦਮੀ, ਡੰਗਰ ਅਤੇ ਖੇਤੀ ਲਈ ਵਰਤੇ ਜਾਂਦੇ ਹਨ। ਜ਼ਹਿਰੀਲੇ ਕੈਮੀਕਲ ਇਨਸਾਨਾਂ ਅਤੇ ਡੰਗਰਾਂ ਅੰਦਰ ਕਈ ਤਰ੍ਹਾਂ ਦੇ ਰੋਗ ਪੈਦਾ ਕਰਦੇ ਹਨ, ਜਿਨ੍ਹਾਂ ਵਿੱਚੋਂ ਕੁਝ ਕੁ ਹਨ – ਬਾਂਝਪਨ, ਬੱਚੇ ਗਿਰ ਜਾਣੇ, ਬੱਚਿਆਂ ਵਿਚ ਦਿਮਾਗ਼ੀ ਕਮਜ਼ੋਰੀਆਂ, ਮੋਟੀਏ ਸਮੇਤ ਸਰੀਰ ਦੇ 'ਬੱਤੀ' ਰੋਗ ਅਤੇ ਸਭ ਤੋਂ ਵੱਡੀ ਬਲਾਅ ਕੈਂਸਰ। ਵਗਦੇ ਕੈਮੀਕਲ ਨਦੀਆਂ ਅੰਦਰਲੇ ਤਰਦੇ ਜੀਵਾਂ ਅਤੇ ਬੇਅੰਤ ਬਨਸਪਤੀ ਕਿਸਮਾਂ ਦਾ ਘਾਣ ਕਰਦੇ ਹਨ। ਹਰ ਪੀਣ ਵਾਲੇ ਪਾਣੀ, ਮਾਂ ਦੇ ਦੁੱਧ, ਗਾਂ ਦੇ ਦੁੱਧ, ਫ਼ਲਾਂ ਸਬਜ਼ੀਆਂ ਅੰਦਰ ਕੈਮੀਕਲਾਂ ਦੀ ਕੁਝ ਨਾ ਕੁਝ ਮਾਤਰਾ ਜ਼ਰੂਰ ਹੈ। ਜਦ ਕਿ ਬੂਟਿਆਂ ਅਤੇ ਜਾਨਵਰਾਂ ਅੰਦਰ ਕੁਦਰਤੀ ਕੈਮੀਕਲ ਆਪਣੇ ਆਪ ਬਣਦੇ ਟੁੱਟਦੇ ਰਹਿੰਦੇ ਹਨ ਅਤੇ ਕੁਦਰਤੀ ਬਣਾਈ ਸਫ਼ਾਈ ਦਾ ਚੱਕਰ ਨਿਰੰਤਰ ਚੱਲਦਾ ਆ ਰਿਹਾ ਹੈ। ਏਸ ਦੇ ਉਲਟ ਬੂਟੀ-ਮਾਰ ਅਤੇ ਕੀੜੇ-ਮਾਰ ਕੈਮੀਕਲ ਆਪਣੇ ਆਪ ਨਸ਼ਟ ਹੋਣ ਦਾ ਨਾਂ ਹੀ ਨਹੀਂ ਲੈਂਦੇ ਤਾਂ ਤੇ ਆਉਂਦੇ ਦਹਾਕਿਆਂ ਅਤੇ ਸਦੀਆਂ ਵਿਚ ਜ਼ਿੰਦਗੀ ਨੇ ਜ਼ਹਿਰੀਲੇ ਪਾਣੀਆਂ ਅੰਦਰ ਘੁੱਟ ਕੇ ਜਿਊਣਾ ਮਰਨਾ ਹੈ – ਬਿਮਾਰੀਆਂ ਹੀ ਬਿਮਾਰੀਆਂ ਨੇ ਘੇਰੀ ਰੱਖਣਾ ਹੈ।

ਅਮਰੀਕਾ ਖੇਤੀ ਪੈਦਾਵਾਰ ਵਿਚ ਇਕ ਮਹਾਨ ਦੇਸ ਹੈ, ਭਾਵੇਂ ਕੇਵਲ ਇਕ ਫ਼ੀਸਦੀ ਆਬਾਦੀ ਹੀ ਇਸ ਕੰਮ ਵਿਚ ਜੁੜੀ ਹੈ। ਓਥੇ ਕੇਵਲ ਵੀਹ ਲੱਖ ਫ਼ਾਰਮ ਹਨ, ਜੋ 92 ਕਰੋੜ ਏਕੜ ਵਿਚ ਖੇਤੀ ਕਰਦੇ ਹਨ। ਔਸਤਨ ਇਕ ਫ਼ਾਰਮ ਪਿੱਛੇ 418 ਏਕੜ ਖੇਤੀ। ਏਸ ਖੇਤੀ ਦੀ ਗੋਡੀ ਕਰ ਕੇ ਬੂਟੀ ਕਿਸ ਨੇ ਕੱਢਣੀ ਹੈ ? ਏਨੀ ਲੇਬਰ ਹੀ ਨਹੀਂ ਮਿਲਦੀ। ਸਭ ਤੋਂ ਸੌਖਾ ਰਸਤਾ ਹੈ ਬੂਟੀ-ਮਾਰ ਦਵਾਈਆਂ ਦਾ ਹਵਾਈ ਜਹਾਜ਼ ਰਾਹੀਂ ਛਿੜਕਾਅ। ਬੂਟੀ-ਮਾਰ ਰਸਾਇਣਾਂ ਦੀ ਖੋਜ ਵਿਚ ਅੱਗੇ ਰਹੇ ਹਨ

'ਡੋ-ਕੈਮੀਕਲ' ਅਤੇ 'ਮੋਨਸਾਂਟੋ'। ਮੋਨਸਾਂਟੋ ਦੀਆਂ ਤਾਂ ਹੋਰ ਵੀ ਬੜੀਆਂ 'ਪ੍ਰਾਪਤੀਆਂ' ਹਨ। ਮਿਠਾਸ ਲਈ ਸੈਕਰੀਨ ਅਤੇ ਐਸਪਾਰਟੇਮ। ਬੂਟੀ ਤਾਂ ਛੱਡੋ, ਉਸ ਨੇ ਅਜਿਹੇ ਪੱਤੇ-ਝਾੜ ਕੈਮੀਕਲ ਬਣਾਏ, ਜਿਨ੍ਹਾਂ ਨਾਲ ਜੰਗਲਾਂ ਦੇ ਜੰਗਲ ਕੀਮਿਆਈ ਢੰਗ ਨਾਲ ਨੰਗੇ ਹੋ ਜਾਂਦੇ ਹਨ। ਇਕ ਰਸਾਇਣ ਦਾ ਮਸ਼ਹੂਰ ਨਾਂ ਹੈ 'ਏਜੰਟ ਆਰੇਂਜ' ਜੋ 1970-72 ਵਿਚ ਵੀਅਤਨਾਮ ਦੇ ਜੰਗਲਾਂ ਉੱਤੇ ਲੱਖਾਂ ਟਨ ਛਿੜਕਿਆ ਗਿਆ। ਏਜੰਟ ਆਰੇਂਜ ਨੇ ਵੀਅਤਨਾਮੀ ਸ਼ਹਿਰੀਆਂ ਨੂੰ ਵੀ ਆਪਣੇ ਮਾਰੂ ਅਸਰ ਥੱਲੇ ਲਿਆਂਦਾ – ਕੈਂਸਰ ਅਤੇ ਬੇਅੰਤ ਰੋਗ। ਵੀਅਤਨਾਮ ਅੰਦਰ ਲੜਦੇ ਅਮਰੀਕੀ ਫ਼ੌਜੀ ਵੀ ਕਈ ਲੱਖਾਂ ਵਿਚ ਏਜੰਟ ਆਰੇਂਜ ਕੋਲੋਂ ਪ੍ਰਭਾਵਿਤ ਹੋਏ। ਖੇਤੀ ਦੇ ਖੇਤਰ ਵਿਚ ਮੋਨਸਾਂਟੋ ਨੇ ਇਕ ਵਿਸ਼ਾਲ ਬੂਟੀ-ਮਾਰ ਰਸਾਇਣ ਬਣਾਈ, ਜਿਸ ਦਾ ਨਾਂ ਹੈ 'ਗਲਾਈਸੋਫ਼ੇਟ'। ਗਲਾਈਸੋਫ਼ੇਟ ਨੂੰ ਤੇਜ਼ੀ ਨਾਲ ਹਰਿਆਵਲ ਅੰਦਰ ਖੁੱਭ ਜਾਣ ਲਈ ਇਕ ਹੋਰ ਕੈਮੀਕਲ ਬਣਾਇਆ। ਇਨ੍ਹਾਂ ਦੋਹਾਂ ਦੇ ਮਿਸ਼ਰਣ ਦਾ ਨਾਂ ਰੱਖਿਆ 'ਰਾਊਂਡਅੱਪ'। ਰਾਊਂਡਅੱਪ ਅਮਰੀਕਨ ਖੇਤੀ ਉੱਤੇ ਛਾਅ ਗਿਆ। ਹਰ ਪਾਸੇ ਲਹਿਲਹਾਂਦੀਆਂ ਖੇਤੀਆਂ ਅਤੇ ਕਿਸੇ ਬੂਟੀ ਦਾ ਨਾਂ-ਨਿਸ਼ਾਨ ਨਹੀਂ। ਇਸ ਦਾ ਵੀ ਇਕ ਡੂੰਘਾ ਰਾਜ਼ ਸੀ। ਮੋਨਸਾਂਟੋ ਨੇ ਬੀਜਾਂ ਦੀ ਜਨੇਟਿਕ ਬਣਤਰ ਨੂੰ ਇੰਜ ਬਦਲਿਆ ਕਿ ਰਾਊਂਡਅੱਪ ਜੀ.ਈ. ਬੀਜਾਂ ਦੀ ਖੇਤੀ ਨੂੰ ਪੋਂਹਦੀ ਹੀ ਨਹੀਂ ਸੀ, ਜਦ ਕਿ ਹੋਰ ਬਨਸਪਤੀ ਪੂਰਨ ਰੂਪ ਵਿਚ ਨਸ਼ਟ ਹੋ ਜਾਂਦੀ ਸੀ। ਰਾਊਂਡਅੱਪ ਨਿਹਾਇਤ ਜ਼ਹਿਰੀਲੀ ਹੈ। ਪਰ ਜਿਥੇ ਖੇਤੀ ਵਿਚ ਬਹੁਤ ਥੋੜ੍ਹੇ ਲੋਕ ਹੋਣ ਅਤੇ ਪੀਣ ਵਾਲੇ ਪਾਣੀ ਦੇ ਸੋਮੇ ਧਰਤੀ ਹੇਠਲੇ ਪਾਣੀ ਤੋਂ ਨਹੀਂ, ਬਲਕਿ ਹੋਰਨਾਂ ਥਾਵਾਂ ਤੋਂ ਲਿਆਉਂਦੇ ਬੋਤਲ ਬੰਦ ਹੁੰਦੇ ਹਨ, ਉਥੇ ਉਸ ਦੇ ਜ਼ਹਿਰੀਲੇ ਅਸਰ, ਆਬਾਦੀ ਅੰਦਰ ਜ਼ਿਆਦਾ ਰੰਗ ਨਹੀਂ ਵਿਖਾਉਂਦੇ। ਅਮਰੀਕਾ ਵਿਚ ਪਿਛਲੇ ਤੀਹ ਪੈਂਤੀ ਸਾਲ ਤੋਂ ਖੇਤੀ ਦੇ ਖੇਤਰ ਵਿਚ ਮੋਨਸਾਂਟੋ ਦਾ ਰਾਜ ਹੈ। ਅਮਰੀਕਾ ਦੀ 95 ਪ੍ਰਤੀਸ਼ਤ ਖੇਤੀ, ਫ਼ਲ ਅਤੇ ਸਬਜ਼ੀਆਂ, ਮੋਨਸਾਂਟੋ ਦੇ ਜੀ.ਈ. ਬੀਜਾਂ ਨਾਲ, ਰਾਊਂਡਅੱਪ ਦੀ ਛਤਰ ਛਾਇਆ ਹੇਠ ਉਗਾਈ ਜਾਂਦੀ ਹੈ।

ਜੀ.ਈ. ਫ਼ਸਲਾਂ ਦੇ ਕਈ ਸਿਰ ਕੱਢਵੇਂ ਲੱਛਣ ਹਨ। ਇਨ੍ਹਾਂ ਦੇ ਫਲ, ਸਬਜ਼ੀਆਂ ਆਦਿ ਦਾ ਝਾੜ ਸਾਧਾਰਨ ਨਾਲੋਂ ਵੱਧ ਹੈ। ਦੂਜੇ ਇਨ੍ਹਾਂ ਦੀ ਪੈਦਾਵਾਰ ਪਈ ਪਈ ਜਲਦੀ ਖ਼ਰਾਬ ਨਹੀਂ ਹੁੰਦੀ। ਵੇਖਣ ਨੂੰ ਵੱਡੇ ਅਤੇ ਸੋਹਣੇ ਲੁਭਾਇਮਾਨ ਫਲ ਕਿਸ ਨੂੰ ਚੰਗੇ ਨਹੀਂ ਲੱਗਦੇ ? ਆਮਦਨ ਵਧਦੀ ਹੈ, ਜੋ ਕਿਸਾਨੀ ਦਾ ਮੁੱਖ ਟੀਚਾ ਹੈ। ਕੁਲ ਪੈਦਾਵਾਰ ਨਿੱਕੇ ਜੀਵਾਂ/ਕੀੜਿਆਂ ਦੀ ਖ਼ੁਰਾਕ ਹੁੰਦੀ ਹੈ। ਫ਼ਸਲਾਂ ਅੰਦਰ ਅਜਿਹੇ ਜੈਨੇਟਿਕ ਲੱਛਣ ਪੈਦਾ ਕੀਤੇ ਗਏ ਹਨ ਕਿ ਉਨ੍ਹਾਂ ਉੱਤੇ ਪਲਣ ਵਾਲੇ ਸਾਧਾਰਨ ਕੀੜੇ ਖਾਂਦਿਆਂ ਹੀ ਮਰ ਜਾਂਦੇ ਹਨ। ਨਾ ਕੇਵਲ ਕੀੜਿਆਂ ਲਈ ਜੀ.ਈ. ਫ਼ਸਲ ਮਾਰੂ ਹੈ, ਸਗੋਂ ਗਾਂ, ਮੱਝ, ਬੱਕਰੀ, ਘੋੜਾ ਆਦਿ ਉਨ੍ਹਾਂ ਬੂਟਿਆਂ ਨੂੰ ਖਾ ਕੇ ਕਈ ਰੋਗਾਂ ਦਾ ਸ਼ਿਕਾਰ ਹੁੰਦਾ ਹੈ। ਕਮਾਲ ਦੀ ਹਾਲਤ ਹੈ। ਇਕ ਪਾਸੇ ਖੇਤੀ, ਫਲ ਸਬਜ਼ੀ ਆਦਿ ਦਾ ਝਾੜ ਵੱਧ ਹੁੰਦਾ ਹੈ, ਦੂਜੇ ਪਾਸੇ ਜੀ.ਈ. ਖ਼ੁਰਾਕਾਂ ਜਾਨਦਾਰਾਂ, ਇਨਸਾਨਾਂ ਸਮੇਤ ਕਈ ਰੋਗਾਂ ਦਾ ਕਾਰਨ ਬਣਦੀਆਂ ਹਨ। ਸਭ ਤੋਂ ਖ਼ਤਰਨਾਕ ਹੈ ਆਉਂਦੀਆਂ

ਪੀੜ੍ਹੀਆਂ ਵਿਚ ਬਾਂਝਪਨ ਦਾ ਵਾਧਾ। ਮੋਨਸਾਂਟੋ ਕੰਪਨੀ ਏਨੀ ਸ਼ਕਤੀਵਰ ਹੈ ਕਿ ਯੂਨੀਵਰਸਿਟੀਆਂ ਅਤੇ ਖੋਜ ਅਦਾਰਿਆਂ ਨੂੰ ਮਾਇਆ ਦੇ ਗੱਫ਼ਿਆਂ ਨਾਲ ਰਜਾ ਕੇ ਆਪਣੇ ਅੰਗੂਠੇ ਹੇਠ ਰੱਖਦੀ ਹੈ। ਜੀ.ਈ. ਖ਼ੁਰਾਕਾਂ ਦੇ ਮੰਦੇ ਅਸਰਾਂ ਨੂੰ ਬੇਨਕਾਬ ਕਰਨ ਵਾਲੇ ਖੋਜੀ ਝੱਟ ਨੌਕਰੀ ਤੋਂ ਪੁੱਟੇ ਜਾਂਦੇ ਹਨ।

ਜੀ.ਈ. ਬੀਜਾਂ ਦਾ ਮੋਨਸਾਂਟੋ ਕੰਪਨੀ ਲਈ ਇਕ ਹੋਰ ਵਾਧਾ ਹੈ। ਕਿਸਾਨ ਆਪਣੀ ਪੈਦਾਵਾਰ ਵਿੱਚੋਂ ਬੀਜ ਸੰਭਾਲ ਕੇ ਅਗਲੀ ਫ਼ਸਲ ਲਈ ਨਹੀਂ ਵਰਤ ਸਕਦਾ। ਉਸ ਨੂੰ ਹਰ ਸਾਲ ਮੋਨਸਾਂਟੋ ਤੋਂ ਨਵੇਂ ਬੀਜ ਖ਼ਰੀਦਣੇ ਪੈਣਗੇ। ਜੇ ਇਲਾਕਿਆਂ, ਸੂਬਿਆਂ ਅਤੇ ਦੇਸਾਂ ਨੇ ਆਪਣੇ ਰਵਾਇਤੀ ਕੁਦਰਤੀ/ਦੇਸੀ ਬੀਜ ਸੰਭਾਲ ਕੇ ਨਹੀਂ ਰੱਖੇ ਹੁੰਦੇ ਤਾਂ ਉਹ ਮੋਨਸਾਂਟੋ ਦੇ ਪੂਰਨ ਰੂਪ ਵਿਚ ਗ਼ੁਲਾਮ ਹੋ ਜਾਂਦੇ ਹਨ। ਮੋਨਸਾਂਟੋ ਜਿਉਣ ਮਰਨ ਦਾ ਆਧਾਰ ਆਪਣੇ ਹੱਥ ਵਿਚ ਰੱਖ ਕੇ ਰੱਬ ਦਾ ਰੂਪ ਹੋ ਜਾਂਦਾ ਹੈ। ਮੋਨਸਾਂਟੋ ਦੇ ਬੀਜ ਅਤੇ ਉਸ ਦੀਆਂ ਬੂਟੀ-ਮਾਰ ਦਵਾਈਆਂ ਉਸ ਦੇ ਪੇਟੈਂਟ ਹਨ। ਸਿਵਾਏ ਮੋਨਸਾਂਟੋ ਦੇ, ਹੋਰ ਕੋਈ ਬਣਾ ਨਹੀਂ ਸਕਦਾ। ਉਸ ਦੇ ਮਾਲ ਦੀ ਹਰ ਸਾਲ ਵਧਦੀ ਕੀਮਤ ਨੂੰ ਕੋਈ ਰੋਕ ਨਹੀਂ ਸਕਦਾ। ਅੱਜ ਦਾ ਕਿਸਾਨ, ਜੋ ਪਹਿਲਾਂ ਹੀ ਕੁਦਰਤੀ ਖੇਤੀ ਨੂੰ ਤਿਲਾਂਜਲੀ ਦੇ ਕੇ ਕੀਮਿਆਈ ਖਾਦਾਂ ਅਤੇ ਕੀੜੇ-ਮਾਰ ਦਵਾਈਆਂ ਉੱਤੇ ਨਿਰਭਰ ਸੀ, ਹੁਣ ਬੀਜਾਂ ਨੂੰ ਵੀ ਆਪਣੇ ਹੱਥੋਂ ਗਵਾਉਣ ਨੂੰ ਤਿਆਰ ਹੈ।

ਮੋਨਸਾਂਟੋ ਪੂਰਨ ਰੂਪ ਵਿਚ ਅਮਰੀਕਾ ਨੂੰ ਫ਼ਤਹਿ ਕਰ ਕੇ ਆਪਣੇ ਪੈਰ ਦੱਖਣੀ ਅਮਰੀਕਾ ਦੇ ਦੇਸਾਂ ਅੰਦਰ ਖਿਲਾਰਨ ਲੱਗਾ ਅਤੇ ਉਸ ਨੇ ਚੋਖੀ ਕਾਮਯਾਬੀ ਹਾਸਲ ਕੀਤੀ ਹੈ। ਅਮਰੀਕਾ ਨੇ ਇਰਾਕ ਉੱਤੇ ਕਬਜ਼ਾ ਕੀਤਾ ਤਾਂ ਖੇਤੀ ਉੱਤੇ ਕਬਜ਼ਾ ਮੋਨਸਾਂਟੋ ਦਾ ਹੋ ਗਿਆ। ਜੀ.ਈ. ਖ਼ੁਰਾਕ ਪ੍ਰਣਾਲੀ ਦੇ ਖ਼ਤਰਨਾਕ ਅਸਰਾਂ ਤੋਂ ਯੂਰਪੀ ਦੇਸ ਸੁਚੇਤ ਹਨ। ਉਹ ਆਪਣੇ ਦੇਸਾਂ ਅੰਦਰ "ਜੀ.ਐੱਮ/ਬੀ.ਟੀ. ਬੀਜਾਂ", ਖੇਤੀਆਂ ਅਤੇ ਉਨ੍ਹਾਂ ਤੋਂ ਉਤਪੰਨ ਖ਼ੁਰਾਕਾਂ ਉੱਤੇ ਰੋਕ ਲਗਾਈ ਬੈਠੇ ਹਨ। ਅਮਰੀਕਨ ਸਰਕਾਰ ਮੋਨਸਾਂਟੋ (ਜੀ.ਐੱਮ. ਦੇ ਮਾਲਕ) ਦੇ ਨਾਲ ਨੂੰ ਛੱਡੋ, ਉਸ ਦੀ ਮੁੱਠੀ ਵਿਚ ਹੈ। ਕਈ ਸਿੱਧੇ ਅਤੇ ਅਸਿੱਧੇ ਢੰਗਾਂ ਨਾਲ ਯੂਰਪੀ ਦੇਸਾਂ ਉੱਤੇ ਛਾ ਜਾਣ ਦੇ ਹਮਲੇ ਜਾਰੀ ਹਨ।

2500 ਅਰਬ ਰੁਪਏ ਦੀ ਸਾਲਾਨਾ ਆਮਦਨ ਵਾਲੀ ਕੰਪਨੀ ਦੀ "ਮਿਹਰ ਭਰੀ" ਨਜ਼ਰ ਕਮਾਈ ਦੇ ਇਕ ਵੱਡੇ ਖੇਤਰ, ਭਾਰਤ ਉੱਤੇ ਵੀ ਹੈ। ਸਭ ਤੋਂ ਪਹਿਲੀ ਐਂਟਰੀ/ਵਡਨ ਅਤੇ ਕਮਾਈ 'ਬੀਟੀ ਕਾਟਨ' ਨਾਲ ਸ਼ੁਰੂ ਹੋਈ ਹੈ। ਕਪਾਹ ਨੂੰ ਖਾਣਾ ਤਾਂ ਨਹੀਂ ਹੁੰਦਾ, ਇਸ ਲਈ ਉਗਾ ਕੇ ਕੱਪੜੇ ਪਾਉਣ ਵਿਚ ਕੀ ਹਰਜ ਹੈ ? ਕਪਾਹ ਦਾ ਝਾੜ ਵੱਧ ਮਿਲਦਾ ਹੈ, ਕਮਾਈ ਵਧਦੀ ਹੈ। ਸੁੰਡੀ ਤੋਂ ਬਚਾਅ ਰਹਿੰਦਾ ਸੀ। ਹੌਲੀ ਹੌਲੀ ਅਜਿਹੀਆਂ ਮਹਾਂ-ਸੁੰਡੀਆਂ ਪੈਦਾ ਹੋ ਗਈਆਂ ਹਨ, ਜਿਨ੍ਹਾਂ ਨੂੰ ਜੀ.ਐੱਮ. ਕਪਾਹ ਬੂਟਿਆਂ ਨੂੰ ਖਾ ਕੇ ਪਹਿਲਾਂ ਵਾਂਗ ਮੌਤ ਨਹੀਂ ਆਉਂਦੀ। ਕਈ ਮਹਾਂ-ਬੂਟੀਆਂ ਪੈਦਾ ਹੋ ਗਈਆਂ ਹਨ, ਜਿਨ੍ਹਾਂ ਉੱਤੇ ਬੂਟੀ-ਮਾਰ "ਰਾਊਂਡਅੱਪ" ਦਾ ਅਸਰ ਨਹੀਂ ਹੁੰਦਾ। ਬੀ.ਟੀ./ਜੀ.ਐੱਮ. ਬੀਜਾਂ ਅਤੇ ਕੀੜੇ-ਮਾਰ ਦਵਾਈਆਂ ਦਾ ਭਾਅ ਵੱਧ ਰਿਹਾ ਹੈ। ਆਮਦਨ/ਖ਼ਰਚ ਦੇ ਚਿੱਠਿਆਂ ਵਿੱਚੋਂ ਕਮਾਈ ਦੀ ਬਰਕਤ ਘੱਟ ਰਹੀ ਹੈ।

ਭਾਰਤ ਵਿਚ ਕਰੀਬ 1800 ਕਿਸਮਾਂ ਦੇ ਬਤਾਊਂ ਉਗਾਏ ਜਾਂਦੇ ਹਨ। ਇਨ੍ਹਾਂ ਦੀ ਉਪਜ ਹਰ ਇਲਾਕੇ ਅੰਦਰ ਚੋਖੀ ਹੈ। ਬਤਾਊਂ ਦੀ ਖ਼ੁਰਾਕ ਸਿਹਤ ਲਈ ਚੰਗੀ ਹੈ। ਮੋਨਸਾਂਟੋ ਨੇ ਜੀ.ਐੱਮ. ਬਤਾਊਂ ਦਾ ਬੀਜ 'ਬੀਟੀ ਬ੍ਰਿੰਜਲ' ਭਾਰਤ ਅੰਦਰ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਬੇਅੰਤ ਸਮਾਜੀ ਸੋਮਿਆਂ ਨੇ ਇਸ ਕਦਮ ਦੀ ਵਿਰੋਧਤਾ ਕੀਤੀ ਹੈ। ਤਜਰਬਿਆਂ ਨੇ ਸਿੱਧ ਕੀਤਾ ਹੈ ਕਿ ਜੀ.ਐੱਮ. ਖ਼ੁਰਾਕਾਂ ਸਿਹਤ ਲਈ ਹਾਨੀਕਾਰਕ ਹਨ। ਬੀਟੀ ਬ੍ਰਿੰਜਲ ਪੈਦਾਵਾਰ ਭਾਵੇਂ ਵਧਾ ਦੇਵੇ, ਪਰ ਨਾਲ ਹੀ ਨਾਲ ਉਸ ਦੇ ਇਨਸਾਨੀ ਸਿਹਤ ਉੱਤੇ ਭੈੜੇ ਅਸਰ ਵੀ ਜਲਦੀ ਆ ਜਾਣਗੇ। ਸਰਕਾਰ ਨੂੰ ਚਾਹੀਦਾ ਹੈ ਕਿ 'ਬੀਟੀ ਬ੍ਰਿੰਜਲ' ਨੂੰ ਖੁੱਲ੍ਹੇਆਮ ਪਬਲਿਕ ਵਿਚ ਲਿਆਉਣ ਤੋਂ ਪਹਿਲਾਂ ਘੱਟ-ਘੱਟ ਇਕ ਸਾਲ ਲਈ ਸਾਰੇ ਪਾਰਲੀਮੈਂਟ ਮੈਂਬਰਾਂ ਨੂੰ ਪਾਰਲੀਮੈਂਟ ਅੰਦਰਲੀ ਸਸਤੀ ਵਧੀਆ ਕੈਂਟੀਨ ਤੋਂ ਰੋਜ਼ ਬੀਟੀ ਬਤਾਊਂ ਦਾ ਸੇਵਨ ਕਰਵਾਏ।

ਮੋਨਸਾਂਟੋ ਦਾ ਟੀਚਾ ਬਿਲਕੁਲ ਸਿੱਧਾ ਹੈ – ਦੁਨੀਆਂ ਦੀ ਕੁਲ ਬੀਜ ਸਪਲਾਈ ਉੱਤੇ ਪੂਰਨ ਕੰਟ੍ਰੋਲ। ਏਸ ਲਈ ਉਹ ਕੋਈ ਵੀ ਹਥਿਆਰ ਵਰਤਣ ਲਈ ਤਿਆਰ ਹੈ। ਕੁਦਰਤੀ ਤੌਰ ਉੱਤੇ ਉਸ ਨੇ ਅਸਰਦਾਰ ਲਾਲਚੀ ਸਿਆਸਤਦਾਨਾਂ ਅਤੇ ਯੂਨੀਵਰਸਿਟੀਆਂ ਦੇ ਸਾਇੰਸਦਾਨਾਂ ਅਤੇ ਉੱਚੇ ਅਧਿਕਾਰੀਆਂ ਦੇ ਉੱਤੇ ਨਜ਼ਰ ਰੱਖੀ ਹੋਈ ਹੈ। ਆਪਣੇ ਪਾਲਤੂਆਂ ਨੂੰ ਉੱਚੇ ਅਹੁਦਿਆਂ ਉੱਤੇ ਲਵਾਉਣ ਲਈ ਵੀ ਪੂਰੀ ਕੋਸ਼ਿਸ਼ ਰਹਿੰਦੀ ਹੈ। ਕਾਮਯਾਬੀ ਵੀ ਮਿਲਦੀ ਹੈ। ਸਿਆਸੀ ਨੇਤਾ ਅਤੇ ਅਧਿਕਾਰੀਆਂ ਨੂੰ ਡਾਲਰ-ਵੱਸ ਕਰਨਾ ਕੀ ਮੁਸ਼ਕਲ ਹੈ, ਬਹੁਤਿਆਂ ਦੇਸ਼ਾਂ ਅੰਦਰ ?

ਮੋਨਸਾਂਟੋ ਦੀਆਂ ਖੋਜ ਸੰਸਥਾਵਾਂ ਦੁਨੀਆਂ ਦੀ ਕੁੱਲ ਖੇਤੀ ਦੇ ਕੁਦਰਤੀ ਜਰਮ-ਪਲਾਜ਼ਮ ਨੂੰ ਆਪਣੀ ਮੁੱਠੀ ਵਿਚ ਲੈਣ ਦੇ ਆਹਰ ਵਿਚ ਹਨ। ਨਿਸ਼ਾਨਾ ਸਿੱਧਾ ਹੈ – ਦੁਨੀਆਂ ਨੂੰ ਕੇਵਲ ਜੀ.ਐੱਮ. ਜਰਮ ਪਲਾਜ਼ਮ ਵਾਲੇ ਬੀਜ ਉਨ੍ਹਾਂ ਦੀ ਕੰਪਨੀ ਤੋਂ ਮਿਲਣ, ਜਦ ਕਿ ਕੁੱਲ ਕੁਦਰਤੀ ਜਰਮ ਪਲਾਜ਼ ਉਨ੍ਹਾਂ ਦੀ ਮੁੱਠੀ ਵਿਚ ਹੋਵੇ। ਆਪਣੇ ਖ਼ਜ਼ਾਨੇ ਵਿਚਲਾ ਜਰਮ ਪਲਾਜ਼ਮ, ਉਹ ਨੌਰਵੇ ਦੇਸ ਦੇ ਇਕ ਬਰਫ਼ੀਲੇ ਇਲਾਕੇ ਦੀਆਂ ਠੰਡੀਆਂ ਸੁਰੰਗਾਂ ਦੇ ਅੰਦਰ ਰੈਫ਼ਰੀਜਰੇਟਰਾਂ ਅੰਦਰ ਸੰਭਾਲ ਰਹੇ ਹਨ। ਕੁਦਰਤੀ ਜਰਮ ਪਲਾਜ਼ਮ ਵਾਲੇ ਕੁਦਰਤੀ ਬੀਜਾਂ ਦੇ ਭੰਡਾਰ ਦਾ ਨਾਂ ਰੱਖਿਆ ਹੈ 'ਪਰਲੋ ਦੇ ਬੀਜ'। ਭਾਵ ਜਦੋਂ ਦੁਨੀਆਂ ਦੇ ਕੁੱਲ ਬੀਜਾਂ ਦੀ ਹਾਨੀ ਹੁੰਦੀ ਹੈ ਤਾਂ ਬਨਸਪਤੀ ਜ਼ਿੰਦਗੀ ਦੇ ਇਹ ਕੁਦਰਤੀ ਬੀਜ, ਜ਼ਿੰਦਗੀ ਨੂੰ ਇਕ ਵਾਰ ਫ਼ਿਰ ਸੁਰਜੀਤ ਕਰਨਗੇ। ਕੋਈ ਬਹੁਤ ਮਾੜੀ ਨੀਅਤ ਅਤੇ ਸਾਜ਼ਸ਼ ਅਧੀਨ ਇਹ ਕੰਮ ਹੁੰਦਾ ਜਾਪਦੈ। ਜੇ ਕੁੱਲ ਦੁਨੀਆਂ ਅੰਦਰ ਕੁਦਰਤੀ ਬੀਜ ਮਿਲਦੇ ਰਹਿਣ ਤਾਂ ਉਨ੍ਹਾਂ ਦੀ ਤੋਟ ਕਿਵੇਂ ਆ ਸਕਦੀ ਹੈ ? ਉਹ ਤੋਟ ਕੇਵਲ ਮੋਨਸਾਂਟੋ ਦੀਆਂ ਸਕੀਮਾਂ ਹੀ ਲਿਆ ਸਕਦੀਆਂ ਹਨ। 'ਪਰਲੋ-ਬੀਜ' ਦੇ ਭੰਡਾਰ ਉੱਤੇ ਅਰਬਾਂ ਡਾਲਰ ਖ਼ਰਚ ਕੀਤੇ ਜਾ ਰਹੇ ਹਨ। ਇੱਕੋ ਇਕ ਕੰਪਨੀ ਦੇ ਹੱਥਾਂ ਵਿਚ 'ਪਰਲੋ ਬੀਜਾਂ' ਦਾ ਆ ਜਾਣਾ ਇਕ ਮਹਾਨ ਸਾਜ਼ਸ਼ ਹੈ। ਇਕ ਪਾਸੇ ਕੁਦਰਤੀ ਬੀਜਾਂ ਦੇ ਨਾਸ ਦੀ ਮੁਹਿੰਮ ਅਤੇ ਦੂਜੇ ਪਾਸੇ ਇਕ ਬੈਂਕ ਵਿਚ ਕੁਦਰਤੀ ਬੀਜ ਸੰਭਾਲ ਲੈਣਾ। ਇਸ 'ਮਹਾਨ' ਕਾਰਜ ਵਿਚ ਕੰਪਿਊਟਰ ਜਗਤ ਵਿੱਚੋਂ ਉਭਰੇ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ 'ਬਿੱਲ ਗੇਟਸ' ਨੇ 37

ਬਿਲੀਅਨ ਡਾਲਰ 'ਦਾਨ' ਕੀਤੇ ਹਨ। ਬਿਲ ਗੇਟਸ ਫ਼ਾਰਮਾ/ਦਵਾਈ ਕੰਪਨੀਆਂ ਵਿਚ ਵੀ ਰੁਪਿਆ ਪੈਸਾ ਦਾਨ ਕਰਦਾ ਭਾਵ ਲਗਾਉਂਦਾ ਹੈ। ਉਥੋਂ ਆਮਦਨ ਤੇਜ਼ੀ ਨਾਲ ਆਉਂਦੀ ਹੈ। ਵੈਕਸੀਨਾਂ ਬਣਾਉਂਦੀਆਂ ਕੰਪਨੀਆਂ ਨਾਲ ਉਸ ਦਾ ਖ਼ਾਸ ਪ੍ਰੇਮ ਹੈ। ਏਹੀ ਕੰਪਨੀਆਂ 'ਬਰਡ ਫਲੂ', 'ਸਵਾਈਨ ਫਲੂ' ਅਤੇ ਹੋਰ ਕਈ ਤਰ੍ਹਾਂ ਦੇ ਭੂਗੋਲਿਕ ਬੀਮਾਰੀ ਦੇ ਸਹਿਮ ਸ਼ੁਰੂ ਕਰਦੀਆਂ ਹਨ ਅਤੇ ਉਪਰੰਤ ਦੁਨੀਆਂ ਦੀਆਂ ਕੁਲ ਸਰਕਾਰਾਂ ਵੈਕਸੀਨਾਂ ਖ਼ਰੀਦਣ ਉੱਤੇ ਮਜਬੂਰ ਕੀਤੀਆਂ ਜਾਂਦੀਆਂ ਹਨ।

ਹਰ ਵਿਅਕਤੀ ਭਾਵੇਂ ਉਹ ਸ਼ਹਿਰੀ ਹੋਵੇ ਜਾਂ ਪੇਂਡੂ, ਗ਼ਰੀਬ ਹੋਵੇ ਜਾਂ ਅਮੀਰ, ਖੇਤੀ ਨਾਲ ਜੁੜਿਆ ਹੋਵੇ ਜਾਂ ਨਾ, ਉਸ ਨੂੰ ਧਰਤੀ ਨਾਲ ਬਨਸਪਤੀ ਅਤੇ ਜ਼ਿੰਦਗੀ ਦੇ ਨਾਲ ਜੁੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਭ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਧਰਤੀ, ਬਨਸਪਤੀ ਅਤੇ ਜ਼ਿੰਦਗੀ ਦਾ ਇਹ ਕੁਦਰਤੀ ਸਿਹਤਮੰਦ ਸੁਮੇਲ ਹੀ ਲੰਮੇ ਸਮੇਂ ਲਈ ਕਾਇਮ ਰਹਿ ਸਕਦਾ ਹੈ। ਤੇਜ਼ ਕਮਾਈ ਦੇ ਛੋਟੇ ਰਸਤੇ ਏਸ ਸੁਮੇਲ ਨੂੰ ਵਿਗਾੜ ਕੇ ਧਰਤੀ ਨੂੰ ਉਜਾੜ ਸਕਦੇ ਹਨ। ਹਰ ਵਿਅਕਤੀ ਨੂੰ ਕੁਝ ਨਾ ਕੁਝ ਆਪ ਉਗਾਉਣਾ ਚਾਹੀਦਾ ਹੈ, ਭਾਵੇਂ ਗਮਲਿਆਂ ਵਿਚ ਹੀ ਕਿਉਂ ਨਾ ਉਗਾਇਆ ਜਾਵੇ। ਜੇ ਵਿਹੜਾ ਨਹੀਂ ਤਾਂ ਘਰਾਂ ਦੀਆਂ ਛੱਤਾਂ ਕੰਮ ਆ ਸਕਦੀਆਂ ਹਨ। ਹਰ ਵਿਅਕਤੀ ਨੂੰ ਚੇਤੰਨ ਰਹਿਣਾ ਚਾਹੀਦਾ ਹੈ ਜੋ ਏਸ ਦੇਸ ਅੰਦਰ ਸਾਡੀ ਕੁਦਰਤੀ ਖ਼ੁਰਾਕ ਉੱਤੇ ਕੋਈ ਕਬਜ਼ਾ ਨਾ ਕਰ ਜਾਵੇ। ਜੇ ਅਸੀਂ ਆਪਣੇ ਹੀ ਦੇਸ਼ ਨੂੰ ਕਾਰਪੋਰੇਟੀ ਧਾਵੇ ਤੋਂ ਨਾ ਬਚਾ ਸਕੇ ਤਾਂ ਬਾਕੀ ਦੁਨੀਆਂ ਦਾ ਕੀ ਸੰਵਾਰਨਾ ਹੈ?

ਮਹਾਨ ਦੇਸ ਦੀ ਮਹਾਨ ਗਾਥਾ

ਸੱਤ ਸਤੰਬਰ 1941 ਨੂੰ ਅਮਰੀਕਾ ਵੱਲੋਂ 'ਹਵਾਈ' ਟਾਪੂ ਉੱਤੇ ਜਾਪਾਨ ਦਾ ਹਮਲਾ ਹੋਣ ਦਿੱਤਾ ਗਿਆ ਤਾਂ ਜੁ ਅਮਰੀਕਾ ਦੂਜੀ ਵਿਸ਼ਵ ਜੰਗ ਵਿਚ ਕੁੱਦ ਪਵੇ। ਏਧਰੋਂ ਅਮਰੀਕਾ ਨੇ ਜਾਪਾਨ ਦੇ ਵਿਰੁੱਧ ਜੰਗ ਦਾ ਐਲਾਨ ਕੀਤਾ, ਓਧਰੋਂ ਇਟਲੀ ਅਤੇ ਜਰਮਨੀ ਨੇ, ਜੋ ਜਾਪਾਨ ਦੇ ਹਮਾਇਤੀ ਦੇਸ ਸਨ, ਅਮਰੀਕਾ ਵਿਰੁੱਧ ਬਿਗਲ ਵਜਾ ਦਿੱਤਾ। 1939 ਵਿਚ ਸ਼ੁਰੂ ਹੋਈ ਦੂਜੀ ਵਿਸ਼ਵ ਜੰਗ ਵਿਚ ਪਹਿਲਾਂ ਅਮਰੀਕਾ ਲੁਕ ਕੇ ਬ੍ਰਿਟੇਨ ਦੀ ਸਹਾਇਤਾ ਕਰਦਾ ਸੀ, ਹੁਣ ਖੁੱਲ੍ਹੇ-ਆਮ ਜੰਗ ਵਿਚ ਸ਼ਾਮਿਲ ਹੋ ਗਿਆ। ਬਹੁਤ ਸਾਰੇ ਟਾਪੂਆਂ ਵਿਚ ਖਿਲਰੇ 'ਹਵਾਈ' ਉੱਤੇ ਅਮਰੀਕਾ ਦਾ ਢੇਰ ਚਿਰ ਪਹਿਲਾਂ ਤੋਂ ਕਬਜ਼ਾ ਸੀ। 1959 ਵਿਚ ਉਸ ਨੂੰ ਰਸਮੀ ਤੌਰ ਉੱਤੇ ਅਮਰੀਕਾ ਦਾ ਪੰਜਾਹਵਾਂ ਸੂਬਾ ਬਣਾ ਲਿਆ ਗਿਆ ਸੀ।

1942 ਵਿਚ ਇਕ ਲੱਖ ਤੋਂ ਵੱਧ ਅਮਰੀਕਾ ਅੰਦਰਲੇ ਜਾਪਾਨੀ ਮੂਲ ਦੇ ਮਰਦ, ਔਰਤਾਂ ਅਤੇ ਬੱਚਿਆਂ ਨੂੰ, ਪਹਿਲਾਂ ਤੋਂ ਤਿਆਰ ਕੀਤੀਆਂ ਹੋਈਆਂ ਜੇਲ੍ਹਾਂ (ਰੀਲੋਕੇਸ਼ਨ ਸੈਂਟਰ/ਮੁੜ ਵਸਾਊ ਕੇਂਦਰ) ਵਿਚ ਫ਼ੌਜੀ ਪਹਿਰੇ ਹੇਠ ਬੰਦ ਕਰ ਦਿੱਤਾ। ਇਨ੍ਹਾਂ ਵਿੱਚੋਂ 60 ਪ੍ਰਤੀਸ਼ਤ ਤੋਂ ਵੱਧ ਜਾਪਾਨੀ, ਕਈ ਪੀੜ੍ਹੀਆਂ ਤੋਂ ਅਮਰੀਕਾ ਵਿਚ ਸਨ। ਅੰਦਰਲੀਆਂ ਸਹੂਲਤਾਂ ਓਹੀ ਸਨ, ਜੋ ਘੱਟ ਤੋਂ ਘੱਟ ਜੇਲ੍ਹਾਂ ਅੰਦਰ ਹੁੰਦੀਆਂ ਹਨ। ਹਰ ਟੱਬਰ ਨੂੰ ਇਕ 20x24 ਫ਼ੁੱਟ ਦਾ ਕਮਰਾ ਅਲਾਟ ਕੀਤਾ ਗਿਆ। ਹਰ ਫ਼ੌਜੀ ਜੇਲ੍ਹ/ਕੈਂਪ ਦੇ ਚੌਗਿਰਦੇ ਨੂੰ ਕੰਡਿਆਲੀ ਤਾਰ ਨਾਲ ਵਲਿਆ ਹੋਇਆ ਸੀ। ਵਿਸ਼ਵ ਜੰਗ ਮੁੱਕਣ ਤੋਂ ਕਈ ਚਿਰ ਪਿੱਛੋਂ ਇਹ ਲੋਕ ਛੱਡੇ ਗਏ। ਇਨ੍ਹਾਂ ਮਾਸੂਮਾਂ ਨੂੰ ਕਿਸੇ ਨੇ ਨਹੀਂ ਦੱਸਿਆ ਕਿ ਉਨ੍ਹਾਂ ਦਾ ਕਸੂਰ ਕੀ ਸੀ ਅਤੇ ਨਾ ਹੀ ਕਿਸੇ ਨੇ ਉਨ੍ਹਾਂ ਦੀ ਬੇ-ਵਜ੍ਹਾ ਜੇਲ੍ਹ ਲਈ ਮਾਫ਼ੀ ਮੰਗੀ।

ਦੂਜੀ ਵਿਸ਼ਵ ਜੰਗ ਮੁੱਕਣ ਉਪਰੰਤ ਅਮਰੀਕਾ ਨੇ ਆਪਣੀਆਂ ਨਿੱਜੀ ਜੰਗਾਂ ਕੁੱਲ ਦੁਨੀਆਂ ਦੀ ਰਣਭੂਮੀ ਉੱਤੇ ਜਾਰੀ ਰੱਖੀਆਂ। ਕਦੇ ਇਕ ਦੇਸ ਅਤੇ ਕਦੇ ਹੋਰ ਦੇਸ ਦੀ ਸ਼ਾਮਤ ਆਉਂਦੀ ਰਹੀ ਹੈ। ਐਸ ਵੇਲੇ ਕੋਈ 130 ਦੇਸਾਂ ਅੰਦਰ ਅਮਰੀਕਾ ਦੇ ਫ਼ੌਜੀ ਅੱਡੇ ਹਨ, ਭਾਵ ਇਹ ਦੇਸ ਤਾਂ ਅਮਰੀਕਨ ਫ਼ੌਜ ਦੀ ਅੱਡੀ ਹੇਠਾਂ ਹੈਨ ਹੀ। ਲੱਖਾਂ ਹੀ ਫ਼ੌਜੀ ਇਨ੍ਹਾਂ ਅੱਡਿਆਂ ਉੱਤੇ ਤੈਨਾਤ ਹਨ। ਤਿੰਨ ਦੇਸਾਂ ਉੱਤੇ ਤਾਂ ਸਿੱਧੇ ਤੌਰ ਉੱਤੇ ਗਰਮ ਜੰਗ ਚੱਲ ਰਹੀ ਹੈ, ਨਾਲ ਹੀ ਕਈ ਹੋਰ ਮੱਧ ਏਸ਼ੀਆਈ ਦੇਸਾਂ ਨਾਲ ਪੰਗੇ ਲਏ ਜਾ ਰਹੇ ਹਨ। ਫ਼ੌਜਾਂ ਅਤੇ ਜੰਗ ਖ਼ਰਚੀਲੇ ਸੌਦੇ ਹਨ। ਅਮਰੀਕਾ

ਭਾਵੇਂ ਕਿੰਨਾ ਵੀ ਅਮੀਰ ਦੇਸ ਹੋਵੇ, ਫ਼ੌਜੀ ਖ਼ਰਚਿਆਂ ਨੇ ਦੇਸ ਦਾ ਵਿੱਤੀ ਖ਼ੂਨ ਚੂਸ ਲਿਆ ਹੈ। ਫ਼ੌਜੀ ਲਾਸ਼ਾਂ ਅਤੇ ਜ਼ਖ਼ਮੀਆਂ ਦੀਆਂ ਕਤਾਰਾਂ ਘਰ ਵੱਲ ਆ ਰਹੀਆਂ ਸਨ। ਸੂਝਵਾਨਾਂ ਅੰਦਰ ਜੰਗ ਵਿਰੋਧੀ ਭਾਵਨਾਵਾਂ ਉੱਚੀਆਂ ਹੋ ਰਹੀਆਂ ਹਨ। ਭੂਗੋਲੀਕਰਨ ਦੀ ਸਰਮਾਇਆਦਾਰੀ/ਇਜਾਰਾਦਾਰੀ ਨੇ ਉਦਯੋਗਾਂ ਦੇ ਖ਼ਰਚੇ ਘਟਾਉਣ ਅਤੇ ਮੁਨਾਫ਼ੇ ਵਧਾਉਣ ਖ਼ਾਤਰ, ਲੱਖਾਂ ਕਾਰਖ਼ਾਨੇ ਏਸ਼ੀਆਈ ਦੇਸਾਂ ਅੰਦਰ ਖੜੇ ਕਰ ਦਿੱਤੇ ਹਨ। ਫਲਸਰੂਪ ਅਮਰੀਕਾ ਅੰਦਰ ਬੇਰੁਜ਼ਗਾਰੀ ਸਿਖਰਾਂ ਉੱਤੇ ਪਹੁੰਚ ਰਹੀ ਹੈ। ਹਰ ਪੰਜਵਾਂ (ਸਰਕਾਰੀ ਅੰਕੜਿਆਂ ਅਨੁਸਾਰ ਹਰ ਦਸਵਾਂ) ਵਿਅਕਤੀ ਬਿਨਾਂ ਕੰਮ ਤੋਂ ਹੈ ਅਤੇ ਜਿਊਣ ਲਈ ਖ਼ੈਰਾਤੀ 'ਖ਼ੁਰਾਕ ਟਿਕਟਾਂ' ਉੱਤੇ ਨਿਰਭਰ ਹੈ। ਟੱਬਰਾਂ ਸਮੇਤ 'ਖ਼ੁਰਾਕ ਟਿਕਟਾਂ' ਦੀ ਮੰਗ ਚਾਰ ਕਰੋੜ ਨੂੰ ਟੱਪ ਗਈ ਹੈ।

ਦਿਨੋ-ਦਿਨ ਡਾਲਰ ਦੀ ਖ਼ਰੀਦ ਸ਼ਕਤੀ ਘੱਟ ਰਹੀ ਹੈ। ਖਾਣ-ਪੀਣ ਦਾ ਸਾਮਾਨ ਅਤੇ ਘਰ ਨਿੱਘੇ ਰੱਖਣ ਅਤੇ ਆਵਾਜਾਈ ਲਈ ਬਾਲਣ ਨਿੱਤ ਮਹਿੰਗਾ ਹੋ ਰਿਹਾ ਹੈ। ਵਿਗੜਦੇ ਹਾਲਾਤ ਜਿਵੇਂ ਦੇਸ ਦੀ ਵੱਸੋਂ ਨੂੰ ਚਿੰਤਾ ਅਤੇ ਗ਼ੁੱਸੇ ਵਿਚ ਡੋਬੀ ਬੈਠੇ ਹਨ, ਹਕੂਮਤ ਉਨ੍ਹਾਂ ਬਾਰੇ ਅਵੇਸਲੀ ਨਹੀਂ। ਵਿਰੋਧ ਦੀ ਅੱਗ ਭੜਕਣ ਤੋਂ ਪਹਿਲਾਂ ਹੀ ਉਹ ਕਈ ਢੰਗਾਂ ਦੇ ਨਾਲ ਸ਼ਹਿਰੀ ਵੱਸੋਂ ਨੂੰ ਮਾਨਸਿਕ ਅਤੇ ਸਰੀਰਕ ਤੌਰ ਉੱਤੇ ਕਾਬੂ ਕਰਨ ਦੇ ਉਪਰਾਲੇ ਕਰ ਰਹੀ ਹੈ।

11 ਸਤੰਬਰ 2001 ਦੇ ਤੁਰੰਤ ਪਿੱਛੋਂ ਹਜ਼ਾਰਾਂ ਅਮਰੀਕਨਾਂ ਨੂੰ 'ਦੇਸ ਨੂੰ ਖ਼ਤਰਾ' ਦੇ ਆਧਾਰ ਉੱਤੇ ਘੇਰ ਲਿਆ ਗਿਆ। ਉਦੋਂ ਤੋਂ ਹੁਣ ਤਕ ਗ੍ਰਿਫ਼ਤਾਰੀਆਂ ਦੇ ਕਾਰਨ ਥੋਪਣ ਵਿਚ ਏਨੀ ਤਰੱਕੀ ਹੋਈ ਹੈ ਕਿ ਕਿਸੇ ਵੀ ਸ਼ਹਿਰੀ ਨੂੰ ਬਿਨਾਂ ਕਾਰਨ ਦੱਸਿਆਂ ਬੰਦੀ ਬਣਾਇਆ ਜਾ ਸਕਦਾ ਹੈ। ਤਰੱਕੀ ਵਿਚ ਸਿਲਸਿਲੇਵਾਰ ਵਾਧਾ ਇੰਜ ਵੇਖਿਆ ਜਾ ਸਕਦਾ ਹੈ :

1 ਅਪ੍ਰੈਲ, 1979 ਪ੍ਰਧਾਨ ਜਿਮੀ ਕਾਰਟਰ ਨੇ ਹੁਕਮਨਾਮਾ ਨੰ. 12127 ਰਾਹੀਂ ਇਕ ਨਵੀਂ ਏਜੰਸੀ ਕਾਇਮ ਕੀਤੀ, 'ਫ਼ੈਡਰਲ ਐਮਰਜੈਂਸੀ ਮੈਨੇਜਮੈਂਟ ਏਜੰਸੀ' ਜਾਂ 'ਫ਼ੀਮਾ'। ਇਸ ਦਾ ਮੰਤਵ ਇਹ ਸੀ ਕਿ ਦੇਸ ਅੰਦਰ ਕਿਸੇ ਉੱਠਦੀ ਕੁਦਰਤੀ ਆਫ਼ਤ ਨਾਲ ਨਜਿੱਠਿਆ ਜਾ ਸਕੇ। ਕੇਂਦਰੀ ਬੀਮਾ, ਅੱਗ ਰੋਕੂ, ਮੌਸਮੀ ਵਿਭਾਗ ਅਤੇ ਕਈ ਹੋਰ ਏਜੰਸੀਆਂ ਏਸ ਨਵੀਂ ਇਕਾਈ ਦੇ ਹਵਾਲੇ ਕੀਤੀਆਂ ਗਈਆਂ। ਇਸ ਤੋਂ ਛੁੱਟ ਸ਼ਹਿਰੀ ਬਚਾਅ ਕਾਰਜ, ਜੋ ਪਹਿਲਾਂ ਕਿਸੇ ਹੋਰ ਸ਼ਹਿਰੀ ਏਜੰਸੀ ਕੋਲ ਸੀ, 'ਫ਼ੀਮਾ' ਦੇ ਹਵਾਲੇ ਕਰ ਦਿੱਤਾ ਗਿਆ। ਯਾਦ ਰਹੇ ਫ਼ੀਮਾ ਨੂੰ ਨਿਊਯਾਰਕ ਵਿਚ (2001) ਜੋੜੇ ਟਾਵਰਾਂ ਦੇ ਡੇਗਣ ਤੋਂ 12 ਸਾਲ ਪਹਿਲਾਂ ਖੜਾ ਕੀਤਾ ਗਿਆ।

ਪ੍ਰਧਾਨ ਬੁਸ਼ ਨੇ 2003 ਵਿਚ ਫ਼ੀਮਾ ਨੂੰ ਘਰੇਲੂ ਸੁਰੱਖਿਆ ਵਿਭਾਗ ਦਾ ਹਿੱਸਾ ਬਣਾਇਆ। ਫ਼ੀਮਾ ਲਈ ਤਿੰਨ ਹਦਾਇਤਾਂ ਸਨ :

1. ਦੇਸ ਅੰਦਰ ਐਮਰਜੈਂਸੀ ਨਾਲ ਨਜਿੱਠਣਾ;
2. ਸਰਕਾਰ ਦੇ ਕਾਰਜਾਂ ਨੂੰ ਜਾਰੀ ਰੱਖਣਾ;
3. ਕਿਸੇ ਵੀ ਸਮਾਜੀ ਜਾਂ ਸਿਆਸੀ ਸੰਭਾਵਿਤ ਖ਼ਤਰੇ ਦਾ ਟਾਕਰਾ।

ਫ਼ੀਮਾ ਨੂੰ 'ਹੋਮਲੈਂਡ ਸਿਕਿਓਰਿਟੀ ਵਿਭਾਗ' ਦਾ ਹਿੱਸਾ ਬਣਾ ਕੇ ਉਸ ਦੀ

ਇੱਕੋ ਇਕ ਡਿਊਟੀ ਮਿਥੀ ਗਈ, "ਦੇਸ ਨੂੰ ਖ਼ਤਰਨਾਕ ਲੋਕਾਂ ਤੋਂ ਬਚਾਉਣਾ"। ਪ੍ਰਧਾਨ ਬੁਸ਼ ਨੇ ਕਿਹਾ, "ਅਸੀਂ ਬਦੀ ਦਾ ਟਾਕਰਾ ਕਰ ਰਹੇ ਹਾਂ।" 2003 ਵਿਚ ਸ਼ਹਿਰ ਨਿਊ ਆਰਲੀਨਜ਼ ਵਿਚ ਭਿਆਨਕ ਹੜ੍ਹ ਆਉਣ ਸਮੇਂ ਫ਼ੀਮਾ ਨੇ ਕੱਖ ਕੰਮ ਨਹੀਂ ਕੀਤਾ। ਦੁਨੀਆਂ ਦੇ ਸਭ ਤੋਂ ਸ਼ਕਤੀਵਰ ਅਤੇ ਅਮੀਰ ਦੇਸ ਦੇ ਮੂੰਹ ਉੱਤੇ ਕਾਲਖ ਮਲੀ ਗਈ। ਦੁਖੀਆਂ ਦੀ ਮਦਦ ਏਨੀ ਸੁਸਤ ਰਹੀ ਕਿ ਕੁੱਲ ਦੁਨੀਆਂ ਮੂੰਹ ਵਿਚ ਉਂਗਲੀਆਂ ਪਾ ਕੇ ਵੇਖਦੀ ਰਹੀ। ਜਿਵੇਂ ਕੁਝ ਚਿਰ ਪਹਿਲਾਂ ਏਥੇ ਭਾਰਤ ਵਿਚ ਕਾਮਨਵੈਲਥ ਖੇਡਾਂ ਵੇਲੇ ਘਪਲਾ ਹੋਇਆ ਸੀ, ਨਿਊ ਆਰਲੀਨਜ਼ ਕਾਂਡ ਪਿੱਛੋਂ ਫ਼ੀਮਾ ਮਹਿਕਮਾ ਕਰੀਬ ਇਕ ਬਿਲੀਅਨ ਡਾਲਰ ਹੜੱਪ ਕਰ ਗਿਆ, ਬਿਨਾਂ ਕੋਈ ਸੇਵਾ ਕੀਤਿਆਂ।

ਕਈ ਉੱਚ ਹਸਤੀਆਂ ਨੇ ਖ਼ਿਆਲ ਪ੍ਰਗਟ ਕੀਤਾ ਹੈ ਕਿ ਫ਼ੀਮਾ ਇਕ ਬੀਮਾਰ ਸੰਸਥਾ ਹੈ ਅਤੇ ਲੋਕਾਂ ਦੀ ਮਦਦ ਕਰਨ ਦੇ ਅਸਮਰੱਥ ਹੈ। ਨਿਊ ਆਰਲੀਨਜ਼ ਘਟਨਾ ਪਿੱਛੋਂ, ਫ਼ੀਮਾ ਦੇ ਖ਼ਰੀਦੇ ਤਿੰਨ ਬਿਲੀਅਨ ਡਾਲਰ ਮੁੱਲ ਦੇ ਰਿਹਾਇਸ਼ੀ ਟ੍ਰੇਲਰ/ਸਫ਼ਰੀ ਡੱਬੇ, ਥੋੜ੍ਹੇ ਹੀ ਕੰਮ ਆਏ। ਪਿੱਛੋਂ 'ਸੇਲ' ਉੱਤੇ ਲਾ ਦਿੱਤੇ ਗਏ। ਨਿਕੰਮੀ ਸੰਸਥਾ ਫ਼ੀਮਾ ਨੂੰ ਤੋੜਨ ਲਈ ਥੋੜ੍ਹੀ ਦੇਰ ਰੌਲਾ ਪਿਆ ਰਿਹਾ, ਫਿਰ ਚੁੱਪ-ਚਾਂ ਹੋ ਗਈ।

ਹੌਲੀ ਹੌਲੀ ਸਮਝ ਆ ਰਹੀ ਹੈ ਕਿ ਫ਼ੀਮਾ ਦਾ ਮੁੱਖ ਕੰਮ ਤਾਂ ਹੋਵੇਗਾ, ਸ਼ਹਿਰੀ ਵੱਸੋਂ ਨੂੰ ਦਬਾਅ ਕੇ ਰੱਖਣਾ। ਜੇ ਲੋਕ ਜੰਗ ਦੇ ਖ਼ਿਲਾਫ਼ ਮੰਗ ਜਾਂ ਮੁਜ਼ਾਹਰਾ ਕਰਨ, ਟੈਕਸਾਂ ਦੀ ਖ਼ਿਲਾਫ਼ੀ ਕਰਨ ਜਾਂ ਵਿਧਾਨ ਅੰਦਰਲੇ ਲਿਖੇ ਆਪਣੇ ਹੱਕਾਂ ਦੀ ਪੂਰਤੀ ਲਈ ਨਿੱਤਰ ਪੈਣ ਤਾਂ ਫ਼ੀਮਾ ਉਨ੍ਹਾਂ ਨੂੰ ਕੁਚਲਣ ਲਈ ਇਕ ਸੋਚਿਆ ਸਮਝਿਆ ਹਥਿਆਰ ਹੈ। ਜਦੋਂ ਕਦੇ ਸੰਵਿਧਾਨ ਨੂੰ ਟੰਗ ਦਿੱਤਾ ਜਾਵੇਗਾ, ਉਸ ਸਮੇਂ ਫ਼ੀਮਾ ਕੈਂਪਾਂ ਦਾ ਕੁੱਲ ਅਮਰੀਕਾ ਅੰਦਰਲਾ ਜਾਲ ਕੰਮ ਆਵੇਗਾ। ਉਸ ਸਮੇਂ ਸਰਕਾਰ ਦਾ ਇੱਕੋ ਇਕ ਮਹਿਕਮਾ ਹੋਵੇਗਾ ਫ਼ੀਮਾ। ਅੱਜ ਫ਼ੀਮਾ ਦੇ ਚਿਹਰਿਆਂ ਮੁਹਰਿਆਂ ਅੰਦਰ ਕਰਨੈਲਾਂ ਅਤੇ ਜਰਨੈਲਾਂ ਦੀਆਂ ਵਰਦੀਆਂ ਵਿਖਾਈ ਦੇਂਦੀਆਂ ਹਨ। ਜਨਤਾ ਨੂੰ ਫ਼ੀਮਾ ਦੀ ਹੋਂਦ ਅਤੇ ਸ਼ਕਤੀ ਦੀ ਪਛਾਣ ਦੀ ਆਦਤ ਪਾਈ ਜਾ ਰਹੀ ਹੈ।

ਮਾਰਸ਼ਲ ਲਾਅ ਵੱਲ ਸੰਕੇਤ

'ਰੈਕਸ 84 : ਮਾਰਸ਼ਲ ਲਾਅ' ਰਿਪੋਰਟ 1982 ਵਿਚ ਅੰਕਿਤ ਕੀਤੀ ਗਈ। ਇਸ ਦਾ ਲੇਖਕ ਸੀ ਕਰਨਲ ਬਿੰਕਰਹੌਫ਼। ਇਸ ਮੁਤਾਬਕ ਕਿਸੇ ਦੇਸ ਵਿਆਪੀ ਸੰਕਟ ਵੇਲੇ ਮਾਰਸ਼ਲ ਲਾਅ ਦਾ ਐਲਾਨ ਕੀਤਾ ਜਾ ਸਕਦਾ ਹੈ। ਇਸ ਅੰਦਰ ਲਫ਼ਜ਼ 'ਸੰਕਟ' ਨੂੰ ਵਿਸਥਾਰਿਆ ਨਹੀਂ ਗਿਆ। ਪਲਾਨ ਅਨੁਸਾਰ ਫ਼ੀਮਾ ਪ੍ਰਾਂਤਾਂ ਅਤੇ ਕੇਂਦਰ ਦੀਆਂ ਸਰਕਾਰਾਂ ਨੂੰ ਆਪਣੇ ਹੱਥ ਵਿਚ ਲੈ ਸਕਦਾ ਹੈ। ਉਹ ਪੂਰੀ ਸ਼ਕਤੀ ਫ਼ੌਜੀ ਕਮਾਂਡਰਾਂ ਦੇ ਹਵਾਲੇ ਕਰ ਸਕਦੈ। ਇਸ ਪਲਾਨ ਵਿਚ ਦੋ ਕਰੋੜ ਨੀਗਰੋ ਲੋਕਾਂ ਨੂੰ ਘੇਰਨ ਦੀ ਗੱਲ ਵੀ ਹੈ, ਜਿਨ੍ਹਾਂ ਨੂੰ ਫ਼ੌਜੀ ਅੱਡਿਆਂ ਤੋਂ ਬਦਲੀਆਂ ਜੇਲ੍ਹਾਂ ਦੇ ਅੰਦਰ ਕੀਤਾ ਜਾਵੇਗਾ। ਇਨ੍ਹਾਂ ਅੱਡਿਆਂ ਦਾ ਨਾਂ ਹੋਵੇਗਾ 'ਫ਼ੀਮਾ ਰੀਲੋਕੇਸ਼ਨ ਕੈਂਪ'। ਰੀਲੋਕੇਸ਼ਨ ਭਾਵ ਨਵਾਂ ਟਿਕਾਣਾ। 1982 ਵਿਚ ਸਰਕਾਰ ਨੂੰ ਕਾਲੇ ਲੋਕਾਂ ਤੋਂ ਭੈਅ ਆ ਰਿਹਾ

ਸੀ। 'ਟੈਰਰਿਜ਼ਮ' ਦਾ ਤਾਂ ਰੌਲਾ ਹੀ ਹੈ। ਅਸਲ ਵਿਚ ਅੱਜ-ਕੱਲ੍ਹ ਬੇਰੁਜ਼ਗਾਰੀ ਅਤੇ ਵਧਦੀਆਂ ਕੀਮਤਾਂ ਤੋਂ ਸਟਪਟਾਏ ਹੋਏ ਲੋਕਾਂ ਤੋਂ ਖ਼ਤਰਾ ਹੈ।

ਪਿਛਲੇ ਦਸਾਂ ਸਾਲਾਂ ਵਿਚ ਫ਼ੀਮਾ ਦੇ ਮੁਹਾਜ਼ ਉੱਤੇ ਚੋਖੀ ਤਰੱਕੀ ਹੋਈ ਹੈ। ਦੇਸ ਦੀ ਰੱਖਿਆ ਸੇਵਾ ਕਰਨ ਲਈ ਵਿਸ਼ਾਲ ਗਾੜ੍ਹੇ ਕੈਂਪ, ਕੁੱਲ ਅਮਰੀਕਾ ਅੰਦਰ ਉਸਾਰ ਦਿੱਤੇ ਗਏ ਹਨ। ਲੁਕਾਅ ਵਾਲੀ ਗੱਲ ਹੀ ਕੋਈ ਨਹੀਂ। ਇੰਟਰਨੈੱਟ ਵਿਚ ਗੂਗਲ ਵਿਚ ਲਿਖੋ 'ਫ਼ੀਮਾ ਕੰਸੈਨਟ੍ਰੇਸ਼ਨ ਕੈਂਪ' ਤਾਂ ਤੁਹਾਡੇ ਸਾਹਮਣੇ ਪੂਰੇ ਦੇਸ ਦਾ ਨਕਸ਼ਾ ਆ ਜਾਵੇਗਾ, ਜੋ ਫ਼ੀਮਾ ਕੈਂਪਾਂ ਦੀਆਂ ਖੁੰਬਾਂ ਨਾਲ ਭਰਿਆ ਹੋਵੇਗਾ। ਪਾਸੇ ਉੱਤੇ ਇਕੱਲੀ-ਇਕੱਲੀ ਖੁੰਬ/ਕੈਂਪ ਦਾ ਵੇਰਵਾ ਹੈ, ਕਿੱਥੇ ਹੈ, ਕਿੱਡਾ ਹੈ, ਕਿਵੇਂ ਵਰਤਿਆ ਜਾ ਸਕਦਾ ਹੈ, ਕਦੋਂ ਵਰਤਿਆ ਵੀ ਗਿਆ ਆਦਿ। ਕੁਲ ਦੇਸ ਅੰਦਰ ਜੇਲ੍ਹ ਨੁਮਾ ਦੇਵ ਕੱਦ ਢਾਂਚੇ ਹਨ ਫ਼ੀਮਾ ਕੈਂਪ, ਜੋ ਕਦੇ ਵੀ ਵਰਤੇ ਜਾ ਸਕਦੇ ਹਨ। ਜ਼ਾਹਰ ਹੈ ਇਨ੍ਹਾਂ ਉੱਤੇ ਅਰਬਾਂ ਡਾਲਰ ਖ਼ਰਚਾ ਹੋਇਆ ਹੈ। ਬਿਨਾਂ ਕਿਸੇ ਮੰਤਵ ਨੂੰ ਮੁੱਖ ਰੱਖਦਿਆਂ ਫ਼ੈਡਰਲ/ਕੇਂਦਰੀ ਸਰਕਾਰ ਐਨੇ ਧਨ ਦਾ ਉਜਾੜਾ ਕਿਉਂ ਕਰੇਗੀ ? ਇਹ ਕੈਂਪ ਉਨ੍ਹਾਂ ਮਹਿਮਾਨਾਂ ਲਈ ਤਿਆਰ ਹੋ ਰਹੇ ਹਨ, ਜੋ ਫ਼ੈਡਰਲ ਸਰਕਾਰ ਦੀਆਂ ਸਮਾਜੀ, ਵਿੱਤੀ, ਵਿਦੇਸ਼ੀ ਅਤੇ ਜੰਗੀ ਨੀਤੀਆਂ ਦਾ ਵਿਰੋਧ ਕਰ ਰਹੇ ਹਨ ਜਾਂ ਕਰਨਗੇ। ਉਨ੍ਹਾਂ ਜਾਗ ਉੱਠੇ ਨੀਤੀ ਵਿਰੋਧੀਆਂ ਦਾ ਭੰਡੀ ਪ੍ਰਚਾਰ ਜ਼ੋਰਾਂ ਉੱਤੇ ਹੈ। ਅਮਰੀਕੀ ਸੰਵਿਧਾਨ ਨੂੰ ਬਚਾਉਣ ਅਤੇ ਪ੍ਰਾਂਤੀ ਸਰਕਾਰਾਂ ਦੇ ਹੱਕਾਂ ਦੀ ਰਾਖੀ ਮੰਗਦਿਆਂ ਵਿਅਕਤੀਆਂ ਨੂੰ ਸਮਾਜ ਵਿੱਚੋਂ ਛੇਕਣ ਦੇ ਯਤਨ ਜਾਰੀ ਹਨ। ਫ਼ੈਡਰਲ/ਕੇਂਦਰੀ ਸਰਕਾਰ ਨਾਲ ਅਸਹਿਮਤੀ ਪ੍ਰਗਟ ਕਰਨ ਵਾਲਿਆਂ ਨੂੰ ਦੇਸ ਵਿਰੋਧੀ ਹੋਣ ਦੇ ਲੇਬਲ ਲੱਗ ਰਹੇ ਹਨ। ਬੇਸਮਝ ਜਨਤਾ ਇਨ੍ਹਾਂ ਦੇਸ ਭਗਤਾਂ ਨੂੰ ਪੁਆੜੇ ਦੀ ਜੜ੍ਹ ਮੰਨਣ ਲੱਗ ਸਕਦੀ ਹੈ। ਅੱਜ ਦੀ ਸਰਕਾਰ ਜਦੋਂ ਵੀ ਚਾਹੇ ਕਿਸੇ ਭਿਆਨਕ ਸੰਕਟ ਦਾ ਨਾਟਕ ਰਚ ਕੇ ਆਪਣੇ ਕੁੱਲ ਵਿਰੋਧੀਆਂ ਨੂੰ ਪੂਰੀ ਸੁਘੜਤਾ ਦੇ ਨਾਲ, ਸਮਾਜ ਵਿੱਚੋਂ ਪੁੱਟ ਕੇ ਫ਼ੀਮਾ ਜੇਲ੍ਹਾਂ ਅੰਦਰ ਤੁੰਨ ਸਕਦੀ ਹੈ। ਬਾਕੀ ਬਚੀ ਜਨਤਾ ਨੇ ਸਹਿਮ ਜਾਣੈ ਜਾਂ ਉਸ ਨੂੰ ਸਮਝ ਨਹੀਂ ਆਉਣੀ। ਸੋਵੀਅਤ ਸੰਘ ਅੰਦਰ 1919 ਤੋਂ 1990 ਤਕ ਕੀ ਹੁੰਦਾ ਰਿਹੈ ? ਏਹੋ ਕੁਝ। ਵਾਸਤਵ ਵਿਚ ਅਮਰੀਕਾ ਅੱਜ ਉਨ੍ਹਾਂ ਹੀ ਜ਼ੀਓਨਿਸਟ ਸ਼ਕਤੀਆਂ ਦੀ ਮੁੱਠੀ ਅੰਦਰ 'ਸੋਵੀਅਤ ਸੰਘ' ਬਣਨ ਜਾ ਰਿਹੈ। 2010 ਦੀ ਅਮਰੀਕਨ ਜਨਗਣਨਾ ਸਮੇਂ ਹਰ ਵਿਅਕਤੀ ਕੋਲੋਂ ਵੀਹ ਸਫ਼ਿਆਂ ਅੰਦਰ ਏਨੇ ਵਿਸਥਾਰ ਪੂਰਵਕ ਨਿੱਜੀ ਸਵਾਲ ਪੁੱਛੇ ਗਏ ਹਨ, ਜੋ ਕਿਸੇ ਸਮੇਂ ਸੋਵੀਅਤ ਹਕੂਮਤ ਹੀ ਪੁੱਛ ਸਕਦੀ ਸੀ। ਏਨੀ ਵਾਕਫ਼ੀ ਇਕੱਠੀ ਕਰਨ ਉਪਰੰਤ ਸਮਾਂ ਆਉਣ ਉੱਤੇ ਕੰਪਿਊਟਰ ਨਿਰਣਾ ਲੈ ਲੈਣਗੇ, ਬਈ ਕਿਸ ਕਿਸ ਨੂੰ ਫ਼ੀਮਾ ਦਾ ਮਹਿਮਾਨ ਬਣਾਉਣਾ ਹੈ।

ਅਮਰੀਕਾ ਅੰਦਰ ਪ੍ਰਾਂਤੀ ਸਰਕਾਰਾਂ ਦੇ ਅਧਿਕਾਰ ਦਿਨੋ-ਦਿਨ ਘਟਾ ਕੇ ਫ਼ੈਡਰਲ/ਕੇਂਦਰੀ ਸਰਕਾਰ ਦਾ ਬੋਲਬਾਲਾ ਵਧਾਇਆ ਜਾ ਰਿਹਾ ਹੈ। ਅਖੇ, ਦੇਸ ਨੂੰ ਖ਼ਤਰਾ ਹੈ। ਪ੍ਰਾਂਤਾਂ ਅੰਦਰ ਆਵਾਜ਼ਾਂ ਉੱਠ ਰਹੀਆਂ ਹਨ, ਫ਼ੈਡਰਲ ਸਰਕਾਰ ਨੂੰ ਨਕੇਲ ਪਾਵੋ। ਹਾਲਤ ਇੰਜ ਸਮਝੀ ਜਾ ਸਕਦੀ ਹੈ, ਜੇ ਸੋਚੋ ਕਿ ਭਾਰਤ ਦੇ ਕਿਸੇ ਪ੍ਰਾਂਤ, ਚਲੋ ਮੰਨ ਲਵੋ ਕਿ ਪੰਜਾਬ ਅੰਦਰ ਪ੍ਰਾਂਤੀ ਸਰਕਾਰ ਦੇ ਨਾਲ ਹੀ ਨਾਲ ਗਵਰਨਰ/ ਰਾਜਪਾਲ ਦਾ ਵੱਖਰਾ ਰਾਜ ਵੀ ਚੱਲ ਰਿਹਾ ਹੈ। ਗਵਰਨਰ ਜਦੋਂ ਚਾਹੁੰਦੇ, ਕੇਂਦਰੀ

ਸਰਕਾਰ ਦੇ ਆਦੇਸ਼ਾਂ ਅਨੁਸਾਰ ਕਦੇ ਵੀ ਨਵਾਂ ਕਾਨੂੰਨ ਜੜ ਸਕਦੈ, ਜਿਸ ਦੇ ਲਾਗੂ ਕਰਨ ਉੱਤੇ ਪ੍ਰਾਂਤੀ ਸਰਕਾਰ ਕੋਈ ਰੋਕ ਨਹੀਂ ਲਗਾ ਸਕਦੀ। ਸ਼ੁਕਰ ਕਰੀਏ ਕਿ ਅਜੇ ਤਕ ਭਾਰਤ ਦਾ ਸੰਵਿਧਾਨ ਕੇਂਦਰੀ-ਪ੍ਰਾਂਤੀ ਰਿਸ਼ਤਿਆਂ ਨੂੰ ਚੋਖੇ ਸਹੀ ਢੰਗ ਨਾਲ ਚਲਾ ਰਿਹਾ ਹੈ। ਜੇ ਅਮਰੀਕਾ ਜਹੇ ਅੱਜ ਦੇ ਹਾਲਾਤ ਭਾਰਤ ਅੰਦਰ ਪੈਦਾ ਹੋਏ ਹੁੰਦੇ ਤਾਂ ਦੇਸ ਨੇ ਕਦੋਂ ਦਾ ਉਬਾਲਾ ਖਾ ਲਿਆ ਹੋਣਾ ਸੀ। ਅਮਰੀਕਾ ਅੰਦਰ ਸਾਧਾਰਨ ਲੋਕ ਏਨੇ ਦਬਾਏ ਜਾ ਚੁੱਕੇ ਹਨ ਕਿ ਉਨ੍ਹਾਂ ਲਈ ਵਿਗਾੜੇ ਅਤੇ ਲਿਤਾੜੇ ਜਾ ਚੁੱਕੇ ਸੰਵਿਧਾਨ ਨੂੰ ਵਾਪਸ ਲੀਹਾਂ ਉੱਤੇ ਲਿਆਉਣਾ ਅਸੰਭਵ ਹੋ ਚੁੱਕਿਆ ਹੈ।

ਇਬਰਾਹੀਮ ਲਿੰਕਨ ਨੇ ਕਿਹਾ ਸੀ, "ਅਮਰੀਕਾ ਨੂੰ ਕਦੇ ਕੋਈ ਬਾਹਰਲੀ ਸ਼ਕਤੀ ਤਬਾਹ ਨਹੀਂ ਕਰ ਸਕਦੀ। ਜੇ ਅਸੀਂ ਠੇਡਾ ਖਾ ਗਏ ਅਤੇ ਆਜ਼ਾਦੀ ਗੰਵਾ ਲਈ ਤਾਂ ਇਸ ਦਾ ਕਾਰਨ ਅਸੀਂ ਆਪ ਹੀ ਹੋਵਾਂਗੇ।" ਹਰ ਨਵੀਂ ਪੀੜ੍ਹੀ ਦੇ ਸਾਹਮਣੇ ਚੁਣੌਤੀ ਰਹੀ ਹੈ, ਆਜ਼ਾਦ ਰਹਿਣ ਜਾਂ ਬੰਦੀ ਬਣਨ ਦੀ। ਹਰ ਪੀੜ੍ਹੀ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਕੁਰਬਾਨੀ ਦੇਣੀ ਪੈਂਦੀ ਹੈ। ਹਰ ਦੇਸ ਅੰਦਰ ਰੰਗ ਬਦਲੂ/ਦਲ ਬਦਲੂ, ਸਦਾ ਵਿਕਾਊ ਨੇਤਾ, ਆਪਣੇ ਸਵਾਰਥ ਅਤੇ ਛੋਟੀ ਸੋਚ ਪਿੱਛੇ ਦੇਸ ਦੀ ਆਰਥਿਕ ਅਤੇ ਸਿਆਸੀ ਆਜ਼ਾਦੀ ਵੇਚਣ ਲਈ ਤਤਪਰ ਰਹਿੰਦੇ ਹਨ। ਜਿਸ ਹਿਸਾਬ ਉੱਤੇ ਅਮਰੀਕਨ ਸਿਆਸਤ ਅਤੇ ਅਰਥਚਾਰਾ, ਵਿਦੇਸ਼ੀ ਬੈਂਕਰਾਂ ਦੀਆਂ ਉਂਗਲਾਂ ਉੱਤੇ ਨੱਚ ਰਿਹੈ, ਉਸ ਦਾ ਕਿਆਸ/ਅੰਦਾਜ਼ਾ ਕਰਨਾ ਵੀ ਮੁਸ਼ਕਲ ਹੈ। ਲਗਾਤਾਰ ਵੱਧ ਰਹੀਆਂ ਆਰਥਿਕ ਤੰਗੀਆਂ ਕਾਰਨ ਜਨ-ਸਾਧਾਰਨ ਨੂੰ ਹੋਸ਼ ਆ ਰਹੀ ਹੈ, ਵਿਰੋਧ ਦੀ ਭਾਵਨਾ ਵੱਧ ਰਹੀ ਹੈ। ਕੇਂਦਰੀ ਸਰਕਾਰ ਵੀ ਅਵੇਸਲੀ ਨਹੀਂ। ਵਿਸ਼ਾਲ ਫ਼ੀਮਾ ਕੈਂਪਾਂ ਦੇ ਜਾਲ ਦੀ ਦੇਸ਼-ਵਿਆਪੀ ਗੋਂਦ, ਕੁਲ ਚੇਤੰਨ ਲੋਕਾਂ ਨੂੰ ਆਪਣੀ ਮੌਤੀਲੀ ਬੁੱਕਲ ਵਿਚ ਸਮੇਟਣ ਲਈ ਤਿਆਰ-ਬਰ-ਤਿਆਰ ਹੈ।

ਇਸ ਸਮੇਂ ਅਮਰੀਕੀ ਨਾਗਰਿਕਾਂ ਦੀ ਕਰੜੀ ਨਿਗਰਾਨੀ ਕੀਤੀ ਜਾ ਰਹੀ ਹੈ। ਟੈਲੀਫ਼ੋਨ, ਮੋਬਾਇਲ ਅਤੇ ਇੰਟਰਨੈੱਟ, ਚਿੱਠੀ-ਪੱਤਰ ਸੁਣੇ/ਰੀਕਾਰਡ ਕੀਤੇ ਜਾ ਰਹੇ ਹਨ। ਮੋਬਾਇਲ ਵੈਨ ਘਰਾਂ ਕੋਲੋਂ ਲੰਘਦੇ ਲੰਘਦੇ ਘਰਾਂ ਅੰਦਰਲੇ ਕੰਪਿਊਟਰਾਂ ਦੇ ਲੇਖ ਕਾਪੀ ਕਰ ਲੈਂਦੇ ਹਨ। ਇਕ 'ਹੱਥ ਲਿਖਿਆ ਲੇਖ' ਹੀ ਰਹਿੰਦਾ ਹੈ, ਜਿਸ ਨੂੰ ਸੱਚਮੁੱਚ ਹੱਥ ਪਾਏ ਬਿਨਾਂ ਆਪਣੇ ਹੱਥ ਨਹੀਂ ਲਿਆ ਸਕਦੇ। ਆਜ਼ਾਦੀ ਦਾ ਢੰਡੋਰਾ ਪਿੱਟਣ ਵਾਲੇ ਦੇਸ ਵਿਚ ਆਜ਼ਾਦੀ ਕੇਵਲ ਫ਼ੀਮਾ ਕੋਲ ਹੀ ਰਹਿ ਗਈ ਹੈ। ਇਸ ਦੀ ਹੋਮਲੈਂਡ ਸਿਕਿਓਰਿਟੀ ਨੇ ਹਵਾਈ ਅੱਡਿਆਂ ਉੱਤੇ ਆਫ਼ਤ ਲਿਆਂਦੀ ਹੋਈ ਹੈ। ਹਰ ਹਵਾਈ ਅੱਡੇ ਅੰਦਰੋਂ ਲੰਘਣ ਵਾਲੇ ਨੂੰ ਖ਼ਾਸ ਐਕਸਰੇ ਮਸ਼ੀਨਾਂ ਦੇ ਨਾਲ ਨੰਗਿਆਂ ਕਰ ਕੇ ਵੇਖਿਆ ਜਾਂਦਾ ਹੈ। ਰੇਡੀਏਸ਼ਨ ਅਤੇ ਨੰਗੇਜ ਉੱਤੇ ਇਤਰਾਜ਼ ਕਰਨ ਵਾਲਿਆਂ ਨੂੰ ਡੂੰਘਾ ਦੱਬ ਕੇ ਟੋਹ ਲਿਆ ਜਾਂਦਾ ਹੈ। ਇਥੋਂ ਤਕ ਕਿ ਮਰਦ ਔਰਤ ਬੱਚੇ ਦੀ ਖੁੱਚਾਂ ਵਿਚਲੀ ਸ਼ਰਮਗਾਹ ਦਾ ਲਿਹਾਜ਼ ਵੀ ਨਹੀਂ ਕੀਤਾ ਜਾਂਦਾ। ਹਾਲਾਂ ਪਿਛਲੇ ਹੀ ਹਫ਼ਤੇ ਇਕ ਅਮਰੀਕਨ ਔਰਤ, ਜੋ ਕਦੇ ਇਕ ਸਾਲ ਦੀ ਅਮਰੀਕਨ ਸੁੰਦਰੀ ਚੁਣੀ ਗਈ ਸੀ, ਅਜਿਹੇ ਦੁਰਵਿਹਾਰ ਕਾਰਨ ਇਕ ਹਵਾਈ ਅੱਡੇ ਵਿਚੋਂ ਰੋਂਦੀ ਹੋਈ ਨਿਕਲੀ। ਉਸ ਦਾ ਕਹਿਣਾ ਸੀ ਕਿ ਹੋਮਲੈਂਡ ਸਿਕਿਓਰਿਟੀ ਵਾਲੀ ਨੇ ਆਪਣੀ

ਉਂਗਲ ਉਸ ਦੀ ਭਗ ਵਿਚ ਚਾਰ ਵਾਰ ਖੋਭੀ ਸੀ। ਸਿਕਿਓਰਿਟੀ/ਰੱਖਿਆ ਦੇ ਨਾਂ ਉੱਤੇ ਹੁੰਦੇ ਕੁੱਲ 'ਸ਼ੁਭ ਕਰਮਾਂ' ਦਾ ਇਕ ਹੀ ਨਿਸ਼ਾਨਾ ਹੈ – ਲੋਕ ਆਪਣਾ ਸਵੈ-ਮਾਣ, ਆਤਮ-ਵਿਸ਼ਵਾਸ ਅਤੇ ਵਿਦਰੋਹ-ਸ਼ਕਤੀ ਤੋਂ ਮੁਕਤ ਹੋ ਕੇ ਭੇਡਾਂ ਵਾਲੇ ਜੀਵਨ ਨੂੰ ਹੀ ਸਹੀ ਜੀਵਨ ਸਮਝਣ।

ਇਨਸਾਨੀ ਭੇਡਾਂ ਖ਼ਾਸਕਰ ਲੜਾਕੂ ਭੇਡੂਆਂ ਨੂੰ ਫ਼ੀਮਾ ਦੇ ਤਾੜੂ ਕੈਂਪ ਬਾਹਵਾਂ ਅੱਡੀ ਉਡੀਕ ਰਹੇ ਹਨ। ਇਕ ਮੁਨਾਸਿਬ ਮੌਕੇ ਦੀ ਉਡੀਕ ਹੈ। ਇਕ ਤੀਬਰ ਸੰਕਟ ਸਥਿਤੀ ਪੈਦਾ ਹੋਵੇਗੀ/ਪੈਦਾ ਕੀਤੀ ਜਾਵੇਗੀ, ਜਿਸ ਪਿੱਛੋਂ ਫ਼ੀਮਾ ਦੀ ਨਿਗਰਾਨੀ ਹੇਠ ਕਈ ਵੱਡੇ ਕਾਰਜ ਚਾਲੂ ਹੋਣਗੇ, ਅਮਰੀਕਾ ਅੰਦਰਲੀ ਆਵਾਜਾਈ ਨਿਯੰਤਰਣ ਹੇਠ ਕੀਤੀ ਜਾਵੇਗੀ, ਸ਼ਹਿਰੀਆਂ ਦੇ ਵੱਡੇ ਸਮੂਹਾਂ ਨੂੰ ਚੋਣਵੇਂ ਕੈਂਪਾਂ ਅੰਦਰ ਨਿਖਾੜ ਲਿਆ ਜਾਵੇਗਾ ਅਤੇ ਅਮਰੀਕਾ ਦੀਆਂ ਸਰਹੱਦਾਂ ਸੀਲ ਕੀਤੀਆਂ ਜਾਣਗੀਆਂ।

ਪਿਛਲੇ ਤੀਹ ਸਾਲਾਂ ਵਿਚ ਕਈ ਪ੍ਰਸ਼ਾਸਨੀ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ, ਜਿਹੜੇ ਸ਼ਹਿਰੀ ਹੱਕਾਂ ਅਤੇ ਅਮਰੀਕੀ ਸੰਵਿਧਾਨ ਨੂੰ ਛਿੱਕੇ ਉੱਤੇ ਟੰਗ ਦੇਣਗੇ ਅਤੇ ਵਾਸਤਵ ਵਿਚ ਮਾਰਸ਼ਲ ਲਾਅ ਲਾਗੂ ਹੋ ਜਾਵੇਗਾ।

ਮਹਾਨ ਦੇਸ ਦੇ ਏਸ ਮਹਾਨ ਕਾਰਜ ਲਈ ਇਕ ਮੋਟੇ ਬਹਾਨੇ ਦੀ ਉਡੀਕ ਹੈ ਅਤੇ ਉਸ ਪਿੱਛੋਂ ਤੁਰੰਤ ਹੀ ਅਮਰੀਕੀ ਪ੍ਰਧਾਨ ਦੇ ਮੁਬਾਰਕ ਹੱਥ ਵਿਚ ਫੜੇ ਪੈੱਨ ਤੋਂ ਉਪਜੇ ਦਸਤਖ਼ਤਾਂ ਦੀ। ਸਭ ਤਿਆਰ ਹੈ।

ਅਮਰੀਕਾ ਦਾ ਇਤਿਹਾਸਕ ਸਫ਼ਰ ਕੁੱਲ ਭੂਗੋਲਿਕ ਸੱਚਾਈ ਦੇ ਅੰਦਰ ਵੇਖਣਾ ਚਾਹੀਦਾ ਹੈ। ਦੁਨੀਆਂ ਦੀ ਸਭ ਤੋਂ ਵੱਡੀ ਸ਼ਕਤੀ ਹੈ ਬੈਂਕਰ ਸੱਪਾਂ ਦੀ, ਜੋ ਲੰਡਨ ਅੰਦਰ 'ਦ ਸਿਟੀ' ਦੀਆਂ ਖੁੱਡਾਂ ਅੰਦਰ ਹਨ। ਉਨ੍ਹਾਂ ਦੇ ਪਿਛਲੇ ਢਾਈ ਸੌ ਸਾਲਾਂ ਦੇ ਸੋਚੇ ਸਮਝੇ ਸ਼ਤਰੰਜੀ ਚਾਲੇ, ਕੁੱਲ ਦੁਨੀਆਂ ਨੂੰ ਆਪਣੀ ਮੁੱਠੀ ਹੇਠ ਕਰਨ ਦੇ ਹਨ। ਚਿਰਾਂ ਤੋਂ ਅਮਰੀਕਾ ਨੂੰ ਹੱਥ-ਠੋਕਾ ਬਣਾ ਕੇ ਵਰਤਿਆ ਜਾ ਰਿਹੈ। ਏਸੇ ਹੀ ਦੇਸ ਦੀ ਕੁਝ ਚੇਤੰਨ ਵੱਸੋਂ ਤੋਂ ਬੈਂਕਰਾਂ ਨੂੰ ਭੈਅ ਵੀ ਆਉਂਦਾ ਹੈ। ਅਮਰੀਕਾ ਦੀਆਂ ਫ਼ੌਜਾਂ ਦੇ ਹੱਥੋਂ ਚੋਖੇ ਹੋਰ ਦੇਸ ਰੌਂਦੇ ਜਾ ਚੁੱਕੇ ਹਨ, ਬੰਬਾਂ ਦੀ ਗੜਗੜਾਹਟ ਅੰਦਰ। ਜਦੋਂ ਚਾਨਣ ਬਰਦਾਰ ਬੈਂਕਰਾਂ ਨੇ ਅਮਰੀਕਾ ਨੂੰ ਢਾਹ ਕੇ ਚਿੱਤ ਕਰਨਾ ਹੈ ਤਾਂ 'ਮਿਆਊਂ' ਦੀ ਆਵਾਜ਼ ਵੀ ਨਹੀਂ ਆਉਣੀ। ਬੈਂਕਰਾਂ ਦੇ ਵਿਰੋਧ ਵਿਚ ਅੱਜ ਇੱਕੋ ਇਕ ਯੋਧਾ ਖੜਾ ਹੈ। ਉਹ ਹੈ ਡਾ. ਰੋਨ ਪਾਲ। ਡਾ. ਰੋਨ ਪਾਲ ਦਾ ਐਲਾਨ ਹੈ ਕਿ ਜੇ ਆਉਂਦੀ ਪ੍ਰਧਾਨਗੀ ਚੋਣ ਵਿਚ ਲੋਕਾਂ ਨੇ ਉਸ ਨੂੰ ਜਿਤਾ ਦਿੱਤਾ ਤਾਂ ਉਹ ਦੋ ਵੱਡੇ ਕੰਮ ਕਰੇਗਾ :

1. ਕੁੱਲ ਦੁਨੀਆਂ ਵਿਚਲੇ ਅਮਰੀਕਨ ਫ਼ੌਜੀ ਅੱਡੇ ਸਮੇਟ ਲਏ ਜਾਣਗੇ ਅਤੇ ਸਭ ਦੇਸੋਂ ਬਾਹਰ ਫ਼ੌਜੀ ਘਰ ਪਰਤ ਆਉਣਗੇ।

2. 'ਫ਼ੈਡਰਲ ਰਿਜ਼ਰਵ' ਦੀ ਕਰੰਸੀ ਤੋਂ ਦੇਸ ਨੂੰ ਮੁਕਤ ਕੀਤਾ ਜਾਵੇਗਾ।

ਪ੍ਰਧਾਨ ਕੈਨੇਡੀ ਨੇ ਵੀ ਏਸੇ ਪਾਸੇ ਕਦਮ ਚੁੱਕੇ ਸਨ। ਜ਼ਿਓਨਿਸਟ ਸ਼ਕਤੀਆਂ ਅਤੇ ਉਨ੍ਹਾਂ ਦੇ ਖ਼ਿਆਲ ਬੈਂਕਰਾਂ ਨੇ ਏਸੇ ਲਈ ਉਸ ਦਾ ਕਤਲ ਕਰਵਾ ਦਿੱਤਾ। 1963 ਪਿੱਛੋਂ ਕੁਲ ਅਮਰੀਕੀ ਪ੍ਰਧਾਨ ਬੈਂਕਰਾਂ ਦੀਆਂ ਕਠਪੁਤਲੀਆਂ ਰਹੇ ਹਨ। ਸੰਨ 2012 ਦੀਆਂ ਪ੍ਰਧਾਨਗੀ ਚੋਣਾਂ ਵਿਚ ਨਿਤਾਰਾ ਹੋ ਜਾਵੇਗਾ – ਡਾ. ਰੋਨ ਪਾਲ ਦੇ ਜਿੱਤਣ/ਠੱਗੀ ਨਾਲ ਹਾਰਨ, ਜਾਂ ਉਸ ਦੇ ਕਤਲ ਦੇ ਨਾਲ।

ਮੈਟਰਿਕਸ ਜਾਂ ਤਾਣਾ ਪੇਟਾ

ਆਜ਼ਾਦੀ ਦਾ ਛਲਾਵਾ

ਜ਼ਿੰਦਗੀ ਦੇ ਤਾਣੇ-ਪੇਟੇ ਅੰਦਰ ਇਨਸਾਨ ਦੀ ਹਸਤੀ ਇਕ ਗ੍ਰਾਮੋਫ਼ੋਨ ਰਿਕਾਰਡ ਜੇਹੀ ਹੋ ਗਈ ਹੈ। ਜੋ ਉਸ ਨੇ 'ਸੋਚਣਾ'/ਬੋਲਣਾ ਹੈ, ਪਹਿਲਾਂ ਹੀ ਭਰ ਦਿੱਤਾ ਗਿਆ ਹੈ। 'ਲਿਖੇ ਨੂੰ ਮਿਟਾਉਣਾ ਅਸੰਭਵ ਹੈ।' ਕਈ ਸੋਚਵਾਨ ਕਹਿੰਦੇ ਹਨ ਕਿ ਭਲਕੇ ਮਸ਼ੀਨਾਂ ਨੇ ਕੁੱਲ ਇਨਸਾਨਾਂ ਉੱਤੇ ਕਬਜ਼ਾ ਕਰ ਲੈਣਾ ਹੈ। ਆਉਣ ਵਾਲੇ ਸਮੇਂ ਤੋਂ ਘਬਰਾਉਣ ਦੀ ਲੋੜ ਨਹੀਂ, ਉਹ ਤਾਂ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ।

ਲੋਕ ਸਰਕਾਰਾਂ ਵੱਲ ਇੰਜ ਤੱਕਦੇ ਹਨ ਕਿ ਉਹ ਜ਼ਿੰਦਗੀ ਨੂੰ ਸਰਲ, ਸੁਖਾਵੀਂ ਅਤੇ ਸੁਰੱਖਿਅਤ ਕਰਨਗੀਆਂ। ਅੰਤ ਹੁੰਦਾ ਇਹ ਹੈ ਕਿ ਸਰਕਾਰਾਂ, ਲੋਕਾਈ ਨੂੰ ਬੰਦੀ ਬਣਾ ਲੈਂਦੀਆਂ ਹਨ। ਜਿਸ ਸਰਕਾਰ ਨੂੰ ਅਸੀਂ 'ਸੇਵਾ ਕਰਨ' ਲਈ ਬਣਾਉਂਦੇ ਹਾਂ, ਓਹੀ ਰਾਜ ਕਰਨ ਲੱਗ ਪੈਂਦੀ ਹੈ। ਕੁੱਲ ਦੁਨੀਆਂ ਅੰਦਰ ਏਹੀ ਹਾਲ ਹੈ, ਪਰ ਏਨਾ ਭੈੜਾ ਨਹੀਂ ਜਿਨਾ ਕਿ ਇੱਕੋ-ਇਕ ਮਹਾਂਸ਼ਕਤੀ ਅਮਰੀਕਾ ਦੇ ਘਰ, ਜਿਥੇ ਪੰਝੀ ਲੱਖ ਤੋਂ ਵੱਧ ਲੋਕ ਸੱਚਮੁੱਚ ਦੀਆਂ ਜੇਲ੍ਹਾਂ ਅੰਦਰ ਹਨ। ਅਮਰੀਕੀ ਸੰਵਿਧਾਨ ਅਨੁਸਾਰ ਉਨ੍ਹਾਂ ਕੈਦੀਆਂ ਦੇ ਕੋਈ ਵੀ ਇਨਸਾਨੀ ਹੱਕ ਨਹੀਂ ਹਨ, ਉਹ ਸਹੀ ਅਰਥਾਂ ਵਿਚ ਬੰਦੀ ਹਨ। ਇਹੀ ਸੇਵਾ ਕਰਨ ਲਈ ਸਰਕਾਰ ਅੱਧੀ ਕਮਾਈ ਟੈਕਸ ਰਾਹੀਂ ਖੋਹ ਲੈਂਦੀ ਹੈ, ਕਾਨੂੰਨ ਦੇ ਉੱਤੇ ਕਾਨੂੰਨ ਠੋਸੀ ਜਾਂਦੀ ਹੈ, ਸਜ਼ਾਵਾਂ ਅਤੇ ਤਸੀਹੇ ਦੇਂਦੀ ਹੈ, ਹੋਰਨਾਂ ਦੇਸਾਂ ਉੱਤੇ ਜੰਗਾਂ ਠੋਸਦੀ ਹੈ, ਸਰਕਾਰਾਂ ਉਲਟਾਉਂਦੀ ਹੈ ਅਤੇ ਦੇਸੋਂ ਬਾਹਰ ਜਾ ਕੇ ਸੱਤ ਸੌ ਤੋਂ ਵੱਧ ਸਾਮਰਾਜੀ ਫ਼ੌਜੀ ਅੱਡੇ ਕਾਇਮ ਕਰਦੀ ਹੈ। ਇਸ 'ਨੇਕ' ਕਾਰਜ ਦੇ ਵਿਚ ਕਚੂੰਬਰ ਕਿਸ ਦਾ ਨਿਕਲਿਆ ? ਇਸ ਦਾ ਖ਼ਰਚਾ ਕਿਸ ਨੇ ਕੀਤਾ ? ਇਹ ਕੀਤਾ 'ਮਹਾਂ ਸ਼ਕਤੀ' ਦੇਸ ਦੀ ਸਾਧਾਰਨ ਜਨਤਾ ਨੇ (ਉਨ੍ਹਾਂ 'ਚੋਂ ਬਹੁਤੇ ਤਾਂ ਏਨੇ ਫੋਕੇ ਅਕੜੇਵੇਂ ਵਿਚ ਹੁੰਦੇ ਹਨ ਕਿ ਲਫ਼ਜ਼ ਜਨਤਾ ਨਾਲ ਵੀ ਚਿੜ੍ਹ ਜਾਂਦੇ ਹਨ)। ਜਿਸ ਦੇ ਆਪਣੇ ਉੱਤੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਉੱਤੇ ਚੋਖੇ ਕਰਜ਼ੇ ਚੜ੍ਹੇ ਪਏ ਹਨ। 'ਸੇਵਾ' ਕਰਨ ਵਾਲੇ ਅਸਲ ਵਿਚ ਰਾਜੇ ਬਣੇ ਹੁੰਦੇ ਹਨ।

'ਸਰਕਾਰ ਲੋਕਾਂ ਦੀ ਸੇਵਕ ਹੈ', ਇਹ ਖ਼ਿਆਲ ਬੁਨਿਆਦ ਤੋਂ ਹੀ ਗ਼ਲਤ ਹੈ। ਇਹ ਸੋਚ ਕਿ ਲੋਕਾਂ ਨੇ ਆਪਣੀ ਰੱਖਿਆ ਲਈ ਸਰਕਾਰਾਂ ਘੜਨੀਆਂ ਹਨ, ਧੁਰੋਂ ਹੀ ਝੂਠ ਹੈ। ਜਦੋਂ ਆਦਿ ਮਨੁੱਖ ਮਸਾਂ ਹੀ ਆਪਣੀ ਲੋੜ ਜਿੰਨੀ ਖ਼ੁਰਾਕ ਪੈਦਾ ਕਰਦਾ ਸੀ, ਉਸ ਸਮੇਂ ਨਾ ਕੋਈ ਮਾਲਕ ਸੀ ਅਤੇ ਨਾ ਕੋਈ ਦਾਸ। ਸਭੋ ਬਰਾਬਰ ਸਨ।

ਸ਼ੁਰੂ ਦੇ ਹੀ ਤਕੜੇ ਵਿਅਕਤੀਆਂ, ਕਬੀਲੇ ਦੇ ਸਰਦਾਰਾਂ ਅਤੇ ਨਿੱਕੀਆਂ ਮੋਟੀਆਂ ਸਰਕਾਰਾਂ ਨੂੰ ਸਮਝ ਆ ਗਈ ਸੀ ਕਿ ਇਨਸਾਨਾਂ ਨੂੰ ਪਸ਼ੂਆਂ ਦੇ ਵਾਂਗ ਘੇਰ ਕੇ, ਕਾਬੂ ਕਰ ਕੇ ਮਰਜ਼ੀ ਦਾ ਕੰਮ ਲੈਣਾ ਲਾਭਦਾਇਕ ਹੈ, ਕਿਉਂਕਿ ਹਰ ਇਨਸਾਨ ਆਪਣੀ ਨਿੱਜੀ ਲੋੜ ਨਾਲੋਂ ਵੱਧ ਪੈਦਾ ਕਰ ਸਕਦਾ ਹੈ। ਪੁਰਾਣੇ ਸਮਿਆਂ ਦੇ ਮਿਸਰੀ ਅਤੇ ਚੀਨੀ ਸਾਮਰਾਜਾਂ ਦੀ ਬੁਨਿਆਦ ਹੀ ਇਨਸਾਨੀ ਬੰਦੀ ਸਨ। ਉਨ੍ਹਾਂ ਨੂੰ ਘਰੇਲੂ ਪਸ਼ੂਆਂ ਤੋਂ ਇਕ ਦਰਜਾ ਉਪਰ ਮੰਨਿਆ ਜਾਂਦਾ ਸੀ, ਕਿਉਂਕਿ ਉਹ ਬੋਲਣ ਵਾਲੇ ਦੋਪਾਏ ਪਸ਼ੂ ਸਨ, ਜਿਨ੍ਹਾਂ ਰਾਹੀਂ ਚੌਪਾਇਆਂ ਨੂੰ ਸੰਭਾਲਣ ਜਾਂ ਉਨ੍ਹਾਂ ਨਾਲ ਰਲ ਕੇ ਖੇਤੀ ਕਰਨ ਲਈ ਵਰਤਿਆ ਜਾ ਸਕਦਾ ਸੀ। ਗ਼ੁਲਾਮਾਂ ਨੂੰ ਘੇਰਨ, ਫੜਨ ਅਤੇ ਵਰਤੋਂ ਲਈ ਸਿੱਖਿਆ ਦੇਣ ਵਿਚ ਜਿੰਨਾ ਖ਼ਰਚ ਹੁੰਦਾ ਸੀ, ਉਹ ਉਸ ਤੋਂ ਕਿਤੇ ਵੱਧ ਪੈਦਾ ਕਰਦੇ ਸਨ। ਏਥੇ ਯਾਦ ਕਰਵਾਉਣਾ ਠੀਕ ਰਹੇਗਾ ਕਿ ਯਹੂਦੀ ਵਪਾਰੀਆਂ ਨੇ 110 ਸਾਲਾਂ ਦੇ ਅਰਸੇ ਵਿਚ ਕਰੀਬ ਯਾਰਾਂ ਕਰੋੜ ਅਫ਼ਰੀਕੀ ਬੰਦੀ, ਅਮਰੀਕਾ ਅੰਦਰ ਲਿਆ ਕੇ ਵੇਚੇ ਸਨ।

ਅਜਿਹੇ ਸਮਿਆਂ ਵਿਚ ਇਕ ਦਰਮਿਆਨਾ ਤਬਕਾ ਵੀ ਪੈਦਾ ਹੋ ਜਾਂਦਾ ਹੈ - ਵਪਾਰੀਆਂ, ਪੁਲਸੀਆਂ, ਪੁਜਾਰੀਆਂ, ਬੁੱਧੀਜੀਵੀਆਂ ਅਤੇ ਕਲਾਕਾਰਾਂ ਦਾ। ਅਜਿਹੇ ਹਾਲਾਤ ਸੈਂਕੜੇ ਹਜ਼ਾਰਾਂ ਸਾਲ ਚੱਲ ਕੇ ਸੋਲ੍ਹਵੀਂ ਸਤਾਰ੍ਹਵੀਂ ਸਦੀ ਤਕ ਪਹੁੰਚ ਜਾਂਦੇ ਹਨ, ਜਦੋਂ ਸਨਅਤੀ ਅਤੇ ਖੇਤੀ ਅੰਦਰ ਇਨਕਲਾਬ ਆਉਣ ਨਾਲ ਹਰ ਪਾਸੇ ਪੈਦਾਵਾਰ ਓੜਕ ਦੀ ਵੱਧ ਜਾਂਦੀ ਹੈ। ਘੱਟ ਬੰਦੇ ਖੇਤੀ ਉਪਜ ਪੰਜ ਛੇ ਗੁਣਾ ਵਧਾ ਦੇਂਦੇ ਹਨ। ਹੁਣ ਲੋਕਾਂ ਨੂੰ ਕੈਦੀ ਬਣਾਉਣ ਦੀ ਲੋੜ ਨਹੀਂ। ਬੰਦੀ ਕੈਦੀ 'ਆਜ਼ਾਦ' ਹੋ ਜਾਂਦੇ ਹਨ, ਸਨਅਤੀ ਸ਼ਹਿਰਾਂ ਅੰਦਰ ਕੰਮਾਂ ਦੀ ਭਾਲ ਕਰਦੇ ਹਨ। ਬੰਦੀ ਮੁਜ਼ਾਰੇ ਏਸ ਲਈ ਨਹੀਂ ਆਜ਼ਾਦ ਕੀਤੇ ਜਾਂਦੇ ਕਿ ਮਾਲਕਾਂ ਦੇ ਹਿਰਦੇ ਵਿਚ ਦਇਆ ਦੀ ਕਣੀ ਪੈਦਾ ਹੋ ਗਈ, ਬਲਕਿ ਉਨ੍ਹਾਂ ਵੇਖਿਆ ਕਿ ਬੰਦੀ ਦੀ ਥਾਂ ਨਵੇਂ ਆਜ਼ਾਦ ਮਾਨਵ-ਪਸ਼ੂ ਪਹਿਲਾਂ ਨਾਲੋਂ ਵੀ ਵਧੇਰੇ ਪੈਦਾ ਕਰਦੇ ਸਨ।

ਉਨ੍ਹੀਵੀਂ ਸਦੀ ਵਿਚਲੇ ਪੈਦਾਵਾਰ ਦੇ ਓੜਕਾਂ ਦੇ ਵਾਧੇ ਪਿੱਛੇ ਖੁੱਲ੍ਹੇ ਹੋਏ ਬੰਦੀ ਹਨ। ਉਨ੍ਹਾਂ ਨੂੰ ਦਿੱਤੀਆਂ ਖੁੱਲ੍ਹਾਂ, ਅੰਤ ਵਿਚ ਪੂਰਨ ਆਜ਼ਾਦੀ ਦੇਣ ਦੇ ਖ਼ਿਆਲ ਨਾਲ ਨਹੀਂ ਦਿੱਤੀਆਂ ਗਈਆਂ, ਸਗੋਂ ਇਸ ਲਈ ਦਿੱਤੀਆਂ ਗਈਆਂ ਕਿ ਉਹ ਮਾਲਕਾਂ ਦੇ ਲਈ ਹੋਰ ਵੀ ਵੱਧ ਪੈਦਾ ਕਰ ਸਕਣ। ਇਨਸਾਨੀ ਪਸ਼ੂ ਝੁੰਡ ਤੋਂ ਕੰਮ ਲੈਣ ਲਈ ਉਤਸ਼ਾਹ ਦਾ ਹੋਣਾ ਅਤਿ ਲਾਜ਼ਮੀ ਹੈ। ਉਤਸ਼ਾਹ ਉਜਾਗਰ ਕਰਨ ਲਈ ਪੁਜਾਰੀ ਅਤੇ ਕਲਾਕਾਰ ਰਜਾੱ-ਪੁਜਾੱ ਕੇ ਪਾਲੇ ਜਾਂਦੇ ਹਨ।

ਜਿਉਂ-ਜਿਉਂ ਪੈਦਾਵਾਰ ਵਧਦੀ ਹੈ, ਨਾਲ ਹੀ ਸਰਕਾਰੀ ਢਾਂਚਾ ਵੀ ਵਧਣ ਫੁੱਲਣ ਲੱਗ ਪੈਂਦਾ ਹੈ। ਹਾਕਮ ਜਮਾਤਾਂ ਅਤੇ ਪਿੱਛਲੱਗੂਆਂ ਨੂੰ ਸਮਝ ਨਹੀਂ ਆਉਂਦੀ ਕਿ ਅੱਗੋਂ ਕੀ ਕੀਤਾ ਜਾਵੇ। ਟੈਕਸਾਂ ਅਤੇ ਕਾਨੂੰਨਾਂ ਦੀ ਭਰਮਾਰ ਹੋ ਜਾਂਦੀ ਹੈ ਅਤੇ ਜੀਵਨ ਸਤਰ ਹੇਠਾਂ ਆਉਣ ਲੱਗਦਾ ਹੈ। ਲੋਕਾਂ ਅੰਦਰ ਭਾਵਨਾ ਜਾਗਣ ਲੱਗਦੀ ਹੈ ਕਿ ਉਹ ਤਾਂ "ਆਪਣੇ" ਹੈਨ ਹੀ ਨਹੀਂ। ਉਨ੍ਹਾਂ ਨੂੰ ਤਾਂ ਕੰਟਰੋਲ ਹੀ ਕੋਈ ਹੋਰ ਕਰਦਾ ਹੈ। ਏਸ ਭਾਵਨਾ ਨੂੰ ਦਬਾਉਣ ਲਈ ਸਰਕਾਰੀ ਕੂੜ-ਪ੍ਰਚਾਰ ਤੇਜ਼ ਕੀਤਾ ਜਾਂਦਾ ਹੈ, ਡਿਪਰੈਸ਼ਨ ਦੀਆਂ ਦਵਾਈਆਂ ਕੰਮ ਆਉਂਦੀਆਂ ਹਨ, ਭਰਮ ਵਹਿਮ

ਪ੍ਰਚਾਰੇ ਜਾਂਦੇ ਹਨ, ਧਰਮ ਉੱਤੇ ਜ਼ੋਰ ਦਿੱਤਾ ਜਾਂਦਾ ਹੈ, ਜੰਗਾਂ ਸ਼ੁਰੂ ਕੀਤੀਆਂ ਜਾਂਦੀਆਂ ਹਨ। ਦੇਸ ਭਗਤੀ ਦੀ ਭਾਵਨਾ ਜਗਾਈ ਜਾਂਦੀ ਹੈ ਅਤੇ 'ਬਾਹਰੋਂ ਖ਼ਤਰੇ' ਦੀ ਘੰਟੀ ਬਾਰ-ਬਾਰ ਵਜਾਈ ਜਾਂਦੀ ਹੈ।

ਦੁਨੀਆਂ ਦੀ ਅਸਲੀਅਤ ਵੇਖਣ ਦਾ ਹੇਠ ਲਿਖਿਆ ਇਕ ਨਜ਼ਰੀਆ ਇਹ ਵੀ ਹੋ ਸਕਦਾ ਹੈ। ਜੋ ਦੇਸ ਦਿੱਸਦੇ ਹਨ, ਉਹ ਵੱਡੇ ਵੱਡੇ ਮਾਨਵ ਫ਼ਾਰਮ ਹਨ। ਜੋ ਨਿੱਕੀਆਂ ਮੋਟੀਆਂ ਆਜ਼ਾਦੀਆਂ ਹਨ, ਰਤਾ ਮਾਸਾ ਜਾਇਦਾਦ ਹੈ, ਚੱਲਣ ਫਿਰਨ ਦੀ ਖੁੱਲ੍ਹ ਹੈ, ਮਰਜ਼ੀ ਦੀਆਂ ਜਥੇਬੰਦੀਆਂ ਬਣਾਉਣ ਅਤੇ ਕਿੱਤਾ ਚੁਣਨ ਦੀ ਖੁੱਲ੍ਹ ਹੈ, ਇਸ ਲਈ ਨਹੀਂ ਕਿ ਕੋਈ ਸਰਕਾਰ, ਇਸ ਨੂੰ ਲੋਕਾਂ ਦਾ ਹੱਕ ਸਮਝ ਕੇ ਦੇਂਦੀ ਹੈ, ਬਲਕਿ ਏਸ ਲਈ ਕਿ ਇਕ ਸੰਤੁਸ਼ਟ ਮਾਨਵ-ਪਸ਼ੂ ਕੰਮ ਜ਼ਿਆਦਾ ਕਰਦਾ ਹੈ, ਪੈਦਾਵਾਰ ਵਧਾਉਂਦਾ ਹੈ। ਹਰ ਸਿਆਸੀ ਵਿਚਾਰਧਾਰਾ ਦੇ ਪਿੱਛੇ ਸਦੀਵੀ ਸੱਚਾਈ ਏਹੀ ਹੈ – ਮਾਨਵ-ਪਸ਼ੂ ਸਮੂਹ ਨੂੰ ਵਰਤਣਾ ਕਿਵੇਂ ਹੈ। ਸਰਕਾਰੀ ਸਰਮਾਏਦਾਰੀ, ਸੋਸ਼ਲਿਜ਼ਮ, ਕਮਿਊਨਿਜ਼ਮ, ਫ਼ਾਸਿਜ਼ਮ ਜਾਂ ਕੋਈ ਡੈਮੋਕ੍ਰੇਸੀ – ਮਾਨਵ-ਪਸ਼ੂ ਨੂੰ ਵਰਤਣ ਦੀ ਤਾਰ ਇੱਕੋ ਹੀ ਹੈ। ਸਿਸਟਮ ਕੋਈ ਵੀ ਹੋਵੇ, ਏਸੇ ਲਈ ਫ਼ੇਲ੍ਹ ਹੋ ਜਾਂਦਾ ਹੈ ਕਿ ਉਸ ਨੇ ਇਨਸਾਨਾਂ ਦੇ ਸਮੂਹ ਨੂੰ ਮਾਨਵ-ਪਸ਼ੂਆਂ ਦੇ ਝੁੰਡ ਵਾਂਗ ਵਰਤਣ ਦੀ ਕੋਸ਼ਿਸ਼ ਕੀਤੀ ਹੁੰਦੀ ਹੈ।

ਕੁੱਲ ਦੁਨੀਆਂ ਇਕ ਮਾਨਵ-ਫ਼ਾਰਮ ਹੈ। ਅੱਜ ਇਸ ਦਾ ਨਾਂ 'ਭੂਗੋਲਿਕ ਫ਼ਾਰਮ' ਹੋਣਾ ਚਾਹੀਦਾ ਹੈ। ਹਰ ਦੇਸ ਅੰਦਰ 'ਦੇਸੀ ਫ਼ਾਰਮ' ਹੈ, ਜਿਥੇ ਪਸ਼ੂਆਂ ਨੂੰ ਸੰਭਾਲਣ, ਦੁੱਧ ਚੋਣ ਅਤੇ ਮੀਟ ਲੈਣ ਦੀ ਵਿਧੀ ਵਿਚ ਨਿੱਤ ਨਵੀਨੀਕਰਨ ਹੁੰਦਾ ਰਹਿੰਦਾ ਹੈ। ਇਕ ਬੰਦੀ ਵੱਧ ਕੰਮ ਤਦੋਂ ਹੀ ਕਰਦਾ ਹੈ, ਜਦੋਂ ਉਹ ਸਮਝਦਾ ਹੈ ਕਿ ਉਹ ਆਜ਼ਾਦ ਹੈ। ਮਾਲਕ ਜਾਣਦੇ ਹਨ ਕਿ ਜੇ ਕੋਈ ਪਸ਼ੂ ਭੱਜਣ ਤੋਂ ਰੋਕਿਆ ਜਾਵੇ ਤਾਂ ਉਹ ਘੋਰ ਉਦਾਸ ਹੋ ਜਾਂਦਾ ਹੈ, ਕੰਮ ਵਿਚ ਮਨ ਨਹੀਂ ਲਾਉਂਦਾ ਅਤੇ ਇੰਜ ਪੈਦਾਵਾਰ ਘਟਾਉਂਦਾ ਹੈ। ਮਾਨਵ-ਖੇਤੀ ਲਈ ਆਜ਼ਾਦੀ ਦੇ ਭੁਲਾਵੇ ਦਾ ਹੋਣਾ ਜ਼ਰੂਰੀ ਹੈ। ਜੇ ਕੋਈ ਦੇਸੀ ਫ਼ਾਰਮ ਛੱਡ ਕੇ ਕਿਸੇ ਹੋਰ ਦੇਸੀ (ਫ਼ਾਰਮ) ਅੰਦਰ ਜਾਣਾ ਚਾਹੇ ਤਾਂ ਉਸ ਨੂੰ ਪੂਰਨ ਆਜ਼ਾਦੀ ਹੈ। ਏਸ ਕੰਮ ਲਈ ਬੇਅੰਤ ਕਾਗ਼ਜ਼ੀ ਕਾਰਵਾਈ ਅਤੇ ਮਾਇਆ ਦੀ ਲੋੜ ਪੈਂਦੀ ਹੈ। ਜੋ ਨਿਕਲਣਾ ਚਾਹੁੰਦੇ ਹਨ, ਨਿਕਲ ਸਕਦੇ ਹਨ, ਉਹ ਨਿਕਲ ਵੀ ਜਾਂਦੇ ਹਨ। ਜੋ ਨਿਕਲ ਨਹੀਂ ਸਕਦੇ, ਉਹ ਏਸ ਭੁਲਾਵੇ ਵਿਚ ਅਤਿ ਆਸਵੰਦ ਰਹਿੰਦੇ ਹਨ ਕਿ ਇਕ ਦਿਨ ਉਨ੍ਹਾਂ ਦੀ ਵਾਰੀ ਵੀ ਆਵੇਗੀ। ਅੱਜ ਬੇਅੰਤ ਏਸ਼ੀਆਈ ਦੇਸਾਂ ਦੇ ਅੰਦਰ ਉਪਰ ਦੱਸੇ ਮਾਨਵ-ਪਸ਼ੂ ਫ਼ਾਰਮਾਂ ਦੀ ਕਾਮਯਾਬੀ ਨਾਲ ਸੇਵਾ-ਸੰਭਾਲ ਹੋ ਰਹੀ ਹੈ। ਵੱਧ ਤੋਂ ਵੱਧ ਪੈਦਾਵਾਰ ਕਰਨ ਵਾਲੇ ਮਾਨਵ-ਪਸ਼ੂ ਹਨ, ਖ਼ਾਸ ਕਿੱਤਿਆਂ ਵਾਲੇ ਪ੍ਰੋਫ਼ੈਸ਼ਨਲ ਲੋਕ। ਉਨ੍ਹਾਂ ਦੇ ਗਲ ਵਿਚ 'ਲਾਇਸੈਂਸ' ਨਾਂ ਦਾ ਪਟਾ ਹੁੰਦਾ ਹੈ, ਜਿਸ ਅਨੁਸਾਰ ਉਹ ਆਪਣਾ ਇਕ ਵੱਖਰਾ ਫ਼ਾਰਮ ਖੜਾ ਕਰ ਸਕਦੇ ਹਨ। ਭੂਗੋਲਿਕ ਕਾਰਪੋਰੇਸ਼ਨਾਂ ਇਨ੍ਹਾਂ ਫ਼ਾਰਮਾਂ ਨੂੰ ਜੋੜ ਕੇ ਰੱਖਦੀਆਂ ਹਨ। ਇਕ ਫ਼ਾਰਮ ਨੂੰ ਦੂਜੇ ਫ਼ਾਰਮਾਂ ਨਾਲ ਜੋੜ ਕੇ ਰੱਖਦੀਆਂ ਹਨ। ਇਕ ਫ਼ਾਰਮ ਤੋਂ ਦੂਜੇ ਪ੍ਰੋਫ਼ੈਸ਼ਨਲ ਫ਼ਾਰਮ ਵਿਚ ਬਦਲੀ ਕਰਵਾ ਲੈਣਾ ਆਜ਼ਾਦੀ ਦਾ ਇਕ ਭੁਲਾਵਾ ਦੇਂਦੀ ਹੈ।

ਸਰਕਾਰੀ ਸਕੂਲ ਨਵੀਂ ਪੀੜ੍ਹੀ ਦੇ ਮਾਨਵ-ਇੱਜੜ ਦੇ ਦਿਮਾਗ਼ ਉੱਤੇ ਕਬਜ਼ਾ

ਕਰ ਲੈਂਦੇ ਹਨ। ਉਨ੍ਹਾਂ ਨੂੰ 'ਫ਼ਾਰਮ ਦੇ ਨਾਲ ਪਿਆਰ' ਪੜ੍ਹਾਇਆ ਜਾਂਦਾ ਹੈ ਅਤੇ ਸੱਚਮੁੱਚ ਦੀ ਆਜ਼ਾਦੀ ਤੋਂ ਡਰ। ਇਸ ਬਾਰੇ ਕੋਈ ਵੀ ਸਵਾਲ ਉਠਾਉਣਾ ਝਗੜੇ ਦਾ ਕਾਰਨ ਬਣਦਾ ਹੈ। ਏਸ ਫਲਸਫੇ ਨੂੰ ਕਾਇਮ ਰੱਖਣ ਲਈ ਬੁੱਧੀਜੀਵੀ ਅੱਗੇ ਕੀਤੇ ਜਾਂਦੇ ਹਨ। ਡੈਮੋਕ੍ਰੇਸੀ ਦੀ ਸ਼ਕਤੀ ਵਧਾਉਣ ਲਈ ਕੋਈ ਵੀ ਜ਼ਿਆਦਤੀ ਸਹੀ ਸਮਝਾਈ ਜਾਂਦੀ ਹੈ। ਹਰ ਸਰਕਾਰੀ ਸੇਧ, ਫਲਸਫਾ ਕੋਈ ਵੀ ਹੋਵੇ, ਅਸਲ ਵਿਚ ਮਾਨਵ-ਇੱਜੜ ਦੀ ਦੇਖ-ਰੇਖ ਦਾ ਮੁਆਮਲਾ ਹੈ। ਇਸ ਦਾ ਆਧਾਰ ਕੋਈ ਸਿਆਣਪ ਜਾਂ ਇਤਿਹਾਸਕ ਤੱਥ ਨਹੀਂ ਹੈ।

ਦੁਨੀਆਂ ਦੇ ਕੁਲ ਮਾਨਵ-ਇੱਜੜਾਂ ਉੱਤੇ ਮੁਕੰਮਲ ਅਤੇ ਸਦੀਵੀ ਕਬਜ਼ਾ ਕਰਨ ਲਈ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ, 'ਭੂਗੋਲਿਕ ਇਕ ਸਰਕਾਰ' ਦੇ ਖ਼ਿਆਲਕਾਰਾਂ ਵੱਲੋਂ। ਇਹ ਪ੍ਰੋਗਰਾਮ ਬੜੀ ਦੂਰ ਤਕ ਪਹੁੰਚ ਚੁੱਕਾ ਹੈ। ਇਸ ਦੇ ਚਾਲਕ ਹਨ ਇਕ ਦਰਜਨ ਬੈਂਕਰਾਂ ਦੇ ਘਰ ਜਿਨ੍ਹਾਂ ਦਾ ਮੋਢੀ ਹੈ ਰੋਥਚਾਈਲਡ। ਦੁਨੀਆਂ ਦੀ ਭਿਆਨਕ ਮਹਾਂ-ਸ਼ਕਤੀ ਅਤੇ ਉਸ ਦੀ ਕੁੱਲ ਦੁਨੀਆਂ ਵਿਚ ਖਿਲਰੀ ਫ਼ੌਜੀ ਤਾਕਤ, ਬੈਂਕਰਾਂ ਦੀ ਮੁੱਠੀ ਵਿਚ ਹੈ। ਅਮਰੀਕੀ ਨਾਟੋਵੀ ਅਤੇ ਹੋਰ ਮਾਨਵ-ਪਸ਼ੂ ਦੇਸ, ਬੈਂਕਰਾਂ ਦੇ ਨਹੁੰ ਦੀ ਮੈਲ ਹਨ। ਫ਼ੌਜੀ ਗਠਬੰਧਨਾਂ ਨੂੰ ਉਂਗਲਾਂ ਉੱਤੇ ਨਚਾਉਣਾ ਅਤੇ ਨਵੇਂ ਦੇਸਾਂ ਨੂੰ ਆਪਣੇ ਵੱਸ ਵਿਚ ਲਿਆਉਣਾ, ਉਨ੍ਹਾਂ ਦੀ ਖੱਬੇ ਹੱਥ ਦੀ ਖੇਡ ਹੈ।

ਐਸ ਵੇਲੇ ਦੀ ਜੰਗੀ ਮੁਹਿੰਮ ਈਰਾਨ ਦੇ ਬੂਹੇ ਉੱਤੇ ਆ ਕੇ ਖੜੀ ਕੀਤੀ ਹੋਈ ਹੈ। ਹਰ ਹੀਲੇ, ਬਹਾਨੇ ਡਾਲਰ ਤੋਂ ਮੁਨਕਰ ਇਸ ਬਾਗ਼ੀ ਦੇਸ ਨੂੰ ਤਬਾਹ ਕਰਨਾ ਹੈ ਤਾਂ ਜੁ ਅੱਗੋਂ ਕੋਈ ਮਾਨਵ-ਪਸ਼ੂ ਦੇਸ ਸਿਰ ਨਾ ਉਠਾ ਸਕੇ।

ਬ੍ਰਾਜ਼ੀਲ ਅਤੇ ਤੁਰਕੀ ਨੇ ਲੜਾਈ ਦੇ 'ਇਤਿਹਾਦੀ' ਲੜਾਈ-ਬਹਾਨੇ ਲੱਭਣ ਦੀ ਇਕ ਵਾਰ ਤਾਂ ਫੂਕ ਕੱਢ ਦਿੱਤੀ ਹੈ। ਆਪਣਾ ਯੂਰੇਨੀਅਮ ਦੇਸੋਂ ਬਾਹਰ ਭੇਜਣ ਦੇ ਫ਼ੈਸਲੇ ਨਾਲ ਈਰਾਨ ਨੇ ਆਪਣੇ ਸਾਫ਼ ਹੱਥ ਅਤੇ ਖ਼ਾਲੀ ਜੇਬਾਂ ਵਿਖਾ ਦਿੱਤੀਆਂ ਹਨ। ਭਾਰਤ ਸਰਕਾਰ ਵੀ ਈਰਾਨ ਨਾਲ 'ਟੁੱਟੀ ਗੰਢਣ' ਦੀ ਕੋਸ਼ਿਸ਼ ਵਿਚ ਹੈ। ਬੈਂਕਰਾਂ ਦੀ ਅਗਵਾਈ ਹੇਠ ਅਮਰੀਕਾ, ਇਸਰਾਈਲ ਅਤੇ ਪਿਛਲੱਗ ਦੇਸ ਛਿੱਥੇ ਹੋਏ ਖੜੇ ਹਨ। ਏਸ ਸਮੇਂ ਸੱਪ ਦੇ ਮੂੰਹ ਵਿਚ ਕੋਹੜ-ਕਿਰਲੀ ਵਾਲੀ ਹਾਲਤ ਹੈ। ਈਰਾਨ ਉੱਤੇ ਹਮਲਾ ਹੋ ਸਕੇ ਜਾਂ ਨਾ, ਈਰਾਨ ਦੀ ਤਬਾਹੀ ਕਰ ਸਕਣ ਜਾਂ ਨਾ, ਉਨ੍ਹਾਂ ਦੇ ਕੁੱਲ ਦੁਨੀਆਂ ਨੂੰ ਹੜੱਪ ਕਰ ਕੇ, ਮਾਨਵ-ਪਸ਼ੂ ਨੂੰ ਵੱਸ ਵਿਚ ਕਰਨ ਦੇ ਮਨਸੂਬੇ ਦਿਨੋ-ਦਿਨ ਨੰਗੇ ਹੁੰਦੇ ਜਾ ਰਹੇ ਹਨ।

ਪ੍ਰਮਾਣੂ, ਸੈਟੇਲਾਈਟ ਅਤੇ ਠੰਢੀ ਜੰਗ ਦੇ ਯੁੱਗਾਂ ਨੇ ਸੋਵੀਅਤ ਸੰਘ ਦੀ ਬਲੀ ਲੈ ਲਈ ਅਤੇ ਉਹ ਖੇਰੂੰ-ਖੇਰੂੰ ਹੋ ਗਿਆ। ਇਸ ਨਾਲ ਬੈਂਕਰਾਂ ਨੂੰ ਹੋਰ ਵੀ ਹੱਲਾਸ਼ੇਰੀ ਮਿਲ ਗਈ। ਉਨ੍ਹਾਂ ਨੇ ਆਪਣੇ ਵੱਸ ਹੇਠ ਅਮਰੀਕਾ ਨੂੰ ਅੱਗੇ ਲਾਇਆ ਅਤੇ 'ਪਲੈਨ ਫ਼ਾਰ ਨਿਊ ਅਮੇਰਿਕਨ ਸੈਂਚਰੀ' ਭਾਵ 'ਨਵੀਂ ਸਦੀ ਲਈ ਅਮਰੀਕੀ ਮਨਸੂਬਾ' ਤਿਆਰ ਕੀਤਾ। ਇਸ ਅਨੁਸਾਰ ਸੰਨ 2020 ਤੋਂ ਪਹਿਲਾਂ ਪਹਿਲਾਂ ਕੁੱਲ ਦੁਨੀਆਂ ਨੂੰ ਹਰ ਫ਼ੌਜੀ ਅਤੇ ਗ਼ੈਰ-ਫ਼ੌਜੀ ਢੰਗ ਨਾਲ ਆਪਣੇ ਕਬਜ਼ੇ/ਮੁੱਠ ਹੇਠ ਲਿਆਉਣਾ ਹੈ। ਦੁਨੀਆਂ ਦੀ ਇੱਕੋ-ਇਕ ਮਹਾਂਸ਼ਕਤੀ ਦੁਨੀਆਂ ਅੰਦਰ ਅਮਨ ਕਾਇਮ ਕਰਨ ਦੀ ਥਾਂ, ਜੰਗਾਂ ਦੀ ਲਗਾਤਾਰ ਲੜੀ ਲਈ ਤਿਆਰ ਹੋ ਗਈ ਹੈ।

9/11 ਪ੍ਰਤੀ ਚੇਤੰਨਤਾ ਦੀ ਲਹਿਰ

ਭਾਰਤ ਦੀ ਦੇਸ ਵੰਡ ਤੋਂ ਪਹਿਲਾਂ ਇਕ ਕਹਾਵਤ ਸੀ: "ਜੀਹਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਹੀ ਨਹੀਂ।" ਆਰਕੀਟੈਕਟ ਰਾਮ ਸਿੰਘ ਦੀਆਂ ਬਣੀਆਂ, ਬੇਅੰਤ ਨਵੀਆਂ ਇਮਾਰਤਾਂ ਅਤੇ ਪ੍ਰਾਚੀਨ ਅਤੇ ਮੁਗਲਾਂ ਦੇ ਸਮੇਂ ਦੇ ਮਹੱਲ ਅਤੇ ਕਿਲ੍ਹੇ ਸੱਚਮੁੱਚ ਵੇਖਣ ਵਾਲੇ ਹਨ।

ਅੱਜ ਦੀ ਦੁਨੀਆਂ ਅੰਦਰ ਹੁੰਦੇ ਕੁੱਲ ਅੰਤਰਰਾਸ਼ਟਰੀ ਝਗੜਿਆਂ ਅਤੇ ਜੰਗਾਂ ਦੇ ਪਿੱਛੇ ਹੈ 9/11, ਭਾਵ ਸੰਨ 2001 ਵਿਚ ਨਿਊਯਾਰਕ ਅੰਦਰਲੇ ਜੋੜੇ ਟਾਵਰਾਂ ਦੀ ਘਟਨਾ। ਅਮਰੀਕਨ ਸਰਕਾਰੀ ਪੱਖ ਇਹ ਕਹਿੰਦੇ ਕਿ ਓਸਾਮਾ ਬਿਨ ਲਾਦੇਨ ਦੀ ਸੰਸਥਾ 'ਅਲ ਕਾਇਦਾ' ਨੇ ਇਹ ਕਾਰਾ ਕਰਵਾਇਆ, ਜਿਸ ਅੰਦਰ ਇੱਕੋ ਹੀ ਸਮੇਂ ਚਾਰ ਸ਼ਹਿਰੀ ਹਵਾਈ ਜਹਾਜ਼ ਅਗਵਾ ਕੀਤੇ ਗਏ, ਜਿਨ੍ਹਾਂ ਵਿੱਚੋਂ ਦੋਹਾਂ ਨੂੰ ਜੋੜੇ ਟਾਵਰਾਂ ਨਾਲ ਠਾਹ ਮਾਰਿਆ ਗਿਆ ਅਤੇ ਉਹ ਢਹਿ ਢੇਰੀ ਹੋ ਗਏ। ਕੁੱਲ ਮੁੱਖ ਧਾਰਾ ਦੇ ਪਰਚੇ ਅਤੇ ਦੁਨੀਆਂ ਭਰ ਦੇ ਟੀ.ਵੀ. ਚੈਨਲ ਅਮਰੀਕੀ ਸਰਕਾਰ ਨਾਲ ਸ਼ੁਰੂ ਤੋਂ ਇਕ-ਰਾਇ ਰਹੇ ਹਨ। ਹੁਣੇ ਜਿਹੇ ਕਈ ਚੈਨਲਾਂ ਅਤੇ ਦੇਸਾਂ ਅੰਦਰ ਇਕ ਦੂਜੀ ਆਵਾਜ਼ ਉੱਠ ਰਹੀ ਹੈ ਕਿ ਟਾਵਰਾਂ ਨੂੰ ਕਿਸੇ ਬਾਹਰਲੇ ਨੇ ਨਹੀਂ ਢਾਹਿਆ, ਬਲਕਿ ਇਹ ਕਾਰਾ ਅੰਦਰਲਿਆਂ ਦਾ ਕੰਮ ਹੈ, ਜਿਸ ਵਿਚ ਅਮਰੀਕੀ ਸਰਕਾਰ ਕਿਸੇ ਹੱਦ/ਕਾਫ਼ੀ ਹੱਦ/ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਸਰਕਾਰੀ ਸੂਤਰ/ਪ੍ਰਧਾਨ/ਨੁਮਾਇੰਦੇ ਤਾਂ ਕੋਈ ਮੌਕਾ ਖ਼ਾਲੀ ਨਹੀਂ ਜਾਣ ਦਿੰਦੇ, ਜਦੋਂ ਉਹ ਆਪਣੀ ਸਪੀਚ ਨੂੰ ਸ਼ੁਰੂ ਕਰਦਿਆਂ ਹੀ 9/11 ਨੂੰ ਨਾ ਧਿਆ ਲੈਣ। ਅੱਜ ਕੁੱਲ ਦੁਨੀਆਂ ਦੇ ਅੰਦਰ ਇਕ ਲਹਿਰ ਉੱਠ ਪਈ ਹੈ, ਇਹ ਜਾਣਨ ਦੀ ਕਿ 9/11 ਦੀ ਅਸਲੀਅਤ ਕੀ ਹੈ? ਆਰਕੀਟੈਕਟਾਂ, ਇੰਜੀਨੀਅਰਾਂ, ਪਾਇਲਟਾਂ ਅਤੇ ਹੋਰ ਬੇਅੰਤ ਫ਼ੌਜੀ ਅਤੇ ਗ਼ੈਰ-ਫ਼ੌਜੀ ਵਿਸ਼ੇਸ਼ਗਾਂ ਨੇ ਤਸੱਲੀ ਨਾਲ ਸਾਬਤ ਕਰ ਦਿੱਤਾ ਹੈ ਕਿ ਇਮਾਰਤਾਂ ਦੇ ਅੰਦਰ ਪਹਿਲਾਂ ਤੋਂ ਫਿੱਟ ਕੀਤੇ ਖ਼ਾਸ ਫਟਣ ਪਦਾਰਥਾਂ ਨਾਲ ਪੂਰੇ ਨਿਯੰਤਰਣ ਹੇਠ ਦੋਵੇਂ ਟਾਵਰ ਉਡਾਏ/ਡੇਗੇ ਗਏ। ਸੱਚਾਈ ਦੇ ਸਾਹਮਣੇ ਸਰਕਾਰੀ ਪੱਖ ਨੂੰ ਜਵਾਬ ਦੇਣ ਦੀ ਹਿੰਮਤ ਨਹੀਂ। ਉਨ੍ਹਾਂ ਦਾ ਇੱਕੋ ਹੀ ਵੱਡਾ ਹਥਿਆਰ ਹੈ – ਮੁੱਖ ਧਾਰਾ ਦੇ ਕਾਬੂ ਹੇਠ ਅਖ਼ਬਾਰਾਂ ਅਤੇ ਟੀ.ਵੀ. ਰਾਹੀਂ ਬਾਰ-ਬਾਰ ਕੂੜ ਪ੍ਰਚਾਰ ਕਿ ਇਮਾਰਤਾਂ ਅੱਤਵਾਦੀਆਂ/ਅਲ ਕਾਇਦਾ ਨੇ ਡੇਗੀਆਂ। ਸਰਕਾਰੀ/ਸਾਮਰਾਜੀ 9/11 ਦਾ ਤਕੀਆ ਕਲਾਮ ਹੁਣ ਤੇਜ਼ੀ ਨਾਲ ਵੱਧ ਰਹੇ ਜਨਸਮੂਹ ਨੂੰ ਫ਼ਰੇਬ ਜਾਪਣ ਲੱਗ ਪਿਐ। ਉਹ ਸਮਾਂ ਦੂਰ ਨਹੀਂ, ਜਦੋਂ ਇਹ ਕਹਾਵਤ ਚੱਲੇਗੀ, "ਜਿਸ ਨੂੰ 9/11 ਦੀ ਸੱਚਾਈ ਦੀ ਸਮਝ ਨਹੀਂ ਆਈ, ਉਸ

ਦੇ ਹੋਏ ਜੰਮੇ ਦਾ ਕੋਈ ਫ਼ਾਇਦਾ ਨਹੀਂ। ਉਹ ਸਮਝੋ ਅਨਜਾਣ ਹੀ ਏਸ ਧਰਤੀ ਉੱਤੇ ਆਇਆ ਅਤੇ ਅਨਜਾਣ ਹੀ ਚਲਾ ਗਿਆ।"

9/11 ਦੀ ਝੂਠੀ ਸਰਕਾਰੀ ਕਹਾਣੀ ਪਬਲਿਕ ਦੀ ਚੇਤਨਾ ਅੰਦਰ ਕਿਵੇਂ ਗੱਡ ਦਿੱਤੀ ਗਈ ?

ਕਹਾਣੀ ਓਦੋਂ ਨਹੀਂ ਸ਼ੁਰੂ ਹੋਈ ਜਦੋਂ ਦੂਰੋਂ ਕੰਟਰੋਲ ਡ੍ਰੋਨ ਜਹਾਜ਼ਾਂ ਨੂੰ ਟਾਵਰਾਂ ਦੇ ਨਾਲ ਟਕਰਾਇਆ ਗਿਆ। ਕਹਾਣੀ ਓਸ ਤੋਂ ਵੀ ਪੰਝੀ ਸਾਲ ਪਹਿਲਾਂ ਸ਼ੁਰੂ ਹੋਈ, ਜਦੋਂ ਅਮਰੀਕੀ ਸਰਕਾਰ/ਸੀ.ਆਈ.ਏ. ਨੇ ਏਸ ਛੜਯੰਤਰ ਦੀ ਤਿਆਰੀ ਆਰੰਭ ਕੀਤੀ। ਸਪੀਚਾਂ, ਖ਼ਬਰਾਂ, ਇੰਟਰਵਿਊਆਂ ਦੇ ਫ਼ਿਕਰੇ, ਪਹਿਰੇ ਅਤੇ ਸਪੀਚਾਂ ਸਾਲਾਂ ਪਹਿਲਾਂ ਤਿਆਰ ਕੀਤੀਆਂ ਗਈਆਂ ਸਨ। ਮੁਸਲਿਮ ਅੱਤਵਾਦੀਆਂ ਉੱਤੋਂ ਦੋਸ਼ ਪਹਿਲਾਂ ਤੋਂ ਮਿਥਿਆ ਹੋਇਆ ਸੀ।

ਕਈ ਦਹਾਕਿਆਂ ਤੋਂ ਮੁਸਲਿਮ ਸਮਾਜ ਅਤੇ ਲੋਕਾਂ ਨੂੰ, ਸਾਹਿਤ, ਅਖ਼ਬਾਰਾਂ, ਮੈਗਜ਼ੀਨਾਂ ਅਤੇ ਫ਼ਿਲਮਾਂ ਰਾਹੀਂ, ਖ਼ੂੰਖ਼ਾਰ ਕਾਤਲਾਂ ਅਤੇ ਅੱਤਵਾਦੀਆਂ ਦੇ ਰੂਪ ਵਿਚ ਉਭਾਰਿਆ ਜਾ ਰਿਹਾ ਸੀ। ਇਹ ਇਕ ਸੋਚੀ ਸਮਝੀ ਚਾਲ ਸੀ, ਜਿਸ ਦੇ ਨਾਲ ਆਮ ਲੋਕਾਂ ਦੇ ਮਨਾਂ ਉੱਤੇ 'ਅਰਬਾਂ'/'ਮੁਸਲਮਾਨਾਂ' ਪ੍ਰਤਿ ਭੈਅ ਅਤੇ ਦੁਸ਼ਮਣੀ ਭਾਵਨਾ ਦੀ ਪਾਨ ਚਾੜ੍ਹੀ ਜਾ ਚੁੱਕੀ ਸੀ। 9/11 ਦੇ ਡਰਾਉਣੇ ਝਟਕੇ ਅਤੇ ਉਸ ਪਿੱਛੋਂ ਝੂਠੇ ਪ੍ਰਾਪੇਗੰਡੇ ਦੇ ਤੂਫ਼ਾਨ ਨੇ ਕੁੱਲ 'ਮੁਸਲਮਾਨਾਂ' ਨੂੰ ਪੱਛਮੀ ਨਫ਼ਰਤ ਦੀ ਅੱਗ ਵਿਚ ਝੋਕ ਦਿੱਤਾ। ਉਨ੍ਹਾਂ ਦੇ ਖ਼ਿਲਾਫ਼ ਕੋਈ ਕੁਝ ਵੀ ਕਹਿ ਦੇਵੇ, ਝੱਟ ਸੱਚ ਮੰਨਿਆ ਜਾਂਦਾ ਸੀ। ਹਰ ਦਾੜ੍ਹੀ ਪਗੜੀ ਵਾਲੇ ਨੂੰ ਸਾਧਾਰਨ ਲੋਕ 'ਓਸਾਮਾ ਬਿਨ ਲਾਦੇਨ'/ਟੈਰਰਿਸਟ/ਅੱਤਵਾਦੀ ਕਹਿਣ ਲੱਗ ਪਏ। ਏਸ 9/11 ਦੇ ਝਟਕੇ ਲਈ ਉਨ੍ਹਾਂ ਦੇ ਦਿਮਾਗ਼ 30-40 ਸਾਲਾਂ ਤੋਂ ਤਿਆਰ ਕੀਤੇ ਜਾ ਰਹੇ ਸਨ।

9/11 ਅਮਰੀਕਨ ਅਤੇ ਇਸਰਾਈਲੀ ਸਰਕਾਰਾਂ ਅੰਦਰਲੀਆਂ ਬਦਮਾਸ਼ ਸ਼ਕਤੀਆਂ ਨੇ ਕਰਵਾਇਆ। ਆਓ ਵੇਖੀਏ, ਉਨ੍ਹਾਂ ਨੇ ਕੁੱਲ ਲੋਕਾਈ ਦੇ ਮਨਾਂ ਵਿਚ ਕਿਵੇਂ ਕਿਹੜੀ ਕਹਾਣੀ ਛਾਪ ਦਿੱਤੀ।

ਅਮਰੀਕਾ ਫ਼ੌਜੀ ਤੌਰ ਉੱਤੇ ਏਨਾ ਸ਼ਕਤੀਵਰ ਹੈ ਕਿ ਜੇ ਉਸ ਨੇ ਹੋਰਨਾਂ ਦੇਸਾਂ ਉੱਤੇ ਕਬਜ਼ੇ ਕਰਨੇ ਹੀ ਹਨ ਤਾਂ ਉਹ ਹਰ ਨਵੀਂ ਜੰਗ ਲਈ ਬਹਾਨੇ/ਕਹਾਣੀਆਂ ਕਿਉਂ ਘੜਦਾ ਹੈ ? ਜੋ ਕਰਨਾ ਹੈ ਕਰ ਲਵੇ, ਉਸ ਨੂੰ ਕੌਣ ਪੁੱਛ ਸਕਦਾ ਹੈ ? ਕਾਰਨ ਇਹ ਕਿ ਫ਼ੌਜੀ ਸ਼ਕਤੀ ਦੇ ਉੱਤੇ ਵੀ ਇਕ ਮਹਾਨ ਸ਼ਕਤੀ ਹੈ – ਲੋਕ ਸਮੂਹ ਦੇ ਮਨਾਂ ਅੰਦਰ ਇਨਸਾਫ਼ ਦੀ ਕਣੀ, ਇਕ ਤਰ੍ਹਾਂ ਲੋਕਾਂ ਅੰਦਰ ਰੱਬ ਦਾ ਵਾਸਾ। ਅਮਰੀਕੀ ਸਾਮਰਾਜ ਸਭ ਤੋਂ ਪਹਿਲਾਂ ਹਰ ਮੱਕਾਰੀ ਨਾਲ ਏਸ ਸ਼ਕਤੀ ਨੂੰ ਦੱਬਣ ਲਈ ਉਪਰਾਲਾ ਕਰਦਾ ਹੈ।

ਅੱਜ ਦੀ ਦੁਨੀਆਂ ਅੰਦਰ ਸਮੇਤ ਅਮਰੀਕਾ, ਕੁੱਲ ਦੇਸੀ ਸੈਨਾਵਾਂ/ਫ਼ੌਜਾਂ ਬੇਅਰਥ ਅਤੇ ਫ਼ਜ਼ੂਲ ਹਨ। ਕੁੱਲ ਦੇਸ ਕਿਸੇ ਗੁਆਂਢੀ ਦੇਸ ਜਾਂ ਦੂਸਰੀ ਸ਼ਕਤੀ ਦੇ ਭੈਅ ਦਾ ਨਾਂ ਲੈ ਕੇ ਆਪਣੀ ਜ਼ਮੀਨੀ, ਸਮੁੰਦਰੀ ਅਤੇ ਹਵਾਈ ਫ਼ੌਜ ਲਈ ਨਿੱਤ ਨਵੇਂ ਅਤਿ ਮਹਿੰਗੇ ਹਥਿਆਰ ਖ਼ਰੀਦਦੇ ਹਨ। ਸਭਨਾਂ ਦੇਸਾਂ ਤੋਂ ਉਪਰ ਹੈ ਅਮਰੀਕਾ। ਜੇ ਹਥਿਆਰਾਂ ਅਤੇ ਫ਼ੌਜੀਆਂ ਨੂੰ ਲਗਾਤਾਰ ਵਰਤਿਆ ਨਾ ਜਾਵੇ ਤਾਂ ਜਵਾਬਦੇਹੀ

ਕਿਵੇਂ ਕੀਤੀ ਜਾਵੇ ? ਏਸ ਲਈ ਨਿੱਤ ਨਵਾਂ ਦੁਸ਼ਮਣ ਘੜ ਕੇ ਉਸ ਦੇ ਨਾਲ ਟੱਕਰ ਲਈ ਜਾਂਦੀ ਹੈ।

ਮਸ਼ਹੂਰ ਲੇਖਕ 'ਸੈਮਿਊਲ ਹੰਟਿੰਗਟਨ' ਨੂੰ ਏਸੇ ਕੰਮ ਲਈ ਵਰਤਿਆ ਗਿਆ 1996 ਵਿਚ ਇਕ ਕਿਤਾਬ *Clash of Civilizations* ਲਿਖਣ ਲਈ। ਇਹ ਕਿਤਾਬ ਅਮਰੀਕਾ ਅੰਦਰ ਘਰੋ-ਘਰੀ ਪਹੁੰਚ ਗਈ। ਇਸ ਦੇ ਨਾਲ ਲੋਕਾਂ ਅੰਦਰ ਇਹ ਖ਼ਿਆਲ ਬੀਜ ਦਿੱਤਾ ਗਿਆ ਕਿ ਮੱਧ ਏਸ਼ੀਆਈ ਦੇਸ ਅਤੇ ਅੰਤਰਰਾਸ਼ਟਰੀ ਆਤੰਕਵਾਦ, ਆਉਂਦੇ ਸਮੇਂ ਦੇ ਨਵੇਂ ਦੁਸ਼ਮਣ ਹਨ। ਅਜਿਹੀ ਧਾਰਨਾ ਅਮਰੀਕੀ ਫ਼ੌਜੀ ਸ਼ਕਤੀ ਵਧਾਉਣ ਅਤੇ ਹਰ ਪਾਸੇ ਖਿੱਲਰ ਜਾਣ ਲਈ ਇਕ ਵੱਡੀ ਦਲੀਲ ਸੀ। ਪਿਛਲੀ ਸਦੀ ਦੇ ਆਖ਼ਰੀ ਦਹਾਕੇ ਵਿਚ ਇੰਜ ਲੱਗਦਾ ਸੀ ਕਿ ਅਮਰੀਕੀ ਸਾਮਰਾਜੀ ਸ਼ਕਤੀ ਦਿਸ਼ਾਹੀਣ ਅਤੇ ਬੌਂਦਲੀ ਹੋਈ ਹੈ। ਪੁਰਾਣਾ ਦੁਸ਼ਮਣ 'ਸੋਵੀਅਤ ਸੰਘ' ਟੁੱਟ ਚੁੱਕਾ ਸੀ। ਹੁਣ ਫ਼ੌਜਾਂ ਦੀ ਕੀ ਲੋੜ ਰਹਿ ਗਈ ਸੀ ? ਸਭ ਦੀਆਂ ਨਜ਼ਰਾਂ ਤੋਂ ਓਹਲੇ ਲੋਕਾਂ ਦੇ ਮਨਾਂ ਅੰਦਰ ਜ਼ਹਿਰ ਭਰਿਆ ਜਾ ਰਿਹਾ ਸੀ ਅਤੇ 9/11 ਦੀ ਤਿਆਰੀ ਜਾਰੀ ਸੀ, ਨਾਲ ਹੀ ਅਗਲੀਆਂ ਜੰਗਾਂ ਦੀ। ਲੋਕਾਂ ਨੂੰ ਇਹ ਥੋੜ੍ਹਾ ਦੱਸਣਾ ਸੀ ਕਿ ਨਾ ਸਾਡਾ ਕੋਈ ਸਾਨੀ ਹੈ ਅਤੇ ਨਾ ਕੋਈ ਵੈਰੀ ? ਉਨ੍ਹਾਂ 9/11 ਨੂੰ ਇਸਰਾਈਲ ਦੀ ਸਹਾਇਤਾ ਨਾਲ ਆਪਣੇ ਆਪ ਨੂੰ ਜ਼ਖ਼ਮੀ ਕੀਤਾ ਅਤੇ ਰੌਲਾ ਪਾ ਦਿੱਤਾ, "ਅਸੀਂ ਮਾਰੇ ਗਏ ਜਹਾਦੀਆਂ ਹੱਥੋਂ। ਚਲੋ ਹੁਣ ਉਨ੍ਹਾਂ ਨੂੰ ਮਾਰਨ ਚੱਲੀਏ।" ਦੇਸ ਭਗਤੀ ਦਾ ਹੜ੍ਹ ਆ ਗਿਆ, ਕੰਮਾਂ-ਕਾਰਾਂ ਉੱਤੇ ਲੱਗੇ ਜਵਾਨ ਲੋਕ ਫ਼ੌਜਾਂ ਵਿਚ ਭਰਤੀ ਹੋਣ ਲੱਗ ਪਏ।

ਹਰ ਸਭਿਅਤਾ ਅੰਦਰ ਕੁਝ ਲੋਕ/ਗੁੱਟ ਪਿਛਾਂਹ ਖਿੱਚੂ ਹੁੰਦੇ ਹਨ, ਏਸੇ ਤਰ੍ਹਾਂ ਮੁਸਲਿਮ ਦੇਸਾਂ ਦੇ ਅੰਦਰ ਵੀ ਹੈ। ਪਰ ਪੱਛਮੀ ਸਭਿਅਤਾ ਉਨ੍ਹਾਂ ਤੋਂ ਕਿਤੇ ਵੱਧ ਪਿਛਾਖੜੀ ਅਤੇ ਜ਼ਾਲਮ ਹੈ, ਕਿਉਂਕਿ ਉਨ੍ਹਾਂ ਉਪਰ ਬਦ ਬੈਂਕਰਾਂ ਦਾ ਰਾਜ ਹੈ, ਜਿਹੜੇ ਆਪਣੀ ਕਮਾਈ ਨਾਤੇ ਕਬਜ਼ਾ ਵਧਾਉਣ ਲਈ ਨਵੀਂ ਤੋਂ ਨਵੀਂ ਜੰਗ ਲਈ ਉਕਸਾਉਂਦੇ ਹਨ।

ਦੋ, ਚਾਰ, ਦਸ ਨਹੀਂ, ਸੈਂਕੜੇ ਹਜ਼ਾਰਾਂ ਜਾਣੇ-ਪਛਾਣੇ ਪੱਤਰਕਾਰ, ਐਡੀਟਰ ਆਦਿ ਝੂਠ ਦੇ ਪੁਲੰਦੇ ਭਰਨ ਲਈ ਪਹਿਲਾਂ ਤੋਂ ਲਾਮਬੰਦ ਕਰ ਕੇ ਰੱਖੇ ਹੋਏ ਸਨ, ਜਿਨ੍ਹਾਂ ਨੇ ਕੁੱਲ ਮੀਡੀਆ ਵਿਚ 'ਮਾਰ ਦੀਆ ਮਾਰ ਦੀਆ' ਦੀ ਹਾਹਾਕਾਰ ਮਚਾ ਦਿੱਤੀ। ਜ਼ਰੂਰੀ ਹੈ ਕਿ ਕੁੱਲ ਲੋਕਾਂ ਨੂੰ ਝੂਠ ਦਾ ਏਨਾ ਲਗਾਤਾਰ ਇਸ਼ਨਾਨ ਕਰਵਾਇਆ ਜਾਵੇ, ਜੋ ਕੋਈ ਵੀ ਸੱਚ ਦਾ ਤੌਲੀਆ ਲੈ ਕੇ ਸੁਕਾਉਣਾ ਚਾਹੇ ਤਾਂ ਉਹ ਦੁਸ਼ਮਣ ਧੜੇ ਵੱਲੋਂ ਥਾਪਿਆ ਜਾਪੇ।

ਸ਼ਾਇਦ ਹੀ ਕਿਸੇ ਪੱਤਰਕਾਰ ਦਾ ਸੱਚਾਈ ਵੱਲ ਉਂਗਲ ਕਰਦਾ ਲੇਖ ਛਪਿਆ ਹੋਵੇ, ਜਿਸ ਵਿਚ ਅਮਰੀਕਾ ਅੰਦਰ ਪੈਦਾ ਕੀਤੇ ਵਾਹਿਯਾਤ ਡਰ ਦੇ ਮਾਹੌਲ ਦੀ ਵਿਰੋਧਤਾ ਕੀਤੀ ਗਈ ਹੋਵੇ। ਕੁੱਲ ਦੇਸਾਂ ਅੰਦਰ ਲਗਾਤਾਰ ਕੀਤੀ ਜੰਗ ਦੇ ਮੁਹਾਜ਼ ਉੱਤੋਂ ਆਉਂਦੀਆਂ ਖ਼ਬਰਾਂ ਸੈਂਸਰ ਦੀ ਛਾਨਣੀ ਵਿੱਚੋਂ ਪੁਣ ਚੁਣ ਕੇ ਆਉਂਦੀਆਂ ਹਨ। ਦੇਸਾਂ ਦੇ ਦੇਸ ਤਬਾਹ ਕੀਤੇ ਜਾ ਰਹੇ ਹਨ। ਕੋਈ ਵਿਸ਼ਲੇਸ਼ਣ ਨਹੀਂ ਹੁੰਦਾ,

ਵਿਵਾਦ ਇਕ ਦੇਸ ਵੱਲੋਂ ਦੂਜੇ ਦੇਸ ਵੱਲ ਪਾ ਦਿੱਤਾ ਜਾਂਦਾ ਹੈ, ਲੋਕਾਈ ਭੰਬਲ ਭੂਸਿਆਂ ਵਿਚ ਪਈ ਰਹਿੰਦੀ ਹੈ।

ਕਾਰਪੋਰੇਟ ਪ੍ਰੈਸ ਦੇ ਪੱਤਰਕਾਰੀ ਦੇ ਕਿਰਦਾਰ ਵੇਸਵਾਗਿਰੀ ਤੋਂ ਘੱਟ ਨਹੀਂ। ਉਹ ਦੇਸ ਦੀ, ਵਿਸ਼ਵ ਦੀ ਪਬਲਿਕ ਨੂੰ ਕੂੜੇ ਤੋਂ ਵੱਧ ਨਹੀਂ ਸਮਝਦੇ। ਜੌਹਨ ਸਵਿੰਟਨ, ਢੇਰ ਚਿਰ ਪਹਿਲਾਂ *ਨਿਊਯਾਰਕ ਟਾਈਮਜ਼* ਦਾ ਚੀਫ਼ ਐਡੀਟਰ ਹੁੰਦਾ ਸੀ, 1860 ਅਤੇ 1870 ਵਿਚਕਾਰ। ਉਸ ਨੇ ਇਕ ਥਾਂ ਇੰਜ ਲਿਖਿਆ ਸੀ :

"ਪੱਤਰਕਾਰਾਂ ਦਾ ਤਾਂ ਕਿੱਤਾ ਹੈ ਸੱਚਾਈ ਨੂੰ ਤਬਾਹ ਕਰਨਾ, ਕੋਰਾ ਝੂਠ ਬੋਲਣਾ, 'ਮਾਇਆ ਦੇਵੀ' ਲਈ/ਰੋਜ਼ੀ ਰੋਟੀ ਲਈ ਆਪਣੇ ਲੋਕਾਂ ਅਤੇ ਦੇਸ ਨੂੰ ਵੇਚ ਖਾਣਾ। ਤੁਸੀਂ ਜਾਣਦੇ ਹੋ, ਮੈਂ ਵੀ ਇਹ ਸੱਚ ਜਾਣਦਾਂ, ਫਿਰ ਇਹ 'ਆਜ਼ਾਦ ਪ੍ਰੈਸ' ਦੀਆਂ ਟਾਹਰਾਂ ਕਿਉਂ ਮਾਰ ਰਹੇ ਹੋ ? ਅਸੀਂ ਪਰਦੇ ਪਿੱਛੇ ਲੁਕੇ ਅਮੀਰ ਆਦਮੀ ਦੇ ਸੇਵਕ ਕਠਪੁਤਲੀਆਂ ਹਾਂ। ਉਹ ਤਣਾਵਾਂ ਖਿੱਚਦੇ ਹਨ ਅਤੇ ਅਸੀਂ ਨੱਚਦੇ ਹਾਂ। ਸਾਡੀਆਂ ਸੌ ਸਿਆਣਪਾਂ ਅਤੇ ਸੰਭਾਵਨਾਵਾਂ ਉਨ੍ਹਾਂ ਦੀ ਜਾਇਦਾਦ ਹਨ। ਸੱਚੀ ਗੱਲ ਇਹ ਹੈ ਕਿ ਅਸੀਂ ਬੁੱਧੀਜੀਵੀ ਵੇਸਵਾਵਾਂ ਹਾਂ।"

ਇਹ ਓਦੋਂ ਲਿਖਿਆ ਗਿਆ ਸੀ, ਜਦੋਂ ਹਾਲਾਂ ਪ੍ਰਾਈਵੇਟ ਬੈਂਕਰਾਂ ਨੇ ਅਮਰੀਕਾ ਨੂੰ ਆਪਣੇ ਵੱਸ ਵਿਚ ਨਹੀਂ ਲਿਆਂਦਾ ਸੀ। ਜੇ ਓਦੋਂ ਪੱਤਰਕਾਰ ਪੇਸ਼ਾ ਕੰਜਰੀਹਾਰ ਸੀ ਤਾਂ ਅੱਜ-ਕੱਲ੍ਹ ਤਾਂ ਉਹ ਸਭ ਹੱਦ ਬੰਨੇ ਤੋੜ ਗਿਆ ਹੈ। ਇਨਸਾਨੀ ਆਜ਼ਾਦੀ ਅਤੇ ਵਿਸ਼ਵ ਸ਼ਾਂਤੀ ਦੇ ਸਭ ਤੋਂ ਵੱਡੇ ਦੁਸ਼ਮਣ ਹਨ, ਅਮਰੀਕਾ, ਕੈਨੇਡਾ ਅਤੇ ਪੱਛਮੀ ਦੇਸਾਂ ਦੇ ਸਰਕਾਰੀ ਅਤੇ ਕਾਰਪੋਰੇਟੀ ਪ੍ਰੈਸ। ਇਹ ਕੋਈ ਅੱਤਕਥਨੀ ਨਹੀਂ, ਕੋਰੀ ਹਕੀਕਤ ਹੈ।

9/11 ਜੇਹਾ ਇਕ ਵੱਡਾ ਝੂਠਾ ਕਾਰਾ ਕਰਕੇ ਕਿਸੇ ਹੋਰ ਦੇ ਨਾਂ ਮੜ੍ਹ ਦੇਵੇ। ਇਸ ਨੂੰ ਪਬਲਿਕ ਦੀ ਨਿੱਤ ਨੇਮਣੀ/ਨਿੱਤ ਕਰਨੀ ਦਾ ਇਕ ਵੱਡਾ ਚਿੰਨ੍ਹ ਬਣਾ ਕੇ ਰੋਜ਼ ਅਮਰੀਕਨ ਝੰਡਾ ਝੁਲਾਓ ਅਤੇ ਇਤਿਹਾਸ ਨੂੰ ਜਿਧਰ ਚਾਹੇ, ਘੜੀਸ ਕੇ ਲੈ ਜਾਵੇ।

ਅੱਜ, ਲੋਕਾਂ ਅਤੇ ਦੇਸਾਂ ਅੰਦਰ ਚੇਤਨਤਾ ਵਧਦੀ ਜਾ ਰਹੀ ਹੈ ਕਿ ਬੇਅੰਤ ਇਤਿਹਾਸਕ ਘਟਨਾਵਾਂ ਅਤੇ ਹਸਤੀਆਂ, ਘੜ ਕੇ ਪੇਸ਼ ਕੀਤੀਆਂ ਜਾਂਦੀਆਂ ਹਨ। ਐਨ ਏਹੀ ਕੁਝ ਹੋਇਆ 9/11 ਦੇ ਸੰਬੰਧ ਵਿਚ। ਅੰਤਰਰਾਸ਼ਟਰੀ ਆਤੰਕਵਾਦ ਅਤੇ ਆਤੰਕਵਾਦ ਵਿਰੋਧੀ ਜੰਗ ਦਾ ਅਸਲ ਵਿਚ ਆਧਾਰ ਹੀ ਕੋਈ ਨਹੀਂ। ਡਿਕਟੇਟਰੀ ਧੱਕੇ ਦੇ ਨਾਲ ਆਜ਼ਾਦ ਦੇਸਾਂ ਉੱਤੇ ਹੱਲੇ ਬੋਲੇ ਜਾ ਰਹੇ ਹਨ – ਅਫ਼ਗਾਨਿਸਤਾਨ, ਇਰਾਕ, ਪਾਕਿਸਤਾਨ, ਲਿਬੀਆ ਅਤੇ ਯਮਨ। ਕਈ ਹੋਰ ਦੇਸਾਂ ਅੰਦਰ ਵੜਨ ਦੀਆਂ ਤਿਆਰੀਆਂ ਹਨ।

ਪਬਲਿਕ ਨੂੰ ਇਹ ਤਾਂ ਦੱਸਿਆ ਨਹੀਂ ਜਾਂਦਾ ਕਿ 9/11 ਇਮਾਰਤਾਂ ਡਿੱਗਣ ਦੀ ਕਹਾਣੀ ਕੀ ਹੈ ? ਏਡੇ ਮਹਾਨ ਟਾਵਰ ਘੱਟਾ ਬਣ ਕੇ ਕਿਵੇਂ ਉੱਡ ਗਏ, ਉਹ ਵੀ ਸਕਿੰਟਾਂ ਦੇ ਵਿਚ ? ਹਾਂ, ਲੋਕਾਂ ਨੂੰ 9/11 ਦੀ ਸਿਆਸਤ ਭਰੀ ਕਹਾਣੀ ਜ਼ਰੂਰ ਲਗਾਤਾਰ ਦੁਹਰਾਈ ਜਾ ਰਹੀ ਹੈ, ਪਿਛਲੇ ਦਸ ਸਾਲਾਂ ਤੋਂ। ਜਿਹੜਾ ਵੀ ਕੋਈ ਠੋਸ

ਸਵਾਲ ਪੁੱਛਦਾ ਹੈ ਉਸ ਨੂੰ ਗੋਂਦ ਗੁੰਦਈਏ ਦਾ ਠੱਪਾ ਲਗਾ ਕੇ ਨੁੱਕਰੇ ਕਰ ਦਿੱਤਾ ਜਾਂਦਾ ਹੈ। ਝੂਠ ਪ੍ਰਚਾਰ ਨਾਲ ਨੱਕੋ-ਨੱਕ ਤੂੜੇ ਹੋਏ ਬੇਅੰਤ ਸਿਆਣੇ ਬਿਆਣੇ ਲੋਕ ਆਪਣੀਆਂ ਅੱਖਾਂ ਖੋਲ੍ਹਣ ਤੋਂ ਅਸਮਰੱਥ ਹਨ। ਪਰ ਅਨੇਕਾਂ ਦੀ ਚੇਤੰਨਤਾ ਜਾਗ ਰਹੀ ਹੈ ਅਤੇ ਜਿਹੜਾ ਵੀ ਇਕ ਵਾਰ ਜਾਗ ਪਿਆ, ਉਹ ਮੁੜ ਅਵੇਸਲਾ ਨਹੀਂ ਹੋਇਆ।

ਜਿਸ ਨਾਟਕੀ ਢੰਗ ਨਾਲ 9/11 ਦਾ ਹਮਲਾ ਪੂਰੇ ਜ਼ੋਰ ਨਾਲ ਟੀ.ਵੀ. ਦੇ ਉੱਤੇ ਉਛਾਲਿਆ ਗਿਆ, ਉਸ ਦਾ ਦਹਿਸ਼ਤੀ ਅਸਰ ਹਰ ਇਨਸਾਨ ਦੇ ਉੱਤੇ ਹੋ ਜਾਣਾ ਬਿਲਕੁਲ ਕੁਦਰਤੀ ਸੀ। ਉਸ ਪਿੱਛੋਂ ਹਰ ਝੂਠੀ ਖ਼ਬਰ ਨਾਲ ਲੋਕਾਂ ਦੇ ਮਨਾਂ ਉਪਰ ਛਾ ਜਾਣ ਦੀ ਕਾਗਜ਼ੀ ਅਤੇ ਟੀ.ਵੀ. ਮੁਹਿੰਮ ਦੀ ਤਿਆਰੀ ਤਾਂ ਕਾਫ਼ੀ ਸਾਲਾਂ ਤੋਂ ਜਾਰੀ ਸੀ।

ਬੀ.ਬੀ.ਸੀ. ਟੀ.ਵੀ. ਹੋਰਨਾਂ ਚੈਨਲਾਂ ਦੇ ਪ੍ਰਚਾਰ ਛੜਯੰਤਰ ਵਿਚ ਪੂਰਾ ਭਾਈਵਾਲ ਸੀ। 'ਹਮਲੇ' ਤੋਂ ਇਕ ਘੰਟਾ ਪਿੱਛੋਂ ਉਸ ਨੇ ਇਸਰਾਈਲੀ ਪ੍ਰਧਾਨ ਮੰਤਰੀ (ਉਸ ਦਾ ਨਾਂ ਸੀ ਏਹੂਦ ਬਾਰਾਕ) ਨਾਲ ਗੱਲਬਾਤ ਕੀਤੀ, ਜਿਸ ਵਿਚ ਉਸ ਕਿਹਾ ਕਿ ਇਸ ਦੀ ਜ਼ਿੰਮੇਵਾਰੀ 'ਬਿਨ ਲਾਦੇਨ' ਦੀ ਹੈ। ਹਾਲਾਂਕਿ ਉਸ ਦੇ ਕੋਲ ਕੋਈ ਸਬੂਤ ਨਹੀਂ ਸੀ। ਇਸ ਅੱਠ ਮਿੰਟ ਦੀ ਇੰਟਰਵਿਊ ਵਿਚ ਉਸ ਨੇ ਹਮਲਾਵਰ ਦੇਸ਼ਾਂ ਅੰਦਰ ਇਰਾਕ, ਈਰਾਨ, ਲਿਬੀਆ ਅਤੇ ਉੱਤਰੀ ਕੋਰੀਆ ਉੱਤੇ ਵੀ ਦੋਸ਼ ਮੜ੍ਹ ਦਿੱਤੇ। ਇਕ ਦਿਨ ਪਿੱਛੋਂ ਅਮਰੀਕੀ ਪ੍ਰਧਾਨ ਬੁਸ਼ ਦਾ ਤੋਤਾ-ਤਵਾ/ਰਿਕਾਰਡ ਵੱਜਣਾ ਸ਼ੁਰੂ ਹੋ ਗਿਆ ਅਤੇ ਨਾਲ ਹੀ ਸਰਕਾਰੀ ਬੁਲਾਰਿਆਂ, ਅਖ਼ਬਾਰਾਂ ਅਤੇ ਟੀਵੀਆਂ ਦਾ। ਏਸ ਝੂਠ ਦੇ ਪ੍ਰਵਾਹ ਵਿਚ, ਬੇਅੰਤ ਸਮਿਆਂ ਉੱਤੇ ਉਨ੍ਹਾਂ ਦਾ ਕੋਰਾ ਝੂਠ ਪ੍ਰਤੱਖ ਦਿੱਸਦਾ ਸੀ। ਨਿੱਤ ਦਿਹਾੜੀ ਦੇ ਨਿੱਕੇ ਮੋਟੇ ਝੂਠਾਂ ਉੱਤੇ ਤਾਂ ਹਰ ਕੋਈ ਟਿੱਪਣੀ ਕਰ ਸਕਦਾ ਹੈ, ਪਰ ਬਹੁਤ ਮਹਾਨ ਝੂਠ ਸੱਚਮੁੱਚ ਸਿਰ 'ਤੇ ਚੜ੍ਹ ਕੇ ਬੋਲਦਾ ਹੈ। ਸੱਚ ਬੋਲਣ ਵਾਲਿਆਂ ਦੇ ਦਿਮਾਗ਼ ਅਤੇ ਜ਼ਬਾਨ ਨੂੰ ਜੰਦਰਾ ਵੱਜ ਗਿਆ, ਘੱਟੋ-ਘੱਟ ਕੁਝ ਘੰਟਿਆਂ, ਦਿਨਾਂ ਜਾਂ ਮਹੀਨਿਆਂ ਲਈ। ਸਾਧਾਰਨ ਲੋਕ ਤਾਂ ਸੁੰਨ ਹੀ ਹੋ ਗਏ ਅਤੇ ਸਰਕਾਰ ਦੇ ਫ਼ਰੇਬੀ ਬਿਆਨਾਂ ਪਿੱਛੋਂ ਮੁਸਲਮਾਨ ਲੋਕਾਂ ਅਤੇ ਦੇਸ਼ਾਂ ਦੇ ਖ਼ਿਲਾਫ਼ ਰੋਹ ਨਾਲ ਭਰ ਗਏ। 9/11 ਦਾ ਹਮਲਾ ਨਿਰਾ ਇਮਾਰਤਾਂ ਉੱਤੇ ਹੀ ਨਹੀਂ, ਲੋਕਾਂ ਦੇ ਦਿਲ ਦਿਮਾਗ਼ ਉੱਤੇ ਵੀ ਪਹਿਲਾਂ ਤੋਂ ਸੋਚ ਕੇ ਰੱਖਿਆ ਹੋਇਆ ਸੀ। ਉਹ ਹਮਲਾ ਅੱਜ ਤਕ ਜਾਰੀ ਹੈ ਅਤੇ ਅੱਗੋਂ ਵੀ ਲਗਾਤਾਰ ਜਾਰੀ ਰਹੇਗਾ। ਐਂਗਲ-ਅਮਰੀਕਨ ਸਾਮਰਾਜ 9/11 ਦੀ ਸ਼ੇਰਨੀ ਦੇ ਉੱਤੇ ਇਕ ਵਾਰ ਸਵਾਰ ਹੋ ਗਿਆ ਹੈ ਤਾਂ ਫਿਰ ਉਤਰ ਨਹੀਂ ਸਕਦਾ। ਜਦੋਂ ਹੀ ਜੰਗਾਂ ਰੁਕੀਆਂ, ਲੋਕਾਂ ਨੇ ਸਵਾਲ ਕਰਨੇ ਹਨ, ਜਿਨ੍ਹਾਂ ਦੇ ਜਵਾਬ ਬੇਅੰਤ ਸਿਆਸੀ ਨੇਤਾਵਾਂ ਨੂੰ ਫਾਂਸੀ ਦੀ ਰੱਸੀ ਵੱਲ ਲੈ ਜਾਣਗੇ।

'ਮਿਥਿਹਾਸ' ਤਾਂ ਪੁਰਾਣੇ ਸਮਿਆਂ ਦੀਆਂ ਘਟਨਾਵਾਂ ਦੀਆਂ ਕਹਾਣੀਆਂ ਲਈ ਵਰਤਿਆ ਜਾਂਦਾ ਹੈ। ਅੱਜ ਦੇ ਸਮੇਂ ਦੇ ਕਈ ਮਿਥਿਹਾਸ ਹਨ, ਜੋ ਨਿਰੋਲ ਝੂਠ ਉੱਤੇ ਆਧਾਰਿਤ ਹਨ, ਪਰ ਪਾਲਤੂ ਪ੍ਰੈੱਸ, ਟੀ.ਵੀ. ਅਤੇ ਜ਼ਿਓਨਿਸਟ ਮੁੱਠੀ ਅੰਦਰਲੇ ਸਿਆਸੀ ਨੇਤਾ ਅਤੇ ਪਾਰਟੀਆਂ ਹਰ ਕੂੜ-ਕਹਾਣੀ ਨੂੰ ਜਿਊਂਦੀ ਰੱਖਣ ਲਈ

ਤੋਤੇਹਾਰ ਜਾਪ ਜਪਦੇ ਰਹਿੰਦੇ ਹਨ। ਲੋਕ ਸੁਣ-ਸੁਣ ਕੇ ਸੋਚਣ ਲੱਗ ਜਾਂਦੇ ਨੇ ਕਿ ਸ਼ਾਇਦ ਜੋ ਕੁਝ ਵੀ ਹੋਇਆ, ਇੰਜ ਹੀ ਹੋਇਆ ਹੋਵੇਗਾ। ਏਥੇ ਮੈਂ ਕੇਵਲ ਚਾਰ ਕੂੜ ਕਹਾਣੀਆਂ/ਮਿਥਿਹਾਸ ਦੇ ਨਾਂ ਲਾਵਾਂਗਾ – ਪ੍ਰਧਾਨ ਜੇ.ਐੱਫ. ਕੈਨੇਡੀ ਦਾ ਕਤਲ 'ਓਸਵਾਲ' ਨੇ ਕੀਤਾ, ਅਮਰੀਕੀ ਐਸਟ੍ਰੋਨਾਟ ਚੰਦਰਮਾ ਉੱਤੇ ਗਏ, 9/11 ਨੂੰ ਨਿਊਯਾਰਕ ਅੰਦਰਲੇ ਜੌੜੇ ਟਾਵਰ ਡੇਗਣ ਵਿਚ ਓਸਾਮਾ ਬਿਨ ਲਾਦੇਨ ਦੀ ਸਾਜ਼ਸ਼ ਸੀ ਅਤੇ ਇਰਾਕ ਦੇ ਕੋਲ ਮਹਾਂ ਵਿਨਾਸ਼ਕਾਰੀ ਹਥਿਆਰ ਸਨ। ਐਂਗਲੋ-ਅਮਰੀਕੀ ਸਾਮਰਾਜ ਨੂੰ 'ਨੇਕ/ਚੰਗਾ' ਕਹਿ ਕੇ ਉਭਾਰਿਆ ਜਾਂਦਾ ਹੈ ਅਤੇ ਪੱਛਮੀ ਸਾਮਰਾਜ ਅਤੇ ਇਸਰਾਈਲ ਦੇ ਵਿਰੋਧੀਆਂ ਨੂੰ 'ਬਦ/ਮੰਦਾ' ਕਹਿ ਕੇ ਦੁਰਕਾਰਿਆ ਜਾਂਦਾ ਹੈ। ਪੱਛਮੀ ਸਾਮਰਾਜ/ਇਸਰਾਈਲ ਤਾਂ ਅੰਤਰਰਾਸ਼ਟਰੀ ਕਾਨੂੰਨ, ਇਨਸਾਨੀ ਹੱਕਾਂ, ਆਜ਼ਾਦੀ ਅਤੇ ਲੋਕਤੰਤਰ ਦੇ ਰਖਵਾਲੇ ਅਤੇ ਥੰਮ੍ਹ ਹੋਏ ਨਾ!

ਮਿੱਥ ਕਿਸੇ ਮੰਤਵ ਨੂੰ ਮੁੱਖ ਰੱਖ ਕੇ ਘੜੀ ਜਾਂਦੀ ਹੈ। ਜ਼ਰੂਰੀ ਹੈ ਕਿ ਅੱਜ ਦੇ ਯੁੱਗ ਦੇ ਸਭ ਤੋਂ ਵੱਡੇ ਛੜਯੰਤਰ ਨੂੰ ਪੁਰਜ਼ਾ ਪੁਰਜ਼ਾ ਖੋਲ੍ਹ ਕੇ ਸਭ ਦੇ ਸਾਹਮਣੇ ਲਿਆਂਦਾ ਜਾਵੇ। ਇਸ ਤੋਂ ਬਿਨਾਂ ਮਾਨਵ ਸਮਾਜ ਅਤੇ ਵਿਸ਼ਵ ਵਿਚ ਸ਼ਾਂਤੀ ਹੋਣੀ ਅਸੰਭਵ ਹੈ। ਇਸ ਗੱਲ ਵਿਚ ਰਤਾ ਵੀ ਸ਼ੱਕ ਨਹੀਂ ਕਿ ਵਿਸ਼ਵ ਵਪਾਰ ਕੇਂਦਰ ਦੇ ਟਾਵਰ ਨੰ. 1, 2 ਅਤੇ 7 ਯੋਜਨਾਬੱਧ ਢੰਗ ਨਾਲ ਡੇਗਣ ਦੇ ਪੱਕੇ ਪ੍ਰਬੰਧ ਪਹਿਲਾਂ ਤੋਂ ਕਰ ਕੇ ਰੱਖੇ ਹੋਏ ਸਨ। ਇਮਾਰਤਾਂ ਦੇ ਹਿਸਾਬ ਨਾਲ ਜੋ ਮੱਛਰ ਕੱਦ ਹਵਾਈ ਜਹਾਜ਼ ਟਕਰਾਉਂਦੇ ਹੋਏ ਵਿਖਾਏ ਗਏ ਹਨ, ਉਹ ਦੂਰ ਤੋਂ ਕੰਟਰੋਲ ਕੀਤੇ ਡ੍ਰੋਨ ਜਹਾਜ਼ ਸਨ, ਜਿਨ੍ਹਾਂ ਦੇ ਪੇਟ ਹੇਠਾਂ ਲੰਮੀ ਮਿਜ਼ਾਈਲ ਜੜੀ ਹੋਈ ਸੀ। ਸਾਲ 2001 ਵਿਚ ਕਿਸੇ ਵਿਰਲੇ ਨੇ ਹੀ ਡ੍ਰੋਨ ਜਹਾਜ਼ ਬਾਰੇ ਸੁਣਿਆ ਹੋਇਆ ਸੀ, ਅੱਜ ਤਾਂ ਹਰ ਕੋਈ ਜਾਣਦਾ ਹੈ। ਡ੍ਰੋਨਾਂ ਦਾ ਟਕਰਾਉਣਾ ਤਾਂ ਸਾਡੀਆਂ ਅੱਖਾਂ ਵਿਚ ਧੂੜ ਪਾਉਣ ਬਰਾਬਰ ਸੀ। ਅਸਲੀ ਕਾਰਾ ਤਾਂ ਅੰਦਰੋਂ ਕੀਤਾ ਗਿਆ। ਸਟੀਲ ਪੰਘਰਾਉਣ ਵਾਲੇ ਮਾਲ, ਫਟਣ ਪਦਾਰਥਾਂ, ਸਟੀਲ ਭਸਮ ਕਰਨ ਵਾਲੇ ਇਲੈਕਟ੍ਰੋ-ਮੈਗਨੈਟਿਕ ਹਥਿਆਰ ਅਤੇ ਕੰਕ੍ਰੀਟ ਦਾ ਧੂੜਾ ਬਣਾਉਣ ਵਾਲੇ ਹਥਿਆਰਾਂ ਦੇ ਨਾਲ ਆਧੁਨਿਕਤਮ ਸਾਇੰਸ ਦੀ ਮਾਰੂ ਸ਼ਕਤੀ ਦੀ ਇਹ ਨੁਮਾਇਸ਼ ਕੁੱਲ ਦੁਨੀਆਂ ਦੇ ਲੋਕਾਂ, ਖ਼ਾਸਕਰ ਅਮਰੀਕਨਾਂ ਨੂੰ ਭੈਭੀਤ ਅਤੇ ਚੌਂਕਾ ਦੇਣ ਲਈ ਕੀਤੀ ਗਈ। ਇਹ ਭਿਆਨਕ ਪ੍ਰਦਰਸ਼ਨ ਕੇਵਲ ਅਮਰੀਕਨ ਜੰਗੀ ਸ਼ਕਤੀ ਹੀ ਕਰ ਸਕਦੀ ਸੀ, ਅਫ਼ਗ਼ਾਨਿਸਤਾਨ ਦੀਆਂ ਗੁਫ਼ਾਵਾਂ ਵਿਚ ਰਹਿੰਦਾ ਸੁਣੀਦਾ ਬਿਨ ਲਾਦੇਨ ਨਹੀਂ। ਟਾਵਰ ਏਨੀ ਜ਼ੋਰ ਨਾਲ ਫਟਾਏ ਗਏ ਕਿ ਕਈ-ਕਈ ਟਨ ਭਾਰੇ ਇਮਾਰਤੀ ਗਾਰਡਰ ਦੋ ਸੌ ਗਜ਼ ਦੂਰ ਜਾ ਡਿੱਗੇ। ਕਈ ਘੰਟਿਆਂ ਪਿੱਛੋਂ ਟਾਵਰ ਨੰ. 7 ਨਿਯੰਤਰਣ ਹੇਠਾਂ ਤੋੜ ਕੇ ਡੇਗ ਲਿਆ ਗਿਆ। ਇਹ ਟਾਵਰ 49 ਮੰਜ਼ਲ ਉੱਚਾ ਸੀ। ਬਾਕੀ ਮਿਣਤੀਆਂ ਦੂਜੇ ਟਾਵਰਾਂ ਨਾਲ ਰਲਦੀਆਂ ਸਨ। ਭਾਰਤ ਅੰਦਰ ਹਾਲਾਂ ਟਾਵਰ ਨੰ. 7 ਦੇ ਮੇਚ ਦੀ ਇਕ ਵੀ ਇਮਾਰਤ ਨਹੀਂ। ਇਸ ਇਮਾਰਤ ਨੂੰ ਕੋਈ 'ਜਹਾਜ਼' ਨਹੀਂ ਟਕਰਾਇਆ ਤਾਂ ਫਿਰ ਇਹ ਕਿਹੜੇ "ਬਹਾਨੇ" ਡਿੱਗ ਪਈ ? ਏਹ ਵੀ ਡੇਗੀ ਗਈ, ਪਰ ਰਤਾ ਵੱਖਰੀ ਤਕਨੀਕ ਨਾਲ, ਇਸ ਵਿਚ ਕੇਵਲ ਡੇਗਣ ਪਦਾਰਥ ਫਿੱਟ ਸਨ, ਫਟਣ ਪਦਾਰਥ ਨਹੀਂ – ਫ਼ਿਲਮ ਤਾਂ ਇੰਜ

ਵਿਖਾਉਂਦੀ ਹੈ ਕਿ ਕੁੱਲ ਛੇ ਸਕਿੰਟਾਂ ਦੇ ਵਿਚ ਆਪਣੇ ਹੀ ਪੈਰਾਂ ਉੱਤੇ ਢਹਿ ਢੇਰੀ ਹੋ ਗਈ। ਬੜੇ ਗਿਣੇ ਮਿੱਥੇ ਢੰਗ ਨਾਲ ਮੀਡੀਆ ਵਿੱਚੋਂ ਟਾਵਰ ਨੰ. 7 ਦਾ ਨਾਂ ਤਕ ਨਹੀਂ ਲਿਆ ਜਾਂਦਾ ਰਿਹਾ, ਇੰਜ ਇਹ ਟਾਵਰ ਵਕਤ ਬੀਤਣ ਦੇ ਨਾਲ ਲੋਕਾਂ ਦੀ ਸਾਂਝੀ ਯਾਦ ਵਿੱਚੋਂ ਨਿਕਲ ਹੀ ਗਿਆ ਹੈ।

ਭੂਗੋਲਿਕ ਪੱਧਰ ਉੱਤੇ ਇਕ ਵੱਡਾ ਇਨਕਲਾਬ ਆ ਰਿਹਾ ਹੈ, ਲੋਕਾਂ ਦੀ ਸੋਚ ਅੰਦਰ ਲੋਕਾਂ ਨੇ ਸਰਕਾਰੀ ਬਿਆਨਾਂ ਅਤੇ ਮੀਡੀਆ ਦੇ ਪ੍ਰਾਪੇਗੰਡਾ/ਕੂੜ ਪ੍ਰਚਾਰ ਤੋਂ ਉਪਰ ਉੱਠ ਕੇ, ਆਪਣੇ ਦਿਮਾਗ਼ ਅਤੇ ਸਾਇੰਸ ਦੇ ਅਸੂਲਾਂ ਨੂੰ ਵਰਤ ਕੇ ਸੱਚਾਈ ਲੱਭਣੀ ਸ਼ੁਰੂ ਕੀਤੀ ਹੈ। ਇਹ ਏਡੀ ਵੱਡੀ ਸਮਾਜੀ ਅਤੇ ਸਿਆਸੀ ਜਾਗ੍ਰਿਤੀ ਹੈ ਕਿ ਬਿਆਨ ਤੋਂ ਬਾਹਰ ਹੈ। ਸੱਚ ਦਾ ਹੜ੍ਹ ਆ ਰਿਹਾ ਹੈ, ਪਿਛਲੇ ਦਸਾਂ ਸਾਲਾਂ ਦੇ ਵਿਚ। ਹੁਣ ਜਾਗੇ ਲੋਕ ਝੂਠੇ ਨਾਹਰਿਆਂ ਲਈ ਹੁੰਗਾਰਾ ਭਰਨ ਤੋਂ ਇਨਕਾਰੀ ਹੋ ਰਹੇ ਹਨ। ਸੱਚ ਦਾ ਸਫ਼ਰ ਮੂੰਹੋਂ-ਮੂੰਹ ਦੁਨੀਆਂ ਦੇ ਹਰ ਕੋਨੇ ਵਿਚ ਜਾਰੀ ਹੈ। ਸਾਮਰਾਜੀ ਸ਼ਕਤੀਆਂ ਦੇ ਨੇਤਾਵਾਂ, ਫ਼ੌਜੀ ਅਤੇ ਪ੍ਰਾਪੇਗੰਡਾ ਅਫ਼ਸਰਾਂ ਨੂੰ ਭਲੀਭਾਂਤ ਸਮਝ ਆ ਰਹੀ ਹੈ ਕਿ ਉਨ੍ਹਾਂ ਦੇ ਡਰਾਉਣੇ ਭਾਸ਼ਣਾਂ ਦਾ ਅਸਰ ਤੇਜ਼ੀ ਦੇ ਨਾਲ ਘੱਟ ਰਿਹਾ ਹੈ, ਉਨ੍ਹਾਂ ਦੀ ਸਾਖ਼ ਟੁੱਟਦੀ ਜਾ ਰਹੀ ਹੈ।

ਉਹ ਦਿਨ ਦੂਰ ਨਹੀਂ ਜਦੋਂ ਹਰ ਪਾਸਿਓਂ ਵੰਗਾਰ ਆਵੇਗੀ : "ਕਾਇਰੋ, ਕਮੀਨੇ ਕਾਤਲੋ, ਲੋਕਾਈ ਅਤੇ ਧਰਤੀ ਦੇ ਵੈਰੀਓ, ਅਸੀਂ ਜਾਣ ਗਏ ਹਾਂ, ਤੁਹਾਡੀਆਂ ਖ਼ੂਨੀ ਚਾਲਾਂ। ਤੁਹਾਡੇ ਕੁੱਲ ਟੀ.ਵੀ. ਚੈਨਲਾਂ ਨਾਲੋਂ ਉੱਚੀ ਹੈ ਸਾਡੀ ਸ਼ੇਰ-ਗਰਜ। ਤੁਸੀਂ ਕਰ ਲਵੋ ਕੋਸ਼ਿਸ਼ ਆਪਣੀਆਂ ਖੁੱਡਾਂ ਵਿਚ ਲੁਕਣ ਦੀ। ਅਸਾਂ ਤੁਹਾਨੂੰ ਖਿੱਚ ਕੇ ਸਿਰੀਆਂ ਫੇਹ ਕੇ ਸਾਹ ਲੈਣਾ ਹੈ।"

ਹਰ ਜਾਣਕਾਰ ਇਨਸਾਨ ਇਕ ਹੋਰ ਸਾਥੀ ਦੀਆਂ, ਸੱਚਾਈ ਪ੍ਰਤੀ ਅੱਖਾਂ ਖੋਲ੍ਹ ਕੇ, ਭੂਗੋਲਿਕ ਚੇਤੰਨਤਾ-ਚਾਬਕ ਦੀ ਸ਼ਕਤੀ ਵਧਾਏਗਾ। ਜਦੋਂ ਐਂਗਲੋ-ਅਮਰੀਕੀ ਨੇਤਾ 9/11 ਦੀ ਉਦਾਹਰਣ ਨੂੰ ਧਿਆ ਕੇ ਆਪਣੀ ਖ਼ੂੰਖ਼ਾਰ ਨੀਤੀ ਨੂੰ ਅੱਗੇ ਵਧਾਉਣ ਲਈ ਆਪਣੇ ਕਾਬੂ ਹੇਠ ਕੁੱਲ ਟੀ.ਵੀ. ਅਤੇ ਪ੍ਰੈਸ ਨੂੰ ਵਰਤੇਗਾ ਤਾਂ ਕੁੱਲ ਦੁਨੀਆਂ ਤੋਂ ਖੜਕਵੀਂ ਸਾਂਝੀ ਆਵਾਜ਼ ਆਵੇਗੀ : "ਅਸੀਂ ਸਭ ਜਾਣਦੇ ਹਾਂ ਤੇਰੇ ਕਾਰਨਾਮੇ। ਤੈਨੂੰ ਛੱਡਣਾ ਨਹੀਂ ਹੁਣ। ਤੂੰ ਭੱਜ ਲੈ ਜ਼ੋਰ ਨਾਲ। ਸਾਡੀ ਚਾਬਕ ਤੇਰੇ ਪਿੱਛੇ ਪਿੱਛੇ ਹੈ।"

ਜੀਵਨ ਦਾ ਆਧਾਰ – ਪਾਣੀ

ਧਰਤੀ ਦੇ ਉੱਤੇ ਕੁੱਲ ਜੀਵਨ ਦਾ ਆਧਾਰ ਹਨ ਪਾਣੀ ਅਤੇ ਜਿਊਂਦੀ ਮਿੱਟੀ। ਜਿਊਂਦੀ ਮਿੱਟੀ ਦਾ ਅਰਥ ਹੈ ਉਹ ਜੰਗਲੀ ਜਾਂ ਖੇਤੀ ਕਰਨ ਵਾਲੀ ਮਿੱਟੀ, ਜਿਸ ਦੇ ਅੰਦਰ ਜੀਵਨ ਨੂੰ ਨੁੰਮੁਣਾ ਦੇਣ ਵਾਲੇ ਸਾਰੇ ਤੱਤ ਹੋਣ ਅਤੇ ਉਹ ਤੱਤ ਪਾਣੀ ਵਿਚ ਘੁਰਦੇ ਹੋਣ। ਜਿਊਂਦੀ ਮਿੱਟੀ ਦੇ ਅੰਦਰ ਕਈ ਕਿਸਮਾਂ ਦੇ ਬੈਕਟੀਰੀਆ, ਕੀੜੇ, ਗੰਡੋਏ ਆਦਿ ਹੁੰਦੇ ਹਨ, ਜੋ ਖ਼ੁਰਾਕੀ ਤੱਤਾਂ ਨੂੰ ਹੇਠੋਂ ਉਪਰ ਨੂੰ ਲਿਆਉਂਦੇ ਅਤੇ ਮਿੱਟੀ ਨੂੰ ਉਪਜਾਊ ਅਤੇ ਅਮੀਰ ਕਰਦੇ ਹਨ। ਇਸ ਤੋਂ ਛੁੱਟ ਬੇਅੰਤ ਉਹ ਬੈਕਟੀਰੀਆ ਹਨ, ਜੋ ਬਨਸਪਤੀ ਅਤੇ ਪਸ਼ੂ ਰਹਿੰਦ-ਖੂੰਹਦ ਨੂੰ ਟੋਟੇ-ਟੋਟੇ ਕਰ ਕੇ ਬੂਟਿਆਂ ਦੀ ਖ਼ੁਰਾਕ ਬਣਾਉਂਦੇ ਹਨ। ਏਸੇ ਤਰ੍ਹਾਂ ਬੈਕਟੀਰੀਆ ਪਾਣੀ ਵਿਚ ਘੁਰੀ ਹੋਈ ਨਾਈਟ੍ਰੋਜਨ ਨੂੰ ਬੂਟਿਆਂ ਦੀਆਂ ਜੜ੍ਹਾਂ ਅੰਦਰ ਜਾਣ ਯੋਗ ਕਰਦੇ ਹਨ। ਪਾਣੀ ਵਿਚ ਘੁਰੀ ਹੋਈ ਖ਼ੁਰਾਕ ਜੜ੍ਹਾਂ ਰਾਹੀਂ ਬੂਟਿਆਂ ਅੰਦਰ ਪ੍ਰਵੇਸ਼ ਕਰਦੀ ਹੈ, ਨਵੇਂ ਸੈੱਲ ਪੱਤੇ ਟਾਹਣੀਆਂ, ਫੁੱਲ ਅਤੇ ਫਲ ਤਿਆਰ ਕਰਦੀ ਹੈ। ਪਾਣੀ ਤਾਂ ਪੱਤਿਆਂ ਰਾਹੀਂ ਉੱਡ ਜਾਂਦਾ ਹੈ ਅਤੇ ਖ਼ੁਰਾਕ ਬੂਟੇ ਅੰਦਰ ਰਹਿ ਜਾਂਦੀ ਹੈ। ਇਹੀ ਖ਼ੁਰਾਕ ਕੁੱਲ ਪਸ਼ੂ ਜਗਤ ਲਈ ਜੀਵਨ ਦਾ ਆਧਾਰ ਹੁੰਦੀ ਹੈ।

ਬਨਸਪਤੀ ਉਪਜੀ ਖ਼ੁਰਾਕ ਦੀ ਪੌਸ਼ਟਿਕਤਾ ਕੇਵਲ ਏਸ ਗੱਲ ਉੱਤੇ ਨਿਰਭਰ ਹੈ ਕਿ ਪੈਦਾਵਾਰੀ ਮਿੱਟੀ ਦੇ ਆਪਣੇ ਖ਼ਜ਼ਾਨੇ ਵਿਚ ਕੀ ਹੈ। ਵਧੀਆ ਉਪਜਾਊ ਮਿੱਟੀ ਵਿੱਚੋਂ ਜੇ ਅਸੀਂ ਪੈਦਾਵਾਰ ਕੱਢਦੇ ਹੀ ਜਾਈਏ ਅਤੇ ਉਸ ਨੂੰ ਮੁੜ ਸੁਰਜੀਤ ਨਾ ਹੋਣ ਦੇਈਏ ਤਾਂ ਨਾ ਕੇਵਲ ਉਪਜ ਹੀ ਘੱਟ ਜਾਵੇਗੀ, ਬਲਕਿ ਉਸ ਦੀ ਪੌਸ਼ਟਿਕਤਾ ਘਟਦੀ ਜਾਵੇਗੀ। ਏਸੇ ਲਈ ਮਿੱਟੀ ਵਿਚ ਖਾਦ ਪਾਉਣੀ ਪੈਂਦੀ ਹੈ। ਜੇ ਇਹ ਖਾਦ ਡੰਗਰਾਂ ਜਾਂ ਇਨਸਾਨ ਦੇ ਮਲ-ਮੂਤਰ ਤੋਂ ਤਿਆਰ ਹੋ ਕੇ ਵਾਪਸ ਧਰਤੀ ਵਿਚ ਜਾਵੇ ਤਾਂ ਕੁਦਰਤ ਦਾ ਇਕ ਨਿਰੰਤਰ ਚੱਕਰ ਪੂਰਾ ਹੋ ਜਾਂਦਾ ਹੈ – ਬਨਸਪਤੀ → ਜਾਨਵਰ → ਬਨਸਪਤੀ। ਬਨਸਪਤੀ ਦੀ ਆਪਣੀ ਟੁੱਟ ਭੱਜ ਵੀ ਬੈਕਟੀਰੀਆ ਰਾਹੀਂ ਵਾਪਸ ਬਨਸਪਤੀ ਨੂੰ ਮਿਲ ਜਾਂਦੀ ਹੈ।

ਜਦੋਂ ਖ਼ੁਰਾਕ ਦੀਆਂ ਲੋੜਾਂ ਵੱਧ ਜਾਣ ਅਤੇ ਮੰਡੀ ਵੱਲੋਂ ਜ਼ੋਰ ਪੈਣ ਲੱਗ ਪਵੇ ਤਾਂ ਸਾਇੰਸ ਅਤੇ ਕਿਸਾਨ ਕੀਮਿਆਈ ਖਾਦਾਂ ਅਤੇ ਸੁਧਰੇ ਹੋਏ ਬੀਜਾਂ ਦੀ ਵਰਤੋਂ ਵੱਲ ਤੁਰ ਪੈਂਦੇ ਹਨ। ਵਧਦੀ ਪੈਦਾਵਾਰ ਨਾਲ ਲਹਿਰ ਬਹਿਰ ਹੋ ਜਾਂਦੀ ਹੈ। ਲੋਕਾਂ ਲਈ ਖ਼ੁਸ਼ਹਾਲੀ ਆਉਂਦੀ ਹੈ। ਇਨ੍ਹਾਂ ਸਭ ਖ਼ੁਸ਼ੀਆਂ ਪਿੱਛੇ ਉਹ ਚੀਜ਼ ਹੈ ਜੋ ਰੱਬ ਦੀ ਦਿੱਤੀ ਹੋਈ ਦਾਤ ਹੈ ਅਤੇ ਜਿਸ ਦਾ ਨਾਂ ਹੁਣ ਲੈਂਦੇ ਹਾਂ – ਪਾਣੀ। ਜੇ ਪਾਣੀ ਨਾ ਹੋਵੇ ਤਾਂ ਜ਼ਿੰਦਗੀ ਹੋਣੀ ਹੀ ਨਹੀਂ। ਜੇ ਪਾਣੀ ਘੱਟ ਹੋਵੇ ਤਾਂ ਬੇਅੰਤ ਜੱਦੋਜਹਿਦ

ਅਤੇ ਸੀਮਤ ਕਿਸਮ ਦੀਆਂ ਖੇਤੀਆਂ ਅਤੇ ਜੇ ਪਾਣੀ ਖੁੱਲ੍ਹਾ ਲੱਭਦਾ ਹੋਵੇ ਤਾਂ ਕੁਦਰਤੀ ਤੌਰ ਉੱਤੇ ਬੇਅੰਤ ਲਾਪ੍ਰਵਾਹੀ ਦੀ ਆਦਤ ਆ ਜਾਂਦੀ ਹੈ।

ਬਹੁਤਾ ਚਿਰ ਨਹੀਂ ਹੋਇਆ ਜਦੋਂ ਏਥੋਂ ਦੀ ਕੁੱਲ ਲੋਕਾਈ ਹੱਥ-ਪੰਪ ਨਾਲ ਕੱਢਿਆ ਪਾਣੀ ਬੇਫ਼ਿਕਰ ਹੋ ਕੇ ਪੀ ਲੈਂਦੀ ਸੀ। ਸਵੱਛ ਸਿਹਤ ਦੇਂਦਾ ਪਾਣੀ ਪੈਂਤੀ ਚਾਲ੍ਹੀ ਫ਼ੁੱਟ ਤੋਂ ਆ ਜਾਂਦਾ ਸੀ। ਪਿਛਲੇ ਤਿੰਨ ਦਹਾਕਿਆਂ ਵਿਚ ਇਹ ਪਾਣੀ ਬੇਅੰਤ ਪਲੀਤ ਹੋ ਗਿਆ ਹੈ। ਕੁੱਲ ਇਲਾਕਾ ਖੇਤੀ ਹੇਠ ਹੈ ਅਤੇ ਕੀੜੇ-ਮਾਰ ਅਤੇ ਬੂਟੀ-ਮਾਰ ਵਸਤੂਆਂ ਦੀ ਵਰਤੋਂ ਨਾ ਕੇਵਲ ਜਾਰੀ ਹੈ, ਸਗੋਂ ਵਧਦੀ ਹੀ ਜਾ ਰਹੀ ਹੈ। ਇਹ ਜ਼ਹਿਰੀਲੀਆਂ ਵਸਤੂਆਂ ਘੜੀ-ਮੁੜੀ ਵਰਤਣੀਆਂ ਪੈਂਦੀਆਂ ਹਨ, ਕਿਉਂ ਜੁ ਪਹਿਲੇ ਛਿੜਕਾਵਾਂ ਦੀਆਂ ਕਿਸ਼ਤਾਂ ਤਾਂ ਪਾਣੀ ਨਾਲ ਰਲ ਕੇ ਧਰਤੀ ਅੰਦਰ ਡੂੰਘੀਆਂ ਹੀ ਡੂੰਘੀਆਂ ਤੁਰੀਆਂ ਜਾਂਦੀਆਂ ਹਨ। ਜਦੋਂ ਉਹ ਪਾਣੀ ਦੇ ਤਲ ਉੱਤੇ ਪਹੁੰਚਦੀਆਂ ਹਨ ਤਾਂ ਹੇਠਲੇ ਸਾਂਝੇ ਪਾਣੀ ਨੂੰ ਜ਼ਹਿਰੀਲਾ ਕਰਦੀਆਂ ਹਨ। ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਦੁਆਲੇ ਖੇਤੀ ਵਿਚ ਵਰਤੀਂਦੇ ਜ਼ਹਿਰ ਪਾਣੀ ਨੂੰ ਹਰ ਸਾਲ ਹੋਰ ਵੱਧ ਵਿਗਾੜ ਰਹੇ ਹਨ। ਸਮਝਣ ਦੀ ਇਹ ਲੋੜ ਹੈ ਕਿ ਕੀੜੇ-ਮਾਰ ਅਤੇ ਬੂਟੀ-ਮਾਰ ਜ਼ਹਿਰ ਸਦੀਵੀ ਹਨ। ਇਨ੍ਹਾਂ ਦੀ ਕੀਮਿਆਈ ਬਣਤਰ ਅਜਿਹੀ ਹੈ ਕਿ ਹਜ਼ਾਰਾਂ ਸਾਲਾਂ ਪਿੱਛੋਂ ਵੀ ਜਿਉਂ ਦੇ ਤਿਉਂ ਰਹਿਣਗੇ। ਭਾਵ, ਜਿਉਂ-ਜਿਉਂ ਸਮਾਂ ਬੀਤੇਗਾ, ਪੀਣ ਵਾਲਾ ਪਾਣੀ ਹੋਰ ਜ਼ਹਿਰੀਲਾ ਹੋਵੇਗਾ। ਇਹੀ ਪਾਣੀ ਡੰਗਰਾਂ ਨੇ ਪੀਣਾ ਹੈ ਅਤੇ ਏਹੀ ਜ਼ਹਿਰ ਦੁੱਧ ਅਤੇ ਮੀਟ ਰਾਹੀਂ ਇਨਸਾਨ ਨੂੰ ਮਿਲਣਾ ਹੈ। ਏਹੀ ਬੂਟਿਆਂ ਦੀਆਂ ਜੜ੍ਹਾਂ ਨੇ ਚੂਸਣਾ ਹੈ ਅਤੇ ਜ਼ਹਿਰ ਡੰਗੇ ਫਲਾਂ ਨੂੰ ਜਨਮ ਦੇਣਾ ਹੈ।

ਬੇਅੰਤ ਕੀਮਿਆਈ ਜ਼ਹਿਰਾਂ ਦਾ ਇਕ ਹੋਰ ਸੋਮਾ ਹੈ – ਉਹ ਹਨ ਸਨਅਤੀ ਉਦਯੋਗ। ਕੁਲ ਸਨਅਤਾਂ ਅੰਦਰ ਬੇਅੰਤ ਕੀਮਿਆਈ ਪਦਾਰਥ ਵਰਤੇ ਅਤੇ ਉਗਲੇ ਜਾਂਦੇ ਹਨ, ਜਿਨ੍ਹਾਂ ਦਾ ਪਾਣੀ ਘੁਲਿਆ ਨਿਕਾਸ, ਕਾਰਖ਼ਾਨੇ ਵਿੱਚੋਂ ਨਿਕਲਦੀ ਇਕ ਨਾਲੀ ਰਾਹੀਂ ਕੀਤਾ ਜਾਂਦਾ ਹੈ। ਅੱਗੋਂ ਕਿਥੇ ਜਾਂਦਾ ਹੈ, ਪੈਦਾ ਕਰਨ ਵਾਲਿਆਂ ਦੀ ਜਾਣੇ ਬਲਾ। ਫ਼ਿਕਰ ਕਿਸ ਨੂੰ ਹੈ? ਪਾਣੀ ਅੰਦਰਲੇ ਕੀਮਿਆਈ ਜ਼ਹਿਰ ਕੁਝ ਤਾਂ ਨੇੜੇ ਹੀ ਧਰਤੀ ਵਿਚ ਸਮਾ ਜਾਂਦੇ ਹਨ ਅਤੇ ਬਾਕੀ ਦੇ ਰੁੜ੍ਹਦੇ-ਰੁੜ੍ਹਦੇ ਨਦੀਆਂ ਨਾਲਿਆਂ ਵਿਚ ਰਲ ਜਾਂਦੇ ਹਨ। ਦਰਿਆਵਾਂ ਦੇ ਪਲੀਤ ਪਾਣੀ ਵਿਚ ਪਲੀਆਂ ਹੋਈਆਂ ਮੱਛੀਆਂ ਆਖ਼ਰ ਉਨ੍ਹਾਂ ਕੈਮੀਕਲਾਂ ਸਮੇਤ, ਥਾਲੀਆਂ ਵਿਚ ਪਰੋਸੀਆਂ ਜਾਂਦੀਆਂ ਹਨ। ਹਰੀਕੇ ਪੱਤਣ, ਜਿਥੇ ਸਤਲੁਜ ਅਤੇ ਬਿਆਸ ਦਰਿਆਵਾਂ ਦਾ ਮੇਲ ਹੁੰਦਾ ਹੈ, ਪ੍ਰਤੱਖ ਵਿਖਾਉਂਦਾ ਹੈ ਕਿ ਲੁਧਿਆਣੇ ਵੱਲੋਂ ਆਉਂਦਾ ਸਤਲੁਜ ਦਾ ਪਾਣੀ ਅਤਿਅੰਤ ਗੰਦਾ ਹੈ। ਲੁਧਿਆਣੇ ਦੇ ਕੋਲੋਂ ਲੰਘਦੀ ਇਕ ਕੁਦਰਤੀ ਨਦੀ ਦਾ ਨਾਂ ਹੈ 'ਬੁੱਢਾ ਨਾਲਾ', ਜੋ ਆਖ਼ਰ ਸਤਲੁਜ ਨਾਲ ਜਾ ਰਲਦਾ ਹੈ। ਅਜਿਹਾ ਇਕ ਗੰਦਾ ਨਾਲਾ, ਕਰੀਬ ਹਰ ਸਨਅਤੀ ਸ਼ਹਿਰ ਦੇ ਕੋਲ ਚੱਲਦਾ ਹੈ।

ਗੁਜਰਾਤ ਦੇ ਵਿਚ ਇਕ ਸ਼ਹਿਰ ਹੈ 'ਵਾਪੀ', ਜਿਥੇ ਢੇਰ ਸਾਰੀਆਂ ਕੀਮਿਆਈ ਵਸਤੂਆਂ ਅਤੇ ਦਵਾਈਆਂ ਤਿਆਰ ਹੁੰਦੀਆਂ ਹਨ। ਜਿਥੇ ਵੀ ਕਿਤੇ ਵੇਖੋ, ਓਥੋਂ ਦਾ ਪਾਣੀ ਪੀਲੇ ਰੰਗ ਦਾ ਹੈ। ਕਾਰ ਜਾਂ ਗੱਡੀ ਦਾ ਸਫ਼ਰ ਕਰਨ ਸਮੇਂ ਮੀਲਾਂ ਦੂਰ

ਤੋਂ 'ਵਾਪੀ' ਦੀ ਬਦਬੂਦਾਰ ਹਵਾ ਨੱਕ ਨੂੰ ਸਾੜਨ ਲੱਗ ਪੈਂਦੀ ਹੈ। 'ਵਾਪੀ' ਵਿੱਚੋਂ ਲੰਘਦੀ 'ਦਮਨ ਗੰਗਾ' ਨਦੀ ਅਤਿ ਜ਼ਹਿਰੀਲੀ ਹੈ। ਕੁਝ ਮੀਲਾਂ ਉੱਤੇ ਸਮੁੰਦਰ ਹੈ, ਜਿਥੇ ਮੀਲਾਂ ਦੂਰ ਤਕ ਮੱਛੀ ਦਾ ਬੀਜ ਨਾਸ ਹੋ ਗਿਆ ਹੈ। ਆਲੇ-ਦੁਆਲੇ ਦੀ ਮੱਛੀ ਜ਼ਰੂਰ ਕੀਮਿਆਈ ਜ਼ਹਿਰਾਂ ਭਰਪੂਰ ਹੋਵੇਗੀ। ਪਤਾ ਨਹੀਂ ਲੋਕ ਬਦਬੂਦਾਰ ਵਾਪੀ ਸ਼ਹਿਰ ਅੰਦਰ ਕਿਵੇਂ ਰਹਿੰਦੇ ਹਨ ? ਸ਼ਾਇਦ ਉਨ੍ਹਾਂ ਦੀ ਸੁੰਘਣ ਸ਼ਕਤੀ ਸੁੰਨ ਹੋ ਗਈ ਹੈ। ਕਾਮੇ ਤਾਂ ਮਜਬੂਰੀ ਵਿਚ ਫਸੇ ਹੁੰਦੇ ਹਨ, ਉਨ੍ਹਾਂ ਦੀ ਜ਼ਿੰਦਗੀ ਬਾਰੇ ਕੌਣ ਸੋਚਦਾ ਹੈ ?

ਮੁੱਕਦੀ ਗੱਲ, ਕੁੱਲ ਦੇਸ ਦਾ ਉਪਰਲਾ ਪਾਣੀ ਵਿਹੁਲਾ/ਜ਼ਹਿਰੀਲਾ ਹੋਇਆ ਪਿਐ ਅਤੇ ਹਾਲਤ ਦਿਨੋ-ਦਿਨ ਵਿਗੜ ਰਹੀ ਹੈ। ਕੁਦਰਤੀ ਖੇਤੀ ਦੀ ਥਾਂ ਵੱਡੀ ਪੱਧਰ ਉੱਤੇ ਕੈਮੀਕਲ ਖੇਤੀ ਵਧਾਈ ਜਾ ਰਹੀ ਹੈ।

ਪੀਣ ਵਾਲੇ ਪਾਣੀ ਲਈ ਕਈ ਖ਼ਰਚੀਲੇ ਉਦਯੋਗ ਜਨਮ ਲੈ ਰਹੇ ਹਨ। ਸਭ ਤੋਂ ਪਹਿਲਾਂ ਲੈ ਲਵੋ ਪਲਾਸਟਿਕ ਦੀਆਂ 'ਬੋਤਲਾਂ ਵਿਚ ਪਾਣੀ' ਦਾ ਉਦਯੋਗ। ਅਰਬਾਂ ਖਰਬਾਂ ਦੀ ਇਹ ਸਨਅਤ ਹੈ ਜਿਨ੍ਹਾਂ ਵਿਚ ਮੋਢੀ ਹਨ ਬਹੁ-ਰਾਸ਼ਟਰੀ ਵਿਦੇਸ਼ੀ ਕੰਪਨੀਆਂ। ਕੁਦਰਤ ਦੀ ਮੁਫ਼ਤ ਨਿਆਮਤ 'ਪਾਣੀ' ਦੇ ਹਰ ਸਾਫ਼ ਘੁੱਟ ਲਈ ਅੱਜ ਪੈਸਾ ਖ਼ਰਚ ਕਰਨਾ ਪੈਂਦਾ ਹੈ। ਲੋਕਾਂ ਨੂੰ ਪੀਣ ਵਾਲਾ ਪਾਣੀ ਘਰੋ-ਘਰ ਪੁਚਾਉਣ ਸੰਬੰਧੀ ਸਰਕਾਰਾਂ ਦੇ ਇਕਰਾਰ ਪੂਰੇ ਹੋਣ ਤੋਂ ਬਹੁਤ ਦੂਰ ਹਨ। ਜਦੋਂ ਕਦੇ ਅਜਿਹਾ ਸੰਭਵ ਹੋ ਸਕਿਆ ਤਾਂ ਜਾਣਾਂਗੇ ਕਿ ਉਹ 'ਪੀਣ ਯੋਗ' ਵੀ ਹੈ ਕਿ ਨਹੀਂ। ਪਾਣੀ ਨੂੰ ਕੈਮੀਕਲਾਂ, ਕੀੜੇ-ਮਾਰ ਅਤੇ ਬੂਟੀ-ਮਾਰ ਜ਼ਹਿਰਾਂ ਤੋਂ ਕਿਸ ਨੇ ਮੁਕਤ ਕਰਨਾ ਹੈ ?

ਦੂਜਾ ਨਵਾਂ ਉਦਯੋਗ ਹੈ, ਘਰੋ-ਘਰ ਵਿਕਣ ਵਾਲੀਆਂ ਪਾਣੀ ਦੀਆਂ ਮਸ਼ੀਨਾਂ। ਪਹਿਲਾਂ ਆਈਆਂ ਉਹ, ਜੋ ਪਾਣੀ ਨੂੰ ਕੇਵਲ ਕਿਰਮ ਰਹਿਤ ਕਰਨ ਲਈ ਸਨ। ਉਨ੍ਹਾਂ ਵਿਚ ਅਲਟਰਾ-ਵਾਇਲਿਟ ਰੋਸ਼ਨੀ ਅਤੇ ਬਰੀਕ ਪੋਣੀਆਂ ਹੁੰਦੀਆਂ ਸਨ। ਹੁਣ ਨਵੀਆਂ ਮਸ਼ੀਨਾਂ ਆ ਗਈਆਂ ਹਨ – 'ਆਰ.ਓ.' ਜਾਂ 'ਰੀਵਰਸ ਓਸਮੋਸਿਸ' ਜੋ ਵਾਅਦਾ ਕਰਦੀਆਂ ਹਨ ਕਿ ਪਾਣੀ ਦੇ ਅੰਦਰ ਕੇਵਲ ਪਾਣੀ ਹੀ ਹੋਵੇਗਾ, ਹੋਰ ਕੁਝ ਨਹੀਂ, ਕੋਈ ਕੁਦਰਤੀ ਲੂਣਾਂ ਦੇ ਪੋਸ਼ਟਿਕ ਮਿਸ਼ਰਣ ਵੀ ਨਹੀਂ। ਪਰਵਾਸੀ ਭਾਰਤੀ ਅਤੇ ਕਈ ਥਾਂ ਸਰਕਾਰ, ਪਿੰਡਾਂ ਵਿਚ ਵੱਡੇ 'ਆਰ.ਓ.' ਪਲਾਂਟ ਲਗਾ ਕੇ, ਪੀਣ ਯੋਗ ਪਾਣੀ ਤਿਆਰ ਕਰ ਕੇ ਦੇ ਰਹੇ ਹਨ। ਅੰਦਾਜ਼ਾ ਲਗਾਓ ਕਿ ਦੇਸ ਦੀ ਕੁੱਲ ਆਬਾਦੀ ਨੂੰ 'ਨਿਰਾ' ਸਾਫ਼ ਪਾਣੀ ਦੇਣ ਲਈ ਕਿੰਨੇ 'ਆਰ.ਓ.' ਪਲਾਂਟਾਂ ਦੀ ਲੋੜ ਪਵੇਗੀ ? ਇਨ੍ਹਾਂ ਪਲਾਂਟਾਂ ਦਾ ਨਿਰੰਤਰ ਖ਼ਰਚਾ ਕਿਹੜੀ ਸਰਕਾਰ ਜਾਂ ਲੋਕ ਚੁੱਕ ਸਕਦੇ ਹਨ ? ਅੱਵਲ ਤਾਂ ਕਰਨਾ ਹੀ ਕਿਸ ਨੇ ਹੈ। ਚਾਰ ਪੈਸੇ ਬਣ ਬਣਾ ਕੇ ਮੁਆਮਲਾ ਠੰਢਾ ਹੋ ਜਾਵੇਗਾ।

ਸਮਝਣ ਦੀ ਗੱਲ ਇਹ ਹੈ ਕਿ ਜੇ ਇਕ ਪਾਸੇ ਤੁਸੀਂ ਕੁੱਲ ਧਰਤੀ ਵਿਚ ਹਰ ਸਾਲ ਵਾਧੂ ਸਦ-ਜੀਵੀ ਜ਼ਹਿਰ, ਖੇਤੀ ਨੂੰ ਬਚਾਉਣ ਜਾਂ ਵਧਾਉਣ ਲਈ ਪਾਈ ਜਾਵੇ ਤਾਂ ਪਾਣੀ ਦੇ ਕਦੇ ਵੀ ਸਾਫ਼ ਹੋ ਜਾਣ ਦੀ ਉਮੀਦ ਕਿਵੇਂ ਕਰ ਸਕਦੇ ਹੋ ? ਉਪਰਲਾ ਪਾਣੀ ਸਦਾ ਲਈ ਪਲੀਤ ਅਤੇ ਜ਼ਹਿਰੀਲਾ ਹੋ ਰਿਹਾ ਹੈ। ਬੇਅੰਤ ਰੋਗਾਂ ਅਤੇ ਕੈਂਸਰਾਂ ਵਿਚ ਵਾਧਾ ਹੋ ਰਿਹਾ ਹੈ।

ਅੱਗੋਂ ਇਕ ਹੋਰ ਮਾਰ ਸ਼ੁਰੂ ਹੋ ਗਈ ਹੈ। ਉਹ ਹੈ 'ਬੀ.ਟੀ.' ਬੀਜਾਂ ਦੀ ਖੇਤੀ ਅਤੇ ਉਸ ਨਾਲ ਮਜਬੂਰੀ, ਅਤਿ ਜ਼ਹਿਰੀਲੀ 'ਰਾਊਂਡਅੱਪ', ਬੂਟੀ-ਮਾਰ ਦਵਾਈ। 'ਬੀ.ਟੀ.' ਬੀਜ ਅਤੇ 'ਰਾਊਂਡਅੱਪ', ਮੋਨਸਾਂਟੋ ਕੰਪਨੀ ਦੀ ਉਪਜ ਹਨ। 'ਰਾਊਂਡਅੱਪ' ਜਦੋਂ ਸ਼ੁਰੂ ਹੋਈ ਤਾਂ ਉਸ ਦੇ ਡੱਬਿਆਂ ਉੱਤੇ ਲਿਖਿਆ ਹੁੰਦਾ ਸੀ 'ਬਾਇਓਡੀਗ੍ਰੇਡੇਬਲ' ਜਾਂ ਜੀਵਤ-ਸਵੈਨਾਸ਼ਕ। ਜੇ ਸੱਚਮੁੱਚ ਇਹ ਜ਼ਹਿਰ ਆਪਾ ਮੇਟੂ ਹੁੰਦਾ ਤਾਂ ਹੋਣਾ ਸੀ ਇਕ ਵਰਦਾਨ, ਪਰ ਮੰਡੀ ਉੱਤੇ ਛਾ ਜਾਣ ਦੀ ਗ਼ਰਜ਼ ਨਾਲ, ਇਹ ਲੇਬਲ ਸਰਾਸਰ ਝੂਠਾ ਸੀ। 'ਰਾਊਂਡਅੱਪ' ਦੇ ਡੱਬਿਆਂ ਉੱਤੇ ਹੁਣ ਅਜਿਹਾ ਕੋਈ ਦਾਅਵਾ ਨਹੀਂ ਹੁੰਦਾ। ਮੋਨਸਾਂਟੋ ਦਾ ਕੁਲ ਅਮਰੀਕਾ, ਬ੍ਰਾਜ਼ੀਲ ਅਤੇ ਅਰਜਨਟੀਨਾ ਉੱਤੇ ਰਾਜ ਹੈ। ਉਸ ਦੀ 'ਜੀ.ਐੱਮ.' ਬੀਜ ਅਤੇ 'ਰਾਊਂਡਅੱਪ' ਦੀ ਇਜਾਰਾਦਾਰੀ ਹੈ। ਸਾਡੇ ਦੇਸ ਵਿਚ 'ਬੀ.ਟੀ. ਕਪਾਹ' ਨੇ ਆਂਧਰਾ ਅੰਦਰ ਕਾਫ਼ੀ ਊਧਮ ਮਚਾਇਆ ਹੈ। ਬੀਜ ਮਹਿੰਗਾ ਹੈ, ਸ਼ੁਰੂ ਵਿਚ ਉਪਜ ਵੀ ਵੱਧ ਦੇਂਦਾ ਸੀ, ਹੁਣ ਉਪਜ ਘੱਟ ਰਹੀ ਹੈ। ਹਰ ਸਾਲ ਮੋਨਸਾਂਟੋ ਬੀਜ ਅਤੇ 'ਰਾਊਂਡਅੱਪ' ਦਾ ਮੁੱਲ ਚੜ੍ਹ ਜਾਂਦਾ ਹੈ। ਕਿਸਾਨਾਂ ਉੱਤੇ ਕਰਜ਼ੇ ਵਧੀ ਜਾਂਦੇ ਹਨ।

ਰਾਊਂਡਅੱਪ ਦਾ ਬੂਟੀਆਂ ਉੱਤੇ ਅਸਰ ਘੱਟ ਰਿਹਾ ਹੈ। ਧਰਤੀ ਹੇਠ ਪਾਣੀ ਹੋਰ ਜ਼ਹਿਰੀਲਾ ਹੋ ਰਿਹਾ ਹੈ। 'ਬੀ.ਟੀ.' ਉਪਜੇ ਬੂਟੇ ਇਨਸਾਨਾਂ ਅਤੇ ਡੰਗਰਾਂ ਵਿਚ ਨਵੀਆਂ ਬਿਮਾਰੀਆਂ ਲਿਆ ਰਹੇ ਹਨ। ਸਰੀਰਕ ਅਤੇ ਮਾਨਸਿਕ ਰੋਗਾਂ ਵਿਚ ਵਾਧਾ ਹੋ ਰਿਹੇ ਅਤੇ ਨਾਲ ਹੀ ਬੀਜਾਂ ਅਤੇ 'ਰਾਊਂਡਅੱਪ' ਦੇ ਕੀਤੇ ਦੀਵਾਲੀਏ ਕਿਸਾਨ ਗਿਣਤੀ ਵਿਚ ਆਤਮਘਾਤ ਕਰ ਰਹੇ ਹਨ। ਇਸ ਸਮੇਂ ਸਾਡਾ ਦੇਸ ਇਸ ਮਹਾਂ ਸ਼ਕਤੀਵਰ ਕੰਪਨੀ ਮੋਨਸਾਂਟੋ ਦੇ ਹਮਲੇ ਹੇਠ ਹੈ। ਉਸ ਦੇ ਜ਼ੋਰ/ਦਬਦਬੇ ਹੇਠ ਯੂਨੀਵਰਸਿਟੀਆਂ ਅੰਦਰ ਉਸ ਦੇ ਹਮਾਇਤੀ ਤੈਨਾਤ ਹਨ, ਜੋ ਉਸ ਦਾ ਪੱਖ ਪੂਰਦੇ ਹਨ ਅਤੇ ਦੇਸ ਅੰਦਰ ਮੋਨਸਾਂਟੋ ਦੀ ਘੁਸਪੈਠ, ਬਲਕਿ ਮੁਕੰਮਲ ਕਬਜ਼ੇ ਲਈ ਪ੍ਰੇਰਕ ਹਨ। 'ਬੀ.ਟੀ. ਕਪਾਹ' ਨੇ ਦੇਸ ਦੇ ਕਈ ਹਿੱਸਿਆਂ ਵਿਚ ਸ਼ੁਰੂ ਵਿਚ ਚੰਗਾ ਰੰਗ ਵਿਖਾਇਆ, ਪਰ ਇਹ ਰੰਗਤ ਉਤਰਦੀ ਜਾ ਰਹੀ ਹੈ। ਨਿਰੀ ਕਪਾਹ ਦੀ ਉਪਜ ਵੱਲ ਨਹੀਂ ਜਾਣਾ ਚਾਹੀਦਾ। ਇਸ 'ਜੀ.ਐਮ.' ਫ਼ਸਲ ਨੇ ਇਨਸਾਨਾਂ ਅਤੇ ਡੰਗਰਾਂ ਅੰਦਰ ਕਈ ਰੋਗ ਪੈਦਾ ਕੀਤੇ ਹਨ। ਨਾਲ ਹੀ ਨਾਲ 'ਰਾਊਂਡਅਪ' ਦੀ ਵਰਤੋਂ ਨੇ ਜ਼ਿੰਦਗੀ ਦੇ ਆਧਾਰ 'ਪਾਣੀ' ਨੂੰ ਜ਼ਹਿਰੀਲਾ ਕੀਤਾ ਹੈ।

ਇਕ ਗੱਲ ਹੋਰ ਵੀ ਹੈ, ਜੋ ਸਾਡੀ ਆਜ਼ਾਦੀ ਨਾਲ ਸੰਬੰਧ ਰੱਖਦੀ ਹੈ। ਹਰ ਫ਼ਸਲ ਦੀ ਉਪਜ ਵਿੱਚੋਂ ਕਿਸਾਨ ਕੁਝ ਹਿੱਸਾ ਬੀਜ ਦੇ ਤੌਰ ਉੱਤੇ ਸੰਭਾਲ ਕੇ ਰੱਖਦੇ ਹਨ। ਅਗਲੇ ਸਾਲ ਦੀ ਫ਼ਸਲ ਲਈ ਉਸ ਨੂੰ ਬੀਜ ਲਗਭਗ ਮੁਫ਼ਤ ਵਿਚ ਮਿਲਦਾ ਹੈ। ਯੂਨੀਵਰਸਿਟੀਆਂ ਤੋਂ ਸੁਧਰੇ ਬੀਜ ਲੈ, ਅੱਗੋਂ ਆਪ ਹੋਰ ਬੀਜ ਤਿਆਰ ਕਰ ਲੈਣ ਵਿਚ ਕਿਸਾਨ ਨੂੰ ਕੋਈ ਕਾਨੂੰਨੀ ਰੁਕਾਵਟ ਨਹੀਂ ਹੁੰਦੀ। ਦੂਜੇ ਪਾਸੇ 'ਮੋਨਸਾਂਟੋ' ਦੇ ਬੀਜ ਅਤੇ 'ਰਾਊਂਡਅੱਪ' ਉਸ ਦੇ ਪੇਟੈਂਟ ਹਨ। ਉਨ੍ਹਾਂ ਨੂੰ ਕਿਸਾਨ ਅਗਲੀ ਫ਼ਸਲ ਲਈ ਬਿਨਾਂ ਨਵੇਂ ਖ਼ਰਚ ਕੀਤਿਆਂ ਨਹੀਂ ਵਰਤ ਸਕਦੇ। ਮੋਨਸਾਂਟੋ ਦਾ ਦ੍ਰਿੜ੍ਹ ਨਿਸ਼ਾਨਾ ਹੈ ਕਿ ਹਰ ਕਿਸਮ ਦੇ ਅਨਾਜ, ਫ਼ਲਾਂ ਅਤੇ ਸਬਜ਼ੀਆਂ ਦੀ ਪੈਦਾਵਾਰ ਵਿਚ ਉਸ ਦੀ ਪ੍ਰਧਾਨਗੀ ਹੋਵੇ ਅਤੇ ਨਾਲ ਹੀ ਨਾਲ ਦੇਸੀ ਬੀਜ ਦਾ 'ਬੀਜ ਨਾਸ' ਹੋ ਜਾਵੇ।

ਇੰਜ ਮੋਨਸਾਂਟੋ ਇਜਾਰਾਦਾਰ ਕਾਬੂ ਹੇਠ ਆਏ ਦੇਸ ਦੀ ਗਿੱਚੀ ਨੂੰ ਆਪਣੀ ਜਕੜ ਵਿਚ ਲਿਆ ਸਕਦਾ ਹੈ। 'ਮੋਨਸਾਂਟੋ' ਵੱਲੋਂ ਬੀਜ ਨਾ ਆਉਣ ਤਾਂ ਕੁੱਲ ਦੇਸ ਭੁੱਖਾ ਮਾਰਿਆ ਜਾ ਸਕਦਾ ਹੈ। ਦੇਸ ਦੀ ਕੁੱਲ ਆਜ਼ਾਦੀ ਇਕ ਕੰਪਨੀ ਦੇ ਹੱਥ ਅੰਦਰ ਆ ਜਾਂਦੀ ਹੈ। ਮੋਨਸਾਂਟੋ ਵੱਲੋਂ ਇੱਕੋ ਸਮੇਂ ਕਈ ਦੇਸਾਂ ਨੂੰ ਮਤੀਹ/ਕਾਬੂ ਕਰਨ ਦੇ ਯਤਨ ਹੋ ਰਹੇ ਹਨ। 'ਬੀ.ਟੀ. ਕਪਾਹ' ਪਿੱਛੋਂ ਅਗਲਾ ਵੱਡਾ ਧਾਵਾ ਸੀ 'ਬੀ.ਟੀ. ਬੈਂਗਣ'। ਹਾਲ ਦੀ ਘੜੀ, ਖੇਤੀ ਨਾਲ ਸੰਬੰਧਿਤ ਚੇਤੰਨ ਸੰਸਥਾਵਾਂ ਨੇ ਕੁੱਲ ਦੇਸ ਦੀ ਚੇਤਨ ਕਿਰਸਾਨੀ ਦੇ ਆਸਰੇ ਲਗਾਤਾਰ ਘੋਲ ਕਰ ਕੇ ਇਸ ਹਮਲੇ ਨੂੰ ਠੱਲ੍ਹ ਕੇ ਰੱਖਿਆ ਹੋਇਆ ਹੈ। ਦੇਸ ਦੇ ਪਿਛਲੇ ਪਰਿਆਵਰਨ ਮੰਤਰੀ 'ਜੈ ਰਾਮ ਰਮੇਸ਼' ਨੇ ਮੋਨਸਾਂਟੋ ਅਤੇ ਦੇਸ-ਪ੍ਰੇਮੀਆਂ ਵਿਚਕਾਰ ਨਿਰਪੱਖ ਹੋ ਕੇ ਦੇਸ ਅਤੇ ਲੋਕ ਹਿਤ ਲਈ 'ਬੀ.ਟੀ. ਬੈਂਗਣ' ਦੀ ਆਗਿਆ ਨਹੀਂ ਦਿੱਤੀ। ਕਈ ਉੱਘੇ ਸਿਆਸੀ ਨੇਤਾਵਾਂ ਅਤੇ ਮੰਤਰੀਆਂ ਦੇ ਮੋਨਸਾਂਟੋ ਨਾਲ ਘਿਉ ਖਿਚੜੀ ਹੋਣ ਦੀ ਪੱਕੀ ਖ਼ਬਰ ਹੈ। ਧਿਆਨ ਰਹੇ ਕਿ ਅਵੇਸਲੇ ਹੁੰਦਿਆਂ ਹੀ ਮੋਨਸਾਂਟੋ ਨੇ ਛਾ ਜਾਣਾ ਹੈ। ਮੋਨਸਾਂਟੋ ਦੀ ਸ਼ਕਤੀ ਦਾ ਅੰਦਾਜ਼ਾ ਪਿੱਛੇ ਜਹੇ ਅਮਰੀਕੀ ਸਰਕਾਰ ਵੱਲੋਂ ਯੂਰਪੀ ਦੇਸਾਂ ਨੂੰ ਦਿੱਤੀ ਚੇਤਾਵਨੀ ਤੋਂ ਜਾਣਿਆ ਜਾ ਸਕਦਾ ਹੈ – "ਜੇ 'ਜੀ.ਐਮ.' ਪਦਾਰਥ ਵਰਤਣੇ ਕਬੂਲ ਨਾ ਕੀਤੇ ਗਏ ਤਾਂ ਸਾਡੇ ਵੱਲੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।" ਅਜਿਹੇ ਨਿਰਾਦਰ ਭਰੇ ਬਿਆਨ ਦਾ ਰਾਜ਼ ਕੀ ਹੈ ? ਰਾਜ਼ ਇਹ ਹੈ ਕਿ ਅਮਰੀਕਾ ਉੱਤੇ ਮੋਨਸਾਂਟੋ ਦਾ ਪੂਰਾ ਰਾਜ ਹੈ, ਓਥੇ 95 ਪ੍ਰਤੀਸ਼ਤ 'ਜੀ.ਐਮ.' ਅਨਾਜ, ਫਲ ਅਤੇ ਸਬਜ਼ੀ ਹੀ ਪੈਦਾ ਹੁੰਦੇ ਹਨ। ਪਹਿਲਾਂ ਇੰਜ ਨਹੀਂ ਸੀ, ਤਾਂ ਹੀ ਉਸ ਦਾ ਬੇਅੰਤ ਖੇਤੀ ਮਾਲ ਅੰਤਰਰਾਸ਼ਟਰੀ ਮੰਡੀ ਵਿਚ ਵਿਕਦਾ ਸੀ। ਹੁਣ ਉਸ ਦਾ 'ਜੀ.ਐਮ.' ਭਰਿਸ਼ਟਿਆ ਖੇਤੀ ਮਾਲ, ਕੇਵਲ ਧੱਕੇ ਨਾਲ ਹੀ ਵੇਚਿਆ ਜਾ ਸਕਦਾ ਹੈ। ਯਾਦ ਰਹੇ ਕਿ ਕੁੱਲ ਯੂਰਪ ਵਿਚ 'ਜੀ.ਐਮ.' ਖ਼ੁਰਾਕ ਅਤੇ ਫ਼ਲੋਰਾਈਡ ਡੱਸੇ/ਰਲੇ ਪਾਣੀ ਦੀ ਵਰਤੋਂ ਦੀ ਅਜੇ ਤਕ ਮਨਾਹੀ ਹੈ।

ਜੀਵਨ ਦਾ ਆਧਾਰ ਕੁਦਰਤ ਵੱਲੋਂ ਬਖ਼ਸ਼ਿਆ ਪਾਣੀ, ਹਮਲੇ ਥੱਲੇ ਹੈ – ਕੈਮੀਕਲ ਉਦਯੋਗਾਂ ਵੱਲੋਂ ਅਤੇ ਖੇਤੀ ਵਿਚ ਵਰਤੇ ਜਾਂਦੇ ਖ਼ਤਰਨਾਕ ਕੀੜੇ ਅਤੇ ਬੂਟੀ-ਮਾਰ ਪਦਾਰਥਾਂ ਨਾਲ। ਜੇ ਇਨ੍ਹਾਂ ਦੁਪਾਸੜ ਹਮਲਿਆਂ ਨੂੰ ਰੋਕਿਆ ਨਾ ਗਿਆ ਤਾਂ ਹਰ ਜਾਨਦਾਰ ਪਸ਼ੂ ਜਾਂ ਬਨਸਪਤੀ ਉੱਤੇ ਭਿਆਨਕ ਅਸਰ ਹੋਵੇਗਾ।

ਪੂਰਵ ਰਾਸ਼ਟਰਪਤੀ ਅਬਦੁਲ ਕਲਾਮ ਨੇ ਝੂਠੀ 'ਭੂਗੋਲਿਕ ਤਾਪ' ਦੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਇਕ ਕਵਿਤਾ ਲਿਖੀ ਹੈ ਸੰਨ 2070 ਬਾਰੇ, ਜਿਸ ਵਿਚ ਉਸ ਨੇ ਪਾਣੀ ਦਾ ਕਾਲ ਦਰਸਾਇਆ ਹੈ। ਏਨਾ ਜ਼ਿਆਦਾ ਕਿ ਇਕ ਦਿਹਾੜੀ ਵਿਚ ਕੇਵਲ ਅੱਧੇ ਗਲਾਸ ਪਾਣੀ ਦਾ ਹੀ ਰਾਸ਼ਨ ਮਿਲਦਾ ਹੈ। ਉਸ ਦੀ ਕਵਿਤਾ ਵਿਚ ਨਹਾਉਣ ਲਈ ਪਾਣੀ ਨਹੀਂ ਹੈ ਅਤੇ ਪਾਣੀ ਦੀ ਅਣਹੋਂਦ ਕਾਰਨ ਸਭ ਦੇ ਸਿਰ ਗੰਜੇ ਕੀਤੇ ਹੋਏ ਹਨ। ਮੇਰੀ ਸਮਝ ਅਨੁਸਾਰ ਅਜਿਹਾ ਕੁਝ ਨਹੀਂ ਹੋਣ ਵਾਲਾ, ਨਾ 2070 ਵਿਚ ਅਤੇ ਨਾ ਹੀ ਆਉਣ ਵਾਲੇ ਹਜ਼ਾਰਾਂ ਸਾਲਾਂ ਅੰਦਰ। ਹਾਂ, ਹੁਣ ਜਾਗ੍ਰਿਤੀ ਜ਼ਰੂਰ ਆ ਰਹੀ ਹੈ। ਪਾਣੀ ਨੂੰ ਸਵੱਛ ਰੱਖਣ ਲਈ ਲੋਕ ਸਰਕਾਰਾਂ ਉੱਤੇ ਜ਼ੋਰ ਪਾ ਰਹੇ ਹਨ ਅਤੇ ਲਗਾਤਾਰ ਪਾਉਂਦੇ ਰਹਿਣਗੇ।

ਰੂਹਾਂ, ਫੁੱਲ ਲੈ ਉੱਡੀਆਂ

ਇਤਿਹਾਸ ਵਿਚ ਮਨੁੱਖਤਾ ਦੇ ਅਜਿਹੇ ਮਹਾਂ ਵਿਨਾਸ਼ ਦਰਜ ਹਨ, ਜਿਨ੍ਹਾਂ ਨੂੰ ਸਰਸਰੀ ਨਜ਼ਰ ਨਾਲ ਪੜ੍ਹਨਾ, ਇਤਿਹਾਸ ਅਤੇ ਮਨੁੱਖਤਾ ਦੋਵਾਂ ਦੇ ਨਾਲ ਅਨਿਆਂ ਜਾਣਨਾ ਚਾਹੀਦਾ ਹੈ। ਅਜਿਹੇ ਮਹਾਂ ਵਿਨਾਸ਼ਾਂ ਦੇ ਵਿਚ ਆਉਂਦੀ ਹੈ ਦੂਜੀ ਵਿਸ਼ਵ ਜੰਗ ਦੌਰਾਨ ਛੇ ਮਿਲੀਅਨ (ਸੱਠ ਲੱਖ) ਯਹੂਦੀਆਂ ਦੀ ਦੁਖਦਾਈ ਮੌਤ, ਜਿਸ ਨੂੰ ਸਾਂਝੇ ਤੌਰ ਉੱਤੇ ਕੇਵਲ ਯਹੂਦੀਆਂ ਉੱਤੇ ਲਾਗੂ ਹੁੰਦਾ ਸ਼ਬਦ 'ਹੋਲੋਕਾਸਟ' ਵਰਤਿਆ ਜਾਂਦਾ ਹੈ। ਇਤਿਹਾਸ/ਲਿਟਰੇਚਰ ਅੰਦਰ ਦਰਜ ਹੈ ਕਿ ਪੋਲੈਂਡ ਦੇਸ ਅੰਦਰ (ਜਿਸ ਉੱਤੇ ਦੂਜੀ ਜੰਗ ਸਮੇਂ ਨਾਜ਼ੀ ਜਰਮਨੀ ਦਾ ਕਬਜ਼ਾ ਸੀ) ਛੇ ਥਾਵਾਂ ਉੱਤੇ ਯਹੂਦੀਆਂ ਨੂੰ 'ਮਾਰ ਮਿਟਾਉਣ' (ਐਕਸਟਰਮੀਨੇਸ਼ਨ) ਦੇ ਟਿਕਾਣੇ/ਕੈਂਪ ਸਨ। ਇਨ੍ਹਾਂ ਵਿੱਚੋਂ ਚਾਰ ਕੈਂਪਾਂ 'ਟ੍ਰੇਬਲਿੰਕਾ', 'ਬੈਲਜ਼ੇਕ', 'ਸੋਬੀਬੋਰ' ਅਤੇ 'ਚੈਲਮਨੋ' ਅੰਦਰ ਉੱਨੀ ਲੱਖ ਯਹੂਦੀਆਂ ਦਾ ਸਫ਼ਾਇਆ ਕੀਤਾ ਗਿਆ। ਕਿਹਾ ਜਾ ਰਿਹੈ ਕਿ ਸਭ ਤੋਂ ਮਾਰੂ ਅਤੇ ਭਿਆਨਕ ਥਾਂ ਸੀ ਟ੍ਰੇਬਲਿੰਕਾ।

ਇੰਟਰਨੈੱਟ ਵਿਕੀਪੀਡੀਆ ਅੰਦਰ ਟ੍ਰੇਬਲਿੰਕਾ ਬਾਰੇ ਅੰਦਰਾਜ ਇਹ ਹੈ : "22 ਜੁਲਾਈ 1942 ਅਤੇ 19 ਅਕਤੂਬਰ 1943 ਵਿਚਕਾਰ ਏਥੇ ਸਾਢੇ ਅੱਠ ਲੱਖ ਲੋਕ ਮਾਰੇ ਗਏ, ਜਿਨ੍ਹਾਂ ਵਿੱਚੋਂ ਅੱਠ ਲੱਖ ਯਹੂਦੀ ਸਨ। ਅਖ਼ੀਰ ਉੱਤੇ ਕੈਦੀਆਂ ਨੇ ਬਗ਼ਾਵਤ ਕੀਤੀ ਤਾਂ ਕੈਂਪ ਬੰਦ ਕਰ ਦਿੱਤਾ ਗਿਆ। ਕੁਝ ਕੁ ਯਹੂਦੀ ਬਚ ਨਿਕਲੇ। ਟ੍ਰੇਬਲਿੰਕਾ ਕੈਂਪ ਕਾਹਦਾ ਸੀ, ਇਕ ਮੌਤ ਦਾ ਕਾਰਖ਼ਾਨਾ ਸੀ। ਏਥੇ ਆਉਣ ਵਾਲਿਆਂ 'ਚੋਂ 99 ਪ੍ਰਤੀਸ਼ਤ ਸਿੱਧਾ ਗੈਸ ਚੈਂਬਰ ਅੰਦਰ ਭੇਜੇ ਜਾਂਦੇ ਸਨ, ਜਦ ਕਿ ਬਾਕੀ ਇਕ ਪ੍ਰਤੀਸ਼ਤ ਨੂੰ ਵਰਤਿਆ ਜਾਂਦਾ ਸੀ, ਸਮੂਹਿਕ ਕਬਰਾਂ ਪੁੱਟਣ ਅਤੇ ਲਾਸ਼ਾਂ ਨੂੰ ਦੱਬਣ ਲਈ। 19 ਅਕਤੂਬਰ 1943 ਪਿੱਛੋਂ ਨਾਜ਼ੀਆਂ ਨੇ ਏਸ ਮੌਤ-ਕੈਂਪ ਦਾ ਖੁਰਾ-ਖੋਜ ਮਿਟਾਉਣ ਲਈ, ਨਵੇਂ ਕੈਦੀਆਂ ਕੋਲੋਂ ਕਬਰਾਂ ਪੁਟਵਾ ਕੇ, ਲਾਸ਼ਾਂ ਨੂੰ ਖੁੱਲ੍ਹੀਆਂ ਚਿਤਾਵਾਂ ਉੱਤੇ ਫੂਕ ਦਿੱਤਾ। ਏਸ ਜ਼ਾਲਮ ਅਮਲ ਦਾ ਹੁਣ ਸਬੂਤ ਲੱਭਣਾ ਵੀ ਔਖਾ ਹੈ।"

ਵਿਕੀਪੀਡੀਆ ਨੇ ਇਹ ਨਹੀਂ ਦੱਸਿਆ ਕਿ 19 ਅਕਤੂਬਰ 1943 ਤੋਂ ਪਿੱਛੋਂ 8.5 ਲੱਖ ਮੁਰਦਿਆਂ ਨੂੰ ਕਬਰਾਂ ਵਿੱਚੋਂ ਕੱਢਣ ਅਤੇ ਅੰਗੀਠਿਆਂ/ਚਿਤਾਵਾਂ ਉੱਤੇ ਸਾੜਨ ਵਿਚ ਕਿੰਨੀ ਕੁ ਦੇਰ ਲੱਗੀ।

ਇਕ ਸਰੀਰ ਦੇ ਸਸਕਾਰ/ਸਾੜਨ ਲਈ ਕੋਈ ਸੱਤ ਮਣ ਲੱਕੜ ਕੰਮ ਆਉਂਦੀ ਹੈ। ਕੋਈ ਤਿੰਨ ਘੰਟੇ ਲੱਗਦੇ ਹਨ, ਤੇਜ਼ ਅੱਗ ਨੂੰ ਆਪਣਾ ਕੰਮ ਪੂਰਾ ਕਰਨ ਲਈ। ਕੇਵਲ ਮਾਸ ਮਾਸ ਹੀ ਸੜਦਾ ਹੈ, ਹੱਡੀਆਂ ਅਤੇ ਦੰਦ ਨਹੀਂ। ਤਦੇ ਹੀ ਚਿਤਾ ਠੰਡੀ

ਕਰ ਕੇ ਚੌਵੀ ਘੰਟਿਆਂ ਤੋਂ ਪਿੱਛੋਂ ਮ੍ਰਿਤਕ ਦੇ ਹੱਡੀਨੁਮਾ ਅੰਗ ਜਾਂ ਫੁੱਲ ਚੁਣੇ ਜਾਂਦੇ ਹਨ, ਜਿਨ੍ਹਾਂ ਨੂੰ ਜਲ-ਪ੍ਰਵਾਹ ਕੀਤਾ ਜਾਂਦਾ ਹੈ। ਇਕ ਸਰੀਰ ਪਿੱਛੇ ਕਰੀਬ ਦੋ ਕਿਲੋ ਫੁੱਲ ਬਚਦੇ ਹਨ। ਬਾਲਣ ਤੋਂ ਉਪਜੀ ਸਵਾਹ ਏਸ ਤੋਂ ਇਲਾਵਾ ਹੁੰਦੀ ਹੈ।

ਟ੍ਰੇਬਲਿੰਕਾ ਦਾ 'ਮੌਤ-ਕੈਂਪ' ਕਰੀਬ ਇਕ ਫੁੱਟਬਾਲ ਦੇ ਮੈਦਾਨ ਜਿੰਨਾ ਸੀ। ਮੀਡੀਆ ਅੰਦਰ ਇਹ ਪੜ੍ਹਾਇਆ ਜਾਂਦਾ ਹੈ ਕਿ ਏਥੇ ਛੇ 'ਬਹੁਤ ਵੱਡੀਆਂ ਸਮੂਹਕ ਕਬਰਾਂ' ਪੁੱਟੀਆਂ ਗਈਆਂ ਸਨ, ਜਿਨ੍ਹਾਂ ਅੰਦਰ 8,50,000 ਲੋਕ ਦੱਬੇ ਗਏ ਸਨ। ਏਸੇ ਹੀ 100 ਗਜ਼ x 50 ਗਜ਼ ਮੈਦਾਨ (ਇਕ ਏਕੜ ਤੋਂ ਵੱਧ) ਅੰਦਰ ਪ੍ਰਸ਼ਾਸਨਕ ਅਤੇ 'ਗੈਸ ਨਾਲ ਮਾਰਨ' ਵਾਲੀਆਂ ਇਮਾਰਤਾਂ ਵੀ ਸਨ। ਤਾਂ ਫਿਰ ਹਰ ਇਕ ਸਮੂਹਕ ਕਬਰ ਕਿੰਨੀ ਕੁ ਵਿਸ਼ਾਲ ਅਤੇ ਡੂੰਘੀ ਹੋਵੇਗੀ, ਜਿਸ ਅੰਦਰ ਡੇਢ ਲੱਖ ਲਾਸ਼ਾਂ ਸਮਾ ਗਈਆਂ ਸਨ ? ਏਨੀਆਂ ਲਾਸ਼ਾਂ ਲਈ ਘੱਟੋ-ਘੱਟ ਛੇ ਲੱਖ ਕਿਊਬਿਕ ਫੁੱਟ ਥਾਂ ਚਾਹੀਦੀ ਹੈ। ਪੜ੍ਹਾਏ ਜਾਂਦੇ ਅਨੁਸਾਰ ਕਰੀਬ 450 ਦਿਨ, ਹਰ ਰੋਜ਼ 2000 ਲੋਕ ਮਾਰ ਕੇ ਦੱਬੇ ਗਏ। ਸਮੂਹਕ ਕਬਰ ਰੋਜ਼ਾਨਾ ਲਾਸ਼ਾਂ ਦੀ ਆਮਦ ਦੇ ਨਾਲ-ਨਾਲ ਕਿਵੇਂ ਡੂੰਘੀ ਕੀਤੀ ਜਾ ਸਕਦੀ ਸੀ ? ਡੂੰਘੀ ਤਾਂ ਹੀ ਹੋ ਸਕਦੀ ਸੀ ਜੇ ਪਹਿਲਾਂ ਸਾਰੀਆਂ ਲਾਸ਼ਾਂ ਕੱਢੀਆਂ ਜਾਂਦੀਆਂ ਅਤੇ ਮਿੱਟੀ ਹੋਰ ਡੂੰਘੀ ਪੁੱਟੀ ਜਾਂਦੀ। ਇੰਜ ਹੋ ਸਕਣਾ ਅਸੰਭਵ ਹੈ।

ਇਕ ਇਨਸਾਨੀ ਲਾਸ਼ ਘੱਟੋ-ਘੱਟ 4 ਕਿਊਬਿਕ ਫੁੱਟ ਜਗ੍ਹਾ ਘੇਰਦੀ ਹੈ। ਜੇਕਰ ਛੇ ਮੌਤ ਦੇ ਟੋਏ ਪਹਿਲਾਂ ਹੀ ਤਿਆਰ ਕੀਤੇ ਗਏ ਸਨ ਤਾਂ ਹਰ ਇਕ ਦੀ ਮਿਣਤੀ ਸੀ ਸੌ ਫੁੱਟ ਲੰਮਾ, ਸੌ ਫੁੱਟ ਚੌੜਾ ਅਤੇ ਸੱਠ ਫੁੱਟ ਡੂੰਘਾ ਖੂਹ ਨੁਮਾ ਟੋਇਆ। ਟ੍ਰੇਬਲਿੰਕਾ 'ਮੌਤ ਕੈਂਪ' ਅੰਦਰ ਏਨੀ ਥਾਂ ਹੀ ਨਹੀਂ ਸੀ, ਜੋ ਸਾਢੇ ਅੱਠ ਲੱਖ ਲੋਕਾਂ ਲਈ ਸਮੂਹਿਕ ਕਬਰਾਂ ਪੁੱਟੀਆਂ ਜਾ ਸਕਦੀਆਂ। ਤਾਂ ਵੀ ਨਵੀਆਂ ਲਾਸ਼ਾਂ ਲਈ ਥਾਂ ਬਣਾਉਣ ਲਈ, ਨਾਲ ਦੇ ਨਾਲ ਕਬਰਾਂ ਡੂੰਘੀਆਂ ਕਰਦੇ ਜਾਣਾ ਅਸੰਭਵ ਹੈ। ਹਰ ਵੱਡੇ ਟੋਏ ਵਿੱਚੋਂ ਪੁੱਟੀ ਹੋਈ ਛੇ ਲੱਖ ਕਿਊਬਿਕ ਫੁੱਟ ਮਿੱਟੀ, ਕੁਲ 36 ਲੱਖ ਕਿਊਬਿਕ ਫੁੱਟ ਮਿੱਟੀ ਦੇ ਹਰ ਪਾਸੇ ਅੰਬਾਰ ਲੱਗ ਗਏ ਹੋਣਗੇ।

ਪੜ੍ਹਾਇਆ ਜਾਂਦਾ ਹੈ ਕਿ 19 ਅਕਤੂਬਰ 1943 ਪਿੱਛੋਂ ਨਾਜ਼ੀਆਂ ਨੇ ਏਸ (ਹੋਰਨਾਂ ਕੈਂਪਾਂ ਅੰਦਰ ਵੀ) ਕੈਂਪ ਦਾ ਖੁਰਾ-ਖੋਜ ਮਿਟਾਉਣ ਲਈ ਨਵੇਂ ਆਉਂਦੇ ਕੈਦੀਆਂ ਕੋਲੋਂ ਕਬਰਾਂ ਪੁਟਾ ਕੇ ਲਾਸ਼ਾਂ ਬਾਹਰ ਕੱਢੀਆਂ ਅਤੇ ਖੁੱਲ੍ਹੀਆਂ ਚਿਤਾਵਾਂ/ਅੰਗੀਠਿਆਂ ਉੱਤੇ ਸਾੜ ਕੇ ਸਵਾਹ ਕਰ ਦਿੱਤਾ, ਬਲਕਿ ਇੰਜ ਖੁਰਾ-ਖੋਜ ਮਿਟਾਇਆ ਕਿ ਨਾਜ਼ੀਆਂ ਦੇ ਏਸ ਭਿਆਨਕ ਜੁਰਮ ਦਾ "ਸਬੂਤ ਲੱਭਣਾ ਵੀ ਔਖਾ ਹੈ।"

ਪੋਲੈਂਡ ਇਕ ਠੰਢਾ ਦੇਸ ਹੈ। ਵਧੀਆ ਮੌਸਮ ਹੈ ਜੁਲਾਈ ਦਾ, ਜਦੋਂ ਤਾਪਮਾਨ 18 ਡਿਗਰੀ ਸੈਂਟੀਗ੍ਰੇਡ ਹੁੰਦਾ ਹੈ (ਪੰਜਾਬੀਆਂ ਲਈ ਤਾਂ ਇਹ ਵੀ ਸਰਦੀ ਗਿਣੀ ਜਾਂਦੀ ਹੈ) ਅਗਸਤ ਪਿੱਛੋਂ ਠੰਡ ਵੱਧ ਜਾਂਦੀ ਹੈ ਅਤੇ ਸਰਦੀਆਂ ਵਿਚ ਤਾਪਮਾਨ ਮਨਫ਼ੀ 20 ਡਿਗਰੀ ਸੈਂਟੀਗ੍ਰੇਡ ਤਕ ਜਾਂਦਾ ਹੈ। ਜ਼ਾਹਰ ਹੈ ਕਿ ਟ੍ਰੇਬਲਿੰਕਾ ਅਤੇ ਹੋਰ ਮੌਤ ਕੈਂਪਾਂ ਅੰਦਰ ਵੀ ਅੰਤਾਂ ਦੀ ਸਰਦੀ ਰਹੀ ਹੋਵੇਗੀ। ਰੂਸੀ ਫ਼ੌਜਾਂ ਨੇ ਟ੍ਰੇਬਲਿੰਕਾ ਨੂੰ ਜੁਲਾਈ 1944 ਵਿਚ ਆਜ਼ਾਦ ਕਰਵਾਇਆ। ਉਸ ਤੋਂ ਕੁਝ ਚਿਰ ਪਹਿਲਾਂ ਹੀ ਜਰਮਨਾਂ ਨੇ ਏਸ ਕੈਂਪ ਨੂੰ ਉਖਾੜ ਕੇ 'ਨਿਸ਼ਾਨ ਤਕ ਮਲੀਆਮੇਟ' ਕਰ ਦਿੱਤਾ ਸੀ।

ਇੰਟਰਨੈੱਟ ਤੋਂ ਦੋ ਤਸਵੀਰਾਂ ਮਿਲੀਆਂ ਹਨ, ਜੋ ਰੂਸੀਆਂ ਦੇ ਉੱਥੇ ਪਹੁੰਚਣ ਉੱਤੇ ਖਿੱਚੀਆਂ ਗਈਆਂ ਸਨ। ਇਕ ਤਸਵੀਰ ਵਿਚ ਕੁਝ ਰੂਸੀ ਫ਼ੌਜੀ ਅਤੇ ਕੈਂਪ ਵਾਸੀ ਗਰਮਜੋਸ਼ੀ ਨਾਲ ਮਿਲ ਰਹੇ ਹਨ। ਦੋ ਜਵਾਨ ਕੈਦੀਆਂ ਨੇ ਭਾਰੇ ਕੋਟ ਪਾਏ ਹੋਏ ਹਨ ਅਤੇ ਵੇਖਣ ਵਿਚ ਸਿਹਤਮੰਦ ਲੱਗਦੇ ਹਨ। ਦੂਜੀ ਤਸਵੀਰ ਵਿਚ 16 ਵਿਚਲੀ ਉਮਰ ਦੇ ਆਦਮੀ ਅਤੇ ਇਕ ਔਰਤ ਹਨ। ਸਭਨਾਂ ਨੇ ਭਾਰੀ ਗਰਮ ਸੂਟ ਪਾਏ ਹੋਏ ਹਨ ਅਤੇ ਹਰ ਇਕ ਦੇ ਸਿਰ ਉੱਤੇ ਗਰਮ ਟੋਪੀ ਹੈ। ਚੰਗੇ ਸਿਹਤਮੰਦ ਅਤੇ ਖ਼ੁਸ਼ ਨਜ਼ਰ ਆਉਂਦੇ ਹਨ। ਆਜ਼ਾਦ ਹੋਣ ਉੱਤੇ ਕੌਣ ਨਹੀਂ ਖ਼ੁਸ਼ ਹੁੰਦਾ ? ਇਕ ਆਦਮੀ ਨੇ ਐਨਕ ਲਗਾਈ ਹੋਈ ਹੈ। ਬਹੁਤਿਆਂ ਨੇ ਗਲੇ ਉੱਤੇ ਮਫ਼ਲਰ ਵਲ੍ਹੇਟਿਆ ਹੋਇਆ ਹੈ। ਕੀ ਇਹ ਉਹੀ ਆਖ਼ਰੀ ਬਚੇ ਖੁਚੇ ਲੋਕ ਹਨ, ਜਿਨ੍ਹਾਂ ਨੇ ਲੱਖਾਂ ਲਾਸ਼ਾਂ ਨੂੰ ਆਪਣੇ ਹੱਥਾਂ ਨਾਲ ਸਮੂਹਿਕ ਕਬਰਾਂ ਵਿੱਚੋਂ ਕੱਢ ਕੇ ਸਾੜਿਆ ਸੀ ?

ਟ੍ਰੇਬਲਿੰਕਾ ਦੀ ਕਹਾਣੀ ਵਿਚ ਇਹ ਨਹੀਂ ਦੱਸਿਆ ਗਿਆ ਕਿ ਸਾਢੇ ਅੱਠ ਲੱਖ ਲਾਸ਼ਾਂ ਦਾ ਸਸਕਾਰ ਕਾਹਦੇ ਨਾਲ ਕੀਤਾ ਗਿਆ – ਲੱਕੜ, ਕੋਲੇ ਜਾਂ ਕਿਸੇ ਹੋਰ ਚੀਜ਼ ਨਾਲ ? ਹਾਂ, ਏਨਾ ਦੱਸਿਆ ਜਾਂਦਾ ਹੈ ਕਿ ਲਾਸ਼ਾਂ ਨੂੰ ਖੁੱਲ੍ਹੀਆਂ ਭੱਠੀਆਂ ਵਿਚ ਸਾੜਿਆ ਗਿਆ। ਇਹ ਜਾਣਕਾਰੀ ਵੀ ਦਿੱਤੀ ਗਈ ਹੈ ਕਿ ਪਹਿਲਾਂ ਤਾਂ ਗੈਸ ਨਾਲ ਮਾਰੇ ਹੋਏ ਲੋਕਾਂ ਦੀਆਂ ਲਾਸ਼ਾਂ ਸਾੜੀਆਂ ਜਾਂਦੀਆਂ ਸਨ, ਪਰ ਅਖ਼ੀਰ ਉੱਤੇ ਨਵੇਂ ਆਉਂਦੇ ਯਹੂਦੀ ਕੈਦੀਆਂ ਨੂੰ ਜਿਊਂਦਿਆਂ ਹੀ ਸਿੱਧਾ ਭੱਠੀ ਵਿਚ ਸੁੱਟ ਦਿੱਤਾ ਜਾਂਦਾ ਸੀ।

ਬੰਦੇ ਨੂੰ ਮਾਰਨ ਉਪਰੰਤ ਖੁਰਾ-ਖੋਜ ਮਿਟਾਉਣਾ ਬੜਾ ਔਖਾ ਹੈ, ਬਲਕਿ ਅਸੰਭਵ ਹੈ। ਫੌਰੈਂਜ਼ਿਕ (ਜੁਰਮ ਖੋਜੀ) ਲੋਕਾਂ/ਮਾਹਿਰਾਂ ਨੇ ਹਜ਼ਾਰਾਂ ਸਾਲ ਪਹਿਲਾਂ ਦੇ ਮਰੇ ਲੋਕਾਂ ਦੇ ਟਿਕਾਣੇ ਲੱਭ ਲਏ। ਬਲਕਿ ਉਨ੍ਹਾਂ ਸਮਿਆਂ ਦੇ ਰਹਿਣ ਬਹਿਣ ਆਦਿ ਬਾਰੇ ਜਾਣਕਾਰੀ, ਵਿਸਤਾਰ ਵਿਚ ਲੈ ਲਈ। ਟ੍ਰੇਬਲਿੰਕਾ, ਬੈਲਜ਼ੇਕ, ਸੋਬੀਬੋਰ ਅਤੇ ਚੈਲਮਨੋ ਅੰਦਰ 19 ਲੱਖ ਲੋਕ ਮਾਰ ਕੇ ਮਿਟਾ ਦਿੱਤੇ ਹੋਣ ਅਤੇ ਫੌਰੈਂਜ਼ਿਕ ਲੋਕ ਸੁੱਤੇ ਰਹਿ ਜਾਣ, ਇਹ ਕਿਵੇਂ ਹੋ ਸਕਦਾ ਸੀ ? ਉਨ੍ਹਾਂ ਦੇ ਸਾਹਮਣੇ ਉਹ ਮੈਦਾਨ ਸਨ, ਜਿਥੇ ਮਾਨਵਤਾ ਦਾ ਮਹਾਨ ਕਤਲ ਹੋਇਆ ਦੱਸਿਆ ਜਾਂਦਾ ਰਿਹਾ ਹੈ ਅਤੇ ਜੋ ਵੇਖਣ ਵਿਚ ਇੰਜ ਲੱਗਦੇ ਹਨ, ਜਿਵੇਂ ਏਥੇ ਕਦੇ ਕੁਝ ਹੋਇਆ ਹੀ ਨਹੀਂ।

ਲੋਕਾਂ ਅੰਦਰ ਹੋਲੋਕਾਸਟ ਬਾਰੇ ਨਾਂਹ ਬਰਾਬਰ ਜਾਣਕਾਰੀ ਹੋਣਾ ਕੋਈ ਅਚੰਭੇ ਵਾਲੀ ਗੱਲ ਨਹੀਂ ਹੈ। ਰਵਾਇਤੀ ਕਹਾਣੀ ਬਾਰੇ ਬੇਅੰਤ ਲਿਖਤਾਂ ਨੂੰ ਪਾਠ ਪੁਸਤਕਾਂ ਅਤੇ ਐਨਸਾਈਕਲੋਪੀਡੀਆ ਅੰਦਰ ਥਾਂ ਥਾਂ ਭਰ ਦਿੱਤਾ ਗਿਐ। ਇਤਿਹਾਸਕਾਰਾਂ ਨੇ ਆਪਣੀਆਂ ਕੁਰਸੀਆਂ ਅਤੇ ਇੱਜ਼ਤਾਂ ਦਾਅ ਉੱਤੇ ਲਗਾ ਦਿੱਤੀਆਂ ਹਨ। ਸਿਆਸਤਦਾਨਾਂ ਨੇ ਰਵਾਇਤੀ ਕਹਾਣੀ ਦੇ ਹੱਕ ਵਿਚ ਕਾਨੂੰਨ ਪੈਦਾ ਕਰ ਦਿੱਤੇ ਹਨ। ਅਮੀਰ ਅਤੇ ਸ਼ਕਤੀਵਰ ਤਾਕਤਾਂ ਨੂੰ ਵੀ ਇਹ ਚੰਗਾ ਜਾਪਦੈ ਕਿ ਮਾਮਲੇ ਨੂੰ ਜਿਉਂ ਦਾ ਤਿਉਂ ਰੱਖਿਆ ਜਾਵੇ ਅਤੇ ਬਹਿਸ ਬਿਲਕੁਲ ਨਾ ਹੋਵੇ। ਜਿਹੜਾ ਵੀ ਖੋਜ ਰਾਹੀਂ ਸੱਚ ਤਕ ਪਹੁੰਚਣਾ ਚਾਹੁੰਦਾ ਹੈ, ਉਸ ਦਾ ਮਾਇਕ ਨੌਮੂਣਾ ਖੁੱਸ ਜਾਂਦਾ ਹੈ ਅਤੇ ਨੌਕਰੀ ਤੋਂ ਵੀ ਧੱਕਾ ਮਿਲ ਜਾਂਦਾ ਹੈ।

ਜੁਰਮ ਖੋਜੀ (ਫੋਰੈਂਜ਼ਿਕ) ਇਤਿਹਾਸਕਾਰਾਂ ਲਈ ਤਾਂ ਖੋਜ ਦਾ ਕੋਈ ਵਿਸ਼ਾ ਹੋਣਾ ਚਾਹੀਦੈ। "ਸਮੂਹਿਕ ਕਬਰਾਂ ਦੇ ਜਾਦੂਈ ਢੰਗ ਨਾਲ ਗ਼ਾਇਬ ਹੋਣ" ਨਾਲੋਂ ਵਧੀਕ ਰੌਚਕ ਵਿਸ਼ਾ ਕਿਹੜਾ ਹੋ ਸਕਦੈ, ਜੁਰਮ ਖੋਜੀਆਂ ਲੲੀ। ਜਦੋਂ ਉਹ ਮੈਦਾਨ ਵਿਚ ਖੋਜ ਲਈ ਆਉਂਦੇ ਹਨ ਤਾਂ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਂਦੈ। ਨੈਸ਼ਨਲ ਐਸੋਸੀਏਸ਼ਨ ਆਫ਼ ਫੋਰੈਂਜ਼ਿਕ ਹਿਸਟੋਰੀਅਨਜ਼ ਕਹਿੰਦੇ ਹਨ: "ਪੋਲੈਂਡ ਅੰਦਰ ਸਭ ਤੋਂ ਵੱਡੀ ਦੱਬਣਗਾਹ/ਮੜ੍ਹੀ ਐਨੇ ਵੱਡੇ ਟੋਏ...ਬਿਲਕੁਲ ਸਾਫ਼ ਕਰ ਦਿੱਤੇ ਗਏ...ਨਾਮ ਮਾਤਰ ਵੀ ਕੁਝ ਨਹੀਂ ਬਚਿਆ।" ਇਹ ਕਿਵੇਂ ਹੋ ਸਕਦੈ ਕਿ ਏਡਾ ਵੱਡਾ ਜੁਰਮ ਹੋ ਜਾਵੇ ਅਤੇ ਕੋਈ ਨਿਸ਼ਾਨੀ ਵੀ ਨਾ ਛੱਡ ਜਾਵੇ। ਇਕ ਫੁੱਟਬਾਲ ਦੇ ਮੈਦਾਨ ਜਿੱਡੀ ਥਾਂ ਵਿਚ ਲੱਖਾਂ ਹੀ ਲੋਕ ਮਾਰ ਕੇ ਸਾੜ ਦਿੱਤੇ ਜਾਣ ਅਤੇ ਕੇਵਲ ਮਿੱਟੀ ਦੀ ਇਕ ਤਹਿ ਹੇਠ ਹੀ ਸਾਰਾ ਜੁਰਮ ਛੁਪ ਜਾਵੇ, ਬਲਕਿ ਜਾਦੂਮਈ ਢੰਗ ਨਾਲ ਗ਼ਾਇਬ ਹੀ ਹੋ ਜਾਵੇ, ਇਹ ਤਾਂ ਸਰਾਸਰ ਬੱਚਿਆਂ ਵਾਲੀ ਗੱਲ ਹੈ। ਹਰ ਸਸਕਾਰੀ ਲਾਸ਼ ਨੇ ਦੋ ਕਿਲੋ ਹੱਡੀਆਂ ਅਤੇ ਦੰਦਾਂ ਦੇ ਫੁੱਲ ਅਤੇ ਉਸ ਉੱਤੇ ਖ਼ਰਚੇ ਗਏ ਸੱਤ ਮਣ ਬਾਲਣ ਨੇ ਆਪਣੀ ਸਵਾਹ ਛੱਡਣੀ ਹੈ। ਉਨ੍ਹਾਂ ਦੀ ਕੁੱਲ ਮਾਤਰਾ 8·5 ਲੱਖ ਗੁਣਾ ਕਰ ਕੇ ਸੋਚ ਲਵੋ।

ਪੋਲੈਂਡ ਦੇ ਚਾਰਾਂ ਮੌਤ-ਕੈਂਪਾਂ ਵਿਚ ਕੁੱਲ 54 ਸਮੂਹਿਕ ਕਬਰਾਂ ਦੱਸੀਆਂ ਜਾਂਦੀਆਂ ਸਨ, ਜੋ ਜਾਦੂਈ ਢੰਗ ਨਾਲ ਅਦਿੱਖ ਹੋ ਗਈਆਂ। ਸਾਨੂੰ ਪੜ੍ਹਾਇਆ ਜਾਂਦਾ ਹੈ ਕਿ ਓਥੇ ਉੱਨੀ ਲੱਖ ਲੋਕਾਂ ਦਾ ਸਫ਼ਾਇਆ ਹੋਇਆ। ਨੈਸ਼ਨਲ ਐਸੋਸੀਏਸ਼ਨ ਆਫ਼ ਫੋਰੈਂਜ਼ਿਕ ਹਿਸਟੋਰੀਅਨ ਮੁਤਾਬਕ ਉਨ੍ਹਾਂ 54 ਕਬਰਾਂ ਵਿਚ ਇਕ ਕਰੋੜ ਤੀਹ ਲੱਖ ਪੌਂਡ ਇਨਸਾਨੀ ਹੱਡੀਆਂ/ਫੁੱਲ ਅਤੇ ਕਰੀਬ ਛੇ ਕਰੋੜ ਦੰਦ ਹੋਣੇ ਚਾਹੀਦੇ ਹਨ। ਸੰਸਥਾ ਨੇ 54,000 ਅਮਰੀਕਨ ਡਾਲਰਾਂ ਦਾ ਇਨਾਮ ਰੱਖਿਆ ਹੈ, ਜੇ ਕੋਈ ਦੱਬੀ ਹੋਈ ਇਨਸਾਨੀ ਸਮੱਗਰੀ ਵਿੱਚੋਂ ਇਕ ਫ਼ੀਸਦੀ ਦਾ 1000ਵਾਂ ਹਿੱਸਾ ਵੀ ਲੱਭ ਕੇ ਵਿਖਾ ਦੇਵੇ ਤਾਂ...।

ਟ੍ਰੇਬਲਿੰਕਾ ਸਾਕੇ ਦੀ ਯਾਦ ਵਿਚ ਓਥੇ ਉੱਚੀ ਹਰਿਆਵਲ ਦੇ ਵਿਚਕਾਰ ਇਕ ਅਦਭੁੱਤ ਯਾਦਗਾਰ ਕਾਇਮ ਕੀਤੀ ਗਈ ਹੈ। ਏਥੇ ਇਕ ਗੋਲ ਚੱਕਰ ਦੀ ਸ਼ਕਲ ਵਿਚ ਸੀਮੇਂਟ ਤੋਂ ਬਣੇ ਵੱਖ-ਵੱਖ ਰੰਗਾਂ ਅਤੇ ਸ਼ਕਲਾਂ ਦੇ 17,000 ਪੱਥਰ ਸਜਾਏ ਗਏ ਹਨ। 130 ਪੱਥਰਾਂ ਦੇ ਉੱਤੇ ਸ਼ਹਿਰਾਂ ਦੇ ਨਾਂ ਲਿਖੇ ਹੋਏ ਹਨ, ਜਿਥੋਂ ਦੇ ਵਸਨੀਕ ਏਥੇ ਮਾਰੇ ਗਏ। ਮਹਿਮਾਨਾਂ/ਯਾਤਰੂਆਂ ਲਈ ਬਣੇ ਪੈਂਫ਼ਲਿਟ ਵਿਚ ਇੰਜ ਲਿਖਿਆ ਹੈ: "ਟ੍ਰੇਬਲਿੰਕਾ ਦੇ ਅੰਦਰ ਇਹ ਮਹਾਨ ਸਮਾਰਕ ਉਨ੍ਹਾਂ ਪੋਲਿਸ਼/ਪੋਲਈ ਲੋਕਾਂ ਲਈ ਸ਼ਰਧਾਂਜਲੀ ਹੈ, ਜਿਨ੍ਹਾਂ ਦੀ ਰਾਖ਼, ਕੰਕਰੀਟ ਦੀਆਂ ਪਲੇਟਾਂ ਤੋਂ ਬਣੇ, ਮੜ੍ਹੀਆਂ ਦੇ ਵਿਸ਼ਾਲ ਚਿੰਨ੍ਹਾਂ ਦੇ ਥੱਲੇ ਹੈ। ਪੋਲੈਂਡ ਦੇ ਅੰਦਰ ਇਹ ਇਕ ਅਤਿਅੰਤ ਦੁਖਾਂਤ ਨਾਲ ਭਰਿਆ ਸਮਾਰਕ ਹੈ।" ਇਸੇ ਗੋਲ ਮੜ੍ਹੀ ਇਲਾਕੇ ਦੇ ਵਿਚਕਾਰ ਇਕ 24 ਫ਼ੁੱਟ ਉੱਚਾ ਗ੍ਰੇਨਾਈਟ ਪੱਥਰ ਦਾ ਮਾਨੂਮੈਂਟ ਹੈ, ਜੋ ਕਬਰ ਦੇ ਉੱਤੇ ਰੱਖੇ ਇਕ ਭਾਰੀ ਪੱਥਰ ਨੂੰ ਦਰਸਾਉਂਦਾ ਹੈ। ਟ੍ਰੇਬਲਿੰਕਾ ਯਾਦਗਾਰ 1959 ਤੋਂ 1963 ਵਿਚਕਾਰ ਉਸਾਰੀ ਗਈ। ਪੱਥਰਾਂ ਦੀ ਮਦਦ ਨਾਲ ਇਕ ਵਿਸ਼ਾਲ ਚਿਤਾ ਅਤੇ ਇਕ ਸਮੂਹਿਕ ਕਬਰ ਨੂੰ

ਦਰਸਾਇਆ ਗਿਆ ਹੈ। ਤਸਵੀਰਾਂ ਵੇਖ ਕੇ ਬੰਦਾ ਭਾਵੁਕ ਹੋ ਆਪ-ਮੁਹਾਰੇ ਅੱਥਰੂ ਵਹਾਉਣ ਲਈ ਤਿਆਰ ਹੋ ਜਾਂਦਾ ਹੈ।

ਐਨਸਾਈਕਲੋਪੀਡੀਆ ਆਫ਼ ਹੋਲੋਕਾਸਟ (1997) ਲਿਖਦਾ ਹੈ : "ਜੁਲਾਈ 1942 ਅਤੇ ਅਪ੍ਰੈਲ 1943 ਵਿਚਕਾਰ ਟ੍ਰੇਬਲਿੰਕਾ ਵਿਚ 8,70,000 ਲੋਕ ਮਾਰ ਕੇ ਦੱਬ ਦਿੱਤੇ ਗਏ। ਇਸ ਉਪਰੰਤ ਅਪ੍ਰੈਲ ਅਤੇ ਜੁਲਾਈ 1943 ਵਿਚਕਾਰ ਲੱਖਾਂ ਹੀ ਲਾਸ਼ਾਂ ਕੱਢ ਲਈਆਂ ਗਈਆਂ ਅਤੇ ਦੋ-ਢਾਈ ਹਜ਼ਾਰ ਦੇ ਜਥਿਆਂ ਵਿਚ 'ਰੇਲਵੇ ਟਾਈ' ਦੇ ਜਾਲ ਉੱਤੇ ਸਾੜ ਦਿੱਤੀਆਂ ਗਈਆਂ।"

ਅਕਤੂਬਰ 1999 ਵਿਚ ਇਕ ਆਸਟ੍ਰੇਲੀਆਈ ਵਿਗਿਆਨਕ, ਰਿਚਰਡ ਕ੍ਰੇਗ, ਇਕ ਸਨਦ-ਯਾਫ਼ਤਾ ਇਲੈਕਟ੍ਰਾਨਿਕ ਇੰਜੀਨੀਅਰ, ਟ੍ਰੇਬਲਿੰਕਾ ਦਾ ਅਧਿਐਨ ਕਰਨ ਆਇਆ। ਉਹ ਆਪਣੇ ਨਾਲ ਅਤਿ ਸੂਖਮ ਧਰਤੀ ਜਾਂਚਣ ਵਾਲਾ ਰਾਡਾਰ ਲੈ ਕੇ ਗਿਆ। ਉਸ ਯੰਤਰ ਨੂੰ ਕਹਿੰਦੇ ਹਨ, 'ਗਰਾਊਂਡ ਪੈਨੀਟ੍ਰੇਸ਼ਨ ਰੇਡਾਰ' ਜਾਂ ਕੇਵਲ ਜੀ.ਪੀ.ਆਰ.। 'ਜੀ.ਪੀ.ਆਰ.' ਧਰਤੀ ਵੱਲ ਸਿੱਧੇ ਸੰਕੇਤ ਭੇਜਦਾ ਹੈ, ਜਿਨ੍ਹਾਂ ਨੂੰ ਕੰਪਿਊਟਰ ਸਕਰੀਨ ਉੱਤੇ ਵੇਖਿਆ ਜਾਂਦਾ ਹੈ। 'ਜੀ.ਪੀ.ਆਰ.' ਦੇ ਨਾਲ ਚਾਰ, ਪੰਜ ਜਾਂ ਕਈ ਵਾਰ 10 ਮੀਟਰ ਤਕ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਕ੍ਰੇਗ ਦੀ ਟੀਮ ਨੇ ਧਰਤੀ ਦਾ ਨਿਰੀਖਣ ਕੀਤਾ ਅਤੇ ਡਰਿੱਲ ਦੀ ਮਦਦ ਦੇ ਨਾਲ ਧਰਤੀ ਹੇਠੋਂ ਚੋਖੇ ਨਮੂਨੇ/ਸੈਂਪਲ ਕੱਢੇ, ਜਿਨ੍ਹਾਂ ਨੂੰ ਲਿਬਾਰਟਰੀ ਵਿਚ ਘੋਖਿਆ ਗਿਆ।

ਕ੍ਰੇਗ ਦੀ ਟੀਮ ਨੇ ਕੁੱਲ ਟ੍ਰੇਬਲਿੰਕਾ ਕੈਂਪ ਅਤੇ ਉਸ ਦੇ ਆਲੇ-ਦੁਆਲੇ ਦਾ ਮੁਆਇਨਾ/ਨਿਰੀਖਣ ਕੀਤਾ। ਉਸ ਦੀ ਟੀਮ ਨੂੰ ਕੁੱਲ ਇਲਾਕੇ ਵਿਚ ਇਕ ਵੀ ਥਾਂ ਨਹੀਂ ਲੱਭੀ, ਜਿਥੋਂ ਦੀ ਮਿੱਟੀ ਦੀ ਕਿਸੇ ਵੀ ਤਰ੍ਹਾਂ ਹਿਲਜੁਲ ਹੋਈ ਹੋਵੇ, ਕਬਰਾਂ ਦੀ ਤਾਂ ਗੱਲ ਹੀ ਛੱਡ ਦੇਵੋ। ਨਾ ਹੀ ਉਨ੍ਹਾਂ ਨੂੰ ਕੋਈ ਨਿੱਜੀ ਕਬਰ, ਕੋਈ ਹੱਡੀ ਦਾ ਟੁੱਕੜਾ, ਕੋਈ ਇਨਸਾਨੀ ਰਾਖ/ਫੁੱਲ ਜਾਂ ਕੋਈ ਲੱਕੜ ਦੀ ਸਵਾਹ ਲੱਭੀ।

ਕ੍ਰੇਗ ਦਾ ਕਹਿਣਾ ਹੈ ਕਿ ਉਸ ਦੀ ਖੋਜ ਦੱਸਦੀ ਹੈ ਕਿ ਟ੍ਰੇਬਲਿੰਕਾ ਕੈਂਪ ਟਿਕਾਣੇ ਉੱਤੇ ਕਦੇ ਵੀ ਕੋਈ ਸਮੂਹ ਕਬਰਾਂ ਨਹੀਂ ਸਨ। ਉਸ ਦਾ ਕਹਿਣਾ ਹੈ ਕਿ ਹੋਰਨਾਂ ਨੂੰ ਵੀ ਏਸ ਖੋਜ ਵਿਚ ਜੁੜਨਾ ਚਾਹੀਦਾ ਹੈ। ਕਹਿੰਦਾ ਹੈ : "ਇਤਿਹਾਸਕਾਰ ਕਹਿੰਦੇ ਹਨ ਕਿ 1943 ਵਿਚ, ਏਥੇ ਕਬਰਾਂ ਵਿੱਚੋਂ ਪੁੱਟ ਕੇ ਲੋਕਾਂ ਨੂੰ ਸਾੜਿਆ ਗਿਆ ਪਰ ਸਾਨੂੰ ਕੋਈ ਸੰਕੇਤ ਨਹੀਂ ਮਿਲਿਆ ਜੋ ਸਮੂਹ ਕਬਰਾਂ ਦਾ ਸੰਕੇਤ ਦੇਵੇ", ਉਹ ਕਹਿੰਦਾ ਹੈ : "ਮੇਰਾ ਜ਼ਾਤੀ ਖ਼ਿਆਲ ਇਹ ਹੈ ਕਿ ਏਥੇ ਕੋਈ ਘੋਰ ਨਰਸੰਘਾਰ ਜੇਹਾ ਕੁਝ ਨਹੀਂ ਵਾਪਰਿਆ।"

ਟ੍ਰੇਬਲਿੰਕਾ ਦੇ ਫੁੱਟਬਾਲ ਜਿੱਡੇ ਮੈਦਾਨ ਵਿਚ ਜੇ ਐਨਾ ਕੁਝ ਵਾਪਰਿਆ, ਜਿਸ ਦਾ ਨਾਂ-ਨਿਸ਼ਾਨ ਵੀ ਨਹੀਂ ਲੱਭ ਰਿਹਾ ਤਾਂ ਇੱਕੋ ਹੀ ਨਤੀਜਾ ਨਿਕਲਦਾ ਹੈ – ਮਹਾਨ ਮ੍ਰਿਤਕ ਰੂਹਾਂ ਸਰੀਰਾਂ ਨੂੰ ਨਾਲ ਹੀ ਲੈ ਗਈਆਂ ਅਤੇ ਜਾਂਦਿਆਂ-ਜਾਂਦਿਆਂ ਧਰਤੀ ਨੂੰ ਵੀ ਵਾਪਸ ਸਵਾਰਦੀਆਂ ਗਈਆਂ।

ਛੇ ਮਿਲੀਅਨ ਦੀ ਅਸਚਰਜ ਕਥਾ/ਮੁਰਦੇ ਨਹੀਂ ਬੋਲਦੇ

ਲੇਖ ਦੇ ਆਰੰਭ ਵਿਚ ਤਿੰਨ ਲਫ਼ਜ਼ਾਂ ਨੂੰ ਸਹੀ ਢੰਗ ਨਾਲ ਸਮਝ ਲੈਣਾ ਜ਼ਰੂਰੀ ਹੈ। ਉਹ ਲਫ਼ਜ਼ ਹਨ : 'ਹੋਲੋਕਾਸਟ', 'ਜੈਨੋਸਾਈਡ' ਅਤੇ 'ਐਂਟੀਸੈਮਿਟਿਜ਼ਮ'।

ਹੋਲੋਕਾਸਟ ਇਕ ਪੁਰਾਤਨ ਯੂਨਾਨੀ/ਗ੍ਰੀਕ ਸ਼ਬਦ ਹੈ, ਜਿਸ ਵਿਚਲੇ ਹੋਲੋ ਦਾ ਅਰਥ ਹੈ ਕੁਝ ਪੂਰਨ ਜਾਂ ਸੰਪੂਰਨ। ਕਾਸਟ ਦਾ ਅਰਥ ਹੈ ਅੱਗ ਨਾਲ ਸਾੜ ਦੇਣਾ। ਹੋਲੋਕਾਸਟ ਪੁਰਾਣੇ ਸਮੇਂ ਦੇ ਦੇਸੀ ਯੂਰਪੀਆਂ ਦੇ ਉਸ ਰਿਵਾਜ ਨੂੰ ਕਹਿੰਦੇ ਸਨ, ਜਿਸ ਵਿਚ ਉਹ ਆਪਣੇ ਦੇਵਤੇ ਦੀ ਆਰਾਧਨਾ ਵਿਚ ਜਿਉਂਦੇ ਬੱਚੇ ਸਾੜ ਦਿੰਦੇ ਸਨ। ਅੱਜ ਇਹ ਜਾਣਨਾ ਤਾਂ ਸੌਖਾ ਨਹੀਂ ਕਿ ਸਾੜੇ ਜਾਣ ਵਾਲੇ ਬੱਚੇ ਚੰਗੇ/ਸਾਧਾਰਨ ਹੁੰਦੇ ਸਨ ਜਾਂ ਜਮਾਂਦਰੂ ਅਸਾਧਾਰਨ/ਰੋਗੀ ਹੁੰਦੇ ਸਨ। ਇਸ ਰਿਵਾਜ ਦਾ ਅੱਜ ਤੋਂ 60 ਸਾਲ ਪਹਿਲਾਂ ਲਾਮਿਆਂ ਦੇ ਤਿੱਬਤ ਨਾਲ ਟਾਕਰਾ ਕੀਤਾ ਜਾ ਸਕਦਾ ਹੈ। ਤਿੱਬਤ ਵਿਚ ਜੁੜਵੇਂ ਬੱਚਿਆਂ ਦੇ ਜਨਮ ਨੂੰ ਅਪਸ਼ਗਨ ਸਮਝਿਆ/ਆਖਿਆ ਜਾਂਦਾ ਸੀ ਅਤੇ ਜਨਣੀ ਨੂੰ ਬੱਚਿਆਂ ਸਮੇਤ ਜ਼ਿੰਦਾ ਸਾੜ ਕੇ ਮਾਰ ਦਿੱਤਾ ਜਾਂਦਾ ਸੀ। ਭਾਰਤ ਅੰਦਰਲੇ ਕਈ ਤਾਂਤਰਿਕ ਅਜਿਹੇ ਕੰਮ ਅੱਜ ਵੀ ਕਰੀ ਜਾਂਦੇ ਹਨ।

ਲਫ਼ਜ਼ ਹੋਲੋਕਾਸਟ ਪਹਿਲੀ ਵਾਰ 1919 ਵਿਚ ਪਹਿਲੀ ਵਿਸ਼ਵ ਜੰਗ ਦੇ ਖ਼ਾਤਮੇ ਪਿੱਛੋਂ ਵਰਤਿਆ ਗਿਆ ਤੇ ਫਿਰ ਅਖ਼ਬਾਰਾਂ ਅੰਦਰ ਬਾਰ ਬਾਰ ਉਛਾਲਿਆ ਗਿਆ। ਅਖੇ 'ਛੇ ਮਿਲੀਅਨ ਯਹੂਦੀ, ਇਸ ਵੇਲੇ ਯੂਰਪ ਅੰਦਰ ਹੋਲੋਕਾਸਟ ਵਿਚ ਮਾਰੇ ਜਾ ਰਹੇ ਹਨ।' ਥੋੜ੍ਹੇ ਹੀ ਚਿਰ ਪਿੱਛੋਂ ਰਹਿ ਚੁੱਕੇ ਨਿਊਯਾਰਕ ਦੇ ਯਹੂਦੀ ਗਵਰਨਰ ਨੇ ਵੀ ਏਹੀ ਕਿਹਾ। ਕੁਦਰਤੀ ਤੌਰ ਉੱਤੇ ਛੇ ਮਿਲੀਅਨ ਯਹੂਦੀਆਂ ਦਾ ਹੋਲੋਕਾਸਟ ਲੋਕਾਂ ਦੇ ਜ਼ਿਹਨਾਂ ਉੱਤੇ ਛਪਣਾ ਸ਼ੁਰੂ ਹੋ ਗਿਆ। ਤੀਹ ਸਾਲਾਂ ਪਿੱਛੋਂ ਸੋਵੀਅਤ ਯਹੂਦੀ ਨਾਵਲਕਾਰ ਇਲੀਆ ਅਹਿਰਨਬਰਗ ਨੇ 1942 ਵਿਚ ਲਿਖਿਆ ਕਿ ਜਰਮਨੀ ਵਿਚ ਛੇ ਮਿਲੀਅਨ ਯਹੂਦੀ ਮਾਰੇ ਜਾ ਚੁੱਕੇ ਹਨ। ਜਦੋਂ ਇਹ ਇਲਜ਼ਾਮ ਲਗਾਇਆ ਗਿਆ ਉਸ ਵੇਲੇ ਤਕ ਤਾਂ ਇਕ ਵੀ ਯਹੂਦੀ ਬੰਦੀਖ਼ਾਨੇ ਵਿਚ ਨਹੀਂ ਭੇਜਿਆ ਗਿਆ ਸੀ। ਜੰਗ ਦੇ ਖ਼ਾਤਮੇ ਤੋਂ ਪਹਿਲਾਂ 4 ਜਨਵਰੀ, 1945 ਨੂੰ ਅਹਿਰਨਬਰਗ ਨੇ *ਸੋਵੀਅਤ ਨਿਊਜ਼ ਵੀਕਲੀ* ਵਿਚ ਲਿਖਿਆ : "ਦੁਨੀਆਂ ਹੁਣ ਜਾਣਦੀ ਹੈ ਕਿ ਜਰਮਨੀ ਨੇ 6 ਮਿਲੀਅਨ ਯਹੂਦੀ ਮਾਰੇ ਹਨ।" ਉਸ ਸਮੇਂ ਜੰਗ ਦੇ ਨਾਲ ਹਰ ਪਾਸੇ ਉੱਥਲ ਪੁੱਥਲ ਹੋਈ ਪਈ ਸੀ ਤਾਂ ਇਹ ਅੰਕੜੇ ਉਸ ਨੂੰ ਕਿਥੋਂ ਮਿਲ ਗਏ ? ਪਰ ਅਹਿਰਨਬਰਗ ਦੇ ਛੇ ਮਿਲੀਅਨ ਪੱਥਰ ਉੱਤੇ ਲਕੀਰ ਬਣ ਗਏ। ਜੰਗੀ ਵਕਤਾਂ ਦੀ ਵੈਰ ਦੀ ਹਵਾ ਅੰਦਰ ਹਰ ਕੋਈ ਛੇ ਮਿਲੀਅਨ,

ਛੇ ਮਿਲੀਅਨ ਰਟੀ ਗਿਆ। ਸੱਠ ਸਾਲਾਂ ਤੋਂ ਉਪਰ ਸਮਾਂ ਬੀਤਣ ਉੱਤੇ ਵੀ ਮਰੇ ਹੋਏ ਲੋਕਾਂ ਦੀ ਕੋਈ ਲਿਸਟ ਨਹੀਂ ਬਣੀ। ਕਈ ਖੋਜੀਆਂ ਨੇ ਦੂਜੀ ਵਿਸ਼ਵ ਜੰਗ ਦੀ ਖੋਜ ਕਰਦੇ ਇਹ ਖ਼ਿਆਲ ਪ੍ਰਗਟ ਕੀਤਾ ਹੈ ਕਿ ਪੰਜ ਸਾਲਾਂ ਦੀ ਦੂਜੀ ਵਿਸ਼ਵ ਜੰਗ ਅੰਦਰ ਕੁੱਲ ਇਕ ਮਿਲੀਅਨ ਯਹੂਦੀ ਮਰੇ ਹੋ ਸਕਦੇ ਹਨ।

ਜੰਗ ਤੋਂ ਪਹਿਲਾਂ 1938 ਵਿਚ ਅਮਰੀਕਨ ਜਿਊਇਸ਼ ਐਸੋਸੀਏਸ਼ਨ ਨੇ ਦੁਨੀਆਂ ਭਰ ਦੇ ਯਹੂਦੀਆਂ ਦੀ ਜਨਗਣਨਾ ਕਰ ਕੇ ਉਨ੍ਹਾਂ ਦੀ ਗਿਣਤੀ 1,57,48,091 ਮੰਨੀ। ਜੰਗ ਖ਼ਤਮ ਹੋਣ ਤੋਂ ਤਿੰਨ ਸਾਲ ਪਿੱਛੋਂ 1948 ਵਿਚ ਇਹ ਜਨਗਣਨਾ ਫਿਰ ਕੀਤੀ ਗਈ ਤਾਂ ਦੁਨੀਆਂ ਅੰਦਰ 1,57,53,638 ਯਹੂਦੀ ਪਾਏ ਗਏ। ਏਥੋਂ ਪਤਾ ਚੱਲਿਆ ਕਿ ਗਿਣਤੀ ਘਟੀ ਨਹੀਂ, ਰਤਾ ਕੁ ਵੱਧ ਹੀ ਸੀ। ਜਨਗਣਨਾ ਦੇ ਅੰਕੜੇ ਭਰੋਸੇਯੋਗ ਹਨ, ਕਿਉਂਕਿ ਅਮਰੀਕਨ ਜਿਊਇਸ਼ ਐਸੋਸੀਏਸ਼ਨ ਦੇ ਆਪਣੇ ਹਨ। ਜੇ ਕਥਿਤ ਛੇ ਮਿਲੀਅਨ ਮਾਰ ਦਿੱਤੇ ਗਏ ਹੁੰਦੇ ਤਾਂ ਏਡਾ ਵੱਡਾ ਖੱਪਾ, ਜੰਗ ਪਿੱਛੋਂ ਤਿੰਨ ਸਾਲਾਂ ਵਿਚ ਕਿਵੇਂ ਭਰਿਆ ਜਾ ਸਕਦਾ ਸੀ ?

ਜੰਗ ਵਿਚ ਜਦੋਂ ਮਾਸੂਮ ਲੋਕ ਮਾਰੇ ਜਾਂਦੇ ਹਨ ਤਾਂ ਉਸ ਨੂੰ 'ਇਨੋਸੈਂਟੀਸਾਈਡ' ਜਾਂ 'ਮਾਸੂਮਾਂ ਦਾ ਕਤਲ' ਕਿਹਾ ਜਾ ਸਕਦਾ ਹੈ। ਉਨ੍ਹਾਂ ਮਾਸੂਮਾਂ ਵਿਚ ਯਹੂਦੀਆਂ ਸਮੇਤ ਕੁੱਲ ਦੇਸਾਂ ਦੇ, ਧਰਮਾਂ ਦੇ ਲੋਕ ਆ ਜਾਂਦੇ ਹਨ। 13 ਅਪ੍ਰੈਲ 1945 ਦੀ ਰਾਤ ਨੂੰ ਅਮਰੀਕਾ ਅਤੇ ਇੰਗਲੈਂਡ ਵੱਲੋਂ ਜਰਮਨੀ ਦੇ ਡ੍ਰੈਸਡਨ ਸ਼ਹਿਰ ਉੱਤੇ 10,000 ਟਨ ਅਗਨੀ ਬੰਬ ਸੁੱਟ ਕੇ ਘੱਟੋ-ਘੱਟ ਚਾਲ੍ਹੀ ਹਜ਼ਾਰ ਜਾਂ ਉਸ ਤੋਂ ਕਿਤੇ ਵੱਧ ਲੋਕ ਅੱਗ ਵਿਚ ਜ਼ਿੰਦਾ ਸਾੜ ਦਿੱਤੇ ਗਏ। ਇਹ ਵੀ ਇਕ ਮਹਾਨ ਮਾਸੂਮਾਂ ਦਾ ਕਤਲ ਸੀ, ਜਿਸ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਹੈ। ਜ਼ੀਓਨਿਸਟਾਂ ਯਹੂਦੀਆਂ ਨੇ ਆਪਣੇ ਮਰਿਆਂ ਲਈ ਇਕ ਵੱਖਰਾ ਹੀ ਲਫ਼ਜ਼ ਘੜਿਆ ਹੈ : "ਜੈਨੋਸਾਈਡ"। ਜੈਨੋਸਾਈਡ ਦੇ ਘੇਰੇ ਵਿਚ ਕੇਵਲ ਯਹੂਦੀ ਹੀ ਰੱਖੇ ਗਏ, ਹੋਰ ਬੇਗੁਨਾਹ ਮਰੇ ਲੋਕ ਨਹੀਂ। ਕੀ ਹੀਰੋਸ਼ੀਮਾ ਨਾਗਾਸਾਕੀ ਦੇ ਵਸਨੀਕ ਅਤੇ ਜੰਗ ਦੇ ਹੋਰ ਖੇਤਰਾਂ ਵਿਚ ਬੇਅੰਤ ਬੇਗੁਨਾਹਾਂ ਦੇ ਕਤਲ, ਕਿਸੇ ਮੁਆਵਜ਼ੇ ਦੇ ਲਾਇਕ ਨਹੀਂ ਸਨ ? ਮੁਆਵਜ਼ਾ ਮਿਲਿਆ ਤਾਂ ਕੇਵਲ 'ਜੈਨੋਸਾਈਡ' ਦੇ ਨਾਂ ਉੱਤੇ ਇਸਰਾਈਲ ਦੇਸ (ਜਿਹੜਾ ਜੰਗ ਸਮੇਂ ਹੈ ਹੀ ਨਹੀਂ ਸੀ) ਅਤੇ ਯਹੂਦੀਆਂ ਨੂੰ। ਕੀ ਡ੍ਰੈਸਡਨ ਦੇ ਲੋਕਾਂ ਨੂੰ ਅੱਗ ਨਾਲ ਭੁੰਨ ਦੇਣਾ ਜੈਨੋਸਾਈਡ ਨਹੀਂ ਸੀ ? ਜੀ ਨਹੀਂ, 'ਜੈਨੋਸਾਈਡ' ਝੂਠ/ਕਹਾਣੀ ਤੋਂ ਲਾਭ ਲੈਣ ਦਾ ਹੱਕ ਕੇਵਲ ਇੱਕੋ ਇਕ ਚੁਣੇ ਦੇਸ ਇਸਰਾਈਲ ਅਤੇ ਯਹੂਦੀ ਲੋਕਾਂ ਦਾ ਹੀ ਹੈ। ਅਮਰੀਕਾ ਦੇ ਈਸਾਈ ਲੋਕ ਹਰ ਸਾਲ ਦੋ ਤਿੰਨ ਬਿਲੀਅਨ ਡਾਲਰ ਇਸਰਾਈਲ ਨੂੰ ਦੇ ਰਹੇ ਹਨ, ਜੋ ਕਥਿਤ ਈਸਾਈਆਂ ਵੱਲੋਂ (ਜਰਮਨ) ਯਹੂਦੀਆਂ ਦੇ ਘਾਣ/ਕਤਲੇਆਮ ਦੀ ਸਜ਼ਾ ਹੈ। ਈਸਾਈਆਂ ਨੂੰ ਬਾਰ ਬਾਰ ਯਾਦ ਕਰਵਾਇਆ ਜਾਂਦਾ ਹੈ ਕਿ ਉਹ ਦੋਸ਼ੀ ਹਨ 'ਜੈਨੋਸਾਈਡ' ਅਤੇ 'ਹੋਲੋਕਾਸਟ' ਲਈ। ਤੁਹਾਡਾ ਓਹੀ ਧਰਮ ਹੈ, ਓਹੀ ਕੌਮ ਹੈ ਜੋ ਜਰਮਨਾਂ ਦੀ ਸੀ, ਤੁਸੀਂ ਸਭ ਹੋਲੋਕਾਸਟ ਦੇ ਦੋਸ਼ੀ ਹੋ। ਜੇ ਕੋਈ ਵਿਅਕਤੀ ਜਾਂ ਗਰੁੱਪ ਏਸ ਜਬਰੀ ਜੁਰਮਾਨੇ ਦੇ ਖ਼ਿਲਾਫ਼ ਬੋਲਦਾ ਹੈ ਤਾਂ ਉਸ ਉੱਤੇ ਓਸੇ ਵੇਲੇ 'ਐਂਟੀ ਸੈਮੇਟਿਕ/ਯਹੂਦ ਵਿਰੋਧੀ' ਦਾ ਲੇਬਲ ਜੜ ਦਿੱਤਾ ਜਾਂਦਾ

ਹੈ। ਜਰਮਨੀ ਦੇਸ ਪਿਛਲੇ ਪੰਜਾਹ ਸਾਲਾਂ ਤੋਂ ਹਰ ਸਾਲ ਇਕ ਬਿਲੀਅਨ ਜੁਰਮਾਨਾ ਭਰਦਾ ਆ ਰਿਹਾ ਹੈ।

'ਛੇ ਮਿਲੀਅਨ' ਤਾਂ ਇਕ ਤਕੀਆ ਕਲਾਮ ਜਾਪਦਾ ਹੈ। ਉਂਨੀਵੀਂ ਸਦੀ ਦੇ ਅਖੀਰਲੇ ਸਾਲਾਂ ਤੋਂ ਇਸ ਮਨੌਤ ਦਾ ਪ੍ਰਚਾਰ ਚੱਲਦਾ ਰਿਹਾ ਹੈ ਕਿ ਯੂਰਪ ਅਤੇ ਰੂਸ ਅੰਦਰ ਛੇ ਮਿਲੀਅਨ ਯਹੂਦੀ ਮਰ ਚੁੱਕੇ ਹਨ, ਮਰ ਰਹੇ ਹਨ ਜਾਂ ਉਨ੍ਹਾਂ ਦੇ ਮਰਨ ਦਾ ਖ਼ਤਰਾ ਹੈ। ਯਹੂਦੀ 'ਤੋਰੇਤ' ਦੀਆਂ ਭਵਿੱਖ ਬਾਣੀਆਂ ਅਨੁਸਾਰ ਇਸਰਾਈਲ ਰਾਜ ਬਣਨ ਤੋਂ ਪਹਿਲਾਂ ਛੇ ਮਿਲੀਅਨ ਯਹੂਦੀਆਂ ਦਾ ਗ਼ਾਇਬ ਹੋ ਜਾਣਾ ਲਾਜ਼ਮੀ ਹੈ। ਭਵਿੱਖ ਬਾਣੀ ਨੇ ਇਹ ਵੀ ਕਿਹਾ ਕਿ ਛੇ ਮਿਲੀਅਨ ਨੂੰ ਅੱਗ ਦੀਆਂ ਭੱਠੀਆਂ ਵਿਚ ਗ਼ਾਇਬ ਹੋਣਾ ਪਵੇਗਾ। ਵੇਖੋ ਨਾ, ਛੇ ਮਿਲੀਅਨ ਗੈਸ ਨਾਲ ਮਾਰ ਕੇ ਅੱਗ ਦੀਆਂ ਭੱਠੀਆਂ ਵਿਚ ਸਾੜ ਜੁ ਦਿੱਤੇ ਗਏ! ਇੰਜ ਇਸਰਾਈਲ ਰਾਜ ਸਥਾਪਤ ਕਰਨਾ ਜਾਇਜ਼ ਹੋਇਆ ਨਾ! ਧਰਮ ਪੁਸਤਕ ਦੀ ਭਵਿੱਖ ਬਾਣੀ ਸੱਚ ਕਰ ਕੇ ਵਿਖਾਈ ਗਈ।

1900 – 11 ਜੂਨ, 1900 *ਨਿਊਯਾਰਕ ਟਾਈਮਜ਼* ਸਫ਼ਾ 7 ਉੱਤੇ ਰਾਬੀ (ਧਾਰਮਿਕ ਰੁਤਬਾ) ਵਾਈਜ਼ ਦੇ ਲੰਮੇ ਬਿਆਨ ਵਿਚ ਇਕ ਥਾਂ ਇਹ ਲਿਖਿਆ ਹੈ: "ਓਥੇ 60,00,000 ਜਿਊਂਦੇ ਖ਼ੂਨ ਵਹਾਉਂਦੇ ਦੁੱਖ ਝੇਲਦੇ ਲੋਕ, ਜ਼ੀਓਨਿਜ਼ਮ ਦੇ ਹੱਕ ਵਿਚ ਦਲੀਲਾਂ ਬਣ ਕੇ ਖੜੇ ਹਨ।"

1902 – *ਐਨਸਾਈਕਲੋਪੀਡੀਆ ਬ੍ਰਿਟੇਨਿਕਾ* ਦਸਵੀਂ ਛਾਪ ਵਿਚ 'ਐਂਟੀ ਸੈਮਿਟਿਜ਼ਮ' ਹੇਠਾਂ ਲਿਖਿਆ ਹੈ: "ਰੂਸ ਅਤੇ ਰੁਮਾਨੀਆ ਅੰਦਰ ਛੇ ਮਿਲੀਅਨ ਯਹੂਦੀ ਬੜੇ ਗਿਣੇ ਮਿਥੇ ਢੰਗ ਨਾਲ ਲਿਤਾੜੇ ਜਾ ਰਹੇ ਹਨ।"

1905 – *ਨਿਊਯਾਰਕ ਟਾਈਮਜ਼* 29 ਫ਼ਰਵਰੀ, 1905 ਨੂੰ ਇਕ ਯਹੂਦੀ ਪ੍ਰਚਾਰਕ ਦੇ ਬਿਆਨ ਵਿਚ ਲਿਖਿਆ ਹੈ ਕਿ "ਜੇ ਰੂਸ ਅੰਦਰ ਕਮਿਊਨਿਸਟ ਉਛਾਲਾ (ਯਹੂਦੀ ਅਗਵਾਈ ਹੇਠ) ਜ਼ਾਰ ਦੀ ਹਕੂਮਤ ਡੇਗਣ ਵਿਚ ਕਾਮਯਾਬ ਰਿਹਾ ਤਾਂ 60,00,000 ਯਹੂਦੀਆਂ ਨਾਲ ਹੱਸਦੇ ਖੇਡਦੇ ਰੂਸ ਅੰਦਰ ਜ਼ੀਓਨਿਜ਼ਮ (ਯਹੂਦੀ ਲਹਿਰ) ਦੀ ਲੋੜ ਨਹੀਂ ਰਹਿਣੀ।"

1906 – *ਨਿਊਯਾਰਕ ਟਾਈਮਜ਼* 25 ਜਨਵਰੀ, 1906 ਅਨੁਸਾਰ, ਰੂਸ ਅੰਦਰ ਕਮਿਊਨਿਸਟ ਉਛਾਲਾ ਫ਼ੇਲ੍ਹ ਹੋਣ ਪਿੱਛੋਂ, ਪ੍ਰਚਾਰਕ ਨਾਥਨ ਕਹਿੰਦਾ ਹੈ: "ਹੁਣ ਰੂਸ ਅੰਦਰ ਛੇ ਮਿਲੀਅਨ ਯਹੂਦੀ ਅਤਿਅੰਤ ਖ਼ਤਰੇ ਵਿਚ ਹਨ ਕਿਉਂਕਿ ਉਨ੍ਹਾਂ ਦੀ ਯੋਜਨਾਬੱਧ ਹੱਤਿਆ, ਸਰਕਾਰ ਦੀ ਨੀਤੀ ਹੈ। ਉਸ ਨੇ ਓਡੇਸਾ ਸ਼ਹਿਰ (ਹੁਣ ਯੂਕ੍ਰੇਨ ਅੰਦਰ) ਵਿਚ ਰਹਿੰਦੇ ਫ਼ੌਜੀਆਂ ਨੂੰ ਜ਼ਾਰ ਵਿਰੁੱਧ ਬਗ਼ਾਵਤ ਦੀ ਅਪੀਲ ਕੀਤੀ ਤਾਂ ਜੁ ਜ਼ਾਰ ਦੀ ਹਕੂਮਤ ਦੀ ਥਾਂ ਇਕ ਯਹੂਦੀ ਸਾਮਰਾਜ ਕਾਇਮ ਕੀਤਾ ਜਾਵੇ।" ਇਸ ਦੇ ਅੱਗੇ ਇਕ ਦਾਤਰੀ ਹਥੌੜੇ ਵਾਲਾ ਲਾਲ ਝੰਡਾ (ਜੋ ਅੱਗੋਂ ਚੱਲ ਕੇ ਸੋਵੀਅਤ ਸੰਘ ਦਾ ਬਣਿਆ) ਛਪਿਆ ਹੋਇਆ ਸੀ।

1910 – *ਅਮਰੀਕਨ ਜਿਊਇਸ਼ ਕਮੇਟੀ ਦੀ ਚੌਥੀ ਰਿਪੋਰਟ*, 13 ਨਵੰਬਰ, 1910 ਇੰਜ ਲਿਖਦੀ ਹੈ: "1860 ਤੋਂ ਰੂਸ ਨੇ ਪਲਾਨ ਬਣਾਇਆ ਹੈ ਕਿ ਛੇ ਮਿਲੀਅਨ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇ ਜਾਂ ਖ਼ਤਮ ਕਰ ਦਿੱਤੇ ਜਾਣ, ਜਿਨ੍ਹਾਂ

ਦਾ ਕੇਵਲ ਇਕ ਹੀ ਕਸੂਰ ਹੈ ਕਿ ਆਪਣੇ ਯਹੂਦੀ ਧਰਮ ਨੂੰ ਛੱਡ ਕੇ ਰੂਸ ਦੇ ਯੂਨਾਨੀ ਚਰਚ ਦੇ ਮੈਂਬਰ ਬਣਨ ਤੋਂ ਇਨਕਾਰੀ ਹਨ।" ਅੱਗੋਂ ਬੜੇ ਵਿਸਥਾਰ ਨਾਲ ਅੰਕਿਤ ਹੈ ਕਿ ਅਸਲ ਕਾਰਜ ਕਿਵੇਂ ਕੀਤਾ ਜਾਵੇਗਾ।

1911 — 'ਵਰਲਡ ਜ਼ੀਓਨਿਸਟ ਸੰਸਥਾ', ਥੀਓਡੋਰ ਹਰਜ਼ਲ ਦੇ ਨਾਲ ਮਿਲ ਕੇ ਸਥਾਪਤ ਕਰਨ ਵਾਲੇ ਮੈਕਸ ਨਾਰਡੂ ਨੇ, ਸਵਿਟਜ਼ਰਲੈਂਡ ਅੰਦਰ ਹੁੰਦੀ ਜ਼ੀਓਨਿਸਟ ਕਾਂਗਰਸ ਨੂੰ 'ਛੇ ਮਿਲੀਅਨ ਲੋਕਾਂ ਦੇ ਨਰ ਸੰਘਾਰ' ਦੀ ਤਾੜਨਾ ਕੀਤੀ। ਇਹ ਬਿਆਨ ਉਸ ਨੇ ਹਿਟਲਰ ਦੇ ਰਾਜ ਸੰਭਾਲਣ ਤੋਂ ਬਾਈ ਸਾਲ ਪਹਿਲਾਂ ਅਤੇ ਪਹਿਲੀ ਵਿਸ਼ਵ ਜੰਗ ਦੇ ਸ਼ੁਰੂ/ਆਗਾਜ਼ ਤੋਂ ਤਿੰਨ ਸਾਲ ਪਹਿਲਾਂ ਦਿੱਤਾ। ਹਿਟਲਰ ਓਦੋਂ 22 ਸਾਲ ਦਾ ਸੀ ਅਤੇ ਵੀਆਨਾ ਵਿਚ ਗਰੀਬਾਂ ਦੇ ਰੈਣ ਬਸੇਰੇ ਵਿਚ ਰਹਿੰਦਾ ਸੀ।

1917 — ਬ੍ਰਿਟਿਸ਼ ਸਰਕਾਰ ਅੰਦਰਲੀ ਯਹੂਦੀ ਲਾਬੀ ਨੇ ਬ੍ਰਿਟਿਸ਼ ਸਰਕਾਰ ਕੋਲੋਂ 'ਬਾਲਫੋਰ ਐਲਾਨ' ਕਰਵਾਇਆ, ਜਿਸ ਰਾਹੀਂ ਫ਼ਲਸਤੀਨ ਨੂੰ ਯਹੂਦੀਆਂ ਦੀ ਮਾਤਭੂਮੀ ਮੰਨ ਕੇ ਉਨ੍ਹਾਂ ਨੂੰ ਦੇਣ ਦਾ ਵਾਅਦਾ ਕੀਤਾ ਗਿਆ। ਏਸੇ ਹੀ ਸਾਲ ਯਹੂਦੀ 'ਲੀਓਨ ਟ੍ਰਾਟਸਕੀ' (ਅਸਲ ਨਾਂ ਲੀਵ ਬ੍ਰੋਨਸਟਿਨ) ਦੀ ਅਗਵਾਈ ਹੇਠ ਯਹੂਦੀ ਮਾਰਕਸਿਸਟਾਂ ਨੇ ਰੂਸ ਅੰਦਰ ਰਾਜ ਪਲਟਾ ਲਿਆ ਕੇ ਪਹਿਲਾ ਯਹੂਦੀ ਰਾਜ/ਦੇਸ 'ਸੋਵੀਅਤ ਯੂਨੀਅਨ' ਕਾਇਮ ਕੀਤਾ। ਜ਼ਾਰ ਨਿਕੋਲਸ, ਉਸ ਦੀ ਪਤਨੀ ਅਤੇ ਦੋ ਲੜਕੀਆਂ ਨੂੰ ਕਤਲ ਕਰ ਦਿੱਤਾ ਗਿਆ। ਕਮਿਊਨਿਸਟ ਯਹੂਦੀਆਂ ਨੇ ਅਗਲੇ 60 ਸਾਲਾਂ ਦੇ ਭਿਆਨਕ ਦਹਿਸ਼ਤੀ ਰਾਜ ਵਿਚ ਕਰੀਬ 4 ਤੋਂ 6 ਕਰੋੜ ਰੂਸੀ ਅਤੇ ਪੂਰਬੀ ਯੂਰਪੀ ਦੇਸਾਂ ਦੇ ਈਸਾਈ ਵਸਨੀਕਾਂ ਨੂੰ "ਗੁਲਾਗ ਪ੍ਰਣਾਲੀ" ਮੌਤ ਦੇ ਕੈਂਪਾਂ ਅਤੇ ਭੁੱਖ ਮਰੀ ਢੰਗਾਂ ਨਾਲ ਜਾਨੋਂ ਮਾਰ ਦਿੱਤਾ। 'ਇਨਕਲਾਬ' ਲਿਆਉਣ ਸਮੇਂ ਅਤੇ ਉਸ ਤੋਂ ਪਿੱਛੋਂ ਵੀ ਯਹੂਦੀ ਅੰਤਰਰਾਸ਼ਟਰੀ ਬੈਂਕਰਾਂ - ਸ਼ਿਫ, ਵਾਰਬਰਗ ਅਤੇ ਰੋਥਚਾਈਲਡ ਨੇ ਖੁੱਲ੍ਹ ਕੇ ਮਦਦ ਕੀਤੀ। ਇੰਜ ਸੋਵੀਅਤ ਰੂਸ ਦਾ ਤੇਜ਼ੀ ਨਾਲ ਸਨਅਤੀਕਰਨ ਹੋਇਆ।

1918 — ਬ੍ਰਿਟਿਸ਼ ਫ਼ੌਜਾਂ ਨੇ ਫ਼ਲਸਤੀਨ ਉੱਤੇ ਕਬਜ਼ਾ ਕਰ ਲਿਆ। ਅਖ਼ੀਰ ਉੱਤੇ ਅਰਬਾਂ ਦੀ ਮਰਜ਼ੀ ਦੇ ਖ਼ਿਲਾਫ਼ ਇਹ ਇਲਾਕਾ ਯਹੂਦੀਆਂ ਨੂੰ ਸੌਂਪ ਦਿੱਤਾ ਗਿਆ।

1919 — ਪਹਿਲੀ ਵਿਸ਼ਵ ਜੰਗ ਦੇ ਖ਼ਤਮ ਹੋਣ ਉੱਤੇ 'ਛੇ ਮਿਲੀਅਨ ਯਹੂਦੀਆਂ' ਦੇ ਹੋਲੋਕਾਸਟ ਦੀ ਗੱਲ ਉਭਾਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਕਿਸੇ ਨੇ ਧਿਆਨ ਨਹੀਂ ਦਿੱਤਾ। 31 ਅਕਤੂਬਰ, 1919 ਦੇ *ਅਮਰੀਕਨ ਹੀਬਰੀਊ* ਪਰਚੇ ਵਿਚ ਛੇ ਮਿਲੀਅਨ ਦਾ ਮਸਲਾ ਬਾਰ ਬਾਰ ਉਠਾਇਆ ਗਿਆ।

ਨਾਥਨ ਸਟ੍ਰਾਸ ਨੇ *ਸਾਨ ਫ਼ਰਾਂਸਿਸਕੋ ਕਰਾਨੀਕਲਜ਼* 19 ਅਕਤੂਬਰ, 1919 ਅੰਦਰ ਲਿਖਿਆ: "ਛੇ ਮਿਲੀਅਨ ਯਹੂਦੀ ਰੋਟੀ ਮੰਗਣ ਲਈ ਲਾਈਨਾਂ ਵਿਚ ਖੜੇ ਹਨ। ਸੋਚੋ ਜ਼ਰਾ, ਦੁਨੀਆਂ ਦੇ 16 ਮਿਲੀਅਨ ਯਹੂਦੀਆਂ ਵਿੱਚੋਂ ਛੇ ਮਿਲੀਅਨ ਯਹੂਦੀ ਅੱਜ ਯੂਰਪ ਵਿਚ ਭਿੱਖ-ਮੰਗੇ ਹਨ।"

18 ਸਤੰਬਰ, 1919 ਦੇ *ਨਿਊਯਾਰਕ ਟਾਈਮਜ਼* ਵਿਚ ਲਿਖਿਆ ਹੈ: "ਯੂਕ੍ਰੇਨ ਅਤੇ ਪੋਲੈਂਡ ਦੇ ਛੇ ਮਿਲੀਅਨ ਯਹੂਦੀਆਂ ਨੂੰ ਸੁਨੇਹਾ ਮਿਲ ਗਿਆ ਹੈ ਕਿ ਉਨ੍ਹਾਂ

ਨੂੰ ਪੂਰਨ ਰੂਪ ਵਿਚ ਮਿਟਾ ਦਿੱਤਾ ਜਾਵੇਗਾ, ਇਕ ਲੱਖ ਸਤਾਈ ਹਜ਼ਾਰ ਤਾਂ ਮਾਰ ਵੀ ਦਿੱਤੇ ਗਏ ਹਨ।"

ਯਹੂਦੀ ਬੋਲਸ਼ਵਿਕ ਇਨਕਲਾਬ ਦੇ ਵਿਰੋਧੀ ਸਫ਼ੇਦ ਰੂਸੀ, ਪਹਿਲੇ ਰਾਜ ਦੇ ਸਮਰਥਕਾਂ ਦਾ 1921 ਵਿਚ ਪੱਲੜਾ ਭਾਰੀ ਹੋਣ ਲੱਗਾ ਤਾਂ 20 ਜੁਲਾਈ, 1921 ਨੂੰ *ਨਿਊਯਾਰਕ ਟਾਈਮਜ਼* ਇੰਜ ਲਿਖਦਾ ਹੈ: "ਸੋਵੀਅਤ ਸ਼ਕਤੀ ਘਟਣ ਕਾਰਨ ਰੂਸ ਅੰਦਰ ਕੁੱਲ ਛੇ ਮਿਲੀਅਨ ਯਹੂਦੀਆਂ ਦੇ ਮੌਤ ਦੇ ਘਾਟ ਉਤਾਰੇ ਜਾਣ ਦਾ ਖ਼ਤਰਾ ਹੈ। ਮਦਦ ਮੰਗ ਰਹੇ ਹਨ।"

ਵੇਖੋ, ਛੇ ਮਿਲੀਅਨ ਕਿਵੇਂ ਚਿੱਚੜ ਵਾਂਗ ਚੰਬੜਿਆ ਰਿਹਾ ਹੈ। ਲੱਗਦਾ ਹੈ ਜ਼ੀਓਨਿਸਟਾਂ ਨੂੰ ਇਸ ਤੋਂ ਛੁੱਟ ਕੋਈ ਗਿਣਤੀ ਹੀ ਨਹੀਂ ਆਉਂਦੀ। ਅੱਗੇ ਵੇਖੀਏ ਇਹ ਚੱਕਰ ਕਿਵੇਂ ਚੱਲਦਾ ਹੈ।

1931 – 29 ਦਸੰਬਰ, 1931 ਦੀ ਅਖ਼ਬਾਰ ਲਿਖਦੀ ਹੈ: "ਯੂਰਪ ਦੇ ਹਾਲਾਤ ਬਹੁਤ ਖ਼ਰਾਬ ਹਨ। ਖ਼ਾਸ ਤੌਰ ਉੱਤੇ ਦੱਖਣੀ ਪੂਰਬੀ ਯੂਰਪ ਵਿਚ ਜਿਥੇ 'ਛੇ ਮਿਲੀਅਨ ਯਹੂਦੀ ਆਉਂਦੀਆਂ ਸਰਦੀਆਂ ਵਿਚ ਭੁੱਖ ਦਾ ਸਾਹਮਣਾ, ਬਲਕਿ ਇਸ ਤੋਂ ਵੀ ਵੱਧ ਮੁਸੀਬਤਾਂ ਝੱਲਣ ਲਈ ਮਜਬੂਰ ਹੋਣਗੇ। ਵਿਸ਼ਵ ਦੀ ਯਹੂਦੀਅਤ ਨੂੰ ਮਦਦ ਲਈ ਅਪੀਲ ਹੈ", ਆਦਿ।

1932 – ਯਹੂਦੀਆਂ ਦੇ ਹੱਥੋਂ ਨਰਸੰਘਾਰ ਕਿਵੇਂ ਹੋਇਆ ? ਸੋਵੀਅਤ ਖ਼ੁਫ਼ੀਆ ਪੁਲੀਸ ਨੂੰ ਚਲਾਉਣ ਵਾਲੇ ਸਨ ਬੋਲਸ਼ਵਿਕ ਯਹੂਦੀ, ਕਗਾਨੋਵਿਚ, ਯਗੋਦਾ, ਬੇਰੀਆ ਆਦਿ। ਯੂਕਰੇਨ ਅੰਦਰਲੇ ਬੋਲਸ਼ਵਿਕਾਂ ਨੇ, ਵਿਰੋਧੀ ਲਹਿਰ ਨੂੰ ਕੁਚਲਣ ਲਈ, ਸਟਾਲਿਨ ਤੋਂ ਹੁਕਮ ਲੈ ਕੇ ਯੂਕ੍ਰੇਨ ਦੀ ਖ਼ੁਰਾਕ ਹੀ ਬੰਦ ਕਰ ਦਿੱਤੀ। ਨਤੀਜਾ, ਯੂਕ੍ਰੇਨ ਦੇ ਸੱਤਰ ਲੱਖ ਮਰਦ, ਔਰਤਾਂ ਅਤੇ ਬੱਚੇ ਭੁੱਖ ਨਾਲ ਵਿਲਕ ਵਿਲਕ ਕੇ ਮਾਰੇ ਗਏ। ਏਸੇ ਸਾਕੇ ਦਾ ਨਾਂ ਹੈ 'ਹੋਲੋਡੋਮੋਰ'।

1919 ਅਤੇ 1991 ਵਿਚਕਾਰ ਸੋਵੀਅਤ ਸੰਘ ਅੰਦਰ ਕਮਿਊਨਿਸਟ ਯਹੂਦੀਆਂ ਨੇ ਕਰੋੜਾਂ ਮਾਸੂਮ ਲੋਕਾਂ ਦਾ ਕਤਲ ਕੀਤਾ। ਮਾਰਨ ਲਈ ਬੇਅੰਤ ਘਿਨਾਉਣੇ ਢੰਗ ਅਪਣਾਏ ਗਏ, ਜਿਨ੍ਹਾਂ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ।

ਏਥੇ ਇਹ ਦੱਸਣਾ ਉਚਿਤ ਰਹੇਗਾ ਕਿ ਰੂਸੀ ਇਨਕਲਾਬ ਆਪਣੇ ਆਪ ਨਿਰੇ ਲੋਕਾਂ ਦੇ ਜੋਸ਼ ਨਾਲ ਨਹੀਂ ਸੀ ਆ ਗਿਆ। ਇਸ ਯਹੂਦੀ/ਕਮਿਊਨਿਸਟ ਰਾਜ ਪਲਟੇ ਦੇ ਪਿੱਛੇ ਸਨ ਯਹੂਦੀਆਂ ਦੇ ਵੱਸ ਵਿਚ ਜਰਮਨ ਬੈਂਕ। ਵਾਰਬਰਗ ਬੈਂਕ ਦੀ ਸਰਦਾਰੀ ਹੇਠ ਲੈਨਿਨ, ਟ੍ਰਾਟਸਕੀ ਅਤੇ ਹੋਰਾਂ ਨੂੰ ਜ਼ਾਰ ਹਕੂਮਤ ਡੇਗਣ ਲਈ, ਕਰੀਬ ਵੀਹ ਮਿਲੀਅਨ ਡਾਲਰਾਂ ਦੀ ਮਦਦ ਮਿਲੀ। ਓਸ ਜ਼ਮਾਨੇ ਵਿਚ ਹਰ ਇਕ ਡਾਲਰ ਸੋਨੇ ਦੇ ਭਾਅ ਬਰਾਬਰ ਹੁੰਦਾ ਸੀ। ਅੱਜ ਦੇ ਦਿਨ ਉਹ ਮਦਦ 1500 ਮਿਲੀਅਨ ਡਾਲਰ ਦੇ ਕਰੀਬ ਬਣਦੀ ਹੈ। ਓਸ ਸਮੇਂ ਕੁੱਲ ਯੂਰਪ ਵਿਚ ਨਿੱਜੀ ਬੈਂਕਰਾਂ ਦਾ ਰਾਜ ਸੀ ਅਤੇ ਹਕੂਮਤਾਂ ਇਨ੍ਹਾਂ ਬੈਂਕਾਂ ਤੋਂ ਕਰਜ਼ੇ ਲੈ ਕੇ ਚੱਲਦੀਆਂ ਸਨ। ਕੇਵਲ ਜ਼ਾਰ ਬਾਦਸ਼ਾਹ ਦਾ ਬੈਂਕ ਉਨ੍ਹਾਂ ਦੇ ਕਾਬੂ ਨਹੀਂ ਸੀ ਆ ਰਿਹਾ, ਸੋ ਰੂਸੀ ਇਨਕਲਾਬ ਨਾਲ, ਨਿੱਜੀ ਬੈਂਕਾਂ ਨੇ ਇਹ ਮੁਹਿੰਮ ਵੀ ਜਿੱਤ ਲਈ।

1933 – ਬੈਂਕਰਾਂ ਦੇ ਬਹਿਸ਼ਤ ਅੰਦਰ ਇਕ ਬਾਗ਼ੀ ਖੜਾ ਹੋ ਗਿਆ। 1933 ਵਿਚ ਹਿਟਲਰ ਨੇ ਗੱਦੀ ਸੰਭਾਲਦਿਆਂ ਹੀ ਆਪਣੀ ਕਰੰਸੀ ਆਪ ਛਾਪਣੀ ਸ਼ੁਰੂ ਕਰ ਦਿੱਤੀ, ਜੋ ਕਿ ਯੂਰਪ ਦੇ ਮਾਲਕ ਬੈਂਕਰਾਂ ਦੇ ਵਿਰੁੱਧ ਇਕ ਬਗ਼ਾਵਤ ਸੀ। ਇਨ੍ਹਾਂ ਬੈਂਕਰਾਂ ਦਾ ਮੋਢੀ ਸੀ ਯਹੂਦੀ ਰੌਥਚਾਈਲਡ। ਤੁਰੰਤ ਵਿਸ਼ਵ ਯਹੂਦੀਅਤ ਤੋਂ ਜਰਮਨੀ ਦੇ ਖ਼ਿਲਾਫ਼ ਜੰਗ ਦਾ ਐਲਾਨ ਕਰਵਾ ਦਿੱਤਾ ਗਿਆ। ਉਨ੍ਹਾਂ ਨੇ ਕੁੱਲ ਦੁਨੀਆਂ ਅੰਦਰ ਖ਼ਾਸ ਕਰ ਅਮਰੀਕਾ ਵਿਚ, ਸਟੋਰਾਂ ਵਿੱਚੋਂ ਜਰਮਨ ਮਾਲ, ਬਾਹਰ ਸੁੱਟਣਾ ਸ਼ੁਰੂ ਕਰ ਦਿੱਤਾ ਤਾਂ ਜੁ ਜਰਮਨ ਅਰਥਚਾਰੇ ਨੂੰ ਗਲੋਂ ਘੁੱਟ ਕੇ ਮਾਰ ਦਿੱਤਾ ਜਾਵੇ। ਏਸ ਦਗੇ ਲਈ ਨਾਜ਼ੀ ਸਰਕਾਰ ਨੇ ਯਹੂਦੀਆਂ ਨੂੰ 'ਦੇਸ ਧਰੋਹੀ' ਐਲਾਨ ਦਿੱਤਾ ਅਤੇ ਦੂਜੀ ਵਿਸ਼ਵ ਜੰਗ ਸਮੇਂ ਉਨ੍ਹਾਂ ਨੂੰ ਕੈਂਪਾਂ ਵਿਚ ਬੰਦ ਕੀਤਾ। ਯਹੂਦੀਆਂ ਦਾ ਜੁਰਮ ਸੀ 'ਆਰਥਿਕ ਵਿਰੋਧ' ਦੇ ਹਥਿਆਰ ਨਾਲ ਜੰਗ। ਏਸੇ ਹੀ ਸਮੇਂ ਅਮਰੀਕਾ ਵਿਚ ਜਾਪਾਨੀਆਂ ਨੂੰ ਕੈਂਪਾਂ ਵਿਚ ਡੱਕ ਦਿੱਤਾ ਗਿਆ ਸੀ। ਉਨ੍ਹਾਂ ਨੇ ਕੋਈ ਆਰਥਿਕ ਧਾਵਾ ਨਹੀਂ ਸੀ ਬੋਲਿਆ, ਉਨ੍ਹਾਂ ਦਾ ਕਸੂਰ ਕੇਵਲ ਇਹੀ ਸੀ ਕਿ ਉਹ ਜਾਪਾਨੀ ਸਨ।

1936 – 7 ਅਗਸਤ, 1936 ਨੂੰ ਜੈਨੀਵਾ (ਸਵਿਟਜ਼ਰਲੈਂਡ) ਵਿਚ ਯਹੂਦੀ ਕਾਂਗਰਸ ਦਾ ਇਕੱਠ ਹੁੰਦਾ ਹੈ। ਰਿਪੋਰਟ ਵਿਚ ਛਪਦਾ ਹੈ: "32 ਦੇਸਾਂ ਵਿੱਚੋਂ ਨੁਮਾਇੰਦੇ ਆਏ ਹਨ, ਜਿਨ੍ਹਾਂ ਦੀਆਂ ਜਥੇਬੰਦੀਆਂ ਪਿੱਛੇ ਦੁਨੀਆਂ ਦੇ ਕੁਲ 16 ਮਿਲੀਅਨ ਯਹੂਦੀਆਂ ਵਿੱਚੋਂ ਛੇ ਮਿਲੀਅਨ ਯਹੂਦੀ ਜੁੜੇ ਹਨ।"

1938 – *ਨਿਊਯਾਰਕ ਟਾਈਮਜ਼* 9 ਜਨਵਰੀ, 1938 ਨੂੰ ਕਹਿੰਦਾ ਹੈ ਕਿ ਯੂਰਪ ਵਿਚ ਯਹੂਦੀਆਂ ਉੱਤੇ ਜ਼ੁਲਮ ਵੱਧ ਰਹੇ ਹਨ ਅਤੇ 6 ਮਿਲੀਅਨ ਯਹੂਦੀ ਏਸ ਜ਼ੁਲਮ ਦਾ ਸ਼ਿਕਾਰ ਹਨ। ਏਸ ਸਮੇਂ ਹਾਲਾਂ ਦੂਜੀ ਵਿਸ਼ਵ ਜੰਗ ਸ਼ੁਰੂ ਵੀ ਨਹੀਂ ਸੀ ਹੋਈ।

6 ਅਕਤੂਬਰ, 1938 ਨੂੰ *ਟਰਟਲ ਮਾਊਂਟੇਨ ਸਟਾਰ ਨਾਰਥ ਡਕੋਟਾ* ਅਮਰੀਕਾ ਦੇ ਅਖ਼ਬਾਰ ਵਿਚ ਇੰਜ ਲਿਖਿਆ ਹੈ: "ਯਹੂਦੀ ਆਪਣੇ 'ਘਰ ਦੇਸ' ਲਈ ਲੜ ਰਹੇ ਹਨ। ਪੰਜ ਤੋਂ ਛੇ ਮਿਲੀਅਨ ਯਹੂਦੀ ਵਿੱਤੀ ਹਨੇਰੀਆਂ ਵਿਚ ਆਪਣੇ ਘਰਾਂ ਤੋਂ ਉੱਖੜ ਕੇ ਅਰਬਾਂ ਦੇ ਵਿਰੋਧ ਦੇ ਬਾਵਜੂਦ, ਬਰਤਾਨੀਆ ਦੀ ਪ੍ਰਵਾਨ ਕੀਤੀ, ਪੂਜਣਯੋਗ ਧਰਤੀ ਉੱਤੇ ਟੇਕ ਰੱਖੀ ਬੈਠੇ ਹਨ।

1939 –ਪਹਿਲੀ ਵਿਸ਼ਵ ਜੰਗ ਪਿੱਛੋਂ ਪੋਲੈਂਡ ਨੇ ਜਰਮਨੀ ਦਾ ਸ਼ਹਿਰ ਡਾਨਜ਼ਿਗ ਹਥਿਆ ਲਿਆ, ਜਿਸ ਨਾਲ ਜਰਮਨੀ ਪੱਛਮੀ ਪ੍ਰਸ਼ੀਆ ਨਾਲੋਂ ਟੁੱਟਿਆ ਪਿਆ ਸੀ। (ਨੇਪਾਲ ਅਤੇ ਬੰਗਲਾ ਦੇਸ਼ ਵਿਚਕਾਰ ਕਰੀਬ ਵੀਹ ਮੀਲ ਦਾ ਰਸਤਾ ਹੈ, ਜਿਸ ਨੂੰ ਬੰਦ ਕੀਤਿਆਂ ਸੱਤ ਉੱਤਰ ਪੂਰਬੀ ਸੂਬੇ, ਭਾਰਤ ਨਾਲੋਂ ਟੁੱਟ ਜਾਂਦੇ ਹਨ।) ਪੋਲੈਂਡ ਇਹ ਇਲਾਕਾ ਵਾਪਸ ਕਰਨ ਤੋਂ ਇਨਕਾਰੀ ਹੈ। ਸਤੰਬਰ 1939 ਨੂੰ ਜਰਮਨੀ ਪੋਲੈਂਡ ਉੱਤੇ ਹਮਲਾ ਕਰਦਾ ਹੈ, ਓਸੇ ਹੀ ਸਮੇਂ ਸੋਵੀਅਤ ਰੂਸ ਪੂਰਬ ਵੱਲੋਂ ਧਾਵਾ ਬੋਲਦਾ ਹੈ। ਇਹ ਦੂਜੀ ਵਿਸ਼ਵ ਜੰਗ ਦੀ ਸ਼ੁਰੂਆਤ ਹੈ। ਓਸੇ ਹੀ ਪਲ ਬ੍ਰਿਟੇਨ ਅਤੇ ਫ਼ਰਾਂਸ ਜਰਮਨੀ ਉੱਤੇ ਜੰਗ ਦਾ ਐਲਾਨ ਕਰ ਦੇਂਦੇ ਹਨ। ਕੀ ਵਜ੍ਹਾ ਹੈ ਕਿ ਉਨ੍ਹਾਂ

ਨੇ ਰੂਸ ਵਿਰੁੱਧ ਕੋਈ ਜੰਗੀ ਐਲਾਨ ਨਹੀਂ ਕੀਤਾ ? ਕੀ ਇਸ ਦਾ ਕਾਰਨ ਇਹ ਨਹੀਂ ਹੋ ਸਕਦਾ ਕਿ ਰੂਸ ਤਾਂ ਪਹਿਲਾਂ ਹੀ ਯਹੂਦੀਆਂ ਦੀ ਗ੍ਰਿਫ਼ਤ/ਮੁੱਠੀ ਵਿਚ ਸੀ ? ਦੂਜੀ ਜੰਗ ਦਾ ਮੰਤਵ ਪੋਲੈਂਡ ਨੂੰ ਆਜ਼ਾਦ ਕਰਨ ਦਾ ਨਹੀਂ, ਬਲਕਿ ਢੰਗ ਨਾਲ ਜਰਮਨੀ ਨੂੰ ਜੰਗ ਵਿਚ ਫਸਾਉਣ ਦਾ ਸੀ। ਜਰਮਨੀ ਦੀ ਤਬਾਹੀ ਲਾਜ਼ਮੀ ਸੀ, ਕਿਉਂਕਿ ਉਸ ਨੇ ਆਪਣੀ ਕਰੰਸੀ ਆਪ ਛਾਪ ਕੇ ਰੋਥਚਾਈਲਡ ਨਿੱਜੀ ਬੈਂਕਰਾਂ ਤੋਂ ਨਿਜਾਤ ਪਾ ਲਈ ਸੀ। ਇਸ ਭੈੜੀ ਉਦਾਹਰਣ ਦੇ ਸੱਪ ਦੀ ਸਿਰੀ ਨੂੰ ਨੱਪਣਾ ਜ਼ਰੂਰੀ ਸੀ। ਅੱਜ ਤੋਂ ਦਸ ਸਾਲ ਪਹਿਲਾਂ ਇਰਾਕ ਦਾ ਦੋਸ਼ ਕੀ ਸੀ ? ਉਹ ਸੀ ਨਿੱਜੀ ਬੈਂਕਰਾਂ ਦੀ ਮਰਜ਼ੀ ਤੋਂ ਉਲਟ ਡਾਲਰਾਂ ਦੀ ਥਾਂ ਯੂਰੋ ਨਕਦੀ ਵਿਚ ਤੇਲ ਵੇਚਣਾ। ਅੱਜ ਈਰਾਨ ਉੱਤੇ ਲਗਾਤਾਰ ਜੰਗੀ ਦਬਾਅ ਕਿਉਂ ਪਾਇਆ ਜਾ ਰਿਹੈ ? ਈਰਾਨੀ ਬੈਂਕ, ਹੋਰਨਾਂ ਦੇਸਾਂ ਵਾਂਗ ਰੋਥਚਾਈਲਡ ਦੇ ਗ਼ੁਲਾਮ ਨਹੀਂ। ਲਿਬੀਆ ਉੱਤੇ ਅੱਜ ਦੇ ਧਾਵੇ ਪਿੱਛੇ ਵੀ ਓਹੀ ਕਾਰਨ ਹੈ। ਦੂਜੀ ਵਿਸ਼ਵ ਜੰਗ ਸਮੇਂ ਇਤਿਹਾਦੀਆਂ/ਅਲਾਇੰਸ/ਪੱਛਮੀ ਗੁੱਟ ਨੇ ਸਹਿਜੇ ਹੀ ਪੋਲੈਂਡ ਸਮੇਤ ਹੋਰ ਪੂਰਬੀ ਯੂਰਪ ਦੇ ਦੇਸ (ਯਹੂਦੀ) ਸੋਵੀਅਤ ਸੰਘ ਦੀ ਝੋਲੀ ਵਿਚ ਪੈਣ ਦਿੱਤੇ। ਯਹੂਦੀਆਂ ਦਾ 6 ਮਿਲੀਅਨ ਦਾ ਵਾਵੇਲਾ ਓਸੇ ਹੀ ਤਰ੍ਹਾਂ ਚੱਲਦਾ ਰਿਹਾ।

ਜਰਮਨੀ ਦਾ ਪੋਲੈਂਡ ਉੱਤੇ ਹਮਲਾ ਪਹਿਲੀ ਸਤੰਬਰ ਤੋਂ 6 ਅਕਤੂਬਰ ਤਕ ਚੱਲਿਆ ਅਤੇ ਰੂਸ ਦਾ ਧਾਵਾ 17 ਸਤੰਬਰ ਨੂੰ ਚੱਲ ਕੇ 6 ਅਕਤੂਬਰ ਨੂੰ ਮੁੱਕਿਆ।

ਉਧਰ ਛੇ ਮਿਲੀਅਨ ਯਹੂਦੀਆਂ ਦਾ ਰਾਮ ਰੌਲਾ ਜੰਗ ਸ਼ੁਰੂ ਹੋਣ ਤੋਂ ਕਿਤੇ ਪਹਿਲਾਂ 22 ਫ਼ਰਵਰੀ, 1939 ਨੂੰ *ਦ ਈਵਨਿੰਗ ਇੰਡੀਪੈਂਡੈਂਟ* ਫ਼ਲੋਰਿਡਾ, ਅਮਰੀਕਾ ਤੋਂ ਛਪਦੇ ਅਖ਼ਬਾਰ ਵਿਚ ਅੰਕਿਤ ਸੀ : 'ਯਹੂਦੀਆਂ ਦੀ ਮਦਦ ਲਈ ਅਪੀਲ', ਛੇ ਮਿਲੀਅਨ ਯਹੂਦੀ, ਵਿਰੋਧੀ ਭਾਵਨਾਵਾਂ ਵਿਚ ਮੰਦਹਾਲੀ ਦਾ ਸ਼ਿਕਾਰ ਹਨ।

1940 — 25 ਜੂਨ, 1940 ਦੀ 'ਪਾਮ ਬੀਚ ਪੋਸਟ'। ਵਰਲਡ ਜਿਊਇਸ਼ ਕਾਂਗਰਸ ਦੇ ਡਾਕਟਰ ਗੋਲਡਮੈਨ ਦਾ ਕਹਿਣਾ ਹੈ ਕਿ 'ਜੇ ਨਾਜ਼ੀਆਂ ਦੀ ਜਿੱਤ ਹੋ ਗਈ ਤਾਂ ਯੂਰਪ ਵਿਚ ਛੇ ਮਿਲੀਅਨ ਯਹੂਦੀਆਂ ਦੀ ਤਬਾਹੀ ਲਾਜ਼ਮੀ ਤੈਅ ਹੈ।

1943 — ਹਾਲੀਵੁੱਡ ਦੇ ਸਕ੍ਰਿਪਟ ਲੇਖਕ, ਜ਼ੀਓਨਿਸਟ ਯਹੂਦੀ 'ਬੈਨ ਹੈਚਟ' ਦਾ ਲੇਖ, ਮੰਨੇ ਪ੍ਰਮੰਨੇ ਪਰਚੇ *ਰੀਡਰਜ਼ ਡਾਈਜੈਸਟ* ਫ਼ਰਵਰੀ 1943 ਦੇ ਅੰਕ ਵਿਚ ਇੰਜ ਲਿਖਦਾ ਹੈ : "ਦੁਨੀਆਂ ਦੇ ਵੱਖ-ਵੱਖ ਇਲਾਕਿਆਂ ਵਿਚ ਯਹੂਦੀਆਂ ਦੀ ਗਿਣਤੀ ਦੱਸਣ ਪਿੱਛੋਂ 'ਇਨ੍ਹਾਂ ਵਿੱਚੋਂ ਕਰੀਬ ਇਕ ਤਿਹਾਈ ਯਾਨੀ ਛੇ ਮਿਲੀਅਨ ਪਹਿਲਾਂ ਹੀ ਮਾਰ ਦਿੱਤੇ ਗਏ ਹਨ'।"

ਨਾਜ਼ੀਆਂ ਦੀ ਪੂਰਬੀ ਮੁਹਿਮ ਵਿਚ ਉਨ੍ਹਾਂ ਨੇ ਉਹ ਸਮੂਹਿਕ ਕਬਰਾਂ ਲੱਭੀਆਂ, ਜਿਥੇ 25,000 ਪੋਲਿਸ਼ ਅਫ਼ਸਰ ਅਤੇ ਬੁੱਧੀਜੀਵੀ, ਸੋਵੀਅਤਾਂ ਵੱਲੋਂ 'ਕੇਟਿਨ ਜੰਗਲ' ਵਿਚ ਕਤਲ ਕਰਨ ਪਿੱਛੋਂ ਦੱਬੇ ਪਏ ਸਨ। ਇਤਿਹਾਦੀ (ਪੱਛਮੀ ਤਾਕਤਾਂ) ਇਸ ਅਮਲ ਤੋਂ ਭਲੀਭਾਂਤ ਜਾਣੂ ਸਨ, ਪਰ ਉਹ ਆਪਣੇ ਬਹਾਦਰ ਸੋਵੀਅਤ ਸਾਥੀ ਖਿਲਾਫ਼ ਕਿਵੇਂ ਬੋਲਦੇ ? ਉਨ੍ਹਾਂ ਨੇ ਇਨ੍ਹਾਂ ਕਤਲਾਂ ਦੀ ਜ਼ਿੰਮੇਵਾਰੀ ਜਰਮਨੀ ਉੱਤੇ ਸੁੱਟ ਦਿੱਤੀ।

ਕੇਟਿਨ ਜੰਗਲ ਕਤਲੇਆਮ ਦਾ ਪਰਛਾਵਾਂ ਅੱਜ ਵੀ ਪੋਲੈਂਡ ਅਤੇ ਨਵੇਂ ਰੂਸ ਦੇ ਰਿਸ਼ਤਿਆਂ ਉੱਤੇ ਪਿਆ ਰਹਿੰਦਾ ਹੈ, ਕਹਿੰਦੇ ਹਨ ਹਰਜਾਨਾ ਭਰੋ।

1945 —8 ਜਨਵਰੀ, 1945 ਜਦੋਂ ਜੰਗ ਜਾਰੀ ਸੀ ਅਤੇ ਅੱਜ ਵਾਂਗ ਖ਼ਬਰਾਂ ਨਹੀਂ ਸਨ ਨਿਕਲਦੀਆਂ, *ਨਿਊਯਾਰਕ ਟਾਈਮਜ਼* ਵਿਚ ਜੈਕਬ ਲੇਟਚਿੰਸਕੀ ਨੇ ਮਰੇ ਹੋਏ ਯਹੂਦੀਆਂ ਦੀ ਗਿਣਤੀ ਪਹਿਲਾਂ ਹੀ ਤੈਅ ਕਰ ਲਈ ਹੋਈ ਸੀ। ਉਸ ਨੇ ਪਾਰਕ ਹੋਟਲ ਸੈਂਟ੍ਰਲ ਵਿਚ ਯਹੂਦੀਆਂ ਦੇ ਇਕੱਠ ਨੂੰ ਦੱਸਿਆ ਕਿ 'ਯੂਰਪ ਵਿਚ ਛੇ ਮਿਲੀਅਨ ਯਹੂਦੀ ਮਰ ਚੁੱਕੇ ਹਨ'।

'ਛੇ ਮਿਲੀਅਨ ਮਰੇ' ਦੀ ਰਟ ਵਿਚ ਉੱਘਾ ਸੋਵੀਅਤ ਯਹੂਦੀ ਲੇਖਕ ਇਲੀਆ ਅਹਿਰਨਬਰਗ ਵੀ ਸੀ। ਉਸ ਦੀਆਂ ਲਿਖਤਾਂ ਵਿਚ ਰੂਸੀ ਲਾਲ ਫ਼ੌਜ ਨੂੰ ਉਭਾਰਿਆ ਗਿਆ ਸੀ ਕਿ ਉਹ ਬਿਨਾਂ ਕਿਸੇ ਰਹਿਮ ਦੀ ਕਣੀ ਦੇ ਜਰਮਨ ਸ਼ਹਿਰੀਆਂ ਅਤੇ ਜੰਗੀ ਕੈਦੀਆਂ ਦਾ ਕਤਲ ਕਰਨ ਅਤੇ ਕੁੱਲ ਔਰਤਾਂ ਦਾ ਬਲਾਤਕਾਰ ਕਰਨ। ਏਸ ਕੰਮ ਵਿਚ ਤਾਂ ਪਤਾ ਨਹੀਂ ਸੋਵੀਅਤ ਰੂਸ ਨੂੰ ਕਿੰਨੀ ਕੁ ਕਾਮਯਾਬੀ ਹੋਈ। ਦੂਜੇ ਪਾਸੇ ਅਮਰੀਕੀ ਜਨਰਲ ਆਈਜ਼ਨਹਾਵਰ (ਇਕ ਯਹੂਦੀ ਸੀ) ਕੇਵਲ ਸਤਾਰਾਂ ਲੱਖ ਜਰਮਨ ਜੰਗੀ ਕੈਦੀਆਂ ਨੂੰ ਭੁੱਖੇ ਰੱਖ ਕੇ ਮਾਰ ਸਕਿਆ ਸੀ।

ਅਹਿਰਨਬਰਗ ਲਿਖਦਾ ਹੈ: "ਦੁਨੀਆਂ ਹੁਣ ਜਾਣਦੀ ਹੈ ਕਿ ਜਰਮਨੀ ਨੇ ਛੇ ਮਿਲੀਅਨ ਯਹੂਦੀ ਮਾਰੇ ਹਨ।" ਅਹਿਰਨਬਰਗ ਦੀਆਂ ਕਈ ਪੁਸਤਕਾਂ 1991 ਤੋਂ ਪਹਿਲਾਂ ਦੇ ਸੋਵੀਅਤ ਸਮਿਆਂ ਵਿਚ ਭਾਰਤ ਵਿਚ ਚੋਖੀਆਂ ਪ੍ਰਚਲਿਤ ਰਹੀਆਂ ਹਨ। ਉਸ ਦੀਆਂ ਲਿਖਤਾਂ ਲਹੂ ਨੂੰ ਉਬਾਲਾ ਦੇਣ ਵਾਲੀਆਂ ਸਨ।

ਵਿਸ਼ਵ ਜੰਗ ਖ਼ਤਮ ਹੋਣ ਉੱਤੇ ਰੂਸੀ/ਕਮਿਊਨਿਸਟ/ਜ਼ੀਓਨਿਸਟ ਰਾਜ ਪੂਰਬੀ ਯੂਰਪੀ ਦੇਸਾਂ ਉੱਤੇ ਵੀ ਹੋ ਗਿਆ। ਇਨ੍ਹਾਂ ਦੇਸਾਂ ਦੀ ਸਨਅਤਕਾਰੀ ਅਤੇ ਸਰਮਾਏ ਨੂੰ ਰੱਜ ਕੇ ਲੁੱਟਿਆ ਗਿਆ। ਪੂਰਬੀ ਯੂਰਪ ਅਤੇ ਰੂਸ ਅੰਦਰੋਂ ਔਰਤ ਜ਼ਾਤ ਨੂੰ ਵਰਗਲਾ ਕੇ ਇਸਰਾਈਲ ਅੰਦਰ ਖੁੱਲ੍ਹੇਆਮ ਵੇਚਿਆ ਗਿਆ ਅਤੇ ਪੋਰਨੋਗ੍ਰਾਫ਼ੀ ਅਤੇ ਵੇਸਵਾਗਿਰੀ ਲਈ ਵਰਤਿਆ ਗਿਆ। ਇਹ ਕਾਰਜ ਅਜੇ ਵੀ ਜਾਰੀ ਹੈ। ਔਰਤਾਂ ਵੇਚੀਆਂ ਵਰਤੀਆਂ ਜਾ ਸਕਦੀਆਂ ਹਨ, ਖੁੱਲ੍ਹੇਆਮ, ਕਾਨੂੰਨਨ, ਸ਼ਰਤ ਇੱਕੋ ਹੈ ਕਿ ਵਪਾਰ ਯਹੂਦੀ ਔਰਤ ਦਾ ਨਹੀਂ ਹੋਣਾ ਚਾਹੀਦਾ। ਦੁਨੀਆਂ ਦੀ ਕੁੱਲ ਸੈਕਸ ਉਦਯੋਗ ਦੀ ਮਲਕੀਅਤ ਜ਼ੀਓਨਿਸਟ ਯਹੂਦੀਆਂ ਦੀ ਹੈ।

ਚਲੋ ਵਾਪਸ ਛੇ ਮਿਲੀਅਨ ਵੱਲ ਚੱਲੀਏ

13 ਮਈ, 1945 ਦੇ *ਪੀਟਰਸਬਰਗ ਅਖ਼ਬਾਰ* ਵਿਚ ਛਪਦਾ ਹੈ: "ਜਰਮਨੀ ਅਤੇ ਉਸ ਦੇ ਅਧੀਨ ਇਲਾਕਿਆਂ ਵਿਚ ਰਹਿੰਦੇ 8 ਮਿਲੀਅਨ ਯਹੂਦੀਆਂ ਵਿੱਚੋਂ 6·2 ਮਿਲੀਅਨ ਬੁਰੇ ਸਲੂਕ, ਭੁੱਖਮਰੀ ਨਾਲ ਜਾਂ ਉਂਜ ਕਤਲ ਕੀਤੇ ਗਏ ਹਨ। ਜਰਮਨੀ ਅੰਦਰ ਜਿਹੜੇ ਪੰਜ ਲੱਖ ਜਿਊਂਦੇ ਹਨ, ਉਹ ਵੀ ਕਹਿਣ ਨੂੰ ਹੀ ਜਿਊਂਦੇ ਹਨ।" *ਪੀਟਰਸਬਰਗ* ਅਖ਼ਬਾਰ ਜੰਗ ਤੋਂ ਪਿੱਛੋਂ ਜਰਮਨੀ ਅੰਦਰ ਯਹੂਦੀਆਂ ਦੀ ਗਿਣਤੀ ਪੰਜ ਲੱਖ ਦੱਸ ਰਿਹਾ ਹੈ। ਅਸਲੀਅਤ ਕੁਝ ਹੋਰ ਹੀ ਹੈ। ਜਨਵਰੀ 1933

ਵਿਚ ਜਰਮਨੀ ਵਿਚ ਕੁੱਲ ਯਹੂਦੀਆਂ ਦੀ ਗਿਣਤੀ 5,22,000 ਸੀ। ਉਦੋਂ ਤੋਂ ਹੀ ਯਹੂਦੀਆਂ ਨੇ ਜਰਮਨੀ ਨੂੰ ਛੱਡਣਾ ਸ਼ੁਰੂ ਕਰ ਦਿੱਤਾ ਸੀ ਅਤੇ ਜੰਗ ਦੀ ਸ਼ੁਰੂਆਤ ਤੋਂ ਪਹਿਲਾਂ ਉਨ੍ਹਾਂ ਦੀ ਗਿਣਤੀ ਕੇਵਲ 2,14,000 ਸੀ।

1946 – ਜੰਗ ਖ਼ਤਮ ਤੋਂ ਇਕ ਸਾਲ ਪਿੱਛੋਂ ਯਹੂਦੀਆਂ ਨੇ 'ਛੇ ਮਿਲੀਅਨ ਦੀ ਮਿੱਥ' ਨੂੰ 'ਤੱਥ' ਬਣਾ ਕੇ ਵਿਖਾ ਦਿੱਤਾ। ਇਕ ਪਾਸੇ ਉਨ੍ਹਾਂ ਨੇ ਯੂਰਪ ਅੰਦਰ 'ਹੋਲੋਕਾਸਟ' ਦਾ ਵਾਵੇਲਾ ਪਾਉਣਾ ਸ਼ੁਰੂ ਕੀਤਾ ਅਤੇ ਦੂਜੇ ਪਾਸੇ ਨਾਲ ਹੀ ਫ਼ਲਸਤੀਨ ਅੰਦਰ ਮਰਦਾਂ ਔਰਤਾਂ ਅਤੇ ਬੱਚਿਆਂ ਦਾ ਕਤਲੇਆਮ 'ਡਰੇ ਯਾਸੀਨ' ਥਾਂ ਤੋਂ ਸ਼ੁਰੂ ਕੀਤਾ। ਟੈਰਰਿਸਟ ਬੇਗਿਨ (ਜੋ ਪਿੱਛੋਂ ਇਸਰਾਈਲ ਦਾ ਪ੍ਰਧਾਨ ਬਣਿਆ) ਟੋਲੇ ਨੇ ਅਰਬੀ ਬਾਣਿਆਂ ਵਿਚ 'ਕਿੰਗ ਡੇਵਿਡ' ਹੋਟਲ ਨੂੰ ਉਡਾਇਆ, ਜਿਸ ਵਿਚ 91 ਲੋਕ ਮਰੇ, ਜਿਨ੍ਹਾਂ ਵਿਚ 32 ਬ੍ਰਿਟਿਸ਼ ਕਰਮਚਾਰੀ ਵੀ ਸਨ।

ਅਗਲੇ ਦੋ ਸਾਲਾਂ ਵਿਚ ਜ਼ੀਓਨਿਸਟਾਂ ਨੇ 419 ਅਰਬੀ ਪਿੰਡ ਨਕਸ਼ੇ ਤੋਂ ਮਿਟਾ ਕੇ ਯਹੂਦੀ ਬਸਤੀਆਂ ਖੜੀਆਂ ਕਰ ਲਈਆਂ, ਜੋ ਅਜੇ ਤਕ ਕਾਇਮ ਹਨ। 1946 ਤੋਂ 2008 ਦੇ ਵਿਚਕਾਰ ਫ਼ਲਸਤੀਨ ਦਾ 90 ਪ੍ਰਤੀਸ਼ਤ ਇਲਾਕਾ ਇਸਰਾਈਲ ਨੇ ਆਪਣੇ ਕਬਜ਼ੇ ਹੇਠ ਲੈ ਆਂਦਾ। ਅਰਬਾਂ ਦੇ ਕੋਲ ਰਹਿ ਗਈ ਬਾਕੀ ਰਹਿੰਦ-ਖੂੰਹਦ ਅਤੇ ਸਮੁੰਦਰ ਦੇ ਨਾਲ ਗਾਜ਼ਾ ਪੱਟੀ। ਇਸ ਪੱਟੀ ਦੇ ਆਉਣ ਜਾਣ ਦੇ ਰਸਤੇ ਹਨ ਮਿਸਰ ਵੱਲੋਂ ਅਤੇ ਇਸਰਾਈਲ ਵੱਲੋਂ। ਦੋਵੇਂ ਪਾਸੇ ਬੰਦ ਹਨ। ਸਮੁੰਦਰ ਵੱਲੋਂ ਕੋਈ ਮਦਦ ਆਵੇ ਤਾਂ ਇਸਰਾਈਲੀ ਜਹਾਜ਼ ਰੋਕ ਲੈਂਦੇ ਹਨ। ਗਾਜ਼ਾ ਪੱਟੀ ਦੇ ਕੁੱਲ ਲੋਕ ਜੇਲ੍ਹ ਵਿਚ ਬੰਦ ਹਨ।

ਜੰਗ ਪਿੱਛੋਂ ਚੰਦੇ ਇਕੱਠੇ ਕਰਨ ਦੀ ਮੁਹਿੰਮ

"ਪ੍ਰਕਿਰਤੀ ਦੇ ਨਾਂ 'ਤੇ ਅਮਰੀਕਨ ਯਹੂਦੀਓ ਜਾਗੋ। ਯਹੂਦੀ ਲੋਕ ਖ਼ੁਰਾਕ, ਦਵਾਈਆਂ ਅਤੇ ਸਿਰ ਲੁਕਾਉਣ ਲਈ ਛੱਪਰ ਖੁਣੋਂ ਮਰਦੇ ਪਏ ਨੇ। ਨਿਊਯਾਰਕ ਯਹੂਦੀ ਲਹਿਰ ਦਾ ਚੰਦਾ ਇਕੱਠਾ ਕਰਨ ਦਾ ਟੀਚਾ ਹੈ 60,00,000।" ਏਸੇ ਤਰ੍ਹਾਂ ਬੇਅੰਤ ਹੋਰ ਇਸ਼ਤਿਹਾਰ ਜਿਨ੍ਹਾਂ ਵਿਚ ਛੇ ਮਿਲੀਅਨ ਵੱਲੋਂ ਵਾਸਤਾ ਪਾਇਆ ਗਿਆ ਹੈ।

1990 – ਜਦ ਕਿ ਦੁਨੀਆਂ ਦੇ ਦਿਮਾਗ਼ ਉੱਤੇ ਛੇ ਮਿਲੀਅਨ ਦੀ ਛਾਪ ਪੱਕੀ ਹੋ ਗਈ ਹੈ, ਪੋਲੈਂਡ ਅੰਦਰ 'ਆਸ਼ਵਿਟਜ਼' ਦੇ ਬਦਨਾਮ 'ਮੌਤ ਕੈਂਪ' ਦੇ ਅੰਕੜੇ ਕਈ ਬਦਲਾਅ ਵੇਖ ਚੁੱਕੇ ਹਨ। 1948 ਵਿਚ 'ਆਸ਼ਵਿਟਜ਼' ਕੈਂਪ ਦੇ ਬਾਹਰ ਇਹ ਬੋਰਡ ਲੱਗਾ ਸੀ : "ਏਥੇ ਚਾਰ ਮਿਲੀਅਨ ਲੋਕ ਦੁੱਖੜੇ ਸਹਿ ਕੇ ਨਾਜ਼ੀ ਕਾਤਲਾਂ ਦੇ ਹੱਥੋਂ ਮਰੇ, ਸਾਲ 1940 ਅਤੇ 1945 ਵਿਚਕਾਰ।"

ਜੰਗ ਦੇ ਖ਼ਾਤਮੇ ਉੱਤੇ ਸੋਵੀਅਤ ਸੰਘ ਦੇ ਹੱਥ, ਨਾਜ਼ੀ ਕੈਂਪਾਂ ਦੇ ਕੁੱਲ ਦਸਤਾਵੇਜ਼ ਆ ਗਏ। ਉਨ੍ਹਾਂ ਨੇ 1989 ਵਿਚ ਮੌਤ ਅੰਦਰਾਜ ਵਾਲੇ ਕਿਤਾਬਚੇ ਦੁਨੀਆਂ ਲਈ ਖੋਲ੍ਹ ਦਿੱਤੇ। ਹੁਣ ਉਥੇ ਇਕ ਨਵਾਂ ਪੱਥਰ ਲੱਗ ਗਿਆ ਹੈ :

"ਇਹ ਥਾਂ ਕੁੱਲ ਇਨਸਾਨਾਂ ਲਈ ਤਾੜਨਾ ਹੈ, ਜਿਥੇ ਨਾਜ਼ੀਆਂ ਨੇ ਡੇਢ

ਮਿਲੀਅਨ ਮਰਦ, ਔਰਤਾਂ ਅਤੇ ਬੱਚੇ ਕਤਲ ਕੀਤੇ, ਜਿਨ੍ਹਾਂ ਵਿਚ ਬਹੁਤੇ ਯਹੂਦੀ ਸਨ, ਜੋ ਯੂਰਪ ਦੇ ਵੱਖ-ਵੱਖ ਦੇਸਾਂ ਤੋਂ ਸਨ।"

ਆਸ਼ਵਿਟਜ਼ ਬਿਰਕਿਨੋ : 1940-1945

ਯਾਦ ਰਹੇ ਕਿ 1989 ਵਿਚ ਸੋਵੀਅਤ ਸੰਘ ਪੂਰੀ ਤਰ੍ਹਾਂ ਜ਼ੀਓਨਿਸਟਾਂ/ਕਮਿਊਨਿਸਟਾਂ ਦੇ ਹੱਥ ਵਿਚ ਸੀ। ਦੁਨੀਆਂ ਦੇ ਬਹੁਤ ਪਾਸਿਆਂ ਤੋਂ ਛੇ ਮਿਲੀਅਨ ਦੇ ਅੰਕੜੇ ਝੂਠੇ ਹੋਣ ਦੀ ਆਵਾਜ਼ ਨੇ ਉਨ੍ਹਾਂ ਨੂੰ ਆਸ਼ਵਿਟਜ਼ ਦੀ ਪਲੇਟ ਬਦਲਣ ਉੱਤੇ ਮਜਬੂਰ ਕੀਤਾ। 'ਛੇ ਮਿਲੀਅਨ' ਨੂੰ ਚੁਣੌਤੀ ਦੇਣ ਵਾਲੇ ਛਾਪਾਕਾਰ 'ਜ਼ੁੰਡੇਲ' ਨੂੰ ਲਗਾਤਾਰ ਕਈ ਸਾਲ ਜੇਲ੍ਹਾਂ ਵਿਚ ਰੋਲਿਆ ਗਿਆ। ਏਸੇ ਹੀ ਜੁਰਮ ਪਿੱਛੇ ਕਈ ਹੋਰ ਮੁਨਕਰ/ਇਨਕਾਰੀ ਲੋਕ ਜੇਲ੍ਹਾਂ ਵਿਚ ਹਨ 'ਐਂਟੀਸੇਮਿਟਿਜ਼ਮ' ਦੇ ਦੋਸ਼ ਵਿਚ।

ਛੇ ਮਿਲੀਅਨ ਦੇ ਵਿੱਚੋਂ ਜਿੰਨੇ ਵੀ ਮਿਲੀਅਨ ਘਟਾ ਲਵੋ, ਯਹੂਦੀਆਂ ਦੇ ਮੁਤਾਬਿਕ ਇਹ ਗਿਣਤੀ ਛੇ ਮਿਲੀਅਨ ਹੀ ਰਹੇਗੀ। ਬੇਅੰਤ ਪ੍ਰਾਪੇਗੰਡਾ ਇਹ ਵੀ ਸੁਣਦੇ ਰਹੇ ਹਾਂ ਕਿ ਨਾਜ਼ੀ, ਯਹੂਦੀ ਚਰਬੀ ਤੋਂ ਸਾਬਣ ਅਤੇ ਚਮੜੀ ਤੋਂ ਲੈਂਪ ਸ਼ੇਡ ਬਣਾਉਂਦੇ ਰਹੇ ਹਨ। ਹੁਣ ਚੁੱਪ ਕਰ ਕੇ ਪ੍ਰਾਪੇਗੰਡਾ ਦੀ ਇਹ ਲਾਈਨ ਛੱਡ ਦਿੱਤੀ ਗਈ ਹੈ।

ਛੇ ਮਿਲੀਅਨ ਨੂੰ ਸੋਧਦੇ ਸੋਧਦੇ ਜਰਮਨ ਕੈਂਪਾਂ ਦੇ ਅੰਦਰ ਮਰਨ ਵਾਲਿਆਂ ਦੀ ਕੁੱਲ ਗਿਣਤੀ ਤਿੰਨ ਲੱਖ 'ਤੇ ਆ ਪਹੁੰਚੀ ਹੈ, ਜਿਨ੍ਹਾਂ ਵਿੱਚੋਂ ਅੱਧੇ ਯਹੂਦੀ ਸਨ। ਇਹ ਅੰਕੜੇ ਅੰਤਰਰਾਸ਼ਟਰੀ ਰੈੱਡ ਕਰਾਸ (ਜੋ ਲਗਾਤਾਰ ਇਨ੍ਹਾਂ ਕੈਂਪਾਂ ਦਾ ਮੁਆਇਨਾ ਕਰਦੀ ਸੀ) ਅਤੇ ਸੋਵੀਅਤ ਪੁਰਾਤਤਵ ਰਿਕਾਰਡ ਵਿੱਚੋਂ 1990 ਵਿਚ ਮਿਲੇ ਮੌਤ ਰਜਿਸਟਰ ਉੱਤੇ ਆਧਾਰਿਤ ਹਨ। ਮੌਤ ਦੇ ਮੁੱਖ ਕਾਰਨ ਸਨ - 'ਟਾਈਫਸ' ਤਾਪ ਅਤੇ ਭੁੱਖ। ਦਸਤਾਵੇਜ਼ਾਂ ਦੇ ਅਸਲੀ ਹੋਣ ਵਿਚ ਰਤਾ ਵੀ ਸ਼ੱਕ ਨਹੀਂ ਹੈ।

ਤਾਂ ਵੀ ਯਹੂਦੀ ਲਾਬੀ ਵੱਲੋਂ ਵੱਖ-ਵੱਖ ਦੇਸਾਂ ਵਿਚ ਲੂੰ-ਕੰਡੇ ਖੜੇ ਕਰਨ ਵਾਲੇ ਹੋਲੋਕਾਸਟ ਮਿਊਜ਼ੀਅਮ ਖੜੇ ਕੀਤੇ ਜਾ ਰਹੇ ਹਨ। ਭੋਲੇ ਅਨਜਾਣ ਲੋਕ ਡੂੰਘਾਈ ਵਿਚ ਜਾਣਨ ਅਤੇ ਸੋਚਣ ਤੋਂ ਅਸਮਰਥ ਹਨ। ਲਾਸ਼ਾਂ ਦੀਆਂ ਤਸਵੀਰਾਂ ਮੂੰਹੋਂ ਤਾਂ ਨਹੀਂ ਬੋਲ ਸਕਦੀਆਂ ਕਿ ਅਸੀਂ ਕੌਣ ਸਾਂ। ਯਹੂਦੀ ਜਾਂ ਗ਼ੈਰ-ਯਹੂਦੀ, ਜਰਮਨ, ਪੋਲਿਸ਼, ਹੰਗੇਰੀਅਨ ਜਾਂ ਰੂਸੀ ? ਲੇਬਲ ਲਾਉਣੇ ਤਾਂ ਮਿਊਜ਼ੀਅਮ ਬਣਾਉਣ ਵਾਲਿਆਂ ਦੇ ਹੱਥ ਵਿਚ ਹਨ। ਭਲੇ ਲੋਕਾਂ ਦੇ ਅੱਥਰੂ ਤਾਂ ਸਦਾ ਹੀ ਵਗਣ ਲਈ ਤਿਆਰ ਰਹਿੰਦੇ ਹਨ।

ਛੇ ਮਿਲੀਅਨ ਦੇ ਰਾਮ ਰੌਲੇ ਨੂੰ ਦੂਜੀ ਵਿਸ਼ਵ ਜੰਗ ਅੰਦਰਲੀਆਂ ਕੁੱਲ ਮੌਤਾਂ ਨੂੰ ਰਤਾ ਮੁੱਖ ਰੱਖ ਕੇ ਵੇਖੀਏ ਅਤੇ ਇਹ ਵੀ ਵੇਖੀਏ ਕਿ ਕੁਝ ਮੋਢੀ ਦੇਸਾਂ ਦਾ ਕੀ ਕੀ ਹਾਲ ਹੋਇਆ ?

ਸੋਵੀਅਤ ਰੂਸ ਦੀਆਂ 133 ਲੱਖ ਫ਼ੌਜੀ ਅਤੇ 75 ਲੱਖ ਸਿਵਲ ਮੌਤਾਂ ਰਲਾ ਕੇ ਦੇਸ ਦੀ ਕੁੱਲ ਵੱਸੋਂ (1900 ਲੱਖ) ਦਾ 10.94 ਫ਼ੀਸਦੀ ਬਣਦੀਆਂ ਹਨ। ਭਾਵ ਹਰ ਨੌਂ ਸ਼ਹਿਰੀਆਂ ਪਿੱਛੇ ਇਕ ਮੌਤ। ਇੰਜ ਦੇ ਅੰਕੜਿਆਂ ਅਨੁਸਾਰ 64 ਲੱਖ ਜਰਮਨ

(8.6 ਪ੍ਰਤੀਸ਼ਤ), 23 ਲੱਖ ਜਾਪਾਨੀ (3.15 ਪ੍ਰਤੀਸ਼ਤ), 3 ਲੱਖ ਬ੍ਰਿਟਿਸ਼ (0.65 ਪ੍ਰਤੀਸ਼ਤ), ਦੋ ਲੱਖ ਫ਼ਰੈਂਚ (0.49 ਪ੍ਰਤੀਸ਼ਤ) ਅਤੇ 4 ਲੱਖ ਅਮਰੀਕਨ (0.30 ਪ੍ਰਤੀਸ਼ਤ) ਮਰੇ।

'ਈਲੀ ਵੀਜ਼ਲ' ਹੋਲੋਕਾਸਟ ਤੋਂ ਬਚ ਰਿਹਾਂ ਦਾ ਮਸ਼ਹੂਰ ਕੀਤਾ ਹੋਇਆ ਬੁਲਾਰਾ ਹੈ। ਉਸ ਨੂੰ ਅਮਰੀਕੀ ਕਾਂਗਰਸ ਦਾ ਸੋਨ-ਤਮਗ਼ਾ ਅਤੇ ਨੋਬੇਲ ਸ਼ਾਂਤੀ ਪੁਰਸਕਾਰ ਵੀ ਮਿਲੇ ਹਨ। 18 ਮਾਰਚ, 1985 ਦੇ *ਟਾਈਮਜ਼* ਅਖ਼ਬਾਰ ਨਾਲ ਗੱਲਬਾਤ ਵਿਚ ਉਸ ਨੇ ਕਿਹਾ ਕਿ ਉਹ ਆਸ਼ਵਿਟਜ਼ ਅਤੇ ਬਚਨਵਾਲਡ ਦੇ ਮੌਤ ਮੈਦਾਨ ਵਿੱਚੋਂ ਬਚ ਗਿਆ ਸੀ। "ਮੈਂ ਸਦਾ ਕਮਜ਼ੋਰ ਰਹਿੰਦਾ ਸਾਂ ਅਤੇ ਖਾਂਦਾ ਕੁਝ ਨਹੀਂ ਸਾਂ। ਮੈਂ ਤਾਂ ਹਵਾ ਦੇ ਝੋਕੇ ਨਾਲ ਡਿੱਗ ਜਾਂਦਾ ਸਾਂ। ਬਚਨਵਾਲਡ ਵਿਚ ਹਰ ਰੋਜ਼ 10,000 ਲੋਕ ਮਾਰੇ/ਸਾੜੇ ਜਾਂਦੇ ਸਨ। ਮੈਂ ਮੌਤ ਦੇ ਦਰਵਾਜ਼ੇ ਤਕ ਪਹੁੰਚਣ ਵਾਲੇ ਆਖ਼ਰੀ ਸੈਂਆਂ ਵਿਚ ਸਾਂ। ਪਰ ਉਹ ਓਥੇ ਹੀ ਰੁਕ ਗਏ। ਪਤਾ ਨਹੀਂ ਕਿਉਂ ?"

ਇਸ ਦਾ ਟਾਕਰਾ ਕਰੋ 1993 ਦੇ *ਐਨਸਾਈਕਲੋਪੀਡੀਆ ਬ੍ਰਿਟੈਨਿਕਾ* ਦੇ 'ਬਚਨਵਾਲਡ' ਦੇ ਸਿਰਲੇਖ ਹੇਠ ਅੰਦਰਾਜ ਨਾਲ: "ਦੂਜੀ ਵਿਸ਼ਵ ਜੰਗ ਸਮੇਂ ਬਚਨਵਾਲਡ ਵਿਚ 20,000 ਕੈਦੀ ਸਨ। ਭਾਵੇਂ ਕਿ ਓਥੇ ਕੋਈ ਗੈਸ ਚੈਂਬਰ ਨਹੀਂ ਸਨ, ਪਰ ਹਰ ਮਹੀਨੇ ਸੈਂਕੜੇ ਲੋਕ ਮਰਦੇ ਸਨ ਬਿਮਾਰੀ, ਖ਼ੁਰਾਕ ਦੀ ਕਮੀ, ਥਕੇਵੇਂ, ਮਾਰ ਕੁਟਾਈ ਅਤੇ ਕਤਲਾਂ ਦੇ ਕਾਰਨ।"

ਆਈਜ਼ਨਹਾਵਰ ਦੀ ਕਿਤਾਬ *ਕਰੂਸੇਡ ਇਨ ਯੂਰਪ* 559 ਸਫ਼ਿਆਂ ਦੀ ਹੈ। ਚਰਚਿਲ ਦੀ *ਦੂਜੀ ਵਿਸ਼ਵ ਜੰਗ* 4448 ਸਫ਼ਿਆਂ ਵਿਚ ਅਤੇ ਜਨਰਲ ਡੀਗਾਲ ਦੇ *ਮੈਮੋਇਰਜ਼* 2054 ਸਫ਼ਿਆਂ ਵਿਚ ਹਨ। ਕੁੱਲ ਸਫ਼ੇ ਹੋਏ 7061, ਇਹ ਪੁਸਤਕਾਂ 1948 ਅਤੇ 1959 ਵਿਚਕਾਰ ਛਪੀਆਂ। ਇਨ੍ਹਾਂ ਪੁਸਤਕਾਂ ਵਿਚ ਕਿਸੇ ਵੀ ਥਾਂ ਉੱਤੇ "ਨਾਜ਼ੀ ਗੈਸ ਚੈਂਬਰਾਂ, ਯਹੂਦੀ ਨਸਲ ਦੀ ਤਬਾਹੀ ਜਾਂ ਜੰਗ ਸਮੇਂ ਛੇ ਮਿਲੀਅਨ ਯਹੂਦੀ ਸ਼ਿਕਾਰਾਂ ਦਾ ਜ਼ਿਕਰ ਨਹੀਂ ਹੈ।" ਚਰਚਿਲ ਦੀ ਪੁਸਤਕ ਮੈਂ ਆਪ ਪੜ੍ਹੀ ਹੈ। ਅਮਰੀਕੀ ਜਰਨੈਲਾਂ ਅੰਦਰ ਇੱਕੋ ਇਕ ਯਹੂਦੀ ਜਰਨੈਲ ਹੋਇਐ, ਉਹ ਸੀ ਜਨਰਲ ਆਈਜ਼ਨਹਾਵਰ। ਚਰਚਿਲ ਦੀ ਮਾਂ ਅਮਰੀਕੀ ਯਹੂਦੀ 'ਜੈਨੀ ਜੇਕਬਸਨ' ਸੀ। ਯਹੂਦੀ ਕਾਨੂੰਨਾਂ ਅਨੁਸਾਰ ਚਰਚਿਲ ਪੂਰਨ ਰੂਪ ਵਿਚ ਯਹੂਦੀ ਸੀ। ਪਰ ਜਨਰਲ ਡੀਗਾਲ ਦਾ ਯਹੂਦੀਆਂ ਦੇ ਨਾਲ ਦੂਰੋਂ ਪਾਰੋਂ ਵੀ ਵਾਸਤਾ ਨਹੀਂ ਸੀ।

ਕਿਸੇ ਵੀ ਨਿਰਦੋਸ਼ ਦੇ ਕਤਲ ਦਾ ਜ਼ੋਰਦਾਰ ਵਿਰੋਧ ਹੋਣਾ ਚਾਹੀਦਾ ਹੈ, ਭਾਵੇਂ ਉਹ ਕਿਸੇ ਵੀ ਦੇਸ, ਧਰਮ ਜਾਂ ਫ਼ਿਰਕੇ ਦਾ ਕਿਉਂ ਨਾ ਹੋਵੇ। ਮਾਸੂਮਾਂ ਅਤੇ ਨਿਰਦੋਸ਼ਾਂ ਦੇ ਕਤਲ ਅੱਜ ਵੀ ਹੋ ਰਹੇ ਹਨ, ਇੱਕੇ ਦੁੱਕੇ ਨਹੀਂ, ਬਲਕਿ ਸੈਂਕੜਿਆਂ ਵਿਚ, ਸਾਡੇ ਗਵਾਂਢੀ ਦੇਸ ਪਾਕਿਸਤਾਨ ਦੇ ਸਰਹੱਦੀ ਇਲਾਕਿਆਂ (ਅਖੇ ਅਲ ਕਾਇਦਾ ਨੂੰ ਮਾਰ ਰਹੇ ਹਾਂ, ਓਸਾਮਾ ਬਿਨ ਲਾਦੇਨ ਦੀ ਭਾਲ ਹੈ), ਅਫ਼ਗਾਨਿਸਤਾਨ, ਇਰਾਕ, ਅਫ਼ਰੀਕਾ ਦੇ ਬੇਅੰਤ ਦੇਸਾਂ ਅਤੇ ਹੁਣੇ ਜਹੇ ਲਿਬੀਆ ਵਿਚ। ਜ਼ੋਰਾਵਰ ਸ਼ਕਤੀਆਂ ਨੇ ਰੇਡੀਓ, ਟੈਲੀਵੀਜ਼ਨ ਅਤੇ ਪ੍ਰੈਸ ਦੇ ਮੂੰਹ ਸੀਅ ਕੇ ਰੱਖੇ ਹੋਏ ਹਨ। ਇਹ ਜ਼ੁਲਮਾਂ ਦੀਆਂ ਕਹਾਣੀਆਂ, ਘੱਟੋ-ਘੱਟ ਮੂੰਹੋਂ-ਮੂੰਹ ਤਾਂ ਖਿਲਰਨੀਆਂ ਚਾਹੀਦੀਆਂ ਨੇ!

ਵਿਆਜ ਦੀ ਗ਼ੁਲਾਮੀ

ਸੱਠਵਿਆਂ ਦੇ ਪਹਿਲੇ ਵਰ੍ਹਿਆਂ ਵਿਚ ਮੈਂ ਪ੍ਰਾਇਮਰੀ ਹੈਲਥ ਸੈਂਟਰ ਸਿਧਵਾਂ ਬੇਟ (ਲੁਧਿਆਣਾ ਜ਼ਿਲ੍ਹਾ) ਦਾ ਇੰਚਾਰਜ ਸਾਂ। ਕੋਈ ਡੇਢ ਦਰਜਨ ਕਰਮਚਾਰੀ ਸਨ। ਹਰ ਮਹੀਨੇ ਤਨਖ਼ਾਹ ਵੰਡਣ ਵਾਲੇ ਦਿਨ ਵੇਖਣਾ ਕਿ ਦਫ਼ਤਰ ਦੇ ਅੱਗੇ ਕਈ ਬਾਹਰਲੇ ਲੋਕ ਖੜੇ ਹੁੰਦੇ ਸਨ। ਅੱਧਿਓਂ ਵੱਧ ਕਰਮਚਾਰੀ ਬਾਹਰ ਨਿਕਲਦਿਆਂ ਹੀ ਆਪਣੀ ਤਨਖ਼ਾਹ ਦੇ ਟੋਟੇ ਵੰਡਣ ਲੱਗ ਪੈਂਦੇ ਸਨ। ਇਹ ਟੋਟੇ ਸਨ ਵਿਆਜ ਦੇ, ਜੋ ਲਏ ਕਰਜ਼ਿਆਂ ਕਾਰਨ ਹਰ ਮਹੀਨੇ ਦੇਣੇ ਪੈਂਦੇ ਸਨ। ਅਸਲ ਵਾਪਸ ਕਰ ਸਕਣ ਦੀ ਸ਼ਕਤੀ ਨਹੀਂ ਸੀ ਹੁੰਦੀ। ਅਸਲ ਨਾਲੋਂ ਵੀ ਕਈ ਗੁਣਾ ਵਿਆਜ ਤਾਰੀ ਜਾਂਦੇ ਸਨ।

ਮਹਾਨ ਅਰਥ ਸ਼ਾਸਤਰੀ, ਸਮਾਜ ਦੀਆਂ ਵਿੱਤੀ ਬਿਮਾਰੀਆਂ ਦੀ ਘੋਖ ਕਰ ਕੇ ਨਵੇਂ ਤੋਂ ਨਵੇਂ ਇਲਾਜ ਲੱਭਦੇ ਰਹਿੰਦੇ ਹਨ। ਪਰ ਮੇਰੀ ਜਾਚੇ ਸਾਡੇ ਵਕਤਾਂ ਦੀ ਸਭ ਤੋਂ ਵੱਡੀ ਬਿਮਾਰੀ ਵੱਲ ਉਨ੍ਹਾਂ ਦੀ ਨਿਗਾਹ ਨਹੀਂ ਪਈ। ਉਹ ਹੈ ਵਿਆਜ ਦਾ ਸਿਸਟਮ। ਸਾਡੀ ਦੁਨੀਆਂ/ਖਿੱਤੇ/ਨਿਜ਼ਾਮ ਵਿਚ ਕਰਜ਼ਾ ਇਕ ਵੱਡੀ ਸਮੱਸਿਆ ਸਮਝਿਆ ਜਾਂਦਾ ਹੈ। ਕਰਜ਼ਾ ਤਾਂ ਲੈ ਕੇ ਮੋੜਿਆ ਵੀ ਜਾ ਸਕਦੈ। ਕੁੱਲ ਮੁਸੀਬਤਾਂ ਦੀ ਜੜ੍ਹ ਹੈ ਵਿਆਜ ਜਾਂ ਸੂਦ।

ਬੇਅੰਤ ਲੋਕ ਬੈਂਕ ਤੋਂ ਕਰਜ਼ਾ ਲੈ ਕੇ ਫ਼ਰਿਜ, ਏਅਰ ਕੰਡੀਸ਼ਨਰ, ਟੀ.ਵੀ. ਜਾਂ ਕਾਰ ਖ਼ਰੀਦਦੇ ਹਨ, ਜਿਨ੍ਹਾਂ ਦਾ ਭੁਗਤਾਨ ਵਿਆਜ ਸਮੇਤ ਕਿਸ਼ਤਾਂ ਵਿਚ ਹੁੰਦਾ ਹੈ। ਦੋ, ਤਿੰਨ, ਚਾਰ ਸਾਲਾਂ ਦੇ ਅੰਦਰ ਕਿਸ਼ਤਾਂ ਸਮਾਪਤ ਹੁੰਦੀਆਂ ਹਨ। ਕੁੱਲ ਭੁਗਤਾਨ ਅਸਲ ਨਾਲੋਂ ਕਿਤੇ ਵੱਧ ਹੋ ਜਾਂਦਾ ਹੈ। ਬੈਂਕਾਂ ਵਾਲੇ ਇਹ ਨਹੀਂ ਚਾਹੁੰਦੇ ਕਿ ਕਿਸ਼ਤਾਂ ਮੁੱਕ ਜਾਣ ਅਤੇ ਗਾਹਕ ਹੱਥੋਂ ਜਾਂਦਾ ਰਹੇ। ਉਹ ਪਹਿਲਾਂ ਹੀ ਸਲਾਹ ਦੇਣ ਲੱਗ ਜਾਂਦੇ ਹਨ ਕਿ "ਕਾਰ ਹੁਣ ਪੁਰਾਣੀ ਹੋ ਗਈ ਹੈ, ਇਸ ਨੂੰ ਅਪਗ੍ਰੇਡ ਕਰਵਾ ਲਵੋ, ਅਸੀਂ ਪੁਰਾਣੀ ਕਾਰ ਵੱਟੇ ਵਿਚ ਪੁਆ ਦੇਵਾਂਗੇ। ਹੋਰ ਜੋ ਉਪਰੋਂ ਲੱਗਣਾ ਹੈ, ਸਾਥੋਂ ਲੈ ਲੈਣਾ।" ਅੱਜ ਦੇ ਸਮਾਜ ਦੇ ਕਰਜ਼ਾਈ ਲਈ, ਏਸ ਜਾਲ ਵਿਚ ਫਸ ਜਾਣਾ ਕੋਈ ਵੱਡੀ ਗੱਲ ਨਹੀਂ।

ਯੂਰਪ ਵਿਚ ਖ਼ਾਸ ਕਰ ਜਰਮਨੀ ਵਿਚ ਵਿਆਜ ਦੇ ਚੱਕਰ ਨੂੰ ਚੰਗੀ ਤਰ੍ਹਾਂ ਸਮਝਿਆ ਜਾਂਦਾ ਹੈ। ਸੋਚਵਾਨਾਂ ਨੇ ਪਿਛਲੀ ਸਦੀ ਵਿਚ ਇਸ ਸਮੱਸਿਆ ਉੱਤੇ ਸਿਰ ਖਪਾਈ ਕੀਤੀ ਅਤੇ ਚਾਨਣਾ ਪਾਇਆ ਹੈ।

'ਫੈਡਰ' ਨੇ ਇਕ ਕਿਤਾਬ ਲਿਖੀ : *ਵਿਆਜ ਦੀਆਂ ਜ਼ੰਜੀਰਾਂ ਤੋੜੋ*। ਉਸ ਦੀ ਸਲਾਹ ਉੱਤੇ ਹਿਟਲਰ ਨੇ ਨਾਹਰਾ ਲਾਇਆ ਕਿ "ਰਾਸ਼ਟਰੀ ਸਮਾਜਵਾਦ ਦਾ ਮੂਲ

ਮੁੱਦਾ ਹੈ ਵਿਆਜ ਤੋਂ ਛੁਟਕਾਰਾ"। ਹੈਰਾਨੀ ਹੋ ਜਾਂਦੀ ਹੈ ਕਿ ਉਹ ਸੱਚਾਈ ਦੇ ਏਨੇ ਨੇੜੇ ਕਿਵੇਂ ਪਹੁੰਚ ਗਿਆ ?

ਅੱਜ ਇਹ ਜਾਣਨ ਦੀ ਕੋਸ਼ਿਸ਼ ਕਰੀਏ ਕਿ ਵਿਆਜ ਸਾਡੀ ਜ਼ਿੰਦਗੀ ਉੱਤੇ ਕਿੰਨਾ ਕੁ ਹਾਵੀ ਹੈ। ਇਸ ਬਾਰੇ ਰਤਾ ਵੀ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ 'ਵਿਆਜ' ਕੁਲ ਇਨਸਾਨ ਨੂੰ ਗ਼ੁਲਾਮ ਬਣਾਉਣ ਦਾ ਇਕ ਘਿਣਾਉਣਾ ਹਥਿਆਰ ਹੈ। ਨੁਕਤਾ-ਬ-ਨੁਕਤਾ ਕੁਝ ਪੱਖਾਂ ਵੱਲ ਨਜ਼ਰ ਮਾਰੀਏ :

1. ਸ਼ੁਰੂ ਕਰਨ ਲਈ ਇਕ ਨਿੱਕੀ ਜਿਹੀ ਉਦਾਹਰਣ ਲੈ ਲਵੋ। ਤੁਸਾਂ ਇਕ ਮਕਾਨ ਖ਼ਰੀਦਣਾ ਹੈ, ਜਿਸ ਲਈ ਬੈਂਕ ਕੋਲੋਂ ਕਰਜ਼ਾ ਲੈਣ ਜਾਂਦੇ ਹੋ। ਮੰਨ ਲਵੋ ਤੁਸਾਂ ਦੋ ਲੱਖ ਕਰਜ਼ਾ ਲਿਆ, ਜਿਸ ਨੂੰ ਤੁਸਾਂ ਅਗਲੇ ਤੀਹ ਸਾਲਾਂ ਅੰਦਰ ਛੇ ਲੱਖ ਕਰ ਕੇ ਤਾਰਨਾ ਹੈ – ਦੋ ਲੱਖ ਅਸਲ ਅਤੇ ਚਾਰ ਲੱਖ ਸੂਦ।

ਜੇ ਤੁਸੀਂ ਇਹੀ ਰਕਮ ਕਿਸੇ ਵਾਕਫ਼/ਮਿੱਤਰ ਤੋਂ ਫੜੀ ਹੋਵੇ, ਜਿਸ ਨੇ ਮਿਹਨਤ ਕਰ ਕੇ ਦੋ ਲੱਖ ਬਚਾ ਕੇ ਰੱਖੇ ਹੋਣ ਤਾਂ ਉਸ ਨੂੰ ਇੰਜ ਸੂਦ ਦੇਣਾ ਤਾਂ ਜਾਇਜ਼ ਜਾਪਦਾ ਹੈ (ਇਹ ਅਸੀਂ ਕਰਦੇ ਨਹੀਂ, ਦੋਸਤਾਂ ਕੋਲੋਂ ਬਿਨ ਵਿਆਜ ਪੈਸਾ ਫੜਨਾ ਹੱਕ ਸਮਝਦੇ ਹਾਂ)।

ਜਦੋਂ ਅਸੀਂ ਬੈਂਕ ਤੋਂ ਕਰਜ਼ਾ ਫੜਦੇ ਹਾਂ ਤਾਂ ਬੈਂਕ ਨੇ ਕੋਈ ਮਿਹਨਤ ਖ਼ਰ ਕੇ ਪੈਸੇ ਨਹੀਂ ਬਚਾ ਕੇ ਰੱਖੇ ਹੋਏ। ਜਿਉਂ ਹੀ ਤੁਸੀਂ ਕਰਜ਼ਾ ਮੰਗਦੇ ਹੋ, ਬੈਂਕ ਇਕ ਕਾਗ਼ਜ਼ ਉੱਤੇ ਦਸਤਖ਼ਤ ਕਰਵਾਉਂਦਾ ਹੈ, ਕੰਪਿਊਟਰ ਪ੍ਰੋਗਰਾਮ ਉੱਤੇ ਦੋ ਉਂਗਲਾਂ ਮਾਰਦਾ ਹੈ ਅਤੇ ਆਹ ਫੜੋ ਕਰਜ਼ਾ ਦੋ ਲੱਖ ਦਾ। ਸੋ, ਜਿਹੜਾ ਚਾਰ ਲੱਖ ਸੂਦ ਤਾਰਿਆ ਜਾਣਾ ਹੈ, ਉਹ ਕੰਪਿਊਟਰ ਉੱਤੇ ਦੋ ਉਂਗਲਾਂ ਮਾਰਨ ਦੀ ਮਿਹਨਤ ਦਾ ਹੀ ਫਲ ਹੈ। ਇਹ ਠੀਕ ਹੈ ਕਿ ਬੈਂਕ ਨੇ ਕਰਜ਼ੇ ਦੀ ਅਦਾਇਗੀ ਅਤੇ ਸੂਦ ਦਾ ਹਿਸਾਬ ਕਿਤਾਬ ਰੱਖਣ ਉੱਤੇ ਖ਼ਰਚ ਕਰਨਾ ਹੈ। ਪਰ ਇਹ ਖ਼ਰਚ ਤਾਂ ਖੋਹੇ ਜਾਂਦੇ ਸੂਦ ਦਾ ਪਾਸਕੂ ਵੀ ਨਹੀਂ।

ਇਹ ਤਾਂ ਸਪੱਸ਼ਟ ਹੈ ਕਿ ਬੈਂਕ ਸਾਨੂੰ ਲੁੱਟ ਰਿਹੈ, ਜੇ ਕਾਨੂੰਨ ਪੱਖੋਂ ਵੇਖੀਏ ਤਾਂ ਵੀ। ਉਹ ਕਾਨੂੰਨ ਵੀ ਆਪੇ ਹੀ ਘੜ ਲੈਂਦੇ। ਉਸ ਨੇ ਪੈਸੇ ਪਕੜਾਉਣ ਲੱਗੇ ਕਿਹੜੀ ਖ਼ਾਸ ਸੇਵਾ ਜਾਂ ਤਰੱਦਦ ਕੀਤਾ ਹੈ ?

ਅਜੇ ਹੋਰ ਜਾਣਨ ਦੀ ਲੋੜ ਹੈ, ਅੱਗੇ ਚੱਲਦੇ ਹਾਂ। ਜ਼ਰਾ ਜ਼ਿਆਦਾ ਧਿਆਨ ਨਾਲ ਸਮਝਣਾ ਹੈ।

2. ਜਿਹੜਾ ਪੈਸਾ ਤੁਹਾਨੂੰ ਕਰਜ਼ੇ 'ਤੇ ਮਿਲਿਆ, ਉਹ ਸਮਾਜ ਅੰਦਰ ਗਰਦਿਸ਼ ਵਿਚ ਆ ਗਿਆ। ਜਦੋਂ ਕਰਜ਼ਾ ਵਾਪਸ ਮੁੜ ਜਾਵੇਗਾ ਤਾਂ ਓਨਾ ਹੀ ਪੈਸਾ ਗਰਦਿਸ਼ ਵਿੱਚੋਂ ਨਿਕਲ ਜਾਵੇਗਾ। ਬੈਂਕ ਨੇ ਤੁਹਾਨੂੰ ਦੋ ਲੱਖ ਦਿੱਤਾ, ਪਰ ਤੀਹ ਸਾਲਾਂ ਪਿੱਛੋਂ ਛੇ ਲੱਖ ਤਾਰਿਆ ਗਿਆ। ਫਿਰ ਸੋਚੋ, ਬੈਂਕ ਤੋਂ ਦੋ ਲੱਖ ਲਿਆ ਗਿਆ ਅਤੇ ਤਾਰਿਆ ਗਿਆ ਛੇ ਲੱਖ। ਤਾਂ ਉਪਰਲਾ ਚਾਰ ਲੱਖ ਵਿਆਜੀ ਪੈਸਾ ਕਿਥੋਂ ਆਇਆ ?

ਇਹ ਪੈਸਾ ਆਇਆ ਮਾਰਕੀਟ ਵਿੱਚੋਂ। ਮਾਰਕੀਟ ਵਿਚ ਇਹ ਨਕਦੀ ਕਿਥੋਂ ਆਈ ? ਇਹ ਨਕਦੀ ਉਹ ਹੈ ਜੋ ਹੋਰਨਾਂ ਨੇ ਬੈਂਕਾਂ ਵਿੱਚੋਂ ਕਰਜ਼ੇ ਲੈ ਕੇ ਮਾਰਕੀਟ ਦੀ ਗਰਦਿਸ਼ ਵਿਚ ਪਾਈ ਹੋਈ ਹੈ। ਜਦੋਂ ਤੁਸਾਂ ਨੇ ਦੋ ਲੱਖ ਕਰਜ਼ਾ ਲਿਆ ਸੀ ਤਾਂ ਉਹ ਨਕਦੀ ਵੀ ਮਾਰਕੀਟ ਦੀ ਗਰਦਿਸ਼ ਵਿਚ ਪਈ ਸੀ।

ਹੁਣ ਸਮਝ ਆ ਸਕਦੀ ਹੈ ਕਿ ਹਰ ਬੈਂਕ ਤੋਂ ਕਰਜ਼ਾ ਲੈਣ ਵਾਲਾ, ਵਾਪਸ ਕਰਨ ਵਾਲੀ ਵਿਆਜ ਦੀ ਰਕਮ, ਮਾਰਕੀਟ ਵਿਚ ਤਰ ਰਹੀ ਨਕਦੀ ਵਿੱਚੋਂ ਹੀ ਕੱਢਦਾ ਹੈ। ਸਭਨਾਂ ਕਰਜ਼ਾਈਆਂ ਦਾ ਆਪੋ ਵਿਚ ਟਾਕਰਾ ਏਸੇ ਹੀ ਮੰਡੀ ਵਿਚ ਹੁੰਦਾ ਹੈ। ਲੋੜਾਂ ਵਧੀਕ, ਨਕਦੀ ਘੱਟ।

ਸਿੱਟਾ ਇਹ ਨਿਕਲਿਆ ਕਿ ਕਰਜ਼ ਅਤੇ ਵਿਆਜ ਦਾ ਜੋੜ ਬਰਾਬਰ/ਸਾਵਾਂ ਕਰਨ/ਰੱਖਣ ਲਈ ਨਕਦੀ ਨੂੰ ਲਗਾਤਾਰ ਵਧਾਉਣਾ ਪਵੇਗਾ। ਨਕਦੀ ਨੂੰ ਵਧਾਉਣ ਦਾ ਅਰਥ ਹੁੰਦਾ ਹੈ ਇਨਫਲੇਸ਼ਨ/ਨਕਦੀ ਪਰਸਾਰ ਜਾਂ ਨਕਦੀ ਵਾਧਾ। ਜਦੋਂ ਘੁੰਮਦੀ ਨਕਦੀ ਦੀ ਮਾਤਰਾ ਵੱਧ ਜਾਂਦੀ ਹੈ ਤਾਂ ਨਾਲ ਹੀ ਕੀਮਤਾਂ ਵੀ ਉੱਤੇ ਚੜ੍ਹ ਜਾਂਦੀਆਂ ਹਨ।

ਅੱਗੋਂ ਨਕਦੀ ਪਰਸਾਰ/ਵਾਧਾ ਘਟਾਉਣ ਲਈ ਬੈਂਕ, ਵਿਆਜ ਦਰ ਵਧਾ ਦੇਂਦੇ ਹਨ। ਦਲੀਲ ਇਹ ਦੇਂਦੇ ਹਨ ਕਿ ਇੰਜ ਮਾਰਕੀਟ ਵਿੱਚੋਂ ਕਰਜ਼ੇ ਦੀ ਮੰਗ ਘੱਟ ਜਾਵੇਗੀ ਅਤੇ ਇੰਜ ਘੁੰਮਦੀ/ਗਰਦਸ਼ੀ ਨਕਦੀ ਘੱਟ ਜਾਵੇਗੀ। ਪਰ ਇਸ ਦਾ ਸਿੱਟਾ ਇਕ ਹੋਰ ਨਿਕਲ ਆਉਂਦਾ ਹੈ। ਵਿਆਜ ਦਰ ਵਧਣ ਦੇ ਨਾਲ ਕਰਜ਼ਾਈਆਂ ਨੂੰ ਵਿਆਜ ਦੀਆਂ ਕਿਸ਼ਤਾਂ ਵਾਪਸ ਕਰਨ ਲਈ ਕਿਤੇ ਵੱਧ ਨਕਦੀ ਦੀ ਲੋੜ ਪੈਂ ਜਾਂਦੀ ਹੈ।

3. ਵਧਦੇ ਵਿਆਜ ਦੇ ਅਸਰ ਹੇਠ ਪੈਸੇ ਦੀ ਘੁੰਮਣ ਚਾਲ ਸੁਸਤ ਹੋ ਜਾਂਦੀ ਹੈ ਜੋ ਇਕ ਵੱਡੀ ਸਮੱਸਿਆ ਹੈ। ਚਾਲ ਜਿੰਨੀ ਸੁਸਤ ਹੁੰਦੀ ਹੈ, ਲੋੜਾਂ ਪੂਰੀਆਂ ਕਰਨ ਲਈ, ਓਨੀ ਹੀ ਉਸ ਦੀ ਲੋੜ ਵਧੀ ਜਾਂਦੀ ਹੈ ਅਤੇ ਜਦੋਂ ਪੈਸੇ ਦੇ ਨਾਲ ਵਿਆਜ ਵੀ ਜੁੜਿਆ ਹੋਵੇ ਤਾਂ ਸਮੱਸਿਆ ਹੋਰ ਵੀ ਜਟਿਲ ਹੋ ਜਾਂਦੀ ਹੈ। ਪੈਸੇ ਦੀ ਮੱਠੀ ਚਾਲ ਦੇ ਨਾਲ ਸਾਂਭ ਕੇ ਰੱਖੀ ਨਕਦੀ ਦੀ ਕੀਮਤ ਉੱਚੀ ਹੋ ਜਾਂਦੀ ਹੈ, ਜੋ ਕਈ ਢੰਗਾਂ ਨਾਲ ਉਲਝਣਾਂ ਪਾਉਂਦੀ ਹੈ।

ਲੋਕਾਂ ਦੇ ਬਿੱਲਾਂ ਦੇ ਭੁਗਤਾਨ ਵੱਧ ਤੋਂ ਵੱਧ ਸਮਾਂ ਲੈ ਕੇ ਰੋਕ ਛੱਡਣ ਨਾਲ ਤਾਂ ਆਪਣੀ ਨਕਦੀ ਵਧਦੀ ਹੈ। ਪਰ ਉਸ ਦੀ ਗਰਦਿਸ਼/ਚਾਲ ਸੁਸਤ ਹੋ ਜਾਂਦੀ ਹੈ। ਰੋਕਣ ਵਾਲਿਆਂ ਦਾ ਰੁਝਾਨ ਹੋ ਜਾਵੇਗਾ ਕਿ ਖ਼ਰਚਣ ਦੀ ਥਾਂ ਨਕਦੀ ਸੰਭਾਲ ਕੇ ਰੱਖਣ।

ਜਦੋਂ ਲੋਕ ਕਿਰਸ ਕਰਦੇ ਹਨ ਤਾਂ ਬਾਜ਼ਾਰ ਵਿਚ ਫਿਰਦੀ/ਘੁੰਮਦੀ ਕਰੰਸੀ ਘੱਟ ਜਾਂਦੀ ਹੈ ਅਤੇ ਕੁਝ ਚਿਰ ਲਈ ਕੀਮਤਾਂ ਵਾਜਬ ਹੋ ਜਾਂਦੀਆਂ ਹਨ, ਕਿਉਂ ਜੁ ਪੈਸੇ ਦੀ ਗਰਦਿਸ਼ ਸੁਸਤ ਹੋ ਗਈ ਹੈ, ਏਸ ਲਈ ਉਸ ਦੀ ਮੰਗ ਵੀ ਘੱਟ ਜਾਂਦੀ ਹੈ।

4. ਕਰਜ਼ੇ ਉੱਤੇ ਚਾੜ੍ਹਨ ਲਈ ਬੈਂਕਾਂ ਵੱਲੋਂ ਅਸਲ ਤਾਂ ਪੈਦਾ ਕੀਤਾ ਜਾਂਦਾ ਹੈ ਪਰ ਉਸ ਦੇ ਉੱਤੇ ਵਿਆਜ ਭਰਨ ਵਾਲੀ ਰਕਮ ਨਹੀਂ, ਏਸ ਲਈ ਪੈਸੇ ਦਾ ਤੋੜਾ ਤਾਂ ਧੁਰੋਂ ਹੀ ਰਹਿੰਦਾ ਹੈ।

ਪੈਦਾਵਾਰ ਵਧਾਉਣ ਲਈ ਸਦਾ ਪੈਸੇ ਦੀ ਕਮੀ ਹੁੰਦੀ ਹੈ, ਲੇਬਰ ਦੀ ਨਹੀਂ, ਜਦ ਕਿ ਹੋਣਾ ਇਸ ਦੇ ਉਲਟ ਚਾਹੀਦਾ ਹੈ। ਫਿਰ ਅਜਿਹੀ ਹਾਲਤ ਵਿਚ ਖ਼ੁਸ਼ਹਾਲੀ ਦੀ ਕਾਮਨਾ ਕਿਵੇਂ ਕੀਤੀ ਜਾ ਸਕਦੀ ਹੈ?

ਇਨ੍ਹਾਂ ਹਾਲਤਾਂ ਵਿਚ ਕੁਦਰਤੀ ਸਿੱਟਾ ਹੈ - ਮੁਕਾਬਲਾ/ਟਾਕਰਾ। ਹੁਣ ਦੀ

ਬਣਤਰ ਵਿਚ ਥੋੜ੍ਹੇ ਸਰਮਾਏ ਦੇ ਪਿੱਛੇ ਕਈ ਵਿੱਤੀ ਅਦਾਰੇ, ਟਾਕਰੇ ਉੱਤੇ ਆਉਂਦੇ ਹਨ। ਸਰਮਾਏ ਦੀ ਜਿੰਨੀ ਵੱਧ ਤੋਟ, ਓਨਾ ਹੀ ਕੜਾ ਟਾਕਰਾ। ਜਿਹੜੇ ਜਿੱਤਦੇ ਹਨ, ਉਨ੍ਹਾਂ ਦੇ ਪਾਲਤੂ ਅਰਥ-ਸ਼ਾਸਤਰੀ ਫ਼ਰਮਾਉਂਦੇ ਹਨ ਕਿ ਮਾਰਕੀਟ ਵਿਚ ਟਾਕਰੇ ਦੇ ਨਾਲ ਫੁਰਤੀ ਅਤੇ ਤਰੱਕੀ ਵਧਦੀ ਹੈ। ਪਰ ਮੇਰੀ/ਸਾਡੀ ਸਾਧਾਰਨ ਮੱਤ ਤਾਂ ਇਹ ਸਿਖਾਉਂਦੀ ਹੈ ਕਿ ਜੇ ਇਨਸਾਨ ਰਲ ਕੇ ਕੰਮ ਕਰਨ ਤਾਂ ਵਧੇਰੇ ਫੁਰਤੀ/ਸਰਲਤਾ ਆਉਂਦੀ ਹੈ। ਮੰਨਦੇ ਹਾਂ ਮਾਰਕੀਟ ਵਿਚ ਟਾਕਰੇ ਦੀ ਕਿਸੇ ਹੱਦ ਤਕ ਲੋੜ ਹੈ, ਪਰ ਜੋ ਏਸ ਸਮੇਂ ਹੋ ਰਿਹਾ ਹੈ, ਉਸ ਦਾ ਤਾਂ ਹੱਦ ਬੰਨਾ ਹੀ ਕੋਈ ਨਹੀਂ।

ਟਾਕਰੇ ਦੇ ਏਸ ਭੱਦੇ ਰੁਝਾਨ ਦੇ ਪਿੱਛੇ ਹੈ ਵਿਆਜ ਦੇ ਨਾਲ ਬੱਧਾ ਹੋਇਆ ਲੋੜ ਤੋਂ ਕਿਤੇ ਘੱਟ ਸਰਮਾਇਆ।

5. ਤਾਂ ਫਿਰ ਤੁਹਾਡਾ ਕੀ ਖ਼ਿਆਲ ਹੈ ਕਰਜ਼ੇ ਬਾਰੇ ? ਮੈਨੂੰ ਤਾਂ ਬਚਪਨ ਤੋਂ ਪੜ੍ਹਾਇਆ ਗਿਆ ਸੀ ਕਿ ਕਦੇ ਕਰਜ਼ੇ ਥੱਲੇ ਨਹੀਂ ਆਉਣਾ। ਮੇਰੇ ਦਾਦੇ ਦਾ ਪੰਜ ਹਜ਼ਾਰ ਦਾ ਕਰਜ਼ਾ ਲਾਹੁਣ ਲਈ ਮੇਰੇ ਪਿਤਾ ਨੂੰ ਦਸ ਸਾਲ ਲੱਗ ਗਏ ਸਨ। ਇੰਜ ਜੇ ਕੋਈ ਵੀ ਕਰਜ਼ਾ ਨਾ ਲਵੇ ਤਾਂ ਕੀ ਹੋਵੇਗਾ ? ਤਾਂ ਬਾਜ਼ਾਰ ਵਿਚ ਪੈਸਾ ਹੀ ਨਹੀਂ ਹੋਵੇਗਾ। ਕੰਪਨੀਆਂ ਨੂੰ ਆਪਣੀ ਪੈਦਾਵਾਰ ਚਾਲੂ ਕਰਨ ਲਈ ਕਰਜ਼ੇ ਲੈਣੇ ਹੀ ਪੈਂਦੇ ਹਨ। ਉਨ੍ਹਾਂ ਦੇ ਉਧਾਰੇ ਸਰਮਾਏ ਦੇ ਮੁੱਲ ਉੱਤੇ ਵਿਆਜ ਪੈਂਦਾ ਹੈ। ਇਸ ਲਈ ਜੋ ਵੀ ਸੇਵਾਵਾਂ ਜਾਂ ਮਾਲ ਸਾਮਾਨ ਮਿਲਦਾ ਹੈ, ਉਨ੍ਹਾਂ ਦੇ ਮੁੱਲ ਅੰਦਰ ਵਿਆਜ ਦਾ ਹਿੱਸਾ ਹੋਣਾ ਲਾਜ਼ਮੀ ਹੈ।

ਚਾਲੂ ਕੀਮਤਾਂ ਅੰਦਰ ਵਿਆਜ ਦਾ ਹਿੱਸਾ ਕਿੰਨਾ ਕੁ ਹੁੰਦਾ ਹੈ ? ਜ਼ਾਹਰ ਹੈ ਕਿ ਕਈ ਪ੍ਰਕਾਰ ਦਾ ਹੋਵੇਗਾ। ਕੂੜਾ ਇਕੱਠਾ ਕਰਨ ਵਾਲੀਆਂ ਮਸ਼ੀਨੀ ਅਤੇ ਹੋਰ ਸੇਵਾਵਾਂ ਵਿਚ ਕਰੀਬ 10-12 ਪ੍ਰਤੀਸ਼ਤ ਅਤੇ ਕਿਰਾਏ ਦੇ ਮਕਾਨ ਵਿਚ ਵਿਆਜ ਦਾ ਹਿੱਸਾ 60-80 ਪ੍ਰਤੀਸ਼ਤ। ਕਈ ਵਾਰ ਇਸ ਤੋਂ ਵੀ ਵੱਧ ਹੋ ਸਕਦਾ ਹੈ। ਦਸ ਹਜ਼ਾਰ ਕਿਰਾਇਆ ਲੈਣ ਵਾਲੇ ਦੇ ਆਪਣੇ ਹੱਥ ਅਸਲ ਵਿਚ ਦੋ ਹਜ਼ਾਰ ਰੁਪਏ ਹੀ ਆਉਂਦੇ ਹਨ। ਐਵਰੇਜ/ਔਸਤਨ, ਕੁੱਲ ਕੀਮਤਾਂ ਦੇ ਅੰਦਰ ਵਿਆਜ ਦਾ ਹਿੱਸਾ ਕਰੀਬ ਚਾਲੀ ਪ੍ਰਤੀਸ਼ਤ ਹੁੰਦਾ ਹੈ। ਇਹ ਅੰਕੜੇ ਯੂਰਪੀ ਹਨ। ਸਾਨੂੰ ਆਪਣੇ ਅੰਕੜੇ ਆਪ ਲੱਭਣ ਦੀ ਲੋੜ ਹੈ। ਮੋਟੀ ਗੱਲ ਇਹ ਹੈ ਕਿ ਹਰ ਮੁੱਲ ਦੇ ਅੰਦਰ ਵਿਆਜ ਦਾ ਇਕ ਮੋਟਾ ਹਿੱਸਾ ਹੁੰਦਾ ਹੈ।

6. ਵਿਆਜ ਉਹ ਲੋਕ ਦੇਂਦੇ ਹਨ ਜੋ ਕਰਜ਼ੇ ਚੁੱਕਦੇ ਹਨ ਅਤੇ ਲੈਣ ਵਾਲੇ ਉਹ ਹੁੰਦੇ ਹਨ ਜਿਨ੍ਹਾਂ ਦੇ ਕੋਲ ਪਹਿਲਾਂ ਹੀ ਦੌਲਤ ਦੇ ਅੰਬਾਰ ਹੁੰਦੇ ਹਨ। ਮੁੱਕਦੀ ਗੱਲ ਪੈਸਾ ਗ਼ਰੀਬਾਂ ਦੀ ਝੋਲੀ 'ਚੋਂ ਨਿਕਲ ਕੇ ਅਮੀਰਾਂ ਦੀ ਜੇਬ ਵਿਚ ਜਾਂਦਾ ਹੈ।

ਗੱਲ ਇਹ ਨਿਕਲਦੀ ਹੈ ਕਿ 80 ਪ੍ਰਤੀਸ਼ਤ ਅਤਿ ਗ਼ਰੀਬ ਲੋਕ, ਸੂਦ ਦੀਆਂ ਰਕਮਾਂ ਉਪਰਲੇ 10 ਪ੍ਰਤੀਸ਼ਤ ਲੋਕਾਂ ਨੂੰ ਦੇਂਦੇ ਹਨ। ਯਾਨੀ ਵੱਡੀ ਬਹੁਗਿਣਤੀ ਆਪਣੀ ਨਕਦੀ ਦਾ ਇਕ ਮੋਟਾ ਹਿੱਸਾ, ਵਿਆਜ ਦੇ ਰਸਤੇ ਗਵਾ ਲੈਂਦੇ ਹਨ। ਪਰ ਇਸ ਪੈਂਦੇ ਘਾਟੇ ਦੀ ਉਨ੍ਹਾਂ ਨੂੰ ਭਿਣਕ ਵੀ ਨਹੀਂ ਪੈਂਦੀ। ਧਨਾਢ ਲੋਕ ਜਾਂ ਆਪ ਬੈਂਕਾਂ ਦੇ ਮਾਲਕ ਹੁੰਦੇ ਹਨ ਤਾਂ ਹੀ ਉਨ੍ਹਾਂ ਨੇ ਚੋਖਾ ਧਨ ਬੈਂਕਾਂ ਅੰਦਰ ਲਾਇਆ ਹੁੰਦਾ ਹੈ।

ਸਮਝਣ ਵਾਲੀ ਮੋਟੀ ਘੁੰਡੀ ਇਹ ਹੈ ਕਿ ਬੈਂਕਾਂ ਨੇ ਕੋਈ ਖੇਚਲ ਨਹੀਂ ਕੀਤੀ, ਜਿਸ ਦੇ ਵੱਟੇ ਵਿਚ ਉਨ੍ਹਾਂ ਨੂੰ ਬੇਅੰਤ ਵਿਆਜ ਮਿਲ ਰਿਹਾ ਹੈ। ਉਨ੍ਹਾਂ ਨੇ ਤਾਂ ਕਰਜ਼ਾ ਦੇਣ ਵੇਲੇ ਕੇਵਲ ਇਕ ਕਾਗ਼ਜ਼ ਨੂੰ ਛਾਪਣਾ ਹੁੰਦਾ ਹੈ, ਬਸ।

ਕਿਸੇ ਦੇਸ ਅੰਦਰ ਵਿਆਜ ਦੀ ਕੁੱਲ ਰਕਮ ਕਿੰਨੀ ਕੁ ਹੋ ਸਕਦੀ ਹੈ ? ਹੇਠ ਲਿਖੇ ਅੰਕੜੇ ਜਰਮਨੀ ਦੇ ਹਨ, ਪਰ ਹਰ ਦੇਸ ਅੰਦਰਲੀ ਤਸਵੀਰ ਕਰੀਬ ਇੰਜ ਹੀ ਹੁੰਦੀ ਹੈ। ਜਰਮਨੀ ਅੰਦਰ 80 ਪ੍ਰਤੀਸ਼ਤ ਹੇਠਲੇ ਵਰਗ ਦੇ ਲੋਕ, ਹਰ ਰੋਜ਼ ਧੁਰ ਉਪਰਲੇ 10 ਪ੍ਰਤੀਸ਼ਤ ਵਰਗ ਨੂੰ ਕਰੀਬ ਇਕ ਬਿਲੀਅਨ ਯੂਰੋ ਦੇਂਦੇ ਹਨ, ਸਾਲ ਦੇ ਤਿੰਨ ਸੋ ਪੈਂਠ ਦਿਨ। ਏਨੀ ਨਕਦੀ ਜਰਮਨੀ ਦੀ ਸਾਲਾਨਾ ਪੈਦਾਵਾਰ ਦਾ ਸਤਵਾਂ ਹਿੱਸਾ ਬਣਦੀ ਹੈ। ਜੇ ਇਹੀ ਗਿਣਤੀ ਅਮਰੀਕਾ ਉੱਤੇ ਲਾਗੂ ਕੀਤੀ ਜਾਵੇ ਤਾਂ ਓਥੇ ਦੌਲਤ ਦੀ ਜੇਬ ਬਦਲੀ ਤਿੰਨ ਗੁਣਾ ਜ਼ਿਆਦਾ ਹੋਵੇਗੀ।

ਇਕ ਮੋਟੀ ਸੱਚਾਈ ਹੈ – ਗ਼ਰੀਬ ਹੋਈ ਜਾਂਦੇ ਨੇ ਗ਼ਰੀਬ-ਤਰ-ਗ਼ਰੀਬ ਅਤੇ ਧਨ ਵਾਲਿਆਂ ਦੇ ਖ਼ਜ਼ਾਨੇ ਭਰੀਂਦੇ ਜਾ ਰਹੇ ਹਨ। ਵਿਆਜ ਇਕ ਪੰਜਾਲੀ ਹੈ, ਇਕ ਵਿਅਕਤੀ ਦੀ ਧੌਣ ਉੱਤੇ, ਗ਼ੁਲਾਮੀ ਦਾ ਇਕ ਸਦੀਵੀ ਫੰਦਾ ਹੈ। ਪੀੜ ਏਸ ਗੱਲ ਦੀ ਹੈ ਵੱਡੀ ਬਹੁਗਿਣਤੀ ਏਸ ਲੁੱਟ ਤੋਂ ਅਨਜਾਣ ਹੈ।

ਇਹ ਹੈ 'ਵਿਆਜ' ਜਿਸ ਨੂੰ ਕਦੇ ਨਾ ਕਰੋ ਨਜ਼ਰ-ਅੰਦਾਜ਼। ਇਹ ਹੈ ਸਾਡਾ ਜਾਨੀ ਦੁਸ਼ਮਣ, ਅੱਖਾਂ ਗੱਡ ਕੇ ਰੱਖੋ ਇਹਦੇ ਉੱਤੇ। ਇਨਸਾਨੀਅਤ ਦਾ ਕਲਿਆਣ ਓਸ ਦਿਨ ਹੋਣੈ ਜਦੋਂ 'ਵਿਆਜ' ਨੂੰ ਨਰਕਾਂ ਦੀ ਅੱਗ ਵਿਚ ਡਾਹਿਆ ਜਾਵੇਗਾ।

ਪਿੱਛੇ ਜਿਹੇ ਇਕ ਫ਼ਿਲਮੀ ਗੀਤ ਦੀਆਂ ਇਹ ਸਤਰਾਂ ਬਹੁਤ ਕੁਝ ਬਿਆਨ ਕਰ ਦੇਂਦੀਆਂ ਹਨ :

"ਸਖੀ, ਸਈਆਂ ਜੀ ਖ਼ੂਬ ਕਮਾਏ ਹੈਂ, ਮਹਿੰਗਾਈ ਡਾਇਨ ਖਾਤ ਜਾਤ ਹੈ।"

ਯੂਰਪ ਅਤੇ ਅਮਰੀਕਾ ਵਿਚ ਤਾਂ ਬਹੁਤੇ ਕਰਜ਼ੇ ਬੈਂਕਾਂ ਤੋਂ ਲਏ ਜਾਂਦੇ ਹਨ। ਉਨ੍ਹਾਂ ਤੋਂ ਉਤਪੰਨ ਹੁੰਦੇ ਫਲ ਤੁਸਾਂ ਵੇਖ ਹੀ ਲਏ ਹਨ।

ਭਾਰਤ ਅਤੇ ਕਈ ਹੋਰ ਏਸ਼ੀਆਈ ਦੇਸਾਂ ਅੰਦਰ ਨਿੱਕੇ ਮੋਟੇ ਕਰਜ਼ਿਆਂ ਲਈ ਸਥਾਨਕ ਸ਼ਾਹੂਕਾਰਾਂ ਅਤੇ ਫ਼ਾਈਨੈਂਸਰਾਂ ਦੀ ਸੇਵਾ ਲਈ ਜਾਂਦੀ ਹੈ। ਜੋ ਅਤਿ ਗ਼ਰੀਬ ਹੈ, ਉਸ ਨੂੰ ਤਾਂ ਕੋਈ ਦੂਰੋਂ ਸੋਟੀ ਨਾਲ ਵੀ ਨਹੀਂ ਛੂੰਹਦਾ। ਲੋੜ ਵੇਲੇ ਉਸ ਦੇ ਰਿਸ਼ਤੇਦਾਰ ਮਿੱਤਰ ਹੀ ਕੰਮ ਆਉਣ ਤਾਂ ਆਵਣ। ਸ਼ਾਹੂਕਾਰ/ਆੜ੍ਹਤੀਏ ਨੇ ਵੇਖਣਾ ਹੈ ਕਿ ਕਿਸੇ ਦਾ ਬੱਚਾ ਬਾਹਰਲੇ ਦੇਸੋਂ ਪੈਸਾ ਭੇਜ ਰਿਹਾ ਹੈ, ਉਹ ਆਪ ਕਮਾਈ ਕਰ ਰਿਹੈ ਜਾਂ ਕਰਜ਼ੇ ਪਿੱਛੇ ਕੋਈ ਟੂਮ ਛੱਲਾ (ਗਹਿਣਾ), ਮਾਲ ਡੰਗਰ, ਟਰੈਕਟਰ ਜਾਂ ਘਰ ਗਿਰਵੀ ਰੱਖਣ ਲਈ ਹੈ ਜਾਂ ਨਹੀਂ। ਵਿਆਜ ਦਰ ਏਨੀ ਉੱਚੀ ਹੈ ਕਿ ਮੇਰੇ ਜਿਹੇ ਨੂੰ ਜਾਣ ਕੇ ਵੀ ਗਸ਼ ਪੈਂਦੀ ਹੈ। ਪਿੰਡਾਂ ਅੰਦਰ ਇਹ ਦਰ ਘੱਟੋ-ਘੱਟ ਹੈ 4 ਰੁਪਏ ਮਹੀਨਾ ਅਤੇ ਵੱਧ ਤੋਂ ਵੱਧ ਹੈ 20 ਰੁਪਏ ਮਹੀਨਾ, ਸੌ ਰੁਪਏ ਕਰਜ਼ ਪਿੱਛੇ। ਲੋੜ ਦਾ ਮੁੱਲ ਹੈ। ਗ਼ਰੀਬਾਂ ਅਤੇ ਕਿਸਾਨਾਂ ਦੇ ਆਤਮਘਾਤ ਦੇ ਵਾਧੇ ਪਿੱਛੇ ਏਹੀ ਮਾਰੂ ਵਿਆਜ ਹੈ।

ਸਵਾਲ ਇਹ ਹੈ ਕਿ ਲੋਕਾਂ ਅਤੇ ਦੇਸਾਂ ਨੂੰ ਵਿਆਜ ਦੇ ਜੂਲੇ ਤੋਂ ਕਿਵੇਂ ਬਚਾਇਆ ਜਾਵੇ ? ਯਿਸੂ ਮਸੀਹ ਨੇ 'ਸੂਦ-ਖ਼ੋਰ' ਦੇ ਖ਼ਿਲਾਫ਼ ਕਦੋਂ ਦੀ ਚੇਤਾਵਨੀ ਦੇ ਰੱਖੀ ਹੈ। ਪਰ ਅਮਲ ਕਿਸ ਨੇ ਅਤੇ ਕਿਵੇਂ ਕਰਨਾ ਹੈ ?

ਕੈਨੇਡੀ ਕਤਲ – ਇਕ ਹਿੰਸਕ ਅਮਰੀਕੀ ਰਾਜ ਪਲਟਾ

ਅਮਰੀਕੀ ਪ੍ਰਧਾਨ ਜੋਹਨ ਐਫ਼ ਕੈਨੇਡੀ ਦਾ ਕਤਲ 22 ਨਵੰਬਰ, 1963 ਨੂੰ ਹੋਇਆ। ਭਾਰਤ ਅੰਦਰ ਉਸ ਵੇਲੇ 23 ਨਵੰਬਰ ਦੀ ਸਵੇਰ ਸੀ। ਮੈਂ ਆਪਣੇ ਨੌਕਰੀ ਵਾਲੀ ਥਾਂ ਸਿਧਵਾਂ ਬੇਟ ਤੋਂ ਚੰਡੀਗੜ੍ਹ ਜਾ ਰਿਹਾ ਸਾਂ। ਲੁਧਿਆਣੇ ਤੋਂ ਲੰਘਣ ਸਮੇਂ ਇਸੇ ਕਤਲ ਦੀ ਖ਼ਬਰ ਮਿਲੀ। ਕੁੱਲ ਭਾਰਤ ਵਿਚ ਝੰਡੇ ਝੁਕਾ ਦਿੱਤੇ ਗਏ। ਹਰ ਸਿਆਸੀ ਖ਼ਿਆਲ ਦੇ ਵਿਅਕਤੀ ਨੂੰ ਇੰਜ ਲੱਗਿਆ ਕਿ ਇਕ ਅਨਰਥ ਹੋਇਆ ਹੈ। ਬੇਅੰਤ ਭਾਰਤੀ ਸ਼ਹਿਰਾਂ ਅੰਦਰ ਕੈਨੇਡੀ ਦਾ ਨਾਂ ਰਿਹਾਇਸ਼ੀ ਇਲਾਕਿਆਂ ਦੇ ਨਾਲ ਜੋੜ ਦਿੱਤਾ ਗਿਆ।

ਕੈਨੇਡੀ ਦੇ ਕਤਲ ਦਾ ਵਾਸਤਾ ਸੱਚਮੁੱਚ ਸਾਡੀ ਅੱਜ ਦੀ ਭੂਗੋਲਿਕ ਜ਼ਿੰਦਗੀ ਨਾਲ ਵੀ ਹੈ। 1963 ਵਿਚ ਇਸ ਦੀ ਕਲਪਨਾ ਨਹੀਂ ਹੋ ਸਕਦੀ ਸੀ ਕਿ ਉਸ ਦੇ ਕਤਲ ਦਾ ਅਸਰ 48 ਸਾਲਾਂ ਪਿੱਛੋਂ ਸੰਨ 2011 ਵਿਚ ਸ਼ਿੱਦਤ ਨਾਲ ਮਹਿਸੂਸ ਹੋਵੇਗਾ। ਕੈਨੇਡੀ ਦਾ ਕਤਲ ਇਕ ਵੱਡੀ ਸਾਜ਼ਸ਼ ਸੀ। ਉਹ ਅੱਜ ਵੀ ਆਪਣੀ ਕਬਰ ਵਿੱਚੋਂ ਇਨਸਾਫ਼ ਲਈ ਪੁਕਾਰ ਰਿਹੈ।

ਕੈਨੇਡੀ ਦਾ ਕਤਲ ਅਸਲ ਵਿਚ ਇਕ ਅਤਿ-ਹਿੰਸਕ ਰਾਜ ਪਲਟਾ ਸੀ, ਜਿਸ ਵਿਚ ਲੋਕਾਂ ਦੇ ਚੁਣੇ 'ਦਿਲ ਦੇ ਬਾਦਸ਼ਾਹ' ਦੀ ਥਾਂ 'ਸੀ.ਆਈ.ਏ.', ਤੇਲ ਦੀ ਸਨਅਤ ਅਤੇ ਬੈਂਕਰ ਸ਼ਕਤੀਆਂ ਦੇ ਹੱਥ-ਠੋਕੇ ਲਿੰਡਨ ਬੀ ਜੌਨਸਨ ਨੂੰ ਬਿਠਾਇਆ ਗਿਆ, ਓਦੋਂ ਤੋਂ ਅੱਜ ਤਕ ਓਹੀ ਕਾਤਲ ਸ਼ਕਤੀਆਂ ਰਾਜ ਕਰਦੀਆਂ ਆ ਰਹੀਆਂ ਹਨ, ਭਾਵੇਂ ਕਿ ਉਨ੍ਹਾਂ ਦੇ ਖਿਡੌਣੇ ਰਾਸ਼ਟਰਪਤੀਆਂ, ਪ੍ਰਧਾਨਾਂ ਦਾ ਨਾਂ ਬਦਲਦਾ ਜਾਂਦਾ ਹੈ।

ਜੇਮਜ਼ ਡਗਲਾਸ (2008) ਨੇ ਕੈਨੇਡੀ ਬਾਰੇ ਕਿਤਾਬ ਲਿਖੀ : *JFK and The Unspeakable : Why He Died and Why It Matters*। ਉਸ ਦੀ ਜੇਬੀ ਐਡੀਸ਼ਨ 2010 ਵਿਚ ਛਪੀ, ਇਸ ਵਿਚ ਡਗਲਾਸ ਲਿਖਦਾ ਹੈ : "ਸੋਵੀਅਤ ਸੰਘ ਨਾਲ ਠੰਡੀ ਜੰਗ ਦੌਰਾਨ, ਕੈਨੇਡੀ ਨੇ ਪ੍ਰਮਾਣੂ ਹਥਿਆਰਾਂ ਦੇ ਨਾਲ ਜੰਗ ਕਰਨ ਤਕ ਦੀ ਤਿਆਰੀ ਕਰ ਲਈ। ਜਦੋਂ ਉਸ ਨੂੰ ਗਿਆਨ ਹੋਇਆ ਕਿ ਇੰਜ ਤਾਂ ਕੁੱਲ ਦੁਨੀਆਂ ਤਬਾਹ ਹੋ ਜਾਵੇਗੀ ਤਾਂ ਉਸ ਨੇ ਆਪਣਾ ਰੁਖ਼ ਸਦੀਵੀ ਅਮਨ ਵੱਲ ਕਰ ਲਿਆ। ਪਰ ਫ਼ੌਜੀ ਅਤੇ ਖ਼ੁਫ਼ੀਆ ਏਜੰਸੀਆਂ ਜੋ ਠੰਢੀ ਜੰਗ ਹਰ ਹਾਲ ਜਿੱਤਣੀ ਚਾਹੁੰਦੀਆਂ ਹਨ, ਪ੍ਰਧਾਨ ਦੀ ਬਦਲਦੀ ਨੀਤੀ ਨੂੰ ਆਪਣੀ ਸ਼ਕਤੀ ਦੇ ਐਨ ਵਿਰੁੱਧ ਵੇਖਿਆ। ਇਨ੍ਹਾਂ 'ਗੁੱਝੀਆਂ' ਤਾਕਤਾਂ ਨੇ ਕੈਨੇਡੀ ਨੂੰ 'ਗ਼ੱਦਾਰ' ਮੰਨ ਕੇ ਉਸ ਦੇ ਕਤਲ ਅਤੇ ਪਿੱਛੋਂ ਪਰਦਾ ਪਾਉਣ ਦੀ ਸਾਜ਼ਸ਼ ਕਰ ਲਈ। ਇਨ੍ਹਾਂ 'ਗੁੱਝੀਆਂ' ਸ਼ਕਤੀਆਂ ਨੇ ਓਦੋਂ

ਤੋਂ ਲੈ ਕੇ ਹੁਣ ਤਕ ਲਗਾਤਾਰ, ਅਮਰੀਕਾ ਅਤੇ ਇਸ ਦੇ ਲੋਕਾਂ ਨੂੰ ਜੰਗਾਂ ਵਿਚ ਉਲਝਾ ਕੇ ਰੱਖਿਆ ਹੋਇਆ ਹੈ। ਪਰਚਾਰਿਆ ਜਾਂਦਾ ਹੈ ਕਿ ਅਮਰੀਕਾ ਹੀ ਇਕ ਰਾਹ ਵਿਖਾਉਂਦੀ ਉਸਾਰੂ ਸ਼ਕਤੀ ਹੈ, ਜੋ ਬਿਲਕੁਲ ਸਹੀ ਨਹੀਂ ਹੈ। ਇਹ ਅਸੰਭਵ ਨਹੀਂ ਕਿ ਆਉਂਦੇ ਸਮੇਂ ਅਮਰੀਕਾ ਅੰਦਰ ਇਕ ਵਾਰ ਫਿਰ ਰਾਜ ਪਲਟਾ ਹੋਵੇ ਅਤੇ ਇਹ ਦੇਸ ਵਾਪਸ ਮਹਾਨਤਾ ਦੀ ਸੜਕ 'ਤੇ ਆ ਜਾਵੇ। ਪਰ ਐਸ ਵੇਲੇ ਤਾਂ ਧੋਖੇਬਾਜ਼, ਛੜਯੰਤਰੀਏ 'ਸੀ.ਆਈ.ਏ.' ਫ਼ੈਡਰਲ ਰਿਜ਼ਰਵ, ਵ੍ਹਾਈਟ ਹਾਊਸ (ਪ੍ਰਧਾਨ), ਸਟੇਟ ਡੀਪਾਰਟਮੈਂਟ (ਸਰਕਾਰ) ਅਤੇ ਪੈਂਟਾਗਾਨ (ਫ਼ੌਜ), ਦੁਨੀਆਂ ਦੇ ਅੰਦਰ ਮਹਾਂ ਫ਼ਨਾਹੀ/ਤਬਾਹੀ ਦੀਆਂ ਸ਼ਕਤੀਆਂ ਹਨ, ਜਿਨ੍ਹਾਂ ਦੇ ਹੱਥੋਂ ਕੁਲ ਇਨਸਾਨੀ ਸਮਾਜ ਅਤੇ ਭੂਗੋਲਿਕ ਅਮਨ ਨੂੰ ਰਤੀ ਮਾਤਰ ਵੀ ਬਚੇ ਰਹਿਣ ਦੀ ਉਮੀਦ ਨਹੀਂ।"

1963 ਦੇ ਇਤਿਹਾਸਕ ਕੈਨੇਡੀ ਕਤਲ ਦਿਹਾੜੇ ਤੋਂ ਲੈ ਕੇ ਅੱਜ ਓਬਾਮਾ ਰਾਜ ਤਕ ਅਮਰੀਕੀ ਲੋਕਾਂ ਅੰਦਰ ਸਰਕਾਰ ਪ੍ਰਤੀ ਵਿਸ਼ਵਾਸ ਘਟਦਾ ਹੀ ਜਾ ਰਿਹਾ ਹੈ। ਕੈਨੇਡੀ ਕਤਲ ਦੀ ਛਾਣਬੀਣ ਕਰਦੇ ਕਮਿਸ਼ਨ ਦੀ ਰਿਪੋਰਟ ਅਜੇ ਤਕ ਡੱਬਾ ਬੰਦ ਹੈ। ਸਭ ਸਮਝਦਾਰ ਲੋਕ ਜਾਣਦੇ ਹਨ ਕਿ ਕੈਨੇਡੀ ਦਾ ਕਤਲ ਸੀ.ਆਈ.ਏ. ਨੇ ਕਰਵਾਇਆ ਸੀ, ਪਰ ਸਰਕਾਰ ਲੀ ਹਾਰਵੇ ਓਸਵਾਲ ਨੂੰ ਕਿਵੇਂ ਮੁਆਫ਼ ਕਰ ਸਕਦੀ ਹੈ? ਕੋਈ ਵੀ ਚੱਲੀ ਆ ਰਹੀ ਸ਼ੈਤਾਨ ਸਰਕਾਰ ਆਪਣੇ ਪਰਦੇ ਕਿਉਂ ਖੋਲ੍ਹੇਗੀ? ਉਸ ਦੀਆਂ ਨੀਤੀਆਂ ਦੀ ਬੁਨਿਆਦ ਹੀ ਝੂਠ ਹਨ। ਜਦੋਂ ਤਕ ਰਾਜ ਪਲਟਾ ਨਹੀਂ ਹੋਵੇਗਾ, ਤਦੋਂ ਤਕ ਕੈਨੇਡੀ ਕਤਲ ਅਤੇ 9/11 ਜੁੜਵੇਂ ਟਾਵਰਾਂ ਦੀ ਕਹਾਣੀ ਉੱਤੋਂ ਸਰਕਾਰੀ ਫ਼ੌਲਾਦੀ ਢੱਕਣ ਨਹੀਂ ਚੁੱਕਿਆ ਜਾਵੇਗਾ।

ਜਾਰਜ ਸੈਂਤਾਇਨਾ ਲਿਖਦਾ ਹੈ: "ਜਿਹੜੇ ਲੋਕ ਆਪਣੇ ਪਿਛੋਕੜ ਨੂੰ ਯਾਦ ਨਹੀਂ ਰੱਖਦੇ, ਉਨ੍ਹਾਂ ਨੂੰ ਮੁੜ ਉਨ੍ਹਾਂ ਘੜੀਆਂ ਵਿੱਚੋਂ ਲੰਘਣ ਦਾ ਸਰਾਪ ਹੈ।" ਭਾਵ ਉਨ੍ਹਾਂ ਨੇ ਮੁੜ-ਮੁੜ ਓਹੀ ਗੱਲਾਂ ਕਰਨੀਆਂ ਹਨ। ਕੈਨੇਡੀ ਕਤਲ ਤੋਂ ਅਜੇ ਵੀ ਬਹੁਤ ਕੁਝ ਸਿੱਖਣਾ ਬਾਕੀ ਹੈ।

ਅਮਰੀਕੀ ਇਤਿਹਾਸ ਨੂੰ ਸਾਫ਼ ਨਜ਼ਰ ਨਾਲ ਵੇਖੀਏ ਤਾਂ ਕੈਨੇਡੀ ਕਤਲ ਇਕ ਵੱਡਾ ਰਾਜ ਪਲਟਾ ਸੀ। 1963 ਵਿਚ ਸਮਝ ਨਹੀਂ ਸੀ ਆਉਂਦੀ, ਪਰ ਅੱਜ ਸ਼ੀਸ਼ੇ ਵਾਂਗ ਸਾਫ਼ ਹੈ। ਲਗਾਤਾਰ ਬਾਹਰੀ ਜੰਗਾਂ ਕੈਨੇਡੀ ਦਾ ਏਜੰਡਾ ਨਹੀਂ ਸਨ। ਇਸ ਲਈ ਛੜਯੰਤਰੀਆਂ ਲਈ ਉਹ ਇਕ 'ਗ਼ੱਦਾਰ' ਸੀ।

ਹਿਟਲਰ ਨੇ ਇਕ ਸਮੇਂ ਕਿਹਾ ਸੀ: "ਦੁਸ਼ਮਣ ਦਾ ਹੌਸਲਾ ਤੋੜਨ ਲਈ 'ਅੰਦਰੋਂ' ਖ਼ੌਫ਼ ਪੈਦਾ ਕਰਨ ਲਈ ਅਚਾਨਕ ਤੋੜ-ਫੋੜ ਅਤੇ ਕਤਲ ਕੰਮ ਆਉਂਦੇ ਹਨ। ਜੰਗਾਂ ਦਾ ਭਵਿੱਖ ਅਜਿਹਾ ਹੀ ਹੋਵੇਗਾ।"

ਸਾਫ਼ ਹੈ ਕਿ "ਅੰਦਰੋਂ" ਅਜਿਹੇ ਕਾਰਿਆਂ ਦਾ ਫ਼ੈਸਲਾ ਹੋ ਚੁੱਕਾ ਸੀ ਕਿ ਜਿਸ ਨਾਲ ਕੈਨੇਡੀ ਦੀ ਦੁਬਾਰਾ ਚੋਣ ਰੋਕੀ ਜਾਵੇ। ਉਸ ਦਾ ਅਤੇ ਕੁੱਲ ਟੱਬਰ ਦਾ ਸਫ਼ਾਇਆ ਕੀਤਾ ਜਾਵੇ। ਇਹ 'ਮਹਾਨ' ਕਾਰਜ ਬੜੀ ਸਫ਼ਾਈ ਨਾਲ ਕੀਤਾ ਗਿਆ। ਕਰੋੜਾਂ ਅਮਰੀਕੀ ਲੋਕ ਬੌਂਦਲਾ ਦਿੱਤੇ ਗਏ।

ਅਸਲੀਅਤ ਇਹ ਹੈ ਕਿ 1963 ਵਿਚ ਅਮਰੀਕਾ ਅੰਦਰ ਇਕ ਹਿੰਸਕ ਰਾਜ

ਪਲਟਾ ਹੋਇਆ, ਜਿਸ ਵਿਚ ਦੇਸ਼ ਦੇ ਪ੍ਰਧਾਨ ਦਾ ਕਤਲ ਹੋਇਆ। ਤਾਕਤ ਦਾ ਸੋਮਾ ਲੋਕਾਂ ਦੇ ਮਹਿਬੂਬ ਨੇਤਾ ਦੇ ਹੱਥੋਂ ਨਿਕਲ ਕੇ ਫ਼ੌਜ, ਸੀ.ਆਈ.ਏ., ਤੇਲ ਉਦਯੋਗ ਅਤੇ ਬੈਂਕਰਾਂ ਦੇ ਹੱਥ ਵਿਚ ਆ ਗਿਆ। ਜਦੋਂ ਤਕ 22 ਨਵੰਬਰ, 1963 ਦੇ ਪਹਿਲੇ ਰਾਜ ਪਲਟੇ ਦੀ ਸਮਝ ਨਹੀਂ ਆਉਂਦੀ, ਤਦੋਂ ਤਕ 9/11 ਦੇ ਦੂਜੇ ਅਮਰੀਕੀ ਰਾਜ ਪਲਟੇ ਦਾ ਗਿਆਨ ਨਹੀਂ ਹੋ ਸਕਦਾ। ਦੋਹਾਂ ਰਾਜ ਪਲਟਿਆਂ ਵਿਚ ਉਹੀ ਸ਼ਕਤੀਆਂ ਸਰਗਰਮ ਸਨ – ਫ਼ੌਜੀ, ਉਦਯੋਗੀ ਗੱਠਜੋੜ, ਸੀ.ਆਈ.ਏ., ਪੈਂਟਾਗਨ (ਫ਼ੌਜ), ਅਮਰੀਕੀ ਸਰਕਾਰ ਆਪ ਅਤੇ ਫ਼ੈਡਰਲ ਰਿਜ਼ਰਵ ਬੈਂਕਰ। ਦੋਵੇਂ ਦਿਲ ਹਿਲਾਉਂਦੀਆਂ, ਧੋਖੇ, ਗ਼ੱਦਾਰ, ਘਟਨਾਵਾਂ ਸਨ।

> "ਕਈ ਵਾਰ ਲੋਕ ਸੱਚ ਦੇ ਠੇਡੇ ਨਾਲ ਡਿੱਗ ਪੈਂਦੇ ਹਨ, ਉਨ੍ਹਾਂ ਵਿੱਚੋਂ ਬਹੁਤੇ ਕੱਪੜੇ ਝਾੜ ਕੇ ਝਟਪਟ ਰਾਹੇ ਪੈ ਜਾਂਦੇ ਹਨ, ਇੰਜ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ।"
>
> *–ਵਿੰਸਟਨ ਚਰਚਿਲ*

ਆਓ ਵੇਖੀਏ ਕਿ ਕੈਨੇਡੀ ਕਤਲ ਪਿੱਛੋਂ ਜਿਹੜਾ ਪ੍ਰਧਾਨ ਆਇਆ, ਉਹ ਕੇਹੀ ਕਰਨੀ ਵਾਲਾ ਸੀ।

"ਲਿੰਡਨ ਬੇਨਜ਼ ਜੌਨਸਨ", 1908 ਵਿਚ ਜੰਮਿਆ ਇਕ ਮੱਧਵਰਗੀ ਪਰਿਵਾਰ ਵਿਚ। ਛੋਟੀ ਉਮਰ ਵਿਚ ਹੀ ਉਸ ਨੇ ਸਿਆਸਤ ਨੂੰ ਮੂੰਹ ਮਾਰਨਾ ਸ਼ੁਰੂ ਕੀਤਾ। ਉਸ ਵਿਚ ਹਰ ਹਾਲ ਵਿਚ ਜਿੱਤਣ ਦੀ ਦ੍ਰਿੜ੍ਹਤਾ ਸੀ, ਮੁੱਲ ਕੋਈ ਵੀ ਹੋਵੇ। ਉਸ ਦਾ ਰਵੱਈਆ ਜ਼ਾਲਮਾਨਾ ਸੀ। 1948 ਦੀਆਂ ਸੈਨੇਟ ਚੋਣਾਂ ਸਮੇਂ ਉਸ ਦਾ ਇਕ ਸਟੀਵਨਸਨ ਨਾਲ ਏਨੇ ਨੇੜੇ ਦਾ ਮੁਕਾਬਲਾ ਸੀ ਕਿ ਵੋਟਾਂ ਦੁਬਾਰਾ ਗਿਣਨ ਦਾ ਹੁਕਮ ਹੋ ਗਿਆ। ਤਦੋਂ 201 ਵੋਟਾਂ ਦਾ ਘਪਲਾ ਮਿਲਿਆ – ਇਕ ਵੋਟ ਦਾ ਸਟੀਵਨਸਨ ਵੱਲੋਂ ਅਤੇ 200 ਦਾ ਜੌਨਸਨ ਵੱਲੋਂ। ਨਤੀਜਾ ਜੌਨਸਨ 87 ਵੋਟਾਂ ਨਾਲ ਜਿੱਤ ਗਿਆ। ਓਦੋਂ ਤੋਂ ਉਸ ਦਾ ਨਾਂ ਪੈ ਗਿਆ Lying Lyndon/ਝੂਠਾ ਲਿੰਡਨ। ਸਾਰੀ ਉਮਰ ਇਹ ਨਾਂ ਉਸ ਦੇ ਨਾਲ ਚਿੰਬੜਿਆ ਰਿਹਾ। ਸਿਆਸੀ ਪੌੜੀ ਉੱਤੇ ਚੜ੍ਹਨ ਲਈ ਰਿਸ਼ਵਤ ਉਸ ਦਾ ਵੱਡਾ ਹਥਿਆਰ ਬਣ ਗਿਆ। ਉਸ ਦੇ ਜੁਰਮੀ ਕਾਰਨਾਮਿਆਂ ਦਾ ਖ਼ੁਲਾਸਾ, ਉਸ ਦੀ ਮੌਤ ਦੇ ਗਿਆਰਾਂ ਸਾਲਾਂ ਪਿੱਛੋਂ ਖੁੱਲ੍ਹਿਆ। 1984 ਵਿਚ ਜੌਨਸਨ ਦੇ ਵਪਾਰ ਸਹਿਯੋਗੀ ਬਿਲੀ ਸਿਲੈਸਟੀ ਨੇ ਫ਼੍ਰੈਂਕਲਿਨ (ਟੈਕਸਾਸ) ਦੀ ਕਚਹਿਰੀ ਵਿਚ ਗ੍ਰੈਂਡ ਜਿਊਰੀ ਦੇ ਸਾਹਮਣੇ ਬਿਆਨ ਦਿੱਤਾ ਕਿ ਲਿੰਡਨ ਜੌਨਸਨ ਨੇ ਅੱਠ ਕਤਲ ਕੀਤੇ ਜਾਂ ਕਰਵਾਏ। ਸਭ ਤੋਂ ਪਹਿਲਾ ਸ਼ਿਕਾਰ ਸੀ ਡਗਲਸ ਕਿੰਜ਼ਾ। ਉਸ ਤੋਂ ਪਿੱਛੋਂ ਆਏ ਕਈ ਵਪਾਰੀ ਜਿਨ੍ਹਾਂ ਨੂੰ ਕਾਰਬਨ ਡਾਈਆਕਸਾਈਡ ਗੈਸ ਨਾਲ ਮਾਰਿਆ ਗਿਆ। ਉਸ ਨੇ ਮਰ ਚੁੱਕੇ ਪ੍ਰਧਾਨ ਜੌਨਸਨ ਉੱਤੇ ਆਪਣੀ ਭੈਣ ਦੇ ਕਤਲ ਦਾ ਵੀ ਇਲਜ਼ਾਮ ਲਾਇਆ। ਉਸ ਦੇ ਜਿਊਂਦੇ-ਜੀਅ ਤਾਂ ਉਹ ਮੂੰਹ ਵੀ ਨਹੀਂ ਸੀ ਖੋਲ੍ਹ ਸਕਦਾ। ਸਿਲੈਸਟੀ ਨੇ ਸਭ ਤੋਂ ਵੱਡਾ ਇਲਜ਼ਾਮ ਲਾਇਆ ਕਿ ਲਿੰਡਨ ਜੌਨਸਨ ਹੀ ਪ੍ਰਧਾਨ ਜੋਹਨ ਕੈਨੇਡੀ ਦੇ ਕਤਲ ਪਿੱਛੇ ਸੀ।

1948 ਵਿਚ ਸੈਨੇਟਰ ਬਣਨ ਪਿੱਛੋਂ ਜੌਨਸਨ ਨੇ ਆਪਣੀ ਹੁਸ਼ਿਆਰੀ ਅਤੇ ਰਿਸ਼ਵਤਾਂ ਦੇ ਨਾਲ ਆਪਣਾ ਸ਼ਕਤੀ ਗੜ੍ਹ ਵਾਸ਼ਿੰਗਟਨ ਡੀ.ਸੀ. ਵਿਚ ਬਣਾ ਲਿਆ।

ਸਿਆਸੀ ਜੋੜ-ਤੋੜ ਵਿਚ ਮਹਾਂ-ਮਹਾਰਥੀ ਸ਼ਖ਼ਸੀਅਤ ਸੀ। ਉਹ ਪ੍ਰਧਾਨ ਕੈਨੇਡੀ ਦਾ ਮੀਤ ਪ੍ਰਧਾਨ ਸੀ। ਕੈਨੇਡੀ ਦੀ ਲਿਸ਼ਕਦੀ ਸ਼ਖ਼ਸੀਅਤ ਦੇ ਹੁੰਦਿਆਂ ਜੌਨਸਨ ਦੀ ਚਮਕ ਘੱਟ ਗਈ।

1961 ਵਿਚ ਜੌਨਸਨ ਦਾ ਭੂਤ/ਪਿਛਲੇਰਾ ਸਮਾਂ ਉਸ ਨੂੰ ਸਤਾਉਣ ਲੱਗ ਪਿਆ। ਟੈਕਸਾਸ ਦੇ ਸਥਾਨਕ ਖੇਤੀ ਅਫ਼ਸਰ ਹੈਨਰੀ ਮਾਰਸ਼ਲ ਨੇ ਜੌਨਸਨ ਦੇ ਗ਼ੈਰ-ਕਾਨੂੰਨੀ ਧਨ ਦੇ ਸੋਮੇ ਨੂੰ ਲੱਭ ਲਿਆ। ਜੌਨਸਨ ਦਾ ਸਹਿਯੋਗੀ ਬਿਲੀ ਸੀਲੈਸਟੀ, ਕਪਾਹ ਖੇਤੀ ਨੂੰ ਜਾਂਦੀਆਂ ਸਰਕਾਰੀ ਗ੍ਰਾਂਟਾਂ ਦਾ ਘਪਲਾ ਕਰ ਰਿਹਾ ਸੀ। ਸੀਲੈਸਟੀ ਅਤੇ ਜੌਨਸਨ ਨੂੰ ਖ਼ਤਰਾ ਭਾਸਿਆ। ਉਨ੍ਹਾਂ ਹੈਨਰੀ ਮਾਰਸ਼ਲ ਨੂੰ ਖ਼ਰੀਦਣ ਦੀ ਕੋਸ਼ਿਸ਼ ਕੀਤੀ, ਪਰ ਕਾਮਯਾਬੀ ਨਹੀਂ ਹੋਈ। ਜੌਨਸਨ ਦੀ ਮੀਤ-ਪ੍ਰਧਾਨਗੀ ਖ਼ਤਰੇ ਵਿਚ ਸੀ। ਉਸ ਦੇ ਨੇੜੇ ਦੇ ਸਹਿਯੋਗੀਆਂ ਨੇ ਸਿਰ ਜੋੜੇ। ਅਖ਼ੀਰ ਜੌਨਸਨ ਨੇ ਕਿਹਾ ਕਿ ਮਾਰਸ਼ਲ ਨੂੰ 'ਚੁੱਕ ਦੇਵੋ'। ਝੱਟ ਹੀ ਉਸ ਦਾ ਕਤਲ ਕਰ ਦਿੱਤਾ ਗਿਆ, ਜਿਸ ਨੂੰ 'ਆਤਮਘਾਤ' ਦਰਜ ਕਰਵਾਇਆ ਗਿਆ ਅਤੇ ਅੱਗੋਂ ਖੋਜ ਕਾਰਵਾਈ ਰੋਕ ਦਿੱਤੀ ਗਈ। ਉਸ ਦਾ ਇੱਕੋ-ਇਕ ਪੁੱਤਰ ਉਸ ਸਮੇਂ ਗਿਆਰਾਂ ਸਾਲਾਂ ਦਾ ਸੀ। ਮਾਰਸ਼ਲ ਨੂੰ ਬੜੀ ਬੇਦਰਦੀ ਨਾਲ ਕੋਹ ਕੇ ਮਾਰਿਆ ਗਿਆ ਸੀ। ਇੰਜ ਉਸ ਦੀ ਮ੍ਰਿਤਕ ਦੇਹ ਨੂੰ ਵੇਖ ਕੇ ਪਤਾ ਲੱਗਦਾ ਸੀ – ਇਹ ਉਸ ਦੇ ਹੁਣ ਵੱਡੇ ਹੋਏ ਪੁੱਤਰ ਦਾ ਕਹਿਣਾ ਹੈ।


ਲਿੰਡਨ ਜੌਨਸਨ ਨੇ ਆਪਣਾ ਇਕ ਵਿਸ਼ਵਾਸ ਵਾਲਾ ਬੰਦਾ 'ਬਾਬੀ ਬੇਕਰ' ਰੱਖਿਆ ਹੋਇਆ ਸੀ, ਜੋ ਕੁੱਲ ਜਹਾਨ ਦੇ ਫ਼ੌਜੀ ਅਤੇ ਗ਼ੈਰ-ਫ਼ੌਜੀ ਠੇਕੇ ਅਤੇ ਰਿਆਇਤਾਂ, ਮਾਲਦਾਰਾਂ ਵਿਚਕਾਰ ਵੰਡਦਾ ਰਹਿੰਦਾ ਸੀ। ਬਿਨਾਂ ਕਿਸੇ ਮੁੱਲ ਦੇ ਕੋਈ ਰਿਆਇਤ ਕਿਵੇਂ ਮਿਲ ਸਕਦੀ ਸੀ।

ਜੌਨਸਨ ਦਾ ਟੈਕਸਾਸ ਦੇ ਮਹਾਨ ਤੇਲ ਵਪਾਰੀਆਂ ਨਾਲ ਡੂੰਘਾ ਸੰਬੰਧ ਸੀ। ਜਦੋਂ ਉਨ੍ਹਾਂ ਨੂੰ ਵੱਡੀਆਂ ਛੋਟੀਆਂ ਰਿਆਇਤਾਂ ਦਿਵਾਈਆਂ ਗਈਆਂ ਤਾਂ ਪ੍ਰਧਾਨ ਕੈਨੇਡੀ ਨੂੰ ਸੁਖਾਇਆ ਨਹੀਂ। ਬਾਬੀ ਬੇਕਰ ਅਤੇ ਬਿਲੀ ਸੀਲੈਸਿਟੀ ਦੀਆਂ ਖ਼ਬਰਾਂ ਪ੍ਰਧਾਨ ਕੈਨੇਡੀ ਤਕ ਪਹੁੰਚ ਗਈਆਂ ਸਨ। ਇਨ੍ਹਾਂ ਹਾਲਤਾਂ ਵਿਚ ਜੌਨਸਨ ਦਾ ਕੜਿੱਕੀ ਵਿਚ ਫਸ ਜਾਣਾ ਕਾਫ਼ੀ ਸੰਭਵ ਸੀ ਤਾਂ ਫਿਰ ਉਹ ਕੈਨੇਡੀ ਨੂੰ ਕਤਲ ਕਰਨ ਦੀਆਂ ਸਕੀਮਾਂ ਵੱਲ ਤੁਰ ਪਿਆ। ਟੈਕਸਾਸ ਦਾ ਗਵਰਨਰ ਜਾਨ ਕੋਨੇਲੀ ਜੌਨਸਨ ਦਾ ਚਿਰਾਂ ਤੋਂ ਲੰਗੋਟੀਆ ਯਾਰ ਸੀ। ਟੈਕਸਾਸ ਦਾ ਕੁੱਲ ਕੰਟਰੋਲ ਗਵਰਨਰ ਦੇ ਹੱਥ ਵਿਚ ਸੀ। ਅੱਗੋਂ ਕੰਮ ਸੌਖਾ ਸੀ – ਪ੍ਰਧਾਨ ਕੈਨੇਡੀ ਨੂੰ ਟੈਕਸਾਸ ਦੇ ਦੌਰੇ ਲਈ ਬੁਲਾਇਆ ਗਿਆ। ਉਸ ਦਾ ਕਤਲ ਬਹੁਤ ਨੇੜੇ ਤੋਂ ਕੀਤਾ ਗਿਆ ਸੀ.ਆਈ.ਏ. ਵੱਲੋਂ ਅਤੇ ਕਤਲ ਦਾ ਇਲਜ਼ਾਮ ਲੀ ਹਾਰਵੇ ਓਸਵਾਲ ਉੱਤੇ ਜੜ ਦਿੱਤਾ ਗਿਆ।

ਕੈਨੇਡੀ ਕਤਲ ਦੀ ਛਾਣਬੀਣ ਉੱਤੇ ਜੌਨਸਨ ਨੇ ਕੜੀ ਨਜ਼ਰ ਰੱਖੀ। ਨਿਯੁਕਤ ਕੀਤੇ ਗਏ ਕਮਿਸ਼ਨ ਦੀ ਰਿਪੋਰਟ ਅੱਜ 48 ਸਾਲਾਂ ਪਿੱਛੋਂ ਵੀ ਗੁਪਤ ਰੱਖੀ ਪਈ ਹੈ, ਪਿਛਲੇ ਪ੍ਰਧਾਨ ਬੁਸ਼ ਨੇ ਇਹ ਰਿਪੋਰਟ ਸੰਨ 2070 ਤਕ ਠੱਪ ਦਿੱਤੀ ਹੋਈ ਹੈ।

ਜੇ ਕੈਨੇਡੀ ਕਤਲ ਰਾਹੀਂ ਰਾਜ ਪਲਟੇ ਦੀ ਸਮਝ ਆ ਜਾਵੇ ਤਾਂ ਉਸ ਪਿੱਛੋਂ ਦੀਆਂ ਕੁਝ ਘਟਨਾਵਾਂ ਦੀ ਸਮਝ ਦਾ ਆਧਾਰ ਬਣ ਜਾਂਦਾ ਹੈ।

The Conspiracy to Rule the World





ISBN 81-7205-492-0

9 788172 054922